
ਰਾਜ ਕਰੇਗਾ ਖਾਲਸਾ




ਹਰਨਾਮ ਦਾਸ ਸਹਿਰਾਈ

ਰਾਜ ਕਰੇਗਾ ਖ਼ਾਲਸਾ

ਹਰਨਾਮ ਦਾਸ 'ਸਹਿਰਾਈ

ਆਰਸੀ ਪਬਲਿਸ਼ਰਜ਼

ਰਾਜ ਕਰੇਗਾ ਖਾਲਸਾ



ਹਰਨਾਮ ਦਾਸ ਸਹਿਰਾਈ

RAJ KAREGHA KHALSA
by
Harnam Dass Sahrai

ARSEE PUBLISHERS, CHANDNI CHOWK, DELHI-110006

ਪਹਿਲੀਵਾਰ 1982

ISBN-81-8299-077-7

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼,
ਚਾਂਦਨੀ ਚੌਕ, ਦਿੱਲੀ-6 ਫ਼ੋਨ ਨੰ: 23280657

ਪ੍ਰਿੰਟਰ : ਆਰਸੀ ਪ੍ਰਿੰਟਿੰਗ ਏਜੰਸੀ,
ਚਾਂਦਨੀ ਚੌਕ, ਦਿੱਲੀ-6
ਸੈਟਿੰਗ : (ਤੇਗ ਕੰਪਿਊਟਰ) ਦਿੱਲੀ-9

ਕੀਮਤ : 350/- ਰੁਪਏ

RAJ KAREGHA KHALSA
by
Harnam Dass Sahrai

ARSEE PUBLISHERS, CHANDNI CHOWK, DELHI-110006

ਪਹਿਲੀਵਾਰ 1982

ISBN-81-8299-077-7

ਪ੍ਰਕਾਸ਼ਕ : ਆਰਸੀ ਪਬਲਿਸ਼ਰਜ਼,
ਚਾਂਦਨੀ ਚੌਕ, ਦਿੱਲੀ-6 ਫ਼ੋਨ ਨੰ: 23280657

ਪ੍ਰਿੰਟਰ : ਆਰਸੀ ਪ੍ਰਿੰਟਿੰਗ ਏਜੰਸੀ,
ਚਾਂਦਨੀ ਚੌਕ, ਦਿੱਲੀ-6
ਸੈਟਿੰਗ : (ਤੇਗ ਕੰਪਿਊਟਰ) ਦਿੱਲੀ-9

ਕੀਮਤ : 350/- ਰੁਪਏ

ਰਾਜ ਕਰੇਗਾ ਖਾਲਸਾ




ਹਰਨਾਮ ਦਾਸ ਸਹਿਰਾਈ

ਬੁੱਢੇ ਦਲ ਦੇ ਉਨ੍ਹਾਂ ਸੂਰਮਿਆਂ ਦੇ
ਨਾਂ ਜਿਨ੍ਹਾਂ ਨੇ ਸਿਰ ਦੀ ਬਾਜ਼ੀ
ਲਾ ਕੇ ਪੰਜਾਬ ਦੀ ਲਾਜ ਰੱਖੀ

ਹਰਨਾਮ ਦਾਸ ਸਹਿਰਾਈ

ਰਾਜ ਕਰੇਗਾ ਖਾਲਸਾ



ਹਰਨਾਮ ਦਾਸ ਸਹਿਰਾਈ

1

ਹਮਕੀ-ਤੁਮਕੀ

—ਇਹ ਛੇੜ ਜੱਸਾ ਸਿੰਘ ਦੀ ਸੀ। ਸਾਰਾ ਜੱਥਾ ਛੇੜਦਾ। ਛਿੱਥਾ ਪੈ ਜਾਂਦਾ ਜੱਸਾ ਸਿੰਘ। ਦਿੱਲੀ 'ਚ ਰਹਿਣ ਕਾਰਨ ਪੰਜਾਬੀ ਤੇ ਉਰਦੂ ਦੀ ਬੋਲੀ ਖਿਚੜੀ ਜਿਹੀ ਬਣ ਗਈ ਸੀ। ਉਹਨੂੰ ਲੋਕ ਗੰਗਾ ਜਮੁਨਾ ਸਭਿਅਤਾ ਆਖਦੇ ਸਨ। ਹੌਲੀ-ਹੌਲੀ ਸਮਾਂ ਪੈਣ ਤੇ ਪੰਜਾਬੀ ਆ ਜਾਏਗੀ ਪਰ ਉਰਦੂ ਦਾ ਚੜ੍ਹਿਆ ਰੰਗ ਕਿਸ ਤਰ੍ਹਾਂ ਉਤਰੇ।

—ਗੱਲ ਇਕ ਦਿਨ ਦੀ ਜਦ ਸੱਥ ਵਿਚ ਇਹ ਗੱਲ ਛਿੜੀ ਤੇ ਜੱਸਾ ਸਿੰਘ ਆਹਲੂਵਾਲੀਆ ਦਾ ਮੂੰਹ ਨਿੱਕਾ ਜਿਹਾ ਹੋ ਗਿਆ। ਰੰਗ ਉਤਰਿਆ ਤੇ ਨਿਮਾਣਾ ਜਿਹਾ ਹੋ ਕੇ ਨਵਾਬ ਕਪੂਰ ਸਿੰਘ ਦੇ ਸਾਹਮਣੇ ਜਾ ਕੇ ਰੋਇਆ ਜੱਸਾ ਸਿੰਘ।

—ਆਖਣ ਲੱਗਾ, "ਮੇਰੀ ਜਾਨ ਕੱਢ ਲਈ ਏ ਮੇਰੇ ਹਾਣੀਆਂ ਨੇ। ਜਿਹੜਾ ਬੋਲਦਾ ਏ, ਆਖਦਾ ਏ ਹਮਕੀ-ਤੁਮਕੀ। ਇਹ ਛੇੜ ਹੁਣ ਮੈਥੋਂ ਬਰਦਾਸ਼ਤ ਨਹੀਂ ਕੀਤੀ ਜਾਂਦੀ। ਇਨ੍ਹਾਂ ਨੂੰ ਮੋੜੋ, ਇਹਨਾਂ ਦੇ ਮੂੰਹ ਅੱਗੇ ਹੱਥ ਦਿਓ। ਇਹਨਾਂ ਨੇ ਮੇਰਾ ਜਿਊਣਾ ਹਰਾਮ ਕਰ ਦਿੱਤਾ ਏ।"

—ਨਵਾਬ ਕਪੂਰ ਸਿੰਘ ਹੱਸ ਪਿਆ ਤੇ ਆਖਣ ਲੱਗਾ—"ਤੇਰੀ ਕਿਸਮਤ ਖੁਲ੍ਹਣ ਵਾਲੀ ਏ ਬੱਚੂ। ਇਹ ਮਜ਼ਾਕਾਂ ਕਰਨ ਵਾਲੇ, ਇਹ ਮਸ਼ਕਰੀਆਂ ਕਰਨ ਵਾਲੇ ਤੇਰੇ ਅੱਗੇ ਹੱਥ ਜੋੜੀ ਖੜ੍ਹੇ ਰਹਿਣਗੇ। ਇਹਨਾਂ ਉਦੋਂ ਵੀ ਹਮਕੀ-ਤੁਮਕੀ ਨਹੀਂ ਛੱਡਣੀ।"

—ਕਿਉਂ ?

—ਇਹ ਤੇਰੇ ਨਾਲ ਪਿਆਰ ਕਰਦੇ ਹਨ।

—ਮੈਂ ਬੜਾ ਪ੍ਰੇਸ਼ਾਨ ਆਂ, ਮੇਰੀ ਇੰਨੀ ਕੁ ਬੂਥੀ ਜਿਹੀ ਰਹਿ ਗਈ ਏ। ਮੇਰਾ ਜਲਾਲ ਇਸੇ ਹਮਕੀ-ਤੁਮਕੀ ਵਿਚ ਗੁੰਮ ਹੋ ਗਿਆ।

—ਮੂਰਖ਼ ਨਾ ਹੋਵੇ ਤੇ, ਯਾਰਾਂ ਨਾਲ ਗੁੱਸਾ, ਭਰਾਵਾਂ ਨਾਲ ਲੜਾਈ, ਪਿਆਰਿਆਂ ਨਾਲ ਰੋਸਾ।

—ਤੇਰੇ ਦਿਨ ਫਿਰਨ ਵਾਲੇ ਹਨ ਜੱਸਾ ਸਿੰਹਾਂ।

—ਨਵਾਬ ਸਾਹਬ ਤੁਸਾਂ ਵੀ ਤੇ ਗੱਲ ਟਾਲ ਦਿੱਤੀ ਏ। ਪਰ ਮੇਰੀ ਜਾਨ ਤੇ ਬਣੀ ਏ। ਮੇਰੇ ਕੋਲੋਂ ਹੁਣ ਇਹ ਗੱਲਾਂ ਸਹਾਰੀਆਂ ਨਹੀਂ ਜਾਂਦੀਆਂ।

—ਇਕ ਦਿਨ ਆਏਗਾ ਜੱਸਾ ਸਿੰਘ ਤੂੰ ਤਰਸੇਂਗਾ। ਤੈਨੂੰ ਕੋਈ ਹਮਕੀ-ਤੁਮਕੀ ਆਖਣ ਵਾਲਾ ਢੂੰਡਿਆਂ ਵੀ ਨਹੀਂ ਮਿਲਣ ਲੱਗਾ। ਉਦੋਂ ਤੈਨੂੰ ਬੜਾ ਦੁੱਖ ਹੋਵੇਗਾ।

—ਪਰ ਮੈਂ ਹੁਣ ਕੀ ਕਰਾਂ ਨਵਾਬ ਸਾਹਬ ?

—ਕਰਨਾ ਕੀ ਏ ਸੱਤੂਆਂ ਵਾਂਗੂੰ ਪੀ ਜਾ ਯਾਰਾਂ ਦੀਆਂ ਗਾਲਾਂ। ਇਹ ਗਾਲਾਂ ਘਿਓ ਦੀਆਂ ਨਾਲਾਂ ਹਨ।

—ਪਿਤਾ ਜੀ ਮੈਂ ਘੋੜਿਆਂ ਨੂੰ ਦਾਨਾ ਪਾਉਂਦਾ ਹਾਂ। ਗੁਰੂ ਘਰ ਦੀ ਸੇਵਾ ਕਰਦਾ ਹਾਂ। ਘੋੜੇ ਤਕੜੇ ਹੋਣਗੇ ਤੇ ਸਾਡੀ ਚੜ੍ਹਤ ਦੀ ਕੂਕ ਧਾਂਕ ਮੰਨਣਗੇ ਲੋਕੀ। ਹਕੂਮਤ ਝੁਕੇਗੀ।

—ਇਹ ਕੋਈ ਮਾੜਾ ਕੰਮ ਨਹੀਂ ਘੋੜਿਆਂ ਨੂੰ ਦਾਨਾ ਪਾਉਣਾ। ਮੈਂ ਵੀ ਜਦ ਤੇਰੇ ਜਿੱਡਾ ਸਾਂ ਤਾਂ ਇਹੋ ਈ ਕੰਮ ਕਰਦਾ ਸਾਂ। ਇਹਦੇ ਵਿਚ ਬੜੀ ਸ਼ਾਨ ਏ, ਬੜਾ ਰੁਤਬਾ ਏ। ਏਸ ਤੋਂ ਵੱਡੀ ਹੋਰ ਕੋਈ ਸੇਵਾ ਨਹੀਂ ਦਲ ਵਿਚ। ਬੁੱਢੇ ਦਲ ਨੂੰ ਏਸ ਕਰਕੇ ਲੋਕ ਪੂਜਦੇ ਹਨ। ਇਹ ਦਸ਼ਮੇਸ਼ ਪਿਤਾ ਦਾ ਬਖ਼ਸ਼ਿਆ ਹੋਇਆ ਦਲ ਏ। ਤੂੰ ਬਹੁਤ ਭਾਗਸ਼ਾਲੀ ਏਂ।

—ਨਾ ਮੈਂ ਕੱਲ ਤੋਂ ਘੋੜਿਆਂ ਨੂੰ ਦਾਨਾ ਨਹੀਂ ਚਾਰਨਾ।

—ਨਾ-ਨਾ ਪੁੱਤ ਇੱਦਾਂ ਨਹੀਂ ਕਰਨਾ। ਪੰਥ ਨਿਹਾਲ ਹੋ ਗਿਆ ਜਦ ਓਸ ਵੇਖਿਆ ਕਿ ਮੈਂ ਘੋੜਿਆਂ ਨੂੰ ਦਾਨਾ ਚਾਰਦਿਆਂ ਅੱਧੀ ਉਮਰ ਬਿਤਾ ਦਿੱਤੀ ਏ ਤੇ ਸਾਰੀ ਹਯਾਤੀ ਗੁਰੂ ਦੇ ਲੇਖੇ ਲਾ ਦਿੱਤੀ ਏ। ਖ਼ੁਸ਼ੀ ਵਿਚ ਆਏ ਪੰਥ ਨੇ ਮੈਨੂੰ ਨਵਾਬੀ ਦੇ ਦਿੱਤੀ। ਮੈਂ ਅੱਜ ਸਾਰੇ ਜੱਥੇ ਦਾ ਸਰਦਾਰ ਹਾਂ। ਸਰਕਾਰੇ-ਦਰਬਾਰੇ ਮੈਨੂੰ ਨਵਾਬ ਦੇ ਨਾਂ ਸੱਦਿਆ ਜਾਂਦਾ ਏ। ਸਤਕਾਰ ਦਿੰਦਾ ਏ ਸਾਰਾ ਪੰਥ। ਇਹ ਰੁਤਬੇ ਕਿਸਮਤ ਵਾਲਿਆਂ ਨੂੰ ਮਿਲਦੇ ਹਨ। ਤੂੰ ਬੜਾ ਭਾਗਾਂ ਵਾਲਾ ਏਂ। ਕੀ ਪਤਾ ਏ ਇਹ ਮੌਜੀ ਪੰਥ ਤੈਨੂੰ ਬਾਦਸ਼ਾਹ ਬਣਾ ਦੇਵੇ। ਇਹ ਗੱਲ ਗੱਲਾਂ-ਗੱਲਾਂ ਵਿਚ ਆਖੀ ਗਈ।

ਇਕ ਦਿਨ ਆਇਆ ਜੱਸਾ ਸਿੰਘ 'ਸੁਲਤਾਨੁਲ ਕੌਮ' ਬਣ ਗਿਆ। ਸਾਰੇ ਜੱਥਿਆਂ ਦੀ ਪੱਗ ਕੌਮ ਦੀ ਬਖ਼ਸ਼ੀ ਕਲਗੀ ਨੂੰ ਸਾਰਾ ਜਹਾਨ ਝੁਕ-ਝੁਕ ਕੇ ਮੱਥਾ ਟੇਕਦਾ ਏ।

—ਕੌਮ ਦਾ ਬਾਦਸ਼ਾਹ ਜੱਸਾ ਸਿੰਘ ਆਹਲੂਵਾਲੀਆ, ਕੌਮ ਦਾ ਥੰਮ, ਪੰਜਾਬ ਦਾ ਰਾਖਾ। ਅੱਜ ਦਸ ਬੱਚੂ ਪੰਥ ਨੇ ਤੈਨੂੰ ਬਾਦਸ਼ਾਹ ਬਣਾ ਦਿੱਤਾ।

—ਇਕ ਸਾਥੀ ਜੱਸਾ ਸਿੰਘ ਦਾ ਆਖਣ ਲੱਗਾ, ਹਮਕੀ-ਤੁਮਕੀ ਆਖ ਕੇ ਅਸਾਂ ਤੈਨੂੰ ਬਾਦਸ਼ਾਹ ਬਣਾ ਦਿੱਤੈ। ਵਿਚ ਦੂਜਾ ਜਣਾ ਬੋਲ ਪਿਆ, ਇਹ ਸਾਡੀਆਂ ਅਸੀਸਾਂ ਹਨ।

—ਜੱਸਾ ਸਿੰਘ ਨੇ ਹੱਥ ਜੋੜੇ, ਮੈਂ ਧੰਨਵਾਦੀ ਹਾਂ ਤੁਹਾਡਾ, ਤੁਸਾਂ ਮੈਨੂੰ ਇੰਨਾ ਮਾਣ ਬਖ਼ਸ਼ਿਆ। ਤੁਹਾਡੀ ਅਰਦਾਸ ਵਿਚ ਬੜੀ ਸ਼ਕਤੀ ਏ।

—ਲਓ ਇਕ ਛੋਟੀ ਜਿਹੀ ਹੋਰ ਗੱਲ ਸੁਣੋ। ਜਦ ਵਾਹਿਗੁਰੂ ਦਿੰਦਾ ਏ ਤਾਂ ਛੱਪਰ ਪਾੜ ਕੇ ਦਿੰਦਾ ਏ। ਉਹਦੇ ਦੇਣ ਦੇ ਰਾਹ ਈ ਨਿਆਰੇ ਹਨ।

ਨਾਦਰ ਸ਼ਾਹ ਹਿੰਦੁਸਤਾਨ ਲੁੱਟਣ ਆਣ ਪਿਆ, ਕਤਲੇ-ਆਮ ਕੀਤਾ। ਦੌਲਤ ਵੀ ਲੁੱਟੀ ਤੇ ਸਾਡੀਆਂ ਧੀਆਂ, ਭੈਣਾਂ ਨੂੰ ਬੱਕਰੀਆਂ ਵਾਂਗੂੰ ਇੱਜੜ ਬਣਾ ਕੇ ਅੱਗੇ ਤੋਰ ਲਿਆ।

—ਓਸ ਇਨ੍ਹਾਂ ਔਰਤਾਂ ਨੂੰ ਕੀ ਕਰਨਾ ਸੀ?

—ਕੌਮ ਦਾ ਸਿਰ ਨੀਵਾਂ ਕਰਨ ਲਈ, ਅਣਖ ਨੂੰ ਮਿੱਟੀ 'ਚ ਰੋਲਣ ਲਈ। ਕੋਈ ਆਕੜਬਾਜ਼ ਹਿੱਕ ਤੇ ਹੱਥ ਨਾ ਮਾਰ ਸਕੇ। ਜਾ ਓਦੇ ਤੇਰੀ ਮਾਂ, ਭੈਣ ਨੂੰ ਕਾਬਲ ਦੇ ਬਾਜ਼ਾਰ 'ਚ ਟਕੇ-ਟਕੇ ਤੇ ਵੇਚਿਆ। ਉਦੋਂ ਕਿੱਥੇ ਸੀ ਤੇਰੀ ਬਹਾਦਰੀ, ਭਾਰਤਵਰਸ਼ 'ਚ ਕੋਈ ਬਹਾਦਰ ਜੰਮਦਾ ਈ ਨਹੀਂ। ਬੁਜ਼ਦਿਲ, ਦਗੇਬਾਜ਼ ਤੇ ਦੁਸ਼ਮਣ ਨਾਲ ਸਾਂਝ ਪਾਉਣ ਵਾਲੇ ਆਪਣਾ ਈਮਾਨ ਈ ਵੇਚ ਜਾਂਦੇ ਹਨ। ਇਹ ਬਹਾਦਰ ਕੌਮ ਦੀਆਂ ਨਿਸ਼ਾਨੀਆਂ ਨਹੀਂ। ਅਸੀ ਤੁਹਾਡੀ ਪੱਗ ਚੌਰਾਹੇ ਵਿਚ ਨੀਲਾਮ ਕੀਤੀ ਏ। ਤੁਸੀ ਆਪਣੀਆਂ ਤਲਵਾਰਾਂ ਕਿੱਲੀਆਂ ਨਾਲ ਟੰਗ ਦਿਓ। ਤੁਹਾਡਾ ਕੰਮ ਏ ਸਿਰਫ਼ ਸਲਾਮਾਂ ਕਰਨੀਆਂ ਤੇ ਸਾਡੇ

ਟੁਕੜਿਆਂ ਤੇ ਪਲਣਾ। ਅਸੀਂ ਲੁੱਟਣ ਆਏ ਹਾਂ, ਤੁਸੀਂ ਆਪਣੇ ਦਰਵਾਜ਼ੇ ਬੰਦ ਕਰ ਲਵੋ ਤੇ ਸਾਨੂੰ ਲੁੱਟਣ ਦੇਵੋ। ਇੱਜ਼ਤ ਲੁਟਦਿਆਂ ਵੇਖੋ ਤੇ ਆਪਣੀ ਬੁੱਕਲ 'ਚ ਮੂੰਹ ਪਾ ਕੇ ਅੱਥਰੂ ਕੇਰੋ। ਤੁਹਾਡੀ ਕਿਸਮਤ ਵਿਚ ਇਹੋ ਕੁਝ ਲਿਖਿਆ ਹੋਇਆ ਏ।

—ਮੁਗ਼ਲਾਂ ਨੇ ਤੇ ਗੱਲ ਈ ਗ਼ਾਲ ਦਿੱਤੀ ਏ। ਇਹ ਚਾਰ ਬੰਦੇ, ਜਿਹਨੂੰ ਲੋਕ ਬੁੱਢਾ ਦਲ ਆਖਦੇ ਹਨ, ਇਹੋ ਈ ਸਿਰ ਕੱਢਦੇ ਹਨ, ਇਹੋ ਈ ਅੜਦੇ ਹਨ, ਇਹੋ ਈ ਲੜਦੇ ਹਨ। ਇਹ ਕਿੰਨੇ ਕੁ ਹਨ? ਇਹ ਆਟੇ 'ਚ ਲੂਣ, ਅਸਾਂ ਇਹਨਾਂ ਨੂੰ ਖਾ ਜਾਣਾ ਏ।

—ਪਰ ਅਣਖ ਵਾਲੇ ਇਹ ਗੱਲ ਕਦੋਂ ਸੁਣਦੇ ਹਨ। ਉਹ ਮਾਂ ਮਰ ਗਈ ਜਿਹੜੀ ਦਹੀਂ ਨਾਲ ਟੁਕ ਦਿੰਦੀ ਸੀ। ਨਾਦਰ ਨੇ ਦਿੱਲੀ ਲੁੱਟੀ ਏ, ਅਸਾਂ ਨਾਦਰ ਨੂੰ ਲੁੱਟਣਾ ਏ।

—ਪਰ ਜੱਸਾ ਸਿੰਘ ਜੱਥਿਆਂ ਦਾ ਸਰਦਾਰ ਸੀ। ਓਸ ਹੁਕਮ ਦਿੱਤਾ, ਦੌਲਤ ਲੁੱਟੀ ਜਾਏ ਪ੍ਰਵਾਹ ਨਹੀਂ ਪਰ ਅਣਖ਼ ਨਹੀਂ ਮਰਨੀ ਚਾਹੀਦੀ। ਦਲ ਜੇ ਨਾਦਰ ਸ਼ਾਹ ਦੇ ਕੈਂਪ ਲੁੱਟ ਲਵੇ ਤਾਂ ਉਹਦਾ ਭਾਰ ਹੌਲਾ ਹੋ ਜਾਏ ਤੇ ਨਾਲੇ ਅਸੀਂ ਆਪਣੀ ਦੌਲਤ ਵਾਪਸ ਲੈ ਆਵਾਂਗੇ। ਨਾਦਰ ਸ਼ਾਹ ਹੁਣ ਥੱਕਿਆ ਹੋਇਆ ਏ। ਤੁਹਾਡੇ ਮੁਕਾਬਲੇ ਤੇ ਖੜ੍ਹਾ ਨਹੀਂ ਹੋਣ ਲੱਗਾ। ਜੇ ਇਕ ਵਾਰ ਮੂੰਹ ਭੱਜ ਗਿਆ ਤਾਂ ਉਹ ਗਿੱਝਾ-ਗਿੱਝਾ ਫੇਰ ਇੱਧਰ ਨਹੀਂ ਆਊ। ਤੇ ਜੇ ਫੇਰ ਵੀ ਆ ਗਿਆ ਅਤੇ ਅਸਾਂ ਉਹਦਾ ਰਾਹ ਨਾ ਰੋਕਿਆ ਤਾਂ ਫੇਰ ਉਹ ਸਭ ਕੁਝ ਹੂੰਝ ਕੇ ਲੈ ਜਾਏਗਾ। ਹੁਣ ਵਕਤ ਜੇ ਸਬਕ ਦੇ ਕੇ ਤੋਰੋ ਤੇ ਉਹਨਾਂ ਨੂੰ ਆਪਣੀਆਂ ਤਲਵਾਰਾਂ ਦਾ ਜਲਵਾ ਵਿਖਾਵੋ।

—ਇਹ ਗੱਲ ਸਾਰੇ ਪੰਜਾਬ ਨੂੰ ਮਨ ਲੱਗੀ। ਬੱਸ ਜੱਥੇ ਤਿਆਰ ਹੋ ਗਏ, ਜੈਕਾਰੇ ਛੁੱਟੇ, ਢੋਲ ਵੱਜਿਆ ਤੇ ਘੋੜਿਆਂ ਤੇ ਕਾਠੀਆਂ ਪਈਆਂ। ਕੱਲਾ ਜੱਸਾ ਸਿੰਘ ਛੜਮ ਛੜਾ ਨਾਦਰ ਤੇ ਹਮਲਾ ਕਰਨ ਲਈ ਨਿੱਤਰਿਆ। ਉਹਦਾ ਹੰਕਾਰ ਤੋੜਿਆ। ਸਭ ਕੁਝ ਲੁੱਟ ਲਿਆ ਤੇ ਛੁਡਾ ਲਈਆਂ ਕੰਜਕਾਂ, ਮਾਵਾਂ, ਧੀਆਂ ਤੇ ਭਰਜਾਈਆਂ। ਇਸੇ ਸ਼ਰਮਿੰਦਗੀ ਵਿਚ ਮਰ ਗਿਆ ਨਾਦਰ ਸ਼ਾਹ ਜੇਤੂ ਦਿੱਲੀ ਦਾ। ਇਕ-ਇਕ ਮੁਟਿਆਰ ਕੋਲੋਂ ਪੁੱਛ-ਪੁੱਛ ਕੇ ਉਹਨਾਂ ਦੇ ਘਰ ਛੱਡਣ ਗਏ ਦਲ ਦੇ ਸੂਰਮੇ। ਜੱਸਾ ਸਿੰਘ ਦੇ ਫ਼ੌਜੀ ਮੁਟਿਆਰਾਂ ਨੂੰ ਲੈ ਕੇ ਉਹਨਾਂ ਦੇ ਪਿੰਡ ਪੁੱਜੇ ਤੇ ਉਹਨਾਂ ਨੂੰ ਘਰ ਛੱਡ ਕੇ ਆਏ। ਕਈਆਂ ਨੇ ਇਨਕਾਰ ਕੀਤਾ ਪਰ ਜੁੱਤੀ ਨਾਲ ਵੱਸੀਆਂ ਉਹ ਮੁਟਿਆਰਾਂ ਆਪਣੇ ਘਰ ਵਿਚ।

—ਜੱਸਾ ਸਿੰਘ ਦਾ ਹੁਕਮ ਏ, ਸਾਰਾ ਖ਼ਾਨਦਾਨ ਕਤਲ ਕਰ ਦਿੱਤਾ ਜਾਏਗਾ ਜੇ ਕਿਸੇ ਮੁਟਿਆਰ ਨੇ ਆਣ ਕੇ ਸ਼ਿਕਾਇਤ ਕੀਤੀ। ਇਨ੍ਹਾਂ ਵਿਚਾਰੀਆਂ ਦਾ ਕੀ ਕਸੂਰ ਏ, ਜਦ ਤੁਸੀਂ ਹਿਫ਼ਾਜ਼ਤ ਨਹੀਂ ਕਰ ਸਕਦੇ। ਤੁਸੀਂ ਨਿਕੰਮੇ ਹੋ, ਬੁਜ਼ਦਿਲ ਹੋ। ਔਰਤ ਹਿਫ਼ਾਜ਼ਤ ਨਾਲ ਈ ਚਾਰ ਦਿਨ ਜੀਅ ਸਕਦੀ ਏ।

—ਇਹਨਾਂ ਵਿਚਾਰੀਆਂ ਨੇ ਤਾਂ ਚਰਖ਼ਾ ਕੱਤਣਾ ਏ ਤੇ ਘਰ ਦਾ ਚੁੱਲ੍ਹਾ, ਚੌਕਾ ਸਾਂਭਣਾ ਏ। ਇਹਨਾਂ ਤਲਵਾਰ ਥੋੜ੍ਹੇ ਫੜਨੀ ਏ। ਤੁਸਾਂ ਆਪਣੇ ਘਰ ਦੀ ਆਪ ਹਿਫ਼ਾਜ਼ਤ ਕਰਨੀ ਏ। ਉੱਠੋ ਤੇ ਤਲਵਾਰਾਂ ਨੂੰ ਥੋਸੋ ਦਿਓ ਤੇ ਨਿਤਰੋ ਮੈਦਾਨ ਵਿਚ। ਅਸੀਂ ਤੁਹਾਡੇ ਨਾਲ ਹਾਂ। ਇਹ ਪਵਿੱਤਰ ਹਨ ਗੰਗਾ ਜਲ ਵਾਂਗੂੰ। ਗਜ਼ਨੀ ਜਾਂਦੀਆਂ ਤੇ ਫੇਰ ਉੱਥੋਂ ਨਾ ਮੁੜਦੀਆਂ। ਤੁਸੀਂ ਸੱਚੇ ਓ।

—ਇਹ ਕੌਮ ਨੂੰ ਬਹੁਤ ਵੱਡੀ ਦੇਣ ਸੀ।

—ਚੰਕਿਓ ਨਿਕਲੀ ਚੰਡਾਲਾਂ ਜੋਗੀ, ਇਹ ਲਕਸ਼ਮਣ ਰੇਖਾ ਪੂੰਝ ਦਿੱਤੀ। ਪੰਜਾਬ ਦੇ ਲੋਕਾਂ ਨੇ ਇਹ ਗੱਲ ਮਨਜ਼ੂਰ ਕਰ ਲਈ ਤੇ ਹੌਲੀ-ਹੌਲੀ ਦਿੱਲੀ ਵਾਲੇ ਵੀ ਹਾਮੀ ਭਰਨ ਲੱਗ ਪਏ, ਤਲਵਾਰ ਦੇ ਜ਼ੋਰ ਨਾਲ, ਹਮਦਰਦੀ ਨਾਲ। ਕੌਮ ਫੇਰ ਜੱਸਾ ਸਿੰਘ ਨੂੰ ਬੰਦੀ ਛੋੜ ਆਖਣ ਲੱਗ ਪਈ। ਜੱਸਾ ਸਿੰਘ ਇਕ ਸੂਰਮਾ ਸੀ, ਨਿਡਰ, ਬੇਗ਼ਰਜ਼, ਕੌਮ ਦਾ ਸੇਵਕ ਤੇ ਪੰਜਾਂ ਦਰਿਆਵਾਂ ਦੀ ਧਰਤੀ ਦਾ ਪੁੱਤ।

—ਜੱਸਾ ਸਿੰਘ ਨੂੰ ਲੋਕ ਰੱਬ ਵਾਂਗੂੰ ਪੂਜਣ ਲੱਗ ਪਏ। ਇਹ ਬਖ਼ਸ਼ਿਸ਼ ਸਿਰਫ਼ ਅੰਮ੍ਰਿਤ ਦੀ ਏ। ਗੁਰੂ ਗੋਬਿੰਦ ਸਿੰਘ ਦੀ ਰਹਿਮਤ ਦਾ ਸਦਕਾ ਏ। ਸਿੱਖੀ ਪ੍ਰਵਾਨ ਚੜ੍ਹ ਰਹੀ ਸੀ। ਲੋਕ ਭਲੇ ਸਨ, ਰੱਬ ਤੋਂ ਡਰਦੇ ਸਨ। ਆਚਰਨ ਉੱਚਾ ਸੀ। ਸਿਰਫ਼ ਡਰਦੇ ਸਨ। ਹੋਰ ਲੁੱਟਣ ਵਾਲਿਆਂ ਦੇ ਚਾਰ ਹੱਥ ਨਹੀਂ ਸਨ। ਉਹਨਾਂ ਵਿਚ ਜੋਸ਼ ਸੀ, ਜੁਰੱਅਤ ਸੀ। ਜੱਸਾ ਸਿੰਘ ਨੇ ਸ਼ੇਰ ਬਣਾ ਦਿੱਤੇ ਪੰਜਾਬੀ, ਹੌਸਲਾ ਕੁੱਟ-ਕੁੱਟ ਕੇ ਭਰ ਦਿੱਤਾ, ਜੁਰੱਅਤ, ਦਲੇਰੀ ਤੇ ਵੀਰਤਾ ਦਾ। ਅਸੀਂ ਪੰਜਾਬ ਦੇ ਰਾਖੇ ਹਾਂ, ਪੰਜਾਬ ਸਾਡਾ ਏ, ਅਸਾਂ ਪੰਜਾਬ 'ਚ ਵੱਸਣਾ ਏ। ਸਾਡੇ ਘਰਾਂ 'ਚ ਕੋਈ ਨਹੀਂ ਵੜ ਸਕਦਾ। ਲੁਟੇਰਾ ਆਇਆ ਏ ਲੁੱਟ ਕੇ ਚਲਾ ਜਾਏਗਾ। ਜਦੋਂ ਸਾਡਾ ਦਾਅ ਲੱਗਾ ਅਸੀਂ ਉਹਨੂੰ ਲੁੱਟ ਲਵਾਂਗੇ। ਇਹ ਸਭ ਕੁਝ ਜੱਸਾ ਸਿੰਘ ਆਹਲੂਵਾਲੀਏ ਦੇ ਸਿਰ ਸਦਕੇ ਹੋਇਆ। ਇਕੱਲੇ ਜੱਸਾ ਸਿੰਘ ਦੇ ਸਿਰ ਤੇ ਈ ਪੱਗ ਬੱਝੀ। ਜੱਸਾ ਸਿੰਘ ਲਲਕਾਰ ਰਿਹਾ ਸੀ। ਉਹਦੇ ਲਲਕਾਰੇ, ਦੱਰਾ, ਖ਼ੈਬਰ, ਨੋਚਕੀ ਤੇ ਬੋਲਾਨ ਤੱਕ ਪੁਜਦੇ ਹਨ। ਸਾਰਾ ਅਫ਼ਗਾਨਿਸਤਾਨ ਕੰਬਦਾ ਸੀ। ਹਊਆ ਸੀ ਜੱਸਾ ਸਿੰਘ ਆਹਲੂਵਾਲੀਆ।

ਗਿੱਝਾ-ਗਿੱਝਾ ਅਹਿਮਦ ਸ਼ਾਹ ਅਬਦਾਲੀ ਆਣ ਚੜ੍ਹਿਆ ਪੰਜਾਬ ਤੇ। ਸਭ ਤੋਂ ਪਹਿਲਾਂ ਸ਼ਾਮਤ ਪੰਜਾਬ ਦੀ ਆਉਂਦੀ ਸੀ। ਪੰਜਾਬ ਦੀ ਧੂੜ ਪੁੱਟ ਮਾਰੀ। ਹਰਿਮੰਦਰ ਨੂੰ ਤੋਪਾਂ ਮਾਰ-ਮਾਰ ਕੇ ਉਹਦੀਆਂ ਨੀਹਾਂ ਹਿਲਾ ਦਿੱਤੀਆਂ ਤੇ ਜਾਂਦਾ ਸਰੋਵਰ ਵੀ ਪੂਰ ਗਿਆ। ਨਾ ਰਹੇ ਬਾਂਸ ਤੇ ਨਾ ਬਜੇ ਬਾਂਸੁਰੀ। ਨਾ ਇਹ ਸਿੱਖਾਂ ਦੀ ਮਸਜਿਦ ਰਹੇ ਤੇ ਨਾ ਇਹ ਸਾਡੇ ਗਲ ਪੈਣ। ਏਸ ਸਰੋਵਰ ਦੇ ਜਲ ਵਿਚ ਸ਼ਕਤੀ ਏ। ਨਾ ਇਨ੍ਹਾਂ ਨੂੰ ਅੰਮ੍ਰਿਤ ਦੇ ਜਲ ਦੇ ਚਾਰ ਘੁੱਟ ਪੀਣ ਨੂੰ ਲੱਭਣ ਤੇ ਨਾ ਦਲੇਰ ਹੋਣ ਇਹ ਪੰਜਾਬੀ। ਇਹ ਇਕ ਰਾਜ਼ ਸੀ ਜਿਹੜਾ ਅਹਿਮਦ ਸ਼ਾਹ ਅਬਦਾਲੀ ਦੇ ਕੰਨਾਂ ਨੇ ਸੁਣਿਆ। ਤਲਵਾਰ ਨਾਲ ਪੰਜਾਬ ਨੇ ਕਾਬੂ ਨਹੀਂ ਆਉਣਾ। ਇਹ ਟੁੱਟ ਜਾਣਗੇ, ਪਰ ਲਿਫ਼ਣ ਨਹੀਂ ਲੱਗੇ। ਇਹਨਾਂ ਨੂੰ ਗੁੜ ਦੇ ਕੇ ਮਾਰੋ। ਜ਼ਹਿਰ ਦੀ ਪੁੜੀ ਨਹੀਂ।

—ਬੁੱਢਾ ਦਲ ਇਹਨਾਂ ਦੀ ਪਿੱਠ ਪਿੱਛੇ ਹੈ। ਇਹ ਸੂਰਮੇ, ਜਿਹਨਾਂ ਨੇ ਘਰ ਤਿਆਗਿਆ, ਸੰਸਾਰ ਤਿਆਗਿਆ ਤੇ ਹੱਥ ਵਿਚ ਭਗੌਤੀਆਂ ਫੜੀਆਂ। ਇਹਨਾਂ ਤੇਰ ਈਨ ਨਹੀਂ ਮੰਨਣੀ। ਕੋਈ ਦੂਜਾ ਰਾਹ ਲੱਭ ਅਬਦਾਲੀ।

ਕੱਲਾ ਸ਼ੇਰ ਬੁੱਕ ਰਿਹਾ ਸੀ ਜੱਸਾ ਸਿੰਘ ਆਹਲੂਵਾਲੀਆ। ਪੰਜਾਬ ਵੱਲ ਮੂੰਹ ਕਰਦਿਆਂ ਅਬਦਾਲੀ ਥਰ-ਥਰ ਕੰਬਦਾ ਪਰ ਹੋਰ ਰਾਹ ਵੀ ਤੇ ਕੋਈ ਨਹੀਂ ਸੀ ਨਾ ਦਿੱਲੀ ਜਾਣ ਦਾ। ਦਿੱਲੀ ਵਿਚ ਸਿਰਫ਼ ਭੇਡਾਂ ਵੱਸਦੀਆਂ ਹਨ। ਸ਼ੇਰ ਵੱਸਦੇ ਹਨ ਇਨ੍ਹਾਂ ਦਲਾ ਵਿਚ। ਬੁੱਢਾ ਦਲ ਤੇ ਤਰਨਾ ਦਲ। ਇਹ ਦੋਵੇਂ ਰਾਖੇ ਸਨ ਪੰਜਾਬ ਦੇ, ਇਹ ਸਿਰ ਕਟਾਉਣਾ ਵੀ ਜਾਣਦੇ ਸਨ ਤੇ ਸਿਰ ਲਾਹੁਣਾ ਵੀ। ਇਹ ਦੌਲਤ ਨਾਲ ਖ਼ਰੀਦੇ ਨਹੀਂ ਸਨ ਜਾਂਦੇ। ਪਿਆਰ ਨਾਲ ਇਨ੍ਹਾਂ ਨੂੰ ਭਾਵੇਂ, ਪਿੰਜਰੇ ਵਿਚ ਪਾ ਲਿਆ ਜਾਵੇ। ਅਹਿਮਦ ਸ਼ਾਹ ਅਬਦਾਲੀ ਸੋਨੇ ਦੀਆਂ ਹੱਥਕੜੀਆਂ ਬਣਾ ਰਿਹਾ ਸੀ। ਉਹਨਾਂ ਦੀ ਲਿਸ਼ਕ ਵਿਖਾ

ਕੇ ਦਲ ਨੂੰ ਉਂਗਲੀ ਲਾਅ ਕੇ ਆਪਣੇ ਨਾਲ ਤੋਰਨਾ ਚਾਹੁੰਦਾ ਸੀ, ਪਰ ਇਹ ਗੱਲ ਜੱਸਾ ਸਿੰਘ ਨੂੰ ਕਬੂਲ ਨਹੀਂ ਸੀ।

—ਜੱਸਾ ਸਿੰਘ ਕਹਿੰਦਾ ਸੀ ਦਿੱਲੀ ਨੂੰ ਸੌ ਵਾਰ ਲੁੱਟ ਲੈ ਪਰ ਪੰਜਾਬ ਵੱਲ ਜੇ ਅੱਖ ਭਰ ਕੇ ਵੀ ਵੇਖੀ ਤਾਂ ਅਸੀਂ ਤੇਰੀਆਂ ਅੱਖਾਂ ਕੱਢ ਦਿਆਂਗੇ।

ਅਹਿਮਦ ਸ਼ਾਹ ਅਬਦਾਲੀ, ਨਾਦਰ ਸ਼ਾਹ ਨਾਲ ਹਿੰਦੁਸਤਾਨ ਵਿਚ ਆਇਆ ਸੀ। ਉਹ ਜਾਣਦਾ ਸੀ ਕਿ ਦਿੱਲੀ ਵਾਲੇ ਕਿੰਨੇ ਕੁ ਪਾਣੀ 'ਚ ਹਨ। ਦਿੱਲੀ ਅਜੇ ਕਿੰਨੀ ਕੁ ਵਾਰ ਲੁੱਟੀ ਜਾ ਸਕਦੀ ਏ। ਬੜੀ ਦੌਲਤ ਏ ਦਿੱਲੀ ਵਿਚ। ਅਜੇ ਤਾਂ ਅਸਾਂ ਕੁਝ ਵੀ ਨਹੀਂ ਲੁਟਿਆ। ਅਜੇ ਹੋਰ ਲੁੱਟਣਾ ਏ। ਬੜੀਆਂ ਦੌਲਤਾਂ ਜਮ੍ਹਾਂ ਨੇ ਸੱਤਾਂ ਬਾਦਸ਼ਾਹਾਂ ਦੀਆਂ ਇਕੱਠੀਆਂ ਕੀਤੀਆਂ ਹੋਈਆਂ। ਉਹ ਸਾਨੂੰ ਦਿਓ ਅਸੀਂ ਭੁੱਖੇ ਹਾਂ। ਅਸੀਂ ਵੀ ਤੁਹਾਡੇ ਭਰਾ ਹਾਂ। ਤੁਸਾਂ ਵੀ ਲੁੱਟ ਕੇ ਭੜੋਲੀਆਂ ਭਰੀਆਂ ਹਨ। ਜੇ ਅਸਾਂ ਤੁਹਾਨੂੰ ਲੁੱਟ ਲਿਆ ਤਾਂ ਕਿਹੜਾ ਕਹਿਰ ਆ ਚੱਲਿਆ ਏ? ਆਓ ਰਲ ਕੇ ਲੁੱਟੀਏ ਤੇ ਰਲ ਕੇ ਖਾਈਏ।

—ਪਰ ਇਹ ਗੱਲ ਜੱਸਾ ਸਿੰਘ ਨੂੰ ਕਬੂਲ ਨਹੀਂ ਸੀ। ਆ ਬੱਚੂ ਲੰਘਣਾ ਤੇ ਪੰਜਾਬ ਵਿਚੋਂ ਈ ਏ।

—ਅਹਿਮਦ ਸ਼ਾਹ ਅਬਦਾਲੀ ਨੇ ਹੱਸ ਕੇ ਆਖਿਆ, ਇਹ ਪਾਣੀ ਇਨ੍ਹਾਂ ਪੁਲਾਂ ਦੇ ਥੱਲਿਓਂ ਦੀ ਲੰਘਣਾ ਏ।

—ਅਸਾਂ ਇਹ ਪੁਲ ਈ ਨਹੀਂ ਰਹਿਣ ਦੇਣੇ, ਜੱਸਾ ਸਿੰਘ ਆਹਲੂਵਾਲੀਆ ਆਖਣ ਲੱਗਾ।

—ਇਹ ਵਕਤ ਦੱਸੂ, ਅਬਦਾਲੀ ਨੇ ਆਖਿਆ।

—ਅਹਿਮਦ ਸ਼ਾਹ ਅਬਦਾਲੀ ਦੇ ਜੁੱਸੇ ਵਿਚ ਲਹੂ ਸੀ। ਲੁਟੇਰਿਆਂ ਦਾ ਗਿਰੋਹ ਨਾਲ ਸੀ, ਪਰ ਉਹਦੇ ਸਾਹਮਣੇ ਉਹ ਸੂਰਮੇ ਖੜ੍ਹੇ ਸਨ ਜਿਹੜੇ ਝੁਕਣਾ ਜਾਣਦੇ ਈ ਨਹੀਂ ਸਨ।

—ਇਕ ਦਿਨ ਆਏਗਾ ਜਦ ਇਹ ਖੁੰਦਰਾਂ ਵਿਚ ਲੁਕੇ ਸ਼ੇਰ ਮੈਦਾਨ 'ਚ ਆ ਕੇ ਗੱਜਣਗੇ ਤੇ ਸਾਰਿਆਂ ਨੂੰ ਖਾ ਜਾਣਗੇ।

—ਅਹਿਮਦ ਸ਼ਾਹ ਅਬਦਾਲੀ ਨੇ ਆਖਿਆ, ਚੋਰ ਬਣ ਕੇ ਘਰ ਨਹੀਂ ਲੁਟਦੇ। ਸੁੱਤਿਆਂ ਪਿਆਂ ਈ ਸਭ ਕੁਝ ਹੂੰਝ ਕੇ ਲੈ ਜਾਂਦੇ ਹਨ।

—ਸਾਨੂੰ ਸਤਗੁਰਾਂ ਬਾਦਸ਼ਾਹੀਆਂ ਬਖ਼ਸ਼ੀਆਂ ਨੇ। ਅਸੀਂ ਤੇਰੇ ਟੁੱਕੜਿਆਂ ਤੇ ਨਹੀਂ ਜਿਊਣ ਲੱਗੇ।

—ਪੰਜਾਬ ਵਿਚੋਂ ਦੀ ਲੰਘਣ ਲਈ ਸਿਰ ਤੇ ਦੁਮਾਲਾ ਬਣ ਕੇ ਆਵੀਂ। ਹੁਣ ਟਾਕਰਾ ਮਰਦਾਂ ਨਾਲ ਏ। ਅੱਗੇ ਤੇਰਾ ਹੀਜੜਿਆਂ ਨਾਲ ਵਾਸਤਾ ਪਿਆ ਸੀ। ਅਯਾਸ਼ਾਂ ਨਾਲ ਤੂੰ ਦਾਅਵਤਾਂ ਖਾਧੀਆਂ ਸਨ ਪਰ ਹੁਣ ਮਰਦਾਂ ਦੀ ਦਾਅਵਤ ਏ। ਆ ਤੇਰੇ ਘੋੜਿਆਂ ਦੇ ਫੁੰਕਾਰੇ ਵੀ ਵੇਖੀਏ, ਤੇਰੀ ਤਲਵਾਰਾਂ ਦੀ ਚਮਕ ਵੀ ਵੇਖੀਏ। ਜੇ ਤੇਰੇ ਲੁੱਟਣ ਵਾਲੇ ਹੱਥ ਵੱਢ ਨਾ ਦਿੱਤੇ ਤਾਂ ਮੈਨੂੰ ਜੱਸਾ ਸਿੰਘ ਆਹਲੂਵਾਲੀਆ ਨਾ ਆਖੀਂ। ਕੀ ਹੋਇਆ ਜੇ ਸਾਡੇ ਘੋੜਿਆਂ ਤੇ ਕਾਠੀਆਂ ਨਹੀਂ, ਸਾਡੇ ਕੋਲ ਤੋਪਾਂ ਨਹੀਂ। ਤਲਵਾਰਾਂ ਤਾਂ ਹਨ, ਜਿਹੜੀਆਂ ਲਹੂ ਪੀਣਾ ਜਾਣਦੀਆਂ ਹਨ। ਛੱਡ ਇਹ ਗੱਲਾਂ ਪੁਰਾਣੀਆਂ ਹੋ ਗਈਆਂ ਨੇ। ਕਦੀ ਮੁਲਾਕਾਤ ਹੋਵੇਗੀ ਤੇ, ਫੇਰ ਗੱਲਾਂ ਕਰਾਂਗੇ। ਇਹ ਮੁਲਾਕਾਤ ਸਿਰਫ਼ ਜੰਗ

ਦੇ ਮੈਦਾਨ 'ਚ ਈ ਹੋ ਸਕਦੀ ਏ ਹੋਰ ਕਿਸੇ ਜਗ੍ਹਾ ਨਹੀਂ।

—ਅਹਿਮਦ ਸ਼ਾਹ ਅਬਦਾਲੀ ਨੇ ਝੰਡੇ ਕੱਢੇ, ਘੋੜਿਆਂ ਤੇ ਕਾਠੀਆਂ ਪਾਈਆਂ ਤੇ ਅੱਲਾ ਹੂ ਅਕਬਰ ਦਾ ਨਾਅਰਾ ਮਾਰਿਆ।

—ਬੱਚੂ ਇਹ ਕਰਬਲਾ ਦਾ ਮੈਦਾਨ ਏ। ਇੱਥੋਂ ਕੋਈ ਬਚ ਕੇ ਨਹੀਂ ਜਾ ਸਕਦਾ। ਇਤਿਹਾਸ ਨੂੰ ਅੱਖੋਂ ਓਹਲੇ ਨਾ ਕਰ, ਇਕ ਵਾਰ ਇਤਿਹਾਸ ਨੂੰ ਪੜ੍ਹ ਕੇ ਵੇਖ ਲੈ। ਆ ਅਸੀਂ ਤੇਰਾ ਸਵਾਗਤ ਕਰਾਂਗੇ, ਇੱਦਾਂ ਤੈਨੂੰ ਕਦੀ ਕਿਸੇ ਨੇ ਨਹੀਂ ਆਖਣਾ।

—ਅਹਿਮਦ ਸ਼ਾਹ ਅਬਦਾਲੀ ਫੇਰ ਚੜ੍ਹਿਆ ਆਪਣੇ ਪੂਰੇ ਜਾਹੋ-ਜਲਾਲ ਵਿਚ। ਦਹਿਸ਼ਤ ਬੜੀ ਸੀ ਪਰ ਬੁੱਢੇ ਦਲ ਨੂੰ ਇਹ ਸੱਪ ਕੀਲਣੇ ਨਹੀਂ ਆਉਂਦੇ ਹਨ।

—ਬੁੱਢਾ ਦਲ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਹੁਕਮ ਦਿੱਤਾ ਕਿ ਅਹਿਮਦ ਸ਼ਾਹ ਅਬਦਾਲੀ ਨੂੰ ਛੇੜਨਾ ਨਹੀਂ। ਇਹਨੂੰ ਜੇਹਲਮ ਟੱਪਣ ਦਿਓ। ਇਹ ਰਾਵੀ ਵੀ ਟੱਪੇ ਤੇ ਬਿਆਸ ਵੀ। ਦਿੱਲੀ ਜਾਂਦਾ ਏ ਤੇ ਜਾਣ ਦਿਓ। ਇਹਨੂੰ ਆਉਂਦੇ ਨੂੰ ਲੁੱਟਿਆ ਜਾਏ।

—ਇਹ ਫੈਸਲਾ ਪੰਥ ਦਾ ਸੀ। ਇਹਦੇ ਨਾਲ ਅਬਦਾਲੀ ਦਾ ਦਾਅ ਲੱਗ ਗਿਆ। ਓਸ ਸਮਝਿਆ ਪੰਥ ਡਰ ਗਿਆ ਏ। ਏਸੇ ਭੁਲੇਖੇ ਵਿਚ, ਏਸੇ ਨਸ਼ੇ ਵਿਚ, ਏਸੇ ਸਰੂਰ ਵਿਚ ਉਹ ਸਾਰੇ ਦਰਿਆ ਟੱਪ ਗਿਆ। ਦਿੱਲੀ ਵਾਲਿਆਂ ਨੇ ਦਾਅਵਤਾ ਕੀਤੀਆ। ਅਮੀਰ ਲੁੱਟੇ, ਅਹਿਲਕਾਰ, ਮੁਨਸ਼ੀ, ਮੁਸੱਦੀ ਲੁੱਟੇ, ਨਵਾਬ ਲੁੱਟੇ, ਬੇਗ਼ਮਾਂ ਲੁੱਟੀਆਂ, ਦੌਲਤਾਂ ਇਕੱਠੀਆਂ ਕੀਤੀਆਂ ਤੇ ਅਹਿਮਦ ਸ਼ਾਹ ਅਬਦਾਲੀ ਨੇ ਹਿੱਕ ਤੇ ਹੱਥ ਮਾਰ ਕੇ ਆਖਿਆ, ਆਓ ਕੌਣ ਏ ਮਰਦ ਦਾ ਬੱਚਾ ਜਿਹੜਾ ਸਾਡੇ ਸਾਹਮਣੇ ਆਏ। ਅਸਾਂ ਸਭ ਕੁਝ ਲੁੱਟ ਕੇ ਲੈ ਜਾਣਾ ਏ। ਤੁਹਾਨੂੰ ਨੰਗੇ ਕਰਕੇ ਛੱਡ ਜਾਣਾ ਏ।

ਇੰਨੀ ਕੁ ਕਹਾਣੀ ਏ, ਇੰਨੀ ਕੁ ਵਾਰਦਾਤ ਏ, ਇੰਨੀ ਕੁ ਕਥਾ ਏ ਬਾਕੀ ਹੋਰ ਕੁਝ ਨਹੀਂ। ਇਹੋ ਪੰਜਾਬ ਦੀ ਰਾਮਾਇਣ ਏ ਤੇ ਇਹੋ ਮਹਾਭਾਰਤ। ਸਾਨੂੰ ਡਰ ਏ ਸਿਰਫ਼ ਚੁਗ਼ਲਖ਼ੋਰਾਂ ਤੋਂ, ਖ਼ੁਸ਼ਾਮਦੀਆਂ ਤੋਂ, ਅਸੀਂ ਅਹਿਮਦ ਸ਼ਾਹ ਅਬਦਾਲੀ ਤੋਂ ਨਹੀਂ ਡਰਦੇ। ਵਕਤ ਆਉਣ ਦਿਓ ਅਸੀਂ ਦੱਸਾਂਗੇ ਕਿ ਅਸੀਂ ਕੌਣ ਹਾਂ? ਅਸੀਂ ਗੁਰੂ ਕੇ ਲਾਡਲੇ ਹਾਂ, ਗੁਰਾਂ ਦੀ ਬਖ਼ਸ਼ਿਸ਼ ਏ ਸਾਡੇ ਤੇ। ਅਸੀਂ ਟੱਕਰ ਲੈਣਾ ਜਾਣਦੇ ਹਾਂ। ਸਾਨੂੰ ਡਰ ਏ ਆਪਣੇ ਭਰਾਵਾਂ ਕੋਲੋਂ। ਅਬਦਾਲੀ ਤੋਂ ਅਸੀਂ ਨਹੀਂ ਡਰਦੇ।

—ਇਹ ਓਸ ਸੂਰਮੇ ਦੀ ਕਹਾਣੀ ਏ ਜਿਹੜੀ ਮੈਂ ਤੁਹਾਨੂੰ ਸੁਣਾਉਣ ਲੱਗਾ ਹਾਂ। ਮੇਰੇ ਪੰਥ ਦਾ ਹੀਰੇ, ਮੇਰੇ ਪੰਥ ਦਾ ਸੂਰਮਾ, ਮੇਰੇ ਪੰਥ ਦਾ ਬੇਗ਼ਰਜ਼ ਨਿਹੰਗ ਸੰਪਰਦਾ ਦਾ ਬੇਤਾਜ ਬਾਦਸ਼ਾਹ ਸੁਲਤਾਨੁਲ ਕੌਮ ਜੱਸਾ ਸਿੰਘ ਆਹਲੂਵਾਲੀਆ ਹੈ।

—ਹੌਲੀ ਜਿਹੀ ਪਿਆਰ ਨਾਲ ਨਿੱਠ ਕੇ ਬੈਠੋ ਤੇ ਆਪਣੇ ਸੂਰਮੇ ਦੀ ਕਥਾ ਸੁਣੋ। ਕੌਮਾਂ ਏਸੇ ਤਰ੍ਹਾਂ ਬਣਦੀਆਂ ਹਨ, ਕੌਮਾਂ ਏਸੇ ਤਰ੍ਹਾਂ ਉੱਭਰਦੀਆਂ ਹਨ, ਰਾਜ ਏਦਾਂ ਈ ਬਣਦਾ ਏ। ਚੂਲੀ-ਚੂਲੀ ਪਾਇਆਂ ਸਰੋਵਰ ਬਣਦਾ ਏ ਤੇ ਕੌਡੀ-ਕੌਡੀ ਜਮ੍ਹਾਂ ਕੀਤਿਆਂ ਖ਼ਜ਼ਾਨੇ ਭਰਦੇ ਹਨ। ਅਸੀਂ ਨੰਗ-ਧੜੰਗ, ਨਾ ਸਾਡੇ ਕੋਲ ਕੋਈ ਦੌਲਤਖ਼ਾਨਾ, ਨਾ ਘੋੜੇ ਨਾ ਕਾਠੀਆਂ। ਅਸੀਂ ਤੇ ਸਿਰਫ਼ ਗੁਰੂ ਦੇ ਨਾਂ ਨਾਲ ਈ ਜਿਉਂਦੇ ਹਾਂ ਤੇ ਗੁਰੂ ਦੇ ਨਾਂ ਨਾਲ ਈ ਲੜਦੇ ਹਾਂ। ਅਸੀਂ ਵੀ ਕਦੀ ਤੋਪਾਂ ਵਾਲੇ ਬਣਾਂਗੇ, ਘੋੜਿਆਂ ਵਾਲੇ ਬਣਾਂਗੇ। ਆਓ ਅਬਦਾਲੀ ਦਾ ਖ਼ਜ਼ਾਨਾ ਵੀ ਲੁੱਟੋ, ਦੌਲਤ ਵੀ ਲੁੱਟੋ, ਤਲਵਾਰਾਂ ਵੀ ਖੋਹੋ ਤੇ ਘੋੜੇ ਵੀ ਖੋਹ ਲਵੋ। ਇਹਨਾਂ ਨੂੰ ਨੰਗੀਂ ਪੈਰੀਂ ਕਾਬਲ ਤੋਰੋ।

—ਇਹ ਮਹਾਂਭਾਰਤ ਕਈ ਵਾਰ ਪੰਜਾਬ 'ਚ ਵਰਤੀ ਏ। ਹੁਣ ਮੁੜ ਕੇ ਨਹੀਂ ਵਰਤਣ ਲੱਗੀ। ਹੁਣ ਰਾਮ ਰਾਜ ਆਊ। ਸਾਡੀਆਂ ਹਕੂਮਤਾਂ ਬਣਨਗੀਆਂ। ਅਸੀਂ ਵੀ ਕਲਗੀਆਂ ਵਾਲੇ ਬਣਾਂਗੇ, ਤਖ਼ਤਾਂ ਵਾਲੇ, ਰਾਜਾਂ ਵਾਲੇ, ਘੋੜਿਆਂ ਵਾਲੇ। ਅਸੀਂ ਵੀ ਤੰਬੂਆਂ ਵਿਚੋਂ ਨਿਕਲ ਕੇ ਸ਼ਾਹੀ ਮਹਿਲਾਂ ਵਿਚ ਸੌਂ ਕੇ ਵੇਖਾਂਗੇ।

—ਜੱਸਾ ਸਿੰਘ ਆਹਲੂਵਾਲੀਆ ਏਸ ਤਰ੍ਹਾਂ ਸੋਚ ਰਿਹਾ ਸੀ। ਅਹਿਮਦ ਸ਼ਾਹ ਅਬਦਾਲੀ ਸੁੱਕਾ ਲੰਘ ਗਿਆ ਪੰਜਾਬ ਵਿਚੋਂ। ਆ ਲੁੱਟ ਕੇ ਆ, ਅਸੀਂ ਤੇਰੇ ਨਾਲ ਹਿੱਸਾ ਵੰਡਾਵਾਂਗੇ। ਏਨੀ ਦੌਲਤ ਲੁੱਟ ਕੇ ਕੀ ਕਰਨੀ ਸੂ ? ਸਾਨੂੰ ਵੀ ਹਿੱਸਾ ਦੇ ਜਾ ਨਹੀਂ ਤੇ ਅਸੀਂ ਜੁੱਤੀ ਨਾਲ ਭਾਈਵਾਲੀ ਵੰਡਾਂਗੇ।

—ਜੱਸਾ ਸਿੰਘ ਨੂੰ ਪੰਥ ਸੁਲਤਾਨੁਲ ਕੌਮ ਆਖਦਾ ਸੀ। ਜੱਸਾ ਸਿੰਘ ਇਕ ਸੂਰਮਾ ਸੀ ਦਲੇਰ, ਬਹਾਦਰ। ਹਰ ਗੱਲ, ਹਰ ਕਥਾ ਵਿਚ ਜੱਸਾ ਸਿੰਘ ਆਹਲੂਵਾਲੀਆ ਦਾ ਨਾਂ ਬੋਲਦੈ। ਪੰਜਾਬ ਦੇ ਇਤਿਹਾਸ ਦੀ ਖ਼ਾਲੀ ਸਲੇਟ ਤੇ ਜੱਸਾ ਸਿੰਘ ਆਹਲੂਵਾਲੀਏ ਦਾ ਨਾਂ ਲਿਖਿਆ ਗਿਆ ਸੀ।

—ਹੁਣ ਸਿਰਫ਼ ਵਕਤ ਦਾ ਇੰਤਜ਼ਾਰ ਸੀ। ਗੁਰੂ ਕਦੋਂ ਸਮਾਂ ਦੇਂਦੈ ਲਾਡਲੀਆਂ ਫ਼ੌਜਾਂ ਨੂੰ।

2

ਨਵਾਂ ਚੰਨ ਚੜ੍ਹਿਆ

ਇਕ ਦਿਨ ਉਹ ਵੀ ਆ ਗਿਆ ਜਦ ਅਹਿਮਦ ਸ਼ਾਹ ਅਬਦਾਲੀ ਨੇ ਪਾਨੀਪਤ ਦੇ ਮੈਦਾਨ ਵਿਚ ਮਰਹੱਟਿਆਂ ਨੂੰ ਇਹੋ ਜਿਹੀ ਸ਼ਿਕਸਤ ਦਿੱਤੀ ਕਿ ਇਕ ਲੱਖ ਮਰਹੱਟੇ ਜੰਗ ਵਿਚ ਮਾਰੇ ਗਏ। ਪੂਨੇ ਦੇ ਘਰ-ਘਰ ਵਿਚ ਵੈਣ ਪਏ, ਅਰਥੀਆਂ ਉੱਠੀਆਂ, ਮਕਾਣਾਂ ਆਈਆਂ, ਮੁਗ਼ਲ ਹਕੂਮਤ ਦੇ ਮੁਨਾਰੇ ਢਾਹ ਦਿੱਤੇ। ਇੰਨੀ ਵੱਡੀ ਹਾਰ ਹਿੰਦੁਸਤਾਨ ਦੇ ਮੱਥੇ ਤੇ ਕਲੰਕ ਸੀ। ਏਡਾ ਵੱਡਾ ਜੇਤੂ ਆਪਣੇ ਤੰਬੂ 'ਚ ਸ਼ਰਾਬ ਪੀ ਰਿਹਾ ਸੀ।

ਚੜ੍ਹਤ ਸਿੰਘ ਤੇ ਜੱਸਾ ਸਿੰਘ ਦੋਵਾਂ ਨੇ ਸਲਾਹ ਕੀਤੀ। ਚੱਲ ਯਾਰ ਅਹਿਮਦ ਸ਼ਾਹ ਅਬਦਾਲੀ ਨੂੰ ਲੱਭੀਏ ਤੇ ਵੇਖੀਏ ਕਿੱਡਾ ਕੁ ਵੱਡਾ ਬਹਾਦਰ ਏ, ਹਊਆ ਏ। ਬੰਦਾ ਏ ਕੁ ਦੇਅ ਏ ? ਉਹ ਕੋਈ ਜਿੰਨ ਨਹੀਂ ਬੰਦਾ ਏ। ਚੱਲ ਚੱਲੀਏ। ਜਾਂ ਸਿਰ ਦੇ ਆਵਾਂਗੇ ਜਾਂ ਸਿਰ ਲੈ ਕੇ ਆਵਾਂਗੇ। ਤਿੰਨ ਵਾਰ ਅਬਦਾਲੀ ਦੀ ਫ਼ੌਜ ਵਿਚ ਇਨ੍ਹਾਂ ਸਾਰੇ ਟਿਕਾਣੇ ਗਾਹ ਮਾਰੇ। ਅਬਦਾਲੀ ਦਾ ਪ੍ਰਛਾਵਾਂ ਵੀ ਨਾ ਲੱਭਿਆ। ਪਰ ਜੱਸਾ ਸਿੰਘ ਦੇ ਸਿਰ ਤੇ ਜਨੂੰਨ ਚੜ੍ਹਿਆ ਹੋਇਆ ਸੀ। ਅੱਜ ਅਬਦਾਲੀ ਦੇ ਦਰਸ਼ਨ ਕਰਕੇ ਈ ਆਣੈ। ਤੇ ਉਹਦਾ ਹਊਆ ਕੱਢ ਦੇਣਾ ਏ, ਪਰ ਕੁਦਰਤ ਉਹਦੇ ਵੱਲ ਏ। ਅਜੇ ਸਾਡਾ ਰੱਬ ਸੁੱਤਾ ਹੋਇਆ ਏ। ਹੁਣ ਆਏ ਹਾਂ। ਅੱਜ ਈ ਲੱਭ ਕੇ ਵੇਖ ਕੇ ਜਾਣਾ ਏ ਅਹਿਮਦ ਸ਼ਾਹ ਅਬਦਾਲੀ।

ਅਬਦਾਲੀ ਦੀ ਫ਼ੌਜ ਵਿਚ ਨਾ ਕੋਈ ਜੱਸਾ ਸਿੰਘ ਆਹਲੂਵਾਲੀਏ ਨੂੰ ਜਾਣੇ ਤੇ ਨਾ ਚੜ੍ਹਤ ਸਿੰਘ ਸ਼ੁਕਰਚੱਕੀਏ ਨੂੰ। ਜਿਹੇ ਪਠਾਨ ਸਨ ਤਹੇ ਇਹ ਦੋਵੇਂ ਸੂਰਮੇ ਸਨ। ਇਕੋ

ਜਿਹੀ ਸ਼ਕਲ, ਇਕੋ ਜਿਹੀ ਸੂਰਤ, ਇਕੋ ਜਿਹਾ ਪਹਿਰਾਵਾ। ਆਖ਼ਰ ਇਕ ਦਿਨ ਘੜੀ ਪਲ ਵਿਚ ਈ ਦੱਸ ਪਈ, ਅਬਦਾਲੀ ਨਾਲ ਭੇਟ ਹੋ ਗਈ। ਮੁਲਾਕਾਤ ਦਾ ਵਕਤ ਆ ਗਿਆ। ਬਿਨਾਂ ਪੁੱਛਿਆ, ਬਿਨਾਂ ਇਜਾਜ਼ਤ ਲਿਆਂ ਤੰਬੂ 'ਚ ਜਾ ਵੜੇ।

ਤੰਬੂ 'ਚ ਜਾ ਕੇ ਜੱਸਾ ਸਿੰਘ ਆਖਣ ਲੱਗਾ "ਯਾਰ ਤੂੰ ਲੁਕ ਕੇ ਬੈਠਾ ਹੋਇਆ ਏਂ। ਅਸੀਂ ਤੇ ਦਾਅਵਤ ਖਾਣ ਆਏ ਹਾਂ। ਪਾਨੀਪਤ ਦੀ ਜੰਗ ਕੀ ਜਿੱਤ ਲਈ ਏ ਤੂੰ ਤੇ ਰੱਬ ਬਣ ਗਿਐਂ। ਯਾਰ ਤੂੰ ਜੀਅ ਭਰ ਕੇ ਲੁੱਟੇ ਹਨ ਮੁਗ਼ਲ। ਆ ਅੱਜ ਜਾਂ ਦਾਅਵਤ ਦੇ ਦੇ ਤੇ ਜਾਂ ਦਾਅਵਤ ਦਾ ਸੌਦਾ ਕਬੂਲ ਕਰ ਲੈ। ਮਰਹੱਟਿਆਂ ਨੇ ਤੈਨੂੰ ਸ਼ਗਨ ਨਹੀਂ ਪਾਇਆ ਹੋਣਾ। ਅਸੀਂ ਸ਼ਗਨ ਪਾ ਕੇ ਤੋਰਾਂਗੇ ਤੇ ਸਰਵਾਰਨੇ ਕਰਕੇ ਵੀ। ਭਾਈਵਾਲੀ ਪਾਈ ਊ। ਅਸੀਂ ਤੈਨੂੰ ਨਿਓਦਰਾ ਪਾ ਕੇ ਵੀ ਤੋਰਾਂਗੇ।"

—ਪਰ ਤੁਸੀਂ ਹੋ ਕੌਣ ਓ ਜਿਹੜੇ ਬਗ਼ੈਰ ਇਜਾਜ਼ਤ ਮੇਰੀ ਕਿਆਮਗਾਹ ਵਿਚ ਆਣ ਵੜੇ ਓ? ਮੇਰੇ ਪਹਿਰੇਦਾਰਾਂ ਨੇ ਰੋਕਿਆ ਨਹੀਂ?

—ਯਾਰਾਂ ਦੇ ਘਰ ਪੁੱਛ ਕੇ ਨਹੀਂ ਜਾਈਦਾ ਸ਼ਾਹ।

—ਪਹਿਲਾਂ ਨਾਂ ਦੱਸੋ, ਕੰਮ ਦੱਸੋ।

—ਆ ਜੇ ਮਰਦ ਦਾ ਪੁੱਤ ਏਂ, ਦੋ ਹੱਥ ਵੇਖ ਲਈਏ ਕਰਕੇ। ਬੜਾ ਚਾਅ ਏ ਤੇਰੇ ਹੱਥ ਵੇਖਣ ਦਾ।

—ਅਬਦਾਲੀ ਅਸੀਂ ਜ਼ੋਰ ਵੇਖਣ ਆਏ ਹਾਂ। ਐਵੇਂ ਸੁਣੀਆਂ ਸੁਣਾਈਆਂ ਗੱਲਾਂ ਤੇ ਵਿਸ਼ਵਾਸ ਨਹੀਂ ਕਰਦੇ। ਇਹ ਚੜ੍ਹਤ ਸਿੰਘ ਏ ਤੇ ਮੈਂ ਜੱਸਾ ਸਿੰਘ ਆਹਲੂਵਾਲੀਆ। ਤੂੰ ਸਾਡਾ ਹਰਿਮੰਦਰ ਅਪਵਿੱਤਰ ਕੀਤਾ ਏ। ਸਾਡੀ ਧਰਤੀ ਲਹੂ ਨਾਲ ਰੰਗੀ ਏ, ਅਸੀਂ ਅੱਜ ਦੋ ਹੱਥ ਕਰਨ ਆਏ ਹਾਂ। ਅਸਾਂ ਮੌਤ ਤੰਬੂ ਦੇ ਬਾਹਰ ਈ ਰੱਖ ਦਿੱਤੀ ਏ। ਯਾਰ ਤੂੰ ਨਿਹੱਥਾ ਏਂ। ਆਹ ਲੈ ਤਲਵਾਰ ਸੰਭਾਲ। ਨਿਹੱਥੇ ਤੇ ਵਾਰ ਕਰਨਾ ਨਹੀਂ ਸਿੱਖੇ ਨਿਹੰਗ। ਅਸੀਂ ਬਹਾਦਰਾਂ ਦੇ ਪੁੱਤ ਹਾਂ। ਬਦਲਾ ਲੈਣਾ ਸਾਡੀ ਖ਼ਾਨਦਾਨੀ ਆਦਤ ਏ।

ਅਹਿਮਦ ਸ਼ਾਹ ਅਬਦਾਲੀ ਇਕ ਵਾਰ ਕੰਬਿਆ। "ਕੀ ਤੁਸੀਂ ਬੁੱਢੇ ਦਲ ਦੇ ਜੱਥੇਦਾਰ ਹੋ? ਕੀ ਬੁੱਢਾ ਦਲ ਇੰਨਾ ਨਿਡਰ ਏ, ਇੰਨਾ ਗੁਸਤਾਖ਼ ਏ ਕਿ ਉਹ ਬਿਨਾਂ ਪੁੱਛਿਆ, ਬਿਨਾਂ ਇਜਾਜ਼ਤ ਕਿਸੇ ਦੇ ਘਰ ਆਣ ਵੜਦਾ ਏ। ਕੀ ਤੁਸਾਂ ਸ਼ਾਹੀ ਅਦਬ-ਅਦਾਬ ਨਹੀਂ ਸਿੱਖਿਆ। ਜੇ ਤੁਸਾਂ ਆਉਣਾ ਈ ਸੀ, ਸਾਨੂੰ ਸੁਨੇਹਾ ਭੇਜ ਦਿੰਦੇ। ਅਸੀਂ ਤੁਹਾਨੂੰ ਅੱਗਲਵਾਂਢੀ ਲੈਣ ਆਉਂਦੇ।

—ਯਾਰ ਤੂੰ ਵੀ ਲੁਟੇਰਾ ਤੇ ਅਸੀਂ ਵੀ ਲੁਟੇਰੇ। ਲੁਟੇਰਿਆਂ ਦੇ ਘਰ ਲੁਟੇਰਿਆਂ ਨੇ ਆਉਣਾ ਏ। ਸਾਧਾਂ ਨੇ ਨਹੀਂ ਆਉਣਾ।

ਜੱਸਾ ਸਿੰਘ ਆਹਲੂਵਾਲੀਏ ਦੇ ਨਾਂ ਨੇ ਹਵਾ ਸਰਕਾ ਦਿੱਤੀ। ਖ਼ਾਲੀ ਹੱਥ ਆਏ ਸੂਰਮੇ। ਅਹਿਮਦ ਸ਼ਾਹ ਅਬਦਾਲੀ ਨੱਸ ਗਿਆ। ਕਿਸਮਤ ਨੇ ਰਾਹ ਦਿੱਤਾ ਜਾਂ ਕੁਦਰਤ ਨੇ ਮਦਦ ਕੀਤੀ।

ਦੋ ਸੌ ਪਠਾਣਾਂ ਨੂੰ ਰੱਸੇ ਬੰਨ੍ਹ ਕੇ ਨਾਲ ਲੈ ਆਏ ਆਪਣੇ ਡੇਰਿਆਂ ਤੇ। ਲੰਗਰ ਛਕਾਇਆ, ਸੇਵਾ ਕੀਤੀ, ਇੱਜ਼ਤ ਨਾਲ ਰੱਖਿਆ।

ਜੱਸਾ ਸਿੰਘ ਆਖਣ ਲੱਗਾ, "ਤੁਸੀਂ ਸਾਡੇ ਭਰਾ ਓ, ਤੁਸੀਂ ਢਿੱਡ ਵਾਸਤੇ ਲੜ ਰਹੇ ਹੋ ਤੇ ਅਸੀਂ ਆਪਣੀ ਧਰਤੀ ਵਾਸਤੇ ਲੜ ਰਹੇ ਹਾਂ। ਸਾਡੇ ਕੋਲੋਂ ਡਰਨ ਦੀ ਲੋੜ

ਨਹੀਂ। ਤੁਸੀਂ ਮੌਜ ਨਾਲ ਰਵੋ, ਇੱਜ਼ਤ ਨਾਲ ਖਾਵੋ। ਜੇ ਆਖੋ ਅਸੀਂ ਤੁਹਾਡੀ ਪ੍ਰਾਹੁਣਾਚਾਰੀ ਕਰਾਂਗੇ।"

ਇਹ ਪਠਾਨ ਆਖਣ ਲੱਗਾ, "ਯਾਰ ਇਹ ਬੁੱਢੇ ਦਲ ਵਾਲੇ ਬੰਦੇ ਨੇ ਕਿ ਫ਼ਰਿਸ਼ਤੇ ? ਜੇ ਇਹ ਕਿਤੇ ਅਹਿਮਦ ਸ਼ਾਹ ਅਬਦਾਲੀ ਦੇ ਹੱਥੇ ਚੜ੍ਹ ਜਾਂਦੇ ਉਹ ਸਾਰਿਆਂ ਨੂੰ ਕਤਲ ਕਰਵਾ ਦੇਂਦਾ। ਪਰ ਇਹ ਲੋਕ ਦੇਵਤਾ ਹਨ। ਇਹਨਾਂ ਦੀ ਮਹਿਮਾਨੀਵਾਜ਼ੀ ਅਸੀਂ ਕਦੀ ਨਹੀਂ ਭੁੱਲ ਸਕਦੇ।"

ਇਕ ਪਠਾਨ ਨੇ ਅਰਜ਼ ਕੀਤੀ "ਸਾਨੂੰ ਰੱਸੇ ਬੰਨ੍ਹ ਕੇ ਕਿਉਂ ਲਿਆਂਦਾ ਏ ?"

—ਤੁਹਾਡੇ ਹੱਥ ਸੁੱਚੇ ਕਰਨ ਲਈ। ਤੁਹਾਨੂੰ ਮੌਤ ਦਾ ਚੇਤਾ ਕਰਾਉਣ ਲਈ, ਤੁਹਾਨੂੰ ਉੱਜੜੇ ਘਰ ਵਿਖਾਉਣ ਆਏ ਹਾਂ। ਇੱਜ਼ਤ ਲੁੱਟੀ ਔਰਤਾਂ ਦੀ, ਉਨ੍ਹਾਂ ਦੇ ਵੈਣ ਸੁਣੋ। ਇਹ ਵੀ ਕਿਸੇ ਦੀਆਂ ਮਾਵਾਂ, ਭੈਣਾਂ ਹਨ। ਤੁਹਾਡੀਆਂ ਔਰਤਾਂ ਨਾਲ ਜੇ ਇਹੋ ਕੁਝ ਕੀਤਾ ਜਾਂਦਾ, ਕੀ ਤੁਸੀਂ ਹੱਥਾਂ ਤੇ ਹੱਥ ਧਰ ਕੇ ਬੈਠੇ ਰਹਿੰਦੇ। ਜਿਹੜਾ ਬੰਦਾ ਅੰਨ ਦਾ ਭੋਰਾ ਖਾਂਦਾ ਏ, ਇੰਨੀ ਵੱਡੀ ਹੱਤਕ ਬਰਦਾਸ਼ਤ ਨਹੀਂ ਕਰ ਸਕਦਾ। ਹੁਣ ਤੁਸੀਂ ਦੱਸੋ ਕੀ ਅਸੀਂ ਹੱਕਬਜਾਨਬ ਨਹੀਂ, ਕੀ ਸਾਨੂੰ ਆਪਣੀ ਧਰਤੀ ਦੀ ਰਾਖੀ ਨਹੀਂ ਕਰਨੀ ਚਾਹੀਦੀ ? ਆਓ ਤੁਸਾਂ ਜਿਨ੍ਹਾਂ ਹੱਥਾਂ ਨਾਲ ਸਾਡੇ ਰਹਿਮੰਦਰ ਨੂੰ ਪੂਰਿਆ ਏ, ਉਨ੍ਹਾਂ ਹੱਥਾਂ ਨਾਲ ਉਹਨੂੰ ਸਾਫ਼ ਕਰੋ, ਬੱਸ ਤੁਹਾਡੀ ਇਹੋ ਸਜ਼ਾ ਏ। ਇਹਦਾ ਪੁੰਨ ਤੁਹਾਨੂੰ ਵੀ ਲੱਗੂ, ਤੁਹਾਡੇ ਪੁੱਤਾਂ ਨੂੰ ਵੀ। ਇਹ ਸਰੋਵਰ ਆਬੇ-ਹਯਾਤ ਦਾ ਸਰੋਵਰ ਏ। ਜਿੰਨੇ ਦਿਨ ਮਰਜ਼ੀ ਦਲ ਵਿਚ ਰਵੋ, ਗੁਲਛੱਰੇ ਉਡਾਓ, ਦਾਅਵਤਾਂ ਖਾਓ, ਕੋਈ ਬੰਦਾ ਤੁਹਾਡੇ ਵੱਲ ਅੱਖ ਚੁੱਕ ਕੇ ਨਹੀ ਵੇਖ ਸਕਦਾ। ਤੁਸੀਂ ਸਾਡੇ ਮਹਿਮਾਨ ਓ, ਤੁਸੀ ਸਾਡੇ ਭਰਾ ਹੋ। ਤੁਹਾਡੇ ਨਾਲ ਸਾਡੀ ਕੋਈ ਦੁਸ਼ਮਣੀ ਨਹੀਂ। ਅਸੀਂ ਵੀ ਤੁਹਾਨੂੰ ਤਨਖ਼ਾਹ ਦੇ ਕੇ ਤੋਰਾਂਗੇ। ਬਹੁਤੀ ਨਹੀ ਥੋੜ੍ਹੀ ਸਹੀ। ਤੁਸੀਂ ਜਾ ਕੇ ਦੱਸਿਓ ਅਹਿਮਦ ਸ਼ਾਹ ਅਬਦਾਲੀ ਨੂੰ, ਅਸੀਂ ਕੀ ਹਾਂ, ਸਾਡਾ ਵਤੀਰਾ ਕਿਹੋ ਜਿਹਾ ਏ। ਸਾਨੂੰ ਕਿਸੇ ਦੁਸ਼ਮਣ ਦੀ ਇੱਜ਼ਤ ਕਰਨੀ ਆਉਂਦੀ ਏ ਕਿ ਨਹੀਂ। ਬਸ ਸਾਡਾ ਇੰਨਾ ਈ ਸੁਨੇਹਾ ਜਾ ਕੇ ਅਬਦਾਲੀ ਨੂੰ ਦੇ ਦਿਓ।

ਸਾਰੇ ਮੱਥੇ ਦੇ ਵੱਟ ਢਿੱਲੇ ਹੋ ਗਏ ਅਬਦਾਲੀ ਦੇ। ਜੱਸਾ ਸਿੰਘ ਦੀ ਤਲਵਾਰ ਦੀ ਧਾਂਕ ਸੀ। ਅਹਿਮਦ ਸ਼ਾਹ ਅਬਦਾਲੀ ਜੇ ਡਰਦਾ ਸੀ ਤਾਂ ਸਿਰਫ਼ ਸਿੱਖਾਂ ਕੋਲੋਂ। ਬਾਕੀ ਤੇ ਸਾਰਾ ਹਿੰਦੁਸਤਾਨ ਉਹਦੇ ਲਈ ਭੇਡ-ਬੱਕਰੀਆਂ ਸਨ।

—ਜਾ ਤੈਨੂੰ ਬਖ਼ਸ਼ਿਆ ਅੱਲਾ ਦੇ ਨਾਂ ਤੇ। ਮੁੜ ਕੇ ਇਧਰ ਝਾਂਕ ਕੇ ਨਹੀ ਵੇਖਣਾ। ਮਰਹੱਟੇ ਤੇ ਪੰਜਾਬੀਆਂ 'ਚ ਫ਼ਰਕ ਏ। ਮਰਹੱਟੇ ਦੂਰੋਂ ਆਏ ਸਨ ਅਸੀਂ ਪੰਜਾਬ ਦੇ ਰਹਿਣ ਵਾਲੇ ਹਾਂ। ਅਸਾਂ ਏਥੇ ਈ ਵੱਸਣਾ ਏ। ਇਹ ਧਰਤੀ ਸਾਡੇ ਪਿਓ, ਦਾਦੇ ਦੀ ਏ। ਆਪਣੇ ਘਰ ਛੱਡ ਕੇ ਅਸਾਂ ਕਿੱਥੇ ਜਾਣਾ ਏ। ਮਰਹੱਟੇ ਲੜਨ ਨਹੀਂ ਸਨ ਆਏ ਯਾਤਰਾ ਕਰਨ ਆਏ ਸਨ ਵਾਜਿਆਂ-ਗਾਜਿਆਂ ਨਾਲ ਘਰੋਂ। ਵਿਆਹ ਆਏ ਸਨ। ਉਹਨਾਂ ਦੇ ਹੰਕਾਰ ਨੇ ਮਾਰ ਲਿਆ ਉਹਨਾਂ ਨੂੰ। ਅਸੀਂ ਤੇ ਤੇਰੇ ਨਾਲ ਲੋਹਾ ਲੈ ਕੇ ਮਰਾਂਗੇ। ਅਸੀਂ ਨਾ ਮੌਤ ਤੋਂ ਡਰਦੇ ਹਾਂ, ਨਾ ਤੇਰੀ ਤਲਵਾਰ ਨੂੰ ਸਜਦੇ ਕਰੀਏ।

—ਘਰ ਵਾਲਿਆਂ ਘਰ ਵਿਚ ਰਹਿਣਾ ਏ। ਸਾਨੂੰ ਜੀਊਣ ਦੇ। ਆਪ ਹੋਰ ਕੋਈ ਦਰਵਾਜ਼ਾ ਵੇਖ। ਰੱਬ ਤੋਂ ਡਰ, ਸਾਨੂੰ ਗੁਰੂ ਨੇ ਰਾਜ ਬਖ਼ਸ਼ਿਆ ਏ, ਅਸਾਂ ਰਾਜ ਕਰਨਾ ਏ। ਲੁਟੇਰੇ ਘਰ ਬਣਾ ਨਹੀਂ ਸਕਦੇ, ਲੁੱਟ ਸਕਦੇ ਹਨ। ਚੋਰਾਂ, ਲੁਟੇਰਿਆਂ ਦੀ ਇੱਜ਼ਤ ਕਾਹਦੀ ਏ। ਅਸੀਂ ਸਾਊਆਂ ਦੇ ਪੁੱਤ ਹਾਂ। ਸਾਡੇ ਗੁਰੂਆਂ ਦਾ ਫ਼ਰਮਾਨ ਏ :

ਇਨ੍ਹੀ ਗ਼ਰੀਬ ਸਿਖਨ ਕੋ ਦੂੰ ਪਾਤਸ਼ਾਹੀ।

—ਜਾ ਤੈਨੂੰ ਬਖ਼ਸ਼ਿਆ ਅੱਲਾ ਤੈਨੂੰ ਮੌਤ ਦੇਵੇ।

ਲੋਕ ਆਖਦੇ ਹਨ ਕਿ ਅਬਦਾਲੀ ਨੇ ਕੰਨਾਂ ਨੂੰ ਹੱਥ ਲਾਏ ਤੇ ਤੋਬਾ ਕੀਤੀ। ਆਖਣ ਲੱਗਾ ਕਿ ਤੁਸੀਂ ਵਾਕਈ ਬਹਾਦਰ ਹੋ, ਤੁਸੀਂ ਰਾਜ ਕਰੋਗੇ। ਤੁਸੀਂ ਪੰਜਾਬ ਦੇ ਵਾਰਸ ਹੋ। ਤੁਹਾਡੇ 'ਚ ਰਾਜ ਕਰਨ ਦੇ ਸਾਰੇ ਗੁਣ ਹਨ।

ਜੱਸਾ ਸਿੰਘ ਆਹਲੂਵਾਲੀਆ ਨੇ ਆਪਣੇ ਰਾਜ ਦੇ ਪੱਕੇ ਕਿੱਲੇ ਗੱਡ ਦਿੱਤੇ ਸਨ। ਮਕਾਨ ਉਸਾਰ ਲਿਆ ਸੀ ਪਰ ਅਜੇ ਚੁਗਾਠਾਂ ਨਹੀਂ ਸਨ ਲੱਗੀਆਂ। ਹਵੇਲੀ ਬਣ ਗਈ ਸੀ ਪਰ ਸਿਰ ਲੁਕਾਉਣ ਨੂੰ ਜਗ੍ਹਾ ਨਹੀਂ ਸੀ। ਅਜੇ ਵੀ ਡਰ ਬਣਿਆ ਹੋਇਆ ਸੀ ਅਹਿਮਦ ਸ਼ਾਹ ਅਬਦਾਲੀ ਦਾ। ਭਾਵੇਂ ਜੱਸਾ ਸਿੰਘ ਆਹਲੂਵਾਲੀਆ ਨਹੀਂ ਸੀ ਡਰਦਾ ਪਰ ਲੋਕ ਤਾਂ ਡਰਦੇ ਸਨ। ਲੋਕ ਸਹਿਮੇ ਹੋਏ ਸਨ। ਅਬਦਾਲੀ ਦਾ ਇਕ ਹਊਆ ਸੀ ਜਿਹਦਾ ਭੂਤ ਪਿੰਡਾਂ ਦੇ ਗੇੜੇ ਮਾਰਦਾ।

ਜੱਸਾ ਸਿੰਘ ਆਹੂਲਵਾਲੀਆ ਹੁਣ ਕਹਿਣ ਲੱਗ ਪਿਆ ਸੀ, "ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ।"

ਮਰਦ ਕਦੀ ਜੰਮਦੇ ਹਨ। ਅਬਦਾਲੀ ਫੇਰ ਆਏਗਾ, ਉਹ ਢੀਠ ਏ। ਉਹਦੇ ਮੂੰਹ ਨੂੰ ਲਹੂ ਲੱਗ ਗਿਆ ਏ। ਉਹ ਫੇਰ ਆਊ, ਉਹ ਦਿੱਲੀ ਫੇਰ ਲੁੱਟੂ ਪਰ ਅੰਦਰੋਂ ਕੁਝ ਡਰਦਾ ਸੀ। ਸਿੱਖ ਬੜੇ ਜ਼ਾਲਮ ਹਨ, ਇਹਨਾਂ ਦੀ ਤਲਵਾਰਾਂ ਦੀ ਝਾਲ ਨਹੀਂ ਝੱਲੀ ਜਾ ਸਕਦੀ। ਇਹ ਮਰਦ ਹਨ, ਦਲੇਰ ਹਨ, ਬੇਗ਼ਰਜ਼ ਹਨ। ਇਹਨਾਂ ਨਾਲ ਟੱਕਰ ਲੈਣੀ ਬਹੁਤ ਮੁਸ਼ਕਲ ਏ। ਉਹਦਾ ਸਰੀਰ ਤੂਤ ਦੀ ਛਿਟੀ ਵਾਂਗੂੰ ਕੰਬਦਾ। ਪਰ ਧੰਨ ਹਨ ਬੁੱਢੇ ਦਲ ਦੇ ਉਹ ਸੂਰਮੇ, ਜਿਹੜੇ ਸਿਰਫ਼ ਲੜਨਾ ਜਾਣਦੇ ਹਨ ਤੇ ਰਾਖੀ ਕਰਨੀ ਜਾਣਦੇ ਹਨ।

—ਆ ਅਹਿਮਦ ਸ਼ਾਹ ਅਬਦਾਲੀ ਅਸੀਂ ਤੇਰਾ ਸਵਾਗਤ ਕਰਾਂਗੇ, ਤੇਰੀਆਂ ਤਲਵਾਰਾਂ ਵੇਖਾਂਗੇ, ਤੇਰਾ ਜ਼ੋਰ ਵੇਖਾਂਗੇ। ਅਸੀਂ ਤੈਨੂੰ ਗੁੜ ਭੇਜਦੇ ਹਾਂ। ਪੰਜਾਬ 'ਚ ਹੁਣ ਛਿੰਝ ਪੈਣ ਵਾਲੀ ਏ ਵੇਖੋ ਕੁਦਰਤ ਕਿਹਨੂੰ ਮਾਲੀ ਦੇਂਦੀ ਏ ? ਕਿਹਦੇ ਸਿਰ ਤੇ ਸਿਰੋਪਾ ਬੰਨ੍ਹਿਆ ਜਾਂਦਾ ਏ ? ਤੇਰੀ ਕੰਡ ਪਿੱਛੇ ਅੱਲਾ ਏ ਤੇ ਸਾਡੇ ਸਿਰ ਤੇ ਗੁਰੂ ਦਾ ਹੱਥ, ਪਰ ਯਾਦ ਰੱਖੀ ਫ਼ਤਹਿ ਸੱਚ ਦੀ ਹੋਣੀ ਏ। ਝੂਠ ਦੀਆਂ ਕਦੀ ਬੇੜੀਆਂ ਤਰੀਆਂ ਨਹੀਂ। ਅਸੀਂ ਵੀ ਲੱਕ ਬੰਨ੍ਹ ਕੇ ਮੈਦਾਨ 'ਚ ਨਿੱਤਰਾਂਗੇ ਤੇ ਤੂੰ ਵੀ ਸੁੱਖਣਾ ਸੁੱਖ ਕੇ ਆਵੀਂ। ਫ਼ਤਹਿ ਤੇ ਸ਼ਿਕੱਸਤ ਗੁਰੂ ਦੇ ਹੱਥ ਵਿਚ ਏ। ਉਹ ਜਿਹਨੂੰ ਚਾਹੇ ਮਾਣ ਬਖ਼ਸ਼ ਦੇਵੇ। ਚੰਗਾ, ਗੁਰੂ ਰਾਖਾ।

3

ਧਰਤੀ ਗੱਲ ਕਰੇ

ਮੈਂ ਨਖ਼ਸਮੀ ਧਰਤੀ ਹਾਂ ਪੰਜਾਬ ਦੀ। ਜਿਹਦਾ ਕੋਈ ਵਾਲੀ ਵਾਰਸ ਨਹੀਂ। ਧੰਨ ਹਨ, ਉਹ ਜਿਹੜੇ ਏਸ ਧਰਤੀ ਤੇ ਵੱਸਦੇ ਹਨ।

ਧਰਤੀ ਦਾ ਮੱਥਾ ਤਿਊੜੀਆਂ ਨਾਲ ਭਰ ਗਿਆ। ਆਖਣ ਲੱਗੀ :

ਮੈਂ ਨਖ਼ਸਮੀ ਕਿਉਂ ਹਾਂ ? ਮੇਰੇ ਡਾਂਗਾਂ ਵਰਗੇ ਪੁੱਤ, ਮੇਰੇ ਸਿਰ ਦਾ ਸਾਂਈਂ ਹਕੂਮਤ ਨੇ ਕਤਲ ਕਰ ਦਿੱਤੇ। ਮੈਂ ਸਿਰੋਂ ਨੰਗੀ ਹੋ ਗਈ ਏਸ ਲਈ ਤਾਂ ਮੈਨੂੰ ਨਖ਼ਸਮੀ ਆਖਦੇ ਹਨ। ਉਹ ਤੇ ਧਰਮ ਦੇ ਲੇਖੇ ਲੱਗ ਗਿਆ। ਮੈਂ ਇਕੱਲੀ ਨਹੀਂ ਮੇਰੀਆਂ ਬਾਹਵਾਂ ਅਜੇ ਜਿਉਂਦੀਆਂ ਹਨ, ਮੇਰੇ ਸ਼ੀਹਾਂ ਵਰਗੇ ਦਿਓਰ ਤੇ ਕੜੀਆਂ ਵਰਗੇ ਜਵਾਨ ਗੱਭਰੂ ਪੁੱਤ, ਜਿਨ੍ਹਾਂ ਦੇ ਬੁਰਜਾਂ ਵਰਗੇ ਕੱਦ, ਮੇਰੇ ਭਰਾ ਗੇਲੀਆਂ ਵਰਗੇ, ਮੈਨੂੰ ਨਖ਼ਸਮੀ ਨਾ ਆਖੇ। ਇਹ ਪੰਜਾਬ ਦੇ ਪਾਣੀ ਨੂੰ ਸ਼ਰਫ਼ ਏ। ਆਪਣੇ ਹੱਥੀਂ ਸਿਹਰੇ ਬੰਨ੍ਹ ਕੇ ਤੋਰਨਾ ਮੌਤ ਨੂੰ ਵਿਆਹੁਣ। ਇਹ ਬਖ਼ਸ਼ਿਸ਼ ਗੁਰੂਆਂ ਦੀ ਏ।

ਹਰ ਮਾਂ ਇਕ ਧਰਤੀ ਏ। ਪੁੱਤਾਂ ਦੀ ਮਾਂ, ਦਿਓਰਾਂ ਦੀ ਭਰਜਾਈ, ਭਰਾਵਾਂ ਦੀ ਭੈਣ। ਉਹ ਮੇਰੀ ਰਾਖੀ ਕਰਨਗੇ। ਮੈਂ ਨਖ਼ਸਮੀ ਨਹੀਂ ਮੈਂ ਸੁਹਾਗਣ ਹਾਂ।

ਮੇਰਾ ਇਕ ਰਿਸ਼ਤਾ ਦੁੱਧ ਦਾ ਏ, ਇਕ ਖ਼ੂਨ ਦਾ, ਇਕ ਪਿਆਰ ਦਾ, ਇਕ ਇਸ ਧਰਤੀ ਦਾ। ਏਸ ਧਰਤੀ ਦੀ ਮਿੱਟੀ ਦੀ ਖ਼ੁਸ਼ਬੋ ਦਾ। ਮੈਂ ਇਨ੍ਹਾਂ ਨੂੰ ਛੱਡ ਨਹੀਂ ਸਕਦੀ। ਹਵਾ ਨਾਲ ਵੀ ਮੇਰੀ ਸਾਕਾਦਾਰੀ ਏ। ਪੰਜਾਬ ਦੀ ਜ਼ਿੰਦਗੀ 'ਚ ਬੜੀਆਂ ਵਾੜਾਂ ਗੱਡੀਆਂ ਹੋਈਆਂ ਨੇ। ਕੰਡੇ ਹਨ, ਛਾਪੇ ਹਨ ਪਰ ਪੰਜਾਬ ਦੇ ਲੋਕ ਫੇਰ ਵੀ ਜਿਉਂਦੇ ਹਨ। ਨਾ ਇਹ ਮੈਥੋਂ ਮੂੰਹ ਮੋੜ ਸਕਦੇ ਹਨ ਤੇ ਨਾ ਮੈਂ ਇਨ੍ਹਾਂ ਨੂੰ ਘੂਰੀ ਵੱਟ ਕੇ ਵੇਖ ਸਕਦੀ ਆਂ। ਇਹ ਇਕ ਅਜਿਹੀ ਪਿਆਰ ਦੀ ਤੰਦ ਏ। ਜਿਸਨੂੰ ਨਾ ਮੈਂ ਤੋੜ ਸਕਦੀ ਆਂ ਤੇ ਨਾ ਮੈਂ ਟੁੱਟਦੀ ਵੇਖ ਸਕਦੀ ਆਂ। ਮਾਂ ਦਾ ਰਿਸ਼ਤਾ ਈ ਰੱਬੀ ਦੇਣ ਏ।

ਮਾਂ ਨੇ ਸਾਰੇ ਜਫ਼ਰ ਜਾਲ ਲਏ। ਪੁੱਤ ਕਤਲ ਹੁੰਦੇ ਵੇਖੇ, ਦਿਓਰਾਂ ਦੀ ਪੁੱਠੀ ਖੱਲ ਲਾਹੀ ਗਈ, ਉਹ ਵੀ ਝੋਲੀ 'ਚ ਪਾ ਲਈ। ਭਰਾਵਾਂ ਤੇ ਪੁੱਤਾਂ ਦੇ ਟੋਟੇ ਹੁੰਦੇ ਆਪਣੀ ਅੱਖੀਂ ਵੇਖੇ। ਕਿੰਨਾ ਜਿਗਰਾ ਹੋਵੇਗਾ ਮਾਂ ਦਾ। ਵਾਹਿਗੁਰੂ ਦੀ ਅਪਾਰ ਕ੍ਰਿਪਾ ਏ। ਮੈਂ ਸਭ ਕੁਝ ਜਰ ਲੈਂਦੀ ਹਾਂ। ਬਾਕੀ ਭਾਰਤਵਰਸ਼ ਵਿਚ ਇਹੋ ਜਿਹੀਆਂ ਅਣਹੋਣੀਆਂ ਗੱਲਾਂ ਨਹੀਂ ਹੋਈਆਂ। ਇਹ ਤੇ ਹਾਕਮ ਬੇ-ਰਹਿਮ, ਅਹਿਲਕਾਰ ਜ਼ਾਲਮ, ਸਿੱਖਾਂ ਦਾ ਪੱਤਾ-ਪੱਤਾ ਵੈਰੀ। ਜਾਣ ਕਿੱਥੇ, ਕਿੱਥੇ ਸਿਰ ਲੁਕਾਉਣ ? ਕੋਈ ਜਗ੍ਹਾ ਨਹੀਂ। ਜੰਗਲ-ਬੇਲੇ ਇਹਨਾਂ ਸੂਰਮਿਆਂ ਦੇ ਸ਼ੀਸ਼-ਮਹਿਲ ਹਨ, ਰੇਤ ਦੇ ਥਲ ਇਹਨਾਂ ਦੀਆਂ ਆਰਾਮਗਾਹਾਂ ਹਨ। ਅਸਾਂ ਘਰਾਂ ਦੇ ਬੂਹੇ ਖੁੱਲ੍ਹੇ ਰੱਖੇ ਹਨ। ਅਸਾਂ ਕਦੇ ਜੰਦਰਾ ਨਹੀਂ ਮਾਰਿਆ। ਜਦੋਂ ਜਿਹੜੀ ਚੀਜ਼ ਚੰਗੀ ਲੱਗੇ, ਖੋਹ ਕੇ ਲੈ ਜਾਵੇ। ਸਾਡੀ ਤਾਕਤ ਹੋਵੇਗੀ ਤਾਂ ਅਸੀਂ ਵੀ ਤੁਹਾਥੋਂ ਖੋਹ ਲਵਾਂਗੇ। ਕਦੀ ਸਾਡੇ ਵੀ ਦਿਨ ਆਉਣਗੇ। ਹਰ ਨਵੇਂ ਸੂਰਜ ਕੋਈ ਨਾ ਕੋਈ ਲੁਟੇਰਾ ਆ ਜਾਂਦਾ ਹੈ। ਆਓ ਭਈ ਤੁਹਾਡੇ ਲਈ ਸਭ ਸੌਗਾਤਾਂ ਬਣਾ ਰੱਖੀਆਂ ਹਨ। ਇਹ ਸਭ ਕੁਝ ਤੁਹਾਡੇ ਲਈ ਏ। ਅਸੀਂ ਤੇ ਭੂਰਿਆਂ ਵਿਚ ਸੌਣ ਗਿੱਝੇ ਹਾਂ।

ਅਸੀਂ ਸਿਰਫ਼ ਪੁੱਤ ਜਵਾਨ ਕਰਦੇ ਹਾਂ। ਮੱਝੀਆਂ ਲਵੇਰੀਆਂ ਰਖਦੇ ਹਾਂ। ਦੁੱਧ ਪੀਓ, ਮੱਖਣ ਖਾਓ ਜੁੱਸੇ ਜਵਾਨ ਬਣਾਓ। ਅਸਾਂ ਤੁਹਾਨੂੰ ਮੌਤ ਦੀ ਬਲੀ ਚੜ੍ਹਾਉਣਾ ਏ। ਸਾਨੂੰ ਮਕਾਨ ਨਹੀਂ ਚਾਹੀਦੇ, ਨਵਾਰੀ ਪਲੰਗ ਨਹੀਂ ਚਾਹੀਦੇ। ਸਾਨੂੰ ਜੋ ਕੁਝ ਮਿਲਿਆ ਏ, ਉਨਾ ਈ ਬਹੁਤ ਕੁਝ ਏ।

ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ। ਇਹ ਕਹਾਵਤ ਸਾਰੇ ਪੰਜਾਬ ਵਿਚ ਗੇੜੇ ਲਾ ਰਹੀ ਸੀ। ਲੋਕ ਡਰਦੇ ਸਨ।

ਇੱਥੇ ਭਰਾ-ਭਰਾ ਪਾਟੇ ਹਨ। ਕਦੀ ਇਹ ਵੀ ਇਕ ਜੁੱਟ ਹੋ ਜਾਣਗੇ ਤੇ ਫੇਰ

ਵੇਖਣਾ ਅਸੀਂ ਕਾਬਲ, ਗਜ਼ਨੀ, ਕੰਧਾਰ ਤੇ ਅਫ਼ਗਾਨਿਸਤਾਨ ਤੋਂ ਫੜ ਕੇ ਲਿਆਵਾਂਗੇ ਲੁਟੇਰੇ ਤੇ ਉਹਨਾਂ ਕੋਲੋਂ ਕੰਧਾਂ ਬਣਵਾਵਾਂਗੇ। ਇਹ ਕਾਮੇ ਬਣ ਕੇ ਰਹਿਣਗੇ। ਜਦੋਂ ਹਰ ਘਰ ਵਿਚੋਂ ਪੰਜ ਡਾਂਗਾਂ ਇਕੱਠੀਆਂ ਨਿਕਲਣਗੀਆਂ, ਤਦ ਇਹਨਾਂ ਲੁਟੇਰਿਆਂ ਨੂੰ ਭੱਜਦਿਆਂ ਰਾਹ ਨਹੀਂ ਲੱਭਣਾ। ਅਸੀਂ ਘਰਵਾਲੇ ਹਾਂ। ਅਸਾਂ ਆਪਣੇ ਘਰ 'ਚ ਈ ਵੱਸਣਾ ਏ। ਇਹ ਲੁਟੇਰੇ ਸਾਡੇ ਘਰਾਂ ਦੇ ਵਾਰਸ ਕਦੀ ਨਹੀਂ ਬਣ ਜਾਣ ਲੱਗੇ।

ਬੇਗ਼ਾਨੀ ਛਾਹ ਤੇ ਮੁੱਛਾਂ ਮੁਨਵਾ ਲੈਂਦਾ ਏ ਲੁਟੇਰਾ। ਜੇ ਅੱਗੋਂ ਕੋਈ ਮੂੰਹ ਭੰਨਣ ਵਾਲਾ ਮਿਲ ਗਿਆ ਤਾਂ ਦੁੜਕੀ ਪੈ ਗਿਆ। ਉਸ ਮੁੜ ਕੇ ਪਿੱਛੇ ਵੱਲ ਨਹੀਂ ਵੇਖਣਾ।

ਅਸੀਂ ਪੰਜਾਬ ਦੇ ਮਾਲਕ ਹਾਂ। ਅਸਾਂ ਈ ਪੰਜਾਬ ਦੇ ਮਾਲਕ ਬਣ ਕੇ ਰਹਿਣਾ ਏ। ਚਾਰ ਦਿਨ ਇਹ ਵੀ ਮੌਜ ਮੇਲਾ ਕਰਕੇ ਚਲੇ ਜਾਣਗੇ। ਜੁੱਤੀ ਵਾਲੇ ਜੁ ਹੋਏ। ਡਾਢੇ ਦਾ ਸੱਤੀਂ ਵੀਹੀਂ ਸੌ।

ਸਾਧਾ ਚੇਲੇ ਬਹੁਤੇ ਹੋ ਗਏ ਹਨ ਪ੍ਰਵਾਹ ਨਹੀਂ ਆਪੇ ਭੁੱਖੇ ਮਰਦੇ ਚਲੇ ਜਾਣਗੇ। ਅਸੀਂ ਹਾੜ੍ਹੀ ਸਾਉਣੀ ਰੁਪਈਆਂ ਦੇ ਮੂੰਹ ਵੇਖਦੇ ਹਾਂ। ਸਾਰਾ ਸਾਲ ਕੜਾਕੇ ਈ ਰਹਿੰਦੇ ਹਨ। ਭੁੱਖ ਨੰਗ 'ਚ ਕੋਈ ਸਾਥ ਨਹੀ ਦੇਂਦਾ।

ਇਹਨਾਂ ਲੁਟੇਰਿਆਂ ਨੂੰ ਅਸੀਂ ਆਪ ਚਿੱਠੀਆਂ ਪਾ ਕੇ ਸੱਦਦੇ ਹਾਂ। ਸੱਦੇ ਪ੍ਰਾਹੁਣਿਆਂ ਨੂੰ ਖੰਡ, ਚੌਲ ਤਾਂ ਖਵਾਉਣੇ ਈ ਪੈਂਦੇ ਹਨ। ਮੁਰਗੇ, ਬਰਿਆਨੀ ਤੇ ਬੱਕਰੇ ਦਾ ਗੋਸ਼ਤ ਇਹਨਾਂ ਨੂੰ ਰੋਜ਼-ਰੋਜ਼ ਨਹੀਂ ਮਿਲਣਾ।

ਇਕ ਦਿਨ ਪ੍ਰਾਹੁਣਾ, ਦੋ ਦਿਨ ਪ੍ਰਾਹੁਣਾ ਤੀਜੇ ਦਿਨ ਦਾਦੇ ਮੰਗਾਉਣਾ।

ਛੱਡੋ ਐਵੇਂ ਝੂਰਿਆਂ ਕੁਝ ਨਹੀ ਬਣਨਾ ਸਾਡਾ। ਸਾਡੀਆਂ ਡਾਂਗਾਂ ਵਿਚ ਦਮ ਚਾਹੀਦੈ। ਵਰਾਛਾਂ ਪਾੜ ਦਿਆਂਗੇ। ਇਹਨਾਂ ਜਦੋਂ ਨੱਸਣਾ ਏ, ਜੁੱਤੀ ਵੀ ਨਹੀਂ ਪਾਉਣੀ।

ਹੌਲੀ-ਹੌਲੀ ਮੌਤ ਆ ਰਹੀ ਏ। ਲੁਟੇਰਾ ਆਖ਼ਰ ਲੁਟੇਰਾ ਏ। ਓਸ ਭਰਾ ਨਹੀਂ ਬਣਨਾ। ਓਸ ਯਾਰ ਦਾ ਘਰ ਵੀ ਲੁੱਟਣੈ ਤੇ ਗਵਾਂਢੀ ਦੀ ਕੋਠੜੀ ਵੀ ਫੋਲਣੀ ਏ। ਪੱਤ ਵੀ ਲੁੱਟਣੀ ਏ ਤੇ ਹਰਾਮ ਦਾ ਮਾਲ ਵੀ ਖਾਣਾ ਏ। ਇਹੀ ਈਮਾਨ ਏ, ਇਹ ਬੇਸ਼ਰਮ ਰੱਬ ਤੋਂ ਵੀ ਨਹੀਂ ਡਰਦੇ ਤੇ ਨਾ ਹਕੂਮਤ ਤੋਂ ਡਰਨ। ਦਿਨੇ ਜੀਅ ਹਜ਼ੂਰੀ ਤੇ ਰਾਤੀਂ ਸ਼ੈਤਾਨ। ਸੋਹਣੀ ਰੰਨ ਨੂੰ ਵੇਖਣਾ ਤੇ ਹੱਥ ਪਾ ਲੈਣਾ। ਪਹਿਲਾਂ ਯਾਰ ਦੀ ਸੁਆਣੀ ਨੂੰ ਹੱਥ ਫੇਰਨਾ ਤੇ ਫੇਰ ਗਵਾਂਢੀ ਵੱਲ ਝਾਤੀ ਮਾਰਨੀ। ਇਹ ਸਿਰਫ਼ ਜੁੱਤੀ ਦੇ ਯਾਰ ਹਨ। ਇਹ ਹੋਰ ਕੋਈ ਜ਼ੁਬਾਨ ਨਹੀਂ ਜਾਣਦੇ।

ਬੁੱਢੇ ਦਲ ਨੇ ਇਹ ਕੰਮ ਆਪਣੇ ਜ਼ੁੰਮੇ ਲੈ ਲਿਆ, ਹੁਣ ਸਭ ਕੁਝ ਠੀਕ ਹੋ ਜਾਏਗਾ। ਤਰਨਾ ਦਲ ਵਾਲਿਆਂ ਇਕ-ਇਕ ਲੁਟੇਰਾ ਲੱਭ ਕੇ ਸੋਧਣਾ ਸ਼ੁਰੂ ਕਰ ਦਿੱਤਾ। ਚੁਗ਼ਲਖੋਰਾਂ ਨੂੰ ਵੀ ਭਾਲ ਲਿਆ ਤੇ ਅਹਿਮਦ ਸ਼ਾਹ ਦੇ ਯਰਾਨਿਆਂ ਨੂੰ ਵੀ ਲੱਭਿਆ।

ਦੋਵੇਂ ਦਲ ਹੁਣ ਪੰਜਾਬ ਤੇ ਹਾਵੀ ਹਨ। ਪੰਜਾਬ ਨੂੰ ਆਪਣੀ ਰਾਖੀ ਥੱਲੇ ਲੈ ਰਹੇ ਹਨ।

ਜਦ ਪੰਜਾਬ ਇਹਨਾਂ ਦੀ ਰਾਖੀ ਹੇਠ ਆ ਗਿਆ ਤਾਂ ਫੇਰ ਹਕੂਮਤ ਦਾ ਕੋਈ ਵਜੂਦ ਨਹੀਂ ਰਹੇਗਾ। ਲਾਹੌਰ ਦੇ ਕਿਲ੍ਹੇ ਵਿਚ ਜਾਂ ਸ਼ਹਿਰ ਵਿਚ। ਬਾਕੀ ਰਹੇਗਾ ਖ਼ੁਦਾ ਦਾ ਨਾਂ।

ਬੁੱਢੇ ਦਲ ਵਾਲੇ ਦੇਵਤੇ ਹਨ, ਦਿਆਲੂ ਹਨ, ਹਮਦਰਦ ਹਨ ਪੰਜਾਬ ਦੇ।

ਤਰਨਾ ਦਲ ਸਿਰਫ਼ ਸੋਧ ਰਿਹਾ ਏ, ਲੁੱਚਿਆਂ, ਲਫੰਗਿਆਂ, ਜ਼ਾਲਮਾਂ, ਬੇ-ਈਮਾਨ

ਬੰਦਿਆਂ ਨੂੰ ਤੇ ਖ਼ਾਲਸੇ ਦੇ ਵੈਰੀਆਂ ਨੂੰ। ਜੱਸਾ ਸਿੰਘ ਆਹਲੂਵਾਲੀਆਂ ਇਕ ਮਾਲਾ ਪਿਰੋ ਰਿਹਾ ਸੀ। ਉਹਦੇ 'ਚ ਹਰ ਤਰ੍ਹਾਂ ਦੇ ਮਣਕੇ ਪਿਰੋਏ ਜਾ ਰਹੇ ਸਨ। ਜਦ ਮਾਲਾ ਬਣ ਗਈ, ਫੇਰ ਫੇਰੋ ਮਾਲਾ, ਵਾਹਿਗੁਰੂ-ਵਾਹਿਗੁਰੂ ਆਖੋ।

4

ਸਹਿਜ ਪਕੇ ਸੋ ਮੀਠਾ ਹੋਇ

ਮੈਂ ਧਰਤੀ ਹਾਂ। ਮੈਂ ਵੇਖਦੀ ਹਾਂ, ਬੋਲਦੀ ਨਹੀਂ, ਸੁਣਦੀ ਹਾਂ। ਮੇਰੇ ਮੂੰਹ 'ਚ ਜ਼ੁਬਾਨ ਨਹੀਂ। ਮੇਰੀ ਜ਼ੁਬਾਨ ਵੀ ਕੋਈ ਸਮਝਦਾ ਨਹੀਂ ਕੌਣ ਸੁਣਦਾ ਏ ਮੇਰੀ ਬੋਲੀ। ਜਿਨ੍ਹਾਂ ਦੇ ਸਿਰਾਂ ਤੇ ਸਰੂਰ ਸਵਾਰ ਹੋਵੇ, ਜਿਨ੍ਹਾਂ ਦੀਆ ਤਲਵਾਰਾਂ ਵਿਚੋਂ ਮੌਤ ਕੂਕਦੀ ਹੋਵੇ ਉਨ੍ਹਾਂ ਵਿਚੋਂ ਕੋਈ ਇਕ ਅੱਧ ਮੇਰੀ ਥੋੜ੍ਹੀ-ਥੋੜ੍ਹੀ ਗੱਲ ਸੁਣਦੈ। ਮੈਂ ਬੜੇ ਚਿਰ ਦਾ ਇਹ ਵਿਰਸਾ ਸੰਭਾਲ ਕੇ ਰੱਖਿਆ ਏ। ਮੈਂ ਉਨ੍ਹਾਂ ਨੂੰ ਦਸਦੀ ਹਾਂ ਜਿਨ੍ਹਾਂ ਮੇਰੀਆਂ ਗੱਲਾਂ ਸੁਣ ਕੇ ਹੋਰ ਕੋਈ ਮਾਅਰਕਾ ਮਾਰਨਾ ਹੋਵੇ। ਮੈਂ ਬਹਾਦਰਾਂ ਦੀਆਂ ਗੱਲਾਂ ਪੋਟਲੀ ਬੰਨ੍ਹ ਕੇ ਰੱਖੀਆਂ ਹੋਈਆਂ ਹਨ। ਜਾਂ ਬੁਜ਼ਦਿਲਾਂ ਨਿਕੰਮਿਆਂ, ਜ਼ਾਲਮਾਂ, ਅਯਾਸ਼ਾਂ ਦੀਆਂ ਗੰਢਾਂ ਬੰਨ੍ਹੀਆਂ ਪਈਆਂ ਹਨ। ਕਦੀ-ਕਦੀ ਇਹ ਵੀ ਮੈਨੂੰ ਖੋਲ੍ਹਣੀਆਂ ਪੈਂਦੀਆਂ ਹਨ। ਮੈਂ ਬੁਜ਼ਦਿਲਾਂ ਨੂੰ ਹਲੂਣਾ ਦੇ ਕੇ ਜਗਾਉਂਦੀ ਹਾਂ। ਮੇਰੀ ਤੇ ਰਾਖੀ ਇਨ੍ਹਾਂ ਨੇ ਕਰਨੀ ਏ। ਵੈਸੇ ਮੈਨੂੰ ਕੋਈ ਚੁੱਕ ਕੇ ਨਹੀਂ ਲੈ ਚੱਲਿਆ ਪਰ ਮੈਥੋਂ ਆਪਣੇ ਪੁੱਤਾਂ ਤੇ ਹੁੰਦੇ ਜ਼ੁਲਮ, ਕਹਿਰ ਤੇ ਵਧੀਕੀਆਂ ਨਹੀਂ ਬਰਦਾਸ਼ਤ ਹੁੰਦੀਆਂ। ਮੈਂ ਮਾਂ ਹਾਂ ਮੈਨੂੰ ਸਾਰਿਆਂ ਦੀ ਗੱਲ ਸੁਣਨੀ ਪੈਂਦੀ ਏ। ਮਾਂ ਹਰੇਕ ਦੀ ਮਾਂ ਏ ਚੰਗਿਆਂ ਦੀ ਤੇ ਮੰਦਿਆਂ ਦੀ। ਦੋਵਾਂ ਦੇ ਸਾਹ ਵਿਚ ਸਾਹ ਰਲਾਉਂਦੀ ਹਾਂ, ਪਿਆਰ ਕਰਦੀ ਹਾਂ ਪਰ ਗੰਢਿਆਂ ਵਿਚ ਗੰਢੇਲਾਂ ਵੀ ਜੰਮ ਪੈਂਦੀਆਂ ਹਨ। ਉਨ੍ਹਾਂ ਨੂੰ ਵੀ ਹਿੱਕ ਨਾਲ ਲਾਉਣਾ ਪੈਂਦਾ ਏ।

ਆਓ ਮੈਂ ਤੁਹਾਨੂੰ ਪੰਜਾਬ ਦੀ ਗੱਲ ਸੁਣਾਉਂਦੀ ਹਾਂ। ਪੰਜਾਂ ਦਰਿਆਵਾਂ ਦੀ ਧਰਤੀ ਦੀ ਗੱਲ, ਸੂਰਮਿਆਂ ਦੇ ਵਿਹੜੇ ਬਹਾਰ, ਬਹਾਰ ਨੱਚਦੀ ਵੇਖੀ, ਮੇਲੇ ਮੁਸਾਬਿਆਂ ਦੀ ਗੱਲ। ਕਿਕਲੀ, ਭੰਗੜਾ ਤੇ ਗਿੱਧੇ ਦੀ ਲੈਅ ਵਿਚ ਨੱਚਦਾ ਜਵਾਨ ਗੱਭਰੂ ਤੇ ਛਮਕ ਵਾਂਗੂੰ ਕੰਬਦੀ ਅੱਲੜ੍ਹ ਮੁਟਿਆਰ। ਚਰਖ਼ੇ ਦੀ ਗੱਲ, ਚੁੱਲ੍ਹੇ ਦੀ ਕਹਾਣੀ, ਵਿਆਹਾਂ, ਸ਼ਗਨਾਂ ਦੇ ਹਾਸੇ ਦੇ ਵੈਣ। ਬਾਂਹ ਸਿਰ ਤੇ ਰੱਖ ਕੇ ਪਿੱਟਦੀਆਂ ਮਾਂਵਾਂ, ਧੀਆਂ, ਭੈਣਾਂ ਤੇ ਘਰ ਦੀ ਲਾਜ ਰੱਖਣ ਵਾਲੀ ਰੁਕਮਨੀ ਦੀ ਗੱਲ।

ਪੰਜਾਬ ਵਿਚ ਖ਼ੁਸ਼ੀਆਂ ਦਾ ਖੇੜਾ ਚੌਹ ਰੁੱਤਾਂ ਵਿਚ ਕਦੀ ਆਉਂਦੈ। ਬਹਾਰਾਂ ਆਉਂਦੀਆਂ ਨੇ ਪਰ ਨਾਲ ਪੱਤਝੜ ਦੇ ਜ਼ਾਲਮ ਥਪੇੜੇ ਵੀ ਡਾਂਗਾਂ ਲਿਸ਼ਕਾਉਂਦੇ ਆਣ ਫੁੰਮਣੀਆਂ ਪਾਉਂਦੇ ਹਨ। ਪੰਜਾਬ ਦੀ ਮਿੱਟੀ ਜ਼ਰਖ਼ੇਜ਼ ਏ। ਪੰਜਾਬ ਵਿਚ ਮੋਤੀਆਂ ਵਰਗੀ ਕਣਕ ਉੱਗਦੀ ਏ। ਇਕ ਫ਼ੌਜ ਲੰਘੀ, ਫ਼ਸਲ ਉਜਾੜ ਗਈ। ਦੂਜੀ ਫ਼ੌਜ ਲੰਘੀ ਘਰ-ਕੁੱਲੇ ਢਾਹ ਗਈ। ਜਤ ਸਤ ਭੰਗ ਕੀਤਾ ਰਾਤ ਲੰਘ ਗਈ। ਇਹਨੂੰ ਅਯਾਸ਼ੀ ਦੀ ਮਹਿਫ਼ਲ ਆਖ ਲਓ, ਮੁੱਛਾਂ ਨੂੰ ਮਰੋੜਾ ਦਿੱਤਾ, ਘੋੜਿਆਂ ਦੇ ਸੁੰਮਾਂ ਨੇ ਲਤਾੜ ਸੁੱਟੀ ਮੇਰੀ ਭਰ ਜੋਬਨ ਤੇ ਆਈ ਜਵਾਨੀ। ਇਹ ਕਈ ਵਾਰ ਲੁੱਟੀ ਗਈ। ਕਿਹਦਾ-ਕਿਹਦਾ

ਜ਼ਿਕਰ ਕਰਾਂ, ਕਿਹਦੀ-ਕਿਹਦੀ ਪੱਤਰੀ ਫੋਲਾਂ। ਆਉਂਦੇ ਸਭ ਲੁਟੇਰੇ ਈ ਹਨ ਤੇ ਫੇਰ ਮੇਰੀ ਛਾਤੀ ਦਾ ਦੁੱਧ ਪੀਤਾ, ਪੁੱਤ ਸਾਧ ਬਣ ਗਿਆ। ਮਾਲਾ ਹੱਥ ਵਿਚ ਲਈ, ਫ਼ਕੀਰ ਮਸਤ ਮੌਲਾ। ਤਸਬੀ ਦੀ ਜ਼ਬਾਨ ਉਨ੍ਹਾਂ ਸਿਰਫ਼ ਪੰਜਾਬ ਵਿਚ ਈ ਆਣ ਕੇ ਸਿੱਖੀ, ਵਰਨਾ ਉਹ ਤਲਵਾਰ ਦੀ ਬੋਲੀ ਈ ਜਾਣਦੇ ਸਨ। ਮੂਰਖ, ਖ਼ੂੰਖਾਰ। ਉਹ ਸਿਰਫ਼ ਜ਼ਰ-ਜ਼ੋਰੂ, ਜ਼ਮੀਨ ਦੇ ਹੀ ਆਸ਼ਕ ਸਨ। ਲਾਲਚ, ਸ਼ਰਾਫ਼ਤ ਉਨ੍ਹਾਂ ਤੇ ਸੌ-ਸੌ ਕੋਹ ਕਦਮ ਪਿੱਛੇ ਭੱਜਦੀ ਸੀ। ਕਸਾਈ ਇੱਥੇ ਆਣ ਕੇ ਰਿਸ਼ੀ ਬਣ ਜਾਂਦੇ। ਧਰਮ ਦਾ ਇੱਲ ਦਾ ਨਾਂ ਕੋਕੇ ਵੀ ਨਹੀਂ ਸਨ ਜਾਣਦੇ। ਬਿਆਸਾ ਨਦੀ ਦੇ ਕੰਢੇ ਬਹਿ ਕੇ ਵੁਜ਼ੂ ਕਰਦੇ ਤੇ ਵਲੀ ਅੱਲਾ ਬਣ ਜਾਂਦੇ। ਸਾਂਈਂ ਅੱਲਾ ਦੇ ਲੋਕ, ਫ਼ਕੀਰ, ਸਾਧ ਦਾ ਬਾਨਾ ਪਾ ਲੈਂਦੇ।

ਪੰਜਾਬ ਗੁਰੂਆਂ ਦੀ ਧਰਤੀ ਏ। ਪੰਜਾਬ ਦੇਵਤਿਆਂ ਦਾ ਦੇਸ਼ ਏ। ਭਗਤੀ ਤੇ ਸ਼ਕਤੀ ਨੇ ਏਥੇ ਈ ਜਨਮ ਲਿਐ। ਨਾਨਕ, ਫ਼ਰੀਦ ਬੁੱਲ੍ਹੇ ਸ਼ਾਹ ਤੇ ਵਾਰਸ ਵਰਗੇ ਮੇਰੀ ਗੋਦ ਵਿਚ ਪਲੇ ਹੀਰਾਂ, ਸੋਹਣੀਆਂ, ਸਾਹਿਬਾਂ ਨੇ ਮੇਰੇ ਵਿਹੜੇ ਵਿਚ ਕਿਕਲੀ ਪਾਈ, ਗੀਟੇ ਖੇਡੇ। ਏਥੇ ਈ ਜਵਾਨ ਹੋਈਆਂ ਤੇ ਏਥੇ ਹੀ ਇਸ਼ਕ ਦੇ ਪੂਰਨੇ ਪਾਏ।

ਕੌਣ ਹੱਸਦਿਆਂ ਨੂੰ ਵੇਖ ਸਕਦੈ। ਰੋਂਦਿਆਂ ਨੂੰ ਕੋਈ ਨਹੀਂ ਚੁੱਪ ਕਰਾਉਂਦਾ ਸਗੋਂ ਹੋਰ ਠੋਕਰ ਮਾਰ ਕੇ ਚਲਾ ਜਾਂਦਾ ਏ। ਮੈਂ ਕਿਹਦੀ-ਕਿਹਦੀ ਗੱਲ ਕਰਾਂ। ਮੈਂ ਕਿਹਦੀ-ਕਿਹਦੀ ਕਹਾਣੀ ਸੁਣਾਵਾਂ। ਮੇਰੇ ਘਰ ਤ੍ਰਿੰਝਣ ਲੱਗਦੈ। ਵਨ-ਸੁਵੰਨੀਆਂ ਮੁਟਿਆਰਾਂ ਆਉਂਦੀਐ। ਉਨ੍ਹਾਂ ਦੇ ਸੀਨੇ ਵਿਚ ਕੋਈ ਵਾਰਦਾਤ ਲੁਕੀ ਹੁੰਦੀ ਏ।

ਬੂਰੀਆਂ ਮੱਝਾਂ ਦਾ ਦੁੱਧ ਚੁੰਘਦੇ ਛੈਲ-ਛਬੀਲੇ ਕੜੀਆਂ ਵਰਗੇ ਜਵਾਨ। ਖੰਘੂਰੇ ਮਾਰਦੇ ਗੱਭਰੂ। ਕੜੀਅਲ ਸ਼ਤੀਰਾਂ ਵਰਗੇ ਬਹਾਦਰ। ਇਹੋ ਪੰਜਾਬ ਦੀ ਸ਼ਾਨ ਏ ਤੇ ਏਸੇ ਤੇ ਪੰਜਾਬ ਨੂੰ ਮਾਣ ਏ। ਲਓ ਸੁਣੋ ਇਕ ਅਣਖ਼ੀਲੇ ਸੂਰਮੇ ਦੀ ਕਥਾ—

ਜੱਸਾ ਸਿੰਘ ਆਹਲੂਵਾਲੀਆ ਨੂੰ ਨਵਾਬੀ ਭਾਵੇਂ ਪਿੱਛੋਂ ਮਿਲੀ ਪਰ ਉਹ ਤੇ ਜੰਮਦਿਆਂ ਈ ਨਵਾਬ ਸੀ। ਚਿਹਰੇ ਦੀ ਮੁਹਾਰ ਤੋਂ ਨਵਾਬੀ ਦੀ ਝਲਕ ਪੈਂਦੀ ਸੀ। ਜੱਸਾ ਸਿੰਘ ਗੱਭਰੂ ਹੋਇਆ ਤੇ ਬੁੱਢੇ ਦਲ ਵਿਚ ਆਣ ਰਲਿਆ। ਮਾਤਰਭੂਮੀ ਨਾਲ ਬੜਾ ਪਿਆਰ ਸੀ। ਉਹਨੂੰ ਇਸ਼ਕ ਸੀ ਪੰਜਾਬ ਨਾਲ। ਉਹਦੀਆਂ ਅੱਖਾਂ ਸਾਹਮਣੇ ਪੰਜਾਬ ਨੱਚਦਾ, ਹੱਸਦਾ, ਗਾਉਂਦਾ ਹਰ ਰੋਜ਼ ਵੇਖਦਾ। ਘਰ ਸਾਡਾ ਤੇ ਰਹਿਣ ਈਰਾਨੀ। ਖਾਣਾ ਪੱਕੇ ਸਾਡੇ ਚੁੱਲ੍ਹੇ ਤੇ ਖਾ ਜਾਣ ਹਮਲਾਵਰ ਤੇ ਅਸੀ ਫੇਰ ਢਿੱਡ ਵਜਾਉਂਦੇ ਹੀ ਰਹਿ ਜਾਈਏ। ਸਾਡਾ ਏਸ ਬੇ-ਇਨਸਾਫ਼ੀ ਦੇ ਖ਼ਿਲਾਫ਼ ਬੜਾ ਜਜ਼ਬਾ ਸੀ। ਪਰ ਦਲ ਦੇ ਅਸੂਲਾਂ ਦੇ ਮੁਤਾਬਿਕ ਕੋਈ ਲਕਸ਼ਮਨ ਰੇਖਾ ਨਹੀਂ ਸੀ ਟੱਪ ਸਕਦਾ। ਦਲ ਦੀ ਮਰਿਆਦਾ ਦਾ ਨਾਂ ਈ ਦਲ ਸੀ। ਹਰ ਬੰਦਾ ਆਪਣੇ ਪਿਓ ਦੇ ਹੁਕਮ ਵਾਂਗੂੰ ਬੁੱਢੇ ਦਲ ਦਾ ਆਦੇਸ਼ ਮੰਨਦਾ। ਬੁੱਢੇ ਦਲ ਵਾਲੇ ਸਿਰਫ਼ ਧਰਤੀ ਦੀ ਆਵਾਜ਼ ਸੁਣਦੇ। ਉਨ੍ਹਾਂ ਦੀਆਂ ਅੱਖਾਂ ਅੱਗੇ ਲੁਟੇਰੇ ਈ ਘੁੰਮਦੇ ਸਨ। ਉਨ੍ਹਾਂ ਨੇ ਲੁਟੇਰਿਆਂ ਨੂੰ ਈ ਨਸਾਉਣਾ ਸੀ। ਇਹੋ ਉਨ੍ਹਾਂ ਦਾ ਕੰਮ ਸੀ। ਇਕ ਹਕੂਮਤ ਦੇ ਖ਼ਿਲਾਫ਼ ਤੇ ਦੂਜੀ ਲੁਟੇਰਿਆਂ ਦੀਆਂ ਤਿੱਖੀਆਂ ਤਲਵਾਰਾਂ। ਸਾਡੇ ਵਿਚ ਇਕ ਇਤਫ਼ਾਕ ਦਾ ਘਾਟਾ ਸੀ। ਫੁੱਟ ਸੀ ਸਾਡੇ ਆਪਣੇ ਵਿਚ ਤੇ ਉਹ ਇਕਮੁੱਠ ਸਨ। ਸਾਡੀ ਹੰਨੇ-ਹੰਨੇ ਸਰਦਾਰੀ ਸੀ। ਉਹ ਇਕ ਝੰਡੇ ਥੱਲੇ ਲੜ ਰਹੇ ਸਨ। ਅੱਛਾ ਵਾਹਿਗੁਰੂ ਸਾਨੂੰ ਵੀ ਕਦੀ ਸੁਮੱਤ ਬਖ਼ਸ਼ੇਗਾ।

ਕੌਣ ਜਾਣਦਾ ਏ ਕਿ ਕੌਮੀ ਇਤਿਹਾਸ ਵਿਚ ਇਕ ਰੂਹ ਲਹੂ ਵਿਚ ਰਚੀ ਹੋਈ ਏ। ਜਿਸ ਕੌਮ ਵਿਚ ਇਤਿਹਾਸ ਨਹੀਂ ਸੰਭਲਦਾ, ਉਹਦੇ ਲਹੂ ਵਿਚ ਗਰਮੀ ਨਹੀਂ ਹੁੰਦੀ।

ਸਰੀਰ ਵਿਚੋਂ ਇਤਿਹਾਸ ਦੀ ਰੂਹ ਕੱਢ ਦਿੱਤੀ ਜਾਏ ਤਾਂ ਫੇਰ ਮੁਰਦਾ ਸਰੀਰ ਕਿਸ ਕੰਮ ਦਾ ਏ ? ਜਿਨ੍ਹਾਂ ਇਤਿਹਾਸ ਨਹੀਂ ਸੰਭਾਲਿਆ, ਉਹ ਕੌਮਾਂ ਜਿਊਂਦੀਆਂ ਈ ਮਰ ਜਾਂਦੀਆਂ ਹਨ। ਫੇਰ ਉਨ੍ਹਾਂ ਦਾ ਕੋਈ ਨਾਮ ਈ ਨਹੀਂ ਰਹਿੰਦਾ। ਇਤਿਹਾਸ ਵਿਚ ਛੋਟੀ ਗੱਲ ਨੂੰ ਸਾਡਾ ਗਪੌੜਾ ਮੰਨਿਆ ਜਾਂਦਾ ਏ ਪਰ ਗਹੁ ਨਾਲ ਵੇਖਿਆ ਜਾਏ, ਇਹਦੇ ਵਿਚ ਈ ਇਕ ਮਹਾਂਭਾਰਤ ਦੀ ਲੁਕੀ ਹੋਈ ਏ।

ਮੇਰੇ ਪੁੱਤਰਾਂ ਕੁਰਬਾਨੀਆਂ ਦੇ-ਦੇ ਕੇ ਸਿਰਾਂ ਤੇ ਸਰਵਾਰਨੇ ਕਰ-ਕਰਕੇ ਇਤਿਹਾਸ ਸਿਰਜਿਆ ਏ। ਇਨ੍ਹਾਂ ਨੂੰ ਸੰਭਾਲ ਕੇ ਰੱਖਣਾ ਸਾਡਾ ਫ਼ਰਜ਼ ਏ। ਅਸੀਂ ਭੁੱਲ ਜਾਂਦੇ ਹਾਂ, ਇਤਿਹਾਸ ਸੰਭਾਲਦੇ ਨਹੀਂ। ਸਾਡੀਆਂ ਹੱਡੀਆਂ, ਲਹੂ, ਇਤਿਹਾਸ ਦੀਆਂ ਇਮਾਰਤਾਂ ਦੀਆਂ ਨੀਂਹਾਂ ਵਿਚ ਪਈਆਂ ਹੋਈਆਂ ਨੇ। ਤਾਹੀਓਂ ਇਨ੍ਹਾਂ ਦੇ ਗੁੰਬਦ ਆਕਾਸ਼ ਨਾਲ ਗੱਲਾਂ ਕਰਦੇ ਨੇ। ਝੰਡੇ ਝੂਲਦੇ ਹਨ। ਬੁੰਗੇ ਬਣ ਰਹੇ ਹਨ। ਕੌਮ ਹੌਲੀ-ਹੌਲੀ ਉਭਰ ਰਹੀ ਏ। ਕੌਮਾਂ ਸ਼ਹਾਦਤ ਦੀ ਭੱਠੀ ਵਿਚ ਪੈ ਕੇ ਕੁੰਦਨ ਬਣ ਰਹੀਆਂ ਨੇ। ਇਕ ਦਿਨ ਆਵੇਗਾ ਕਿ ਖ਼ਾਲਸਾ ਪੰਜਾਬ ਦਾ ਵਾਰਸ ਬਣੇਗਾ। ਏਸੇ ਉਮੀਦ ਤੇ ਬੁੱਢੇ ਦਲ ਨੇ ਆਪਣੀ ਹਯਾਤੀ ਦਾਅ ਤੇ ਲਾ ਦਿੱਤੀ ਏ। ਮੈਂ ਗੱਲ ਭੁੱਲ ਗਈ ਤੇ ਗੱਲਾਂ-ਗੱਲਾਂ 'ਚ ਰਾਹ ਤੋਂ ਉਖੜ ਗਈ। ਆਓ ਅਸੀਂ ਓਸ ਸੂਰਮੇ ਦੀ ਕਥਾ ਆਰੰਭ ਕਰੀਏ ਜਿਹਦਾ ਨਾਂ ਏ ਜੱਸਾ ਸਿੰਘ ਆਹਲੂਵਾਲੀਆ। ਜਿਹੜਾ ਦਲ ਵਿਚ ਨਵਾਬ ਜੱਸਾ ਸਿੰਘ ਦੇ ਨਾਂ ਨਾਲ ਜਾਣਿਆ ਜਾਂਦਾ ਏ।

ਦਲ ਦੇ ਸ਼ੀਸ਼ ਮਹਿਲ, ਹਵੇਲੀਆਂ, ਬਾਰਾਂਦਰੀਆਂ ਬਣ ਰਹੀਆਂ ਹਨ। ਲੱਖੀ ਜੰਗਲ ਵਿਚ। ਉਹ ਭਾਵੇਂ ਸੰਗਮਰਮਰ ਨਾਲ ਨਹੀਂ ਸਨ ਮੜੀਆਂ ਹੋਈਆਂ। ਘਾਹ-ਪੱਤਿਆਂ, ਕੰਡਿਆਂ ਤੇ ਛਾਪਿਆਂ ਵਿਚ ਲੁਕੀਆਂ ਹੋਈਆਂ ਸਨ। ਮੈਂ ਓਸ ਜ਼ਮਾਨੇ ਦੀ ਗੱਲ ਕਰ ਰਿਹਾ ਹਾਂ ਜਦੋਂ ਹਰ ਸਿੱਖ ਦੀ ਪੱਗ ਦਾ ਵੱਖਰਾ ਮੁੱਲ ਸੀ, ਸਿਰ ਦਾ ਵੱਖਰਾ। ਦੱਸ ਪਾਉਣ ਵਾਲੇ ਨੂੰ ਵੱਖਰੇ ਪੈਸੇ ਮਿਲਦੇ ਤੇ ਸਿਰ ਲੈ ਕੇ ਹਾਜ਼ਰ ਹੋਣ ਵਾਲਿਆਂ ਨੂੰ ਬੁੱਕ ਮੋਹਰਾਂ ਦਾ।

ਮੁਗ਼ਲ ਹਕੂਮਤ ਦੇ ਫ਼ਾਨੂਸ ਟੁੱਟੇ ਤੇ ਉਨ੍ਹਾਂ ਦੀਆਂ ਚਿੱਪਰਾਂ ਥਾਂ-ਥਾਂ ਡਿੱਗੀਆਂ। ਹੈਦਰਾਬਾਦ, ਲਖਨਊ, ਪੰਜਾਬ, ਬੰਗਾਲ, ਬਿਹਾਰ, ਗੁਜਰਾਤ ਹਰੇਕ ਜਗ੍ਹਾ ਤੇ ਆਪਣੀ ਖ਼ੁਦ-ਮੁਖ਼ਤਾਰੀ ਦੇ ਝੰਡੇ ਬੁਲੰਦ ਕਰ ਦਿੱਤੇ। ਮੁਗ਼ਲ ਹਕੂਮਤ ਤੇ ਦਿੱਲੀ ਦਾ ਤਖ਼ਤ ਨਾਂ ਦੀ ਹਕੂਮਤ ਇਕ ਕੱਠਪੁਤਲੀ ਬਣ ਕੇ ਰਹਿ ਗਿਆ।

ਨਾਦਰ ਸ਼ਾਹ ਆਇਆ। ਬੜਾ ਜ਼ਾਲਮ ਸੀ, ਖ਼ੂੰਖਾਰ ਸੀ, ਕਸਾਈ ਸੀ। ਉਸ ਸਾਰਿਆਂ ਦੀਆਂ ਧੌਣਾਂ ਤੇ ਤਲਵਾਰ ਰੱਖੀ। ਖ਼ੂਨ ਨਾਲ ਧਰਤੀ ਰੰਗੀ, ਦਿੱਲੀ ਲੁੱਟੀ ਤੇ ਅਮੀਰਾਂ, ਵਜ਼ੀਰਾਂ ਦੀਆਂ ਰਗਾਂ ਵਿਚ ਅੰਗੂਠੇ ਦਿੱਤੇ। ਸਭ ਕੁਝ ਖੋਹ ਲਿਆ ਤੇ ਨੰਗ ਕਰਕੇ ਬਿਠਾ ਦਿੱਤਾ। ਮਰਹੱਟੇ ਭਾਵੇਂ ਅਟਕ ਦੀ ਨਦੀ ਤੇ ਘੋੜਿਆਂ ਨੂੰ ਪਾਣੀ ਪਿਆਉਂਦੇ ਸਨ ਪਰ ਉਹ ਵੀ ਏਸ ਰੋੜ੍ਹ ਵਿਚ ਰੁੜ੍ਹ ਗਏ। ਹੈਨ ਤੇ ਪ੍ਰਦੇਸੀ ਹੀ। ਸਾਰੇ ਹਿੰਦੁਸਤਾਨ ਦਾ ਕੋਈ ਖਸਮ ਗੁਸਾਈਂ ਨਾ ਰਿਹਾ। ਦਿੱਲੀ ਵੀਰਾਨ ਸੀ, ਜਿਵੇਂ ਨੰਗੀ ਰੰਡੀ ਤੀਵੀਂ ਵਾਂਗ।

ਨਾਦਰ ਸ਼ਾਹ ਨੇ ਮੁਗ਼ਲ ਹਕੂਮਤ ਦੀਆਂ ਫੀਤੀਆਂ-ਫੀਤੀਆਂ ਕਰ ਦਿੱਤੀਆਂ। ਸਭ ਤੋਂ ਜ਼ਿਆਦਾ ਪੰਜਾਬ ਦੀ ਮਿੱਟੀ ਪੁੱਟੀ ਗਈ। ਨਾ ਰਹਿਣ ਦਾ ਸਵਾਦ ਰਿਹਾ ਤੇ ਨਾ ਖਾਣ ਦਾ। ਘਰੋਂ ਬੇਘਰ ਹੋ ਗਏ। ਜੰਗਲਾਂ 'ਚ ਜਾ ਡੇਰੇ ਲਾਏ। ਸਾਰੇ ਪੰਜਾਬ 'ਚ ਈਰਾਨੀਆਂ ਦੇ ਕੁੱਕੜ ਬੋਲਦੇ ਸਨ।

ਬੁੱਢੇ ਦਲ 'ਚ ਜੱਸਾ ਸਿੰਘ ਆਹਲੂਵਾਲੀਆ ਦਾ ਨਾਂ ਬੋਲਦਾ। ਕਿੰਨਾ ਕੁ ਬਹਾਦਰ ਹੋਵੇਗਾ ਜੱਸਾ ਸਿੰਘ ਆਹਲੂਵਾਲੀਆ। ਜੱਥੇਦਾਰ ਨੇ ਆਪਣਾ ਜਾਨਸ਼ੀਨ ਬਣਾ ਦਿੱਤਾ। ਇਹ ਦਲੇਰੀ ਨਵਾਬ ਕਪੂਰ ਸਿੰਘ ਦੀ ਸੀ। ਬੁੱਢੇ ਦਲ ਨੇ ਕਲਗੀ ਲਾ ਦਿੱਤੀ ਤੇ ਕਪੂਰ ਸਿੰਘ ਨੂੰ ਨਵਾਬ ਬਣਾ ਦਿੱਤਾ ਸੀ।

ਖ਼ਿਦਮਤ, ਸੇਵਾ ਤੇ ਭਗਤੀ, ਵਿਸ਼ਵਾਸ ਦਾ ਫਲ ਨਿਮਰਤਾ ਨੇ ਨਵਾਬੀ ਬਖ਼ਸ਼ੀ।

ਕਾਹਦੀ ਨਵਾਬੀ ਸਿਰਫ਼ ਕਾਗਜ਼ਾਂ ਵਿਚ ਤੇ ਲੋਕਾਂ ਦੀ ਜ਼ਬਾਨ ਤੇ। ਨਵਾਬ ਆਖ਼ਰ ਨਵਾਬ ਸੀ। ਜਦੋਂ ਬੁੱਢੇ ਦਲ ਨੇ ਨਵਾਬ ਜੁ ਮੰਨ ਲਿਆ, ਸਾਰਾ ਪੰਜਾਬ ਈ ਨਵਾਬ ਆਖਦਾ ਮੱਥਾ ਟੇਕ ਕੇ। ਇਕ ਬਲੂੰਗੜਾ ਏਸੇ ਨਵਾਬ ਦੇ ਨਾਲ ਉਭਰ ਰਿਹਾ ਸੀ ਜਿਸਦੀ ਛੇੜ ਸੀ ਹਮਕੀ-ਤੁਮਕੀ, ਉਹਦਾ ਨਾਂ ਸੀ ਜੱਸਾ ਸਿੰਘ ਆਹਲੂਵਾਲੀਆ।

5

ਮੁਰਾਦ ਬੇਗ਼ਮ

ਮੀਰ ਮੰਨੂ ਦੀ ਮੌਤ ਤੋਂ ਬਾਅਦ ਮੁਰਾਦ ਬੇਗ਼ਮ ਨੇ ਆਪਣੇ ਤਿੰਨ ਸਾਲ ਦੇ ਪੁੱਤ ਨੂੰ ਕੁੱਛੜ ਚੁੱਕਿਆ ਤੇ ਤਖ਼ਤ ਤੇ ਬਿਠਾ ਦਿੱਤਾ ਤੇ ਆਪ ਨਿਗਰਾਨ ਬਣ ਗਈ।

ਘੱਗਰੀ ਦਾ ਰਾਜ ਪੰਜਾਬੀ ਕਦ ਬਰਦਾਸ਼ਤ ਕਰਦੇ ਸਨ। ਉਨ੍ਹਾਂ ਮੁਰਾਦ ਬੇਗ਼ਮ ਦੀ ਚੌਧਰ ਖੂੰਜੇ ਲਾ ਦਿੱਤੀ।

ਮੁਰਾਦ ਬੇਗ਼ਮ ਦੇ ਦਰਬਾਰ ਵਿਚ ਖੁਸਰਿਆਂ ਦੀ ਇਕ ਬਾਰਾਤ ਛੁਮਨੀਆਂ ਪਾਉਂਦੀ ਵੇਖੀ ਗਈ। ਖੁਸਰੇ ਵੀ ਬੜੇ ਤਲਵਾਰ ਦੇ ਧਨੀ ਸਨ। ਉਹ ਵੀ ਕਿਸੇ ਨੂੰ ਕੁਸਕਣ ਨਹੀਂ ਸਨ ਦਿੰਦੇ। ਕੁਝ ਦਿਨ ਰਾਜ ਚੱਲਿਆ। ਦਿੱਲੀ ਸਰਕਾਰ ਕੋਲੋਂ ਅਜੇ ਹੁਕਮ ਨਹੀਂ ਸੀ ਆਇਆ ਪਰ ਮੁਰਾਦ ਬੇਗ਼ਮ ਮੂੰਹ ਜ਼ੋਰ ਸੀ ਤੇ ਓਸ ਆਪਣੇ ਜ਼ੋਰ ਨਾਲ ਲਾਹੌਰ ਦੇ ਰਾਜ ਤੇ ਕਬਜ਼ਾ ਕਰ ਲਿਆ ਸੀ। ਪਰ ਲਾਹੌਰ ਦੇ ਦੋ ਵਾਰਸ ਸਨ। ਇਕ ਦਿੱਲੀ ਮੁਗ਼ਲ ਦਰਬਾਰ ਤੇ ਦੂਜਾ ਅਹਿਮਦ ਸ਼ਾਹ ਅਬਦਾਲੀ। ਮੁਰਾਦ ਬੇਗ਼ਮ ਦੇ ਪੈਰ ਦੋ ਬੇੜੀਆਂ ਤੇ ਸਨ। ਉਹਦੀ ਤੱਕੜੀ 'ਚ ਪਾਸਕੂ ਸੀ।

ਅਹਿਮਦ ਸ਼ਾਹ ਅਬਦਾਲੀ ਨੂੰ ਓਸ ਆਪਣਾ ਹੁਸਨ ਕਈ ਵਾਰ ਬੁਰਕੇ ਦੀ ਆੜ ਵਿਚ ਵਿਖਾਇਆ। ਸ਼ਾਇਦ ਡੋਲ ਜਾਵੇ ਤੇ ਇਕ ਵਾਰ ਵੀ ਮੁਸਕਰਾ ਕੇ ਵੇਖ ਲਵੇ, ਮੇਰੀਆਂ ਪੌ-ਬਾਰਾਂ ਹਨ। ਵੈਸੇ ਉਹਨੂੰ ਪੰਜਾਬ ਵਿਚੋਂ ਇਕ ਤੋਂ ਇਕ ਵੱਧ ਚੜ੍ਹਦੀ ਚੜ੍ਹੇਂਦੀ ਰੰਨ ਮਿਲ ਸਕਦੀ ਸੀ। ਓਸ ਕੀ ਲੈਣਾ ਸੀ ਚਗਲੀ ਤੇ ਜੂਠੀ ਰੰਨ ਕੋਲੋਂ। ਅਬਦਾਲੀ ਨੇ ਇਕ ਵਾਰ ਸੋਚਿਆ ਤੇ ਫੇਰ ਸਲਾਹ ਰਹਿ ਗਈ। ਛੱਡੋ ਇਹ ਤੇ ਆਪਣੇ ਘੜੇ ਦੀ ਮੱਛੀ ਏ। ਫੇਰ ਸਹੀ।

ਮੁਰਾਦ ਬੇਗ਼ਮ ਵੀ ਅਹਿਮਦ ਸ਼ਾਹ ਅਬਦਾਲੀ ਦੀ ਬਾਂਦੀ ਬਣ ਕੇ ਰਾਜ ਕਰ ਸਕਦੀ ਸੀ ਲਾਹੌਰ ਤੇ ਵਰਨਾ ਇਨ੍ਹਾਂ ਖੁਸਰਿਆਂ ਦੀਆਂ ਤਲਵਾਰਾਂ ਤੋਂ ਕੋਈ ਦਰਬਾਰੀ ਨਹੀਂ ਸੀ ਡਰਦਾ। ਉਹ ਇਨ੍ਹਾਂ ਖੁਸਰਿਆਂ ਦੇ ਪੋਤੜਿਆਂ ਤੋਂ ਵਾਕਫ਼ ਸਨ। ਭਾਵੇਂ ਖੁਸਰੇ ਕਿੰਨੇਂ ਵੀ ਜਾਬਰ ਸਨ ਪਰ ਮਰਦ ਫੇਰ ਵੀ ਮਰਦ ਈ ਸਨ। ਅਹਿਲਕਾਰ, ਮੁਨਸ਼ੀ,

ਵਜ਼ੀਰ ਤੇ ਜਾਗੀਰਦਾਰ ਘਰ ਜਾ ਬੈਠੇ। ਦਰਬਾਰ 'ਚ ਹਾਜ਼ਰੀ ਨਾ ਭਰੀ। ਮੁਰਾਦ ਬੇਗ਼ਮ ਨੂੰ ਠੇਂਗੇ ਤੇ ਵੀ ਨਾ ਰੱਖਿਆ।

ਦਰਬਾਰ 'ਚ ਉੱਲੂ ਬੋਲਣ ਲੱਗ ਪਏ। ਸੱਖਣਾ ਦਰਬਾਰ ਭਾਂ-ਭਾਂ ਕਰਦਾ। ਮੁਰਾਦ ਬੇਗ਼ਮ ਆਪਣੇ ਹੁਸਨ ਦਾ ਸ਼ਿੰਗਾਰ ਕਰ ਰਹੀ ਸੀ। ਉਹ ਆਪਣੇ ਹੁਸਨ ਦੀ ਝਲਕ ਵਿਖਾ ਕੇ ਅਹਿਲਕਾਰਾਂ ਨੂੰ ਆਪਣੇ ਵੱਲ ਖਿੱਚ ਰਹੀ ਸੀ ਪਰ ਦਰਬਾਰੀ ਇੰਨੇ ਭੋਲੇ ਨਹੀਂ ਸਨ ਕਿ ਉਹ ਘੱਗਰੀ ਦੀਆਂ ਘੂਰੀਆਂ ਬਰਦਾਸ਼ਤ ਕਰਦੇ। ਰੌਲਾ ਪੈ ਗਿਆ, ਬਗ਼ਾਵਤ ਹੋ ਗਈ ਪਰ ਇਹ ਠੰਢੀ ਬਗ਼ਾਵਤ ਸੀ। ਖ਼ਾਮੋਸ਼ ਤਲਵਾਰਾਂ ਨੂੰ ਜੁੰਬਸ਼ ਦਿੱਤੀ ਗਈ। ਸੁੱਤੀਆਂ ਸੱਪਣੀਆਂ ਜਾਗੀਆਂ ਪਰ ਉਨ੍ਹਾਂ ਦਾ ਸਿਰ ਮਿੱਧਣ ਵਾਲੇ ਸੂਰਮੇ ਵੀ ਦਰਬਾਰ ਵਿਚ ਈ ਬੈਠੇ ਹੋਏ ਸਨ। ਮੁਰਾਦ ਬੇਗ਼ਮ ਨੇ ਸਾਰੇ ਹੱਥਕੰਡੇ ਵਰਤ ਕੇ ਵੇਖ ਲਏ ਸਨ ਪਰ ਉਹ ਕਿਸੇ ਨੂੰ ਸ਼ੀਸ਼ੇ 'ਚ ਨਾ ਉਤਾਰ ਸਕੀ।

ਤਿੰਨ ਸਾਲ ਦੇ ਪੁੱਤ ਮੁਹੰਮਦ ਅਮੀਨ ਖ਼ਾਨ ਨੂੰ ਕੁੱਛੜ ਚੁੱਕ ਕੇ ਕਿੱਥੇ-ਕਿੱਥੇ ਲੈ ਕੇ ਜਾਂਦੀ। ਐਵੇਂ ਮਿੱਟੀ ਦਾ ਮਾਧੋ ਲੱਕੜੀ ਦਾ ਖਿਡੌਣਾ, ਰਬੜ ਦੀ ਗੁੱਡੀ। ਖਿਡਾਉਣਾ ਤਾਂ ਕਦੀ ਬਾਦਸ਼ਾਹ ਨਹੀਂ ਬਣ ਸਕਦਾ। ਮਗਰ ਤਲਵਾਰਾਂ ਦਾ ਜ਼ੋਰ ਚਾਹੀਦੈ। ਹਮਦਰਦੀ ਨਾਲ ਹੋਣ। ਤਦ ਹਕੂਮਤ ਚੱਲੇ। ਇਹ ਗੱਲ ਚੱਲ ਨਾ ਸਕੀ। ਦਿੱਲੀ ਦਰਬਾਰ ਵਲੋਂ ਵੀ ਮਨਜ਼ੂਰੀ ਨਾ ਆਈ। ਅਹਿਮਦ ਸ਼ਾਹ ਅਬਦਾਲੀ ਤੱਕ ਫਰਿਆਦ ਕੀਤੀ ਗਈ ਪਰ ਅਜੇ ਤੱਕ ਉੱਥੋਂ ਵੀ ਕੋਈ ਜਵਾਬ ਨਾ ਆਇਆ।

ਧੱਕੇ ਨਾਲ ਲਾਹੌਰ ਦੇ ਤਖ਼ਤ ਤੇ ਬਲੂੰਗੜਾ ਜਿਹਾ ਬਿਠਾਇਆ ਹੋਇਆ ਸੀ। ਖੁਸਰਿਆਂ ਦੀ ਹਿਫ਼ਾਜ਼ਤ ਵਿਚ। ਮੁਰਾਦ ਬੇਗ਼ਮ ਦਿਨ ਕੱਟ ਰਹੀ ਸੀ। ਬਿੱਲੀਆਂ ਜਿਹੀਆਂ ਲਾਹੌਰ ਤਖ਼ਤ ਦੀ ਹਿਫ਼ਾਜ਼ਤ ਨਾ ਕਰ ਸਕੀਆਂ। ਦਰਬਾਰੀ ਤੇਲ ਵੇਖ ਰਹੇ ਸਨ ਤੇ ਤੇਲ ਦੀ ਧਾਰ। ਵੇਖੋ ਊਠ ਕਿਸ ਕਰਵਟ ਬੈਠਦਾ ਏ।

ਕੁਦਰਤ ਕਹਿਰਵਾਨ ਹੋਈ। ਸੱਤਾਂ ਮਹੀਨਿਆਂ ਵਿਚ ਈ ਚੇਚਕ ਦਾ ਹਮਲਾ ਹੋਇਆ ਤੇ ਮੁਹੰਮਦ ਅਮੀਨ ਖ਼ਾਨ ਅੱਲਾ ਨੂੰ ਪਿਆਰੇ ਹੋ ਗਏ ਤੇ ਮੁਰਾਦ ਬੇਗ਼ਮ ਦੀ ਗੋਦ ਖ਼ਾਲੀ ਹੋ ਗਈ। ਏਸੇ ਨਫ਼ਰਤ ਦੀ ਅੱਗ ਨੇ ਮੁਰਾਦ ਬੇਗ਼ਮ ਨੂੰ ਭੁੰਨ੍ਹ ਕੇ ਰੱਖ ਦਿੱਤਾ। ਗੁੱਸੇ, ਗਰੂਰ ਤੇ ਆਕੜ ਨੇ ਅੱਗ ਦੇ ਭਬੂਕੇ ਬਾਲੇ ਤੇ ਅੱਗ-ਅੱਗ ਖ਼ਿਲਾਰ ਦਿੱਤੀ ਦਰਬਾਰ ਵਿਚ। ਦਰਬਾਰੀ ਰੁੱਸ ਕੇ ਘਰ ਬੈਠ ਗਏ। ਮਹਿਲ ਅਤੇ ਦਰਬਾਰ ਵਿਚ ਖੁਸਰਿਆਂ ਨੇ ਖ਼ੂਬ ਗਿੱਧਾ ਪਾਇਆ। ਜਣਖੇ ਵੀ ਕਦੀ ਰਾਜ ਕਰ ਸਕਦੇ ਨੇ। ਮਨਜ਼ੂਰੀ ਦੋ ਪਾਸਿਆਂ ਤੋਂ ਆ ਗਈ। ਦਿੱਲੀ ਦਰਬਾਰ ਨੇ ਵੀ ਹਾਂ ਕਰ ਦਿੱਤੀ ਤੇ ਅਹਿਮਦ ਸ਼ਾਹ ਅਬਦਾਲੀ ਨੇ ਵੀ ਮਨਜ਼ੂਰੀ ਦੇ ਦਿੱਤੀ। ਅਹਿਮਦ ਸ਼ਾਹ ਅਬਦਾਲੀ ਚਾਹੁੰਦਾ ਸੀ ਕਿ ਲਾਹੌਰ 'ਚ ਕਠਪੁਤਲੀ ਸਰਕਾਰ ਹੋਵੇ ਤੇ ਮੈਂ ਹਰ ਵੇਲੇ ਆਪਣੀ ਮਨਮਾਨੀ ਕਰ ਸਕਾਂ।

ਮੁਰਾਦ ਬੇਗ਼ਮ ਰੰਡੇਪੇ ਤੋਂ ਤੰਗ ਆ ਗਈ। ਮਹਿਲ ਉਹਨੂੰ ਖਾਣ ਨੂੰ ਪੈਣ ਲੱਗ ਪਏ। ਉਹਦੀ ਜਵਾਨੀ ਦੀ ਅੱਗ ਨੇ ਉਹਨੂੰ ਮਜਬੂਰ ਕਰ ਦਿੱਤਾ। ਮੁਰਾਦ ਬੇਗ਼ਮ ਨੇ ਨਵਾਂ ਖ਼ਸਮ ਕਰ ਲਿਆ ਤੇ ਹਕੂਮਤ ਖੁਸਰਿਆਂ ਦੀ ਝੋਲੀ 'ਚ ਪਾ ਕੇ ਆਪ ਨਵੇਂ ਖ਼ਸਮ ਦੀ ਗੋਦ ਵਿਚ ਜਾ ਬੈਠੀ।

ਨਵਾਂ ਖ਼ਿਤਾਬ ਮੁਗ਼ਲਾਨੀ ਬੇਗ਼ਮ ਮਿਲਿਆ। ਕੁਝ ਦਿਨ ਦਰਬਾਰ ਦਾ ਕੰਮ ਤੁਰਿਆ। ਮੁਗ਼ਲਾਨੀ ਬੇਗ਼ਮ ਨੇ ਮਹਿਸੂਸ ਕੀਤਾ, ਖ਼ਸਮ ਜ਼ਰੂਰ ਚਾਹੀਦਾ ਏ ਭਾਵੇਂ ਮਿੱਟੀ ਦਾ ਕਿਉਂ ਨਾ ਹੋਵੇ। ਖ਼ਸਮ ਤੋਂ ਬਿਨਾਂ ਜ਼ਨਾਨੀ ਦਾ ਕੋਈ ਹੱਜ ਨਹੀਂ।

ਨਵਾਂ ਖ਼ਸਮ, ਨਵੀਂ ਸੇਜ, ਰੂਪ ਨਿੱਖਰਿਆ, ਦਰਬਾਰ 'ਚ ਰੌਣਕ ਹੋਣੀ ਸ਼ੁਰੂ ਹੋ ਗਈ। ਪਰ ਉਹ ਸਾਰੇ ਮੌਕੇ ਦੀ ਤਾੜ ਵਿਚ ਸਨ। ਵਕਤ ਨੂੰ ਧੱਕਾ ਦੇ ਰਹੇ ਸਨ। ਅਫ਼ਵਾਹਾਂ ਫੈਲ ਰਹੀਆਂ ਸਨ ਕਿ ਅਹਿਮਦ ਸ਼ਾਹ ਅਬਦਾਲੀ ਫੇਰ ਆ ਰਿਹਾ ਏ ਦਿੱਲੀ ਲੁੱਟਣ।

ਬਹੁਤੀਆਂ ਬੜ੍ਹਕਾਂ ਮਾਰਨ ਵਾਲਾ ਸੱਯਦ ਬੁਖ਼ਾਰੀ ਖ਼ਾਂ ਸੀ। ਉਹਨੂੰ ਖੁਸਰਿਆਂ ਫੜ ਕੇ ਜੇਲ੍ਹ 'ਚ ਡੱਕ ਦਿੱਤਾ।

ਖੁਸਰਿਆਂ ਦੇ ਹੁਕਮ ਤੋਂ ਬਗ਼ੈਰ ਲਾਹੌਰ ਦੀ ਕਿਸੇ ਮਸਜਿਦ ਵਿਚ ਅਜ਼ਾਨ ਨਹੀਂ ਸੀ ਹੋ ਸਕਦੀ।

ਲੋਕ ਪ੍ਰੇਸ਼ਾਨ ਸਨ। ਅਹਿਲਕਾਰ, ਵਜ਼ੀਰ ਤੇ ਦਰਬਾਰੀ ਮੱਥੇ ਤੇ ਹੱਥ ਰੱਖ ਕੇ ਸੋਚ ਰਹੇ ਸਨ।

ਯਾ ਖ਼ੁਦਾ ਰਹਿਮ। ਇੰਨੀ ਬੇਸ਼ਰਮੀ ਨਾਲ ਕਿਸ ਤਰ੍ਹਾਂ ਜਿਊ ਸਕਾਂਗੇ, ਅੱਲਾ ਰਹਿਮ।

ਚੁੱਲ੍ਹੇ-ਚੌਂਕੇ ਦੀ ਮਾਲਕਣ ਬੇਗ਼ਮ ਤੇ ਬਣ ਸਕਦੀ ਏ ਰਾਜ ਦਰਬਾਰ ਵਿਚ। ਬੇਗ਼ਮ ਹਕੂਮਤ ਕਰੇਗੀ ਜਾਂ ਸ਼ੀਸ਼ੇ 'ਚ ਆਪਣਾ ਮੂੰਹ ਵੇਖੇਗੀ। ਨਵੇਂ ਖ਼ਸਮ ਦਾ ਨਵਾਂ ਚਾਅ। ਹੁਸਨ ਲਿਸ਼ਕ ਰਿਹਾ ਸੀ। ਜਵਾਨੀ ਮੋਢੇ ਮਾਰ ਰਹੀ ਸੀ, ਅੱਖਾਂ ਵਿਚ ਮਸਤੀ ਦਾ ਸਰੂਰ ਸੀ।

ਮੁਗ਼ਲਾਨੀ ਬੇਗ਼ਮ ਇਕ ਸ਼ੋਅਲਾ ਬਣ ਚੁੱਕੀ ਸੀ। ਤੂਫ਼ਾਨ, ਹੁਸਨ ਤੇ ਇਸ਼ਕ ਦਾ।

ਜੇ ਦਰਬਾਰੀ ਮੇਰੇ ਆਖੇ ਨਾ ਲੱਗੇ ਤਾਂ ਇਹ ਰਾਜ ਭਾਗ ਮੈਂ ਫੂਕ ਕੇ ਸੁਆਹ ਕਰ ਦਿਆਂਗੀ। ਇਹ ਕੀ ਜਾਣ ,ਗੇ ਮੁਗ਼ਲਾਨੀ ਬੇਗ਼ਮ ਨੂੰ। ਮੈਂ ਅੱਗ ਦੀ ਨਾੜ ਹਾਂ, ਮੈਂ ਜ਼ਹਿਰ 'ਚ ਭਿੱਜੀ ਸੱਪਣੀ ਹਾਂ। ਮੇਰੇ ਡੰਗ ਤੋਂ ਕੋਈ ਨਹੀਂ ਬਚ ਸਕਦਾ। ਮੈਨੂੰ ਕੋਈ ਸਪੇਰਾ ਪਿਟਾਰੀ 'ਚ ਨਹੀਂ ਪਾ ਸਕਦਾ। ਮੇਰਾ ਇਨ੍ਹਾਂ ਅਜੇ ਜਲਾਲ ਨਹੀਂ ਵੇਖਿਆ। ਡਰੋ ਮੇਰੀ ਕਹਿਰ ਦੀ ਨਿਗਾਹ ਤੋਂ ਡਰੋ। ਮੇਰੇ ਡੰਗੇ ਨੇ ਪਾਣੀ ਨਹੀਂ ਮੰਗਣਾ।

—ਪਾਣੀ ਇਨ੍ਹਾਂ ਪੁੱਲਾਂ ਦੇ ਥੱਲਿਓਂ ਦੀ ਲੰਘਣੈ। ਇਕ ਦਰਬਾਰੀ ਨੇ ਆਖਿਆ।

—ਜੇ ਇਹ ਪੁੱਲ ਈ ਨਾ ਰਹਿਣਗੇ ਤਾਂ ਫੇਰ?

—ਉਹ ਵਕਤ ਆਉਣ ਦਿਓ, ਵੇਖ ਲਵਾਂਗੇ।

6

ਸ਼ਤਰੰਜ ਦੀ ਚਾਲ

ਪਹਿਲਾਂ ਦਿੱਲੀ ਦਰਬਾਰ ਤੇ ਬ਼ਾਅਦ 'ਚ ਵਾਰੀ ਆਉਂਦੀ ਸੀ ਲਾਹੌਰ ਦਰਬਾਰ ਦੀ। ਜਿਸ ਲਾਹੌਰ ਦੀਆਂ ਬਾਰਾਂਦਰੀਆਂ ਇਕ ਵਾਰ ਵੇਖ ਲਈਆਂ, ਉਹ ਸਾਰੇ ਪੰਜਾਬ ਦਾ ਵਾਰਸ ਬਣ ਗਿਆ ਪਰ ਇੱਥੇ ਮਥਰਾ ਤਿੰਨ ਲੋਕਾਂ ਤੋਂ ਨਿਆਰੀ ਸੀ। ਹਕੂਮਤ ਖੁਸਰਿਆਂ ਦੀ ਸੀ। ਤਾੜੀਆਂ ਵਜਦੀਆਂ ਸਨ, ਨੱਚ ਰਹੇ ਸਨ ਖੁਸਰੇ। ਬਹਾਦਰਾਂ ਦੀ ਕੋਈ ਗੱਲ ਨਹੀਂ ਸੀ ਸੁਣਦਾ। ਘੁੰਗਰੀ ਨੱਚ ਰਹੀ ਸੀ। ਖੁਸਰਿਆਂ ਦੇ ਹੱਥ ਵਿਚ ਸ਼ੀਸ਼ੇ ਸਨ ਜਾਂ ਮੋਚਨੇ। ਸੁਰਮੇਦਾਨੀਆਂ ਉਹਨਾਂ ਹੱਥਾਂ ਵਿਚ ਫੜੀਆਂ ਹੋਈਆਂ ਸਨ।

ਖਿਡਾਰੀਆਂ ਸ਼ਤਰੰਜ ਵਿਛਾ ਦਿੱਤੀ ਦਰਬਾਰ ਦੇ ਅੱਧ ਵਿਚ ਤੇ ਚਾਰ-ਚੁਫ਼ੇਰੇ ਬੈਠ ਗਏ

ਹਕੂਮਤ ਦਾ ਖ਼ਾਬ ਵੇਖਣ ਵਾਲੇ ਜੁਆਰੀ। ਏਥੇ ਦੋਸਤ ਵੀ ਦੁਸ਼ਮਣ ਸਨ। ਸ਼ਤਰੰਜ ਵਿਛੀ ਹੋਈ ਸੀ। ਹਰੇਕ ਆਪਣੀ-ਆਪਣੀ ਚਾਲ ਤੇ ਬੈਠਾ ਹੋਇਆ ਸੀ, ਹਰ ਬੰਦਾ ਦਾਅ ਤੇ ਸੀ।

ਇਕ ਵਾਰ ਮੁਗ਼ਲਾਨੀ ਬੇਗ਼ਮ ਤਿੰਨ ਸਾਲ ਦੇ ਮੁੰਡੇ ਨੂੰ ਕੁੱਛੜ ਚੁੱਕ ਕੇ ਤਖ਼ਤ ਤੇ ਬਹਿ ਗਈ, ਮਲਿਕਾ ਵੀ ਬਣ ਬੈਠੀ ਪਰ ਇਹ ਗੱਲ ਦਰਬਾਰੀਆਂ ਨੂੰ ਚੰਗੀ ਨਹੀਂ ਸੀ ਲਗਦੀ। ਕੁਝ ਖ਼ਾਮੋਸ਼ ਸਨ, ਕੁਝ ਵਕਤ ਦੀ ਨਜ਼ਾਕਤ ਨੂੰ ਵੇਖ ਰਹੇ ਸਨ। ਕਈ ਦਿੱਲੀ ਦਰਬਾਰ ਦੀ ਕਰਵਟ ਦੀ ਇੰਤਜ਼ਾਰ ਕਰ ਰਹੇ ਸਨ। ਬਹੁਤਿਆਂ ਦੀਆਂ ਨਜ਼ਰਾਂ ਅਹਿਮਦ ਸ਼ਾਹ ਅਬਦਾਲੀ ਦੇ ਹੁਕਮ ਤੇ ਲੱਗੀਆਂ ਹੋਈਆਂ ਸਨ।

ਦਿੱਲੀ ਦਰਬਾਰ ਵੱਲੋਂ ਮਨਜ਼ੂਰੀ ਆ ਗਈ। ਅਹਿਮਦ ਸ਼ਾਹ ਅਬਦਾਲੀ ਦਾ ਵੀ ਹੁਕਮ ਆ ਈ ਗਿਐ, ਪਰ ਇਹ ਕਿੰਨੇ ਦਿਨ ਚੱਲੇਗਾ? ਇਹ ਗੱਲ ਕੋਈ ਨਹੀਂ ਸੀ ਜਾਣਦਾ। ਇਹ ਗੱਲ ਵਿਚਾਰਨ ਤੇ ਸੋਚਣ ਜੋਗੀ ਸੀ ਪਰ ਲਾਹੌਰ ਦੇ ਵਸਨੀਕ ਇਹ ਨਹੀਂ ਸਨ ਚਾਹੁੰਦੇ ਕਿ ਲਾਹੌਰ ਦਰਬਾਰ ਦੀ ਮਿੱਟੀ ਪੁੱਟੀ ਜਾਏ ਤੇ ਏਥੇ ਉੱਲੂ ਬੋਲਣ। ਸਾਰੇ ਪੰਜਾਬ ਦੀਆਂ ਨਜ਼ਰਾਂ ਲਾਹੌਰ ਤੇ ਲੱਗੀਆਂ ਹੋਈਆਂ ਸਨ।

ਮੁਗ਼ਲਾਨੀ ਬੇਗ਼ਮ ਆਖਣ ਲੱਗੀ, ਜਦ ਮੈਂ ਬੁਰਕੇ ਵਿਚ ਸਾਂ ਤਾਂ ਉਦੋਂ ਅਹਿਮਦ ਸ਼ਾਹ ਅਬਦਾਲੀ ਦੀਆਂ ਨਜ਼ਰਾਂ ਮੇਰੇ ਬੁਰਕੇ ਤੇ ਟਿਕੀਆਂ ਮੈਂ ਆਪ ਵੇਖੀਆਂ। ਪਰ ਜਦੋਂ ਮੇਰਾ ਹੁਸਨ ਬੁਰਕੇ ਦੀ ਕੈਦ ਵਿਚੋਂ ਬਾਹਰ ਆਇਆ ਤਾਂ ਅਹਿਮਦ ਸ਼ਾਹ ਦੀਆਂ ਨਜ਼ਰਾਂ ਚੁੰਧਿਆ ਗਈਆਂ। ਹੁਣ ਮੁਕਾਬਲੇ ਦੀ ਚੋਟ ਸੀ। ਮੈਂ ਸੂਬੇਦਾਰਨੀ ਤੇ ਉਹ ਸ਼ਾਹ ਅਫ਼ਗਾਨਿਸਤਾਨ ਦਾ। ਦੋਸਤੀ ਦੀ ਦੋਸਤੀ, ਯਰਾਨੇ ਦਾ ਯਰਾਨਾ ਜੇ ਨਿਕਾਹ ਨਾ ਹੋਇਆ ਤਾਂ ਮੈਂ ਜ਼ਬਰਦਸਤੀ ਹਰਮ ਵਿਚ ਜਾਵਾਂਗੀ। ਫੇਰ ਮੇਰੇ ਹੁਸਨ ਦੀ ਸ਼ਮਾਂ ਰੌਸ਼ਨ ਹੋਵੇਗੀ।

ਏਲਚੀ ਆ ਗਿਆ। ਉਹਦੇ ਚਿਹਰੇ ਤੇ ਖ਼ੁਸ਼ੀ ਦੇ ਅਸਾਰ ਸਨ।

—ਮੁਬਾਰਕ ਹੋ ਬੇਗ਼ਮ ਸਾਹਿਬਾ, ਅਹਿਮਦ ਸ਼ਾਹ ਅਬਦਾਲੀ ਨੇ ਸ਼ਾਹੀ ਹੁਕਮ ਭੇਜਿਆ ਏ ਤੇ ਨਾਲ ਨਾਇਬ ਸੂਬੇਦਾਰ ਦਾ ਵੀ ਨਾਂ ਲਿਖ ਦਿੱਤਾ ਏ।

—ਸੂਬੇਦਾਰੀ ਤੁਹਾਡੀ ਤੇ ਨਾਇਬ ਸੱਯਦ ਭਿਖਾਰੀ ਖ਼ਾਂ। ਮੈਂ ਜਲਦੀ ਲਾਹੌਰ ਆ ਰਿਹਾ ਹਾਂ। ਖ਼ਿਰਾਜ ਦੀ ਰਕਮ ਤਿਆਰ ਰੱਖਣੀ। ਮੈਂ ਅੱਗੇ ਦਿੱਲੀ ਜਾਣਾ ਏ। ਮੇਰਾ ਲਾਹੌਰ 'ਚ ਮੁਕਾਮ ਨਹੀਂ। ਸੁਸਤੀ ਨਹੀਂ ਕਰਨੀ, ਰਕਮ ਤਿਆਰ ਰੱਖਣੀ।

—ਭਿਖਾਰੀ ਖ਼ਾਂ ਦੀ ਗੱਲ ਮੁਗ਼ਲਾਨੀ ਬੇਗ਼ਮ ਨੂੰ ਤੀਰ ਵਾਂਗੂੰ ਲੱਗੀ। ਬੇਗ਼ਮ ਤਾਂ ਮਨਮਾਨੀਆਂ ਕਰ ਰਹੀ ਸੀ।

ਭੁੱਬਲ 'ਚ ਦੱਬੀਆਂ ਚੰਗਿਆੜੀਆਂ ਚਮਕ ਪਈਆਂ। ਉਨ੍ਹਾਂ ਇਕ ਦਿਨ ਸ਼ੋਅਲੇ ਦਾ ਰੂਪ ਤੇ ਧਾਰਨਾ ਈ ਸੀ। ਖ਼ਵਾਜ਼ਾ ਮਿਰਜ਼ਾ ਜਾਨ ਨੇ ਵੀ ਲਾਹੌਰ ਦਰਬਾਰ ਦੀਆਂ ਬਾਰਾਂਦਰੀਆਂ ਵਿਚ ਬਹਾਰ ਦੇ ਚਮਕੇ ਵੇਖੇ ਤੇ ਖ਼ੁਸ਼ਬੂ ਸੁੰਘੀ।

ਸੱਤ ਮਹੀਨੇ ਰੌਲਾ ਪੈਂਦਾ ਰਿਹਾ। ਮੁਗ਼ਲਾਨੀ ਬੇਗ਼ਮ ਦਾ ਹੁਸਨ ਡਲ੍ਹਕਾਂ ਮਾਰਦਾ ਰਿਹਾ। ਮੰਡੀ ਲੱਗੀ ਹੋਈ ਸੀ ਹੁਸਨ ਦੀ। ਖ਼ਰੀਦਦਾਰ ਲਾਹੌਰ ਦਰਬਾਰ ਵਿਚ ਈ ਬੈਠੇ ਹੋਏ ਸਨ। ਅਯਾਸ਼ ਤੇ ਛਨਾਲ ਹੁੰਦੀ ਜਾ ਰਹੀ ਸੀ ਮੁਗ਼ਲਾਨੀ ਬੇਗ਼ਮ।

ਖੁਸਰਿਆਂ ਦੀ ਇਕ ਡਾਰ ਦਰਬਾਰ 'ਚ ਰਾਖੀ ਕਰਦੀ। ਬੇਗ਼ਮ ਅੱਖਾਂ ਨਾਲ ਸੈਨਤਾਂ ਮਾਰਦੀ। ਹੁਸਨ ਦੀ ਨੁਮਾਇਸ਼ ਕਰਕੇ ਹਰ ਇਕ ਅਹਿਲਕਾਰ ਨੂੰ ਉਂਗਲੀਆਂ ਤੇ ਨਚਾ ਰਹੀ ਸੀ। ਵਕਤ ਲੰਘ ਰਿਹਾ ਸੀ। ਦਰਬਾਰੀ ਬਦਜ਼ਨ ਹੋ ਰਹੇ ਸਨ। ਉਹ ਘੱਗਰੀ

ਦੀ ਹਕੂਮਤ ਕਦੀ ਵੀ ਬਰਦਾਸ਼ਤ ਨਹੀਂ ਸਨ ਕਰਦੇ। ਖੁਸਰਿਆਂ ਦੀ ਮੰਡੀ ਲੱਗੀ ਹੋਈ ਸੀ ਜਿੱਦਾਂ ਮੱਸਿਆ ਦਾ ਮੇਲਾ ਹੋਵੇ।

ਕੁਦਰਤ ਕਹਿਰਵਾਨ ਸੀ। ਮੁਗ਼ਲਾਨੀ ਬੇਗ਼ਮ ਦੇ ਦਿਨ ਬੁਰੇ ਸਨ। ਪੁੱਤ ਨੂੰ ਅੱਲਾ ਚੁੱਕ ਕੇ ਲੈ ਗਿਆ। ਇਕ ਵਾਰ ਮਲਕਾ ਬਣ ਕੇ ਵੀ ਵੇਖਿਆ। ਹੁਣ ਤੇ ਸਿਰਫ਼ ਨਾਂ ਦੀ ਮਲਿਕਾ ਸੀ।

ਬਖ਼ਸ਼ੀ ਜਹਾਨ ਖ਼ਾਂ ਦੇ ਭਰਾ ਮੁੱਲਾਂ ਉਸਮਾਨ ਖ਼ਾਂ ਨੂੰ ਲਾਹੌਰ ਭੇਜ ਦਿੱਤਾ। ਉਹਦਾ ਨਾਇਬ ਜ਼ਕਰੀਆ ਖ਼ਾਂ ਦੇ ਛੋਟੇ ਭਰਾ ਖ਼੍ਵਾਜ਼ਾ ਅਬਦੁੱਲਾ ਨੂੰ ਬਣਾ ਦਿੱਤਾ ਤੇ ਖ਼ਿਲਤ ਮੁਗ਼ਲਾਨੀ ਬੇਗ਼ਮ ਨੂੰ ਸੂਬੇਦਾਰੀ ਦੀ ਨਜ਼ਰ ਕਰ ਦਿੱਤੀ। ਮੁਗ਼ਲਾਨੀ ਬੇਗ਼ਮ ਦੀਆਂ ਭਾਵੇਂ ਚਾਰੇ-ਚੱਕ ਜ਼ਮੀਨਾਂ ਸਨ, ਚਹੁੰ ਪਾਸੀਂ ਉਹਦੇ ਨਾਂ ਦੇ ਘੋੜੇ ਦੌੜਦੇ ਪਰ ਭਿਖਾਰੀ ਖ਼ਾਂ ਵੀ ਆਪਣੀ ਮਰਜ਼ੀ ਕਰ ਰਿਹਾ ਸੀ ਤੇ ਬੇਗ਼ਮ ਆਪਣੇ ਤਰਕਸ਼ ਵਿਚੋਂ ਚੁਣ-ਚੁਣ ਕੇ ਤੀਰ ਚਲਾ ਰਹੀ ਸੀ।

ਅਬਦੁੱਲੇ ਦੀ ਕਲਗੀ ਦੀ ਲਿਸ਼ਕ ਦਰਬਾਰੀਆਂ ਨੇ ਵੇਖੀ ਤੇ ਕੁਝ ਦਿਨਾਂ ਵਿਚ ਈ ਰੌਣਕਾਂ ਹੋਣ ਲੱਗ ਪਈਆਂ ਦਰਬਾਰ ਵਿਚ ਪਰ ਅਜੇ ਵੀ ਦਰਬਾਰੀ ਖ਼ੁਸ਼ ਨਹੀਂ ਸਨ। ਕਿਸੇ ਦੀ ਇੱਜ਼ਤ ਦੀ ਕੋਈ ਰਾਖੀ ਨਹੀਂ ਸੀ। ਇਹ ਲੰਗੜੀ ਹਕੂਮਤ ਕੁਝ ਦਿਨਾਂ ਦੀ ਮਹਿਮਾਨ ਸੀ। ਪਰ ਜਿੰਨੇ ਦਿਨ ਕੁੱਕੜ ਬਾਂਗ ਦਿੰਦੇ ਹਨ, ਸੁਣੋ। ਇਕ ਦਿਨ ਤੇ ਇਨ੍ਹਾਂ ਛੁਰੀ ਥੱਲੇ ਆਉਣਾ ਈ ਏ।

ਭਿਖਾਰੀ ਖ਼ਾਂ ਸ਼ਿਕੰਜੇ 'ਚ ਫੱਸ ਗਿਆ ਤੇ ਉਹਨੂੰ ਜ਼ੇਲ੍ਹ 'ਚ ਡੱਕ ਦਿੱਤਾ ਗਿਆ। ਹੁਕਮ ਮੁਗ਼ਲਾਨੀ ਬੇਗ਼ਮ ਦਾ ਸੀ।

ਮਰਦ ਜੇਲ੍ਹ ਵਿਚ ਤੇ ਹਕੂਮਤ ਛਨਾਲ ਦੇ ਹੱਥ।

ਦੋ ਦਿਨ ਦਰਬਾਰ ਵਿਚ ਈ ਨਾ ਆਈ ਮੁਗ਼ਲਾਣੀ ਬੇਗ਼ਮ। ਕਿਸੇ ਯਾਰ ਦੀ ਸੇਜ ਦਾ ਸ਼ਿੰਗਾਰ ਬਣੀ ਰਹੀ। ਭਿਖਾਰੀ ਖ਼ਾਂ ਨੂੰ ਜੇਲ ਵਿਚੋਂ ਕੱਢ ਦਿੱਤਾ ਉਹਦੇ ਯਾਰਾਂ ਦੋਸਤਾਂ। ਹਰੇਕ ਦੀਆਂ ਆਪਣੀਆਂ-ਆਪਣੀਆਂ ਨਾਰਾਂ ਹੁੰਦੀਆਂ ਹਨ।

ਮੱਛੀ ਵਾਂਗੂੰ ਬੜੀ ਤੜਫ਼ੀ ਬੇਗ਼ਮ ਤੇ ਆਖਣ ਲੱਗੀ :

'ਭਿਖਾਰੀ ਖ਼ਾਂ ਤੂੰ ਮੇਰੇ ਰਹਿਮੋ-ਕਰਮ ਤੇ ਜ਼ਿੰਦਾ ਏਂ।'

'ਹਾਂ, ਬੇਗ਼ਮ ਸਰਕਾਰ ਮੈਂ ਪਾਜ਼ੇਬ ਦੀ ਚਮਕ ਵੇਖ ਲਈ ਏ।'

'ਫੇਰ ਮੇਰੀ ਮੁਖ਼ਾਲਫ਼ਤ ਕਿਉਂ।'

'ਤੁਹਾਡੀਆਂ ਕਈਆਂ ਗੱਲਾਂ ਵਿਚੋਂ ਨਫ਼ਰਤ ਦੀ ਬੂ ਆ ਰਹੀ ਏ।'

'ਫੇਰ ਗੁਸਤਾਖ਼ੀ, ਬਦਜ਼ਬਾਨੀ, ਅਜੇ ਵੀ ਤੈਨੂੰ ਸ਼ਰਮ ਨਹੀਂ ਆਈ।'

'ਮਲਿਕਾ ਏ ਆਲੀਆ। ਮੈਂ ਸਰਕਾਰ ਦੀ ਨੌਕਰੀ ਕੀਤੀ ਏ, ਈਮਾਨ ਗਿਰਵੀ ਨਹੀਂ ਪਾਇਆ।'

'ਇਹਦੀ ਸਜ਼ਾ ਤੇ ਇਹਦਾ ਇਨਾਮ।'

'ਮੈਂ ਜਾਣਦਾ ਹਾਂ।'

'ਗੁਸਤਾਖ਼ ਹੋ ਗਿਐਂ ਭਿਖਾਰੀ ਖ਼ਾਂ। ਲੈ ਜਾਓ, ਕੱਲ ਦਾ ਸੂਰਜ ਇਹ ਮਨਹੂਸ ਚਿਹਰਾ ਨਾ ਵੇਖੇ।'

ਕਤਲ ਹੋ ਗਿਆ ਭਿਖਾਰੀ ਖ਼ਾਂ ਪਰ ਈਨ ਨਾ ਮੰਨੀ। ਮੁਗ਼ਲਾਨੀ ਬੇਗ਼ਮ ਨੇ ਸਾਰੇ ਦਰਬਾਰੀਆਂ ਦਾ ਵਿਸ਼ਵਾਸ ਖੋਹ ਲਿਆ ਸੀ। ਕੱਲੀ ਮੁਗ਼ਲਾਨੀ ਬੇਗ਼ਮ

ਦਰਬਾਰ ਵਿਚ ਦਗਦਗ ਕਰ ਰਹੀ ਸੀ।

ਮੈਨਾ ਮੁਗ਼ਲਾਨੀ ਬੇਗ਼ਮ ਨੂੰ ਪਿੰਜਰੇ 'ਚ ਪਾ ਲਿਆ ਅਬਦੁੱਲੇ ਨੇ।

ਓਸ ਚੋਰੀ-ਚੋਰੀ ਦਿੱਲੀ ਦਰਬਾਰ ਦੇ ਵਜ਼ੀਰ ਤੋਂ ਇਮਦਾਦ ਮੰਗੀ। ਬੇਗ਼ਮ ਦੀ ਫ਼ਰਿਆਦ ਤਾਂ ਪੂਰੀ ਹੋ ਗਈ। ਗਾਜ਼ੀ ਉੱਲ ਦੀਨ ਨੇ ਸਹਾਇਤਾ ਭੇਜ ਦਿੱਤੀ। ਇੱਧਰ ਅਬਦੁੱਲੇ ਨੇ ਲਾਹੌਰ ਦੇ ਵਸਨੀਕਾਂ ਦਾ ਨੱਕ 'ਚ ਦਮ ਕਰ ਦਿੱਤਾ। ਖ਼ੂਬ ਲੁੱਟ ਮਚਾਈ। ਰੋਜ਼ ਨਵੀਂ ਬੇਗ਼ਮ, ਰੋਜ਼ ਨਵਾਂ ਹੁਸਨ, ਕਈਆਂ ਕਬੂਤਰੀਆਂ ਦੇ ਖੰਭ ਖੋਹ ਸੁੱਟੇ।

ਇਕ ਦਿਨ ਸਰਹੰਦ ਵਿਚ ਲਾਹੌਰ ਦੀ ਕਿਸਮਤ ਦਾ ਫ਼ੈਸਲਾ ਹੋ ਗਿਆ।

ਬੁਲਬੁਲ ਦਾ ਪਿੰਜਰਾ ਦਿੱਲੀ ਪੁੱਜ ਗਿਆ। ਤੇ ਉਹਦਾ ਮੁੱਲ ਪਿਆ ਤੀਹ ਲੱਖ ਸਲਾਨਾ ਖ਼ਰਾਜ। ਜਿਹੜਾ ਦੇਵੇ, ਫੈਸਲਾ ਓਸੇ ਦੇ ਹੱਕ ਵਿਚ।

ਸੂਬੇਦਾਰੀ ਅਦੀਨਾ ਬੇਗ਼ ਨੇ ਮੋਹਰਾ ਦੇ ਕੇ ਖ਼ਰੀਦੀ।

ਨਾ ਬੇਗ਼ਮ ਰਹੀ ਤੇ ਨਾ ਹੁਸਨ ਦੀਆਂ ਝਲਕਾਂ।

7

ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ

ਹੋਣਹਾਰ ਬਰਵਾ ਦੇ ਚਿਕਨੇ-ਚਿਕਨੇ ਪਾਤ।

ਅਜੇ ਦੀਵਾਲੀ ਨੂੰ ਇਕ ਅਠਵਾਰਾ ਈ ਗੁਜ਼ਰਿਆ ਸੀ। ਦਲ ਦੇ ਮੋਹਰੀ ਸਰਦਾਰ ਅੰਮ੍ਰਿਤਸਰ 'ਚ ਡੇਰੇ ਲਾਈ ਬੈਠੇ ਸਨ। ਲੋਕ ਆਪਣੇ ਦੁੱਖ ਦੀਆਂ ਫ਼ਰਿਆਦਾਂ ਦਲ ਦੇ ਜੱਥੇਦਾਰ ਦੇ ਹਜ਼ੂਰ ਪੇਸ਼ ਕਰਨ ਆ ਰਹੇ ਸਨ। ਅਦਾਲਤ ਲੱਗੀ ਹੋਈ ਸੀ ਪੰਥ ਦੀ। ਅਕਾਲ ਤਖ਼ਤ ਤੇ ਡੇਰੇ ਸਨ ਤੇ ਸਰਦਾਰ ਚੌਕੀਆਂ ਡਾਹ ਕੇ ਬਿਰਾਜਮਾਨ ਸਨ।

—ਆਓ ਵੀਰੋ ਕੀ ਦੁੱਖ ਏ। ਅਸੀਂ ਤੁਹਾਡੇ ਸਾਰੇ ਦੁੱਖ ਨਿਵਾਰਨ ਕਰਾਂਗੇ।

—ਨਾ ਫ਼ਸਲ, ਨਾ ਖੇਤੀ, ਨਾ ਅੰਨ ਨਾ ਦਾਣਾ, ਭੜੋਲੀਆਂ ਖ਼ਾਲੀ, ਚੁੱਲ੍ਹੇ 'ਚ ਅੱਗ ਨਹੀਂ, ਘੜੇ 'ਚ ਪਾਣੀ ਨਹੀਂ। ਅਹਿਮਦ ਸ਼ਾਹ ਅਬਦਾਲੀ ਨੇ ਸਾਡੇ ਘਰ ਦੀਆਂ ਛੱਤਾਂ ਦੇ ਬਾਲੇ ਵੀ ਲਾਹ ਕੇ ਫੂਕ ਦਿੱਤੇ ਹਨ।

ਇਹ ਭਾਣਾ ਸਾਰੇ ਪੰਜਾਬ ਵਿਚ ਵਰਤਿਆ ਏ। ਦੁੱਖ ਕਰਨ ਦੀ ਲੋੜ ਨਹੀਂ। ਸਭ ਕੁਝ ਠੀਕ ਹੋ ਜਾਏਗਾ। ਤੁਹਾਡੀਆਂ ਅਸੀਸਾਂ ਸਾਡੇ ਨਾਲ ਹਨ। ਫੇਰ ਫ਼ਿਕਰ ਕਾਹਦਾ। ਗੁਰੂ ਸਾਡੇ ਨਾਲ ਏ। ਉਹਦੀਆਂ ਰਹਿਮਤਾਂ ਰਹਿਣ, ਅਬਦਾਲੀ ਨਾਲ ਵੀ ਨਜਿੱਠ ਲਵਾਂਗੇ।

—ਪਰ ਅਸੀਂ ਹੁਣ ਖਾਈਏ ਕਿੱਥੋਂ। ਫ਼ਸਲ ਬੀਜੀ ਏ ਕਦ ਪੱਕੇਗੀ। ਓਸ ਤੇ ਵਕਤ ਲੈ ਕੇ ਈ ਪੱਕਣੈ ਪਰ ਹੁਣ ਕੀ ਕਰੀਏ?

—ਜਿੰਨੀ ਕਣਕ ਕੋਈ ਚੁੱਕ ਸਕਦੈ ਪੰਡਾਂ ਬੰਨ੍ਹ ਕੇ ਲੈ ਜਾਓ। ਬਾਕੀ ਦਾਲ, ਸਬਜ਼ੀ ਲਈ ਮਾਇਆ ਦੇ ਗੱਫੇ ਲਓ ਤੇ ਵਕਤ ਨੂੰ ਧੱਕਾ ਦਿਓ। ਅਜੇ ਕੁਦਰਤ ਸਾਡੇ ਨਾਲ ਰੁੱਸੀ ਹੋਈ ਏ। ਕਦੇ ਸਾਡੇ ਵੀ ਦਿਨ ਆਉਣਗੇ।

ਜੱਥੇਦਾਰ ਨੇ ਨਿਹਾਲ ਕਰ ਦਿੱਤੀ ਸੰਗਤ।

—ਆਪਣੇ ਕਿਲਿਆਂ ਤੇ ਜਾ ਬੈਠੋ। ਆਪਣੇ ਘਰਾਂ ਨੂੰ ਲਿਪੋ, ਛੱਤਾਂ ਪਾਓ, ਪੋਚੋ। ਕਦੀ ਤੁਹਾਡੇ ਘਰ ਮਹਿਲਾਂ ਵਰਗੇ ਹੋਣਗੇ। ਅਹਿਮਦ ਸ਼ਾਹ ਅਬਦਾਲੀ ਹੋਰ ਕਿੰਨੀ ਕੁ ਵਾਰ ਆਏਗਾ?

—ਸਾਡੀ ਰਾਖੀ ਕੌਣ ਕਰੂ?

—ਸਾਰਾ ਜੱਥਾ ਤੁਹਾਡਾ ਨੌਕਰ ਏ। ਤੁਹਾਡਾ ਸੇਵਕ ਏ। ਜਾਓ ਬਾਂਹ ਸਰ੍ਹਾਣੇ ਰੱਖ ਕੇ ਸੌਂਵੋ। ਅਸੀਂ ਪੰਜਾਬ ਦੇ ਵਾਰਸ ਬਣਨ ਵਾਲੇ ਹਾਂ।

ਇਕ ਢਾਣੀ ਗਈ ਤੇ ਦੂਜੀ ਢਾਣੀ ਆ ਗਈ। ਉਨ੍ਹਾਂ ਵੀ ਗੱਫੇ ਲਏ। ਕਣਕ ਦੀਆਂ ਪੰਡਾਂ ਬੰਨ੍ਹ ਕੇ ਸਿਰ ਤੇ ਚੁੱਕ ਲਈਆਂ।

ਧੰਨ ਹਨ ਬੁੱਢੇ ਦਲ ਦੇ ਗੱਭਰੂ, ਧੰਨ ਹਨ ਜੱਥੇਦਾਰ।

ਤੁਹਾਡੀਆਂ ਅਸੀਸਾਂ ਦੇ ਸਦਕੇ ਅਸਾਂ ਆਪਣੇ ਪੰਜਾਬ ਦੀ ਰਾਖੀ ਲੈ ਲਈ ਏ।

ਇਕ ਜੱਥਾ ਹੋਰ ਆਇਆ। ਲੱਤਾਂ ਕੰਬਣ, ਸਰੀਰ ਵਿਚ ਸਾਹ-ਸੱਤ ਨਹੀਂ।

—ਕਿੱਥੋਂ ਆਈਆਂ ਨੇ ਸੰਗਤਾਂ?

ਲਾਹੌਰ ਤੋਂ ਪੈਦਲ ਈ ਆਏ ਹਾਂ। ਸਾਡੀ ਤੇ ਜੂਨ ਖ਼ਰਾਬ ਏ। ਲਾਹੌਰ ਛੱਡਿਆ ਵੀ ਨਹੀਂ ਜਾਂਦਾ ਤੇ ਲਾਹੌਰ 'ਚ ਰਿਹਾ ਵੀ ਨਹੀਂ ਜਾਂਦਾ। ਜਾਨ ਕੜਿੱਕੀ 'ਚ ਆਈ ਹੋਈ ਏ। ਸਾਨੂੰ ਤੇ ਉਹ ਕੀੜਿਆਂ-ਮਕੌੜਿਆਂ ਵਾਂਗੂੰ ਸਮਝਦੇ ਹਨ। ਅਸੀਂ ਅੱਗੇ ਮੁਸਲਮਾਨ ਤੇ ਹਿੰਦੂ ਭਰਾਵਾਂ ਵਾਂਗੂੰ ਰਹਿੰਦੇ ਸਾਂ ਪਰ ਹੁਣ ਤੇ ਹਨ੍ਹੇਰ ਈ ਆ ਗਿਆ ਏ। ਕਸਾਈਪੁਰਾ ਲਾਹੌਰ ਦੀ ਭਰਵੀਂ ਆਬਾਦੀ ਏ। ਕਸਾਈਪੁਰੇ ਵਿਚ ਅੱਗੇ ਚੋਰੀ-ਛਿਪੇ ਗਾਵਾਂ ਜ਼ਿਬ੍ਹਾ ਕਰਦੇ ਸਨ। ਪਰ ਹੁਣ ਇਨ੍ਹਾਂ ਬੁੱਚੜਾਂ ਨੇ ਸ਼ਰੇਆਮ ਗਾਵਾਂ ਕਤਲ ਕਰਨੀਆਂ ਸ਼ੁਰੂ ਕਰ ਦਿੱਤੀਆਂ ਨੇ। ਉੱਤੋਂ ਬੇਸ਼ਰਮੀ ਦੀ ਹੱਦ ਹੋ ਗਈ ਏ। ਉਹ ਗਊਆਂ ਦੇ ਹੱਡ, ਖੱਲ, ਕੰਨ ਸਾਡੇ ਬੂਹਿਆਂ ਅੱਗੇ ਲਟਕਾ ਜਾਂਦੇ ਹਨ। ਸਾਡਾ ਜਿਊਣਾ ਮੁਹਾਲ ਹੋ ਗਿਆ ਏ। ਅਸੀਂ ਘਰ ਛੱਡ ਕੇ ਕਿੱਧਰ ਜਾਈਏ? ਹੱਥ ਜੋੜ, ਮਿੰਨਤਾਂ ਕੀਤੀਆਂ, ਵਾਸਤੇ ਪਾਏ ਪਰ ਉਹ ਢੀਠ ਮੰਨੇ ਈ ਨਾ ਆਖਣ ਲੱਗੇ:

—ਜੇ ਤੁਸੀਂ ਏਥੇ ਰਹਿਣਾ ਏ ਤਾਂ ਸਾਡੇ ਵਾਂਗੂੰ ਰਹੋ। ਇਹ ਗਾਂ ਦਾ ਮਾਸ ਤੁਹਾਨੂੰ ਵੱਢਦੈ? ਬੱਕਰੇ ਦਾ ਮਾਸ ਚਾਈਂ-ਚਾਈਂ ਖਾ ਜਾਂਦੇ ਓ, ਓਦੋਂ ਕਰੀਚ ਨਹੀਂ ਆਉਂਦੀ?

—ਸਾਨੂੰ ਤੰਗ ਨਾ ਕਰੋ।

—ਜਾਓ ਬੁੱਢੇ ਦਲ ਵਾਲਿਆਂ ਕੋਲ ਅਸਾਂ ਤੇ ਏਦਾਂ ਈ ਕਰਨੈ।

—ਹੁਣ ਤੁਸੀਂ ਦੱਸੋ ਕਿ ਅਸੀਂ ਕਿਹੜੇ ਅੰਨ੍ਹੇ ਖੂਹ 'ਚ ਛਾਲ ਮਾਰ ਲਈਏ। ਸਾਡੀ ਫ਼ਰਿਆਦ ਤੁਹਾਡੇ ਤੱਕ ਈ ਸੀ, ਹਾਜ਼ਰੀ ਭਰ ਲਈ ਏ।

—ਬਸ ਏਨੀ ਕਹਾਣੀ ਏ। ਬਹੁਤ ਮਾਮੂਲੀ ਗੱਲ ਏ। ਦੋ-ਤਿੰਨ ਦਿਨ ਕੌੜਾ ਘੁੱਟ ਕਰਕੇ ਪੀ ਜਾਓ। ਨਾ ਏਥੇ ਕਸਾਈ ਰਹਿਣਗੇ ਤੇ ਨਾ ਬੁੱਚੜ। ਤੁਸੀਂ ਸਿਰ ਲਪੇਟ ਕੇ ਚਲੇ ਜਾਵੋ, ਦੋ ਦਿਨ ਦੜ ਵੱਟ ਕੇ ਵਕਤ ਨੂੰ ਧੱਕਾ ਦਿਓ। ਦਲ ਆ ਰਿਹਾ ਏ। ਤੁਸੀਂ ਆਪਣੇ ਘਰਾਂ ਅੱਗੇ ਦਰਖ਼ਤਾਂ ਦੇ ਛਾਪੇ, ਪੱਤੇ ਤੇ ਛੋਟੀਆਂ-ਛੋਟੀਆਂ ਟਾਹਣੀਆਂ ਟੰਗ ਦਿਓ। ਦਰਵਾਜ਼ੇ ਤੋਂ ਤੁਹਾਡਾ ਪਤਾ ਲੱਗੇ। ਦਲ ਸਮਝ ਜਾਵੇ ਕਿ ਹਿੰਦੂਆਂ ਦਾ ਘਰ ਏ। ਹੋਰ ਕੁਝ ਸੇਵਾ।

—ਬਸ ਹੋਰ ਕੀ ਲੈਣਾ। ਏਨਾ ਈ ਬਹੁਤ ਏ। ਰੋਟੀ ਦੀ ਕੋਈ ਥੋੜ੍ਹ ਨਹੀਂ। ਸਿਰਫ਼ ਏਸੇ ਗੱਲ ਨੇ ਜਾਨ ਸੂਲਾਂ ਤੇ ਟੰਗੀ ਹੋਈ ਏ।

—ਅਸੀ ਕੱਲ ਨਹੀਂ ਪਰਸੋਂ ਤੁਹਾਨੂੰ ਆਣ ਫ਼ਤਹਿ ਬੁਲਾਵਾਂਗੇ।

ਕਸਾਈਆਂ ਨੇ ਅੱਤ ਕਰ ਦਿੱਤੀ ਏ। ਅੱਤ ਰੱਬ ਦਾ ਵੈਰ ਏ।

ਜੱਸਾ ਸਿੰਘ ਆਹਲੂਵਾਲੀਆ ਨੇ ਇਕ ਵਾਰ ਸੋਚਿਆ ਬੜੇ ਦੁਖੀ ਹਨ ਹਿੰਦੂ। ਕਿੱਥੇ ਜਾਣ ਸਤਗੁਰ ਮਿਹਰ ਕਰੇ।

ਜੱਸਾ ਸਿੰਘ ਆਹਲੂਵਾਲੀਏ ਨੇ ਜੱਥੇ ਵੱਲ ਜ਼ਰਾ ਕੁ ਨਜ਼ਰ ਮਾਰੀ ਤੇ ਝੱਟ ਈ ਸ਼ਾਮ ਸਿੰਘ ਤੇ ਨਜ਼ਰ ਟਿਕੀ। ਉਸ ਝੱਟ ਈ ਛਾਂਟ ਲਿਆ ਗੱਭਰੂ ਆਪਣੇ ਹਾਣ ਦਾ।

—ਇੱਧਰ ਆ ਸ਼ਾਮ ਸਿੰਹਾਂ, ਤੇਰੇ ਜੋਗਰਾ ਇਕ ਕੰਮ ਏ।

ਹੱਥ ਬੰਨ੍ਹੇ ਸ਼ਾਮ ਸਿੰਘ ਨੇ ਕਿਹਾ ਕੀ ਹੁਕਮ ਏ ਜੱਥੇਦਾਰ ਜੀ?

—ਇਕ ਮਾੜਾ ਜਿਹਾ ਮੁਹੱਲਾ ਲਾਹੌਰ ਵਿਚ ਏ ਕਸਾਈਪੁਰੇ ਨਾਂ ਦਾ। ਉੱਥੋਂ ਦੇ ਕਸਾਈ ਜ਼ਰਾ ਕੁ ਗੁਸਤਾਖ਼ ਤੇ ਮੂੰਹਜ਼ੋਰ ਹੋ ਗਏ ਹਨ। ਜ਼ਰਾ ਕੁ ਸੋਧ ਆਓ। ਹਾਂ ਸਿਰਫ਼ ਓਸੇ ਮੁਹੱਲੇ 'ਚ ਜਾਣਾ ਏ। ਕਿਸੇ ਦਾ ਜ਼ੇਵਰ, ਦੌਲਤ ਜਾਂ ਕਿਸੇ ਵਸਤੂ ਵੱਲ ਨਜ਼ਰ ਨਹੀਂ ਮਾਰਨੀ।

—ਸਿਰਫ਼ ਡਰ, ਭੈਅ, ਦਬਾਅ ਪਾਓ। ਦਲ ਦੀ ਦਹਿਸ਼ਤ ਵਿਖਾ ਕੇ ਕਾਰਜ ਕਰੋ ਤੇ ਨਿਕਲ ਆਓ। ਨਾ ਤੁਹਾਡੇ ਜਾਣ ਦਾ ਪਤਾ ਲੱਗੇ ਤੇ ਨਾ ਆਉਣ ਦਾ। ਖ਼ਾਲਸਾ ਕਦ ਆਇਆ ਤੇ ਕਦ ਹਰਨ ਹੋ ਗਿਆ। ਇਹ ਕੰਮ ਰਾਤ ਦੇ ਹਨੇਰੇ ਵਿਚ ਈ ਹੋਣਾ ਚਾਹੀਦੈ।

—ਨਾ ਸੂਰਜ ਡੁੱਬਦਾ ਤੁਸਾਂ ਵੇਖਣਾ ਏਂ ਤੇ ਨਾ ਚੜ੍ਹਦੇ ਸੂਰਜ ਦੇ ਦਰਸ਼ਨ ਈ ਕਰਨੇ ਨੇ। ਸਿਰਫ਼ ਦੋ-ਚਾਰ ਬੰਦੇ ਝਟਕਾ ਆਓ। ਕਾਰਜ ਸਿੱਧ, ਫ਼ਤਹਿ ਬੁਲਾਓ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।

ਭੁਜੰਗੀਆਂ ਨਾਲ ਤੁਰੇ ਸ਼ਾਮ ਸਿੰਘ। ਹੋਰ ਬਹੁਤੀ ਭੀੜ ਨਹੀਂ ਸੀ। ਮੁੰਡਿਆਂ ਦੀ ਟੋਲੀ ਨਾਲ। ਇਕ ਅੱਧਾ ਸਿਆਣਾ ਐਵੇਂ ਈ ਤੁਰ ਪਿਆ।

—ਚੰਗਾ ਸ਼ਾਮ ਸਿੰਹਾਂ ਛੇਤੀ ਜਾਹ ਤੇ ਛੇਤੀ ਪਰਤਨਾ ਈ।

8

ਖੇਡ ਮੁੰਡਿਆਂ ਦੀ

ਨਿਹੰਗ ਮੌਲਾਂ ਮਾਰਦੇ ਹਨ ਤੇ ਰੱਬ ਦੀ ਧੂਣੀ ਨੂੰ ਹੱਥ ਲਾ ਕੇ ਮੁੜਦੇ ਹਨ। ਨਿਹੰਗ ਜਦ ਛੋਟਾਂ ਕਰਦੇ ਹਨ ਤਾਂ ਉਹਦਾ ਵੀ ਕੋਈ ਜਵਾਬ ਨਹੀਂ।

ਨਿਹੰਗ ਸਿਰਫ਼ ਲੜਨਾ ਈ ਜਾਣਦੇ, ਹਿਸਾਬ-ਕਿਤਾਬ ਕਰਨਾ ਦਲ ਦੇ ਹਿੱਸੇ ਆਉਂਦੈ। ਨਿਹੰਗ ਬਾਣੀਆਂ ਨਹੀਂ। ਨਿਹੰਗ ਤਲਵਾਰ ਵਾਹੁਣੀ ਜਾਣਦੇ। ਏਸ ਤੋਂ ਬਗੈਰ ਉਹ ਕੁਝ ਸੋਚਦਾ ਈ ਨਹੀਂ। ਸੋਧਣਾਂ ਏ, ਨਿਹੰਗ ਸੋਧਣਗੇ, ਮਰਨਾ ਏ, ਨਿਹੰਗ ਮਰਨਗੇ। ਸ਼ਹੀਦੀਆਂ ਪਾਉਣੀਆਂ ਨੇ, ਨਿਹੰਗ ਤਿਆਰ-ਬਰ-ਤਿਆਰ ਏ।

ਸਾਰੇ ਬੁੱਢੇ ਦਲ 'ਚ ਜੇ ਕਿਸੇ ਦੀ ਤੂਤੀ ਬੋਲਦੀ ਸੀ ਤਾਂ ਉਹ ਸਨ ਨਿਹੰਗ। ਦਲ ਵਿਚ ਜੇ ਕਿਸੇ ਦਾ ਜ਼ਿਕਰ ਛਿੜਦਾ ਤਾਂ ਉਹਦਾ ਹੀਰੋ ਨਿਹੰਗ ਈ ਹੁੰਦਾ।

ਗੁਰੂ ਦੇ ਨਾਂ ਤੇ ਚੜ੍ਹਦਾ ਸੂਰਜ, ਬੇਟਾ ਰਾਮ ਭਲੀ ਕਰੂ।

ਗੁਰੂ ਦਾ ਕਾਰਜ ਏ ਫੇਰ ਸੋਚਣ ਦੀ ਲੋੜ ਨਹੀਂ।

ਹੱਲਾ ਖੇਡਣਾ ਏ ਤੇ ਫੇਰ ਕਿਸੇ ਨੂੰ ਪੁੱਛਣ ਦੀ ਲੋੜ ਕਾਹਦੀ? ਸਿਰ ਤਲੀ ਤੇ ਧਰ ਕੇ ਮੈਦਾਨ 'ਚ ਪੁੱਜ ਜਾਣਾ। ਜਾਂ ਫੇਰ ਆਰ ਜਾਂ ਪਾਰ। ਪਿੱਛੇ ਮੁੜ ਕੇ ਨਹੀਂ ਵੇਖਣਾ। ਜੇ ਹਰਨ ਵੀ ਹੋਣਾ ਏ ਤੇ ਨੱਕ ਦੀ ਸੇਧੇ। ਚੜ੍ਹੇ ਦਾ ਖਾਲਸਾ। ਨਿਹੰਗ ਕਿਸੇ ਵੱਖਰੀ ਮਿੱਟੀ ਦੇ ਘਣੇ ਹੋਏ ਬੰਦੇ ਸਨ। ਉਨ੍ਹਾਂ ਦਾ ਨਿਸ਼ਚਾ ਪੱਕਾ ਸੀ ਤੇ ਧਰਮ ਤੇ ਵਿਸ਼ਵਾਸ਼ ਅਟੱਲ ਸੀ। ਉਹ ਸਿਰਫ਼ ਆਪਣੇ ਦਿਲ ਨੂੰ ਮਜ਼ਬੂਤ ਕਰਦੇ ਤੇ ਗੁਰੂ ਦੇ ਨਾਂ ਤੇ ਸ਼ਹੀਦੀਆਂ ਪਾ ਜਾਂਦੇ। ਨਿਹੰਗ ਮਰਦ ਸਨ। ਜੇ ਕੋਈ ਡਰਦਾ ਸੀ ਤਾਂ ਸਿਰਫ਼ ਨਿਹੰਗਾਂ ਤੋਂ। ਇਨ੍ਹਾਂ ਦਾ ਨਾਂ ਈ ਬੜਾ ਭਿਆਨਕ ਸੀ। ਸੁੱਖ ਨਿਧਾਨ ਛਕਣਾ ਤੇ ਵਾਹਿਗੁਰੂ-ਵਾਹਿਗੁਰੂ ਕਰਨਾ। ਨਿਤਨੇਮ 'ਚ ਕਦੀ ਘੋਲ ਨਹੀਂ। ਪਹਿਲਾਂ ਪੰਜ ਬਾਣੀਆਂ ਦਾ ਪਾਠ ਤੇ ਫੇਰ ਮੂੰਹ 'ਚ ਪਾਣੀ ਪਾਉਣਾ। ਮਰਿਆਦਾ ਵਿਚ ਪੱਕਾ ਏ ਨਿਹੰਗ। ਜ਼ਬਾਨ ਦੇ ਦਿੱਤੀ ਤੇ ਪੱਥਰ ਤੇ ਲੀਕ ਸਮਝੋ ਪਰ ਰੰਘਰੇਟੇ ਵੀ ਕਿਸੇ ਗੱਲੋਂ ਇਨ੍ਹਾਂ ਤੋਂ ਪਿੱਛੇ ਨਹੀਂ ਸਨ।

ਇਨ੍ਹਾਂ ਗ਼ਰੀਬਾਂ ਨੂੰ ਸਤਗੁਰਾਂ ਆਪਣੇ ਸੀਨੇ ਲਾਇਆ ਤੇ ਸ਼ਰਫ਼ ਬਖ਼ਸ਼ਿਆ, ਆਪਣੇ ਚੌਕੇ 'ਚ ਬਿਠਾ ਕੇ ਖਵਾਉਣ ਦਾ। ਗੁਰਮੁਖ ਆਖਦੇ ਹਨ, ਰੰਗਰੇਟਾ ਚੌਕੇ 'ਚ ਬੈਠ ਕੇ ਪ੍ਰਸ਼ਾਦ ਛਕੇ ਤੇ ਚੌਕਾ ਪਵਿੱਤਰ ਹੋ ਜਾਂਦੈ। ਏਸ ਗੱਲ ਤੋਂ ਬ੍ਰਾਹਮਣ ਬਹੁਤ ਦੁਖੀ ਸਨ। ਉਨ੍ਹਾਂ ਦੀ ਪ੍ਰੋਹਤਤਾਈ ਖ਼ਤਮ ਹੋ ਰਹੀ ਸੀ। ਇਹ ਇਕ ਤਰ੍ਹਾਂ ਦੀ ਜਾਗ੍ਰਿਤੀ ਸੀ, ਇਕ ਤਰ੍ਹਾਂ ਦੀ ਪੁਰਾਣੇ ਸਮਾਜ ਵਿਰੁੱਧ ਬਗ਼ਾਵਤ ਸੀ। ਸਿੱਖਾਂ ਦੇ ਪ੍ਰੋਹਤ ਨਿਹੰਗ ਸਨ ਜਾਂ ਰੰਘਰੇਟੇ। ਬ੍ਰਾਹਮਣ ਨੂੰ ਤੇ ਪੰਜ ਕੋਹਾਂ ਤੋਂ ਈ ਮੱਥਾ ਟੇਕ ਦਿੰਦਾ ਪਰ ਸਰਦਾ ਬਣਦਾ ਉਨ੍ਹਾਂ ਦੀ ਝੋਲੀ ਵਿਚ ਵੀ ਪਾਉਂਦਾ।

ਨਵੀਂ ਉਸਰ ਰਹੀ ਕੌਮ, ਨਵਾਂ ਉਭਰ ਰਿਹਾ ਮਨੁੱਖ ਆਪਣੀ ਮਰਿਆਦਾ ਵਿਚ ਰਹਿ ਕੇ ਬੁੱਢੇ ਦਲ ਨੂੰ ਚਾਰ ਚੰਦ ਲਾ ਰਹੇ ਸਨ।

ਇਹ ਭੋਲੇ ਬਾਦਸ਼ਾਹ ਨਿਹੰਗ ਆਪਣੀ ਮੌਜ ਵਿਚ ਈ ਮਸਤ ਸਨ। ਇਨ੍ਹਾਂ ਦਾ ਨਿਸ਼ਾਨਾ ਸਿਰਫ਼ ਇਕੋ ਸੀ, ਪੰਜਾਬ ਸਾਡਾ ਘਰ ਏ ਅਸੀਂ ਪੰਜਾਬ ਦੇ ਵਾਰਸ ਹਾਂ, ਅਸਾਂ ਖੋਹ ਕੇ ਦਮ ਲੈਣਾ ਏ। ਇਹ ਮਲੇਛ ਚਾਰ ਦਿਨ ਗੁਲਛੱਰੇ ਉਡਾ ਲੈਣ ਆਖ਼ਰ ਤੇ ਮੂਲਿਆ ਤੂੰ ਹੱਟੀ ਤੇ ਬਹਿਣਾ ਏ। ਪੰਜਾਬ ਤੇ ਪੰਜਾਬੀਆਂ ਨੇ ਲੈ ਕੇ ਈ ਸਾਹ ਲੈਣਾ ਏ। ਅਸੀਂ ਖੋਹ ਕੇ ਦਮ ਲੈਣਾ ਏ ਤੇ ਸਤਗੁਰਾਂ ਦੇ ਵਾਕ ਪੂਰੇ ਕਰਨੇ ਨੇ। ਭਾਵੇਂ ਸਿਰ ਤੋਲ ਕੇ ਨਾ ਦੇਣੇ ਪੈਣ। ਏਸ ਜਜ਼ਬੇ ਨੇ ਨਿਹੰਗਾਂ ਦਾ ਕੱਦ ਉਚਾ ਕਰ ਦਿੱਤਾ ਸੀ। ਪੰਥ ਵਿਚ ਨਾਮਣਾ ਵੀ ਖੱਟਿਆ ਸੀ ਇਨ੍ਹਾਂ ਲਾਡਲੀਆਂ ਫ਼ੌਜਾਂ। ਇਹ ਗੁਰੂ ਦੀਆਂ ਪਿਆਰੀਆਂ ਫ਼ੌਜਾਂ ਹਰ ਵੇਲੇ ਤਿਆਰ-ਬਰ-ਤਿਆਰ ਰਹਿੰਦੀਆਂ। ਬੁੱਢੇ ਦਲ ਦਾ ਹੁਕਮ ਸਿਰ ਮੱਥੇ। ਰੱਬ ਦਾ ਹੁਕਮ ਪਿੱਛੋਂ ਦਲ ਦਾ ਹੁਕਮ ਪਹਿਲਾਂ।

ਇਕ ਵਾਰ ਅਰਦਾਸਾ ਸੋਧ ਲਿਆ ਤੇ ਫੇਰ ਕਦੀ ਪਿੱਛੇ ਮੁੜ ਕੇ ਨਹੀਂ ਵੇਖਿਆ। ਕੁਝ ਸੋਚਣਾ ਨਹੀਂ ਨਫ਼ਾ ਨੁਕਸਾਨ। ਰਕਾਬ ਵਿਚ ਪੈਰ ਰੱਖਿਆ ਤੇ ਫੇਰ ਫ਼ਤਿਹ ਇਨ੍ਹਾਂ ਦੇ ਕਦਮ ਚੁੰਮਦੀ।

ਮੀਰ ਮੰਨੂੰ ਦੀਆਂ ਸਖ਼ਤੀਆਂ ਖ਼ੂਬ ਰੀਝ ਲਾਅ ਕੇ ਝੱਲੀਆਂ, ਸੀਅ ਨਾ ਕੀਤੀ। ਪਰ ਕਦੀ ਦਾਦੇ ਦੀਆਂ ਤੇ ਕਦੀ ਪੋਤੇ ਦੀਆਂ। ਸਾਡੇ ਵੀ ਕਦੀ ਦਿਨ ਆਉਣਗੇ। ਅਸੀਂ ਤੁਹਾਡੇ ਵਰਗੇ ਬੇ-ਰਹਿਮ ਨਹੀਂ। ਅਸੀਂ ਜ਼ਾਲਮਾਂ ਨੂੰ ਸਜ਼ਾਵਾਂ ਦੇਵਾਂਗੇ। ਜਨਤਾ

ਨੂੰ ਕੁਝ ਨਹੀਂ ਆਖਣ ਲੱਗੇ। ਇਹ ਗਵਾਂਢੀ ਸਾਡੇ ਮਾਂ-ਪਿਓ ਜਾਏ ਭਰਾ ਹਨ ਪਰ ਵਿਚ ਗੰਢਿਆਂ 'ਚ ਗੰਢੇਲਾਂ ਵੀ ਜੰਮ ਪੈਂਦੀਆਂ ਹਨ। ਫ਼ਰਿਆਦੀ ਆਪਣੇ ਘਰ ਚਲੇ ਗਏ ਤੇ ਦਲ ਵਾਲਿਆਂ ਕੁਝ ਕੀਤਾ। ਰਾਤ ਕੱਟੀ ਰਣਗੜ੍ਹ ਵਿਚ। ਇਹ ਛੋਕਰੇ ਸਾਰੀ ਰਾਤ ਨਾ ਸੁੱਤੇ। ਜੱਥੇਦਾਰ ਦੇ ਹੁਕਮ ਦੀ ਇੰਤਜ਼ਾਰ ਸੀ।

ਉੱਠੋ ਭਾਈ ਸੂਰਮਿਓ, ਧਰੂ ਤਾਰਾ ਨਿਕਲ ਆਇਆ ਏ। ਤਿਆਰੇ ਕੱਸ ਲਵੋ। ਵੇਖਣਾ ਘੋੜਿਆਂ ਦੀ ਰਫ਼ਤਾਰ ਮੱਧਮ ਰਵ੍ਹੇ। ਚੋਰਾਂ ਵਾਂਗੂੰ ਲਾਹੌਰ 'ਚ ਵੜਨਾ ਏ ਤੇ ਸਾਧਾਂ ਵਾਂਗੂੰ ਵਿਹਾਰ ਕਰਨਾ ਏ। ਸਿਰਫ਼ ਇਕੋ ਮੁਹੱਲੇ ਵੱਲ ਨਜ਼ਰ ਮਾਰਨੀ ਏ। ਐਵੇਂ ਜ਼ਰਾ ਕੁ ਜਿੰਨਾ ਚਾਹਟਾ ਛਕਾਉਣਾ ਏ। ਤਲਵਾਰਾਂ ਨੂੰ ਜੋਸ਼ ਨਹੀਂ ਆਉਣ ਦੇਣਾ। ਬਿਲਕੁਲ ਓਸੇ ਤਰ੍ਹਾਂ ਜਿਦਾਂ ਮੀਂਹ ਦਾ ਛੜਾਕਾ ਆਵੇ। ਮਾੜੀਆਂ ਜਿਹੀਆਂ ਕਣੀਆਂ ਪੈਣ ਸਾਉਣ ਦੇ ਮਹੀਨੇ।

ਰਾਤ ਦਾ ਇਕ ਪਹਿਰ ਰਹਿੰਦਾ ਸੀ। ਯਕਦਮ ਹੱਲਾ ਹੋਇਆ। ਜ਼ਰਾ ਕੁ ਰੌਲਾ ਪਿਆ। ਇਹਦੇ ਵਿਚ ਨਿਸ਼ਾਨੇ ਵਾਲੇ ਤੇ ਮਿੱਥੇ ਘਰ ਦੋ-ਚਾਰ ਚਾਗੜਹੱਥੇ ਸੁੱਤੇ ਪਏ ਈ ਝਟਕਾ ਦਿੱਤੇ। ਝੁੱਗੇ 'ਚ ਲੱਤਾ ਬਾਹਵਾਂ ਭੰਨੀਆਂ। ਜਿਹੜੇ ਨੱਸੇ ਸਨ ਉਹਨਾਂ ਜਦ ਰੌਲਾ ਪਾਇਆ ਤਦ ਤਕ ਭੁਜੰਗੀਆਂ ਦਾ ਜੱਥਾ ਆਪਣਾ ਕਾਰਾ ਕਰ ਚੁੱਕਾ ਸੀ। ਜਦੋਂ ਮੁਹੱਲਾ ਜਾਗਿਆ ਤਦ ਤਕ ਉਡੰਤ ਹੋ ਚੁੱਕਾ ਸੀ ਖ਼ਾਲਸਾ।

ਸਿੱਧੇ ਦੱਖਣ ਵੱਲ ਮੂੰਹ ਕੀਤਾ ਤੇ ਗੋਇੰਦਵਾਲ ਪੁੱਜ ਗਏ। ਤਲਵੰਡੀ ਪਿੰਡ ਵੱਲ ਸ਼ੇਰ ਖ਼ਾਂ, ਜਿਹਦੇ ਨਾਲ ਜੱਸਾ ਸਿੰਘ ਆਹਲੂਵਾਲੀਏ ਦੀਆਂ ਗਰਾਹੀਆਂ ਸਾਂਝੀਆਂ ਸਨ, ਓਸ ਇਕ ਨਵੇਂ ਪੱਤਣ ਦੀ ਦੱਸ ਪਾਈ। ਨਾਂ ਸੀ ਸੇਖੋ, ਏਸ ਪੱਤਣ ਥਾਣੀ ਬਿਆਸ ਪਾਰ ਕਰਕੇ ਮੰਡਾਂ ਵਿਚੋਂ ਈ ਨਿਕਲ ਕੇ ਸਤਲੁਜ ਜਾ ਪਏ।

ਅੱਗੇ ਸਰਦਾਰ ਡਰੋਲੀ ਵਾਲੇ ਪਿੰਡ ਮਾਤਾ ਜੀਤੋ ਦੇ ਡੇਰੇ ਉਤਾਰਾ ਕੀਤਾ। ਏਥੇ ਕੋਈ ਖ਼ਤਰਾ ਨਹੀਂ ਸੀ ਤੇ ਨਾ ਈ ਕੋਈ ਡਰ ਸੀ।

ਲਾਹੌਰ ਤੋਂ ਮੱਲ ਮਾਰੀ ਤੇ ਦਰਿਆ ਪਾਰ ਕੀਤੇ ਤੇ ਆਪਣੇ ਟਿਕਾਣੇ ਪੁੱਜ ਗਏ।

ਦਿਨੇ ਗੱਲਾਂ ਹੋ ਰਹੀਆਂ ਸਨ ਲਾਹੌਰ ਵਿਚ। ਚਾਰ ਕਸਾਈ ਕਤਲ ਕਰ ਦਿੱਤੇ ਗਏ। ਸਿੱਖ ਪਏ ਹਨ ਹੋਰ ਕੋਈ ਬਿੱਜ ਨਹੀਂ ਪਈ।

—ਐਵੇਂ ਕੁਫ਼ਰ ਨਾ ਤੋਲੋ ਕਿਸੇ ਨੇ ਵੇਖਿਆ ਏ ? ਕਿਉਂ ਬਦਨਾਮ ਕਰਦੇ ਜੇ ਵਿਚਾਰੇ ਸਿੰਘਾਂ ਨੂੰ ?

—ਪਰ ਉਨ੍ਹਾਂ ਦਾ ਤਰੀਕਾ ਬਿਲਕੁਲ ਨਿਹੰਗਾਂ ਵਰਗਾ ਸੀ ਤੇ ਉਨ੍ਹਾਂ ਨੇ ਗਿਣੇ-ਮਿੱਥੇ ਨਿਸ਼ਾਨੇ ਤੇ ਈ ਹਮਲਾ ਕੀਤਾ।

—ਇਹ ਕਾਢ ਦਲ ਦੀ ਹੋ ਸਕਦੀ ਏ, ਹੋਰ ਕੋਈ ਦੂਜਾ ਇੱਦਾਂ ਸੋਚ ਵੀ ਨਹੀਂ ਸਕਦਾ।

—ਦਲ ਵਾਲੇ ਇਹੋ ਜਿਹੇ ਕਾਰੇ ਨਹੀਂ ਕਰਦੇ। ਦਲ ਤੇ ਜਦ ਕੁਝ ਮਾਰੇਗਾ ਤਾਂ ਕੋਈ ਮੱਲ ਈ ਮਾਰੇਗਾ।

—ਤੇ ਫੇਰ ਕੌਣ ਸਨ, ਕਿਸੇ ਨੇ ਵੇਖੇ ਨੇ ?

ਇਕ ਬੁੱਢੀ ਮਾਈ ਆਖਣ ਲੱਗੀ, ਛੋਕਰੇ, ਭੁਜੰਗੀ, ਅਣਦਾੜ੍ਹੀਏ, ਲੂਏਂ ਮੁੰਡੇ। ਉਹ ਆਏ ਤੇ ਚਲੇ ਵੀ ਗਏ।

—ਇਨ੍ਹਾਂ ਦੇ ਕਫ਼ਨ ਦਾ ਖ਼ਰਚਾ।

—ਇਹ ਤੇ ਖ਼ਾਲਸਾ ਭੁੱਲ ਈ ਗਿਐ।

ਇਕ ਮੋਹਰਾਂ ਦੀ ਥੈਲੀ ਜਾਂਦਾ ਸ਼ਾਮ ਸਿੰਘ ਸੁੱਟ ਗਿਆ ਸੀ।

ਇਹ ਖੜਾਕ ਸੁਣਿਆ ਸੀ ਇਕ ਬੁੱਢੀ ਮਾਈ ਨੇ।

ਜੇ ਹੁਣ ਗਾਂ ਵੱਢੀ ਤਾਂ ਫੇਰ ਸਿੱਟੇ ਭਿਆਨਕ ਨਿਕਲਣਗੇ। ਇਹ ਤੇ ਅਜੇ ਐਵੇਂ ਲਿਸ਼ਕਾਰਾ ਜਿਹਾ ਏ। ਲੋਕ ਚੇਤੰਨ ਹੋ ਗਏ ਸਨ ਤੇ ਕਸਾਈਆਂ ਨੂੰ ਅਕਲ ਆ ਗਈ ਸੀ। ਹੁਣ ਕਸਾਈ ਥਰ-ਥਰ ਕੰਬਦੇ ਸਨ।

9

ਛੋਟਾਂ

ਜੱਸਾ ਸਿੰਘ ਆਹਲੂਵਾਲੀਏ ਜੱਥੇਦਾਰ ਦਾ ਹੁਕਮ ਸੀ।

—ਸ਼ਾਮ ਸਿੰਹਾਂ ਕਮਰ ਕੱਸਾ ਨਹੀਂ ਖੋਲ੍ਹਣਾ। ਲਗਦੇ ਹੱਥ ਇਕ ਕੁੱਕੜ ਹੋਰ ਬਾਂਗਾਂ ਦੇ ਰਿਹਾ ਏ। ਉਹਨੂੰ ਵੀ ਖੁੱਡੇ ਵਿਚ ਤਾੜ ਆਵੇ। ਐਵੇਂ ਵਿਚਾਰਾ ਥੱਕ ਜਾਏਗਾ ਬਾਂਗਾਂ ਦੇਂਦਾ।

—ਸੱਤ ਬਚਨ ਕਿੱਧਰ ਨੂੰ ਘੋੜਿਆਂ ਦਾ ਮੂੰਹ ਮੋੜਿਆ ਜਾਏ?

—ਖਵਾਸਪੁਰ ਦੇ ਨਾਲ ਲਗਦੇ ਫ਼ਤਹਿਬਾਦ ਤੱਕ। ਮੱਲ ਕੋਈ ਵੱਡੀ ਨਹੀਂ ਪਰ ਫੇਰ ਵੀ ਕੁਝ ਸਾਥੀ ਹੋਰ ਨਾਲ ਲੈ ਜਾਵੇ। ਸ਼ਾਇਦ ਖੁੱਡ ਵਿੱਚੋਂ ਚੂਹਾ ਨਾ ਨਿਕਲੇ। ਕਿਸੇ ਝਾੜੀ ਵਿਚੋਂ ਬਘਿਆੜ ਈ ਨਿਕਲ ਪਏ। ਜੱਥੇਦਾਰ ਦੇ ਬੋਲ ਸਨ।

—ਜੇ ਖ਼ਾਲਸਾ ਹੁਣੇ ਈ ਡਰਨ ਲੱਗ ਪਿਆ ਤਾਂ ਫੇਰ ਕਿਸੇ ਸ਼ੇਰ ਦੀ ਬੜ੍ਹਕ ਕਿਸ ਤਰ੍ਹਾਂ ਜਰੇਗਾ। ਸਾਡਾ ਜੱਥਾ ਛੋਟਾ ਏ ਤਾਂ ਭੁਚੰਗੀ ਜ਼ਿਆਦਾ ਹਨ। ਇਨ੍ਹਾਂ ਦੇ ਹੱਥ ਪੱਕੇ ਹੋਣਗੇ। ਤਲਵਾਰਾਂ ਨੂੰ ਜਾਚ ਆਏਗੀ। ਮੁਕਾਬਲਾ ਸਖ਼ਤ ਹੋਵੇ ਜਾਂ ਨਰਮ ਮੁਕਾਬਲਾ ਤੇ ਮੁਕਾਬਲਾ ਈ ਏ। ਕਦੀ ਹੱਥ ਕਰੜਿਆਂ ਨਾਲ ਵੀ ਵਾਸਤਾ ਪੈ ਜਾਂਦਾ ਏ। ਸਾਨੂੰ ਹੋਰ ਕਿਸੇ ਦੀ ਲੋੜ ਨਹੀਂ ਸਿਰਫ਼ ਹੁਕਮ ਕਰੋ, ਹੁਕਮ ਕੀ ਏ?

ਬਿਆਸ ਦੇ ਸੱਜੇ ਕੰਢੇ ਗੋਇੰਦਵਾਲ ਏ ਤੇ ਉਹਦੇ ਸਾਹਮਣੇ ਖਵਾਸਪੁਰ। ਉਸਦੇ ਲਾਗੇ ਹੈ ਫ਼ਤਹਿਬਾਦ। ਉੱਥੇ ਇਕ ਕਿਲਾ ਏ, ਬੜਾ ਮਜ਼ਬੂਤ ਪੱਕੀਆਂ ਇੱਟਾਂ ਦਾ ਬਣਿਆ ਹੋਇਆ। ਓਸ, ਕਿਲੇ ਨੇ ਕਈ ਮੁਕਾਬਲੇ ਵੇਖੇ ਹੋਏ ਹਨ। ਜਹਾਨ ਦੀਦਾ ਏ। ਮੁਕਾਬਲਾ ਸਿੰਘਾਂ ਵਾਸਤੇ ਤੇ ਕੁਝ ਨਹੀਂ ਐਵੇਂ ਵੇਖਣ ਨੂੰ ਪਹਾੜ ਜਿਹਾ ਜਾਪਦਾ ਏ। ਜੇ ਕਿਲਾ ਫ਼ਤਹਿ ਹੋ ਜਾਵੇ ਤਾਂ ਫੇਰ ਇੱਧਰੋਂ ਖ਼ਤਰਾ ਖ਼ਤਮ ਹੋ ਜਾਂਦਾ ਏ। ਬਿਆਸ ਦੇ ਪੱਤਣ ਲੰਘਣ ਵਿਚ ਜਿਹੜੀਆਂ ਰੁਕਾਵਟਾਂ ਆਉਂਦੀਆਂ ਨੇ, ਉਨ੍ਹਾਂ ਦਾ ਗਲ ਘੁਟਿਆ ਜਾਏਗਾ। ਇੱਥੋਂ ਦੇ ਹਾਕਮ ਜਾਬਰ ਵੀ ਹਨ, ਬਹਾਦਰ ਵੀ ਤੇ ਤਲਵਾਰ ਦੇ ਧਨੀ ਵੀ। ਇਹ ਬਲੁੰਗੜੇ ਕੀ ਕਿਲਾ ਸਰ ਕਰ ਲੈਣਗੇ।

ਸ਼ਾਮ ਸਿੰਘ ਨੇ ਹੱਥ ਜੋੜੇ, ਤੁਹਾਡੀ ਅਸ਼ੀਰਵਾਦ ਚਾਹੀਦੀ ਏ। ਇਨ੍ਹਾਂ ਦਾ ਗੁਰੂ ਤੇ ਪੂਰਾ ਭਰੋਸਾ ਏ। ਜੱਥੇਦਾਰ ਜੀ ਸਾਨੂੰ ਵੀ ਵਕਤ ਦਿਓ। ਸਾਡਾ ਝਾਕਾ ਏਸੇ ਤਰ੍ਹਾਂ ਖੁੱਲ੍ਹਣਾ ਏ। ਕੱਲ ਨੂੰ ਇਹ ਭੁਚੰਗੀ ਜਵਾਨ ਹੋਣਗੇ ਤੇ ਤੁਹਡਾ ਯਸ਼ ਗਾਉਣਗੇ। ਜੇ

ਸਾਨੂੰ ਮੁਕਾਬਲਾ ਸਖ਼ਤ ਜਾਪਿਆ ਤਾਂ ਅਸੀਂ ਮਦਦ ਲੈਣ ਆ ਜਾਵਾਂਗੇ। ਤੁਸੀਂ ਵੀ ਤਿਆਰ ਰਹਿਣਾ।

—ਜਾਓ ਤੁਸੀਂ, ਵਾਹਿਗੁਰੂ ਤੁਹਾਨੂੰ ਹੌਸਲਾ ਬਖ਼ਸ਼ੇ ਪਰ ਸਾਡੇ ਆਖੇ ਇਹ ਦੋ-ਤਿੰਨ ਸੂਰਮੇ ਨਾਲ ਲੈ ਜਾਵੋ।

ਜੈ ਸਿੰਘ ਲਾਹੌਰ ਵਾਲਾ, ਗੁਰਬਖ਼ਸ਼ ਸਿੰਘ ਮੰਡਾਂ ਵਾਲਾ ਤੇ ਦੇਸਾ ਸਿੰਘ। ਇਹਨੂੰ ਬੰਦ ਕਿਲੇ ਤੇ ਚੜ੍ਹਨਾ ਆਉਂਦਾ ਏ। ਦਰਵਾਜ਼ਾ ਖੋਲ੍ਹਣਾ ਵੀ ਇਕ ਕਸਬ ਏ। ਪੌੜੀ ਲਾ ਕੇ ਚੜ੍ਹਨਾ ਸ਼ੇਰ ਦੇ ਘੁਰਨੇ 'ਚ ਹੱਥ ਪਾਉਣਾ ਇਹ ਹਾਰੀ ਸਾਰੀ ਨਹੀਂ ਕਰ ਸਕਦਾ। ਨਾਲ ਲੈ ਜੋ ਇਹ ਕੰਮ ਆਉਣਗੇ। ਸਿਆਣਿਆਂ ਦੇ ਆਖੇ ਤੇ ਔਲਿਆਂ ਦੇ ਖਾਧੇ ਦਾ ਪਿੱਛੋਂ ਸਵਾਦ ਆਉਂਦਾ ਏ।

—ਸੱਤ ਬਚਨ। ਤੁਹਾਡਾ ਹੁਕਮ ਸਿਰ ਮੱਥੇ।

ਜਾਓ ਗੁਰੂ ਫ਼ਤਹਿ ਬਖ਼ਸ਼ੇ। ਤੁਸੀਂ ਸ਼ੇਰਾਂ ਦੇ ਪੁੱਤ ਓ, ਸ਼ੇਰ ਹੋ।

ਜੱਥਾ ਅਜੇ ਕਾਠੀਆਂ ਤੇ ਸਵਾਰ ਈ ਸੀ। ਉਨ੍ਹਾਂ ਮੂੰਹ ਮੋੜਿਆ ਤੇ ਜੈਕਾਰੇ ਛੱਡੇ। ਤਿੰਨ ਸਰਦਾਰ ਸਾਰਿਆਂ ਦੇ ਅੱਗੇ ਸਨ ਤੇ ਮਗਰ ਢਾਣੀ ਸੀ ਮੁੰਡਿਆਂ ਦੀ। ਭੁਚੰਗੀ ਚਾਅ-ਚਾਅ ਨਾਲ ਤਲਵਾਰਾਂ ਚੁੰਮ ਰਹੇ ਸਨ।

ਜੇ ਨਹੀਂ ਚੱਲੇ ਮੈਦਾਨ 'ਚ ਕਦਮ ਧਰਨਾ ਏ ਤੇ ਫੇਰ ਸਾਨੂੰ ਚਾਹੀਦਾ ਏ ਕਿ ਕਮਰਕੱਸੇ ਫੇਰ ਘੁੱਟ ਕੇ ਬੰਨ੍ਹ ਲਈਏ। ਲਾਓ ਅੱਡੀਆਂ ਫੁੰਕਾਰੇ ਮਾਰਦੇ ਘੋੜਿਆਂ ਨੂੰ।

ਪਠਾਣਾਂ ਦਾ ਗੜ੍ਹ ਸੀ। ਉਨ੍ਹਾਂ ਵੇਖਿਆ ਮੁੰਡਿਆਂ ਦੀ ਢਾਣੀ ਆ ਰਹੀ ਏ।

ਅੱਲਾ ਹੂ ਅਕਬਰ ਦਾ ਨਾਅਰਾ ਮਾਰਿਆ ਤੇ ਤਲਵਾਰਾਂ ਨੂੰ ਮਿਆਨ 'ਚੋਂ ਕੱਢਿਆ।

ਹੰਢੇ ਵਰਤੇ ਤਿੰਨ ਸਰਦਾਰ ਵੀ ਨਾਲ ਹਨ। ਖ਼ਾਲੀ ਮੁੰਡਿਆਂ ਦੀ ਢਾਣੀ ਨਹੀਂ। ਬੁੱਢਾ ਦਲ ਵੀ ਮਾਝੇ ਵਿਚ ਚੱਕਰ ਲਾ ਰਿਹਾ ਸੀ। ਛਾਉਣੀਆਂ ਪਾ ਕੇ ਬੈਠਾ ਹੋਇਆ ਸੀ ਦਲ। ਮੁਕਾਬਲਾ ਸਖ਼ਤ ਸੀ।

—ਤੇ ਫੇਰ ਕੀ ਕਰੀਏ ਲੜੇ ਤੋਂ ਬਗ਼ੈਰ ਹੋਰ ਕੋਈ ਚਾਰਾ ਵੀ ਨਹੀਂ। ਇਕ ਪਠਾਨ ਨੇ ਆਖਿਆ।

—ਅੱਗੇ ਸੱਪਾਂ ਨਾਲ ਵਾਸਤਾ ਪੈਂਦਾ ਸੀ ਤੇ ਹੁਣ ਤੁਹਾਡੇ ਸਾਹਮਣੇ ਨੂਹਿਆਂ ਦਾ ਭਵਨ ਏ।

—ਮੇਰੀ ਸਲਾਹ ਮੰਨੋ ਲੜੋ ਨਾ, ਕਿਲ੍ਹਾ ਬੰਦ ਹੋ ਜਾਊ। ਇਕ ਮਹੀਨੇ ਦਾ ਰਾਸ਼ਨ ਤੁਹਾਡੇ ਕੋਲ ਏ। ਇੰਨੇ ਚਿਰ ਨੂੰ ਸ਼ਾਹੀ ਫ਼ੌਜ ਵੀ ਆ ਜਾਏਗੀ ਫੇਰ ਸੱਤੇ ਖ਼ੈਰਾਂ ਹਨ।

ਕਿਲ੍ਹੇ ਦੇ ਫਾਟਕ ਬੰਦ ਹੋ ਗਏ। ਅੱਲਾ ਹੂ ਅਕਬਰ ਦਾ ਨਾਅਰਾ ਕਿਲ੍ਹੇ ਅੰਦਰ ਗੂੰਜਣ ਲੱਗ ਪਿਆ। ਛੋਟੇ ਜਿਹੇ ਦਲ ਨੇ ਕਿਲ੍ਹੇ ਨੂੰ ਘੇਰੇ ਵਿਚ ਲੈ ਲਿਆ।

ਛੋਟੇ-ਛੋਟੇ ਬਾਰੂਦ ਦੇ ਗੋਲੇ ਮਾਰਨ ਲੱਗ ਪਏ। ਫਾਟਕ ਮਜ਼ਬੂਤ ਸੀ। ਧੱਕੇ ਨਾਲ ਨਹੀਂ ਸੀ ਖੁੱਲ੍ਹਣਾ। ਇਹ ਤੇ ਕੋਈ ਹਾਥੀ ਈ ਟੱਕਰ ਮਾਰੇ ਤੇ ਖੁੱਲ੍ਹ ਜਾਏ, ਵਰਨਾ ਇਹਨੂੰ ਬੰਦੇ ਨਹੀਂ ਸਨ ਖੋਲ੍ਹ ਸਕਦੇ।

ਜੈ ਸਿੰਘ ਲੋਹਰਾਂ ਵਾਲਾ ਆਖਣ ਲੱਗਾ, ਕਿਲੇ ਤੇ ਮੈਂ ਚੜ੍ਹਾਂਗਾ। ਪੌੜੀਆਂ ਦਾ ਇੰਤਜ਼ਾਮ ਕਰੋ, ਬਾਕੀ ਸਭ ਕੰਮ ਮੇਰੇ ਜ਼ੁੰਮੇ।

ਗੁਰਬਖਸ਼ ਸਿੰਘ ਆਖਣ ਲੱਗਾ, ਤੂੰ ਚੱਲ ਤੇ ਮੈਂ ਤੇਰੇ ਮਗਰ ਆਇਆ। ਇਹ ਮੰਡਿਆਲੇ ਵਾਲਿਆਂ ਦਾ ਸਰਦਾਰ ਸੀ।

ਦੇਸਾ ਸਿੰਘ ਬੋਲਿਆ, ਗੱਲਾਂ 'ਚ ਵਕਤ ਨਾ ਲੰਘਾਓ, ਪਿੰਡ ਵਿਚ ਜਾਓ, ਤਰਖਾਣ ਫੜੋ, ਪੌੜੀਆਂ ਬਣਵਾਓ। ਜਿੰਨੀ ਜਲਦੀ ਤੁਸੀਂ ਪੌੜੀਆਂ ਬਣਵਾ ਲਵੋਗੇ, ਉਨੀ ਛੇਤੀ ਕਿਲਾ ਫ਼ਤਹਿ ਹੋ ਜਾਊ। ਜਿਉਂ-ਜਿਉਂ ਵਕਤ ਪਏਗਾ, ਮੁਕਾਬਲਾ ਸਖ਼ਤ ਹੁੰਦਾ ਜਾਏਗਾ।

ਜੈ ਸਿੰਘ ਤਰਖਾਣਾਂ ਦੇ ਘਰ ਦੇ ਮੂਹਰੇ ਜਾ ਕੇ ਈ ਪੁੱਛਣ ਲੱਗਾ ਕਿ ਤਰਖਾਣਾਂ ਦਾ ਘਰ ਕਿੱਧਰ ਏ?

—ਬੂਹਾ ਖੁੱਲ੍ਹਿਆ ਤੇ ਘਰ 'ਚੋਂ ਇਕ ਵਿਅਕਤੀ ਬੋਲਿਆ, ਇਹੋ ਈ ਘਰ ਏ। ਹੁਕਮ ਦੱਸੋ।

—ਸਾਨੂੰ ਪੌੜੀਆਂ ਚਾਹੀਦੀਆਂ ਹਨ।

—ਕਾਹਦੇ ਲਈ?

—ਕਿਲੇ ਤੇ ਚੜ੍ਹਨ ਲਈ।

—ਅਸੀਂ ਮੁਸਲਮਾਨ ਹਾਂ, ਇਹ ਕੰਮ ਅਸੀ ਨਹੀਂ ਕਰ ਸਕਾਂਗੇ। ਤੁਸੀਂ ਹੋਰ ਕੋਈ ਦੁਆਰਾ ਲੱਭੋ।

—ਤੁਸੀਂ ਜਾਣਦੇ ਨਹੀਂ, ਇਹ ਹੁਕਮ ਬੁੱਢੇ ਦਲ ਦਾ ਏ। ਪੌੜੀਆਂ ਚਾਹੀਦੀਆਂ ਹਨ, ਪੈਦਾ ਕਰਨੀਆਂ ਹਨ। ਬਣਾ ਕੇ ਦਿਓ।

—ਪੌੜੀਆਂ ਬਣ ਜਾਣਗੀਆਂ ਤੇ ਫੇਰ ਕਿਲਾ ਸਰ ਹੋ ਗਿਆ। ਫੇਰ ਸਾਡੀ ਖ਼ੈਰ ਨਹੀਂ।

ਇਹਦੀ ਜੁੰਮੇਵਾਰੀ ਜੱਥੇ ਦੀ ਏ। ਦਲ ਇਹਦਾ ਜ਼ੁੰਮੇਵਾਰ ਏ।

—ਪਠਾਨਾਂ ਸਾਡੀ ਇਕ ਨਹੀਂ ਸੁਣਨੀ। ਸਾਨੂੰ ਬਖ਼ਸ਼ਣਾ ਨਹੀਂ। ਓਸ ਘਰ ਵਿਚੋਂ ਤਰਖਾਣ ਲਵੋ ਜਿਹਦੇ ਘਰ ਚਾਰ-ਪੰਜ ਪੁੱਤ ਹੋਣ। ਮੇਰਾ ਤੇ ਇਕੋ ਪੁੱਤ ਏ ਸਿੰਘ ਜੀ, ਇਹ ਮੁਸ਼ਕਲ ਕੰਮ ਏ। ਮੈਂ ਨਹੀਂ ਕਰ ਸਕਾਂਗਾ।

—ਓਏ ਤਰਖਾਣਾਂ ਹੁਕਮ ਅਦੂਲੀ ਕਰਦਾ ਏਂ। ਬੁੱਢੇ ਦਲ ਦਾ ਹੁਕਮ ਏ ਪੈਦਾ ਕਰ ਬਾਂਸ ਤੇ ਪੌੜੀਆਂ ਬਣਾ ਕੇ ਦੇ।

—ਪੌੜੀਆਂ ਦੋ ਤੇ ਬਣ ਸਕਦੀਆਂ ਹਨ। ਬਾਂਸ ਮੇਰੇ ਕੋਠੇ ਤੇ ਪਏ ਹੋਏ ਹਨ।

—ਉਂਨ ਤੇ ਜਲਦੀ ਕਰ। ਬੁੱਢਾ ਦਲ ਤੈਨੂੰ ਨਿਹਾਲ ਕਰ ਦਊ। ਕੋਈ ਤੇਰੀ ਵਾਹ ਵੱਲ ਨਹੀਂ ਵੇਖ ਸਕੇਗਾ। ਓਏ ਪਾਗਲਾ ਕੁਲਾਂ ਤਰ ਜਾਣਗੀਆਂ।

ਪੌੜੀਆਂ ਬਣ ਗਈਆਂ। ਜੈ ਸਿੰਘ ਨੇ ਇਕ ਪੌੜੀ ਆਪ ਸੰਭਾਲ ਲਈ ਤੇ ਦੂਜੀ ਗੁਰਬਖ਼ਸ਼ ਸਿੰਘ ਨੇ। ਜੱਸਾ ਸਿੰਘ ਨੇ ਪੌੜੀਆਂ ਦੀ ਰਾਖੀ ਆਪਣੇ ਜ਼ੁੰਮੇ ਲੈ ਲਈ।

ਪਤਾ ਓਦੋਂ ਲੱਗਾ ਜਦ ਜੈ ਸਿੰਘ ਕਿਲੇ ਦੀ ਦੀਵਾਰ ਤੇ ਚੜ੍ਹ ਗਿਆ ਤੇ ਆਪਣੇ ਨਿਸ਼ਾਨੇ ਤੇ ਪਹੁੰਚ ਗਿਆ। ਗੁਰਬਖ਼ਸ਼ ਸਿੰਘ ਨੇ ਵੀ ਕਿਲੇ ਤੇ ਚੜ੍ਹ ਕੇ ਤਲਵਾਰ ਨੰਗੀ ਕੀਤੀ ਤੇ ਜੈਕਾਰਾ ਛੱਡਿਆ। ਮਗਰੇ-ਮਗਰੇ ਭੁਜੰਗੀਆਂ ਦੀਆਂ ਡਾਰਾਂ ਵੀ ਚੜ੍ਹ ਗਈਆਂ। ਕੁਝ ਬੰਦੇ ਅਜੇ ਥੱਲੇ ਈ ਰਹੇ। ਬਾਕੀ ਦੇ ਸਾਰੇ ਕਿਲੇ 'ਚ ਜਾ ਪੁੱਜੇ। ਇਕ ਹਿਲਜੁਲ ਹੋਈ, ਭਾਜੜ ਪਈ, ਕਲੇਜਾ ਡੋਲਿਆ ਪਠਾਨਾਂ ਦਾ।

ਬੱਸ ਇਕ ਵਾਰ ਈ ਤਲਵਾਰਾਂ ਨੇ ਆਪਣਾ ਜਲਵਾ ਵਿਖਾਇਆ ਤੇ ਪਠਾਨਾਂ ਨੇ ਹਥਿਆਰ ਸੁੱਟ ਦਿੱਤੇ। ਫਾਟਕ ਖੁੱਲ੍ਹਿਆ ਪਰ ਓਸ ਤੋਂ ਪਹਿਲਾਂ ਈ ਕਿਲਾ ਸਰ ਹੋ ਚੁੱਕਾ ਸੀ।

ਈਨ ਮੰਨ ਲਈ ਪਠਾਨਾਂ ਨੇ ਤੇ ਮੂੰਹ 'ਚ ਘਾਹ ਦੇ ਤੀਲੇ ਲੈ ਕੇ ਆਵਾਜ਼ ਆਈ, ਰਹਿਮ! ਬਖ਼ਸ਼ ਦਿਓ, ਅਸੀਂ ਅਣਭੋਲ ਈ ਮਾਰੇ ਗਏ।

ਬਖ਼ਸ਼ੋ, ਗੁਰੂ ਕੇ ਸਿੰਘੋ ਅਸੀਂ ਤੁਹਾਡੇ ਗੋਲੇ ਹਾਂ।

ਜੱਥੇਦਾਰ ਬੋਲਿਆ, ਕੀ ਜਾਣਨਗੇ ਇਹ ਪਠਾਨ। ਅਸਾਂ ਵੀ ਕੱਲ ਜਵਾਨ ਹੋਣੈ। ਬੁੱਢੇ ਦਲ ਦੀਆਂ ਛੋਟਾਂ ਵੀ ਵੇਖੀਆਂ ਨੇ। ਇਨ੍ਹਾਂ ਦੇ ਡਾਂਗਾਂ ਵਰਗੇ ਗਜ਼। ਸ਼ੇਰ ਜਿੱਡਾ ਕਲੇਜਾ।

ਨਿਹੰਗਾਂ ਨੇ ਖਵਾਸਪੁਰ ਵਿਚ ਆਪਣਾ ਟਿਕਾਣਾ ਟਿਕਾ ਦਿੱਤਾ ਤੇ ਫ਼ਤਿਹਾਬਾਦ ਵੱਲ ਕੂਚ ਕਰ ਲਿਆ। ਬਹੁਤੀ ਦੂਰ ਨਹੀਂ ਸੀ ਫ਼ਤਿਹਾਬਾਦ। ਜਦ ਨਿੱਕੇ ਜਿਹੇ ਦਲ ਨੂੰ ਪਠਾਣਾਂ ਵੇਖਿਆ ਤਾਂ ਉਨ੍ਹਾਂ ਨੇ ਮੁੱਛਾਂ ਨੂੰ ਮਰੋੜਾ ਦਿੱਤਾ ਤੇ ਆਖਣ ਲੱਗੇ :—

—ਦਲ ਨੇ ਕੀ ਮਾਲਾ ਫੜ ਲਈ ਏ ਜਿਹੜੇ ਛੋਕਰੇ ਮੈਦਾਨ 'ਚ ਭੇਜ ਦਿੱਤੇ ਨੇ। ਇਹ ਦੁੱਧ ਦੀਆਂ ਕੱਚੀਆਂ ਦੰਦੀਆਂ ਕੀ ਕਰਨਗੀਆਂ। ਮੁਕਾਬਲਾ ਬਘਿਆੜਾਂ ਵਰਗੇ ਪਠਾਨਾਂ ਦਾ।

ਕੱਲ ਨੂੰ ਵੀ ਇਨ੍ਹਾਂ ਈ ਲੋਹਾ ਲੈਣਾ ਏ। ਸ਼ੇਰਾਂ ਦੇ ਘਰ ਸ਼ੇਰ ਈ ਜੰਮਦੇ ਹਨ।

—ਸਾਰੇ ਜੱਥੇ 'ਚ ਦੋ-ਤਿੰਨ ਹੰਡੇ-ਵਰਤੇ ਬੰਦੇ ਸਨ ਬਾਕੀ ਤੇ ਮੁੰਡਿਆਂ ਦੀ ਭੀੜ ਸੀ। ਇਨ੍ਹਾਂ ਸਾਡੀ ਇਕ ਬੜ੍ਹਕ ਨਹੀਂ ਝਲਣੀ।

ਖ਼ਾਂ ਸਾਹਿਬ ਉਹ ਦਿਨ ਹਵਾ ਹੋ ਗਏ ਜਦ ਖ਼ਲੀਲ ਖ਼ਾਂ ਫ਼ਾਖਤਾ ਉਡਾਉਂਦੇ ਸਨ।

ਕੋਮਲ ਹੱਥਾਂ ਵਿਚ ਫੜੀਆਂ ਤਲਵਾਰਾਂ ਦੇ ਵਾਰ ਵੀ ਵੇਖੋ। ਖੱਟੇ-ਮਿੱਠੇ ਸਵਾਦ ਦੋਵੇਂ ਲੈਣੇ ਚਾਹੀਦੇ ਹਨ ਖ਼ਾਂ ਸਾਹਿਬ।

ਜਲੰਧਰ ਤੋਂ ਅਦੀਨਾ ਬੇਗ਼ ਤੋਂ ਵੀ ਮਦਦ ਮੰਗ ਭੇਜੀ ਸੀ। ਜਦੋਂ ਉਸ ਬੁੱਢੇ ਦਲ ਦਾ ਨਾਂ ਸੁਣਿਆ ਤਾਂ ਦੜ ਵੱਟ ਲਈ।

ਲਾਹੌਰ ਵੱਲ ਵੀ ਅਰਜ਼ੀ ਭੇਜੀ ਸੀ। ਸ਼ਾਇਦ ਕੁਮਕ ਆ ਜਾਏ ਪਰ ਉਮੀਦ ਘੱਟ ਸੀ।

ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ। ਜ਼ਹਿਰੀ ਸੱਪਾਂ ਦੇ ਪੁੱਤ ਵੀ ਜ਼ਹਿਰੀਲੇ ਹੁੰਦੇ ਹਨ।

ਸ਼ੇਰਾਂ ਦੇ ਪੁੱਤ ਸ਼ੇਰ ਵਾਂਗੂੰ ਲੜਦੇ, ਬੜ੍ਹਕਾਂ ਮਾਰਦੇ ਹਨ ਤੇ ਫੱਟ ਜ਼ਿਆਦਾ ਲਾਉਂਦੇ ਹਨ। ਪਿੰਡ ਸੇਖੋ ਮੱਲ ਲਿਆ। ਠਾਣਾ ਇੱਥੇ ਵੀ ਬਿਠਾ ਦਿੱਤਾ। ਹਵਾ ਤੇ ਭਾਵੇਂ ਸਰਕ ਗਈ ਸੀ ਪਠਾਣਾਂ ਦੀ ਪਰ ਫੋਕੀਆਂ ਬੜ੍ਹਕਾਂ ਮਾਰਨੋ ਨਾ ਮੁੜੇ।

ਰੱਤੀ ਭਰ ਖ਼ੂਨ ਨਾ ਡੁਲ੍ਹਿਆ। ਸਿਰਫ਼ ਛੋਟੇ ਜਿਹੇ ਜੱਥੇ ਦੇ ਦਰਸ਼ਨ ਹੋਏ ਸਨ।

ਪਠਾਣਾਂ ਦੇ ਦੋ ਚੌਧਰੀ ਜੱਸਾ ਸਿੰਘ ਆਹਲੂਵਾਲੀਏ ਦੀ ਸ਼ਰਨ ਆਣ ਪਏ। ਅਸੀ ਤੁਹਾਡੇ ਰਹਿਮੋ-ਕਰਮ ਤੇ ਹਾਂ। ਤੁਸੀਂ ਇੰਨਾ ਕਸ਼ਟ ਕਿਉਂ ਕੀਤਾ? ਸਾਨੂੰ ਸੁਨੇਹਾ ਭੇਜਣਾ ਸੀ। ਅਸੀਂ ਆਪ ਆਉਂਦੇ ਹਜ਼ੂਰ ਦੀ ਡਿਓਢੀ।

—ਦਲ ਨੇ ਤੁਹਾਨੂੰ ਬਖ਼ਸ਼ਿਆ ਏ। ਦਲ ਤੁਹਾਡੀ ਸੂਈ ਵੀ ਚੁੱਕਣ ਦਾ ਰਵਾਦਾਰ ਨਹੀਂ। ਜਾਓ ਅਸਾਂ ਤੁਹਾਨੂੰ ਆਪਣੀ ਰਾਖ਼ੀ 'ਚ ਲੈ ਲਿਆ।

ਪਰ ਕਿਲੇ ਵਿਚ ਕੁਝ ਕਬੀਲੇ ਦੇ ਸਰਦਾਰ ਬੈਠੇ ਹੋਏ ਸਨ। ਉਨ੍ਹਾਂ ਦਾ ਆਗੂ ਸੀ ਫੁੱਲੇ ਖ਼ਾਂ। ਉਹ ਆਕੀ ਹੋ ਬੈਠਾ।

ਜੱਸਾ ਸਿੰਘ ਆਹਲੂਵਾਲੀਆ ਬੋਲਿਆ :—ਕੁੱਤੇ ਦੀ ਮੌਤ ਆਉਂਦੀ ਏ ਤਾਂ ਮਸੀਤੀ

ਚੜ੍ਹ ਕੇ ਬੋਲਦੈ।

ਫੂਲੇ ਖ਼ਾਂ ਆਪਣੇ ਆਪ ਨੂੰ ਖੱਬੀ ਖ਼ਾਂ ਸਮਝਦਾ ਸੀ। ਉਸ ਕਦੇ ਦਲ ਦੇ ਹੱਥ ਨਹੀਂ ਸਨ ਵੇਖੇ। ਨਾ ਈ ਕਦੀ ਦਰਸ਼ਨ ਕੀਤੇ ਸਨ।

ਫ਼ੌਜ ਆ ਰਹੀ ਏ, ਫ਼ੌਜ ਆ ਗਈ ਏ, ਫ਼ੌਜ ਪੁੱਜ ਰਹੀ ਏ। ਕਿੰਨ੍ਹ ਸੁਣੀ ਏ, ਕਿੰਨ੍ਹ ਵੇਖੀ ਏ ਫ਼ੌਜ ਆਉਂਦੀ, ਕਿਸ ਵੇਖੀ ਏ, ਫ਼ੌਜ ਦੀ ਚੜ੍ਹਤ। ਕਿਸ ਨੇ ਝੰਡਿਆਂ ਦੇ ਜਲਾਲ ਵੇਖੇ ਹਨ।

ਕਿਸੇ ਨਹੀਂ ਵੇਖੀ, ਨਾ ਕਿਸੇ ਨੇ ਸੁਣੀ ਏ। ਐਵੇਂ ਅਫ਼ਵਾਹ ਈ ਉੱਡਦੀ-ਉੱਡਦੀ ਸਾਡੇ ਕੰਨੀਂ ਪਈ ਏ।

ਜੱਸਾ ਸਿੰਘ ਨੇ ਹੁਕਮ ਦੇ ਕੇ ਭੇਜਿਆ ਬਖ਼ਸ਼ੀ ਨੱਥਾ ਸਿੰਘ ਨੂੰ, ਸੋਧ ਦਿਓ ਮੁੜਕੇ ਵਕਤ ਨਹੀਂ ਜੇ ਮਿਲਣਾ। ਇਨ੍ਹਾਂ ਸੱਪਾਂ ਦੇ ਦੰਦ ਕੱਢ ਦਿਓ। ਇਹ ਕਦੀ ਵੀ ਡੰਗ ਮਾਰ ਸਕਦੇ ਹਨ।

ਜਦੋਂ ਦਲ ਚੜ੍ਹਿਆ ਗੱਭਰੂਆਂ ਦਾ, ਮੁੰਡਿਆਂ ਦੀ ਢਾਣੀ ਨਾਲ ਨਵੇਂ ਮੁੰਡਿਆਂ ਬੜੇ ਈ ਚਾਅ ਨਾਲ ਤਲਵਾਰਾਂ ਨੂੰ ਹੱਥਾਂ ਵਿਚ ਤੋਲਿਆ। ਬੱਸ ਲਿਸ਼ਕ ਈ ਵੇਖੀ। ਹਥਿਆਰ ਸੁੱਟ ਦਿੱਤੇ ਉਨ੍ਹਾਂ ਪਠਾਣਾਂ ਜਿਹੜੇ ਬੜੀਆਂ ਬੜ੍ਹਕਾਂ ਮਾਰਦੇ ਸਨ।

ਗੱਲਾਂ 'ਚ ਪੱਲੇ ਪਏ। ਜੱਸਾ ਸਿੰਘ ਆਹਲੂਵਾਲੀਆ ਦੀ ਪੈਰੀਂ ਆਣ ਪਏ।

—ਬਖ਼ਸ਼ੋ ਖ਼ਾਲਸਾ ਜੀ ਅਸੀਂ ਤੁਹਾਡੇ ਰਹਿਮੋ-ਕਰਮ ਤੇ ਹਾਂ। ਸਾਡੇ ਵੱਸਦੇ ਘਰ ਨਾ ਉਜਾੜੋ। ਸਾਡੇ ਬੱਚੇ ਯਤੀਮ ਹੋ ਜਾਣਗੇ। ਅਸੀਂ ਤੁਹਾਡੀ ਅਰਦਲ ਵਿਚ ਹਾਂ। ਸਾਡੀ ਰਾਖੀ ਕਬੂਲ ਕਰੋ ਤੇ ਸਾਡੀ ਜਾਨ ਬਖ਼ਸ਼ੋ।

ਜਦ ਖ਼ਾਲਸਾ ਛੋਟਾਂ ਤੇ ਆ ਜਾਏ ਤਾਂ ਫੇਰ ਨਿਹਾਲ ਕਰ ਦਿੰਦਾ ਏ ਦੁਸ਼ਮਣ ਨੂੰ।

ਛੋਟਾਂ ਵੀ ਕੀਤੀਆਂ ਤੇ ਹੱਦਾਂ ਲਾਹ ਦਿੱਤੀਆਂ। ਦੁਸ਼ਮਣਾਂ ਨੂੰ ਸੀਨੇ ਨਾਲ ਲਾਇਆ ਤੇ ਸਭ ਕੁਝ ਬਖ਼ਸ਼ ਦਿੱਤਾ। ਜਾਓ ਖ਼ਾਂ ਸਾਹਬ ਮੌਜਾਂ ਮਾਣੋ। ਪਰ ਦਲ ਨਾਲ ਸਿੰਗ ਨਹੀਂ ਅੜਾਉਣੇ। ਕੌਣ ਜਾਣੇ ਚੜ੍ਹਦੀਆਂ ਕਲਾਂ ਦੇ ਸਰੂਰ ਨੂੰ। ਨਿਹੰਗ ਵੀ ਬਾਦਸ਼ਾਹ ਹਨ। ਉਨ੍ਹਾਂ ਨੂੰ ਕਿਸੇ ਨਾਲ ਵੈਰ ਨਹੀਂ। ਉਨ੍ਹਾਂ ਦੀ ਦੁਸ਼ਮਣੀ ਤੇ ਸਿਰਫ਼ ਹਕੂਮਤ ਦੀ ਫ਼ੌਜ ਨਾਲ ਏ।

ਬੋਲੇ ਸੋ ਨਿਹਾਲ। ਸਤ ਸ੍ਰੀ ਅਕਾਲ। ਚੱਲੇ ਆਪਣੇ ਡੇਰੇ। ਇਹ ਵਿਚਾਰੇ ਹੁਕਮ ਦੇ ਬੱਝੇ ਹੋਏ ਸਨ।

ਜਾਓ ਖ਼ਾਲਸੇ ਨੇ ਬਖ਼ਸ਼ ਦਿੱਤਾ। ਸਮਝੋ ਰੱਬ ਨੇ ਬਖ਼ਸ਼ਿਆ।

10

ਨਵਾਬ ਦੀ ਪਗੜੀ

ਮਾਤਾ ਸੁੰਦਰੀ ਜੀ ਨੇ ਜੱਸਾ ਸਿੰਘ ਨੂੰ ਦਿੱਲੀ ਤੋਂ ਤੋਰਿਆ ਸੀ ਤੇ ਅਸੀਸ ਦਿੱਤੀ ਸੀ "ਜਾਹ ਬੇਟਾ ਜਦ ਤੂੰ ਜਵਾਨ ਹੋਏਂਗਾ, ਭਰ ਜਵਾਨੀ ਚੜ੍ਹੇਂਗਾ, ਤਦ ਤੇਰੇ ਅੱਗੇ ਪਿੱਛੇ ਘੋੜ ਸਵਾਰ ਅਰਦਲ 'ਚ ਖੜ੍ਹੇ ਹੋਣਗੇ।"

ਓਦੋਂ ਤੇ ਇਹ ਗੱਲ ਐਵੇਂ ਸੁਪਨਾ ਜਿਹੀ ਜਾਪਦੀ ਸੀ ਪਰ ਜਦ ਨਵਾਬ ਕਪੂਰ ਸਿੰਘ ਨੇ ਚਲਾਣਾ ਕੀਤਾ ਤਦ ਜੱਸਾ ਸਿੰਘ ਆਹਲੂਵਾਲੀਏ ਨੂੰ ਮਾਤਾ ਦੀ ਅਸ਼ੀਰਵਾਦ ਯਾਦ ਆ ਗਈ।

ਮਾਵਾਂ ਦੇ ਹਿਰਦੇ ਬੜੇ ਵਿਸ਼ਾਲ ਹੁੰਦੇ ਹਨ। ਮਾਂ ਦੀ ਅਸ਼ੀਰਵਾਦ ਦੇ ਸਾਹਮਣੇ ਸਾਰਾ ਜਹਾਨ ਝੁਕਦਾ ਏ। ਮਾਤਾ ਤੂੰ ਧੰਨ ਏਂ, ਮੈਂ ਤੁਹਾਡੀ ਅਸੀਸ ਦਾ ਮੁੱਲ ਤਾਰਾਂਗਾ। ਮਾਤਾ ਜੀ ਮੈਨੂੰ ਬਲ ਬਖ਼ਸ਼ੋ। ਖ਼ਾਲਸਾ ਦਲ ਪੰਜਾਬ ਦੀ ਧਰਤੀ ਨੂੰ ਆਜ਼ਾਦ ਕਰਵਾ ਕੇ ਇਕ ਵਾਰ ਫੇਰ ਖ਼ਾਲਸਾ ਰਾਜ ਦਾ ਝੰਡਾ ਬੁਲੰਦ ਕਰੇਗਾ। ਤੁਹਾਡੀ ਦਿੱਤੀ ਥਾਪੀ ਸਾਡੀਆਂ ਤਲਵਾਰਾਂ ਨੂੰ ਬਲ ਬਖ਼ਸ਼ੇਗੀ।

ਦੇਗ-ਤੇਗ ਫ਼ਤਿਹ। ਸੱਚੇ ਪਾਤਸ਼ਾਹ ਤੇਰੇ ਬਾਲਕੇ ਮੁੜਕੇ ਪੰਜਾਬ ਨੂੰ ਜਾਬਰ ਹਾਕਮਾਂ ਤੋਂ ਮੁਕਤ ਕਰਵਾ ਕੇ ਦਮ ਲੈਣਗੇ। ਗੁਰੂ ਰਾਖਾ, ਗੁਰੂ ਮਿਹਰਬਾਨ। ਧੰਨ ਹਨ ਗੁਰੂ ਤੇ ਧੰਨ ਹਨ ਮਾਤਾਵਾਂ।

ਜਦ ਛੋਟੇ-ਛੋਟੇ ਭੁਚੰਗੀ ਕਿਲੇ ਸਰ ਕਰਨ ਲੱਗ ਪਏ ਤਾਂ ਫੇਰ ਪੰਥ ਤੇ ਜਾਗੇਗਾ ਈ। ਪੰਥ ਜਾਗ ਪਿਆ ਕੌਮ ਨੇ ਕਰਵਟ ਲੈ ਲਈ।

ਗੱਲ ਵੈਸਾਖੀ 13 ਅਪ੍ਰੈਲ ਦੀ ਏ।

ਅੰਮ੍ਰਿਤਸਰ ਅਕਾਲ ਤਖ਼ਤ ਦੀ ਛਤਰ ਛਾਵੇਂ ਬੈਠੇ ਸਰਦਾਰ। ਇਕ ਢਾਡੀ ਦੀਵਾਨ ਸਜਿਆ ਹੋਇਆ ਸੀ। ਸਰਦਾਰਾਂ ਦੇ ਚਿਹਰਿਆਂ ਤੇ ਜਲਾਲ ਸੀ।

ਮੀਰ ਮਨੂੰ ਨੇ ਰਾਮ ਰਾਉਣੀ ਨੂੰ ਢਾਹ ਦਿੱਤਾ ਸੀ ਪਰ ਵਗਦੀਆਂ ਵਾਰਾਂ ਵਿਚ ਪੰਥ ਨੇ ਢੱਠੀ ਹੋਈ ਰਾਮ ਰਾਉਣੀ ਨੂੰ ਫੇਰ ਉਸਾਰ ਲਿਆ ਸੀ ਤੇ ਉਹਦਾ ਨਾਂ ਰਾਮਗੜ੍ਹ ਰੱਖ ਦਿੱਤਾ ਸੀ। ਇਹ ਵੀ ਇਕ ਚੁਣੌਤੀ ਸੀ ਹਕੂਮਤ ਨੂੰ।

ਰਾਮਗੜ੍ਹ ਦੀਆਂ ਚਾਬੀਆਂ ਜੱਸਾ ਸਿੰਘ ਰਾਮਗੜੀਏ ਦੇ ਲੱਕ ਨਾਲ ਬੰਨ੍ਹ ਦਿੱਤੀਆਂ ਸਨ। ਲੈ ਭਈ ਤੂੰ ਜਾਣ ਤੇਰਾ ਕੰਮ। ਲੋੜ ਪਵੇ ਤੇ ਦਲ ਨੂੰ ਖ਼ਬਰ ਕਰ ਦੇਵੀਂ, ਦਲ ਪੁੱਜ ਜਾਏਗਾ। ਵੈਸੇ ਬਹੁਤੀ ਲੋੜ ਨਹੀਂ ਪੈਣ ਲੱਗੀ। ਅਸਾਂ ਚੰਗੇ ਦੰਦ ਖੱਟੇ ਕਰ ਦਿੱਤੇ ਹਨ।

ਇਹ ਸਰਦਾਰ, ਇਹ ਯੋਧੇ, ਇਹ ਸੂਰਮੇ ਨਵਾਬ ਕਪੂਰ ਸਿੰਘ ਦੀ ਅਰਦਾਸ ਕਰਨ ਆਏ ਸਨ। ਨਾਲੇ ਹਰਿਮੰਦਰ ਸਾਹਿਬ ਦੇ ਦਰਸ਼ਨ ਤੇ ਨਾਲ ਇਸ਼ਨਾਨ। ਨਾਲੇ ਪੁੰਨ ਤੇ ਨਾਲੇ ਫਲੀਆਂ।

ਇਕ ਮਤਾ ਕੀਤਾ ਗਿਆ ਕਿ ਨਵਾਬ ਕਪੂਰ ਸਿੰਘ ਦੀ ਪਦਵੀ ਨਵਾਬੀ, ਜੱਸਾ ਸਿੰਘ ਆਹਲੂਵਾਲੀਏ ਨੂੰ ਬਖ਼ਸ਼ੀ ਜਾਏ।

ਏਸ ਫ਼ੈਸਲੇ ਨੂੰ ਬੁੱਢੇ ਦਲ ਨੇ ਪ੍ਰਵਾਨ ਕਰ ਲਿਆ। ਏਸ ਮਤੇ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ।

ਅਕਾਲ ਤਖ਼ਤ ਦੀ ਹਜ਼ੂਰੀ ਵਿਚ ਸਰੋਪੇ ਦੀ ਪੱਗ, ਪਦਵੀ ਦੀ ਥਾਲੀ, ਮਿਸ਼ਰੀ ਤੇ ਕੂਜਿਆਂ ਨਾਲ ਭਰੀ, ਪੇਸ਼ ਕੀਤੀ ਗਈ।

ਜੱਸਾ ਸਿੰਘ ਆਹਲੂਵਾਲੀਏ ਨੇ ਸਿਰ ਝੁਕਾਇਆ, ਮਾਤਾ ਜੀ ਦੀ ਅਸ਼ੀਰਵਾਦ ਯਾਦ ਆ ਗਈ।

ਖ਼ਿਲਤ ਨਵਾਬੀ ਦੀ ਜੱਸਾ ਸਿੰਘ ਨੇ ਸਿਰ ਝੁਕਾਅ ਕੇ ਕਬੂਲ ਕੀਤੀ।

ਜੈਕਾਰੇ, ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।

11

ਖਦੇੜ ਦਿੱਤਾ

ਕਿਸੇ ਨੇ ਆ ਕੇ ਦੱਸਿਆ ਕਿ ਲਾਹੌਰ ਤੋਂ ਸ਼ਾਹੀ ਫ਼ੌਜ ਅੰਮ੍ਰਿਤਸਰ ਵੱਲ ਕੂਚ ਕਰ ਰਹੀ ਏ। ਪਰ ਇਹ ਪਤਾ ਨਹੀਂ ਲੱਗ ਸਕਿਆ ਕਿ ਉਹ ਕਿਸ ਇਰਾਦੇ ਨਾਲ ਆ ਰਹੇ ਹਨ। ਵੈਸੇ ਕੋਈ ਖ਼ਾਸ ਗੱਲ ਤੇ ਵਾਪਰੀ ਨਹੀਂ ਪਰ ਫ਼ੌਜ ਨੂੰ ਕੂਚ ਦਾ ਹੁਕਮ ਦੇ ਦਿੱਤੈ। ਫ਼ੌਜ ਚੜ੍ਹ ਪਈ ਏ। ਕੁਝ ਨਾ ਕੁਝ ਭਾਣਾ ਜ਼ਰੂਰ ਵਰਤੇਗਾ।

ਭਾਣਾ ਤੇ ਕੋਈ ਨਹੀਂ ਵਰਤਣ ਲੱਗਾ ਸਰਦਾਰ ਸੀ, ਐਵੇਂ ਘੱਗਰੀ ਮਾੜੀ ਜਿਹੀ ਭੁੜਕੀ ਏ।

ਇਹ ਹੁਕਮ ਮੁਰਾਦ ਬੇਗ਼ਮ ਨੇ ਚਾੜ੍ਹਿਆ ਏ। ਭਿਖਾਰੀ ਖਾਂ ਨੇ ਹੋੜਿਆ। ਇਹ ਚੰਗਾ ਕੰਮ ਨਹੀਂ ਕਰਨ ਲੱਗੀ ਪਰ ਉਹ ਅੱਥਰੀ ਜ਼ਨਾਨੀ ਮੁੜੀ ਨਹੀਂ। ਫ਼ੌਜ ਤੋਰ ਦਿੱਤੀ। ਹਿਜੜਿਆਂ ਦੇ ਬਲਬੂਤੇ ਤੇ।

ਸਿੱਖ ਵਿਸਾਖੀ ਵੇਖਣ ਆ ਰਹੇ ਨੇ। ਭੀੜ ਇੱਥੇ ਇਕੱਠੀ ਹੋ ਰਹੀ ਏ। ਜਾਓ ਆਹੂ ਲਾਲ-ਲਾਹ ਕੇ ਸੁੱਟ ਦਿਓ। ਲਲਾ-ਲਲਾ ਕਰਕੇ ਸਿੱਖਾਂ ਦੇ ਇਕੱਠ ਨੂੰ ਖਦੇੜ ਦਿਓ ਇਕ ਵਾਰਾਂ ਭਾਜੜ ਪਾ ਦਿਓ ਕਿ ਅੰਮ੍ਰਿਤਸਰ ਵਿਚ ਫ਼ੌਜ ਆ ਗਈ—ਫ਼ੌਜ ਆ ਗਈ। ਫੇਰ ਇਕ ਮਹੀਨਾ ਸੌਖਾ ਲੰਘ ਜਾਏਗਾ। ਲਾਹੌਰ ਵੱਲ ਕੋਈ ਮੂੰਹ ਨਹੀਂ ਕਰੇਗਾ।

ਫ਼ੌਜ ਚੜ੍ਹੀ ਸੀ ਲਾਹੌਰ ਤੋਂ ਪਰ ਅੱਧ ਵਿਚ ਆ ਕੇ ਵਿਚੋਂ ਕੁਝ ਬੰਦੇ ਭੁਰਨ ਲੱਗ ਪਏ। ਫ਼ੌਜ ਨੇ ਆਪਣਾ ਰੁੱਖ ਬਦਲ ਲਿਆ। ਫੇਰ ਮੁੜ ਪਏ ਲਾਹੌਰ ਨੂੰ। ਇਕ ਵਾਰ ਮੁਰਾਦ ਬੇਗ਼ਮ ਦੇ ਹੁਕਮ ਦੀ ਇੱਜ਼ਤ ਰਹਿ ਜਾਏਗੀ। ਘੱਗਰੀ ਦਾ ਦਬਦਬਾ ਪੈ ਜਾਊ।

ਔਰਤ ਦੀ ਅਕਲ ਗੁੱਤ ਪਿੱਛੇ ਹੁੰਦੀ ਏ। ਉਹ ਆਪਣੀ ਹੱਦ ਵਿਖਾਉਣਾ ਚਾਹੁੰਦੀ ਸੀ।

—ਫ਼ੌਜ ਨਾਲ ਕਿਹੜੇ-ਕਿਹੜੇ ਸੂਰਮੇ ਸਨ?

—ਮੈਂ ਸਿਰਫ਼ ਇਕ ਬੰਦੇ ਨੂੰ ਜਾਣਦਾ ਹਾਂ ਅਜ਼ੀਜ਼ ਬੇਗ।

ਇਕ ਸਰਦਾਰ ਯਕਦਮ ਬੋਲ ਪਿਆ, ਤਦ ਇਹਦੇ ਨਾਲ ਬਖ਼ਸ਼ੀਦਾ ਬੇਗ਼ ਵੀ ਨਾਲ ਈ ਹੋਣੈ। ਇਨ੍ਹਾਂ ਦੀ ਜੋਟੀ ਏ।

—ਆਉਣ ਦਿਓ ਦੇਗਾਂ ਚਾੜ੍ਹੋ, ਵਿਚਾਰਿਆਂ ਨੂੰ ਪਹਿਲਾਂ ਲੰਗਰ ਛਕਾਓ। ਥੱਕੇ-ਟੁੱਟੇ ਸਫ਼ਰ ਕਰਦੇ ਆਏ ਹਨ। ਖ਼ਾਲਸੇ ਦੇ ਪ੍ਰਾਹੁਣੇ ਹਨ। ਇਨ੍ਹਾਂ ਨੂੰ ਖੰਡ-ਚੌਲ ਖਵਾਓ।

ਇਕ ਨਿਹੰਗ ਬੋਲ ਪਿਆ, ਪਹਿਲਾਂ ਆਉਂਦਿਆਂ ਨੂੰ ਚਾਹਟਾ ਛਕਾਓ, ਫੇਰ ਸੁੱਖ-ਸਾਂਦ ਪੁੱਛ ਲੈਣੀ।

ਇਨ੍ਹਾਂ ਅੰਮ੍ਰਿਤਸਰ ਦੀ ਅਜੇ ਜੂਹ ਤੱਕ ਨਹੀਂ ਦੇਖੀ ਤੇ ਨਾ ਈ ਦਲ ਦੇ ਦਰਸ਼ਨ ਕੀਤੇ ਹਨ।

ਇਨ੍ਹਾਂ ਦੀ ਮੌਤ ਕੂਕਾਂ ਮਾਰਦੀ ਆ ਰਹੀ ਏ। ਦਲ ਅੰਮ੍ਰਿਤਸਰ ਵਿਚ ਬੈਠਾ ਹੋਇਆ ਏ। ਕੀ ਇਕ ਟੁਕੜੀ ਫ਼ੌਜ ਦੀ ਅੰਮ੍ਰਿਤਸਰ ਨੂੰ ਘੇਰਾ ਪਾ ਲਊ। ਇਹ ਗੱਲ ਕਦੀ ਮੰਨੀ ਜਾ ਸਕਦੀ ਏ?

ਬੇਗ਼ਮ ਦਾ ਹੁਕਮ ਤੇ ਮੰਨਣਾ ਈ ਪਏਗਾ। ਫ਼ੌਜ ਜਲਾਲ ਵਿਚ ਸੀ ਤੇ ਆ ਰਹੀ ਸੀ ਮਾਰੋਮਾਰ ਕਰਦੀ।

ਬੁਰੀਆਂ ਸ਼ਾਮਤਾਂ ਨੂੰ ਜੱਸਾ ਸਿੰਘ ਵੀ ਅੰਮ੍ਰਿਤਸਰ ਪੁੱਜ ਗਿਆ। ਜ਼ਰਾ ਕੁ ਥਾਪੀ ਦਿੱਤੀ ਉਨ੍ਹਾਂ ਭੁਜੰਗੀਆਂ ਨੂੰ, ਜਾਓ ਤੁਹਾਡੇ ਦੋ ਚਾਚੇ ਆ ਰਹੇ ਹਨ। ਜ਼ਰਾ ਫ਼ਤਿਹ ਬੁਲਾ ਆਵੋ। ਜੇ ਸਿੱਧੇ ਮੱਥੇ ਬੋਲਣ ਤੇ ਗੁਰੂ ਰਾਖ਼ਾ। ਜੇ ਤੁਸੀਂ ਜ਼ਰਾ ਕੁ ਗਹਿਰੀ ਅੱਖ ਵੇਖੇ ਬਿਨਾ ਪੁੱਛਿਆਂ ਈ ਸੋਧ ਦਿਓ।

ਫ਼ੌਜ ਨੇ ਦੂਰ ਤੋਂ ਈ ਦਮਾਮਾ ਵਜਦਾ ਸੁਣਿਆ ਤੇ ਭੁਜੰਗੀਆਂ ਦੀਆਂ ਤਲਵਾਰਾਂ ਦਾ ਮੂੰਹ ਵੀ ਨਹੀਂ ਵੇਖਿਆ। ਪਹਿਲਾਂ ਈ ਹਥਿਆਰ ਸੁੱਟ ਦਿੱਤੇ। ਆਓ ਲੰਗਰ ਪਾਣੀ ਛਕੀਏ। ਲੜਨਾ ਭਿੜਨਾ ਤੇ ਸਾਡਾ ਰੋਜ਼ ਦਾ ਕੰਮ ਏ। ਦੁਸ਼ਮਣੀ ਪਤਾ ਨਹੀਂ ਕਿੱਦਾਂ ਪਰ ਲਾ ਕੇ ਉੱਡ ਗਈ। ਚਲੋ ਬੇਗ਼ਮ ਦੀ ਵੀ ਗੱਲ ਰਹਿ ਗਈ ਤੇ ਖ਼ਾਲਸੇ ਨੇ ਵੀ ਨਿਹਾਲ ਕਰਕੇ ਤੋਰਿਆ। ਭੱਗਲ ਹੋਏ ਬਟੇਰੇ ਵਾਂਗੂੰ ਸੋਚ ਰਹੀ ਸੀ ਮੁਰਾਦ ਬੇਗ਼ਮ।

12

ਅੱਡ ਚੁੱਲ੍ਹੇ

ਟੱਬਰ ਵੱਡਾ ਹੋ ਜਾਏ ਤਾਂ ਫੇਰ ਮਾਂ ਬਣਾਉਂਦੀ ਏ ਅੱਡ-ਅੱਡ ਚੁੱਲ੍ਹੇ। ਬਲੂੰਗੜੇ, ਭੁਜੰਗੀ, ਮੁੰਡੇ ਜਿਨ੍ਹਾਂ ਦੀ ਅਜੇ ਦਾੜ੍ਹੀ-ਮੁੱਛ ਨਹੀਂ ਸੀ ਫੁੱਟੀ। ਛੋਟੇ-ਛੋਟੇ ਜੱਥੇ ਸਨ। ਹੌਲੀ-ਹੌਲੀ ਮਿਲ ਕੇ ਇਕ ਵੱਡਾ ਜੱਥਾ ਬਣ ਗਿਆ ਤੇ ਉਨ੍ਹਾਂ ਨੂੰ ਮਾਨਤਾ ਦੇ ਦਿੱਤੀ ਤਰਨਾ ਦਲ ਨੇ। ਏਸ ਤਰ੍ਹਾਂ ਤਰਨਾ ਦਲ ਦਾ ਆਕਾਰ ਵਧ ਗਿਆ। ਲੰਗਰ ਵਿਚ ਮੁਸ਼ਕਲ ਆ ਗਈ। ਰਹਿਣ ਦਾ ਵੀ ਪ੍ਰਬੰਧ ਕੋਈ ਚੰਗਾ ਨਹੀਂ ਸੀ। ਉਹਦੀ ਦੇਖਭਾਲ ਵੀ ਕੁਝ ਚੰਗੀ ਤਰ੍ਹਾਂ ਦੀ ਨਹੀਂ ਸੀ ਹੁੰਦੀ। ਹਥਿਆਰ, ਘੋੜੇ ਕਿੱਥੋਂ ਲਿਆਉਣ ਵਿਚਾਰੇ ਬੁੱਢੇ ਦਲ ਦੇ ਜੱਥੇਦਾਰ।

ਇਹ ਛੋਟੇ ਨਿਹੰਗ ਜੱਥਿਆਂ ਦਾ ਰੂਪ ਧਾਰਦੇ ਵੱਡੇ ਤਰਨਾ ਦਲ ਤੋਂ ਵੀ ਬਹੁਤੇ ਹੋ ਗਏ। ਇਨ੍ਹਾਂ ਨੂੰ ਸੰਭਾਲਣਾ ਇਕ ਮੁਸੀਬਤ ਬਣ ਗਈ।

ਤਰਨਾ ਦਲ ਵਾਲਿਆਂ ਆਪਣੇ ਅੱਡ-ਅੱਡ ਟੋਲੇ ਬਣਾ ਲਏ ਸਨ। ਬਿਨਾਂ ਪੁੱਛਿਆਂ, ਬਿਨਾਂ ਸਲਾਹ ਲਏ ਇਹ ਛੋਟੇ-ਛੋਟੇ ਨਿਹੰਗਾਂ ਦੀਆਂ ਛਾਉਣੀਆਂ ਦੀ ਰੂਪਧਾਰਾ ਵਿਚ ਢਲ ਗਏ। ਇਹ ਤਰਨਾ ਦਲ ਦੇ ਭੁਜੰਗੀ ਸਨ। ਕਿਸੇ ਤਰ੍ਹਾਂ ਵੀ ਵਕਤ ਨੂੰ ਧੱਕਾ ਦੇ ਰਹੇ ਸਨ। ਅਜੇ ਤੱਕ ਬੁੱਢਾ ਦਲ ਦੀ ਕੋਈ ਹਕੂਮਤ ਨਹੀਂ ਸੀ ਬਣੀ। ਲੋਕ ਇਹਨੂੰ ਲੋਟੂ ਦਲ ਆਖਦੇ।

ਤਰਨਾ ਦਲ ਵਾਲਿਆਂ ਆਪਣੇ ਅੱਡ-ਅੱਡ ਚੁਲ੍ਹੇ ਬਣਾ ਲਏ ਸਨ। ਬਿਨਾਂ ਆਗਿਆ ਜੋਸ਼ ਵਿਚ ਈ ਤੇ ਕੁਝ ਭੁੱਖ ਦੇ ਡਰ ਤੋਂ ਨਾ ਪੁੱਛਿਆ ਤੇ ਨਾ ਸਲਾਹ ਲਈ। ਇਨ੍ਹਾਂ ਛੋਟੇ-ਛੋਟੇ ਨਿਹੰਗਾਂ ਆਪਣੀਆਂ ਛਾਉਣੀਆਂ ਵੀ ਬਣਾ ਕੇ ਵੇਖ ਲਈਆਂ ਸਨ, ਵਕਤ ਨੂੰ ਧੱਕਾ ਦੇ ਰਹੇ ਸਨ। ਅਹਿਮਦ ਸ਼ਾਹ ਅਬਦਾਲੀ ਨਾਲ ਅਸਾਂ ਵੀ ਦੋ ਹੱਥ ਕਰਨੇ ਨੇ। ਇਨ੍ਹਾਂ ਵਿਚਾਰਿਆਂ ਦੇ ਰਹਿਣ ਲਈ ਝਾੜੀਆਂ, ਛਾਪੇ ਤੇ ਕੰਡਿਆਂ ਵਾਲੀਆਂ

ਢਾਹਣੀਆਂ ਸਨ। ਉਨ੍ਹਾਂ ਵਿਚ ਈ ਵਿਚਾਰੇ ਸੌਂਦੇ, ਉੱਥੇ ਪ੍ਰਸਾਦਾ ਬਣਦਾ।

ਕਿਹਦੀ ਆਗਿਆ ਲਈ ਏ, ਤੁਸੀਂ ਹੁਣੇ ਈ ਮਨਮਾਨੀਆਂ ਕਰਨ ਲੱਗ ਪਏ ਓ?

ਤਲਵਾਰ ਚਲਾਉਣ ਲਈ ਵੀ ਆਗਿਆ ਦੀ ਲੋੜ ਏ। ਅਸਾਂ ਕੱਲ ਨੂੰ ਤਰਨਾ ਦਲ ਦੇ ਇਕ ਰੁਕਨ ਬਣ ਜਾਣਾ ਏ। ਤਰਨਾ ਦਲ ਬਹਾਦਰਾਂ ਦਾ ਇਕ ਕਹਿੰਦਾ ਕਹਾਉਂਦਾ ਦਲ ਹੋਵੇਗਾ। ਬੁੱਢੇ ਦਲ ਦੀ ਛਤਰ ਛਾਇਆ ਵਿਚ ਈ ਅਸੀਂ ਜਵਾਨੀ ਚੜ੍ਹਨਾ ਏ ਤੇ ਜਵਾਨੀ ਦਾ ਆਨੰਦ ਮਾਣਨਾ ਏ।

ਸੋਚਾਂ ਪਈਆਂ, ਵਿਚਾਰਾਂ ਹੋਈਆਂ, ਜੱਥੇਦਾਰਾਂ ਨੂੰ ਆਖ਼ਰ ਜੱਸਾ ਸਿੰਘ ਆਹਲੂਵਾਲੀਏ ਨੇ ਫ਼ੈਸਲਾ ਦੇ ਦਿੱਤਾ। ਇਨ੍ਹਾਂ ਜੱਥਿਆਂ ਨੂੰ ਵੰਡ ਦਿਓ। ਲੁੱਟ ਦਾ ਮਾਲ ਤੇ ਹੋਰ ਵਸਤੂ ਜਿਹੜਾ ਖ਼ਾਲਸਾ ਲੁੱਟ ਕੇ ਲਿਆਵੇ, ਖ਼ਾਲਸੇ ਦੀ ਗੋਲਕ ਵਿਚ ਪਾਇਆ ਜਾਏ। ਇਹ ਗੁਰੂ ਦੀ ਗੋਲਕ ਹੋਵੇਗੀ ਤੇ ਇਹਦੇ ਵਿਚੋਂ ਸਾਰੇ ਦਲ ਦਾ ਖ਼ਰਚਾ ਚੱਲੇਗਾ।

ਜੱਸਾ ਸਿੰਘ ਆਹਲੂਵਾਲੀਆ ਨੇ ਇਨ੍ਹਾਂ ਜੱਥਿਆਂ ਨੂੰ ਇਉਂ ਵੰਡਿਆ : ਹਰੇਕ ਜੱਥੇ ਦਾ ਮੋਹਰੀ ਇਕ ਜੱਥੇਦਾਰ ਬਣਾ ਦਿੱਤਾ, ਇਕ ਸਰਦਾਰ ਤੇ ਉਹਦੀ ਵਾਗਡੋਰ ਜੱਸਾ ਸਿੰਘ ਨੇ ਆਪਣੇ ਹੱਥ ਵਿਚ ਰੱਖੀ। ਮਤਾ ਹੋਇਆ ਐਲਾਨ ਕੀਤਾ ਗਿਆ ਅਕਾਲ ਤਖ਼ਤ ਤੋਂ ਸਾਰਿਆਂ ਸਿਰ ਝੁਕਾਇਆ, ਮੱਥਾ ਟੇਕਿਆ। ਇਉਂ ਹੋਂਦ ਵਿਚ ਆਏ ਜੱਥੇ।

ਇਕ ਭੰਗੀਆਂ ਦਾ ਮੋਢੀ ਸਰਦਾਰ ਛੱਜਾ ਸਿੰਘ। ਭਾਗ ਸਿੰਘ ਪ੍ਰਸਿੱਧ ਸਰਦਾਰ ਸੀ। ਸੂਰਮਾ ਹਰੀ ਸਿੰਘ, ਝੰਡਾ ਸਿੰਘ ਤੇ ਗੰਡਾ ਸਿੰਘ।

ਰਾਮਗੜ੍ਹੀਆ ਮੋਢੀ ਸਰਦਾਰ ਖ਼ੁਸ਼ਹਾਲ ਸਿੰਘ ਕੱਕੜ, ਨੰਦਾ ਸਿੰਘ ਸੰਘਣੀਆਂ ਤੇ ਨਾਮੀ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਜੋਧ ਸਿੰਘ ਰਾਮਗੜ੍ਹੀਆ ਏਸ ਜੱਥੇ ਦੀ ਆਪਣੀ ਚੜ੍ਹਤ ਸੀ।

ਕਨ੍ਹੱਈਆਂ ਦਾ ਮੋਢੀ ਜੈ ਸਿੰਘ ਕਨ੍ਹੱਈਆ।

ਨਕਈਆਂ ਦਾ ਜਨਮਦਾਤਾ ਹੀਰਾ ਸਿੰਘ ਨਕੱਈ ਨਾਮੀ ਗਰਾਮੀ ਨਾਹਰ ਸਿੰਘ, ਰਣ ਸਿੰਘ।

ਪੰਜਵਾਂ ਡੱਲੇਵਾਲੀਏ ਦਾ ਮੋਢੀ ਗੁਲਾਬ ਸਿੰਘ, ਪ੍ਰਸਿੱਧ ਤਾਰਾ ਸਿੰਘ ਗੈਬਾ।

ਜੱਸਾ ਸਿੰਘ ਆਹਲੂਵਾਲੀਆ ਦਾ।

ਛੇਵਾਂ ਨਿਸ਼ਾਨ ਵਾਲਿਆਂ ਦਾ ਸੰਗਤ ਸਿੰਘ, ਮੇਘ ਸਿੰਘ।

ਫ਼ਜ਼ਲਪੁਰੀਆਂ ਦਾ ਜਿਹਨੂੰ ਸਿੰਘਪੁਰੀਆਂ ਵੀ ਆਖਦੇ ਹਨ। ਖਾੜਕੂ ਨਵਾਬ ਕਪੂਰ ਸਿੰਘ।

ਕਰੋੜਸਿੰਘੀਆਂ ਦਾ ਕਰੋੜਾ ਸਿੰਘ। ਪੰਜ ਗਰਾਈਆਂ ਵਾਲਾ।

ਸ਼ਹੀਦਾਂ ਦਾ ਮੋਢੀ ਬਾਬਾ ਦੀਪ ਸਿੰਘ।

ਸ਼ੁਕਰਚੱਕੀਆ ਦਾ ਬਜ਼ੁਰਗ ਨੌਧ ਸਿੰਘ। ਬੁੱਢਾ ਸਿੰਘ, ਚੜ੍ਹਤ ਸਿੰਘ, ਮਹਾਂ ਸਿੰਘ ਤੇ ਰਣਜੀਤ ਸਿੰਘ।

ਫੂਲਕੀਆ ਦਾ ਬਾਬਾ ਆਲਾ ਸਿੰਘ ਫੂਲਕਾ ਤੇ ਮਹਾਰਾਜਾ ਅਮਰ ਸਿੰਘ।

ਹਮੀਰ ਸਿੰਘ ਨਾਭਾ।

ਗੱਜਪਤ ਸਿੰਘ, ਰਾਜਾ ਭਾਗ ਸਿੰਘ ਜੀਂਦ ਵਾਲਾ।

ਪਰ ਲੋਕ ਇਨ੍ਹਾਂ ਨੂੰ ਮਿਸਲਾਂ ਆਖਣ ਲੱਗ ਪਏ। ਇਹ ਸਰਦਾਰ ਸਿਰਲੱਥ ਸਨ ਤੇ ਇਕ ਤੋਂ ਇਕ ਚੜ੍ਹਦੇ ਸਨ। ਇਹੋ ਹੀ ਬੁੱਢੇ ਦਲ ਤੇ ਤਰਨਾ ਦਲ ਦੀ ਜਿੰਦ ਜਾਨ ਸਨ।

ਸਿਰਫ਼ ਚੁੱਲ੍ਹਾ ਈ ਵੱਖਰਾ ਹੋਇਆ ਸੀ, ਬਾਕੀ ਸਭ ਓਸੇ ਤਰ੍ਹਾਂ ਸੀ।

ਖਾਣ-ਪੀਣ ਨੂੰ ਵੱਖੋ-ਵੱਖ ਤੇ ਲੜਨ-ਭਿੜਨ ਨੂੰ ਇਕੱਠੇ।

ਦਿੱਲੀ ਦਾ ਸ਼ਹਿਨਸ਼ਾਹ ਪੱਖੀ ਵਾਂਗੂੰ ਡੋਲਦਾ। ਨਾਂ ਦਾ ਸ਼ਹਿਨਸ਼ਾਹ ਸੀ, ਹੁਕਮ ਅਫ਼ਗਾਨਿਸਤਾਨ ਤੋਂ ਆਉਂਦਾ। ਚਲੋ ਅਹਿਮਦ ਸ਼ਾਹ ਅਬਦਾਲੀ ਦੀ ਇਹ ਮਿਹਰਬਾਨੀ ਸੀ। ਓਸ ਮੁਗ਼ਲਾਂ ਦੀ ਇਕ ਨਿਸ਼ਾਨੀ ਬਾਕੀ ਜ਼ਰੂਰ ਰੱਖੀ ਸੀ ਤੇ ਬੁੱਢੇ ਦਲ ਨੂੰ ਲੁਟੇਰਿਆਂ ਦੀ ਕਤਾਰ ਵਿਚ ਸ਼ਾਮਲ ਕੀਤਾ ਗਿਆ ਸੀ। ਰੁਹੇਲੇ, ਜਾਟ, ਮਰਹੱਟੇ ਗਿਰਝਾਂ ਵਾਂਗੂੰ ਦਿੱਲੀ ਤੇ ਮੰਡਰਾ ਰਹੇ ਸਨ। ਜਿਸਦਾ ਦਾਅ ਲਗਦਾ, ਦਿੱਲੀ ਨੂੰ ਲੁੱਟਦਾ ਤੇ ਗੁਲਛੱਰੇ ਉਡਾਉਂਦਾ। ਹਰੇਕ ਦੀ ਨਜ਼ਰ ਦਿੱਲੀ ਤੇ ਜੰਮੀ ਹੋਈ ਸੀ। ਮਾੜੇ ਦੀ ਰੰਨ ਜਣੇ-ਖਣੇ ਦੀ ਭਾਬੀ।

ਅਹਿਮਦ ਸ਼ਾਹ ਅਬਦਾਲੀ ਕੁਝ ਦਿਨ ਪ੍ਰਾਹੁਣਿਆਂ ਵਾਂਗੂੰ ਰਹਿੰਦਾ। ਖ਼ਾਲੀ ਹੱਥ ਤਾਂ ਜਾਂਦਾ ਈ ਨਹੀਂ ਸੀ। ਸਿਰਫ਼ ਖ਼ਾਲੀ ਹੱਥ ਆਉਂਦਾ ਸੀ। ਰਹਿੰਦ-ਖੂੰਹਦ ਵੀ ਲੁੱਟ ਲੈਂਦਾ ਤੇ ਉਹਦੇ ਤੇ ਸ਼ੁਕਰ ਕਰਦਾ। ਵੈਸੇ ਉਹਨੂੰ ਇਹ ਪਤਾ ਸੀ ਕਿ ਪਤਾਲ ਦੀ ਧੁੰਨੀ ਤੱਕ ਕਿੰਨ੍ਹਾਂ ਅਮੀਰਾਂ, ਵਜ਼ੀਰਾਂ ਦੇ ਘਰ ਵਿਚ ਧਨ ਲੁਕਿਆ ਹੋਇਆ ਏ? ਓਸ ਵੀ ਇਕ-ਇਕ ਗਿਣ ਕੇ ਲੋਕਾਂ ਦੇ ਘਰ ਫੋਲੇ। ਹੁਣ ਇਨ੍ਹਾਂ ਇੱਲ੍ਹਾਂ ਦੇ ਆਲ੍ਹਣਿਆਂ ਵਿਚ ਮਾਸ ਨਹੀਂ ਸੀ ਰਿਹਾ।

ਪਰ ਮਰਹੱਟੇ ਅਜੇ ਵੀ ਇਨ੍ਹਾਂ ਅਹਿਲਕਾਰਾਂ ਦੀ ਖੱਲ ਲਾਹੁਣੀ ਚਾਹੁੰਦੇ ਸੀ।

ਰੋਜ਼ ਫ਼ੌਜਾਂ ਦੀ ਘੋੜ-ਦੌੜ। ਰੋਜ਼ ਮਕਾਨ ਢਾਹੇ ਜਾਂਦੇ, ਖੇਤ ਉਜਾੜ ਦਿੱਤੇ ਜਾਂਦੇ। ਬਹੁਤੇ ਦੁਖੀ ਪਿੰਡ ਵਾਲੇ ਸਨ। ਸ਼ਹਿਰ ਵਾਲਿਆਂ ਦਾ ਤੇ ਫੇਰ ਵੀ ਕਿਤੇ ਨਾ ਕਿਤੇ ਦਾਅ ਲੱਗ ਜਾਂਦਾ ਪਰ ਪਿੰਡ ਵਾਲੇ ਖਾਣ ਕਿੱਥੋਂ? ਨੰਗੀ ਨੇ ਨਹਾਉਣਾ ਕੀ ਤੇ ਨਚੋੜਨਾ ਕੀ। ਸਾਰਾ ਹਿੰਦੁਸਤਾਨ ਯਤੀਮ ਹੋ ਚੁੱਕਾ ਸੀ।

ਡੰਗਰ ਵੱਛਾ ਵੀ ਹਿੱਕ ਕੇ ਲੈ ਜਾਂਦੇ ਰੁਹੇਲੇ ਜਾਟ। ਵਿਚਾਰੇ ਮਰਹੱਟੇ ਤੇ ਉੱਡਦੀਆਂ-ਉੱਡਦੀਆਂ ਖਾਣ ਵਾਲੇ ਸਨ।

ਲੁੱਟਣ ਨੂੰ ਤੇ ਹਰ ਕੋਈ ਆਉਂਦਾ ਪਰ ਉਨ੍ਹਾਂ ਦੀ ਰਾਖੀ ਦੀ ਹਾਮੀ ਨਾ ਭਰਦਾ। ਮਰਹੱਟੇ ਸਰਦਾਰ ਤੇ ਰਾਜੇ ਉਹ ਵੀ ਸਾਡੇ ਵਰਗੇ ਪ੍ਰਦੇਸੀ ਸਨ, ਜਿਹੜੇ ਦਿੱਲੀ ਨੂੰ ਜਾਣਦੇ ਸਨ। ਉਹੀ ਕਿਸੇ ਦਾ ਝੁੱਗਾ ਫੋਲਦੇ। ਦਿੱਲੀ ਦੀ ਹਾਲਤ ਵਿਚਾਰੀ ਦ੍ਰੋਪਦੀ ਵਰਗੀ ਸੀ।

ਅਹਿਮਦ ਸ਼ਾਹ ਅਬਦਾਲੀ ਨੇ ਮਰਹੱਟਿਆਂ ਦੀ ਆਵਾਜ਼ ਨੂੰ ਪਾਨੀਪਤ ਦੇ ਮੈਦਾਨ 'ਚ ਈ ਕਤਲ ਕਰ ਦਿੱਤਾ ਸੀ। ਇਕ ਲੱਖ ਬੰਦਾ ਤਲਵਾਰ ਦੀ ਭੇਟ ਚੜ੍ਹਿਆ। ਹਰ ਘਰ 'ਚ ਇਕ-ਇਕ ਵਿਧਵਾ ਬੈਠੀ ਹੋਈ ਸੀ। ਸਾਰੇ ਪੂਨੇ ਵਿਚ ਫੂਹੜੀਆਂ ਵਿਛੀਆਂ ਹੋਈਆਂ ਸਨ। ਮਰਹੱਟਿਆਂ ਦੀ ਬੁਰ ਟੁੱਟ ਚੁੱਕੀ ਸੀ।

ਬਾਕੀ ਰਹਿ ਗਏ ਸਿੰਘ ਇਹ ਤੇ ਪੰਜਾਬ ਵਿਚ ਈ ਵੱਸਦੇ ਨੇ। ਇਹ ਇਨ੍ਹਾਂ ਦਾ ਘਰ ਸੀ। ਇਨ੍ਹਾਂ ਵਿਚਾਰਿਆਂ ਕਿੱਥੇ ਜਾਣਾ ਸੀ? ਨਾ ਇਹ ਬਾਦਸ਼ਾਹ ਸਨ ਤੇ ਨਾ ਜਾਗੀਰਦਾਰ ਤੇ ਨਾ ਹੀ ਅਹਿਲਕਾਰ।

ਮਾਂਵਾਂ, ਭੈਣਾਂ, ਧੀਆਂ, ਭਰਾ-ਭਾਈ ਸੰਬੰਧੀ ਸਾਰਾ ਕੁਟੰਬ ਵੱਸੇ ਦਿੱਲੀ ਵਿਚ ਤੇ ਇਨ੍ਹਾਂ ਦੇ ਖਾਣ ਨੂੰ ਥੱਬੇ ਵੀ ਦੇਵੇ ਰਕਮਾਂ ਦੇ। ਉਨ੍ਹਾਂ ਦੀ ਰਾਖੀ ਤੇ ਬਹੁਤ ਜ਼ਰੂਰੀ ਸੀ ਨਾ।

ਨਾਦਰ ਸ਼ਾਹ ਨੇ ਤਾਂ ਪੰਜਾਬ ਲੁੱਟਿਆ। ਸਮੇਂ-ਸਮੇਂ ਤੇ ਸਿੰਘਾਂ ਨੇ ਅਹਿਮਦ ਸ਼ਾਹ ਅਬਦਾਲੀ ਵੀ ਲੁੱਟਿਆ ਤੇ ਨਾਦਰ ਵੀ। ਪੰਜਾਬ ਵਿਚੋਂ ਖ਼ਾਲੀ ਹੱਥ ਗਏ ਇਹ ਲੁਟੇਰੇ।

ਸਿੰਘਾਂ ਨੇ ਇਨ੍ਹਾਂ ਦਾ ਭਾਰ ਹੌਲਾ ਕੀਤਾ ਤੇ ਆਪਣੇ ਖ਼ਰਚੇ ਲਈ ਮਾਮਲਾ ਉਗਰਾਹਿਆ।

ਹੁਣ ਲੋੜ ਸੀ ਰਾਖੀ ਦੀ। ਸਿੰਘਾਂ ਨੇ ਹਾਮੀ ਭਰੀ।

ਬੁੱਢੇ ਦਲ ਤੇ ਤਰਨਾ ਦਲ ਨੇ ਰਾਖੀ ਦੀ ਜ਼ਿੰਮੇਦਾਰੀ ਲੈ ਲਈ। ਸਿਰਫ਼ ਪੰਜਾਬ ਵਿਚ ਤੇ ਉਹਦੇ ਬਦਲੇ ਫ਼ਸਲ ਦਾ ਚੌਥਾ ਹਿੱਸਾ ਲੈ ਲੈਂਦੇ। ਹਰ ਆਫ਼ਤ ਆਪ ਝਲਦੇ। ਕਿਸੇ ਨੂੰ ਖੰਘਣ ਨਾ ਦੇਂਦੇ।

ਸਰਦਾਰਾਂ ਦੀਆਂ ਇਨ੍ਹਾਂ ਬਾਰਾਂ ਮਿਸਲਾਂ ਥੱਲੇ ਜਿਹੜੇ ਇਲਾਕੇ ਆ ਗਏ ਸਨ, ਉਨ੍ਹਾਂ ਨੂੰ ਲੋਕ ਰਾਖੀ ਆਖਦੇ ਸਨ। ਰਾਖੀ ਵੀ ਇਕ ਤਰ੍ਹਾਂ ਦੀ ਹਕੂਮਤ ਸੀ।

13

ਰਾਖੀ

ਜਿਹੜੇ ਦੁੱਖ ਦੇਂਦੇ, ਜ਼ੁਲਮ ਕਰਦੇ, ਕਹਿਰ ਗੁਜ਼ਾਰਦੇ, ਉਨ੍ਹਾਂ ਦੀਆਂ ਨਾਸਾਂ ਬੰਦ ਕਰਨੀਆਂ ਨੇ। ਇਹ ਰਾਖੀ ਦੀ ਪਹਿਲੀ ਕੜੀ ਸੀ।

ਅਨਾਜ ਨਾਲ ਦਲ ਦਾ ਖ਼ਰਚ ਘਟ ਗਿਆ। ਦੁੱਧ, ਦਹੀਂ ਤੇ ਸਬਜ਼ੀਆਂ ਲੋਕ ਆਪ ਡੇਰੇ ਤੇ ਦੇਣ ਆ ਜਾਂਦੇ। ਦਲ ਨਿਸ਼ਚਿੰਤ ਹੋ ਚੁੱਕਾ ਸੀ। ਦਲ ਨੂੰ ਹੋਰ ਕੋਈ ਚੀਜ਼ ਦੀ ਮੁਥਾਜੀ ਨਹੀਂ ਸੀ।

ਵੈਸੇ ਪੰਜਾਬ ਅਨੰਦ ਵਿ.ਾ ਸੀ। ਅਹਿਮਦ ਸ਼ਾਹ ਅਦਬਾਲੀ ਦਾ ਰੌਲਾ ਪੈ ਰਿਹਾ ਸੀ। ਆ ਰਿਹਾ ਏ, ਆ ਗਿਆ ਏ, ਆਉਣ ਵਾਲਾ ਏ। ਬੜਾ ਭੈਅ ਸੀ ਅਹਿਮਦ ਸ਼ਾਹ ਅਬਦਾਲੀ ਦਾ। ਪਰ ਦਲ ਵਾਲੇ ਕਾਹਨੂੰ ਡਰਦੇ ਸਨ। ਆਓ ਧੰਨ ਭਾਗ ਦਿੱਲੀ ਲੁੱਟੋ ਜਾਂ ਮਥੁਰਾ ਅਸੀਂ ਤੇ ਤੁਹਾਨੂੰ ਲੁੱਟਣਾ ਈ ਏ। ਸਾਡੇ ਦੇਸ਼ ਦੀ ਦੌਲਤ ਤੁਸੀਂ ਕਿੱਦਾਂ ਬਾਹਰ ਲੈ ਜਾਓਗੇ। ਸਿੱਖਾਂ ਜੀਅ ਭਰਕੇ ਨਾਦਰ ਲੁੱਟਿਆ ਤੇ ਹੁਣ ਅਹਿਮਦ ਸ਼ਾਹ ਅਬਦਾਲੀ ਨੂੰ ਲੁੱਟਣ ਦੀਆਂ ਵਿਉਂਤਾਂ ਵਿਉਂਤੀਆਂ ਜਾ ਰਹੀਆਂ ਸਨ। ਸਿੰਘਾਂ ਦੀ ਦਿੱਲੀ ਤੇ ਨਜ਼ਰ ਨਹੀਂ ਸੀ। ਸਿੰਘ ਸਿਰਫ਼ ਪੰਜਾਬ ਦੀ ਖ਼ੈਰ ਮੰਗਦੇ ਸਨ।

ਲੜਨਾ-ਭਿੜਨਾ ਤੇ ਧੱਕੇਸ਼ਾਹੀ ਖ਼ਤਮ ਕਰਨੀ, ਇਹ ਤੇ ਸਾਡਾ ਧਰਮ ਏ, ਪਰ ਧੰਨ ਹਨ ਇਹ ਦਲ ਵਾਲੇ। ਨਾ ਇਹ ਕਿਸੇ ਦੀ ਰਾਖੀ ਵਾਲੇ ਇਲਾਕੇ ਵਿਚ ਚੋਰੀ-ਚਕਾਰੀ ਹੋਣ ਦੇਂਦੇ ਨਾ ਲੁੱਟਮਾਰ ਨਾ ਕਤਲ ਹੋਣ ਦੇਂਦੇ ਪਰ ਜੇ ਕੋਈ ਸਰਦਾਰ ਹਿੱਕ ਦਾ ਧੱਕਾ ਕਰਦਾ ਤਾਂ ਬਾਕੀ ਸਰਦਾਰ ਆਪਸ ਵਿਚ ਮਿਲ ਕੇ ਉਹਨੂੰ ਸੋਧ ਦੇਂਦੇ। ਵੈਸੇ ਬਹੁਤ ਘੱਟ ਲੋਕ ਇਹੋ ਜਿਹੇ ਸੁਣਨ ਵਿਚ ਆਏ। ਰਾਖੀ ਦਾ ਮਤਲਬ ਈ ਰਖਿਆ ਕਰਨੀ ਤੇ ਉਹਦੇ ਬਦਲੇ ਅਨਾਜ ਲੈਣਾ। ਜਿੰਨੀ ਕੁ ਕਿਸੇ ਦੀ ਤਾਕਤ ਹੁੰਦੀ। ਰਾਖੀ ਗੱਲ ਤੇ ਬੜੀ ਮਾਮੂਲੀ ਸੀ ਪਰ ਬਹੁਤ ਪ੍ਰਸਿੱਧ ਹੋਈ। ਸਰਦਾਰ ਆਪਣੇ ਢੰਗ ਨਾਲ ਕਾਨੂੰਨ ਬਣਾਉਂਦੇ ਤੇ ਆਪਣੇ ਢੰਗ ਨਾਲ ਸਜ਼ਾਵਾਂ ਵੀ ਦਿੰਦੇ ਤੇ ਸੋਧਦੇ ਵੀ।

ਅਹਿਮਦ ਸ਼ਾਹ ਅਬਦਾਲੀ ਦਾ ਰੌਲਾ ਪੈ ਰਿਹਾ ਸੀ। ਆ ਰਿਹਾ ਏ, ਮਾਰੋ ਮਾਰ ਕਰਦਾ। ਸਿਰਫ਼ ਦਿੱਲੀ ਦਾ ਕਲੇਜਾ ਕੰਬਦਾ। ਨਾ ਸਿੰਘ ਡਰਦੇ ਤੇ ਨਾ ਪੰਜਾਬ ਵਾਲੇ। ਆਮ ਬੰਦੇ ਨੇ ਤੇ ਡਰਨਾ ਹੀ ਸੀ ਪਰ ਦਲ ਵਾਲਿਆਂ ਦੀ ਖਲੜੀ ਵਿਚ ਰਤਾ

ਭਰ ਡਰ ਨਹੀਂ ਸੀ। ਇਹ ਤੇ ਮੌਤ ਨੂੰ ਟਿਚਕਰਾਂ ਕਰਦੇ ਰਾਹ ਜਾਂਦਿਆਂ।

ਇਕ ਹੋਰ ਕਮਾਲ ਕੀਤਾ ਜੱਸਾ ਸਿੰਘ ਆਹਲੂਵਾਲੀਏ ਨੇ। ਹਰ ਇਕ ਸਰਦਾਰ ਦੀ ਮਿਸਲ ਬਣਾਈ ਤੇ ਉਹਨੂੰ ਉਹਦੇ ਪੂਰੇ ਹੱਕ ਦਿੱਤੇ। ਕੋਈ ਝਗੜਾ ਹੁੰਦਾ ਤਾਂ ਮਿਸਲ ਵਾਲੇ ਇਹਦੀ ਗਵਾਹੀ ਦਿੰਦੇ। ਉਹ ਮਿਸਲ ਅਕਾਲ ਤਖ਼ਤ ਤੇ ਸੌਂਦੀ ਜਾਂਦੀ। ਸਰਦਾਰ ਨੂੰ ਡਾਂਟਿਆ ਵੀ ਜਾਂਦਾ ਤੇ ਉਹਨੂੰ ਪਿਆਰ ਨਾਲ ਸਮਝਾਇਆ ਵੀ ਜਾਂਦਾ ਕਿ ਅਸੀਂ ਜਿਹੜੇ ਪਿੰਡ ਆਪਣੀ ਰਾਖੀ ਲਈ ਲਏ ਹਨ ਉਹਦੀ ਹਰ ਹਬੀ-ਨਬੀ ਦੇ ਅਸੀਂ ਜ਼ੁੰਮੇਵਾਰ ਹਾਂ। ਰਾਖੀ ਈ ਸਾਡਾ ਫ਼ਰਜ਼ ਏ। ਇਹੋ ਧਰਮ ਏ, ਇਹੋ ਸੇਵਾ ਏ।

ਕੀ ਰਾਖੀ ਤੇ ਕੀ ਇੰਤਜ਼ਾਮ। ਲੋਕ ਸੁਖੀ ਵੱਸਣ ਲੱਗ ਪਏ ਸਨ। ਅਹਿਮਦ ਸ਼ਾਹ ਅਬਦਾਲੀ ਦਾ ਡਰ ਵੀ ਹੌਲੀ-ਹੌਲੀ ਲੱਥ ਗਿਆ ਸੀ। ਉਹ ਤੇ ਹਾੜ੍ਹੀ-ਸਾਉਣੀ ਜਦੋਂ ਜੀਅ ਕਰਦਾ ਜੁੱਤੀ ਪਾਈ ਤੇ ਚੜ੍ਹ ਪਿਆ ਲਾਹੌਰ ਤੇ। ਲਾਹੌਰ ਡਰਦਾ ਕੰਬਦਾ। ਨਿਸ਼ਾਨਾ ਤੇ ਲਾਹੌਰ ਈ ਸੀ ਅਹਿਮਦ ਸ਼ਾਹ ਅਬਦਾਲੀ ਦਾ। ਇੱਥੇ ਆਣ ਕੇ ਫੇਰ ਫੈਸਲਾ ਕਰਦਾ ਦਿੱਲੀ ਵੱਲ ਜਾਣ ਦਾ।

ਪਹਿਲਾਂ-ਪਹਿਲਾਂ ਉਹਨਾਂ ਦੇ ਫ਼ੌਜੀ ਬੜੇ ਖ਼ੁਸ਼ ਸਨ। ਲੁੱਟ ਦੇ ਮਾਲ ਵਿਚੋਂ ਹਿੱਸਾ ਮਿਲ ਜਾਂਦਾ। ਪਰ ਹੁਣ ਤੇ ਲੁੱਟ ਦਾ ਮਾਲ ਈ ਨਹੀਂ ਸੀ ਮਿਲਦਾ। ਫ਼ੌਜੀ ਤਨਖ਼ਾਹ ਤੇ ਈ ਗੁਜ਼ਾਰਾ ਕਰਦੇ।

ਅਹਿਮਦ ਸ਼ਾਹ ਅਬਦਾਲੀ ਨੇ ਕਈ ਵਾਰ ਸੋਚਿਆ, ਮੈਂ ਬਾਦਸ਼ਾਹ ਬਣ ਕੇ ਇੱਥੇ ਰਹਿ ਸਕਦਾ ਹਾਂ, ਜੇ ਮੈਂ ਅਫ਼ਗਾਨਿਸਤਾਨ ਨੂੰ ਤਿਲਾਂਜਲੀ ਦੇ ਦੇਵਾਂ।

ਸਿਰਫ਼ ਲੁੱਟ ਸਿਰਫ਼ ਕਤਲ। ਇੰਨੇ ਨਾਲ ਦਿਮਾਗ਼ ਦੀ ਅਯਾਸ਼ੀ ਕਰਦਾ। ਅਹਿਮਦ ਸ਼ਾਹ ਸੋਚਿਆ ਸਿੱਖ ਅਮੀਰ ਹੋ ਰਹੇ ਹਨ। ਇਹ ਜਿਉਂ-ਜਿਉਂ ਅਮੀਰ ਹੋਣ ਤਿਉਂ-ਤਿਉਂ ਸੁਸਤ ਤੇ ਅਯਾਸ਼ ਬਣ ਜਾਣਗੇ। ਫੇਰ ਇਹਨਾਂ ਦੀ ਛੇਤੀ ਗਿੱਚੀ ਮਰੋੜੀ ਜਾ ਸਕਦੀ ਏ। ਇਹ ਨਿਹੰਗ ਬਾਦਸ਼ਾਹ ਸਾਡੇ ਅੱਧੇ ਘੋੜੇ ਖੋਹ ਲੈਂਦੇ ਹਨ। ਹਥਿਆਰਾਂ ਦੇ ਜ਼ਖ਼ੀਰੇ ਲੁੱਟ ਲੈਂਦੇ ਹਨ। ਪਤਾ ਨਹੀਂ ਇਨ੍ਹਾਂ ਨੂੰ ਸੂਹ ਕਿੱਥੋਂ ਮਿਲ ਜਾਂਦੀ ਏ? ਇਹਨਾਂ ਦੀ ਤਾਕਤ ਵਧ ਰਹੀ ਏ। ਮਰਨਾ ਦਲ ਨੂੰ ਆਉਂਦਾ ਏ। ਇਹਨਾਂ ਦਾ ਉਤਸ਼ਾਹ ਬਹੁਤ ਵਧ ਗਿਆ ਏ। ਸਿੰਘਾਂ ਨੂੰ ਯਕੀਨ ਹੋ ਗਿਆ ਸੀ ਕਿ ਅਸੀਂ ਇਕ ਨਾ ਇਕ ਦਿਨ ਪੰਜਾਬ ਦੇ ਮਾਲਕ ਬਣ ਜਾਵਾਂਗੇ।

ਰਾਖੀ ਦਾ ਰਿਵਾਜ਼ ਸਿੰਘਾਂ ਦੇ ਜੱਥਿਆਂ ਦੀ ਕਾਢ ਸੀ। ਇਹ ਵੀ ਇਕ ਤਰ੍ਹਾਂ ਦਾ ਰਾਜ ਸੀ। ਹਕੂਮਤ ਕਰਨ ਦਾ ਇਕ ਨਵਾਂ ਤਰੀਕਾ ਸੀ। ਰਾਖੀ ਦੀ ਪੱਗ ਜਦ ਸਰਦਾਰ ਆਪਣੇ ਸਿਰ ਤੇ ਬੰਨ੍ਹ ਲੈਂਦਾ ਤਾਂ ਫੇਰ ਉਹਨੂੰ ਕਲਗੀ ਲਾਉਣ ਦੀ ਆਗਿਆ ਮਿਲ ਗਈ ਸੀ ਪੰਥ ਕੋਲੋਂ।

ਰਾਖੀ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਲੋਕ ਬਾਂਹ ਸਰ੍ਹਾਣੇ ਰੱਖ ਕੇ ਸੌਂ ਜਾਂਦੇ। ਕਿਸੇ ਚੋਰ-ਉਚੱਕੇ ਦਾ ਡਰ ਨਹੀਂ ਸੀ। ਰਾਖੀ ਵਾਲੇ ਸਰਦਾਰਾਂ ਨੇ ਥਾਂ-ਥਾਂ ਆਪਣੇ ਟਿਕਾਣੇ ਬਣਾ ਲਏ ਸਨ।

ਫ਼ਰਦ ਦਾ ਨਾਂ ਹੌਲੀ-ਹੌਲੀ ਮਿਸਲਾਂ ਦੇ ਨਾਂ ਨਾਲ ਬਦਲ ਗਿਆ ਤੇ ਸਰਦਾਰਾਂ ਨੂੰ ਮਿਸਲਦਾਰ ਆਖਣ ਲੱਗ ਪਏ। ਸਾਰੇ ਸਰਦਾਰ ਇਕੋ ਜਿਹੇ ਸਨ। ਕੋਈ ਵੱਡਾ ਛੋਟਾ ਨਹੀਂ ਸੀ। ਏਸੇ ਲਈ ਮਿਸਲਦਾਰ ਬਣਨਾ ਆਪਣੀ ਖ਼ੁਸ਼ਕਿਸਮਤੀ ਸਮਝਦੇ ਸਨ ਤੇ ਉਹਨੂੰ ਗੁਰੂ ਦੀ ਬਖ਼ਸ਼ਿਸ਼ ਮੰਨਦੇ।

ਖੇਤੀਬਾੜੀ ਕਰਨਾ ਫਸਲ ਆਈ ਤੇ ਫੇਰ ਵੇਚਣੀ, ਰੁਪਈਏ ਵੱਟਣੇ ਤੇ ਘਰ ਲੈ ਆਉਣੇ। ਉਹਦੀ ਰਾਖੀ ਸਰਦਾਰ ਦੇ ਡੇਰੇ ਪੁਚਾ ਦੇਣੀ। ਉਹਦੇ ਬਦਲੇ ਸਾਰੀ ਸਿਰਦਰਦੀ ਸਰਦਾਰ ਦੀ ਹੁੰਦੀ।

ਰਾਖੀ ਦਿਓ ਤੇ ਬਾਕੀ ਦੇ ਰੁਪਈਏ ਆਪਣੇ ਘਰ ਬੈਠਿਆਂ ਗਿਣ ਲਵੋ। ਇਮਾਨਦਾਰੀ ਦੀ ਹੱਦ ਹੋ ਗਈ ਸੀ। ਕੋਈ ਬੰਦਾ ਫ਼ਰੇਬ ਨਾ ਕਰਦਾ।

ਮਿਸਲਦਾਰ ਸਰਦਾਰ ਝੂਠ ਘੱਟ ਬੋਲਦਾ, ਫ਼ਰੇਬ ਨਾ ਕਰਦਾ, ਕਿਸੇ ਤੀਵੀਂ ਵੱਲ ਬੁਰੀ ਨਜ਼ਰ ਨਾ ਮਾਰਦਾ। ਸਭ ਧੀਆਂ, ਭੈਣਾਂ, ਮਾਵਾਂ, ਮਾਸੀਆਂ ਸਭ ਉਹਨਾਂ ਲਈ ਬੁੱਢੀਆਂ ਸਨ। ਬੁੱਢੀ ਓਸ ਵੇਲੇ ਬੜੇ ਸਤਕਾਰ ਦਾ ਸ਼ਬਦ ਸੀ।

ਉਹ ਦਿਨ ਕਿੱਥੇ ਗਏ। ਉਹ ਦਿਨ ਜਦ ਬੰਦੇ ਦਾ ਬੰਦਾ ਦਾਰੂ ਸੀ। ਬੁੱਢੇ ਦਲ ਦੇ ਕੁਝ ਜੱਥੇ ਅੰਮ੍ਰਿਤਸਰ ਵਿਚ ਛਾਉਣੀ ਪਾਈ ਬੈਠੇ ਰਹਿੰਦੇ ਤੇ ਬਾਕੀ ਦਾ ਦਲ ਚੱਕਰਵਰਤੀ ਹੁੰਦਾ। ਕੁਝ ਦਲ ਦੇ ਹਿੱਸੇ, ਜੇ ਕਿਸੇ ਨੂੰ ਲੋੜ ਪੈਂਦੀ ਤਾਂ ਉਹਦੀ ਮਦਦ ਲਈ ਪੁਜ ਜਾਂਦੇ।

ਤਰਨਾ ਦਲ ਵਾਲੇ ਕਾਹਲੇ ਸਨ, ਜੋਸ਼ੀਲੇ ਸਨ ਤੇ ਕਈ ਵਾਰੀ ਮਨਮਰਜ਼ੀ ਵੀ ਕਰਦੇ ਸਨ ਪਰ ਬੁੱਢੇ ਦਲ ਵਾਲੇ ਰੱਬ ਦੇ ਨਾਂ ਦੇ ਬੰਦੇ ਸਨ। ਓਸ ਵੇਲੇ ਪੰਜਾਬ ਦੀ ਹੱਦ ਦੱਰਾ ਖ਼ੈਬਰ ਤੋਂ ਲੈ ਕੇ ਜਮੁਨਾ ਤੱਕ ਸੀ ਤੇ ਸਿੰਧ ਤੋਂ ਲੈ ਕੇ ਟਿੱਬਰ ਤੱਕ।

ਪੰਜਾਬ ਸਾਰੇ ਹਿੰਦੁਸਤਾਨ ਲਈ ਇਕ ਬਖ਼ਸ਼ਿਸ਼ ਸੀ। ਇਹ ਹਮਲਾਵਾਰ ਦੀਆਂ ਅੱਧੀਆਂ ਤਲਵਾਰਾਂ ਤੋੜ ਦੇਂਦਾ।

ਪੰਜਾਬ ਤੋਂ ਲੰਘ ਜਦ ਦਿੱਲੀ ਦੀਆਂ ਹੱਦਾਂ ਵਿਚ ਆਇਆ ਲੁਟੇਰਾ, ਉਹਨਾਂ ਅੱਗੋਂ ਈ ਸਲਾਮਾਂ ਕਰਨੀਆਂ ਸ਼ੁਰੂ ਕਰ ਦੇਣੀਆਂ, ਸਿਰ ਝੁਕਾਇਆ ਤੇ ਉਹਨਾਂ ਦੀ ਈਨ ਮੰਨ ਲਈ ਪਰ ਪੰਜਾਬੀ ਬੜੇ ਆਕੜਬਾਜ਼ ਸਨ। ਖਾਨਾ ਖ਼ਰਾਬ ਹੁੰਦਾ ਤੇ ਪੰਜਾਬੀਆਂ ਦਾ, ਬਰਬਾਦ ਹੁੰਦਾ ਤੇ ਪੰਜਾਬ। ਜੇ ਉੱਜੜਦਾ ਤੇ ਪੰਜਾਬ। ਦਿੱਲੀ ਵਾਲੇ ਓਸੇ ਤਰ੍ਹਾਂ ਦੇ ਓਸੇ ਤਰ੍ਹਾਂ ਸਨ। ਇਹ ਗੱਲ ਓਸ ਵੇਲੇ ਆਮ ਹੋ ਚੁੱਕੀ ਸੀ। ਨੰਗੀ ਨੇ ਨਹਾਉਣਾ ਕੀ ਤੇ ਨਿਚੋੜਨਾ ਕੀ ?

ਲੁੱਟ ਦਾ ਮਾਲ ਕੁਝ ਦਿੱਲੀ ਵਾਲੇ ਖਾ ਜਾਂਦੇ, ਜਿਹੜੇ ਚਾਪਲੂਸ ਸਨ ਤੇ ਅਹਿਮਦ ਸ਼ਾਹ ਅਬਦਾਲੀ ਦੇ ਚਮਚੇ ਸਨ ਤੇ ਕੁਝ ਅਹਿਮਦ ਸ਼ਾਹ ਅਬਦਾਲੀ ਦੇ ਹਿੱਸੇ ਆਉਂਦਾ। ਦਿੱਲੀ ਵਾਲੇ ਉਸਤਾਦ ਹੋ ਗਏ ਸਨ।

ਅੱਗੇ ਤੇ ਕੱਲਾ ਲੁਟੇਰਾ ਈ ਖਾ ਜਾਂਦਾ ਸੀ ਪਰ ਹੁਣ ਲੁੱਟ ਦੇ ਮਾਲ ਵਿਚੋਂ ਦਿੱਲੀ ਵਾਲਿਆਂ ਨੂੰ ਵੀ ਹਿੱਸਾ ਮਿਲਦਾ। ਰਾਖੀ ਸਭ ਤੋਂ ਖ਼ੂਬਸੂਰਤ ਕਾਨੂੰਨ ਸੀ। ਰਾਖੀ ਰਾਜ ਬਣਾਉਣ ਦਾ ਇਕ ਨਵਾਂ ਢੰਗ ਸੀ। ਦਲ ਵਾਲੇ ਰਾਖੀ ਦਾ ਨਾਂ ਦੇ ਕੇ ਆਪਣੀ ਤਾਕਤ ਵਧਾ ਰਹੇ ਸਨ। ਏਸੇ ਗੱਲ ਤੋਂ ਦੁੱਖੀ ਸੀ ਅਹਿਮਦ ਸ਼ਾਹ ਅਬਦਾਲੀ। ਅਹਿਮਦ ਸ਼ਾਹ ਅਬਦਾਲੀ ਸਿਰਫ਼ ਨਿਹੰਗਾਂ ਤੋਂ ਡਰਦਾ ਸੀ। ਬਾਕੀ ਸਾਰੇ ਹਿੰਦੁਸਤਾਨ ਨੂੰ ਜੁੱਤੀ ਤੇ ਵੀ ਨਹੀਂ ਸੀ ਗਿਣਦਾ।

14

ਕਮਜ਼ਾਤ

ਮੁਰਾਦ ਬੇਗ਼ਮ ਮੁਗ਼ਲਾਨੀ ਬੇਗ਼ਮ ਬਣ ਚੁੱਕੀ ਸੀ। ਕਮਜ਼ਾਤ ਥਾਂ-ਥਾਂ ਆਪਣੇ ਹੱਥ-ਠੋਕੇ ਬਣਾ ਰਹੀ ਸੀ ਪਰ ਮਰਦ ਕਾਹਨੂੰ ਸੁਣਦੇ ਹਨ ਇਹੋ ਜਿਹੀਆਂ ਗਸ਼ਤੀਆਂ ਦੀ ਗੱਲ। ਮੁਰਾਦ ਬੇਗ਼ਮ ਨੇ ਲੋਈ ਲਾਹ ਲਈ ਸੀ।

ਮੁਰਾਦ ਬੇਗ਼ਮ ਦੀ ਧੀ ਅਹਿਮਦ ਸ਼ਾਹ ਅਬਦਾਲੀ ਦੇ ਪੁੱਤ ਤੈਮੂਰ ਨਾਲ ਪਰਨਾਈ ਹੋਈ ਸੀ। ਉਹਨੂੰ ਏਸ ਗੱਲ ਤੇ ਬੜਾ ਮਾਣ ਸੀ ਕਿ ਮੈਂ ਅਹਿਮਦ ਸ਼ਾਹ ਅਬਦਾਲੀ ਦੀ ਕੁੜਮਣੀ ਹਾਂ। ਮੁਸਲਮਾਨ ਹੋਣ ਦੇ ਨਾਤੇ ਚਾਰ ਨਿਕਾਹ ਤੇ ਹਰ ਕੋਈ ਕਰ ਲੈਂਦੇ ਪਰ ਬਾਦਸ਼ਾਹ ਏਸ ਪਾਬੰਦੀ ਤੋਂ ਵੀ ਬਰਿਅਲਜ਼ੁੰਮਾ ਸੀ। ਉਹ ਜਿੰਨੇ ਜੀਅ ਚਾਹੁੰਦਾ ਨਿਕਾਹ ਕਰ ਲੈਂਦਾ। ਨਿਕਾਹ 'ਚ ਆਈ ਹੋਈ ਜ਼ਨਾਨੀ ਹਰਮ ਵਿਚ ਆਪਣਾ ਦਬਦਬਾ ਆਪ ਬਣਾ ਲਵੇ ਤੇ ਬਣਾ ਲਵੇ, ਵਰਨਾ ਕਈ ਕੁੱਤੀਆਂ ਤੁਰੀਆਂ ਫਿਰਦੀਆਂ ਸਨ ਤੈਮੂਰ ਦੇ ਹਰਮ ਵਿਚ। ਬੱਕਰੀਆਂ, ਭੇਡਾਂ ਸਨ ਇੱਜੜ ਵਿਚ ਤੇ ਉਹਦਾ ਰਾਖਾ ਸੀ ਤੈਮੂਰ ਸ਼ਾਹ।

ਪੁੱਤ ਨੇ ਕਈ ਵਿਆਹ ਕੀਤੇ। ਜਿਹੜੀ ਨਾਲ ਚੰਬੜੀ ਰਹੀ ਹਰਮ ਵਿਚ ਆਪਣੇ ਨਾਂ ਦਾ ਸਿੱਕਾ ਚਲਾਉਂਦੀ ਰਹੀ। ਬਾਕੀ ਤਾਂ ਆਈ ਤੇ ਓਸੇ ਤਰ੍ਹਾਂ ਚਲੀ ਗਈ। ਤੈਮੂਰ ਨੇ ਕਿਹੜੀ ਜਨਮ ਪੱਤਰੀ ਲਿਖਵਾਈ ਹੋਈ ਸੀ। ਕੋਈ ਨਿਕਾਹਨਾਮਾ ਨਹੀਂ ਸੀ। ਜਿਹੜੀ ਚਾਹੀ ਗੁੱਤੋਂ ਫੜ ਕੇ ਲੈ ਆਂਦੀ ਤੇ ਗੁੱਤੋਂ ਫੜ ਕੇ ਬਾਹਰ ਕੱਢ ਦਿੱਤੀ।

ਵਜ਼ੀਰ ਗਾਜ਼ੀ ਉੱਲ ਦੀਨ ਨੇ ਜ਼ਰਾ ਕੁ ਮਰੋੜਾ ਦਿੱਤਾ ਮੁੱਛ ਨੂੰ। ਗੁੱਤੋਂ ਫੜ ਲਈ ਬੇਗ਼ਮ ਤੇ ਦਿੱਲੀ ਲੈ ਗਿਆ। ਮਾਵਾਂ, ਧੀਆਂ ਨੂੰ ਤਾਂ ਉਥੇ ਜਾ ਕੇ ਅਦੀਨਾ ਬੇਗ਼ ਨੂੰ ਉਮਾਦਾ ਬੇਗ਼ਮ ਦਾ ਹੱਥ ਫੜਾ ਦਿੱਤਾ ਜਾ ਬੱਚੂ ਉਹਦਾ ਵੀ ਮਜ਼ਾ ਲੈ, ਤੇ ਬੇਗ਼ਮ ਨੂੰ ਕੈਦ ਕਰ ਲਿਆ।

ਜਦੋਂ ਤੇਰਾ ਖ਼ਸਮ ਆਊ ਤਾਂ ਫੇਰ ਫਰਿਆਦ ਕਰ ਲਈਂ। ਅਜੇ ਤੂੰ ਜ਼ੇਲ੍ਹ ਦੀ ਹਵਾ ਖਾਹ।

ਫੇਰ ਚੇਤਾ ਆਇਆ ਬੇਗ਼ਮ ਨੂੰ। ਖ਼ਸਮ ਭਾਵੇਂ ਮਿੱਟੀ ਦਾ ਹੋਵੇ ਜ਼ਰੂਰ ਹੋਣਾ ਚਾਹੀਦੇ। ਨਵੇਂ ਖ਼ਸਮ ਦੀ ਤਲਾਸ਼ ਜ਼ਾਰੀ ਸੀ। ਮੁਰਾਦ ਬੇਗ਼ਮ ਅਯਾਸ਼ ਹੋ ਚੁੱਕੀ ਸੀ।

ਅਦੀਨਾ ਬੇਗ਼ ਗੁਲਛੱਰੇ ਉਡਾ ਰਿਹਾ ਸੀ। ਪਹਿਲਾਂ ਉਮਾਦਾ ਬੇਗ਼ਮ ਨੇ ਨੱਕ ਮੂੰਹ ਚੜ੍ਹਾਇਆ ਤੇ ਆਕੜ ਖ਼ਾਂ ਹੋ ਬੈਠੀ ਪਰ ਓਸ ਜੁੱਤੀ ਵੇਖੀ ਤੇ ਫੇਰ ਪਿਸਤੀ ਕੁੱਤੀ ਵਾਂਗੂੰ ਪੂਛ ਹਿਲਾਉਣ ਲੱਗ ਪਈ।

ਮੇਰੀ ਮਾਂ ਈ ਗ਼ਲਤ ਏ ਖ਼ਾਂ ਸਾਹਬ। ਮੈਂ ਚਲਦੀ ਆਂ ਤੁਹਾਡੇ ਨਾਲ ਜਲੰਧਰ ਹੁਣ ਮੇਰਾ ਉਹੋ ਈ ਘਰ ਏ।

ਅਹਿਮਦ ਸ਼ਾਹ ਅਬਦਾਲੀ ਆਪਣਾ ਲੁੱਟ ਦਾ ਮਾਲ ਸੰਭਾਲੇਗਾ ਜਾਂ ਤੁਹਾਡੀ ਕਚਹਿਰੀ ਕਰੇਗਾ। ਆਖਰ ਤੇ ਓਸ ਇਹੋ ਈ ਆਖਣਾ ਏ ਨਾ ਜੇ ਤੇਰੀ ਇਹਦੇ ਨਾਲ ਨਹੀਂ ਬਣਦੀ ਤਾਂ ਨਵਾਂ ਖ਼ਸਮ ਕਰ ਲੈ। ਹੋਰ੍ਹ ਤੁਰੀ ਫਿਰਦੀ ਏ ਬੰਦਿਆਂ ਦੀ। ਕੋਈ ਪਸੰਦ ਕਰ ਲੈ। ਤੇਰੇ ਤੇ ਕਿਹੜੀ ਪਾਬੰਦੀ ਲੱਗੀ ਹੋਈ ਏ।

ਅੱਜ ਨਵੀ ਬੇਗ਼ਮ ਏ। ਚਾਰ ਨਿਕਾਹ ਹਨ ਬੰਦੇ ਦੇ। ਜੇ ਪੰਜਵੀ ਆ ਗਈ ਤਾਂ ਫੇਰ ਕਿਹੜੀ ਚਿੱਟੀ ਚਾਦਰ ਨੂੰ ਦਾਗ਼ ਲੱਗ ਚੱਲੇ ਹਨ। ਸਾਡੇ ਤੇ ਮਜ਼ਹਬ ਵਿਚ ਜਾਇਜ਼ ਹਨ ਚਾਰ ਨਿਕਾਹ।

ਕਮਜ਼ਾਤ ਮੁਰਾਦ ਬੇਗ਼ਮ ਨੂੰ ਵਜ਼ੀਰ ਨੇ ਐਸਾ ਖੂੰਡੇ ਵਿਚ ਤਾੜਿਆ ਕਿ ਇਕ ਵਾਰ ਤਾਂ ਹਵਾ ਸਰਕ ਗਈ।

ਪਰ ਛੜਾਂ ਅਜੇ ਵੀ ਮਾਰ ਰਹੀ ਸੀ। ਆ ਲੈਣ ਦੇ ਸ਼ਾਹ ਨੂੰ ਦੱਸਾਂਗੀ ਤੇਰੀ ਕਰਤੂਤ। ਕਰ ਲੈ ਜੋ ਕੁਝ ਤੈਥੋਂ ਹੁੰਦਾ ਏ।

ਅਦੀਨਾ ਬੇਗ਼ ਖ਼ਰਾਜ਼ ਦੇ ਕੇ ਵਾਪਸ ਜਲੰਧਰ ਆ ਗਿਆ, ਨਾਲ ਆਪਣੀ ਮਹਿਬੂਬਾ ਨੂੰ ਲੈ ਕੇ। ਕਬੂਤਰੀ ਗੁਟਰ੍ਹੂੰ-ਗੁਟਰ੍ਹੂੰ ਕਰਦੀ ਜਲੰਧਰ ਆ ਗਈ ਤੇ ਹਰਮ ਵਿਚ ਉਹਦੇ ਹੁਸਨ ਦੀ ਸ਼ਮ੍ਹਾਂ ਰੌਸ਼ਨ ਹੋਈ।

ਰੌਲਾ ਪੈ ਰਿਹਾ ਸੀ ਅਹਿਮਦ ਸ਼ਾਹ ਅਬਦਾਲੀ ਆ ਰਿਹੈ।

ਕਦ ਆ ਰਿਹੈ, ਖ਼ਾਬ ਵੇਖਿਆ ਏ ਜਾਂ ਕਿਸੇ ਨੇ ਖ਼ਬਰ ਦਿੱਤੀ ਏ ਜਾਂ ਕੋਈ ਹਲਕਾਰਾ ਆਇਆ ਏ।

ਮੇਰੀ ਗੁੱਤ ਨੂੰ ਹੱਥ ਪਾਇਆ ਏ। ਮੈਂ ਫਰਿਆਦ ਕਰਾਂਗੀ ਸ਼ਾਹ ਅੱਗੇ।

ਖੰਭ ਖੁੱਸੀ ਕਬੂਤਰੀ ਨੂੰ ਕਿਸੇ ਨੇ ਅਵਾਜ਼ ਨਹੀਂ ਮਾਰਨੀ। ਉਹ ਸ਼ਹਿਜ਼ਾਦੀਆਂ ਦਾ ਪਾਰਖੂ ਏ ਵਛੇਰੀਆਂ ਦਾ ਨਹੀਂ। ਬੇਗ਼ਮ ਮੱਧਮ ਸੁਰ ਵਿਚ ਬੋਲ ਰਹੀ ਸੀ। ਉਹ ਜਾਣਦੀ ਸੀ ਕਿ ਸਭ ਕੁਝ ਸੱਚ ਏ ਪਰ ਓਹ ਫੇਰ ਵੀ ਸ਼ਾਹ ਨੂੰ ਆਪਣੇ ਹੱਥਾਂ ਤੇ ਪਾਉਣ ਦੀ ਕੋਸ਼ਿਸ਼ ਕਰ ਰਹੀ ਸੀ।

ਉਬੇਦੁੱਲਾ ਤੇ ਮੁਰਾਦ ਬੇਗ਼ਮ ਨੇ ਇਕੱਠੇ ਖੰਡ ਚੌਲ ਖਾ ਲਏ। ਅਬਦੁੱਲਾ ਨੂੰ ਉਂਗਲੀ ਲਾ ਕੇ ਮੁਰਾਦ ਬੇਗ਼ਮ ਨੇ ਜ਼ਰਾ ਕੁ ਬੁੱਲਾਂ ਵਿਚ ਹਾਸਾ ਨੱਚਿਆ। ਅਬਦੁੱਲਾ ਪਾਣੀ-ਪਾਣੀ ਹੋ ਗਿਆ। ਮੁਰਾਦ ਬੇਗ਼ਮ ਨੂੰ ਕੈਦ ਵਿਚੋਂ ਕੱਢਿਆ ਤੇ ਵੱਖਰੀਆਂ-ਵੱਖਰੀਆਂ ਚਿੱਠੀਆਂ ਲਿਖੀਆਂ ਅਹਿਮਦ ਸ਼ਾਹ ਅਬਦਾਲੀ ਨੂੰ।

—ਤੁਸੀਂ ਜਦ ਗਏ ਸੋਂ। ਅਜੇ ਤੁਸਾਂ ਜੇਹਲਮ ਨਹੀਂ ਸੀ ਟੱਪਿਆ। ਨਿਹੰਗਾਂ ਤੇ ਰੰਘਰੇਟਿਆਂ ਨੇ ਖ਼ਾਲਸੇ ਨਾਲ ਮਿਲ ਕੇ ਸਾਰੇ ਪੰਜਾਬ ਤੇ ਆਪਣੀ ਸਰਦਾਰੀ ਬਣਾ ਲਈ ਸੀ। ਤੁਹਾਡੇ ਬਣਾਏ ਅਹਿਲਕਾਰ ਜਾਂ ਤੇ ਨੱਸ ਗਏ ਸਨ ਦਿੱਲੀ ਵੱਲ ਜਾਂ ਮਾਰੇ ਗਏ ਸਨ। ਪੰਜਾਬ 'ਚ ਸਿਰਫ਼ ਬੁੱਢਾ ਦਲ ਤੇ ਛੋਟੇ-ਛੋਟੇ ਜੱਥੇ ਤਰਨਾ ਦਲ ਦੇ ਆਪਣੇ ਝੰਡੇ ਚੁੱਕੀ ਫਿਰਦੇ ਸਨ। ਉਹਨਾਂ ਦੇ ਘੋੜਿਆਂ ਨੇ ਸਾਰਾ ਪੰਜਾਬ ਲਤਾੜ ਛੱਡਿਆ ਸੀ। ਉਹ ਕਿਸੇ ਦੀ ਸੂਬੇਦਾਰੀ ਨਹੀਂ ਸਨ ਸਮਝਦੇ ਤੇ ਨਾ ਈ ਕਿਸੇ ਦੀ ਫ਼ੌਜ ਤੋਂ ਡਰਦੇ ਸਨ। ਤੁਹਾਡੇ ਹਾਕਮ ਅੱਜ ਜ਼ਰਾ ਕੁ ਸਿਰ ਕਢਦੇ ਹਨ ਜਦ ਲੋਕਾਂ ਸੁਣਿਆ ਕਿ ਅਹਿਮਦ ਸ਼ਾਹ ਅਬਦਾਲੀ ਆ ਰਿਹੈ ਤੇ ਲੋਕ ਤੇ ਘਰ ਦੀਆਂ ਬੁੱਢੀਆਂ ਠੇਰ੍ਹੀਆਂ ਆਖਣ ਲੱਗ ਪਈਆਂ ਸਨ, ਕੋਈ ਨਹੀਂ ਅਹਿਮਦ ਸ਼ਾਹ ਅਬਦਾਲੀ ਆ ਰਿਹਾ ਏ ਪਰ ਉਹ ਆ ਗਏ ਨੇ ਨਿਹੰਗ। ਹੁਣ ਕੋਈ ਖ਼ਤਰਾ ਕੋਈ ਡਰ ਨਹੀਂ, ਕੋਈ ਭੈਅ ਨਹੀਂ, ਆਪੇ ਸਿੱਝ ਲੈਣਗੇ ਅਬਦਾਲੀ ਨੂੰ। ਆਓ ਛੇਤੀ ਆਓ, ਅਸੀਂ ਤੁਹਾਨੂੰ ਦੱਸਾਂਗੇ। ਨਵਾਬਾਂ, ਧਨਾਢਾਂ ਦੇ ਟਿਕਾਣੇ ਅਸੀਂ ਦੱਸਾਂਗੇ, ਜਿਨ੍ਹਾਂ ਕੋਲ ਥੱਬੇ ਹਨ ਰੁਪਈਆਂ ਦੇ। ਅਜੇ ਬਹੁਤ ਦੌਲਤ ਹੈ ਹਿੰਦੁਸਤਾਨ ਵਾਲਿਆਂ ਕੋਲ। ਤੁਸੀਂ ਆਓ ਅਸੀਂ ਤੁਹਾਡਾ ਸਵਾਗਤ ਕਰਾਂਗੇ।

ਮੈਨੂੰ ਤੁਸਾਂ ਸੂਬੇਦਾਰੀ ਬਖ਼ਸ਼ੀ ਸੀ, ਉਹ ਸਾਡੇ ਤੇ ਤੁਹਾਡੇ ਬੰਦਿਆਂ ਰਲ ਕੇ ਖੋਹ

ਲਈ ਏ। ਤੁਹਾਡੇ ਹੁਕਮ ਦਾ ਰੱਤੀ ਭਰ ਵੀ ਡਰ ਨਹੀਂ। ਅਸੀਂ ਇੰਤਜ਼ਾਰ ਵਿਚ ਹਾਂ ਤੁਸੀਂ ਕਦ ਆ ਰਹੇ ਹੋ?

ਅਹਿਮਦ ਸ਼ਾਹ ਅਬਦਾਲੀ ਸਿਰਫ਼ ਨਿਹੰਗਾਂ ਤੇ ਰੰਘਰੇਟਿਆਂ ਤੋਂ ਡਰਦਾ ਸੀ। ਦਲ ਵਾਲੇ ਈ ਉਹਦੀ ਮੌਤ ਦਾ ਕਾਰਨ ਬਣਨਾ ਸੀ। ਕਦੀ ਨਾ ਕਦੀ ਤੇ ਇਹ ਵਕਤ ਆਉਣਾ ਈ ਸੀ।

ਯਾਰੋ ਮੈਂ ਹਿੰਦੁਸਤਾਨ ਨੂੰ ਲੁੱਟਦਾ ਹਾਂ ਪਰ ਇਹ ਇੰਨੇ ਬੇਖ਼ੌਫ਼ ਹਨ ਕਿ ਮੈਨੂੰ ਲੁੱਟ ਲੈਂਦੇ ਹਨ। ਇਹ ਸ਼ੇਰ ਹਨ, ਇਹਨਾਂ ਨੂੰ ਪੰਜਾਬ ਨਾਲ ਬੜਾ ਪਿਆਰ ਏ। ਇਹ ਸੱਚੇ ਤੇ ਸੁੱਚੇ ਬੰਦੇ ਹਨ। ਬਾਕੀ ਤੇ ਸਭ ਗੱਦਾਰ ਹਨ, ਵਿਕਾਊ ਹਨ। ਰਕਮ ਵਿਖਾਓ ਤੇ ਖ਼ਰੀਦ ਲਵੋ। ਹਿੰਦੁਸਤਾਨ ਕਦੀ ਆਜ਼ਾਦ ਨਹੀਂ ਹੋ ਸਕਦਾ। ਇਹ ਬੇਈਮਾਨ ਮੇਰੇ ਵੀ ਸਕੇ ਨਹੀਂ। ਮੇਰੀ ਤੇ ਸਿਰਫ਼ ਜੁੱਤੀ ਤੋਂ ਡਰਦੇ ਹਨ। ਇਹ ਸੌਦਾ ਮੇਰਾ ਵੀ ਕਰ ਲੈਂਦੇ ਪਰ ਸਿਰਫ਼ ਇਕ ਬੁੱਢਾ ਦਲ ਈ ਐਸਾ ਜੱਥਾ ਏ ਜਿਹੜਾ ਨਾ ਸੌਦਾ ਕਰੇ ਤੇ ਨਾ ਵਿਕੇ ਕਿਸੇ ਦੇ ਹੱਥ। ਬੁੱਢਾ ਦਲ ਬਿਲਕੁਲ ਸੁੱਚੇ-ਉੱਚੇ ਸੂਰਮਿਆਂ ਦਾ ਦਲ ਏ।

ਪਰ ਐਤਕੀ ਮੈਂ ਸਿੰਘਾਂ ਦਾ ਬੀ ਨਾਸ ਕਰ ਦਿਆਂਗਾ।

ਸਿੰਘ ਜੇ ਨਜ਼ਰ ਆਉਣਗੇ ਤਾਂਈਓ ਨਾ। ਉਹਨਾਂ ਨੂੰ ਤੁਹਾਡੇ ਰੂ-ਬ-ਰੂ ਆਉਣ ਦੀ ਕੀ ਲੋੜ ਏ? ਉਹਨਾਂ ਦਾ ਇਕੋ ਅਕੀਦਾ ਏ ਤੁਸੀਂ ਦਿੱਲੀ ਲੁੱਟੋ ਤੇ ਸਾਨੂੰ ਉਹਦੇ ਵਿਚੋਂ ਮਾਮਲਾ ਦੇ ਦਿਓ ਤੇ ਬਾਕੀ ਦਾ ਸਾਮਾਨ ਜਿੰਨਾ ਅਸੀਂ ਲੁੱਟ ਲਈਏ ਉਹ ਸਾਡਾ। ਇਹ ਤੇ ਭਰਾਬੰਦੀ ਏ। ਇਕ ਲੁਟੇਰੇ ਦਾ ਦੂਜੇ ਲੁਟੇਰੇ ਨਾਲ ਫੈਸਲਾ ਏ। ਪਰ ਅਸੀਂ ਤੇ ਵਿਚ ਪੜਊ ਪਿੰਦੇ ਹਾਂ। ਸਾਨੂੰ ਵੀ ਕੁਝ ਦੇ ਕੇ ਜਾਓ, ਸਾਡੇ ਕਿਹੜੇ ਹਲ ਚਲਦੇ ਹਨ। ਅਸੀਂ ਤੇ ਤੁਹਾਡਾ ਭਾਰ ਹੌਲਾ, ਕਰਦੇ ਹਾਂ ਤੇ ਲਹੂ ਦੀ ਹੋਲੀ ਖੇਡਦੇ ਹਾਂ। ਇਹ ਹੋਲੀ ਖੇਡਣੀ ਸਿਰਫ਼ ਇਹਨਾਂ ਨੂੰ ਆਉਂਦੀ ਏ। ਪੰਜਾਬ ਦੇ ਸਹੀ ਵਾਰਸ ਹਨ। ਚੰਗਾ ਮੈਂ ਜਲਦੀ ਆ ਰਿਹਾ ਹਾਂ।

ਜੰਗਬਾਜ਼ ਖ਼ਾਂ ਦੀ ਕਮਾਨ ਥੱਲੇ ਇਕ ਫ਼ੌਜ ਪਹਿਲਾਂ ਭੇਜ ਦਿੱਤੀ। ਜ਼ਰਾ ਕੁ ਡਰਾਓ ਤੇ ਮੇਰੀ ਧਾਂਕ ਬਣਾ ਕੇ ਰੱਖੋ। ਤਾਜ਼ਾ ਦਮ ਫ਼ੌਜ ਮੇਰੇ ਨਾਲ ਏ। ਅਹਿਮਦ ਸ਼ਾਹ ਅਬਦਾਲੀ ਜੋਸ਼ੋ ਖ਼ਰੋਸ਼ ਵਿਚ ਆ ਰਿਹਾ ਸੀ। ਰੌਲਾ ਆਮ ਪੈ ਰਿਹਾ ਸੀ। ਅਹਿਮਦ ਸ਼ਾਹ ਅਬਦਾਲੀ ਬਹੁਤ ਜਲਦ ਆ ਰਿਹੈ।

ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ। ਪੰਜਾਬ ਵਾਲੇ ਤੇ ਏਸ ਤਰ੍ਹਾਂ ਸੋਚਦੇ ਸਨ। ਪੰਜਾਬ ਵਾਲੇ ਦੌਲਤ ਵਲੋਂ ਨੰਗ ਸਨ। ਹਰ ਸਾਲ ਕੋਈ ਨਾ ਕੋਈ ਬਿੱਜ ਪੈ ਜਾਂਦੀ। ਫਸਲ ਉੱਜੜ ਜਾਂਦੀ ਪਰ ਅਬਦਾਲੀ ਦੀਆਂ ਅੱਖਾਂ ਸਿਰਫ਼ ਦਿੱਲੀ ਤੇ ਸਨ।

ਜੰਗਬਾਜ਼ ਖ਼ਾਂ ਕਾਫ਼ੀ ਦਲੇਰ ਸੀ ਤੇ ਛੋਹਲਾ ਵੀ ਸੀ। ਉਹਦੇ ਨਾਲ ਫ਼ੌਜ ਵੀ ਕਾਫ਼ੀ ਸੀ।

ਬੁੱਢੇ ਦਲ ਵਾਲਿਆਂ ਸੋਚਿਆ, ਇਹਦੇ ਨਾਲ ਸਿੰਗ ਅੜਾਉਣੇ ਕੋਈ ਅਕਲਮੰਦੀ ਨਹੀਂ। ਜੇ ਅਸਾਂ ਲਾਹੌਰ ਦਾ ਕਬਜ਼ਾ ਨਾ ਛੱਡਿਆ ਤਾਂ ਲਹੂ ਡੁਲ੍ਹਵੀਂ ਲੜਾਈ ਹੋਵੇਗੀ ਤੇ ਐਵੇਂ ਅਹਿਮਦ ਸ਼ਾਹ ਅਬਦਾਲੀ ਨਾਲ ਡਾਂਗ ਸੋਟਾ ਖੜਕੇਗਾ। ਏਸ ਲਈ ਸਾਨੂੰ ਆਪਣੇ ਠਾਣੇ ਲਾਹੌਰ ਤੋਂ ਚੁੱਕ ਲੈ ਜਾਣੇ ਚਾਹੀਦੇ ਹਨ। ਉਹਦੇ ਲਈ ਮੈਦਾਨ ਮੋਕਲਾ ਹੋ ਜਾਏਗਾ ਤੇ ਸਾਨੂੰ ਉਹਦੇ ਤੇਵਰ ਨਜ਼ਰ ਆ ਜਾਣਗੇ। ਉਹ ਕੀ ਕਰਨਾ ਚਾਹੁੰਦਾ ਏ ਤੇ ਕਿਧਰ ਜਾਣਾ ਚਾਹੁੰਦਾ ਏ?

ਬੁੱਢੇ ਦਲ ਨੇ ਲਾਹੌਰ ਦਾ ਕਬਜ਼ਾ ਛੱਡ ਦਿੱਤਾ ਤੇ ਹਰਨ ਹੋ ਗਿਆ। ਪਰ ਜੰਗਬਾਜ਼ ਖ਼ਾਂ ਨੇ ਦਲ ਦੇ ਦਰਸ਼ਨ ਨਹੀਂ ਸਨ ਕੀਤੇ, ਗੱਲਾਂ ਈ ਸੁਣੀਆਂ ਸਨ। ਉਹ ਬੰਦੇ ਹਨ ਜਾਂ ਦੇਵਤੇ। ਉਹ ਤੇ ਇਕੋ ਗੱਲ ਆਖਦੇ ਸਨ ਖ਼ੁਦਾ ਦੀ ਕਾਇਨਾਤ ਤੇ ਰਹਿਮ ਕਰੋ। ਖ਼ੁਦਾ ਨੇ ਤੁਹਾਨੂੰ ਅੱਜ ਤਾਕਤ ਦਿੱਤੀ ਏ। ਕਦੀ ਇਹ ਤਾਕਤ ਵੀ ਟੁੱਟੇਗੀ। ਫੇਰ ਤੁਹਾਨੂੰ ਚੇਤਾ ਆਵੇਗਾ ਕਿ ਅਸੀਂ ਜ਼ੁਲਮ ਕਰਦੇ ਹਾਂ।

ਅਹਿਮਦ ਸ਼ਾਹ ਅਬਦਾਲੀ ਆ ਰਿਹਾ ਏ ਤੇ ਲੋਕ ਆਖ ਰਹੇ ਸਨ, ਆਏ ਨੀ ਨਿਹੰਗ, ਬੂਹੇ ਖੋਲ੍ਹ ਦਿਓ ਨਿਸ਼ੰਗ।

15

ਮੁਖ਼ਬਰੀ

ਮੁਰਾਦ ਬੇਗ਼ਮ ਮੁਖ਼ਬਰੀ ਕਰਨ ਤੇ ਤੁਲੀ ਹੋਈ ਸੀ। ਤੁਸਾਂ ਮੇਰੀ ਸੂਬੇਦਾਰੀ ਖੋਹੀ ਏ ਮੈਂ ਤੁਹਾਡੀ ਪੱਗ ਗਲੀਆਂ ਵਿਚ ਰੋਲਾਂਗੀ। ਅਹਿਮਦ ਸ਼ਾਹ ਅਬਦਾਲੀ ਆ ਰਿਹਾ ਏ ਤੁਹਾਡਾ ਪਿਓ, ਜਿਹੜਾ ਤੁਹਾਡੀਆਂ ਦਾੜ੍ਹੀਆਂ ਵੀ ਪੁੱਟੇਗਾ ਤੇ ਤੁਹਾਨੂੰ ਨਾਨੀ ਚੇਤੇ ਆਏਗੀ। ਮੁਰਾਦ ਬੇਗ਼ਮ ਕੋਈ ਐਰੇ-ਗ਼ੈਰੇ ਖ਼ਾਨਦਾਨ ਦੀ ਨਹੀਂ। ਦੂਜੇ ਪਾਸੇ ਮੁਰਾਦ ਬੇਗ਼ਮ ਆਪਣਾ ਹੁਸਨ ਲਿਸ਼ਕਾਉਂਦੀ ਦੰਦੇ ਕੱਢਦੀ, ਦੰਦੇ ਕੱਢਣ ਵਿਚ ਰੁੱਝੀ ਹੋਈ ਸੀ। ਮੁਰਾਦ ਬੇਗ਼ਮ ਮੰਜ਼ੂਰੇ ਨਜ਼ਰ ਬਣਨਾ ਚਾਹੁੰਦੀ ਸੀ ਅਹਿਮਦ ਸ਼ਾਹ ਅਬਦਾਲੀ ਦੀ।

ਜ਼ਾਤ ਦੀ ਕੋਹੜ੍ਹ ਕਿਰਲੀ ਤੇ ਸ਼ਤੀਰਾਂ ਨੂੰ ਜੱਫੇ। ਸੌਣਾ ਰੂੜੀਆਂ ਤੇ ਅਤੇ ਸੁਪਨੇ ਸ਼ੀਸ਼ ਮਹਿਲਾਂ ਦੇ।

ਜਦ ਅਹਿਮਦ ਸ਼ਾਹ ਅਬਦਾਲੀ ਨੇ ਜੇਹਲਮ ਦਰਿਆ ਟੱਪਿਆ ਤਦ ਖ਼ਬਰਾਂ ਆ ਗਈਆਂ ਲਾਹੌਰ। ਸ਼ਾਹ ਆ ਰਿਹਾ ਏ ਮਾਰੋਮਾਰ ਕਰਦਾ। ਅਰਬੀ ਘੋੜੇ ਦਾ ਸਵਾਰ।

ਸੱਯਦ ਜਮੀਲੁਦੀਨ ਤੇ ਅਦੀਨਾ ਬੇਗ਼ ਨੇ ਡਰਦੇ ਮਾਰਿਆਂ ਖ਼ੇਸ ਦੀ ਬੁੱਕਲ ਮਾਰੀ, ਘੋੜੇ ਦੀਆਂ ਵਾਗਾਂ ਹੱਥ ਵਿਚ ਫੜੀਆਂ ਤੇ ਤਿੱਤਰ ਹੋ ਗਏ। ਉਹਨਾਂ ਦਿੱਲੀ ਆਣ ਕੇ ਸਾਹ ਲਿਆ ਹੁਣ ਮੈਦਾਨ ਖ਼ਾਲੀ ਸੀ। ਮੁਰਾਦ ਬੇਗ਼ਮ ਆਪਣੀ ਮੁਰਲੀ ਵਜਾ ਰਹੀ ਸੀ। ਰਾਤ ਪੈਣ ਵਾਲੀ ਸੀ। ਪੰਜੇਬ ਦੇ ਘੁੰਗਰੂ ਦੱਬੀ ਜ਼ਬਾਨ ਵਿਚ ਬੋਲ ਰਹੇ ਸਨ।

ਮੁਰਾਦ ਬੇਗ਼ਮ ਨੇ ਅਹਿਮਦ ਸ਼ਾਹ ਅਬਦਾਲੀ ਦੀ ਬੜੀ ਆਉਭਗਤ ਕੀਤੀ। ਹਜ਼ਾਰਾਂ ਰੁਪਈਆਂ ਦੇ ਫੁੱਲ ਲਿਆਂਦੇ, ਬਾਜ਼ਾਰ ਸਜਾਏ ਤੇ ਸ਼ਾਲਾਮਾਰ ਬਾਗ਼ ਵਿਚ ਦਾਅਵਤ ਦਿੱਤੀ। ਅਹਿਮਦ ਸ਼ਾਹ ਅਬਦਾਲੀ ਬਹੁਤ ਖ਼ੁਸ਼ ਹੋਇਆ। ਹੁਸਨ ਦੀਆਂ ਭਾਵੇਂ ਸਾਰੇ ਬਾਗ਼ ਵਿਚ ਡਲ੍ਹਕਾਂ ਵੱਜ ਰਹੀਆਂ ਸਨ ਤੇ ਕਈ ਅਹਿਲਕਾਰ ਸੁਪਨਿਆਂ ਵਿਚ ਤੈਰ ਰਹੇ ਸਨ। ਹਾਏ-ਹਾਏ ਦੇ ਹਉਕੇ ਭਰਦੇ। ਕਈ ਆਪਣਾ ਕਲੇਜਾ ਥੰਮ ਬੈਠੇ ਸਨ। ਕੁਦਰਤ ਰੱਬ ਦੀ ਮੁਰਾਦ ਬੇਗ਼ਮ ਨੇ ਆਪਣਾ ਸਭ ਕੁਝ ਵੇਚ ਕੇ ਅਹਿਮਦ ਸ਼ਾਹ ਅਬਦਾਲੀ ਦੀ ਦਾਅਵਤ ਕੀਤੀ ਪਰ ਅਹਿਮਦ ਸ਼ਾਹ ਅਬਦਾਲੀ ਲੁਟੇਰੇ ਨੇ ਉਹਦੀ ਆਰਸੀ ਵਿਚੋਂ ਇਕ ਵਾਰ ਵੀ ਮੂੰਹ ਨਾ ਵੇਖਿਆ। ਨਾੜ੍ਹੀ ਧੋਤੀ ਰਹਿ ਗਈ ਤੇ ਮੂੰਹ ਤੇ ਮੱਖੀ ਬਹਿ ਗਈ। ਮੁਰਾਦ ਬੇਗ਼ਮ ਆਪਣਾ ਜਿਹਾ ਮੂੰਹ ਲੈ ਕੇ ਬੈਠ ਗਈ। ਸਾਰੇ ਹਵਾਈ ਕਿਲੇ ਢਹਿ-

ਢੇਰੀ ਹੋ ਗਏ। ਮੁਰਾਦ ਬੇਗ਼ਮ ਦਾ ਦਿਲ ਟੁੱਟਾ ਪਰ ਹੌਸਲਿਆਂ ਵਿਚ ਜ਼ਰਾ ਕੁ ਜਿੰਨਾਂ ਸ਼ਿਕਨ ਨਾ ਆਇਆ। ਬੇਗ਼ਮ ਨੂੰ ਤਸੱਲੀਆਂ ਦੇ ਕੇ ਅਹਿਮਦ ਸ਼ਾਹ ਅਬਦਾਲੀ ਖ਼ਵਾਜ਼ਾ ਮਿਰਜ਼ਾ ਜਾਨ ਨੂੰ ਜਲੰਧਰ ਤੇ ਅਬਦੁੱਲਾ ਨੂੰ ਲਾਹੌਰ ਦੀ ਮਾਲਕੀ ਦੇ ਕੇ ਆਪ ਡੰਡੀ ਪੈ ਗਿਆ। ਮੇਰੇ ਲਈ ਅਸਾਮੀਆਂ ਢੂੰਡ ਕੇ ਰੱਖੋ। ਜ਼ਖੀਰਿਆਂ ਦੀ ਭਾਲ ਕਰਕੇ ਰੱਖੋ। ਮੈਂ ਛੇਤੀ ਵਾਪਸ ਮੁੜ ਜਾਣਾ ਏ। ਮੇਰੇ ਖ਼ਰਚੇ ਪਾਣੀ ਜੋਗਾ ਰਾਸ਼ਨ ਪਾਣੀ ਦੇ ਕੇ ਤੁਸਾਂ ਤੋਰਨਾ ਏ ਮੈਨੂੰ। ਬਾਕੀ ਦੌਲਤ ਮੈਂ ਆਪ ਲੁੱਟ ਕੇ ਲਿਆਵਾਂਗਾ ਦਿੱਲੀ ਵਿੱਚੋਂ।

ਘੁਮੰਡ ਚੰਦ ਰਾਜੇ ਨੂੰ ਪਹਾੜ ਦਾ ਇਲਾਕਾ ਦੇ ਕੇ ਆਪ ਦਿੱਲੀ ਨੂੰ ਕੂਚ ਕਰ ਗਿਆ। ਅੱਗੇ-ਅੱਗੇ ਜੰਗਬਾਜ਼ ਖ਼ਾਂ ਤੇ ਮਗਰ-ਮਗਰ ਅਹਿਮਦ ਸ਼ਾਹ ਅਬਦਾਲੀ ਵੀ ਗੱਜਦਾ ਆ ਰਿਹਾ ਸੀ।

ਜਦ ਦੋਵਾਂ ਦੀਆਂ ਫ਼ੌਜਾਂ ਇਕੱਠੀਆਂ ਹੋ ਗਈਆਂ। ਇਕ ਜਣਾ ਆਖਣ ਲੱਗਾ, ਲੁੱਟੇ ਲਾਹੌਰ ਨੂੰ, ਕੀ ਲੁੱਟਣਾ ਏ? ਅੱਲਾ ਦੇ ਰਹਿਮੋ-ਕਰਮ ਤੇ ਛੱਡ ਦਿੱਤਾ ਲਾਹੌਰ ਨੂੰ।

ਦਿੱਲੀ ਵਿਚ ਅਜੇ ਹਵੇਲੀਆਂ ਬਹੁਤ ਹਨ। ਉਦੋਂ ਕਾਹਲੀ-ਕਾਹਲੀ ਭਾਲ ਨਹੀਂ ਕੀਤੀ। ਕੁਝ ਨਵਾਬ ਦਿੱਲੀ ਨੂੰ ਤਿਲਾਂਜਲੀ ਦੇ ਕੇ ਨੱਸ-ਭੱਜ ਗਏ ਸਨ। ਅਜੇ ਸ਼ਾਹੀ ਖ਼ਜ਼ਾਨਾ ਕਿਹੜਾ ਖ਼ਾਲੀ ਹੋ ਗਿਆ ਏ। ਹਰਾਮਜ਼ਾਦੇ ਸੱਚ ਨਹੀਂ ਬੋਲਦੇ। ਝੂਠੀਆਂ ਕਸਮਾਂ ਖਾ ਰਹੇ ਹਨ।

ਜੁਰਮਾਨੇ ਕਰੋ ਤੇ ਫੇਰ ਨਿਕਲੇਗੀ ਦੌਲਤ, ਪੁੱਠਾ ਲਮਕਾ ਦਿਓ। ਉਹ ਪਿਓ ਦਾ ਰੱਖਿਆ ਰਖਾਇਆ ਕੱਢਣਗੇ।

ਮੈਂ ਮੁਰਾਦ ਬੇਗ਼ਮ ਸਭ ਟਿਕਾਣੇ ਦੱਸਾਂਗੇ। ਮੈਂ ਜਾਣਦੀ ਹਾਂ। ਮੈਂ ਸ਼ਾਹ ਨੂੰ ਦੌਲਤ ਲੁਟਾਵਾਂਗੀ। ਉਹਦੇ ਬਦਲੇ ਮੈਨੂੰ ਸ਼ਾਹ ਇਕ ਵਾਰ ਫੇਰ ਸੂਬੇਦਾਰੀ ਦੇ ਦੇਵੇ। ਲਾਹੌਰ ਦੀ ਸੂਬੇਦਾਰੀ ਦਾ ਕੁਝ ਆਪਣਾ ਈ ਨਸ਼ਾ ਸੀ। ਵਿਚਾਰੀ ਹੁਸਨ ਨੂੰ ਲਿਸ਼ਕਾ ਰਹੀ ਸੀ। ਅਧਖੜ ਜਨਾਨੀ ਤੇ ਉਹ ਰੂਪ ਨਹੀਂ ਆ ਸਕਦਾ। ਜਿਹਨੂੰ ਕਵਾਰੀਆਂ ਮਿਲਣ ਉਹ ਮਿੱਧੇ ਫੁੱਲ ਨੂੰ ਕਿਉਂ ਸੁੰਘੇ? ਭੜੂਆ ਬਣਿਆ ਰਹਿਣਾ ਚਾਹੀਦੈ। ਅਸੀ ਕਿਸੇ ਦਾ ਦਿਲ ਤੋੜ ਕੇ ਕੀ ਲੈਣੇ? ਉਸਕਲ ਦੇਂਦੇ ਜਾਓ। ਤਸੱਲੀਆਂ, ਦਿਲਾਸੇ ਦਿਓ ਆਪੇ ਮਗਰ-ਮਗਰ ਤੁਰੀਆਂ ਫਿਰਨਗੀਆਂ ਵਛੇਰੀਆਂ। ਬੇਗ਼ਮਾਂ ਕੋਲ ਜ਼ੇਵਰਾਤ ਬਹੁਤ ਹਨ। ਉਹਦੇ ਵਿਚੋਂ ਕੁਝ ਮੈਨੂੰ ਵੀ ਦਿਓ ਮੈਂ ਬੜੀ ਮਿਹਨਤ ਕਰ ਰਹੀ ਹਾਂ।

ਮੈਂ ਬੜੀ ਦੂਰ ਤੋਂ ਆਇਆ ਹਾਂ। ਤੁਸੀ ਭੁੱਖੇ ਹੋ। ਫੇਰ ਤੁਸੀ ਇਕਮੁੱਠ ਹੋ ਜਾਵੋ ਤੇ ਫੇਰ ਤੁਸੀ ਮੇਰੀ ਸੰਘੀ ਘੁੱਟ ਸਕਦੇ ਹੋ। ਅਜੇ ਜੁਰਮਾਨਾ ਤਾਰੋ ਤੇ ਕੱਲ ਜਦ ਤੁਹਾਡੀ ਵਾਰੀ ਆਏ ਤੇ ਫੇਰ ਵੇਖ ਲਾਂਗੇ। ਲੁਕੇ-ਛੁਪੇ ਨਵਾਬ ਬਹੁਤ ਹਨ। ਦੌਲਤਾਂ ਨਾਲ ਕੰਧਾਂ ਪੋਲੀਆਂ ਹੋਈਆਂ ਪਈਆਂ ਹਨ। ਗਹਿਣੇ ਵੇਚੋ। ਚਾਰ ਦਿਨ ਜੇ ਗਹਿਣੇ ਨਾ ਪਾਏ ਤਾਂ ਕਿਹੜੀ ਮਹਿੰਦੀ ਲੱਥ ਚੱਲੀ ਏ! ਸਾਡੀਆਂ ਤੇ ਜ਼ਨਾਨੀਆਂ ਨੂੰ ਅਜੇ ਤੱਕ ਗੋਖੜੂ ਨਸੀਬ ਨਹੀਂ ਹੋਏ ਤੇ ਉਹਨਾਂ ਨੇ ਪਾ ਕੇ ਰੀਝ ਕਿੱਥੋਂ ਲਾਹੁਣੀ ਏ? ਵਿਚਾਰੀਆਂ ਤਰਸਦੀਆਂ ਹਨ ਗੋਖੜੂ ਵੇਖਣ ਨੂੰ।

ਸੋਨੇ ਦਾ ਮੁੱਲ ਅੱਠ-ਦਸ ਰੁਪਏ ਤੋਲਾ। ਲੋਕ ਵੇਚਣ ਤਾਂ ਵੇਚ ਕੇ ਕੁਝ ਭਾਅ ਨਹੀਂ ਸੀ ਮਿਲਦਾ। ਚਾਂਦੀ ਰੁਪਈਏ ਦੀ ਦੋ ਤੋਲੇ, ਗਿਲਟ ਦਾ ਮੁੱਲ ਈ ਕੁਝ ਨਹੀਂ ਸੀ।

ਭਾਂਡੇ ਵੇਚੋ ਇਕ ਰੁਪਈਏ ਦੇ ਤਿੰਨ ਸੇਰ।

ਅਬਦਾਲੀ ਦੀ ਚੱਟੀ ਨਹੀਂ ਭਰੀ ਜਾ ਸਕਦੀ। ਗਹਿਣੇ ਲੈ ਜੋ।

ਇਕ ਬੁੱਢਾ ਬੋਲਿਆ, ਖਾਧਾ ਪੀਤਾ ਲਾਹੇ ਦਾ ਤੇ ਬਾਕੀ ਅਹਿਮਦ ਸ਼ਾਹੇ ਦਾ। ਮੁੰਡਿਆਂ ਦੇ ਢਿੱਡ ਪਾਓ, ਜਵਾਨ ਹੋਣ ਤੇ ਅਬਦਾਲੀ ਦਾ ਸਿਰ ਭੰਨਣ। ਜੇ ਤੁਸਾਂ ਏਦਾਂ ਨਾ ਕੀਤਾ ਤਾਂ ਫੇਰ ਏਸ ਤੋਂ ਵੀ ਬੁਰਾ ਹਾਲ ਹੋਵੇਗਾ। ਤੁਹਾਡੀਆਂ ਬੇਗ਼ਮਾਂ ਬੱਕਰੀਆਂ ਵਾਂਗੂੰ ਹਿੱਕ ਕੇ ਲੈ ਜਾਏਗਾ ਤੇ ਫੇਰ ਗਜ਼ਨੀ ਜਾ ਕੇ ਚੌਕ 'ਚ ਖੜ੍ਹੀਆਂ ਕਰ ਕੇ ਵੇਚੇਗਾ। ਤੁਹਾਡੀ ਪੱਗ ਰੁਲੇਗੀ, ਪੱਤ ਰੁਲੇਗੀ।

ਮੁਰਾਦ ਬੇਗ਼ਮ ਲਿਸ਼ਕਾਰੇ ਮਾਰ ਰਹੀ ਸੀ ਜੋਬਨ ਦੇ। ਹਵੇਲੀ ਦੇ ਬਾਹਰ ਖੜ੍ਹਾ ਅਹਿਮਦ ਸ਼ਾਹ ਅਬਦਾਲੀ ਆਖ ਰਿਹਾ ਸੀ :

—ਹਰਾਮਜ਼ਾਦੀਓ ਮੈਂ ਬੜਾ ਸਬਰ ਕਰਕੇ ਆਇਆ ਹਾਂ। ਮੇਰੀ ਫ਼ੌਜ ਦਾ ਖ਼ਰਚ ਬਹੁਤ ਏ। ਕੱਢੋ ਦੱਬਿਆ ਦਬਾਇਆ ਮਾਲ। ਤੁਸੀਂ ਮੈਨੂੰ ਖ਼ੁਸ਼ ਕਰੋ ਤੇ ਮੈਂ ਤੁਹਾਨੂੰ ਖ਼ੁਸ਼ ਕਰਾਂਗਾ।

—ਸਾਡੇ ਕੋਲ ਕੁਝ ਨਹੀਂ ਅਸੀਂ ਨੰਗ ਹਾਂ। ਤੁਸੀਂ ਜਦੋਂ ਪਹਿਲਾਂ ਆਏ ਸੋ ਸਭ ਕੁਝ ਓਦੋਂ ਈ ਦੇ ਦਿੱਤਾ ਸੀ। ਅਸੀਂ ਚਿੱਟੇ ਭੁੱਖੇ ਹਾਂ। ਘਰ ਖੁੱਲ੍ਹਾ ਪਿਆ ਏ ਤਲਾਸ਼ੀ ਲੈ ਲਵੋ। ਅਸਾਂ ਕਿਹੜਾ ਲੁਕੋ ਕੇ ਰੱਖਿਆ ਹੋਇਆ ਏ।

ਸੰਘ 'ਚ ਅੰਗੂਠਾ ਦਿੱਤਾ ਖਾਖਾਂ ਪਾੜੀਆਂ। ਕੱਢ ਲਿਆ ਜੋ ਕੁਝ ਬਚਿਆ ਬਚਾਇਆ ਹੋਇਆ ਸੀ।

ਉਹ ਬੇਗ਼ਮ ਜਿਹੜੀ ਖੜ੍ਹੀ ਏ ਨਾ ਉਹਦੇ ਕੋਲ ਨੌਂ ਲੱਖਾ ਹਾਰ ਏ, ਜਿਹੜਾ ਉਹਦੇ ਪਿਓ ਨੇ ਦਾਜ ਵਿਚ ਦਿੱਤਾ ਸੀ।

ਭੈਣ ਕੁਫ਼ਰ ਨਾ ਤੋਲ, ਤੂੰ ਵੀ ਰੱਬ ਨੂੰ ਜਾਨ ਦੇਣੀ ਏ। ਸਾਡੇ ਕੋਲ ਕਿੱਥੇ। ਉਹ ਤੇ ਲੁੱਟ-ਪੁੱਟ ਕੇ ਲੈ ਗਏ ਹਨ।

ਮੰਗਲ ਸੂਤਰ ਤੇ ਹੈ ਨਾ ?

ਇਸਲਾਮ 'ਚ ਇਹਦਾ ਕੋਈ ਰਿਵਾਜ ਨਹੀਂ।

ਪਰ ਅਸੀਂ ਤੇ ਸਾਰੀਆਂ ਮੰਗਲ ਸੂਤਰ ਪਾਉਂਦੀਆਂ ਹਾਂ।

ਸ਼ਾਹ ਦਾ ਮੂੰਹ ਕੁਝ ਜ਼ਿਆਦਾ ਈ ਟੱਡਿਆ ਹੋਇਆ ਏ। ਉਹ ਬਿਲਕੁਲ ਦਿੱਲੀ ਨੂੰ ਨੰਗੀ ਕਰਨਾ ਚਾਹੁੰਦਾ ਏ। ਇਹ ਖ਼ੁਦਾ ਦਾ ਕਹਿਰ ਏ। ਇਹ ਜ਼ੁਲਮ ਚੰਗਾ ਨਹੀਂ। ਇਹਨੂੰ ਵੀ ਰੱਬ ਤੋਂ ਡਰਨਾ ਚਾਹੀਦਾ ਏ। ਆਵਾਜ਼ ਇਕ ਮੱਧਮ ਜਿਹੀ ਸੀ।

—ਚੱਲ ਹੋਰ ਦੱਸ, ਆਖਣ ਲੱਗਾ ਸ਼ਾਹ ਮੁਰਾਦ ਬੇਗ਼ਮ ਨੂੰ।

ਸੀਤਾ ਰਾਮ ਬਾਜ਼ਾਰ ਲੁੱਟਿਆ ਜਾ ਸਕਦਾ ਏ। ਹਿੰਦੂ ਸ਼ਾਹੂਕਾਰਾਂ ਦੇ ਮਕਾਨ ਹਨ ਉੱਥੇ।

ਹਾਂ ਸਲਾਹ ਤੇ ਤੇਰੀ ਠੀਕ ਏ। ਚਲੋ ਉੱਥੇ ਜਾ ਕੇ ਉੱਥੇ ਦਾ ਰੰਗ ਵੇਖ ਲੈਂਦੇ ਹਾਂ।

ਅਹਿਮਦ ਸ਼ਾਹ ਅਬਦਾਲੀ ਨੇ ਚੌੜੀ ਬਾਜ਼ਾਰ ਤੇ ਸੀਤਾ ਰਾਮ ਦਾ ਮੁਹੱਲਾ ਲੁੱਟਿਆ। ਜੀਅ ਭਰਕੇ ਦੌਲਤ ਹੱਥ ਲੱਗੀ। ਲੈ ਤੂੰ ਵੀ ਗੋਖੜੂ ਪਾ ਲੈ। ਰਿਸ਼ਵਤ ਦੇ ਰਿਹਾ ਸੀ ਅਹਿਮਦ ਸ਼ਾਹ ਅਬਦਾਲੀ ਮੁਰਾਦ ਬੇਗ਼ਮ ਨੂੰ।

—ਮੈਂ ਤੇ ਹੁਣ ਸੂਬੇਦਾਰੀ ਦੇ ਗੋਖੜੂ ਪਾਵਾਂਗੀ।

—ਸ਼ਾਹ ਜੇ ਅਜੇ ਵੀ ਜੀਅ ਨਹੀਂ ਭਰਿਆ ਤੇ ਫੇਰ ਗੋਕੁਲ ਚੱਲੋ।

—ਮੈਨੂੰ ਤੇ ਦੌਲਤ ਚਾਹੀਦੀ ਏ।

—ਮੈਨੂੰ ਹੁਣ ਹਿੰਦੂ ਮੁਸਲਮਾਨ ਨਾਲ ਕੋਈ ਹਮਦਰਦੀ ਨਹੀਂ।

—ਤੇ ਫੇਰ ਜਾਓ ਗੋਕੁਲ ਤੇ ਨਾਲ ਈ ਮਥੁਰਾ। ਦੁੱਧ ਵੀ ਪੀਓ ਕਟੋਰੇ ਭਰ-ਭਰ,

ਮੱਖਣ ਖਾਓ ਤੇ ਦੌਲਤ ਵੀ ਲੁੱਟ ਲਵੇ। ਹੁਸੀਨ ਗਵਾਲਨਾਂ ਓਥੇ ਈ ਵਸਦੀਆਂ ਹਨ।

ਚੱਲ ਫੇਰ ਤੂੰ ਵੀ ਸਾਡੇ ਨਾਲ ਈ ਚੱਲ ਜੀਅ ਲੱਗਾ ਰਹੇਗਾ।

ਮੁਰਾਦ ਬੇਗ਼ਮ ਨੇ ਸੋਚਿਆ ਕਿ ਅਹਿਮਦ ਸ਼ਾਹ ਅਬਦਾਲੀ ਦਾ ਦਿਲ ਪਿਘਲ ਜਾਏਗਾ। ਉਸ ਇਕ ਵਾਰ ਆਪਣੀ ਆਰਸੀ 'ਚੋ ਫੇਰ ਮੂੰਹ ਵੇਖਿਆ, ਮੁਸਕਰਾਈ। ਆਵਾਜ਼ ਉੱਭਰੀ ਬਾਂਦੀ ਗ਼ੁਲਾਮ ਏ।

ਚੱਲੋ ਮਥੁਰਾ ਗੋਕੁਲ ਦੇ ਦਰਸ਼ਨ ਕਰ ਆਵਾਂਗੇ। ਭਗਵਾਨ ਕ੍ਰਿਸ਼ਨ ਦੀ ਨਗਰੀ ਏ।

ਮੁਰਾਦ ਬੇਗ਼ਮ ਨੇ ਸਾਰੇ ਤੀਰ ਚਲਾ ਕੇ ਵੇਖ ਲਏ। ਅਹਿਮਦ ਸ਼ਾਹ ਅਬਦਾਲੀ ਉਹਦੇ ਸੁਰਮੇ ਤੇ ਨਾ ਰੀਝਿਆ। ਕਜਲਾ ਭੰਗ ਦੇ ਭਾੜੇ ਈ ਗਿਆ। ਫ਼ੌਜ ਕੂਚ ਕਰ ਚੁੱਕੀ ਸੀ ਮਥੁਰਾ ਵੱਲ। ਮੁਖ਼ਬਰੀ ਰੰਗ ਲਿਆਏਗੀ। ਅਹਿਮਦ ਸ਼ਾਹ ਅਬਦਾਲੀ ਮਾਲਾਮਾਲ ਹੋ ਜਾਏਗਾ। ਹਿੰਦੁਸਤਾਨ ਸੋਨੇ ਦੀ ਚਿੜੀ ਏ। ਉੱਥੇ ਨਾ ਦੌਲਤ ਮੁੱਕ ਸਕਦੀ ਏ ਤੇ ਨਾ ਹੁਸਨ।

16

ਦਿਨ ਹੋਲੀ ਦੇ

ਬਿੰਦਰਾਬਨ ਵਿਚ ਹੋਲੀ ਖੇਡੀ ਜਾ ਰਹੀ ਸੀ। ਦਿਨ ਹੋਲੀ ਦੇ ਸਨ। ਗੋਕੁਲ ਬਿੰਦਰਾਬਨ ਵਿਚ ਹੋਲੀ ਦੇ ਦਿਨਾਂ ਵਿਚ ਸਿਰਫ਼ ਹੋਲੀ। ਰੰਗ, ਮੌਜ, ਮਸਤੀ। ਏਸ ਤੋਂ ਬਿਨਾਂ ਕੁਝ ਨਹੀਂ।

ਕੀ ਅਹਿਮਦ ਸ਼ਾਹ ਅਬਦਾਲੀ ਗੋਕੁਲ 'ਚ ਆ ਜਾਏਗਾ। ਦਿੱਲੀ ਦੀ ਖ਼ੂਬਸੂਰਤ ਨਗਰੀ ਛੱਡ ਕੇ। ਉਹਨਾਂ ਨੂੰ ਤੇ ਓਦੋਂ ਪਤਾ ਲੱਗਾ ਜਦ ਜਹਾਨ ਖ਼ਾਂ ਨੇ ਬਿੰਦਰਾਬਨ ਵਿਚ ਕਤਲੇਆਮ ਦਾ ਹੁਕਮ ਦੇ ਦਿੱਤਾ।

ਭੰਗ ਦੀ ਮਸਤੀ ਰੰਗ ਤੇ ਗੁਲਾਲ ਦੀ ਖ਼ੁਸ਼ਬੂ ਫੈਲੀ ਹੋਈ ਸੀ। ਸਾਰੀ ਹਾਹਾਕਾਰ ਵਿਚ ਬਦਲ ਗਈ। ਬਿੰਦਰਾਬਨ ਵਿਚ ਚੀਕਾਂ, ਕੋਹਰਾਮ ਦਾ ਅਖਾੜਾ ਬਣ ਗਿਆ।

ਚੀਕਾਂ, ਹੌਕੇ, ਚਾਂਗਰਾਂ। ਰੰਗ ਦੀ ਜਗ੍ਹਾ ਲਹੂ ਲਾਲ ਸੂਹਾ, ਲੋਕ ਕਤਲ ਹੋ ਰਹੇ ਸਨ। ਇਨਸਾਨ ਮਰ ਰਿਹਾ ਸੀ, ਮੰਦਰ ਢਾਹੇ ਜਾ ਰਹੇ ਸਨ। ਦੇਵਤੇ ਵੀ ਹਾਹਾਕਾਰ ਵਿਚ ਆਪਣਾ ਅਸਥਾਨ ਬਦਲ ਚੁੱਕੇ ਸਨ।

ਏਥੇ ਨਾ ਕੋਈ ਭਗਵਾਨ ਸੀ ਨਾ ਕ੍ਰਿਸ਼ਨ ਨਾ ਕੰਸ। ਸਿਰਫ਼ ਗੋਪੀਆਂ ਸਨ। ਲਹੂ 'ਚ ਰੰਗੀਆਂ ਹੋਈਆਂ। ਸਾੜੀ ਲਹੂ-ਲੁਹਾਨ ਸੀ। ਨਾ ਸ਼ਰਮ ਸੀ ਨਾ ਹਯਾ ਸੀ। ਖ਼ੂੰਖ਼ਾਰ ਜਾਨਵਰ ਬੋਟੀਆਂ ਨੋਚ ਰਹੇ ਸਨ।

ਹਰਾਮਜ਼ਾਦੀਆਂ ਹੋਲੀ ਦੇ ਰੰਗ ਵਿਚ ਬਹੁਤ ਸੋਹਣੀਆਂ ਲਗਦੀਆਂ ਨੇ। ਕਾਫ਼ਰਾਂ ਦੀਆਂ ਕੁੜੀਆਂ ਮਲਾਈ ਵਰਗੀਆਂ ਹਨ। ਮੱਖਣ ਵਰਗੀਆਂ ਗੋਰੀਆਂ ਤੇ ਦਹੀਂ ਵਰਗੀਆਂ ਚਿੱਟੀਆਂ। ਇਹ ਸਭ ਮਥੁਰਾ ਦੇ ਪੇੜੇ ਵਰਗੀਆਂ ਹਨ।

ਸ਼ਾਹ ਨੂੰ ਆਉਣ ਦਿਓ ਬੁਲਾਂ 'ਚ ਪਾਣੀ ਆ ਜਾਊ। ਬਹਿਸ਼ਤ ਦੀਆਂ ਹੂਰਾਂ ਤੋਂ

ਘੱਟ ਨਹੀ। ਇਹ ਸਭ ਅੱਲਾ ਦੀਆਂ ਰਹਿਮਤਾਂ ਹਨ।

ਦਿੱਲੀ ਤੋਂ ਚੱਲਿਆ ਸ਼ਾਹ ਆਇਆ ਕਿ ਆਇਆ। ਬਿੰਦਰਾਬਨ ਸਿਰਫ਼ ਲਹੂ ਸੀ, ਲਾਸ਼ਾਂ ਸਨ, ਚੀਕਾਂ ਸਨ, ਕਤਲ ਹੋ ਰਹੇ ਸਨ ਬੰਦੇ। ਭਗਵਾਨ ਸਰੇ ਬਾਜ਼ਾਰ ਲਹੂ 'ਚ ਇਸ਼ਨਾਨ ਕਰ ਰਿਹਾ ਸੀ।

ਇਕ ਬੰਦੇ ਨੇ ਹੱਥ ਜੋੜੇ। ਹੁਣ ਤੇ ਸਰਕਾਰ ਬਿੱਲੀ ਦਾ ਬੱਚਾ ਵੀ ਨਜ਼ਰ ਨਹੀ ਆਉਂਦਾ। ਹੁਣ ਤੇ ਕਤਲ ਬੰਦ ਕਰ ਦਿਓ।

ਜਾਓ ਕਤਲੇਆਮ ਬੰਦ, ਆਉਣ ਦਿਓ ਸ਼ਾਹ ਨੂੰ ਮੁਰਾਦ ਬੇਗ਼ਮ ਨਾਲ ਏ। ਉਹ ਦੱਸੇਗੀ ਸ਼ਾਹੂਕਾਰਾਂ ਦੇ ਘਰ, ਧਨਾਢਾਂ, ਚੌਧਰੀਆਂ ਦੀਆਂ ਹਵੇਲੀਆਂ। ਬਾਰਾਂਦਰੀਆਂ ਬੇਗ਼ਮਾਂ ਦੀਆਂ। ਦੌਲਤ ਦੇ ਭੰਡਾਰ ਹਨ ਮਥੁਰਾ ਵਿਚ।

ਮੁਰਾਦ ਬੇਗ਼ਮ ਅਹਿਮਦ ਸ਼ਾਹ ਅਬਦਾਲੀ ਦੇ ਨਾਲ ਹਮ-ਰਕਾਬ ਸੀ। ਹੁਸਨ ਦੀਆਂ ਕਿਰਨਾਂ ਫੁੱਟ ਰਹੀਆਂ ਸਨ।

ਪੁਜਾਰੀਆਂ ਦੇ ਘਰ ਦੌਲਤ ਨਾਲ ਭਰੇ ਪਏ ਸਨ। ਜਿੰਨੀ ਚਾਹੇ ਦੌਲਤ ਲੈ ਜਾਏ ਸ਼ਾਹ। ਅਸੀ ਇੰਨੀ ਕੀ ਕਰਨੀ ਏ ਦੌਲਤ?

ਇਕ ਮੋਟਾ ਕਾਲੇ ਝੋਟੇ ਵਰਗਾ ਪੁਜਾਰੀ ਐਵੇਂ ਲਾਸ਼ਾਂ ਵਿਚੋਂ ਨਿਕਲ ਆਇਆ।

—ਕੌਣ ਏ ਤੂੰ?

—ਮੈਂ ਪੁਜਾਰੀ ਹਾਂ ਰਘੁਨਾਥ ਮੰਦਰ ਦਾ।

—ਕਿਥੇ ਚੱਲਿਆ ਏਂ?

—ਆਰਤੀ ਦਾ ਵੇਲਾ ਹੋ ਗਿਆ ਏ।

—ਬਿੰਦਰਾਬਨ ਤੇ ਲਹੂ ਵਿਚ ਭਿੱਜੀ ਪਈ ਏ।

—ਕੀ ਹੋਇਆ ਇਹ ਲਹੂ-ਲਹੂ ਏ। ਰੰਗ ਵੀ ਏ ਲਹੂ। ਲਹੂ ਨਾਲ ਹੋਲੀ ਖੇਡੋ।

—ਭੰਗ ਦਾ ਨਸ਼ਾ ਖਿੜਿਆ ਹੋਇਆ ਸੀ।

—ਚਲ ਬੱਚੂ ਆਪਣੇ ਘਰ ਕੱਢ ਦੌਲਤ ਨੱਪੀ ਹੋਈ।

—ਮੈਂ ਪੁਜਾਰੀ, ਮੇਰੇ ਕੋਲ ਦੌਲਤ ਕਿੱਥੋਂ।

—ਲੰਮਾ ਪਾ ਲਵੋ ਤੇ ਜੁੱਤੀਆਂ ਮਾਰੋ ਭੰਗ ਲੱਥ ਜਾਊ। ਵੱਡਾ ਪੁਜਾਰੀ ਤਾਂ ਹੋਰ ਏ ਮੈਂ ਤੇ ਗੁਮਾਸ਼ਤਾ ਹਾਂ। ਉਹਦੇ ਕੋਲ ਦੌਲਤਾਂ ਦੀਆਂ ਭੜੋਲੀਆਂ ਭਰੀਆਂ ਪਈਆਂ ਹੋਣੀਆਂ ਨੇ।

ਆਖਣ ਵਾਲਾ ਭੰਗ ਵਿਚ ਹੌਂਟ ਸੀ। ਭੰਗ ਹੁਲਾਰੇ ਦੇ ਰਹੀ ਸੀ। ਝੂਟੇ ਲੈ ਰਿਹਾ ਸੀ ਨਸ਼ੇ ਵਿਚ।

ਜੁੱਤੀਆਂ ਮਾਰ-ਮਾਰ ਕੇ ਬੱਸ ਬੁਲਾ ਦਿੱਤੀ।

ਭੰਗ ਵਿਚਾਰੀ ਆਲੀ-ਭੋਲੀ ਜੋ ਆਏ ਸੋ ਬੰਨ੍ਹੇ। ਜੁੱਤੀਆਂ ਦੀ ਮਾਰ ਨਾ ਝੱਲੀ।

ਬੋਲਿਆ ਜੁੱਤੀਆਂ ਮਾਰਨ ਵਾਲਾ, ਦੌਲਤ ਦਾ ਸੰਦੂਕ ਕਿੱਥੇ ਰੱਖਿਆ ਹੋਇਆ ਈ?

—ਸਰਕਾਰ ਅੱਗੇ ਮੈਂ ਭੰਗ ਦੇ ਨਸ਼ੇ ਵਿਚ ਸਾਂ। ਭੰਗ ਲੱਥ ਗਈ ਏ ਮੇਰੇ ਕੋਲ ਭੰਗ ਨਾਲ ਭਰਿਆ ਸੰਦੂਕ ਹੈ। ਚੱਲੋ ਦੇ ਦੇਂਦਾ ਹਾਂ। ਆਪ ਮੰਗ ਕੇ ਪੀ ਲਵਾਂਗਾ।

—ਮੈਂ ਤੇ ਫ਼ਰਜ਼ੀ ਪੁਜਾਰੀ ਹਾਂ। ਮੈਂ ਤੇ ਨੌਕਰ ਹਾਂ ਪੁਜਾਰੀ ਹੋਰ ਏ।

—ਦੋ ਕੁ ਜੁੱਤੀਆਂ ਹੋਰ ਮਾਰੋ, ਕਾਫ਼ਰ ਝੂਠ ਬੋਲਦੇ।

—ਨਹੀ ਬੇਗ਼ਮ ਝੂਠ ਨਹੀ ਸੱਚ ਏ। ਐਵੇਂ ਗ਼ਰੀਬ ਮਾਰ ਨਾ ਕਰੋ।

—ਚੱਲ ਫੇਰ ਦੱਸ ਆਪਣੇ ਮਾਲਕ ਪੁਜਾਰੀ ਦਾ ਘਰ।

ਅੱਗੇ-ਅੱਗੇ ਨੌਕਰ ਪੁਜਾਰੀ ਦਾ ਤੇ ਮਗਰ-ਮਗਰ ਬੇਗ਼ਮ ਤੇ ਨਾਲ ਅਹਿਮਦ ਸ਼ਾਹ ਅਬਦਾਲੀ। ਮੰਦਰ ਸਾਹਮਣੇ ਖੜ੍ਹਾ ਹੋ ਗਿਆ ਲੁਟੇਰਾ।

—ਪੁਜਾਰੀ ਕਿੱਥੇ ਹੈ। ਕੱਢੋ ਹਰਾਮਜ਼ਾਦੇ ਨੂੰ।

—ਸਰਕਾਰ ਘਰ ਹੋਣੈਂ। ਭੰਗ ਪੀ ਕੇ ਸੁੱਤਾ ਪਿਆ ਹੋਣੈ। ਦੀਨ ਦੁਨੀਆਂ ਦੀ ਕੋਈ ਹੋਸ਼ ਨਹੀਂ। ਸਿਪਾਹੀ ਗਏ ਬੋਦੀਓਂ ਫੜ ਕੇ ਲੈ ਆਏ।

—ਓਏ ਅਹਿਮਦ ਸ਼ਾਹ ਅਬਦਾਲੀ ਬਿੰਦਰਾਬਨ ਵਿਚ ਆਏ ਤੇ ਤੂੰ ਸਲਾਮ ਕਰਨ ਵੀ ਨਹੀ ਆਇਆ।

—ਭੁੱਲ ਹੋ ਗਈ, ਰਾਤੀ ਭੰਗ ਜ਼ਿਆਦਾ ਪੀ ਗਿਆ ਸੀ। ਨਸ਼ੇ ਵਿਚ ਕੁਝ ਯਾਦ ਨਹੀਂ ਰਿਹਾ।

—ਸੁਣਿਆ ਏ ਤੇਰੇ ਕੋਲ ਦੌਲਤ ਦੀ ਭੜੋਲੀ ਭਰੀ ਹੋਈ ਏ।

—ਨਾ ਹਜ਼ੂਰ, ਮੈਂ ਪੁਜਾਰੀ ਮੰਗ ਖਾਣੀ ਜ਼ਾਤ, ਮੇਰੇ ਕੋਲ ਦੌਲਤ ਕਿੱਥੇ?

—ਜਿਹੜੇ ਹੀਰੇ ਚੜ੍ਹਾ ਗਏ ਹਨ ਮਰਹੱਟੇ, ਉਹ ਕਿੱਥੇ ਹਨ?

—ਉਹ ਤੇ ਰਘੂਨਾਥ ਭਗਵਾਨ ਦੀ ਅਮਾਨਤ ਹਨ।

—ਕੌਣ ਭਗਵਾਨ, ਤੋੜ ਦਿਓ ਇਹ ਮੰਦਰ, ਭਗਵਾਨ ਆਪੇ ਸਾਹਮਣੇ ਆ ਜਾਏਗਾ।

—ਇਹ ਕਹਿਰ ਨਾ ਕਰੋ, ਅੱਲਾ ਤੇ ਭਗਵਾਨ 'ਚ ਕੋਈ ਫ਼ਰਕ ਨਹੀਂ।

—ਕਾਫ਼ਰ ਮੰਦਰਾਂ 'ਚ ਬੈਠੇ ਲੁੱਟ ਰਹੇ ਹਨ। ਸਾਨੂੰ ਹਿੱਸਾ ਨਹੀਂ ਦੇਂਦੇ। ਤੋੜ ਦਿਓ ਮੰਦਰ।

ਫ਼ੌਜ ਦੇ ਹਿੱਸੇ ਇਕ-ਇਕ ਇੱਟ ਆਈ ਸਿਰਫ਼ ਮੰਦਰ ਵਾਲੀ ਜਗ੍ਹਾ ਬਚੀ। ਬਾਕੀ ਚਾਰ ਦੀਵਾਰੀ ਦਾ ਖੁਰਾ ਖੋਜ ਮਿਟਾ ਦਿੱਤਾ।

—ਬੋਦੀਓਂ ਫੜ ਲਵੋ ਇਹ ਅਜੇ ਵੀ ਝੂਠ ਬੋਲ ਰਿਹੈ। ਜੁੱਤੀਆਂ ਮਾਰੋ। ਦੱਸ ਹਰਾਮਜ਼ਾਦੇ ਹੀਰੇ ਕਿੱਥੇ ਹਨ?

—ਮੈਂ ਦੇਂਦਾ ਹਾਂ ਲਿਆ ਕੇ, ਮੂਰਤੀ ਪਿੱਛੇ ਹੀਰੇ ਰੱਖੇ ਹੋਏ ਹਨ।

—ਲਿਆ ਕਾਫ਼ਰਾ ਕਿੰਨ੍ਹੇ ਕੁ ਹੀਰੇ ਲਿਆਇਆ ਏਂ? ਉੱਥੇ ਤਾਂ ਨਹੀ ਛੱਡ ਆਇਆ ਕੁਝ।

,—ਜੁੱਤੀਆਂ ਘੱਟ ਵੱਜੀਆਂ ਨੇ ਹੋਰ ਮਾਰੋ। ਪੂਨੇ ਤੋਂ ਆਇਆ ਹੀਰਾ ਕਿੱਥੇ ਏ?

—ਮੈਂ ਨਹੀ ਜਾਣਦਾ, ਮੇਰਾ ਨੌਕਰ ਈ ਦੱਸ ਸਕਦੈ।

—ਲਿਆਓ ਨੌਕਰ ਨੂੰ ਪਾ ਲਵੋ ਲੰਮਾ। ਕੱਢ ਹਰਾਮਜ਼ਾਦੇ ਹੀਰਾ। ਚੋਰੀ ਅਤੇ ਅਬਦਾਲੀ ਕੋਲੋਂ। ਮੈਨੂੰ ਉਹ ਹੀਰਾ ਚਹੀਦਾ ਏ ਜਿਹੜਾ ਪੂਨੇ ਤੋਂ ਆਇਆ ਏ।

—ਕੋੜੇ ਮਾਰੋ ਜੁੱਤੀਆਂ ਨਾਲ ਇਹਦਾ ਕੁਝ ਨਹੀ ਬਣਿਆ। ਇਹ ਕੁੱਤੇ ਜੁੱਤੀਆਂ ਖਾਣ ਦੇ ਆਦੀ ਹਨ। ਸਿਰਫ਼ ਪੰਜ ਕੋੜੇ।

ਅਜੇ ਇਕ ਈ ਪਿਆ ਸੀ। ਬਸ ਮੇਰੀ ਤੋਬਾ, ਮੈਂ ਦੱਸਦਾ ਹਾਂ। ਮੇਰੇ ਕੋਲ ਏ।

—ਬਸ ਓਏ, ਹੌਲੀ ਇਹਨੂੰ ਅਸਾਂ ਜਿੰਦਾ ਵੀ ਰੱਖਣੈਂ ਤੇ ਬੇਹੋਸ਼ ਵੀ ਨਹੀਂ ਕਰਨਾ। ਇਹ ਬਿੰਦਰਾਬਨ ਦਾ ਇਕ-ਇਕ ਘਰ ਦੱਸੇਗਾ। ਜਾਹ ਹੀਰਾ ਲਿਆ। ਮਗਰ ਕਿਸੇ ਨੇ ਨਹੀਂ ਜਾਣਾ।

—ਨੱਸ ਜਾਊ ਸ਼ਹਿਨਸ਼ਾਹ।

—ਪਰ ਨੱਸ ਕੇ ਕਿੱਥੇ ਜਾਊ?

—ਆਹ ਲਓ ਸਰਕਾਰ।

—ਸ਼ਾਬਾਸ਼ ਇਕ ਕੋੜਾ ਸਿਰਫ਼ ਇਨਾਮ ਦਾ।

ਅੱਗੋਂ ਹੋਲੀ ਕੱਲ ਖੇਡਾਂਗੇ। ਅੱਜ ਗੁਲਾਲ ਖ਼ਤਮ ਹੋ ਗਿਐ। ਜਾਓ ਭੰਗ ਪੀ ਕੇ ਸੌਂ ਜਾਓ।

17

ਗੋਕੁਲ-ਮਥੁਰਾ

ਗੋਕੁਲ ਭਗਵਾਨ ਕ੍ਰਿਸ਼ਨ ਦੀ ਨਗਰੀ। ਗਵਾਲੇ ਤੇ ਹਾਣੀ ਭਗਵਾਨ ਕ੍ਰਿਸ਼ਨ ਦੇ ਯਾਰ। ਇਸ ਧਰਤੀ ਦੀ ਨਾਭੀ ਵਿਚੋਂ ਗੀਤਾ ਉੱਭਰ ਕੇ ਸਾਹਮਣੇ ਆਈ। ਲੋਕਾਂ ਨੇ ਸਿਰ ਝੁਕਾਇਆ ਤੇ ਗੀਤਾ ਦੇ ਉਪਦੇਸ਼ ਨੂੰ ਸੀਨੇ ਨਾਲ ਲਾਇਆ। ਅਮਰ ਬਾਣੀ ਤੇ ਰੱਬੀ ਗਿਆਨ ਇਹ ਗੀਤਾ ਦੀ ਜੜ ਸੀ। ਏਸੇ ਕਰਕੇ ਗੋਕੁਲ ਨਗਰੀ ਦੀ ਮਿੱਟੀ ਨੂੰ ਲੋਕ ਮੱਥੇ ਨਾਲ ਲਾਉਂਦੇ ਤੇ ਤਿਲਕ ਲਾ ਕੇ ਦੇਸ਼ ਵਦੇਸ਼ ਵਿਚ ਜਾਂਦੇ। ਇਹ ਕ੍ਰਿਸ਼ਨ ਭਗਤ ਹਨ। ਬੰਸਰੀ ਵਾਲੇ ਦੇ ਯਾਰ ਹਨ। ਲੋਕ ਉਹਨਾਂ ਦੀ ਪੂਜਾ ਕਰਦੇ, ਇਹ ਇਕ ਆਵਾਜ਼ ਸੀ ਵੇਦਾਂ ਤੋਂ ਬਾਅਦ ਲੋਕਾਂ ਨੇ ਸੁਣੀ। ਗੋਕੁਲ ਪਵਿੱਤਰ ਧਰਤੀ ਏ। ਇੱਥੇ ਦੀ ਮਿੱਟੀ ਅਕਸੀਰ ਏ ਤੇ ਪੂਜਾ ਦਾ ਸਥਾਨ ਏ। ਇਹ ਨਵਾਂ ਤੀਰਥ ਉੱਭਰ ਕੇ ਸਾਹਮਣੇ ਆਇਆ ਲੋਕਾਂ ਦੇ। ਪਰ ਕਹਿਰ ਰੱਬ ਦਾ, ਅਹਿਮਦ ਸ਼ਾਹ ਅਬਦਾਲੀ ਦੀ ਖ਼ੂਨੀ ਤਲਵਾਰ ਨੇ ਇਹਨੂੰ ਵੀ ਨਾ ਬਖ਼ਸ਼ਿਆ।

ਗਊਆਂ ਕਤਲ ਕੀਤੀਆਂ, ਪਿੰਡ ਦਾ ਘੇਰਾ ਪਾਇਆ। ਜਵਾਨ-ਜਹਾਨ ਗਵਾਲਣਾਂ ਛਾਂਟ ਲਈਆਂ ਤੇ ਆਪਣੇ ਕੈਂਪ ਵਿਚ ਲੈ ਗਏ। ਅਜੇ ਬਹੁਤ ਕੁਝ ਏ ਗੋਕੁਲ ਵਿਚ। ਇੱਥੋਂ ਦੀਆਂ ਗਵਾਲਨਾਂ ਬੜੀਆਂ ਸੋਹਣੀਆਂ ਨੇ। ਲੈ ਚੱਲੋ ਕਾਬੁਲ ਤੇ ਗਜ਼ਨੀ ਵਿਚ। ਉਥੇ ਇਹਨਾਂ ਦਾ ਮੁੱਲ ਪਏਗਾ। ਮੂੰਹ ਮੰਗੇ ਦਮੜੇ ਮੰਗਣਾਂ, ਲੋਕ ਹੱਸ-ਹੱਸ ਦੇਣਗੇ।

ਭੇਡਾਂ ਦੇ ਇੱਜੜ ਵਿਚੋਂ ਛਾਂਟ ਲਈਆਂ ਮੁਟਿਆਰਾਂ। ਛੋਟੇ-ਮੋਟੇ ਮੰਦਰ ਢਾਹ ਦਿੱਤੇ। ਰਘੂਨਾਥ ਮੰਦਰ ਏਸ ਲਈ ਬਚ ਗਿਆ ਕਿ ਦੂਜੀ ਵਾਰ ਫੇਰ ਆਉਣਾ ਏ। ਮੰਦਰ ਹੋਣਗੇ ਤਾਂ ਹੀਰੇ ਮਿਲਣਗੇ। ਮੂਰਤੀਆਂ ਬਾਜ਼ਾਰਾਂ ਵਿਚ ਰੁਲਦੀਆਂ ਪਈਆਂ ਸਨ। ਬਿੰਦਰਾਬਨ ਵਿਚ ਜਾਂ ਲਾਸ਼ਾਂ ਸਨ ਜਾਂ ਲਹੂ ਸੀ ਜਾਂ ਟੁੱਟੀਆਂ ਮੂਰਤੀਆਂ। ਫ਼ੌਜੀ ਜਿਸ ਘਰ ਵਿਚ ਵੀ ਘੁਸ ਜਾਂਦੇ, ਬੜੀ ਬੇ-ਅਦਬੀ ਕਰਦੇ। ਗੁੱਤੋਂ ਫੜ ਕੇ ਅੱਗੇ ਲਾ ਕੇ ਤੋਰ ਲੈਂਦੇ। ਕੋਈ ਬੰਦਾ ਦਮ ਨਾ ਮਾਰਦਾ। ਉਹਨਾਂ ਦੌਲਤ ਵੀ ਲੁੱਟੀ ਤੇ ਗ਼ੈਰਤ ਵੀ। ਧਰਮ ਵੀ ਬਰਬਾਦ ਕੀਤਾ ਤੇ ਮਕਾਨ ਵੀ ਢਾਹ ਦਿੱਤੇ। ਜਿੰਨੇ ਘਰ ਹਿੰਦੂਆਂ ਦੇ ਸਨ, ਉਹਨਾਂ ਦੇ ਬੂਹਿਆਂ ਅੱਗੇ ਗਊ ਦਾ ਸਿਰ ਟੰਗ ਦਿੱਤਾ ਹੋਇਆ ਸੀ। ਖ਼ੂਬ ਕਤਲ ਕੀਤਾ ਬਹੁਤ ਬੇਦਰਦੀ ਨਾਲ। ਹਾਹਾਕਾਰ ਮਚੀ ਹੋਈ ਸੀ।

ਕਈ ਸਾਧੂ, ਸੰਨਿਆਸੀ, ਫ਼ਕੀਰ ਉਹਨਾਂ ਦੀ ਕੁਟੀਆ ਵਿਚ ਈ ਕਤਲ ਕਰ

ਦਿੱਤੇ। ਇਹ ਸੱਚ ਏ ਕਣਕ ਦੇ ਨਾਲ ਘੁਣ ਵੀ ਪਿੱਸ ਗਿਆ ਤੇ ਕਈ ਮੁਸਲਮਾਨ ਨਵਾਬ ਅਤੇ ਧਨਾਢ, ਅਮੀਰ ਵੀ ਲੁੱਟੇ ਗਏ। ਕਈਆਂ ਦੀਆਂ ਬੇਗ਼ਮਾਂ ਇਸ ਲੁੱਟ ਦੀ ਲਪੇਟ ਵਿਚ ਆ ਗਈਆਂ। ਕੁਰਬਲ-ਕੁਰਬਲ ਹੋਣ ਲੱਗ ਪਈ ਰੰਨਾਂ ਦੀ।

ਚਲੋ ਜਿੰਨਾ ਕੁ ਮਾਲ ਮਿਲਿਆ ਏ, ਉੱਨਾ ਈ ਬਹੁਤ ਏ। ਜਿਨ੍ਹਾਂ ਆਪਣੀ ਜ਼ਨਾਨੀ ਛਡਾਉਣੀ ਏ, ਰਕਮ ਤਾਰੇ ਤੇ ਪਛਾਣ ਲਵੇ। ਲੈ ਜਾਏ। ਮੁਫ਼ਤ ਦਾ ਮਾਲ ਏ ਜੋ ਕੁਝ ਮਿਲਿਆ ਏ ਉਹੋ ਸਹੀ। ਇਹੋ ਹੁਕਮ ਸੀ ਅਹਿਮਦ ਸ਼ਾਹ ਅਬਦਾਲੀ ਦਾ।

ਗੋਕੁਲ 'ਚ ਪਹਿਲਾਂ ਈ ਹਾਹਾਕਾਰ ਮਚ ਗਈ ਸੀ। ਜਿਨ੍ਹਾਂ ਕੋਲ ਸਵਾਰੀ ਦਾ ਇੰਤਜ਼ਾਮ ਸੀ, ਉਹ ਨੱਸ ਭੱਜ ਗਏ। ਬਾਕੀ ਅਹਿਮਦ ਸ਼ਾਹ ਅਬਦਾਲੀ ਨੇ ਭੱਜਣ ਨਾ ਦਿੱਤੇ। ਬੁੱਚੜਾਂ ਕੋਲ ਆਈਆਂ ਗਊਆਂ ਕੌਣ ਛੁਡਾ ਸਕਦਾ ਸੀ?

ਗੋਕੁਲ ਵਿਚ ਨਾਥਾਂ ਦੇ ਡੇਰੇ ਉਤਰੇ ਹੋਏ ਸੀ। ਉਹਨਾਂ ਇਕ ਵਾਰ ਮੁਕਾਬਲਾ ਕੀਤਾ ਪਰ ਮੁਕਾਬਲਾ ਕੀ ਸੀ ਤਲਵਾਰਾਂ ਅੱਗੇ ਚਿਮਟੇ ਕੀ ਖੋਹਣ ਖੋਹ ਸਕਦੇ ਸਨ ਪਰ ਲੜੇ ਖ਼ੂਬ। ਅਬਦਾਲੀ ਦੀ ਫ਼ੌਜ ਨੂੰ ਇਕ ਵਾਰ ਨਾਨੀ ਚੇਤੇ ਕਰਵਾ ਦਿੱਤੀ। ਅਬਦਾਲੀ ਦੀ ਫ਼ੌਜ ਨੂੰ ਮੌਤ ਨਜ਼ਰ ਆਉਂਦੀ ਸੀ ਪਰ ਉਹ ਡਰਦੇ-ਡਰਦੇ ਤਲਵਾਰਾਂ ਵਾਹ ਰਹੇ ਸਨ। ਕਤਲਾਮ ਹੋ ਰਿਹਾ ਸੀ। ਮਕਾਨ ਢਹਿ ਰਹੇ ਸਨ। ਲੋਕ ਹਾਏ-ਹਾਏ ਦੀਆਂ ਆਵਾਜ਼ਾਂ ਦੇਂਦੇ ਪਰ ਖ਼ੌਫ਼ ਨੇ ਉਹਨਾਂ ਦੇ ਸੰਘ ਵਿਚ ਅੰਗੂਠਾ ਦੇ ਦਿੱਤਾ। ਆਵਾਜ਼ਾਂ ਦਬ ਗਈਆਂ। ਗੋਕੁਲ ਵਾਲੇ ਜ਼ੁਲਮ ਸਹਿੰਦੇ ਤੇ ਮੂੰਹ ਅੱਗੇ ਹੱਥ ਦੇ ਕੇ ਚੁੱਪ ਕਰਕੇ ਬਹਿ ਜਾਂਦੇ।

ਗੋਕੁਲ ਤੇ ਸਿਰਫ਼ ਗਵਾਲਿਆਂ ਨਾਲ ਵੱਸੀ ਹੋਈ ਸੀ। ਨਾ ਇੱਥੇ ਕੋਈ ਯੋਧਾ ਸੀ ਤੇ ਨਾ ਦਲੇਰ। ਮਾਸੂਮ ਜਿਹੇ ਪੁਜਾਰੀ, ਜਿਨ੍ਹਾਂ ਕਦੀ ਤਵਲਾਰ ਵੇਖੀ ਨਹੀਂ ਸੀ, ਉਹਨਾਂ ਤਲਵਾਰ ਕੀ ਵਾਹੁਣੀ ਸੀ। ਕਤਲ ਹੋ ਰਹੀ ਸੀ ਰੱਬ ਦੀ ਜਨਤਾ। ਰੱਬ ਵੇਖ ਰਿਹਾ ਸੀ। ਚੁੱਪ ਸੀ, ਖ਼ਾਮੋਸ਼ ਸੀ, ਬੇਵੱਸ ਸੀ। ਅਬਦਾਲੀ ਅੱਲਾ ਨੂੰ ਵੀ ਲਲਕਾਰ ਰਿਹਾ ਸੀ ਤੇ ਭਗਵਾਨ ਨੂੰ ਵੀ। ਕੁਦਰਤ ਅਬਦਾਲੀ ਦੇ ਹੱਕ ਵਿਚ ਸੀ।

ਲੁੱਟੋ ਬਰਬਾਦ ਕਰੋ, ਘਰੋਂ ਬੇ-ਘਰ ਕਰ ਦਿਓ। ਇਹ ਆਪੇ ਤੁਹਾਡੀ ਈਨ ਮੰਨ ਲੈਣਗੇ। ਲੁੱਟੋ ਖ਼ੂਬ ਲੁੱਟੋ, ਜੀਅ ਭਰ ਕੇ ਲੁੱਟੋ। ਇਹ ਕਾਫ਼ਰ ਏਸੇ ਕੰਮ ਜੋਗੇ ਹਨ। ਲਾਅਨਤ ਨੇ ਦੇਸ਼ ਤੇ ਇਹ ਧਰਤੀ ਤੇ ਭਾਰ ਹਨ। ਕਤਲ ਕਰੋ ਧਰਤੀ ਵੀ ਸੁਖੀ ਹੋ ਜਾਊ ਤੇ ਲੋਕ ਵੀ ਘਟ ਜਾਣਗੇ। ਫੇਰ ਇੱਥੇ ਬਹਾਦਰ ਜੰਮਣਗੇ। ਇੰਨੇ ਚਿਰ 'ਚ ਮੈਂ ਬੁੱਢਾ ਹੋ ਜਾਵਾਂਗਾ। ਹੁਣ ਤਾਕਤ ਮੇਰੇ ਹੱਥ ਵਿਚ ਏ, ਹੁਣ ਈ ਆਪਣੀਆਂ ਰੀਝਾਂ ਲਾਹ ਲਵੋ।

—ਤੁਸੀਂ ਕਾਹਦੇ ਲਈ ਲੜਦੇ ਹੋ? ਤੁਹਾਡੀ ਨਾ ਰੰਨ ਨਾ ਕੰਨ।

—ਇਹ ਵੀ ਤੇ ਸਾਡੀ ਗ੍ਰਿਹਸਥੀ ਏ। ਜੇ ਇਹ ਸਾਨੂੰ ਖਾਣ ਨੂੰ ਅੰਨ ਨਾ ਦੇਣ ਤਾਂ ਅਸੀਂ ਭੁੱਖੇ ਮਰ ਜਾਵਾਂਗੇ।

—ਤੁਸੀਂ ਸਾਡੇ ਨਾਲ ਚੱਲੋ ਰੱਜ ਖਾਓ। ਅਸੀਂ ਤੁਹਾਡੇ ਵਿਆਹ ਵੀ ਕਰਵਾ ਦੇਂਦੇ ਹਾਂ। ਮਕਾਨ ਲਵੋ ਤੇ ਐਸ਼ ਕਰੋ। ਜਿਹੜੀ ਮੁਟਿਆਰ ਤੁਹਾਨੂੰ ਪਸੰਦ ਆਉਂਦੀ ਏ, ਲੈ ਜਾਵੋ। ਮੈਂ ਤੁਹਾਡੀ ਹਰ ਔਥੀ-ਨਥੀ ਦਾ ਜ਼ੁੰਮੇਦਾਰ ਹਾਂ।

—ਤੁਸੀਂ ਚਲੇ ਜਾਣਾ ਏ ਸ਼ਹਿਨਸ਼ਾਹ ਤੇ ਮਗਰੋਂ ਸਾਡੇ ਨਾਲ ਕੀ ਬਣੂੰ।

ਹਕੂਮਤ ਮੇਰੀ ਏ, ਮੈਂ ਤੁਹਾਨੂੰ ਜਾਗੀਰਾਂ ਦੇ ਕੇ ਜਾਵਾਂਗਾ। ਰੱਜ ਖਾਵੋ ਤੇ ਮੇਰਾ ਯਸ਼ ਗਾਵੋ। ਦੌਲਤ ਜਿੰਨੀ ਚਾਹੀਦੀ ਏ, ਮੈਥੋਂ ਲਵੋ। ਮੁਗ਼ਲਾਂ ਨੇ ਤੁਹਾਡਾ ਧਰਮ

ਵਿਗਾੜ ਦਿੱਤਾ ਏ। ਅੱਜ ਬਦਲਾ ਲਿਆ ਜਾ ਸਕਦਾ ਏ।

ਮੈਂ ਤੇ ਸਿਰਫ਼ ਲੁੱਟਣ ਆਇਆ ਹਾਂ। ਮੈਂ ਸਿਰਫ਼ ਲੁੱਟਣਾ ਏ। ਨਾ ਮੈਂ ਏਥੇ ਰਹਿਣੈ ਤੇ ਨਾ ਰਾਜ ਕਰਨੈ। ਹੁਣ ਮੈਥੋਂ ਜੋ ਕੁਝ ਲੱਭਦਾ ਏ, ਝੋਲੀ 'ਚ ਪਾ ਲਵੋ। ਲੈ ਲਵੋ ਅਜੇ ਵੀ ਵਕਤ ਏ। ਛੱਡੋ ਤੁਸਾਂ ਹਿੰਦੂ ਧਰਮ ਤੋਂ ਕੀ ਲੈਣਾ ਏ? ਇਸਲਾਮ ਤੁਹਾਨੂੰ ਗਲ ਨਾਲ ਲਾ ਸਕਦੈ। ਹੁਣ ਇਸਲਾਮ ਦਾ ਈ ਬੋਲਬਾਲਾ ਏ। ਲਾ ਇਲਾਹ ਇਲ ਲਿਲਾਹ।

—ਜਾਓ ਆਪਣੇ-ਆਪਣੇ ਰਾਹ ਲੱਭੋ। ਸਾਨੂੰ ਦੇ ਭੇਡ ਵਿਚ ਨਾ ਆਓ। ਮੈਂ ਲੁੱਟਣ ਆਇਆ ਹਾਂ ਮੈਨੂੰ ਲੁੱਟ ਲੈਣ ਦਿਓ। ਸਾਡਾ ਰਾਹ ਨਾ ਰੋਕੋ।

ਨਾਥ ਅਹਿਮਦ ਸ਼ਾਹ ਅਬਦਾਲੀ ਦੀ ਗੱਲ ਮੰਨ ਗਏ। ਅਹਿਮਦ ਸ਼ਾਹ ਅਬਦਾਲੀ ਨੇ ਜੀਅ ਭਰਕੇ ਦੌਲਤ ਲੁੱਟੀ। ਦਕਸ਼ਨਾ ਦੇ ਕੇ ਅਹਿਮਦ ਸ਼ਾਹ ਨੇ ਆਪਣੇ ਗਲੋਂ ਬਲਾਅ ਲਾਈ।

ਕਤਲ ਸਭ ਤੋਂ ਜ਼ਿਆਦਾ ਮਥੁਰਾ ਵਿਚ।

ਲੁੱਟ ਦਾ ਮਾਲ ਸਭ ਤੋਂ ਜ਼ਿਆਦਾ ਮਥੁਰਾ ਵਿਚੋਂ ਈ ਲੱਭਾ, ਜਿਹਦਾ ਸ਼ਾਹ ਨੂੰ ਕੋਈ ਅੰਦਾਜ਼ਾ ਨਹੀਂ ਸੀ।

ਲਹੂ ਜਿੰਨਾ ਨਾਲੀਆਂ ਵਿਚ ਵਗਿਆ, ਉਹ ਸਿਰਫ਼ ਮਥੁਰਾ ਵਿਚ।

ਨਾ ਕੋਈ ਗਵਾਲਨ ਰਹਿਣ ਦਿੱਤੀ ਤੇ ਨਾ ਮੇਲਾ ਵੇਖਣ ਆਈ ਕੋਈ ਮਰਹੱਟਨ।

ਸਭ ਤੋਂ ਜ਼ਿਆਦਾ ਜੋ ਬੁੱਤ ਟੁੱਟੇ ਤਾਂ ਉਹ ਵੀ ਮਥੁਰਾ ਵਿਚ।

ਖ਼ੂਨ ਪਾਣੀ ਵਾਂਗ ਵਗਿਆ ਮਥੁਰਾ ਦੇ ਬਾਜ਼ਾਰਾਂ ਵਿਚ।

ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ ਨੇ ਜਿੰਨੇ ਗੁਲਛੱਰੇ ਉਡਾਏ ਉਹ ਮਥੁਰਾ ਵਿਚ।

ਗਊਆਂ ਦੇ ਵੱਗ ਦੇ ਵੱਗ ਕਤਲ ਕੀਤੇ ਤੇ ਉਹ ਵੀ ਮਥੁਰਾ ਵਿਚ।

ਜੀਅ ਭਰ ਗਿਆ ਲੁੱਟ-ਲੁੱਟ ਕੇ ਅਹਿਮਦ ਸ਼ਾਹ ਅਬਦਾਲੀ ਦਾ, ਉਹ ਵੀ ਮਥੁਰਾ ਵਿਚ।

ਬਹੁਤ ਓਏ ਰੱਬਾ ਬਹੁਤ, ਚੁੱਕ ਏਸ ਅਹਿਮਦ ਸ਼ਾਹ ਅਬਦਾਲੀ ਨੂੰ। ਏਸ ਨਾ ਫਸਲ ਰਹਿਣ ਦਿੱਤੀ ਏ। ਸਾਰੇ ਖੇਤ ਉਜਾੜ ਦਿੱਤੇ ਨੇ। ਕੋਈ ਪੁੱਛੇ ਤੇਰੇ ਪਿੱਛੋਂ ਲੋਕ ਤੇਰਾ ਸਿਰ ਖਾਣਗੇ। ਤੂੰ ਤੇ ਰਾਹੇ ਪਇਓਂ ਲੁੱਟ-ਪੁੱਟ ਕੇ, ਅਸੀ ਕਿਸ ਦੀ ਮਾਂ ਨੂੰ ਮਾਸੀ ਆਖਾਂਗੇ।

ਅੱਛਾ ਜਾ ਤੈਨੂੰ ਸਿੱਖ ਲੁੱਟਣ। ਨਿਹੰਗ ਤੇਰਾ ਖਾਨਾ ਖ਼ਰਾਬ ਕਰਨ। ਗੁਰੂ ਇਹਨਾਂ ਨੂੰ ਸ਼ਕਤੀ ਦੇਵੇ। ਅਹਿਮਦ ਸ਼ਾਹ ਅਬਦਾਲੀ ਦਾ ਭਾਰ ਹੌਲਾ ਕਰਨਗੇ ਨਿਹੰਗ। ਨਿਹੰਗ ਈ ਪੰਜਾਬ ਦੇ ਵਾਰਸ ਬਣਨਗੇ। ਨਿਹੰਗਾਂ ਵਿਚੋਂ ਉਹ ਸਰਦਾਰ ਨਿੱਤਰ ਕੇ ਸਾਹਮਣੇ ਆਉਣਗੇ, ਜਿਹੜੇ ਰਾਜਭਾਗ ਚਲਾਉਣਗੇ। ਨਿਹੰਗ ਤੇ ਮਸਤ ਮੌਲਾ ਹਨ। ਨਾ ਉਹਨਾਂ ਰਾਜ ਸਾਂਭਣਾ ਏ ਤੇ ਨਾ ਜਾਗੀਰਾਂ ਲੈਣੀਆਂ ਨੇ। ਉਹਨਾਂ ਤੇ ਸਿਰਫ਼ ਲੜਨਾ ਏ ਗੁਰੂ ਦੇ ਨਾਂ ਤੇ।

ਨਿਹੰਗ ਪੰਜਾਬ ਦੇ ਵਾਰਸ ਤਾਂ ਹੈਨ ਈ ਤੇ ਫੇਰ ਮਾਲਕ ਬਣਨਗੇ ਸਰਦਾਰ। ਏਸ ਬੁੱਚੜ ਤੋਂ ਤਾਂ ਜਾਨ ਬਚੇਗੀ। ਗਰਮੀ ਦਾ ਮੌਸਮ ਆਉਣ ਤੋਂ ਪਹਿਲਾਂ ਅਹਿਮਦ ਸ਼ਾਹ ਅਬਦਾਲੀ ਨੇ ਕੂਚ ਕਰਨਾ ਈ ਕਰਨੈ।

ਅੱਲਾ ਏਸ ਕਹਿਰ ਤੋਂ ਬਚਾ।

ਭਗਵਾਨ ਤੇਰੇ ਤੋਂ ਬਗ਼ੈਰ ਹੁਣ ਸਾਡਾ ਕੋਈ ਵਸੀਲਾ ਨਹੀਂ।

ਬਖ਼ਸ਼ੀ ਜਹਾਨ ਖ਼ਾਂ ਅੱਗੇ-ਅੱਗੇ ਤੇ ਪਿੱਛੇ ਅਹਿਮਦ ਸ਼ਾਹ ਅਬਦਾਲੀ ਮਾਰੋਮਾਰ ਕਰਦਾ ਦਿੱਲੀ 'ਚ ਪੁੱਜ ਗਿਆ। ਦਿੱਲੀ ਇਕ ਵਾਰ ਫੇਰ ਥਰ-ਥਰ ਕੰਬੀ।

ਕਸਾਈ ਆ ਗਿਆ ਫੇਰ ਦਿੱਲੀ ਵਿਚ।

ਯਾ ਅੱਲਾ ਰਹਿਮ, ਯਾ ਖ਼ੁਦਾ ਕਰਮ ਕਰ। ਹੁਣ ਤੇ ਸਾਡੇ ਗ਼ਰੀਬਾਂ ਦੀ ਫ਼ਰਿਆਦ ਸੁਣ। ਨਾ ਭਗਵਾਨ ਰਿਹਾ ਤੇ ਨਾ ਫ਼ਰਿਆਦੀ। ਮੰਦਰ ਖ਼ਾਲੀ ਸਨ।

ਭਗਵਾਨ ਮਥੁਰਾ ਦੇ ਚੌਰਾਹਿਆਂ ਵਿਚ ਬੁੱਤ ਸ਼ਿਕਨ ਅਬਦਾਲੀ ਨੇ ਦੇਵਤਿਆਂ ਦੇ ਟੋਟੇ-ਟੋਟੇ ਕਰਕੇ ਖ਼ਿਲਾਰ ਦਿੱਤੇ। ਚੌਰਾਹਿਆਂ ਵਿਚ ਮੂਰਤੀਆਂ ਦੇ ਟੋਟੇ-ਟੋਟੇ ਪਏ ਹੋਏ ਸਨ।

ਭਗਵਾਨ ਚੁੱਪ-ਚਾਪ ਚੜ੍ਹਿਆ ਹੋਇਆ ਸੀ ਕਿਸੇ ਚੌਬਾਰੇ ਦੀ ਟੀਸੀ ਉੱਤੇ। ਕੀ ਕੋਈ ਕ੍ਰਿਸ਼ਨ ਮਥੁਰਾ ਦੀ ਧਰਤੀ 'ਚੋਂ ਹੁਣ ਨਹੀਂ ਉੱਠੇਗਾ। ਨਹੀਂ ਕਦੇ ਵੀ ਨਹੀਂ। ਭਗਵਾਨ ਮੁਸਲਮਾਨ ਹੋ ਗਿਐ।

18

ਨਿਕਾਹ

ਡਾਹਢੇ ਦਾ ਸੱਤੀਂ ਵੀਹੀਂ ਸੌ। ਆਖਣ ਲੱਗਾ ਅਹਿਮਦ ਸ਼ਾਹ ਅਬਦਾਲੀ ਕਿਲੇ ਵਿਚ ਬੈਠਾ। ਅਸੀਂ ਆਪਸ ਵਿਚ ਦੋਸਤੀ ਦੀਆਂ ਗੰਢਾਂ ਪੱਕੀਆਂ ਹੋਰ ਕਰ ਲਈਏ। ਜੇ ਆਪਸ ਵਿਚ ਰਿਸ਼ਤੇਦਾਰੀ ਕਰ ਲਈਏ ਤਾਂ ਗੰਢਾਂ ਹੋਰ ਪੱਕੀਆਂ ਹੋ ਜਾਣੀਆਂ।

ਬਾਦਸ਼ਾਹ ਦੀ ਕੀ ਜੁਰਅਤ ਸੀ ਕਿ ਕੁਝ ਬੋਲਦਾ। ਆਖਣ ਲੱਗਾ 'ਹਜ਼ੂਰ, ਹੁਕਮ ਕਰੋ।'

—ਮੇਰਾ ਪੁੱਤ ਤੈਮੂਰ ਸ਼ਾਹ ਏ। ਉਹਦਾ ਨਿਕਾਹ ਜੇ ਆਲਮਗੀਰ ਦੀ ਬੇਟੀ ਨਾਲ ਪੜ੍ਹਾ ਦਿੱਤਾ ਜਾਵੇ ਤਾਂ ਰਿਸ਼ਤੇਦਾਰੀ ਹੋਰ ਪੱਕੀ ਹੋ ਜਾਏਗੀ। ਫੇਰ ਕੋਈ ਖ਼ਤਰਾ ਨਹੀਂ ਰਹੇਗਾ। ਇਕ ਮੈਂ ਤੇ ਦੂਜੇ ਤੁਸੀਂ।

—ਸਾਹਿਬੇ ਆਲਮ, ਗ਼ੁਲਾਮ ਦੀ ਰਾਏ ਦੀ ਕੋਈ ਕੀਮਤ ਥੋੜ੍ਹੀ ਏ। ਤੁਸੀਂ ਡਾਹਡੇ ਓ, ਜੋ ਕਹੋ ਸਾਨੂੰ ਮਨਜ਼ੂਰ।

—ਨਹੀਂ ਤੁਹਾਡੀ ਮਰਜ਼ੀ ਤੋਂ ਬਗ਼ੈਰ ਕੋਈ ਕਦਮ ਨਹੀਂ ਚੁੱਕਿਆ ਜਾ ਸਕਦਾ।

—ਹੁਕਮ ਮਾਲਕ ਦਾ ਏ ਗੁਮਾਸ਼ਤਾ ਕੋਈ ਸਲਾਹ ਨਹੀਂ ਦੇ ਸਕਦਾ। ਇਹ ਕੁਦਰਤ ਦਾ ਅਸੂਲ ਏ।

—ਬਾਦਸ਼ਾਹ ਸਲਾਮਤ ਮੈਂ ਤੇ ਕੁਝ ਦਿਨਾਂ ਦਾ ਮਹਿਮਾਨ ਹਾਂ। ਤੈਮੂਰ ਨਾਲ ਈ ਤੁਹਾਡਾ ਵਾਸਤਾ ਪੈਣਾ ਏ। ਏਸ ਲਈ ਇਹ ਰਿਸ਼ਤਾ ਬਹੁਤ ਖ਼ੂਬਸੂਰਤ ਰਹੇਗਾ।

ਨੌਬਤ ਖੜਕੀ, ਰਿਸ਼ਤੇ ਦਾ ਐਲਾਨ ਹੋ ਗਿਆ। ਕਾਜ਼ੀ ਆਇਆ ਤੇ ਉਸ ਨਿਕਾਹ ਪੜ੍ਹਾਇਆ। ਆਲਮਗੀਰ ਬਾਦਸ਼ਾਹ ਦੀ ਸਾਹਿਬਜ਼ਾਦੀ ਗੌਹਰ ਅਫ਼ਰੋਜ਼ ਬਾਨੋ ਦਾ ਨਿਕਾਹ ਅਹਿਮਦ ਸ਼ਾਹ ਅਬਦਾਲੀ ਦੇ ਲੜਕੇ ਤੈਮੂਰ ਸ਼ਾਹ ਨਾਲ ਇਕਰਾਰ ਪਾਇਆ

ਗਿਆ ਏ। ਕੀ ਇਹ ਰਿਸ਼ਤਾ ਸਾਹਿਬਜ਼ਾਦੀ ਨੂੰ ਮਨਜ਼ੂਰ ਏ?

ਜੁੱਤੀ ਦੇ ਜ਼ੋਰ ਨਾਲ ਹਾਂ ਕਰਵਾਈ ਗਈ। ਸਹਿਬਜ਼ਾਦੀ ਮਜਬੂਰ ਸੀ। ਬਾਪ ਦੀ ਪੱਗ ਗਲੀਆਂ ਵਿਚ ਨਾ ਰੋਲੇ। ਮੈਂ ਨਿਕਾਹ ਤੇ ਕਰਵਾਉਣਾ ਈ ਏ। ਚਲੋ ਇਕ ਲੁਟੇਰੇ ਦੇ ਪੁੱਤ ਨਾਲ ਈ ਸਹੀ।

ਨਿਕਾਹ ਪੜ੍ਹਾਇਆ ਗਿਆ। ਮੁਬਾਰਕਾਂ ਦੇਣ ਵਾਲਿਆਂ ਦੀ ਇਕ ਭੀੜ ਲੱਗ ਗਈ ਸੀ।

ਸ਼ਾਹ ਫੇਰ ਬੋਲਿਆ। ਰਿਸ਼ਤੇ ਨੂੰ ਹੋਰ ਪੱਕਾ ਕਰਨ ਲਈ ਬਾਦਸ਼ਾਹ ਅਹਿਮਦ ਸ਼ਾਹ ਦੀ ਲੜਕੀ ਹਜ਼ਰਤ ਬੇਗ਼ਮ ਨਾਲ ਤਲਵਾਰ ਦੀ ਧਾਰ ਵਿਖਾ ਕੇ ਆਪ ਨਿਕਾਹ ਕਰ ਲਿਆ, ਜ਼ਬਰਦਸਤੀ।

ਤੇ ਨਾਲ ਦੇ ਮੁਗ਼ਲ ਸ਼ਹਿਜ਼ਾਦੀਆਂ, ਜਿਹੜੀਆਂ ਮੁਰਾਦ ਬੇਗ਼ਮ ਨੇ ਦੱਸੀਆਂ ਸਨ, ਮੰਗ ਲਈਆਂ ਦਾਜ ਵਿਚ।

ਨਾਂਹ ਕਰਨ ਦੀ ਸਜ਼ਾ ਮੌਤ ਸੀ। ਸੋਲਾਂ ਹੋਰ ਕੁੜੀਆਂ, ਜਿਹੜੀਆਂ ਮੁਗ਼ਲ ਨਵਾਬਾਂ, ਅਹਿਲਕਾਰਾਂ ਦੀਆਂ ਬੇਟੀਆਂ ਸਨ, ਉਹ ਵੀ ਝੂੰਗੇ ਵਿਚ ਮਿਲੀਆਂ। ਚਾਰ ਸੌ ਨੌਕਰ ਰਾਣੀਆਂ ਹੋਰ ਦੇ ਦਿਓ ਕੰਮ-ਕਾਜ ਕਰਨ ਲਈ। ਸਾਡਾ ਖਾਣਾ ਇਹਨਾਂ ਨੂੰ ਪਸੰਦ ਨਹੀਂ ਆਉਣਾ, ਏਸ ਲਈ ਇਹ ਵੀ ਅਸੀਂ ਨਾਲ ਲੈ ਚੱਲੇ ਹਾਂ। ਹੁਣ ਸਾਡੀ ਦੋਸਤੀ ਪੱਕੀ ਹੋ ਗਈ ਏ।

—ਹਜ਼ੂਰ ਖ਼ੁਸ਼ ਹਨ। ਬਾਦਸ਼ਾਹ ਸਲਾਮਤ ਦੀ ਰਾਇ ਜ਼ਰੂਰੀ ਏ। ਤੁਸੀਂ ਹਾਂ ਕਰੋ।

—ਤੁਹਾਡੀ ਖ਼ੁਸ਼ੀ ਨਾਲ ਸਾਡੀ ਖ਼ੁਸ਼ੀ ਏ। ਬੰਦਾ ਗ਼ੁਲਾਮ ਏ। ਬਾਦਸ਼ਾਹ ਦੇ ਬੋਲ ਸਨ।

—ਹੁਣ ਮੈਂ ਜਦ ਵੀ ਦਿੱਲੀ ਆਇਆ ਪਹਿਲਾਂ ਇਤਲਾਹ ਦੇਵਾਂਗਾ। ਮੇਰਾ ਕਿਆਮ ਲਾਲ ਕਿਲੇ ਵਿਚ ਹੋਏਗਾ। ਦੋਹਰੀ ਰਿਸ਼ਤੇਦਾਰੀ ਏ ਇਕ ਸਹੁਰੇ ਮੇਰੇ ਤੇ ਦੂਜੀ ਕੁੜਮਾਚਾਰੀ। ਅੱਲਾ ਤਖ਼ਤ ਸਲਾਮਤ ਰੱਖੇ।

—ਕੱਲ ਕੂਚ ਕਰ ਰਿਹਾ ਹਾਂ। ਲਾਲਚੀ, ਚੁਗ਼ਲਖੋਰ ਤੇ ਵਿਕਾਊ ਬੰਦਿਆਂ ਤੋਂ ਬਚੋ। ਅੱਲਾ ਤੁਹਾਡਾ ਤਖ਼ਤ ਸਲਾਮਤ ਰੱਖੇ।

—ਜਦ ਤੱਕ ਬਾਦਸ਼ਾਹ ਅਫ਼ਗਾਨਿਸਤਾਨ ਦੀ ਨਜ਼ਰੇ-ਇਨਾਇਤ ਏ, ਤਦ ਤੱਕ ਅੱਲਾ ਦੀ ਰਹਿਮਤ ਬਰਕਰਾਰ ਰਹੇਗੀ।

ਮੁਰਾਦ ਬੇਗ਼ਮ ਆਖਣ ਲੱਗੀ, ਮੇਰਾ ਕੀ ਬਣੇਗਾ?

ਮੈਂ ਬਾਰਾਂ ਕਰੋੜ ਦੀ ਦੌਲਤ ਲੁੱਟ ਦਾ ਮਲ ਲੈ ਕੇ ਚੱਲਿਆ ਹਾਂ। ਤੇਰੇ ਕੋਲ ਕੀ ਨਜ਼ਰਾਨਾ ਰੱਖਿਆ ਪਿਆ ਏ? ਤੂੰ ਕੀ ਦੇ ਸਕਦੀ ਏਂ?

—ਹਜ਼ੂਰ ਮੈਨੂੰ ਇਕ ਵਾਰ ਫੇਰ ਸੂਬੇਦਾਰੀ ਤੇ ਬਹਾਲ ਕੀਤਾ ਜਾਏ। ਮੈਂ ਮੂੰਹ ਮੰਗਿਆ ਨਜ਼ਰਾਨਾ ਪੇਸ਼ ਕਰਾਂਗੀ।

—ਬੇਗ਼ਮ ਮੇਰੀ ਸਲਾਹ ਮੰਨ ਤੇ ਤੂੰ ਨਵਾਂ ਨਿਕਾਹ ਕਰ ਲੈ। ਮੈਂ ਸੂਬੇਦਾਰੀ ਦਾ ਪਟਾ ਲਿਖ ਕੇ ਭੇਜ ਦੇਵਾਂਗਾ।

ਔਰਤ ਹਕੂਮਤ ਨਹੀਂ ਕਰ ਸਕਦੀ, ਖ਼ਸਮ ਚਾਹੀਦੈ। ਜਾਂਬਾਜ਼, ਦਲੇਰ ਤੇ ਇਰਾਦੇ ਦਾ ਪੱਕਾ ਬੰਦਾ ਹੋਵੇ ਤਾਂ ਸੂਬੇਦਾਰੀ ਚੱਲ ਸਕਦੀ ਏ, ਵਰਨਾ ਲੋਕਾਂ ਨੇ ਖੋਹ ਲੈਣੀ ਏ ਮੇਰੇ ਜਾਣ ਪਿੱਛੋਂ।

—ਮੇਰੀ ਖ਼ਿਦਮਤ ਦਾ ਇਨਾਮ। ਮੈਂ ਤੇ ਭੰਗ ਦੇ ਭਾੜੇ ਈ ਮਾਰੀ ਗਈ। ਮੇਰਾ ਕੀ ਬਣੂੰ।

—ਗੋਖੜੂਆਂ ਦੀ ਜੋੜੀ ਲੈ। ਇਹ ਬਹੁਤ ਕੀਮਤੀ ਹਨ। ਹੀਰੇ ਜੜ੍ਹੇ ਹਨ, ਇਹੋ ਤੈਨੂੰ ਤਸੱਲੀ ਦੇਣਗੇ।

ਥੁੱਥੀ ਜਿਹੀ ਨਿਕਲ ਆਈ ਮੁਰਾਦ ਬੇਗ਼ਮ ਦੀ ਤੇ ਪੱਖੀ ਵਾਂਗੂ ਡੋਲੀ।

—ਹਜ਼ੂਰ ਮੈਂ ਜਾਨ ਦੀ ਬਾਜ਼ੀ ਲਾ ਕੇ ਮੁਖ਼ਬਰੀ ਕੀਤੀ ਏ।

—ਕੰਬਖ਼ਤ ਜੇ ਤੂੰ ਆਪਣੇ ਭਰਾਵਾਂ ਦੀ ਨਹੀਂ ਬਣ ਸਕੀ ਤਾਂ ਮੇਰੀ ਕੀ ਬਣੇਂਗੀ। ਨਵਾਂ ਨਿਕਾਹ ਤੇਰੀ ਜ਼ਿੰਦਗੀ 'ਚ ਬਹਾਰ ਲਿਆ ਸਕਦੈ। ਫੇਰ ਵੀ ਇੰਤਜ਼ਾਰ ਤਾਂ ਕਰਨਾ ਈ ਪਊ। ਵਕਤ ਆਉਣ ਤੇ ਤੇਰੀ ਇਹ ਵੀ ਖ਼ਾਹਿਸ਼ ਤੇ ਗ਼ੌਰ ਕੀਤਾ ਜਾਵੇਗਾ।

ਘੋੜੇ ਤੇ ਪਲਾਕੀ ਮਾਰੀ ਤੇ ਘੋੜਾ ਹਵਾ ਨਾਲ ਗੱਲਾਂ ਕਰਨ ਲੱਗ ਪਿਆ।

ਆਪਣੇ ਤੇ ਪਰਾਏ ਵਿਚ ਫ਼ਰਕ ਵੇਖ ਲਿਆ ਈ। ਇਕ ਬਜ਼ੁਰਗ ਆਖ ਰਿਹਾ ਸੀ।

ਹਾਂ ਬਾਬਾ, ਸਿਆਣਿਆਂ ਦੇ ਆਖੇ ਦਾ ਤੇ ਔਲਿਆਂ ਦੇ ਖਾਧੇ ਦਾ ਪਿੱਛੋਂ ਪਤਾ ਲਗਦੈ।

ਸੱਪ ਨਿਕਲ ਗਿਆ ਲਕੀਰ ਪਿੱਟਦੀ ਰਹੀ ਮੁਰਾਦ ਬੇਗ਼ਮ।

ਗੋਖੜੂ ਖ਼ੂਬਸੂਰਤ ਹਨ ਤੇ ਕੀਮਤੀ ਵੀ। ਇਹੋ ਧੁਰਾ ਏ ਸੂਬੇਦਾਰੀ ਮਿਲਣ ਦਾ। ਕਦੀ ਇਹਦਾ ਮੁੱਲ ਪਏਗਾ। ਬੇਗ਼ਮ ਧੀਰਜ ਰੱਖ, ਕਾਹਲੀ ਨਹੀਂ ਪਾਈ ਦੀ। ਅੱਲਾ ਮਿਹਰਬਾਨ ਏ ਕਦੀ ਤੇ ਤੇਰੀ ਸੁਣੇਗਾ ਈ ਨਾ। ਚਲ ਜੇ ਅਹਿਮਦ ਸ਼ਾਹ ਅਬਦਾਲੀ ਨੇ ਤੈਨੂੰ ਸੂਬੇਦਾਰੀ ਨਹੀਂ ਦਿੱਤੀ, ਇਹ ਰੀਝ ਤੇਰੀ ਬੁੱਢਾ ਦਲ ਪੂਰੀ ਕਰੂ।

19

ਅਨੋਖੀ

ਨਾਂ ਵੀ ਅਨੋਖੀ ਸੀ ਤੇ ਹੈ ਵੀ ਅਨੋਖੀ ਸੀ। ਸਾਰੇ ਕਬੀਲੇ ਵਿਚ ਅਨੋਖੀ ਜ਼ਨਾਨੀ। ਅਨੋਖੀ ਜੱਸਾ ਸਿੰਘ ਆਹਲੂਵਾਲੀਏ ਦੀ ਘਰਵਾਲੀ ਦਾ ਨਾਂ ਸੀ। ਘਰ-ਘਰਾਣੇ ਤੇ ਸਨ ਪਰ ਕੋਈ ਸੁਖੀ ਜ਼ਿੰਦਗੀ ਨਹੀਂ ਸੀ। ਟੱਪਰੀਵਾਸਾਂ ਵਾਂਗੂ ਅੱਜ ਏਥੇ ਤੇ ਕੱਲ ਅੱਗੇ। ਦਲ ਵਾਲੇ ਆਗਿਆ ਨਹੀਂ ਸਨ ਦੇਂਦੇ ਕਿ ਜ਼ਨਾਨੀ ਦਲ ਵਿਚ ਰਹੇ।

ਕਲਾਲ ਜੱਸਾ ਸਿੰਘ—ਸ਼ਰਾਬ ਕੱਢਣੀ ਤੇ ਵੇਚਣੀ, ਇਹ ਕਸਬ ਸੀ ਸਾਰੇ ਕਬੀਲੇ ਦਾ। ਇਹ ਕੁਦਰਤ ਦੀ ਬਖ਼ਸ਼ਿਸ਼ ਸੀ। ਜੱਸਾ ਸਿੰਘ ਨੂੰ ਢੋਅ ਲੱਗ ਗਿਆ ਸੀ। ਗੁਰੂ ਘਰ ਨਾਲ ਸੰਬੰਧ ਜੁੜ ਗਏ ਸਨ। ਵੈਸੇ ਦਲ ਦੇ ਜੱਥੇਦਾਰ ਦਾ ਗ੍ਰਹਿਸਥੀ ਜੀਵਨ ਬਹੁਤ ਖ਼ਰਾਬ ਸੀ। ਜਿਹਨਾਂ ਦੇ ਟਿਕਾਣੇ ਬਣੇ ਹੋਏ ਸਨ, ਜਿਹਨਾਂ ਦੇ ਘਰ ਵਿਚ ਦੋ ਭਰਾ ਸਨ, ਘਰ ਘਾਟ ਤੇ ਹੈ ਈ ਸੀ। ਕਬੀਲਾ ਇਕੱਠਾ ਸੀ, ਉਹਦੇ ਵਿਚੋਂ ਇਕ ਜੱਥੇ ਨਾਲ ਰੱਲ ਗਿਆ ਤਾਂ ਕੋਈ ਫ਼ਰਕ ਨਹੀਂ ਸੀ ਪੈਂਦਾ। ਇਕ ਭਰਾ ਘਰ ਵਿਚ ਤੇ ਦੂਜਾ ਦਲ ਵਿਚ। ਘਰ ਦਾ ਕਿੱਲਾ ਕਾਇਮ ਸੀ। ਵਿਹੜਾ ਇਕ, ਚੌਂਕਾ ਇਕ, ਸਾਰੀ ਗ੍ਰਹਿਸਥੀ ਦੀ ਮਾਲਕਣ ਸੱਸ। ਹੁਕਮ ਸੱਸ ਦਾ ਚੱਲੇ, ਨੂੰਹ ਦੀ ਹਰ ਰੀਝ ਸੱਸ ਪੂਰੀ ਕਰਦੀ। ਦਲ ਵਾਲੇ ਤੇ ਕਦੀ ਵਰ੍ਹੇ ਛਮਾਹੀਂ ਆਉਂਦੇ। ਰਾਤ ਕੱਟੀ ਤੇ ਦਿਨੇ ਕਬੂਤਰ ਉੱਡ

ਗਏ। ਜਾਂ ਛੁੱਟੀਆਂ ਲੈ ਕੇ ਆਏ ਜੱਥੇਦਾਰ ਤੋਂ, ਵਰਨਾ ਦਲ ਦਾ ਕੋਈ ਬੰਦਾ ਬਿਨਾਂ ਜੱਥੇਦਾਰ ਦੀ ਮਰਜ਼ੀ ਦੇ ਆਪਣੇ ਘਰ ਦੀਆਂ ਦਹਲੀਜ਼ਾਂ ਨਹੀਂ ਸੀ ਟੱਪ ਸਕਦਾ।

ਪਰ ਇਹ ਤਾਂ ਆਪ ਜੱਥੇਦਾਰ ਸੀ। ਇਹਦੇ ਕੋਲੋਂ ਤੇ ਸਾਰੇ ਹੁਕਮ ਲੈ ਕੇ ਹਾਂ ਕਰਦੇ ਸਨ। ਪਰ ਇਹ ਵੀ ਆਪਣੀ ਜ਼ਨਾਨੀ ਆਪਣੇ ਨਾਲ ਨਹੀਂ ਰੱਖ ਸਕਦੇ। ਦਲ ਦਾ ਹੁਕਮ ਹਰ ਵੱਡੇ-ਛੋਟੇ ਲਈ ਇਕੋ ਜਿਹਾ ਸੀ।

ਅਣੋਖੀ ਨੂੰ ਸ਼ਿਕਾਇਤ ਸੀ ਕਿ ਸਾਰੀ ਜ਼ਿੰਦਗੀ ਸੰਘਰਸ਼ 'ਚ ਕਟ ਲਈ। ਕਦੀ ਦੋ ਘੜੀਆਂ ਪਿਆਰ ਦੀਆਂ ਗੱਲਾ ਵੀ ਨਹੀਂ ਕੀਤੀਆਂ।

—ਸਾਨੂੰ ਅਹਿਮਦ ਸ਼ਾਹ ਅਬਦਾਲੀ ਨੂੰ ਇਕ ਵਾਰ ਪੰਜਾਬ 'ਚੋਂ ਕੱਢ ਲੈਣ ਦਿਓ ਫੇਰ ਰੀਝਾਂ ਲਾਹ ਦਿਆਂਗੇ। ਅਜੇ ਅਸੀਂ ਜਵਾਨ ਹਾਂ। ਅਸੀਂ ਕਿਹੜੇ ਬੁੱਢੇ ਹੋ ਚੱਲੇ ਆਂ।

—ਇਹ ਗੱਲਾਂ ਸੁਣਦਿਆਂ-ਸੁਣਦਿਆਂ ਸਾਡੇ ਕੰਨ ਵੀ ਪੱਕ ਚੁੱਕੇ ਹਨ। ਨਾ ਅਹਿਮਦ ਸ਼ਾਹ ਅਬਦਾਲੀ ਗਲੋਂ ਲੱਥਾ ਤੇ ਨਾ ਅਸੀਂ ਜ਼ਿੰਦਗੀ ਦੇ ਝੂਟੇ ਲੈ ਕੇ ਵੇਖੇ।

—ਭਲੀਏ ਲੋਕੇ ਅਸਾਂ ਦਾਅ ਤੇ ਜ਼ਿੰਦਗੀ ਲਾਈ ਹੋਈ ਏ। ਕਦੀ ਤੇ ਬਹਾਰ ਸਾਡੇ ਵਿਹੜੇ ਵਿਚ ਆਏਗੀ। ਅਸਾਂ ਰੱਬ ਦੇ ਮਾਂਹ ਨਹੀਂ ਮਾਰੇ ਹੋਏ। ਧੁੱਪ ਸਦਾ ਬਨੇਰਿਆਂ ਤੇ ਨਹੀਂ ਰਹਿੰਦੀ, ਵਿਹੜੇ ਵਿਚ ਵੀ ਆ ਜਾਂਦੀ ਏ।

—ਸਾਰਾ ਪੰਜਾਬ ਈ ਏਸ ਗੱਲ ਦਾ ਸ਼ਿਕਾਰ ਏ। ਅਸੀਂ ਕਿਹਦੀ-ਕਿਹਦੀ ਗੱਲ ਸੁਣੀਏ ਤੇ ਕਿਹਦਾ ਦੁੱਖ ਨਿਵਾਰਨ ਕਰੀਏ। ਪਹਿਲਾ ਕੰਮ ਅਹਿਮਦ ਸ਼ਾਹ ਅਬਦਾਲੀ ਤੋਂ ਛੁਟਕਾਰਾ ਪਾਉਣਾ ਤੇ ਪੰਜਾਬ ਵਾਲਿਆਂ ਨੂੰ ਸੁੱਖ ਦੀ ਜ਼ਿੰਦਗੀ ਬਖ਼ਸ਼ਣੀ ਹੈ।

—ਦਲ ਨੇ ਹੁਣ ਰਾਖੀ ਲੈਣੀ ਸ਼ੁਰੂ ਕਰ ਲਈ ਏ ਤੇ ਹੌਲੀ-ਹੌਲੀ ਦਲ ਵਾਲਿਆਂ ਨੂੰ ਪੰਜਾਬ ਦੀ ਰਾਖੀ ਮਿਲ ਜਾਏਗੀ ਤੇ ਫੇਰ ਸਾਡਾ ਰਾਜ ਹੋ ਜਾਏਗਾ। ਭਲੀਏ ਲੋਕੇ, ਇਹ ਵੀ ਹਕੂਮਤ ਕਰਨ ਦਾ ਅਣੋਖਾ ਤਰੀਕਾ ਏ। ਜਿਹਦੀ ਰਾਖੀ ਲੈ ਲਈ ਓਹਦੀ ਚੌਕੀਦਾਰੀ ਤੇ ਕਰਨੀ ਪਏਗੀ। ਭਲੀਏ ਲੋਕੇ ਤੂੰ ਪੰਜਾਬ ਦੀ ਧੀ ਏ, ਮਾਂ ਏਂ, ਭੈਣ ਏਂ, ਜੇ ਤੁਹਾਨੂੰ ਅਹਿਮਦ ਸ਼ਾਹ ਅਬਦਾਲੀ ਅੱਗੇ ਲਾ ਕੇ ਨਾਲ ਲੈ ਜਾਏਗਾ ਤਾਂ ਫੇਰ ਅਸੀਂ ਜੇ ਡੱਕਾ ਨਾ ਪਾਈਏ ਤੇ ਕੌਣ ਪਾਏ ? ਜੇ ਅਸਾਂ ਰਾਜ ਲੈਣ ਦੇ ਸੁਪਨੇ ਲਏ ਹਨ ਤਾਂ ਫੇਰ ਇਹ ਸੱਲ ਜ਼ਰੂਰ ਸਹਿਣਾ ਪਏਗਾ। ਵਿਛੋੜਾ ਵੀ ਜ਼ਿੰਦਗੀ ਦਾ ਇਕ ਖ਼ੂਬਸੂਰਤ ਅੰਗ ਏ। ਮੈਂ ਇਕ ਘਰ ਨੂੰ ਵੇਖਾਂ ਜਾਂ ਸਾਰੇ ਪੰਜਾਬ ਨੂੰ ਵੇਖਾਂ। ਆਖ਼ਰ ਤੂੰ ਚਾਹੁੰਦੀ ਕੀ ਏ ?

—ਭਲਿਆ ਲੋਕਾ, ਆਹ ਵੇਖ ਮੇਰੀਆਂ ਬਾਹਵਾਂ ਖ਼ਾਲੀ ਚੂੜੀਆਂ ਤੋਂ ਬਗ਼ੈਰ। ਮੈਨੂੰ ਰੀਝ ਆਉਂਦੀ ਏ ਚੂੜੀਆਂ ਪਾਉਣ ਦੀ।

—ਬਸ ਇੰਨੀ ਕੁ ਨਿੱਕੀ ਜਿਹੀ ਗੱਲ ਏ। ਏਸੇ ਗੱਲ ਤੋਂ ਮੂੰਹ ਸੁਜਾ ਬੈਠੀ ਏਂ। ਅੱਛਾ ਕੱਲ ਅਸਾਂ ਜੇਹਲਮ ਵੱਲ ਜਾਣਾ ਏ। ਮੇਰੀ ਇਕ ਭਾਬੀ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਦੀ ਸਰਦਾਰਨੀ, ਮੈਂ ਓਹਨੂੰ ਆਖਾਂਗਾ ਤੇਰੀ ਫ਼ਰਮਾਇਸ਼ ਚੂੜੀਆਂ ਬਾਰੇ।

ਤੂੰ ਫ਼ਿਕਰ ਨਾ ਕਰ, ਮੈਂ ਤੈਨੂੰ ਗੋਖੜੂ ਲਿਆ ਕੇ ਦੇਵਾਂਗਾ। ਸ਼ਰੀਕੇ 'ਚ ਬਹਿ ਕੇ ਵਿਖਾਈ ਗੋਖੜੂ, ਤੇਰੀ ਚੌਧਰ ਬਣ ਜਾਊ।

ਸੱਟ ਖਾਧੀ ਸੱਪਣੀ ਵਾਂਗੂੰ ਮੁਰਾਦ ਬੇਗ਼ਮ ਬੜੀ ਤੜਫੀ। ਗੁੱਸੇ ਨਾਲ ਅੰਗਿਆਰ

ਵਾਂਗੂੰ ਮਖੀ। ਅਹਿਮਦ ਸ਼ਾਹ ਅਬਦਾਲੀ ਵੀ ਕੰਡਿਆਂ ਤੋਂ ਧਰੂਅ ਕੇ ਚਲਾ ਗਿਆ। ਉਸ ਵੀ ਮੇਰੀ ਰੱਤੀ ਭਰ ਕਦਰ ਨਾ ਪਾਈ। ਲੁਟੇਰਾ ਸੀ, ਜੁੱਤੀ ਵਾਲਾ ਸੀ, ਚਕਮਾ ਦੇ ਕੇ ਚਲਾ ਗਿਆ। ਉਹਨੂੰ ਮੈਂ ਕੁਝ ਆਖ ਵੀ ਨਹੀਂ ਸਾਂ ਸਕਦੀ। ਨਾ ਘਰ ਦੀ ਰਹੀ ਤੇ ਨਾ ਘਾਟ ਦੀ। ਜਿਨ੍ਹਾਂ ਦੀਆਂ ਹਵੇਲੀਆਂ ਦੇ ਦਰਵਾਜ਼ੇ ਤੁੜਵਾਏ ਹਨ, ਉਹਨਾਂ ਮੈਨੂੰ ਕਦੋਂ ਬਖ਼ਸ਼ਣਾ ਏ? ਉਹ ਜਿਊਂਦੇ ਜਾਗਦੇ ਹਨ। ਸਿਰਫ਼ ਦੌਲਤ ਈ ਲੁੱਟੀ ਗਈ ਏ। ਅਜੇ ਤੇ ਕੁਝ ਦਿਨ ਮੈਨੂੰ ਕੁਝ ਨਹੀਂ ਆਖਦੇ ਹਨ ਫੇਰ ਉਹਨਾਂ ਮੇਰੀਆਂ ਖਾਖਾਂ ਪਾੜਨੀਆਂ ਨੇ। ਅਜੇ ਤੇ ਬਹੁਤ ਲੋਕ ਇਹ ਜਾਣਦੇ ਹਨ ਕਿ ਅਹਿਮਦ ਸ਼ਾਹ ਅਬਦਾਲੀ ਨਾਲ ਮੇਰੀ ਸੁਰ ਰਲਦੀ ਏ।

ਮੈਨੂੰ ਕਿਸੇ ਨੇ ਜੀਊਣ ਨਹੀਂ ਦੇਣਾ, ਮੇਰੀ ਮੁਖ਼ਬਰੀ ਦਾ ਪਰਦਾ ਫ਼ਾਸ਼ ਹੋ ਗਿਐ। ਮੈਂ ਝੂਠ ਨੂੰ ਕਿੰਨੇ ਕੁ ਪਰਦੇ ਪਾ ਕੇ ਲੁਕੋਵਾਂਗੀ। ਝੂਠ ਆਖ਼ਰ ਝੂਠ ਏ।

ਯਾ ਅੱਲਾ ਮੈਂ ਹੁਣ ਕੀ ਕਰਾਂ?

ਕਰਨਾ ਕੀ ਏ ਸਿੱਖਾਂ ਨਾਲ ਘਿਓ-ਖਿੱਚੜੀ ਹੋ ਜਾ। ਅਹਿਮਦ ਸ਼ਾਹ ਅਬਦਾਲੀ ਦੀਆਂ ਕਮਜ਼ੋਰੀਆਂ ਦੱਸ, ਸਿੰਘ ਤੇਰੇ ਝਾਂਸੇ ਵਿਚ ਆ ਜਾਣਗੇ। ਦੌਲਤ ਵਿਚ ਗੱਡ ਦੇਣਗੇ ਜੇ ਮਿਹਰਬਾਨ ਹੋ ਗਏ। ਤੇ ਫੇਰ ਸੂਬੇਦਾਰੀ ਵੀ ਪੱਕੀ।

ਪਰ ਦਲ ਵਾਲਿਆਂ ਨਾਲ ਗੱਲ ਕੌਣ ਕਰੇ?

ਗੱਲ ਤੂੰ ਕਰ। ਬਾਦਾਮ, ਮੇਵੇ, ਸੌਗੀ, ਸੁੱਖਾ ਨਿਹੰਗਾਂ ਲਈ ਤੇ ਛਾਉਣੀ ਵਾਲਿਆਂ ਲਈ ਤੇ ਹੋਰ ਸੁੱਕੇ ਮੇਵੇ ਹੱਥ ਜੋੜ ਕੇ ਅਰਜ਼ ਕਰ, ਮੇਰੀ ਮਦਦ ਕਰੋ। ਮੈਨੂੰ ਸੂਬੇਦਾਰੀ ਦਵਾਓ, ਮੈਂ ਤੁਹਾਨੂੰ ਪੰਜਾਬ ਦੀ ਜਾਗੀਰ ਦੇਵਾਂਗੀ। ਸੌਦਾ ਕਰ ਲੈ ਠੋਕ ਵਜਾਅ ਕੇ। ਇਹੋ ਹੀ ਸਭ ਕੁਝ ਦੇ ਸਕਦੇ ਹਨ।

ਅਹਿਮਦ ਸ਼ਾਹ ਅਬਦਾਲੀ ਵਾਪਸ ਚਲਾ ਗਿਐ। ਇਕ ਵਾਰ ਲਾਹੌਰ ਤੁਹਾਡੇ ਕਬਜ਼ੇ ਵਿਚ ਆ ਗਿਐ। ਤੁਸਾਂ ਇਕ ਸਾਲ ਹੋਰ ਗੁਜ਼ਾਰ ਲਿਆ ਤੇ ਫੇਰ ਤੁਹਾਥੋਂ ਲਾਹੌਰ ਰੱਬ ਵੀ ਨਹੀਂ ਖੋਹ ਸਕਦਾ। ਮੈਂ ਦਾਸੀ ਬਣ ਕੇ ਰਵਾਂਗੀ। ਮੈਂ ਕੁਝ ਖੁੰਡਾਂ ਦੱਸਾਂਗੀ ਤੇ ਕੁਝ ਕਮਜ਼ੋਰੀਆਂ ਅਹਿਮਦ ਸ਼ਾਹ ਅਬਦਾਲੀ ਦੀਆਂ।

ਕੜਾਹ ਪ੍ਰਸ਼ਾਦ ਲਈ ਰਕਮ ਤੇ ਨਜ਼ਰਾਨਾ ਤਿਆਰ ਕੀਤਾ ਗਿਆ।

ਕੀ ਜੱਸਾ ਸਿੰਘ ਆਹਲੂਵਾਲੀਏ ਦੀ ਬੀਵੀ ਉਹਨਾਂ ਦੇ ਨਾਲ ਏ?

ਨਾਲ ਤੇ ਨਹੀਂ, ਹਾਂ ਅੰਮ੍ਰਿਤਸਰ ਮੱਸਿਆ ਨਹਾਉਣ ਆਈ ਹੋਈ ਏ।

ਫੇਰ ਤੇ ਤੇਰਾ ਕੰਮ ਵਾਹਿਗੁਰੂ ਨੇ ਕਰ ਦਿੱਤੈ। ਸਰਦਾਰਨੀ ਨੂੰ ਜਾ ਮਿਲ ਤੇ ਹੱਥਾ ਤੇ ਪਾ ਲੈ। ਇਹ ਟੱਕਰ ਲੈ ਸਕਦੇ ਹਨ ਬੁੱਢਾ ਦਲ ਵਾਲੇ ਅਹਿਮਦ ਸ਼ਾਹ ਅਬਦਾਲੀ ਨਾਲ। ਉਹ ਸਿਰਫ਼ ਦਲ ਵਾਲਿਆਂ ਤੋਂ ਈ ਗ਼ਮ ਖਾਂਦੈ।

ਇਹ ਕੜਾਹ, ਪ੍ਰਸ਼ਾਦ ਦਾ ਅਰਦਾਸਾ। ਇਹ ਨਜ਼ਰਾਨਾ ਦਲ ਦਾ ਰਸਦ ਪਾਣੀ ਤੇ ਇਕ ਥਾਲੀ ਮੋਤੀਆਂ ਨਾਲ ਭਰੀ ਤੇ ਵਿਚ ਹੋਖਰੂ ਅਹਿਮਦ ਸ਼ਾਹ ਅਬਦਾਲੀ ਵਾਲੇ ਲੈ ਕੇ ਸਿੱਧੀ ਹਾਜ਼ਰ ਹੋ ਜਾ। ਝਕਣ ਦੀ ਲੋੜ ਨਹੀਂ।

—ਮੈਂ ਮੁਰਾਦ ਬੇਗ਼ਮ ਹਾਂ ਮੇਰੀ ਸੂਬੇਦਾਰੀ ਅਹਿਮਦ ਸ਼ਾਹ ਅਬਦਾਲੀ ਮੈਥੋਂ ਖੋਹ ਕੇ ਦੂਜੇ ਬੰਦਿਆਂ ਨੂੰ ਦੇ ਗਿਐ। ਮੇਰੀ ਮਦਦ ਕਰੋ।

—ਕੌਣ ਏ ਇਹ ਔਰਤ ਜ਼ਾਤ, ਸਾਡੀ ਛਾਉਣੀ ਵਿਚ ਕਿੱਦਾ ਆਈ ਏ?

—ਮੀਰ ਮਨੂੰ ਦੀ ਬੇਗ਼ਮ ਮੁਰਾਦ ਬੇਗ਼ਮ ਹਾਜ਼ਰ ਹੋਣਾ ਚਾਹੁੰਦੀ ਏ। ਕੁਝ

ਨਜ਼ਰਾਨਾ ਦਲ ਲਈ ਕੜਾਹ ਪ੍ਰਸ਼ਾਦ ਦੀ ਅਰਦਾਸ ਤੇ ਬਾਕੀ ਦਲ ਦਾ ਖ਼ਰਚਾ-ਪਾਣੀ ਲੈ ਕੇ ਆਈ ਏ।

—ਵਿਚਾਰ ਕੀਤੀ ਜਾਏਗੀ, ਜਾਓ ਤਸੱਲੀ ਦਿਓ ਕਿ ਦਲ ਤੁਹਾਡੀ ਮਦਦ ਕਰੇਗਾ।

—ਇਹ ਥਾਲੀ ਮੈਂ ਸਰਦਾਰਨੀ ਲਈ ਲਿਆਂਦੀ ਏ।

—ਕੀ ਇਹ ਰਿਸ਼ਵਤ ਏ? ਸਾਡੀ ਸਰਦਾਰਨੀ ਕਿੱਥੋਂ ਚੇਤੇ ਆ ਗਈ?

—ਮੈਂ ਗੋਖੜੂ ਲਿਆਈ ਹਾਂ, ਦਿੱਲੀ ਤੋਂ ਲਿਆਂਦੇ ਨੇ।

—ਅਸੀਂ ਕਿਸੇ ਬੁੱਢੀ ਕੋਲੋਂ ਨਾ ਕਦੀ ਜ਼ੇਵਰ ਲਏ ਹਨ ਤੇ ਨਾ ਜ਼ੇਵਰ ਲੁੱਟੇ ਹੀ ਹਨ। ਦਲ ਜ਼ੇਵਰਾਂ ਤੇ ਨਹੀਂ ਰੀਝਦਾ।

—ਪਰ ਜ਼ਨਾਨੀਆਂ ਤੇ ਜ਼ੇਵਰਾਂ ਤੇ ਜਾਨ ਦੇਂਦੀਆਂ ਹਨ।

—ਇਹ ਥਾਲੀ ਵਾਪਸ ਲੈ ਜਾ, ਅਸਾਂ ਇਹ ਨਹੀਂ ਰੱਖਣੀ।

—ਕਿਉਂ ਕਿਸ ਲਈ? ਇਹਦੇ ਵਿਚ ਤੇ ਮੇਰਾ ਮੋਹ ਲੁੱਕਿਆ ਹੋਇਆ ਏ।

—ਦਲ ਵਾਲੇ ਕਿਸੇ ਬੁੱਢੀ ਦੇ ਜ਼ੇਵਰ ਨੂੰ ਹੱਥ ਨਹੀਂ ਲਾਉਂਦੇ।

—ਇਹ ਜ਼ੇਵਰ ਮੇਰੇ ਨਹੀਂ ਹਨ। ਅਹਿਮਦ ਸ਼ਾਹ ਅਬਦਾਲੀ ਦੇ ਹਨ। ਉਹਦਾ ਮਾਲ ਤਾਂ ਤੁਹਾਨੂੰ ਹਜ਼ਮ ਹੋ ਸਕਦਾ ਏ ਨਾ।

—ਗੋਖੜੂ ਹੱਥੀਂ ਮੈਂ ਨਹੀਂ ਪਾਏ ਤੇ ਨਾ ਈ ਮੈਂ ਇਹਨੂੰ ਨਜ਼ਰ ਭਰਕੇ ਵੇਖਿਆ ਏ। ਇਹ ਸੁੱਚੇ ਹਨ, ਪਵਿੱਤਰ ਹਨ, ਪਾਕੀਜ਼ਾ ਹਨ। ਇਹ ਲੁੱਟ ਦਾ ਮਾਲ ਏ, ਮਥੁਰਾ ਦੀ ਲੁੱਟ ਦਾ। ਉਹ ਜਾਂਦਾ ਮੈਨੂੰ ਦੇ ਗਿਆ ਸੀ। ਜਦ ਓਸ ਮੇਰੇ ਨਾਲ ਅੱਖਾਂ ਫੇਰੀਆਂ ਤਦ ਮੈਂ ਇਹ ਗੋਖੜੂਆਂ ਨੂੰ ਖ਼ੁਦਾ ਮੰਨ ਲਿਆ। ਇਹ ਗੋਖੜੂ ਈ ਮੇਰਾ ਕਲਿਆਣ ਕਰ ਸਕਦੇ ਹਨ।

—ਮੇਰੇ ਪੰਜਾਬ ਦੇ ਭਰਾ ਈ ਮੇਰੀ ਇੱਜ਼ਤ ਬਚਾ ਸਕਦੇ ਹਨ, ਹੋਰ ਦੂਜਾ ਕੋਈ ਨਹੀਂ।

—ਤੇਰਾ ਮਾਲ ਤੈਨੂੰ ਮੁਬਾਰਕ। ਤੂੰ ਵਾਪਸ ਲੈ ਜਾ ਇਹ ਗੋਖੜੂਆਂ ਦੀ ਜੋੜੀ।

—ਨਹੀਂ ਮੈਂ ਇਹ ਸਰਦਾਰਨੀ ਵਾਸਤੇ ਲੈ ਕੇ ਆਈ ਹਾਂ। ਇਹ ਮੇਰੇ ਦਿਲ ਦੀ ਸਰਧਾ ਏ। ਵੇਖ ਲੈ ਪੁਵਾ ਕੇ ਜੇ ਸਰਦਾਰਨੀ ਕਬੂਲ ਕਰੇ ਤਾਂ।

—ਜਦ ਅਣੋਖੀ ਨੇ ਗੋਖੜੂਆਂ ਨੂੰ ਵੇਖਿਆ ਤਾਂ ਦਿਲ ਬੇਈਮਾਨ ਹੋ ਗਿਆ।

—ਕੀਮਤਨ ਵੇਚੇਂਗੀ? ਦੱਸ ਕੀ ਲੈਣਾ ਈ?

—ਲੈਣਾ-ਦੇਣਾ ਕੀ ਏ, ਇਹਦੀ ਕੋਈ ਕੀਮਤ ਨਹੀਂ ਤਾਰ ਸਕਦਾ। ਇਹਦੇ ਬਦਲੇ ਸਿਰਫ਼ ਲਾਹੌਰ ਦੀ ਸੂਬੇਦਾਰੀ।

—ਮੁੱਲ ਜ਼ਿਆਦਾ ਏ।

—ਕਿਉਂ ਅਣੋਖੀਏ ਕੀ ਮਰਜ਼ੀ ਏ?

—ਮੁੱਲ ਲੈ ਲਏ ਤਾਂ ਪਾਵਾਂਗੀ।

—ਚੰਗਾ ਦੋ ਜੋੜੀਆਂ ਕੰਗਨਾਂ ਦੀ ਲੈ ਕੇ ਵਟਾ ਲੈ। ਤੂੰ ਵੀ ਰਾਜ਼ੀ ਤੇ ਉਹ ਵੀ ਰਾਜ਼ੀ। ਕਿਉਂ ਸੌਦਾ ਮਨਜ਼ੂਰ ਈ?

ਮਨਜ਼ੂਰ, ਮੁਰਾਦ ਬੇਗਮ ਆਖਣ ਲੱਗੀ।

ਆਖ਼ਰ ਪੰਜਾਬੀ ਈ ਕੰਮ ਆਏ ਨਾ। ਲਹੂ ਬੋਲ ਉਠਿਆ, ਪੰਜਾਬ ਦੀ ਗ਼ੈਰਤ ਜਾਗੀ।

ਅਬਦਾਲੀ ਨੂੰ ਅਫ਼ਗਾਨਿਸਤਾਨ ਵਿਚ ਚੇਤੇ ਆ ਰਹੀ ਸੀ, ਮੁਰਾਦ ਬੇਗ਼ਮ ਵਿਚਾਰੀ ਨਾਲ ਧੱਕਾ ਹੋਇਐ।

ਹੁਣ ਮੈਂ ਜਦ ਫੇਰ ਦਿੱਲੀ ਗਿਆ ਤੇ ਉਹਦੀ ਖ਼ਾਹਿਸ਼ ਪੂਰੀ ਕਰਾਂਗਾ। ਅੱਲਾ ਮੈਨੂੰ ਤੌਫ਼ੀਕ ਦੇਵੇ।

20

ਨਖ਼ਸਮਾ

ਹੁਣ ਲਾਹੌਰ ਸਾਡੇ ਕਰੀਬ ਆ ਰਿਹੈ। ਕਦੀ ਅਸੀਂ ਲਾਹੌਰ ਜਾਣ ਲਈ ਤਰਸਦੇ ਸਾਂ। ਹੁਣ ਲਾਹੌਰ ਵਾਲੇ ਸਾਨੂੰ ਮਿਲਣ ਲਈ ਮਿੰਨਤਾਂ ਪਾ ਰਹੇ ਹਨ। ਇਹ ਜ਼ਮਾਨੇ ਦੀ ਰਫ਼ਤਾਰ ਏ। ਲਾਹੌਰ ਦੀ ਸੂਬੇਦਾਰੀ ਇਕ ਏ ਤੇ ਉਹਦੇ ਉੱਤੇ ਕਈਆਂ ਦੀਆਂ ਅੱਖਾਂ ਹਨ। ਸੂਬੇਦਾਰੀ ਤੇ ਇਕ ਨੂੰ ਮਿਲਣੀ ਏ ਸਾਰਿਆਂ ਨੂੰ ਤੇ ਨਹੀਂ ਨਾ ਮਿਲ ਸਕਦੀ। ਸੂਬੇਦਾਰੀ ਸਾਨੂੰ ਆਪ ਚਾਹੀਦੀ ਏ। ਅਸੀਂ ਸੂਬੇਦਾਰੀ ਆਪ ਸੰਭਾਲਾਂਗੇ। ਨਹੀਂ, ਨਹੀਂ ਅਸਾਂ ਸੂਬੇਦਾਰੀ ਕੀ ਕਰਨੀ ਏ? ਸਾਨੂੰ ਪਹਿਲਾਂ ਜਾਗੀਰ ਤੇ ਉਹਦੇ ਨਾਲ ਦੌਲਤ ਮਿਲੇਗੀ ਤਾਂ ਪੰਜਾਬ ਵਿਚ ਅਮਨ ਰਹੇਗਾ ਤੇ ਘੋੜੇ ਖ਼ਰੀਦੇ ਜਾ ਸਕਣਗੇ। ਕਿੱਥੇ ਜਾਣਗੇ ਘੋੜੇ, ਬਾਰੂਦ ਦੇ ਜ਼ਖ਼ੀਰਿਆਂ ਦਾ ਪਤਾ ਲੱਗੇਗਾ। ਤਾਕਤ ਵਧੇਗੀ, ਕੁਝ ਹੋਰ ਇਲਾਕੇ ਸਾਡੀ ਰਾਖੀ ਵਿਚ ਆਉਣਗੇ।

ਇਹ ਬੇਗ਼ਮ ਆਈ ਏ ਪਰ ਮੈਨੂੰ ਜਾਪਦਾ ਏ ਇਹਦੇ ਚਿਹਰੇ ਤੋਂ ਇਹਦੇ ਦਿਲ ਦੀ ਖੋਟ ਨਜ਼ਰ ਆ ਰਹੀ ਏ। ਇਹ ਅਹਿਮਦ ਸ਼ਾਹ ਅਬਦਾਲੀ ਨੂੰ ਵੀ ਹੱਥਾਂ 'ਚ ਰੱਖਣਾ ਚਾਹੁੰਦੀ ਏ ਤੇ ਸਾਨੂੰ ਵੀ ਵਰਤਣਾ ਚਾਹੁੰਦੀ ਏ। ਇਹ ਸੱਪਣੀ ਏ। ਸੱਪ ਮਰ ਗਿਆ ਸੱਪਣੀ ਜ਼ਹਿਰੀਲੀ ਹੋ ਗਈ। ਪਰ ਅਸੀਂ ਏਸ ਦੇ ਤਰਲਿਆਂ ਤੇ ਨਹੀਂ ਜਾਣਾ। ਇਹਦੀਆਂ ਮੁਸ਼ਕਾਂ ਬੱਝੀਆਂ ਹੋਈਆਂ ਨੇ। ਸਾਰੇ ਪਾਸਿਓਂ ਨਿਰਾਸ਼ ਹੋ ਚੁਕੀ ਏ। ਜੱਸਾ ਸਿੰਘ ਆਹਲੂਵਾਲੀਏ ਨੇ ਸੋਚਿਆ।

—ਆਖਦੀ ਕੀ ਏ? ਤੁਸਾਂ ਸੁਣਿਐ?

—ਆਖਣਾ ਕੀ ਸੂ, ਸੂਬੇਦਾਰੀ ਭਾਲਦੀ ਫਿਰਦੀ ਏ।

—ਅਹਿਮਦ ਸ਼ਾਹ ਅਬਦਾਲੀ ਚਕਮਾ ਦੇ ਕੇ ਚਲਾ ਗਿਆ। ਕੁਝ ਜਵਾਬ ਨਹੀਂ ਦਿੱਤਾ। ਐਵੇਂ ਮਾੜੀ ਕੁ ਜਿਹੀ ਤਸੱਲੀ ਦਿੱਤੀ ਏ। ਲਾਹੌਰ ਦਰਬਾਰ ਵਾਲੇ ਅਹਿਲਕਾਰ ਬਦਜ਼ਨ ਹੋ ਗਏ ਹਨ। ਕੁਝ ਆਖਦੇ ਹਨ ਅਯਾਸ਼ ਹੋ ਗਈ ਏ, ਬਦਚਲਨ। ਅਸੀਂ ਇਹਦੇ ਨਾਲ ਨਹੀਂ ਚੱਲ ਸਕਾਂਗੇ। ਏਸ ਘੱਗਰੀ ਨੇ ਖੁਸਰਿਆਂ ਦੀ ਜਮਾਤ ਮਗਰ ਲਾਈ ਹੋਈ ਏ। ਇਹ ਕਮਜ਼ਾਤ ਏ। ਯੋਧੇ, ਬਹਾਦਰ, ਜਾਂਬਾਜ਼ ਸਾਰੇ ਇਹਦੇ ਤੋਂ ਕੰਨੀਂ ਕਤਰਾ ਰਹੇ ਹਨ। ਅਹਿਮਦ ਸ਼ਾਹ ਅਬਦਾਲੀ ਇੰਨਾ ਮੂਰਖ਼ ਨਹੀਂ ਕਿ ਬਣੀ ਬਣਾਈ ਹਕੂਮਤ ਇਕ ਛਨਾਰ ਔਰਤ ਦੀ ਝੋਲੀ 'ਚ ਪਾ ਦੇਵੇ। ਵੈਸੇ ਅਹਿਮਦ ਸ਼ਾਹ ਅਬਦਾਲੀ ਵੀ ਸੋਚਦਾ ਏ ਕਿ ਸੂਬੇਦਾਰੀ ਜੇ ਮੁਰਾਦ ਬੇਗ਼ਮ ਨੂੰ ਦੇ ਦਿੱਤੀ ਜਾਏ ਤਾਂ ਇਹ ਸਾਡੇ ਕੰਮ ਆ ਸਕਦੀ ਏ। ਕਠਪੁਤਲੀ ਹਕੂਮਤ ਮਿੱਟੀ ਦੀ ਬਾਜ਼ੀ ਸਾਡੇ ਇਸ਼ਾਰਿਆਂ ਤੇ ਨੱਚੇਗੀ। ਜੇ ਕੋਈ

ਦਲੇਰ 'ਤੇ ਬਹਾਦਰ ਹਕੂਮਤ 'ਚ ਆਣ ਖੜ੍ਹਾ ਹੋਇਆ ਤਾਂ ਫੇਰ ਮੈਨੂੰ ਹਰ ਵੇਲੇ ਪਹਿਲਾਂ ਲਾਹੌਰ ਵਾਲਿਆਂ ਨਾਲ ਸਿੱਝਣਾ ਪਵੇਗਾ ਤੇ ਇਹਦੀ ਚੌਖਟ ਤੇ ਸਜਦਾ ਕਰਕੇ ਫੇਰ ਦਿੱਲੀ ਨੂੰ ਮੂੰਹ ਕਰਨਾ ਪਵੇਗਾ। ਮੁਰਾਦ ਬੇਗ਼ਮ ਕੰਮ ਤਾਂ ਚਲਾ ਸਕਦੀ ਏ ਤੇ ਮੇਰੀ ਮਰਜ਼ੀ ਤੇ ਪੂੰਛ ਹਿਲਾਵੇਗੀ। ਇਕ ਵਾਰੀਂ ਅਹਿਮਦ ਸ਼ਾਹ ਅਬਦਾਲੀ ਦਾ ਮੰਨ ਹਿਚਕੋਲੇ ਖਾਣ ਲੱਗਾ।

—ਫੈਸਲਾ ਮੈਂ ਆਣ ਕੇ ਕਰਾਂਗਾ। ਵੈਸੇ ਅਦੀਨਾ ਬੇਗ਼ ਨੇ ਮੇਰੀ ਹਾਂ ਵਿਚ ਹਾਂ ਮਿਲਾ ਦਿੱਤੀ ਏ। ਹੈਨ ਦੋਵੇਂ ਮੇਰੀ ਜਾਨ ਦੇ ਦੁਸ਼ਮਣ। ਕੋਈ ਕਿਸੇ ਨੂੰ ਆਪਣੇ ਘਰ ਦੀਆਂ ਚਾਬੀਆਂ ਦੇਂਦਾ ਏ? ਘਰ, ਘਰ ਵਾਲਿਆਂ ਦਾ ਈ ਰਹਿਣਾ ਏ। ਮੈਂ ਤੇ ਪ੍ਰਾਹੁਣਾ ਹਾਂ ਚਾਰ ਦਿਨ ਦਾ। ਆਇਆ ਤੇ ਦੋ ਰਾਤਾਂ ਕੱਟੀਆਂ ਤੇ ਅਗਲੇ ਪਿੰਡ।

ਝੂਠੀਆਂ ਤਸੱਲੀਆਂ ਦੇ ਕੇ ਰਾਹੇ ਪਿਆ। ਮੁਰਾਦ ਬੇਗ਼ਮ ਨੂੰ ਨਵਾਰੀ ਪਲੰਗ ਤੇ ਨੀਂਦ ਨਹੀਂ ਸੀ ਆਉਂਦੀ। ਕੱਲੀ ਨੂੰ ਡਰ ਆਉਂਦਾ। ਵੈਸੇ ਲਾਹੌਰ ਦੇ ਚੌਥੇ ਹਿੱਸੇ ਤੇ ਮੁਰਾਦ ਬੇਗ਼ਮ ਦੀ ਹਕੂਮਤ ਸੀ। ਅੱਧੇ ਹਿੱਸੇ ਤੇ ਅਹਿਮਦ ਸ਼ਾਹ ਅਬਦਾਲੀ ਦਾ ਹੁਕਮ ਚਲਦਾ। ਛੋਟਾ ਜਿਹਾ ਹਿੱਸਾ ਨਖਸਮਾ ਸੀ, ਜਿਥੇ ਨਿਹੰਗਾਂ ਤੇ ਕੁੱਕੜ ਬੋਲਦੇ ਸਨ। ਉਹਦਾ ਕੋਈ ਵਾਲੀ ਵਾਰਸ ਨਹੀਂ ਸੀ। ਜਿਹੜਾ ਆ ਗਿਆ ਉਹੋ ਈ ਸਰਦਾਰ।

ਹਾਂ ਮੈਨੂੰ ਯਾਦ ਆਇਆ। ਇਕ ਵਾਰ ਪਹਿਲਾਂ ਵੀ ਇਸੇ ਤਰ੍ਹਾਂ ਦੀ ਗੁੰਝਲ ਪਈ ਸੀ।

ਅਦੀਨਾ ਬੇਗ਼ ਨੇ ਸਾਡੇ ਨਾਲ ਸਾਂਝ ਪਾਉਣੀ ਚਾਹੀ ਸੀ। ਉਸ ਜਾਲ ਸੁੱਟਿਆ ਦਲ ਤੇ ਪਰ ਦਲ ਨੇ ਸਿਰ ਫੇਰ ਦਿੱਤਾ। ਅਦੀਨਾ ਬੇਗ਼ ਔਲੂ ਦੀ ਝੱਗ ਵਾਂਗੂੰ ਬਹਿ ਗਿਆ।

ਇਕ ਸੱਪ ਨੂੰ ਦੁੱਧ ਪਿਆ ਕੇ ਜਾਨ ਦਾ ਵੈਰੀ ਨਾ ਬਣਾਓ। ਏਸ ਸੱਪ ਨੇ ਜਦ ਵੀ ਮਾਰਨਾ ਏ ਡੰਗ ਈ ਮਾਰਨਾ ਏ। ਅਹਿਮਦ ਸ਼ਾਹ ਅਬਦਾਲੀ ਨੇ ਸਾਰਿਆਂ ਦੇ ਨੱਕ 'ਚ ਨਕੇਲ ਪਾਈ ਹੋਈ ਸੀ। ਸਿਰਫ ਇਕ ਦਲ ਈ ਸੀ—ਬੁੱਢਾ ਦਲ, ਜਿਹੜਾ ਉਹਦੇ ਖੰਡ ਚੌਲਾਂ ਤੇ ਨਾ ਰੀਝਿਆ। ਬਾਕੀ ਸਭ ਲੱਟੂ ਹੋ ਚੁੱਕੇ ਸਨ ਤੇ ਇਹ ਡਰਦੇ ਵੀ ਸਿਰਫ਼ ਦਲ ਵਾਲਿਆਂ ਤੋਂ ਸਨ। ਦਲ ਮਾਝੇ ਵਿਚ ਚੱਕਰਵਰਤੀ ਸੀ ਤੇ ਫੇਰ ਅਹਿਮਦ ਸ਼ਾਹ ਅਬਦਾਲੀ ਲਾਹੌਰ ਨਹੀਂ ਸੀ ਪੈਰ ਧਰਦਾ। ਡਰਦਾ ਸੀ ਬੁੱਢੇ ਦਲ ਤੋਂ। ਉਹ ਆਪਣੀ ਸੋਚ ਨੂੰ ਬਦਲ ਦੇਂਦਾ ਤੇ ਸਰਹੰਦ ਵੱਲ ਮੂੰਹ ਕਰ ਲੈਂਦਾ। ਸਰਹੰਦ ਦੀ ਬਾਈ-ਬਾਈ ਚੱਲ ਕੇ ਪੁੱਛਗਿੱਛ ਕਰਕੇ ਫੇਰ ਰਾਹੇ-ਕੁਰਾਹੇ ਪੈ ਕੇ ਲਾਹੌਰ ਪੁੱਜਦਾ। ਟਾਕਰਾ ਬੜੀ ਮੁਸ਼ਕਲ ਨਾਲ ਹੁੰਦਾ ਪਰ ਦੂਰੋਂ-ਦੂਰੋਂ ਕਦੀ ਸਾਹਮਣਾ ਨਹੀਂ ਸੀ ਹੋਇਆ। ਸਿਰਫ਼ ਇਹ ਪਤਾ ਲਗਦਾ ਕਿ ਦਲ ਇੱਧਰ ਨੂੰ ਆ ਰਿਹੈ ਤਾਂ ਅਹਿਮਦ ਸ਼ਾਹ ਅਬਦਾਲੀ ਝਕਾਨੀ ਮਾਰ ਜਾਂਦਾ। ਰਾਹ ਬਦਲ ਲੈਂਦਾ, ਰੁਖ ਬਦਲ ਜਾਂਦਾ, ਜਾਣਾ ਕਿੱਧਰ ਹੁੰਦਾ ਤੇ ਚਲਿਆ ਕਿੱਧਰ ਜਾਂਦਾ।

ਬੇਗ਼ਮ ਮੁਰਾਦ ਨੇ ਅਰਜ਼ੀ ਦਿੱਤੀ ਸੀ ਬੁੱਢੇ ਦਲ ਨੂੰ। ਲਿੱਲੜੀਆਂ ਲਈਆਂ ਸਨ।

—ਮੈਂ ਬੇਵਾ ਔਰਤ ਸਿਰੋਂ ਨੰਗੀ ਹਾਂ। ਲਾਹੌਰ ਦੀ ਸੂਬੇਦਾਰੀ ਤੇ ਮੇਰਾ ਹੱਕ ਏ। ਸੂਬੇਦਾਰੀ ਮੈਨੂੰ ਮਿਲੀ ਪਰ ਮੈਥੋਂ ਜ਼ਬਰਦਸਤੀ ਖੋਹ ਲਈ ਏ। ਤੁਸੀਂ ਗ਼ਰੀਬ, ਨਥਾਵੀਂ ਤੇ ਬੇਸਹਾਰਾ ਔਰਤ ਦੀ ਹਿਫ਼ਾਜ਼ਤ ਕਰਦੇ ਆਏ ਹੋ। ਮੈਂ ਵੀ ਤੁਹਾਡੇ ਦਰ ਤੇ ਹਾਜ਼ਰ ਹੋਈ ਹਾਂ। ਮੈਂ ਵੀ ਤੁਹਾਡੀਆਂ ਜੂਹਾਂ ਵਿਚੋਂ ਪਾਣੀ ਪੀਤਾ ਏ। ਮੇਰੇ ਅੰਦਰ ਵੀ ਪੰਜਾਬ ਦੇ ਪਾਣੀ ਦਾ ਅਸਰ ਏ। ਇਹ ਦਿੱਲੀ ਵਾਲੇ, ਇਹ ਅਫ਼ਗਾਨਿਸਤਾਨ ਵਾਲੇ ਸਿਰਫ਼ ਲੁਟੇਰੇ ਹਨ

ਤੇ ਜ਼ਾਲਮ ਹਨ। ਦਿੱਲੀ ਨੇ ਵੀ ਸਾਡਾ ਲਹੂ ਪੀਣਾ ਏ ਤੇ ਅਹਿਮਦ ਸ਼ਾਹ ਅਬਦਾਲੀ ਨੇ ਸਾਡੀ ਚਮੜੀ ਉਧੇੜਨੀ ਏ। ਉੱਨ ਜਿਹਦਾ ਦਾਅ ਲਗਣਾ ਏ ਉਸ ਲਾਹੁਣੀ ਏ। ਇਹਨਾਂ ਦੋਵਾਂ ਨੇ ਉੱਨ ਲਾਹੁਣੀ ਏ, ਅਸੀਂ ਮਜਬੂਰ ਹਾਂ। ਅਸਾਂ ਹੁਣ ਉੱਨ ਨਹੀਂ ਲਹਾਉਣੀ। ਮਹਿੰ ਦਾ ਦੁੱਧ ਵੰਡ ਕੇ ਪੀਵਾਂਗੇ, ਇਨ੍ਹਾਂ ਨੂੰ ਚੂਲੀ ਭਰ ਵੀ ਦੁੱਧ ਨਹੀਂ ਦੇਣਾ।

—ਬੁੱਢੇ ਦਲ ਦੀ ਮੰਜ਼ਿਲ ਵੀ ਪੰਜਾਬ ਏ ਤੇ ਮੇਰੀ ਮੰਜ਼ਿਲ ਵੀ ਪੰਜਾਬ। ਅਸੀਂ ਵੀ ਅਹਿਮਦ ਸ਼ਾਹ ਅਬਦਾਲੀ ਨੂੰ ਪੰਜਾਬ ਵਿਚੋਂ ਕੱਢਣਾ ਚਾਹੁੰਦੇ ਹਾਂ ਤੇ ਸਿੱਖ ਵੀ। ਸਾਡਾ ਦੋਵਾਂ ਦਾ ਨਿਸ਼ਾਨਾ ਇਕੋ ਏ। ਆਓ ਦਲ ਵਾਲੇ ਤੇ ਅਸੀਂ ਇਕ ਜਗ੍ਹਾ ਤੇ ਕੱਠੇ ਹੋ ਜਾਈਏ। ਇਕ ਝੰਡੇ ਥੱਲੇ ਖਲੋ ਕੇ ਲੜੀਏ। ਅਸੀਂ ਤਾਂ ਹੀ ਲੁਟੇਰਿਆਂ ਨੂੰ ਕੱਢ ਸਕਾਂਗੇ। ਲੁਟੇਰਾ ਚਲਾ ਜਾਏਗਾ ਤਾਂ ਫੇਰ ਵੰਡੀਆਂ ਪਾ ਲੈਣਾ। ਹੁਣੇ ਈ ਨਾ ਮੁੱਛਾਂ ਨੂੰ ਮਰੋੜੇ ਦੇਣ ਲੱਗ ਪਵੋ।

—ਤੁਸੀਂ ਮੇਰੀ ਮਦਦ ਕਰੋ। ਮੈਂ ਤੁਹਾਡੇ ਅੱਗੇ ਝੋਲੀ ਅੱਡੀ ਏ।

ਇਕ ਵਾਰ ਜੋ ਪਹਿਲਾਂ ਚਿੱਠੀ ਅਦੀਨਾ ਬੇਗ਼ ਨੇ ਭੇਜੀ ਸੀ, ਉਹ ਵੀ ਇਹੋ ਜਿਹੀ ਸੀ। ਬੇਗ਼ਮ ਦੀ ਚਿੱਠੀ ਵਿਚ ਕੁਝ ਸੱਚ ਹੈ ਪਰ ਅਦੀਨਾ ਬੇਗ਼ ਦੀ ਚਿੱਠੀ ਵਿਚ ਪਿਆਰ ਸੀ, ਮੁਹੱਬਤ ਸੀ। ਪਰ ਨਾਲ ਜ਼ਹਿਰ ਦੀ ਪੁੜੀ ਵੀ ਬੱਝੀ ਹੋਈ ਸੀ।

ਅਦੀਨਾ ਬੇਗ਼ ਲਿਖਦਾ ਏ "ਮੈਂ ਤੁਹਾਡੇ ਚਰਨਾਂ ਵਿਚ ਹਾਜ਼ਰ ਹੋਣਾ ਚਾਹੁੰਦਾ ਹਾਂ। ਮੈਨੂੰ ਹੁਕਮ ਦਿਓ ਤੇ ਮੈਂ ਹਾਜ਼ਰੀ ਆਣ ਭਰਾਂ। ਜੇ ਤੁਸੀਂ ਮੇਰੇ ਕੋਲ ਆ ਜਾਓ ਤਾਂ ਫੇਰ ਦਿਲ ਖੋਲ੍ਹਕੇ ਗੱਲਾਂ ਕਰਾਂਗੇ।

—ਫੈਸਲਾ ਵੀ ਤੇ ਤੁਸਾਂ ਈ ਕਰਨਾ ਏਂ ਤੇ ਜਗ੍ਹਾ ਵੀ ਤੁਸਾਂ ਦੱਸਣੀ ਏ। ਆਓ ਰਲ ਮਿਲ ਕੇ ਪੰਜਾਬ ਦਾ ਬੰਦੋਬਸਤ ਕਰੀਏ। ਇਹਨਾਂ ਲੁਟੇਰਿਆਂ ਨੇ ਸਾਡਾ ਲਹੂ ਪੀ ਲਿਐ, ਸਾਡੀ ਪਤ ਲੁੱਟ ਲਈ ਏ। ਇਹ ਫੇਰ ਪਾਰਸਾ ਦੇ ਪਾਰਸਾ! ਇਹ ਚੋਰ ਹੁੰਦਿਆਂ ਹੋਇਆਂ ਵੀ ਸ਼ਾਹੂਕਾਰ।

—ਹਾਜੀ ਬਿਨਾਂ ਹੱਜ ਕੀਤਿਆਂ ਦਾੜ੍ਹੀਆਂ ਸੁੱਕੀਆਂ ਤੇ ਉੱਚੀਆਂ ਕਰੀ ਬੈਠੇ ਹਨ। ਪਰ ਗੁਣਾਂ ਨਾਲ ਭਰੀਆਂ ਹੋਈਆਂ ਹਨ। ਛੱਡੋ ਜ਼ਿਦਾਂ, ਗੁੱਸੇ, ਹੰਡੋਰੇ। ਆਓ ਇਕ ਦਸਤਰਖ਼ਾਨ ਤੇ ਬੈਠੀਏ। ਅਸੀਂ ਵੀ ਤੁਹਾਡੇ ਵਰਗੇ ਦੁਖੀ ਹਾਂ। ਇਸਲਾਮ-ਇਸਲਾਮ ਦਾ ਹੋਕਾ ਦੇਣ ਵਾਲੇ ਰੌਲਾ ਪਾਉਣ ਵਾਲੇ ਮੁਸਲਮਾਨ ਨਹੀਂ। ਲੁੱਟ ਦਾ ਮਾਲ ਏ ਈਮਾਨ, ਕਤਲ ਕਰਨਾ ਕਸਾਈਆਂ ਵਾਂਗੂੰ ਤੇ ਪਾਰਸਾ ਬਣਕੇ ਵਿਖਾਉਣਾ ਖ਼ਲਕਤ ਨੂੰ।

—ਤੁਹਾਨੂੰ ਮੁਲਖ ਚਾਹੀਦੈ। ਆਓ ਰੱਲ ਕੇ ਪਹਿਲਾਂ ਖੋਹ ਲਈਏ। ਤੁਹਾਡਾ ਰੱਬ ਕਰਾਏ ਜੋ ਖ਼ੈਰ ਤੁਸੀਂ ਸਾਨੂੰ ਪਾਉਣਾ ਚਾਹੋ ਅਸੀਂ ਕਬੂਲ ਕਰ ਲਵਾਂਗੇ। ਜੋ ਹਿੱਸਾ ਦਿਓਗੇ ਲੈ ਲਵਾਂਗੇ। ਪਹਿਲਾਂ ਇਨ੍ਹਾਂ ਬੁੱਚੜਾਂ ਕੋਲੋਂ ਗਊਆਂ ਤੇ ਛੁਡਾ ਲਵੋ।

—ਦਿਨ ਦੇ ਭੁਲੇਖੇ ਰਾਤ ਦਾ ਜਗਰਾਤਾ, ਬੇ-ਆਰਾਮੀ ਵਿਚ ਕੀ ਫਾਇਦਾ। ਨਾ ਘਰ ਦਾ ਸੁਖ, ਨਾ ਖਾਣ-ਪੀਣ ਦੀ ਖੁੱਲ੍ਹ। ਆਓ ਰੱਲ ਕੇ ਖਾਵਾਂਗੇ। ਅਹਿਮਦ ਸ਼ਾਹ ਆਏ ਤੇ ਦੰਦ ਭੰਨੋ।"

ਅਦੀਨਾ ਬੇਗ਼ ਬਹੁਤ ਚਾਲਾਕ ਸੀ। ਮੱਕਾਰ, ਖ਼ਚਰਾ। ਜੱਸਾ ਸਿੰਘ ਆਹਲੂਵਾਲੀਏ ਨੇ ਜਵਾਬ ਦਿੱਤਾ। ਦਲ ਵਾਲਿਆਂ ਦੀਆਂ ਗੱਲਾਂ ਮੈਦਾਨ 'ਚ ਹੋਣਗੀਆਂ। ਤੂੰ ਸਾਨੂੰ ਫੜ ਕੇ ਅਬਦਾਲੀ ਕੋਲ ਵੇਚਣਾ ਚਾਹੁੰਦੈਂ। ਭਲਿਆ ਲੋਕਾ, ਅਸੀਂ ਕੱਚੀਆਂ ਗੋਲੀਆਂ ਨਹੀਂ ਖੇਡੇ ਹੋਏ।

ਏਲਚੀ ਨੇ ਦੱਸਿਆ ਅਦੀਨਾ ਬੇਗ਼ ਦੇ ਮਨ ਵਿਚ ਖੋਟ ਸੀ। ਉਹ ਜੱਸਾ ਸਿੰਘ ਆਹਲੂਵਾਲੀਏ ਨੂੰ ਹੱਥਾਂ ਤੇ ਪਾ ਕੇ ਸਬਜ਼ਬਾਗ਼ ਵਿਖਾ ਕੇ ਇਕ ਵਾਰ ਕਾਬੂ ਕਰਨਾ ਚਾਹੁੰਦਾ ਸੀ। ਇਕ ਸੱਪ ਪਟਾਰੀ ਵਿਚ ਪਾ ਲਿਆ ਤੇ ਇਕ ਸੱਪਣੀ ਨੂੰ ਇਕ ਬੰਗਾਲਾ ਨਹੀਂ ਪਕੜ ਸਕਿਆ। ਸੱਪ ਨੂੰ ਪਟਾਰੀ 'ਚ ਪਾਉਣਾ ਔਖਾ ਏ, ਸੱਪ ਜੇ ਇਕ ਵਾਰ ਪਟਾਰੀ 'ਚੋ ਨਿਕਲ ਗਿਆ, ਫੇਰ ਉਸ ਸਾਰਿਆਂ ਨੂੰ ਡੰਗਣਾਂ ਏ।

ਜੱਸਾ ਸਿੰਘ ਆਹਲੂਵਾਲੀਆ ਕਿਸੇ ਝਾਂਸੇ 'ਚ ਨਾ ਆਇਆ। ਫਾਹੀਆਂ ਸਾਰਿਆਂ ਨੇ ਗੱਡੀਆਂ ਹੋਈਆਂ ਸਨ। ਹਰ ਕੋਈ ਆਪਣੇ ਦਾਅ ਤੇ ਸੀ।

21

ਰਾਜ ਕਰੇਗਾ ਖ਼ਾਲਸਾ

ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨ ਕੋਇ।
ਖਵਾਰ ਹੋਇ ਸਭ ਮਿਲੈਂਗੇ ਬਚੇ ਸਰਨ ਜੋ ਹੋਇ।

ਖਚਰੇ ਤੇ ਦਗਾਬਾਜ਼ ਅਦੀਨਾ ਬੇਗ਼ ਦੀ ਚਾਲ ਖਾਲੀ ਗਈ, ਨਰਦਾਂ ਸੁੱਟੀਆਂ ਸਨ ਪਰ ਕੁਝ ਹਾਸਲ ਨਾ ਹੋਇਆ, ਪੁੱਠੀਆਂ ਪੈ ਗਈਆਂ।

ਜੱਸਾ ਸਿੰਘ ਆਹਲੂਵਾਲੀਏ ਨੇ ਜਵਾਬ ਦਿੱਤਾ। ਇਨ੍ਹੇਂ ਸੁਲਹਾ ਦੀ ਗੱਲ ਨਹੀਂ ਛੇੜੀ, ਹੁਣ ਕਿਹੜੀ ਕੁੜਮਾਚਾਰੀ ਵਿਚ ਆਣ ਖਲੋਤੀ ਏ? ਸਾਹਿਬ ਜਦੋਂ ਵੀ ਚਾਹੋਗੇ ਸੁਲਹਾ ਕਰ ਲਵਾਂਗੇ। ਬਿੱਲੀ ਨਿੱਛ ਗਈ ਏ, ਕਾਲਾ ਕੁੱਤਾ ਅੱਗੋਂ ਦੀ ਲੰਘ ਗਿਐ। ਅਸੀਂ ਅਜੇ ਵਿਚਾਰ ਨਹੀਂ ਕੀਤੀ। ਬਦਸ਼ਗਨੀ ਹੁੰਦੀ ਵੇਖ ਕੇ ਅਸੀਂ ਚੁੱਪ ਕਰ ਗਏ ਹਾਂ। ਸ਼ੁਭ ਕਾਰਜ ਕਰਨ ਲਈ ਪੰਡਤ ਨੂੰ ਮਹੂਰਤ ਕੱਢਣ ਲਈ ਆਖ ਦਿੱਤੈ। ਉਹ ਛੇਤੀ ਪੱਤਰੀ ਵੇਖ ਕੇ ਜਵਾਬ ਦੇਵੇਗਾ। ਫੇਰ ਵਿਚਾਰਾਂਗੇ। ਤੁਸੀ ਅਜੇ ਆਰਾਮ ਨਾਲ ਨਵੀਂ ਬੇਗ਼ਮ ਨਾਲ ਗੁਲਛੱਰੇ ਉਡਾਓ। ਅਜੇ ਮੌਸਮ ਰਾਸ ਨਹੀਂ ਆਇਆ। ਤੁਸੀ ਸਾਡੇ ਘਰ ਦੇ ਬੰਦੇ ਹੋ, ਗਵਾਂਢੀ ਹੋ ਪਰ ਹਕੂਮਤ ਲਈ ਅਸੀਂ ਦੋਵੇਂ ਬਾਗ਼ੀ ਹਾਂ। ਤੁਹਾਡਾ ਵੀ ਨਾਂ ਬਾਗ਼ੀਆਂ ਦੀ ਪੱਤਰੀ ਵਿਚ ਲਿਖਿਆ ਹੋਇਆ ਏ ਤੇ ਸਾਨੂੰ ਵੀ ਉਹਦੇ ਨਾਲ ਈ ਨੱਥੀ ਕਰ ਦਿੱਤਾ। ਪਰ ਯਾਰ ਉਹ ਦਿਨ ਡੁੱਬਾ ਜਦ ਘੋੜੀ ਚੜ੍ਹਿਆ ਕੁੱਬਾ। ਉਹ ਪੁੱਤ ਅਜੇ ਮਾਂ ਨੇ ਜੰਮਿਆ ਨਹੀਂ ਜਿਹੜਾ ਜੱਥੇਦਾਰ ਆਹਲੂਵਾਲੀਆ ਨੂੰ ਫੜਕੇ ਲਾਹੌਰ ਦੀ ਅਦਾਲਤ ਵਿਚ ਪੇਸ਼ ਕਰ ਦੇਵੇ। ਤੁਹਾਨੂੰ ਸਲਾਹ ਦੇਣ ਵਾਲਿਆਂ ਨੇ ਤੁਹਾਡੇ ਨਾਲ ਦੁਸ਼ਮਣੀ ਕੱਢੀ ਏ। ਇੰਨੇ ਜਾਲ ਵਿਛਾਉਣ ਦੀ ਕੀ ਲੋੜ ਸੀ। ਮੈਨੂੰ ਕਾਂ ਹੱਥ ਸੁਨੇਹਾ ਭੇਜ ਦੇਣਾ ਸੀ। ਮੈਂ ਨੰਗੀ ਪੈਰੀਂ ਹਜ਼ੂਰ ਦੇ ਦਰਸ਼ਨ ਕਰਨ ਆ ਜਾਂਦਾ।

—ਸੁਲਹਾ ਹਕੂਮਤ ਨਾਲ ਨਹੀਂ ਤੁਹਾਡੇ ਨਾਲ ਕੀਤੀ ਜਾ ਸਕਦੀ ਏ। ਹਰ ਪੰਜਾਬੀ, ਪੰਜਾਬੀ ਤੇ ਇਤਬਾਰ ਕਰ ਸਕਦੈ ਪਰ ਕਿਸੇ ਲੁਟੇਰੇ ਤੇ ਨਹੀਂ।

—ਮੈਂ ਇਕ ਸਲਾਹ ਦੇਵਾਂ, ਤੁਸੀ ਸਾਡੇ ਨਾਲ ਸੁਲਹਾ ਅੰਦਰਖ਼ਾਤੇ ਕਰ ਲਵੋ ਤੇ ਸਾਡੇ ਨਾਲ ਉਪਰਾ ਯਰਾਨਾ ਬਣਾਈ ਰੱਖੋ। ਸੱਪ ਵੀ ਮਰ ਜਾਏ ਤੇ ਲਾਠੀ ਵੀ ਨਾ ਟੁੱਟੇ।

—ਦਲ ਨੇ ਸਖ਼ਤੀ ਕਰਨੀ ਨਹੀਂ। ਜਿੱਥੋਂ ਤੱਕ ਤੁਹਾਡਾ ਵੱਸ ਲੱਗੇ, ਖ਼ਾਲਸਾ ਦੀ

ਮਦਦ ਕਰੋ ਤਾਂ ਦਲ ਵਾਲੇ ਵੀ ਤੁਹਾਡੀ ਹਾਮੀ ਭਰਨਗੇ।

—ਅਸਾਂ ਨਾ ਇਹ ਹਕੂਮਤ ਰਹਿਣ ਦੇਣੀ ਏ ਤੇ ਨਾ ਅਬਦਾਲੀ ਦਾ ਰਾਜ। ਚਾਰ ਦਿਨ ਦੀ ਚਾਨਣੀ ਏ ਮੌਜਾਂ ਮਾਣ ਲਵੇ ਲੁਟੇਰਾ। ਇਹ ਦਹੀਂ ਨਾਲ ਟੁੱਕ ਦੇਣ ਵਾਲੀ ਮਾਂ ਨਹੀਂ ਲੱਭਣੀ।

—ਅਸੀਂ ਵੀ ਹੁਣ ਲੁਟੇਰਿਆਂ ਵਾਲੇ ਤਰੀਕੇ ਵਰਤਣੇ ਸ਼ੁਰੂ ਕਰ ਦਿੱਤੇ ਹਨ। ਤੁਸੀ ਦਿੱਲੀ ਲੁੱਟੋ। ਸਾਨੂੰ ਸਾਡਾ ਹਿੱਸਾ ਦੇਂਦੇ ਜਾਓ ਤਾਂ ਪੰਜਾਬ ਵਿਚੋਂ ਨਰੋਏ ਨਿਕਲ ਜਾਓਗੇ। ਨੌਬਤਾਂ ਵਜਾਉਂਦੇ ਨਿਕਲੋ, ਕੋਈ ਤੁਹਾਡੇ ਵੱਲ ਅੱਖ ਚੁੱਕ ਕੇ ਨਹੀਂ ਵੇਖੇਗਾ ਤੇ ਜੇ ਤੁਸਾਂ ਜ਼ਰਾ ਕੁ ਵੀ ਹੇਰਾਫੇਰੀ ਕੀਤੀ ਤਾਂ ਫੇਰ ਅਸਾਂ ਤੁਹਾਨੂੰ ਲੁੱਟ ਲੈਣੈ। ਯਾਰ ਜੇ ਤੂੰ ਸੁਲਹਾ ਈ ਕਰਨੀ ਏ ਤਾਂ ਬੁੱਕਲ ਮਾਰ ਕੇ ਕਰ ਲੈਂਦੇ ਹਾਂ। ਪਰ ਦੁਸ਼ਮਨ ਨਾਲ ਦੋਸਤੀ ਪੁੱਗ ਨਹੀਂ ਸਕਦੀ। ਆਖ਼ਰ ਪੰਜਾਬ ਤਾਂ ਸਾਡਾ ਈ ਏ ਨਾ। ਪਹਿਲਾਂ ਅਬਦਾਲੀ ਨੂੰ ਕੱਢ ਲਈਏ ਤੇ ਫੇਰ ਅਸੀ ਵੀ ਵੰਡ ਲਵਾਂਗੇ।

—ਭਰਾ-ਭਰਾ ਹਮੇਸ਼ਾ ਵੰਡਦੇ ਆਏ। ਅਸਾਂ ਵਿਚ ਕੋਈ ਵਿਚੋਲਾ ਨਹੀਂ ਪਾਉਣਾ। ਤੁਸੀਂ ਆਪਣੀ ਮਰਜ਼ੀ ਦੱਸੋ। ਅਸੀਂ ਫੇਰ ਕੋਈ ਰਾਹ ਕੱਢ ਲਵਾਂਗੇ।

ਅਦੀਨਾ ਬੇਗ਼ ਤੂੰ ਮੁਰਾਦ ਬੇਗ਼ਮ ਵੱਲ ਵੇਖ ਕੇ ਸਬਕ ਸਿੱਖ। ਸੂਬੇਦਾਰੀ ਦੂਜੇ ਨੂੰ ਦੇ ਗਿਆ ਤੇ ਤੁਹਾਨੂੰ ਗੋਗਲੂਆਂ ਤੋਂ ਮਿੱਟੀ ਝਾੜ ਕੇ ਵਿਖਾ ਦਿੱਤੀ। ਮੁਰਾਦ ਬੇਗ਼ਮ ਨੂੰ ਗੋਖਰੂਆਂ ਦੀ। ਜੋੜੀ ਨਾਲੇ ਪਾ ਤੇ ਨਾਲੇ ਹਓਕੇ ਭਰ। ਇਹ ਕਿਸੇ ਦਾ ਸਕਾ ਨਹੀਂ। ਉਹ ਦੌਲਤ ਦਾ ਯਾਰ ਏ।

—ਕਿਸੇ ਦੇ ਝਾਂਸੇ ਵਿਚ ਨਾ ਆ ਜਾਈਂ। ਅਸੀਂ ਵਤਨੀ ਭਰਾ ਹਾਂ। ਸਾਡਾ ਮਰਨ ਜਿਉਣ ਸਾਂਝਾ ਏ। ਦਵੇਰ ਨਾ ਪਾਉ, ਪਾਣੀ ਇਨ੍ਹਾਂ ਪੁਲਾਂ ਦੇ ਥੱਲਿਓਂ ਦੀ ਲੰਘਣਾ ਏ। ਅਹਿਮਦ ਸ਼ਾਹ ਅਬਦਾਲੀ ਅਜੇ ਗੱਭਰੂ ਏ। ਜ਼ਰਾ ਕੁ ਜਵਾਨੀ ਢਲਣ ਦੇ ਫੇਰ ਕਿਸੇ ਨੇ ਇਹਦੇ ਘੁੰਗਰੂ ਨਹੀਂ ਸੁਣਨੇ। ਦਲ ਨੇ ਇਸ ਜੂਠ ਨੂੰ ਗਲੋਂ ਲਾਹ ਕੇ ਈ ਸਾਹ ਲੈਣੈ। ਬਾਕੀ ਗੱਲਾਂ ਪਿੱਛੋਂ। ਪਹਿਲਾਂ ਅਬਦਾਲੀ ਦਾ ਗਲ ਘੁੱਟਣਾ ਏ। ਇਹ ਚਿੱਠੀ ਜੱਸਾ ਸਿੰਘ ਆਹਲੂਵਾਲੀਏ ਦੀ ਸੀ।

ਅਦੀਨਾ ਬੇਗ਼ ਨੇ ਸਿੱਖਾਂ ਦੀ ਸਾਲਸੀ ਕਰਨੀ ਸ਼ੁਰੂ ਕਰ ਦਿੱਤੀ। ਗੱਲ ਸਮਝ 'ਚ ਆ ਗਈ ਸੀ। ਪਰ ਮਜਬੂਰੀ ਨੇ ਉਹਦੇ ਹੱਥ ਬੰਨ੍ਹੇ ਹੋਏ ਸਨ।

ਆਖਣ ਲੱਗਾ ਅਦੀਨਾ ਬੇਗ਼ "ਨਵਾਬ ਸਾਹਬ ਤੁਸੀ ਧੰਨ ਹੋ। ਤੁਹਾਡਾ ਹਿਰਦਾ ਬੜਾ ਵਿਸ਼ਾਲ ਏ। ਮੈਂ ਤਾਂ ਡਰਦੇ-ਡਰਦੇ ਨੇ ਤੁਹਾਡੇ ਨਾਲ ਗੱਲ ਸਾਂਝੀ ਨਹੀਂ ਸਾਂ ਕਰ ਸਕਿਆ। ਤੁਸੀਂ ਮੈਨੂੰ ਅਬਦਾਲੀ ਦਾ ਗੁਮਾਸ਼ਤਾ ਸਮਝਦੇ ਸੋ। ਉਹ ਮੇਰੀ ਮਜਬੂਰੀ ਸੀ।"

—ਵਕਤ ਆ ਰਿਹਾ ਏ ਤੁਹਾਨੂੰ ਮੇਰੇ ਨਾਲ ਸੁਲਹਾ ਕਰਨੀ ਪੈਣੀ ਏ ਤੇ ਮੈਨੂੰ ਤੁਹਾਡੇ ਨਾਲ ਦਸਤਪੰਜਾ ਲੜਾਉਣਾ ਪਏਗਾ। ਇਹ ਤੇ ਬਾਜ਼ੀ ਏ, ਇਹ ਬਣੀਏ ਦੀ ਦੁਕਾਨ ਏ, ਇਹ ਇਕ ਤਰ੍ਹਾਂ ਦਾ ਸੌਦਾ ਏ। ਐਸ ਹੱਥ ਦੇ ਤੇ ਐਸ ਹੱਥ ਲੈ।

—ਤੁਸੀਂ ਅੱਜ ਤੋਂ ਬਾਅਦ, ਜਦ ਤੁਹਾਨੂੰ ਸਾਡੀ ਲੋੜ ਪਵੇ, ਬਿਨਾਂ ਡਰਿਆਂ, ਬਿਨਾਂ ਝਿਜਕ ਸਾਡੇ ਦਲ ਵਿਚ ਆ ਜਾਣਾ। ਗੱਲ ਸਿੱਧੀ ਏ, ਦਲ ਦੇ ਮਨ ਵਿਚ ਕੋਈ ਖੋਟ ਨਹੀਂ। ਕਦੀ ਵੀ ਦਲ ਫਰੇਬ ਨਹੀਂ ਕਰਨ ਲੱਗਾ। ਅਸੀ ਤੇਰੇ ਵੱਲੋਂ ਧੰਨਵਾਦ ਕਰਾਂਗੇ। ਅਬਦਾਲੀ ਸਬਜ਼ਬਾਗ ਵਿਖਾ ਕੇ ਸਾਨੂੰ ਐਵੇਂ ਡਰਾਈ ਨਾ ਜਾ, ਅਸੀ ਅਬਦਾਲੀ ਨੂੰ ਨੱਜਿਠਣਾ ਜਾਣਦੇ ਹਾਂ।

—ਅਸੀਂ ਹੁਣ ਅਹਿਮਦ ਸ਼ਾਹ ਅਬਦਾਲੀ ਤੇ ਦਿੱਲੀ ਸਰਕਾਰ ਦਾ ਮੁਕਾਬਲਾ ਕਰਨ ਦੀ ਤਾਕਤ ਰਖਦੇ ਹਾਂ।

—ਵੈਸੇ ਸਾਨੂੰ ਮੈਦਾਨ-ਏ-ਜੰਗ ਵਿਚ ਮਿਲੇ ਤਾਂ ਉਹਦਾ ਰੰਗ ਈ ਵੱਖਰਾ ਏ, ਉਹਦਾ ਸਵਾਦ ਈ ਅਨੋਖਾ ਏ।

—ਤੁਹਾਡੀ ਮਰਜ਼ੀ, ਤੁਸਾਂ ਯਾਦ ਕੀਤਾ ਜਦੋਂ ਕਿਤੇ ਜਾਨ ਕੜਿੱਕੀ 'ਚ ਫਸੀ ਹੋਵੇ ਤਾਂ ਸੱਜਣਾਂ ਦਲ ਨੂੰ ਵੀ ਯਾਦ ਕਰਕੇ ਵੇਖੀਂ। ਅਸੀਂ ਤੁਹਾਡੀ ਮਦਦ ਵਾਸਤੇ ਤਿਆਰ-ਬਰ-ਤਿਆਰ ਮਿਲਾਂਗੇ। ਪਹਿਲਾਂ ਦੁਸ਼ਮਣ ਕੱਢੋ ਤੇ ਫੇਰ ਵੰਡੀਆਂ ਪਾ ਲੈਣਾ।

ਗੱਲ ਅੱਗੇ ਤੁਰੀ ਨਾ। ਉਹਦੀ ਚਲਾਕੀ ਨੰਗੀ ਹੋ ਗਈ।

ਪਰ ਇਕ ਗੱਲ ਤੇ ਸਾਫ਼ ਹੋ ਗਈ ਕਿ ਦਲ ਦੀ ਵੀ ਹੋਂਦ ਏ ਕੋਈ। ਦਲ ਦੀ ਵੀ ਕੋਈ ਪਹਿਚਾਣ ਏ। ਬੁੱਢੇ ਦਲ ਦਾ ਵੀ ਕੋਈ ਵਜੂਦ ਏ।

ਅਹਿਮਦ ਸ਼ਾਹ ਅਬਦਾਲੀ ਚਲਾ ਗਿਆ, ਹੁਣ ਆਪਣੀ ਤਾਕਤ ਬਣਾਓ। ਆਏਗਾ ਮੁਕਾਬਲਾ ਕਰਾਂਗੇ, ਦਾੜ੍ਹਾਂ ਵੀ ਤੋੜਾਂਗੇ, ਸੰਘੀ ਅੰਗੂਠੀ ਵੀ ਦੇਵਾਂਗੇ। ਰੇਝਾਂ ਪੀਵਾਂਗੇ, ਇਕ ਵਾਰ ਆਹਮਣੇ-ਸਾਹਮਣੇ ਹੋ ਲੈਣ ਦੇ। ਫੇਰ ਕਦੀ ਮੁੜਕੇ ਇੱਧਰ ਮੂੰਹ ਨਹੀਂ ਕਰਨ ਲੱਗਾ। ਦਿੱਲੀ ਦਾ ਗਿੱਝਾ ਪੰਜਾਬ ਵਿਚ ਖੰਘ ਕੇ ਨਹੀਂ ਲੰਘ ਸਕਦਾ। ਸਾਡੇ ਤੇ ਗੁਰਾਂ ਦੀ ਬਖ਼ਸ਼ਿਸ਼ ਏ, ਗੁਰਾਂ ਦਾ ਵਾਕ ਏ 'ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨਾ ਕੋਇ।'

22

ਚਲੋ ਪਿਓ ਨਹੀਂ ਤੇ ਪੁੱਤ ਈ ਸਹੀ

ਪਿਓ ਨੂੰ ਲੁੱਟਣਾ ਏ ਤਾਂ ਗੁਜਰਾਂਵਾਲਾ ਦੇ ਇਲਾਕੇ 'ਚ ਘੇਰੋ। ਪੁੱਤ ਨੂੰ ਨੱਕ ਥਾਣੀ ਚਣੇ ਚਬਾਉਣੇ ਨੇ ਤਾਂ ਸਰਹੰਦ ਦੀ ਨਾਕਾਬੰਦੀ ਕਰ ਲਵੋ। ਇਹ ਗੱਲ ਆਖਣ ਵਾਲੀ ਮੁਰਾਦ ਬੇਗ਼ਮ ਸੀ।

ਇਕ ਪਾਸੇ ਪਿਓ ਨੂੰ ਲੁੱਟੋ ਤੇ ਦੂਜੇ ਪਾਸੇ ਪੁੱਤ ਜਾਨ ਕਬਜ਼ ਕਰੋ। ਛੁਰੀ ਤਿੱਖੀ ਕਰਕੇ ਰੱਖੋ। ਫੇਰ ਤੁਹਾਡੀ ਫ਼ਤਿਹ ਈ ਫ਼ਤਿਹ ਹੈ।

ਬੁੱਢੇ ਦਲ ਨੇ ਗੁਰਮਤਾ ਕਰ ਲਿਆ ਕਿ ਅਹਿਮਦ ਸ਼ਾਹ ਅਬਦਾਲੀ ਨੂੰ ਗੁਜਰਾਂਵਾਲਾ ਟੱਪਣ ਨਹੀਂ ਦੇਣਾ ਤੇ ਪੁੱਤ ਨੂੰ ਸਰਹੰਦ ਦੀਆਂ ਹਵੇਲੀਆਂ ਵਿਚ ਸੁੱਖ ਦੀ ਨੀਂਦ ਨਹੀਂ ਸੌਣ ਦੇਣਾ। ਤੈਮੂਰ ਸ਼ਾਹ ਆਪਣੇ ਪਿਤਾ ਤੋਂ ਚਾਰ ਰੱਤੀਆਂ ਅੱਗੇ ਸੀ।

—ਚਾਰ ਦਿਨ ਆਰਾਮ ਕਰੋ ਥਕਾਵਟ ਉਤਾਰੋ, ਫੇਰ ਚੱਲਾਂਗੇ ਲਾਹੌਰ। ਕੋਈ ਕਾਹਲੀ ਨਹੀਂ। ਸ਼ਗਨ ਤੇ ਨਹੀਂ ਜਾਣਾ।

—ਨਿਹੰਗਾਂ ਜੇ ਲਾਹੌਰ ਦੇ ਦਰਵਾਜ਼ੇ ਤੋੜ ਦਿੱਤੇ ਤਾਂ ਫੇਰ ਸ਼ਾਹ ਨੂੰ ਉਜਾੜ ਵਿਚ ਈ ਡੇਰਾ ਲਾਉਣਾ ਪਏਗਾ।

—ਨਿਹੰਗ ਕੀ ਸਿੰਘ ਨਹੀਂ?

—ਅੱਗੇ ਲੋਕ ਸਿੰਘਾਂ ਤੋਂ ਡਰਦੇ ਸਨ, ਹੁਣ ਨਿਹੰਗ ਕਿੱਥੋਂ ਆ ਗਏ?

—ਹਜ਼ੂਰ ਨਿਹੰਗ ਸਿੰਘਾਂ ਤੋਂ ਵੀ ਖ਼ਤਰਨਾਕ ਹਨ।

—ਆਰਾਮ ਕਰੋ ਜੀਅ ਸਦਕੇ। ਅੱਬਾ ਹਜ਼ੂਰ ਬਹੁਤ ਜਲਦ ਅਫ਼ਗਾਨਿਸਤਾਨ ਪੁੱਜ ਗਏ ਹੋਣਗੇ।

—ਜੇਹਲਮ ਟੱਪੇ ਤਾਂ ਜਾਣੋ ਘਰ ਪੁੱਜੇ। ਵਰਨਾ ਜੇਹਲਮ ਤੋਂ ਪਹਿਲਾਂ ਈ ਨਿਹੰਗਾਂ ਨੇ ਲੁੱਟ ਦੇ ਮਾਲ ਨੂੰ ਹਿੱਸੇ ਪਾ ਲੈਣਾ ਏ। ਚੁੰਗੀ ਤੇ ਦੇਣੀ ਪੈਂਦੀ ਏ ਨਾ ਜਦ ਕਿਸੇ ਪਿੰਡ ਵਿਚੋਂ ਮਾਲ ਲੈ ਕੇ ਜਾਣਾ ਹੋਵੇ।

—ਅਸੀਂ ਚੁੰਗੀ ਕਿਉਂ ਦਈਏ? ਇਹ ਇਲਾਕੇ ਸਾਡੇ ਰਾਜ ਵਿਚ ਹਨ।

—ਕਾਗ਼ਜ਼ਾਂ ਵਿਚ। ਹਜ਼ੂਰ ਸਾਡੇ ਇਲਾਕਿਆਂ ਵਿਚ ਨਿਹੰਗਾਂ ਨੇ ਆਪਣੇ ਕਿੱਲੇ ਗੱਡ ਲਏ ਹਨ ਤੇ ਉਹਨਾਂ ਦੇ ਨਾਲ ਸਿੰਘ, ਰੰਗਰੇਟੇ. ਇਹ ਇਕ ਵਾਰ ਬੈਠੇ ਮੁੜਕੇ ਨਹੀਂ ਉੱਠਣ ਲੱਗੇ।

—ਕੋਈ ਖ਼ਬਰ ਤੇ ਨਹੀਂ ਨਾ ਆਈ ਅੱਬਾ ਹਜ਼ੂਰ ਦੀ?

—ਅਜੇ ਜਿਹਲਮ ਨਹੀਂ ਪੁੱਜੇ। ਅਜੇ ਜੇਹਲਮ ਦੂਰ ਏ।

—ਤਾਂ ਤੇ ਫੇਰ ਗੁਜਰਾਂਵਾਲਾਂ ਈ ਡੱਕੇ ਗਏ ਹੋਣਗੇ। ਸਰਦਾਰ ਚੜ੍ਹਤ ਸਿੰਘ ਸੁਕਰਚਕੀਆਂ ਦਾ ਇਲਾਕਾ ਏ।

—ਸਾਡਾ ਤੇ ਕੋਈ ਪਰਛਾਵਾਂ ਨਹੀਂ ਟਪਦਾ।

ਦਿੱਲੀ ਵਿਚ, ਪੰਜਾਬ ਵਿਚ ਨਹੀਂ।

ਇਕ ਘੋੜ ਸਵਾਰ ਰੁਕਿਆ ਤੇ ਸਲਾਮ ਗੁਜ਼ਾਰੀ। ਗ਼ਜ਼ਬ ਹੋ ਗਿਆ, ਸ਼ਹਿਨਸ਼ਾਹ ਦਾ ਖ਼ਜ਼ਾਨਾ ਨਿਹੰਗਾਂ ਤੇ ਸਿੰਘਾਂ ਨੇ ਲੁੱਟ ਲਿਆ। ਅੱਧਾ ਭਾਰ ਹੌਲਾ ਕਰ ਦਿੱਤਾ। ਦੁੱਖ ਦੀ ਗੱਲ ਇਹ ਹੈ ਕਿ ਨਿਹੰਗ ਅਜੇ ਵੀ ਉਹਦਾ ਪਿੱਛਾ ਨਹੀਂ ਛਡਦੇ। ਜੇਹਲਮ ਤੱਕ ਪੁੱਜਣ ਤੀਕ ਸਿੰਘਾਂ ਨੇ ਸ਼ਾਹ ਦਾ ਸਭ ਕੁਝ ਲੁੱਟ ਲੈਣਾ ਏ। ਖੋਹ ਲੈਣਾ ਏ ਲੁੱਟ ਦਾ ਮਾਲ।

—ਚਲੋ ਫੇਰ ਮਦਦ ਨੂੰ ਚੱਲੀਏ। ਅੱਬਾ ਹਜ਼ੂਰ ਮੁਸੀਬਤ ਵਿਚ ਹਨ।

—ਕੋਈ ਜਾਣ ਦਾ ਫਾਇਦਾ ਨਹੀਂ। ਜਦ ਅਸਾਂ ਪੁੱਜਣਾ ਏ, ਦਲ ਨੇ ਹਰਨ ਹੋ ਜਾਣੈ। ਮਾਝੇ, ਰਿਆੜਕੀ ਤੇ ਦੁਆਬੇ ਦੇ ਪਿੰਡ ਕਾਗ਼ਜ਼ਾਂ ਵਿਚ ਸਾਡੇ ਇਲਾਕੇ ਵਿਚ ਸ਼ਾਮਲ ਹਨ ਪਰ ਉਨ੍ਹਾਂ ਤੇ ਹਕੂਮਤ ਸਰਦਾਰਾਂ ਦੀ ਏ। ਉਹ ਮੱਲਾਂ ਮਾਰ ਕੇ ਬੈਠੇ ਹਨ। ਉਹ ਕਿਸੇ ਨੂੰ ਖੰਘਣ ਨਹੀਂ ਦੇਂਦੇ। ਲਾਹੌਰ ਮਾੜੀ ਮੋਟੀ ਹਕੂਮਤ ਏ। ਗੁਜਰਾਂਵਾਲਾ ਤੋਂ ਜੇਹਲਮ ਤੱਕ ਇਕੋ ਈ ਸ਼ੇਰ ਬੁਕਦੈ, ਉਹ ਏ ਚੜ੍ਹਤ ਸਿੰਘ। ਅਹਿਮਦ ਸ਼ਾਹ ਦੀਆਂ ਫ਼ੌਜਾਂ, ਲਸ਼ਕਰ ਜਦ ਉਸ ਜੂਹ ਵਿਚ ਆਈਆਂ, ਲੁੱਟ ਸ਼ੁਰੂ ਹੋ ਗਈ। ਸੂਰਜ ਚੜ੍ਹਨ ਤੋਂ ਪਹਿਲਾਂ ਇਕ ਹਮਲਾ ਤੇ ਦੂਜਾ ਹਮਲਾ। ਜਦੋਂ ਸੂਰਜ ਭਰ ਜੋਬਨ ਤੇ ਸੀ ਤਾਂ ਤੀਜਾ ਹਮਲਾ ਝੁੰਗੇ ਵਿਚੋਂ ਸੀ। ਉਹ ਸੂਰਜ ਡੁੱਬਣ ਤੋਂ ਪਹਿਲਾਂ ਕੀਤਾ ਗਿਆ। ਇਕ ਦਿਨ 'ਚ ਕਈ ਕਈ ਹਮਲੇ। ਇੰਨਾ ਤੰਗ ਕੀਤਾ ਨਾ ਦਿਨੇ ਆਰਾਮ ਨਾ ਰਾਤੀਂ ਨੀਂਦ। ਮਾਲ ਵੀ ਲੁੱਟਿਆ, ਘੋੜੇ ਵੀ ਖੋਹੇ, ਬਾਰੂਦ ਵੀ ਸੰਭਾਲਿਆ। ਇਕ ਦਿਨ ਬੁਰੀਆਂ ਸ਼ਾਮਤਾਂ ਨੂੰ ਅਹਿਮਦ ਸ਼ਾਹ ਅਬਦਾਲੀ ਨੂੰ ਇਕ ਨਿਹੰਗ ਨੇ ਛੇੜ ਦਿੱਤਾ। ਬੱਸ ਫੇਰ ਚੱਲ ਸੋ ਚੱਲ। ਸਾਡਾ ਖ਼ਿਆਲ ਸੀ ਕਿ ਸਿੰਘ ਮਰ ਖੱਪ ਗਏ ਪਰ ਜਦੋਂ ਖੜੱਪਿਆਂ ਨੇ ਸਿਰ ਕੱਢਿਆ ਤਦ ਪਤਾ ਲੱਗਾ ਕਿ ਇਹ ਸ਼ੇਰਾਂ ਦੇ ਪੁੱਤ ਸ਼ੇਰ ਹਨ। ਇਕ ਨਿਹੰਗ ਭੰਗ ਦੇ ਨਸ਼ੇ ਵਿਚ ਧੁੱਤ ਸੀ। ਜ਼ਮੀਨ ਤੋਂ ਚੱਪਾ-ਚੱਪਾ ਉੱਚਾ ਚੱਲ ਰਿਹਾ ਸੀ।

ਅਹਿਮਦ ਸ਼ਾਹ ਅਬਦਾਲੀ ਦੇ ਕੈਂਪ 'ਚ ਜਾ ਵੜਿਆ।

—ਕਿੱਥੇ ਹੈ ਕਾਬਲੀ ਕੁੱਤਾ?

—ਕੌਣ ਏ? ਨਿਹੰਗ ਦੇਵਤਾ, ਕਿਹਨੂੰ ਮਿਲਣਾ ਏ?

—ਅਹਿਮਦ ਸ਼ਾਹ ਅਬਦਾਲੀ ਨੂੰ। ਉਹ ਕਾਬਲੀ ਕੁੱਤਾ ਏ ਨਾ, ਕਿੱਥੇ ਐ?

—ਕਿਉਂ ਮੌਤ ਦੇ ਮੂੰਹ ਜਾਣ ਲੱਗੈਂ?

—ਜ਼ਰਾ ਬੂਥੀ ਤੇ ਵੇਖ ਲਵੇ। ਕਿੱਡਾ ਵੱਡਾ ਸੂਰਮਾ ਏ। ਜ਼ਰਾ ਵੇਖ ਤੇ ਲੈ। ਫ਼ੌਜਾਂ ਮੌਜਾਂ 'ਚ ਆਈਆਂ ਹੋਈਆਂ ਨੇ। ਜ਼ਰਾ ਮੌਜੂ ਉਡਾਇਆ ਨਿਹੰਗ ਸਿੰਘ ਦਾ।

—ਉਹ ਸਾਹਮਣੇ ਤੰਬੂ ਏ। ਨੱਕ ਦੀ ਸੇਧੇ ਤੁਰਿਆ ਜਾ, ਸ਼ਾਹ ਮਿਲ ਜਾਏਗਾ।

ਨਸ਼ੇ 'ਚ ਗੁਲਤਾਨ ਸੀ ਨਿਹੰਗ ਮਸਤ ਹਾਥੀ ਵਾਂਗੂੰ ਜਾ ਪੁੱਜਾ। ਪਹਿਲੇ ਹੱਲੇ ਵਿਚ ਤੰਬੂ ਪਾੜ ਸੁੱਟਿਆ। ਨੇਜ਼ਾ ਹੱਥ ਵਿਚ ਸੀ। ਪਹਿਲਾ ਵਾਰ ਕੀਤਾ ਖ਼ਾਲੀ ਗਿਆ। ਮਸਤ ਹਾਥੀ ਵਾਂਗੂ ਝੂਲ ਰਿਹਾ ਸੀ ਨਿਹੰਗ ਪਾਤਸ਼ਾਹ।

ਅਹਿਮਦ ਸ਼ਾਹ ਅਬਦਾਲੀ ਨੇ ਤਲਵਾਰ ਤੇ ਹੱਥ ਰੱਖਿਆ। ਕੌਣ ਏ ਤੂੰ, ਬਿਨਾਂ ਇਜਾਜ਼ਤ ਕਿੱਦਾਂ ਆ ਗਿਐ?

—ਅਸੀਂ ਨਿਹੰਗ ਪਾਤਸ਼ਾਹ ਹਾਂ। ਸਾਨੂੰ ਇਜਾਜ਼ਤ ਦੀ ਕੀ ਲੋੜ ਏ।

ਦੂਜੀ ਵਾਰ ਫੇਰ ਵਾਰ ਕੀਤਾ ਫੇਰ ਬੱਚ ਗਿਆ ਅਬਦਾਲੀ। ਕਿਸਮਤ ਦਾ ਸਿਕੰਦਰ ਸੀ।

ਜਦ ਰੌਲਾ ਪਿਆ ਅਹਿਮਦ ਸ਼ਾਹ ਅਬਦਾਲੀ ਤਾਂ ਨੱਸ ਗਿਆ ਪਰ ਨਿਹੰਗ ਪਾਤਸ਼ਾਹ ਦੀਆਂ ਬੋਟੀਆਂ-ਬੋਟੀਆਂ ਕਰ ਦਿੱਤੀਆਂ ਅਬਦਾਲੀ ਦੀ ਫ਼ੌਜ ਨੇ।

ਹੱਛਾ ਇਹ ਨਿਹੰਗ ਹਨ!

ਇਹ ਨਿਹੰਗ, ਸਿੰਘਾਂ ਤੋਂ ਵੀ ਖ਼ਤਰਨਾਕ ਹਨ।

—ਹਜ਼ੂਰ ਇਹ ਬਹੁਤ ਬੀਬੇ ਲੋਕ ਹਨ। ਕਤਲ ਕਰਨ ਆਇਆ ਸੀ ਨਾ, ਤੁਸੀਂ ਕੜਾਹ, ਪ੍ਰਸ਼ਾਦ ਦਾ ਅਰਦਾਸਾ ਕਰਵਾ ਦਿੰਦੇ। ਚਾਰ ਦਮੜੇ ਗੱਫਾ ਦੇਂਦੇ ਤੇ ਉਹ ਇਹ ਭੁੱਲ ਜਾਂਦਾ ਕਿ ਮੈਂ ਕਿੱਧਰ ਆਇਆ ਸਾਂ। ਨਾ ਇਹ ਸੁੱਤੇ ਸ਼ੇਰ ਤੇ ਹਮਲਾ ਕਰਨ ਤੇ ਨਾ ਸੁੱਤੇ ਦੁਸ਼ਮਨ ਤੇ। ਜਗਾ ਕੇ ਵਾਰ ਕਰਦੇ ਹਨ।

—ਤਦ ਤੇ ਇਹ ਬਹਾਦਰਾਂ ਦੇ ਪੁੱਤ ਹਨ।

—ਹਾਂ ਨਿਹੰਗ ਆਪਣੀ ਕਿਸਮ ਦਾ ਮਨੁੱਖ ਏ।

ਖ਼ੂਬਸੂਰਤ ਮੌਤ ਦੀ ਸ਼ਹੀਦੀ ਪਾ ਲਈ ਰੱਤੀ ਭਰ ਅਫ਼ਸੋਸ ਨਹੀਂ ਸੀ। ਮੌਤ ਵੀ ਇਕ ਜ਼ਿੰਦਗੀ ਏ। ਮੌਤ ਨੇ ਤਾਂ ਇਕ ਵਾਰ ਆਉਣਾ ਈ ਏ। ਘੋੜੀ ਤੇ ਇਕ ਵਾਰ ਈ ਚੜ੍ਹਨਾ ਏ ਨਾ, ਦੂਜੀ ਵਾਰ ਨਹੀਂ। ਵਾਹਿਗੁਰੂ ਨੇ ਸੱਦਿਆ ਏ ਸ਼ਾਨ ਨਾਲ ਜਾਵਾਂਗੇ।

'ਉਹ ਕਾਬਲੀ ਕੁੱਤਾ ਨੱਸ ਗਿਆ। ਮੈਂ ਉਹਦਾ ਲਹੂ ਪੀ ਜਾਣਾ ਸੀ।' ਇਹੋ ਸ਼ਬਦ ਗੂੰਜ ਰਹੇ ਸਨ।

ਜੇਹਲਮ ਤੋਂ ਬਾਅਦ ਆਪਣਾ ਕਾਰਾ ਕਰ ਗਏ ਸਿੰਘ। ਨਿਹੰਗ ਸਿਰਫ਼ ਬਦਾਮਾਂ ਦੀਆਂ ਬੋਰੀਆਂ ਈ ਸੰਭਾਲੀਆਂ ਸਨ, ਮਾਇਆ ਵਲ ਨਜ਼ਰ ਨਹੀਂ ਸੀ ਕੀਤੀ। ਜੋ ਕੁਝ ਲੁੱਟਿਆ, ਉਹ ਖ਼ਜ਼ਾਨੇ 'ਚ ਜਮ੍ਹਾ ਕਰਵਾ ਦਿੱਤਾ। ਅੱਛਾ ਫੇਰ ਸਹੀ, ਫੇਰ ਮਿਲਾਂਗੇ।

ਨਾ ਕੋਈ ਆਵਾਜ਼ ਸੀ ਤੇ ਨਾ ਕੋਈ ਸ਼ੋਰ। ਜੇਹਲਮ ਦੇ ਦੂਜੇ ਪਾਸਿਓਂ ਆਵਾਜ਼ ਆਈ।

ਨਿਹੰਗ, ਸਿੰਘ ਦਾ ਦੂਜਾ ਨਾਂ ਏ, ਨਿਹੰਗ ਲਾਲਚੀ ਨਹੀਂ ਦਿਆਲੂ ਏ। ਨਿਹੰਗ ਚੜ੍ਹਾਈ ਕਰਨ ਵਾਲੇ ਅਰਦਾਸ ਕਰਦੇ : ਵਾਹਿਗੁਰੂ ਜੇ ਮੈਂ ਸ਼ਹੀਦੀ ਪਾ ਜਾਵਾਂ ਤਾਂ ਦੂਜੇ ਚੋਲੇ 'ਚ ਮੈਨੂੰ ਫੇਰ ਨਿਹੰਗ ਬਣਾਵੀਂ। ਵਾਹਿਗੁਰੂ ਦਾ ਦੂਜਾ ਰੂਪ ਏ ਨਿਹੰਗ।

23

ਪੁੱਤ ਦਾ ਕੀ ਬਣਿਆ

—ਚਲ ਖੱਚੂ ਕਿੱਥੇ ਜਾਣੈ। ਪਿਓ ਦੇ ਲੁੱਟੇ ਮਾਲ ਵਿਚੋਂ ਸਾਨੂੰ ਕੀ ਦੇਣੈ? ਆਖਣ ਲਗਾ ਬਾਬਾ ਆਲਾ ਸਿੰਘ।

—ਅਸੀ ਲੁੱਟਣ ਆਏ ਹਾਂ ਦੇਣ ਨਹੀਂ ਆਏ। ਅਸਾਂ ਖ਼ੈਰਾਇਤ ਨਹੀਂ ਵੰਡਣੀ। ਸਾਡੀ ਹੱਕ ਹਲਾਲ ਦੀ ਕਮਾਈ ਏ।

—ਹੱਲ ਵਾਹਿਆ ਏ ਜਾਂ ਪੱਠੇ ਕੁਤਰੇ ਹਨ। ਪਿਓ ਦਾ ਮਾਲ ਏ? ਲੁੱਟ ਦਾ ਮਾਲ ਏ, ਹਰਾਮ ਦੀ ਦੌਲਤ ਏ। ਤੂੰ ਕਿੱਥੋਂ ਦਾ ਮਾਲਕ ਆ ਗਿਐਂ। ਦੌਲਤ ਤੁਹਾਡੀ ਏ, ਚੋਰ ਤੋਂ ਮਾਲ ਖੋਹਣਾ, ਹਿੱਸਾ ਲੈਣਾ ਗੁਨਾਹ ਨਹੀਂ। ਸਾਡਾ ਈ ਮਾਲ ਏ, ਅਸੀਂ ਖੋਹ ਰਹੇ ਹਾਂ। ਬਚਾਅ ਲੈ, ਜਿੰਨਾ ਕੁ ਬਚਾਅ ਸਕਦੈਂ?

ਸਰਹੰਦ ਡੇਰਾ ਸੀ। ਪਠਾਨ ਸਨ ਭਾਈਵਾਲ—ਤੂੰ ਕਿੱਥੋਂ ਆ ਗਿਐਂ, ਰਾਹ ਜਾਂਦਾ ਤੂੰ ਭਾਈਵਾਲ ਕਿੱਦਾਂ ਬਣ ਗਿਐਂ?

—ਮੈਂ ਸਰਹੰਦ ਦਾ ਮਾਲਕ ਹਾਂ, ਮੇਰੇ ਕੋਲ ਤੇਰੇ ਪਿਓ ਦਾ ਪਟਾ ਲਿਖਿਆ ਹੋਇਐ। ਮਾਲਕ ਮੈਂ ਹਾਂ, ਨਾ ਤੂੰ ਤੇ ਨਾ ਤੇਰਾ ਪਿਓ।

—ਸਾਡੀ ਮਿਹਰਬਾਨੀ ਦਾ ਇਹ ਸਿਲਾ ਦੇਣ ਲੱਗੈਂ। ਮੇਰੇ ਅੱਬਾ ਨੇ ਤੈਨੂੰ ਹਕੂਮਤ ਦਿੱਤੀ। ਤੂੰ ਉਹਦੇ ਪੁੱਤ ਨੂੰ ਅੱਖਾਂ ਵਿਖਾ ਰਿਹੈਂ। ਸ਼ਰਮ ਕਰ, ਡੁੱਬ ਮਰ, ਅਹਿਸਾਨ ਦਾ ਬਦਲਾ ਲੋਕ ਅਹਿਸਾਨ ਨਾਲ ਦੇਂਦੇ ਹਨ।

—ਕਾਹਦੀ ਸ਼ਰਮ? ਹਿੱਸਾ ਲੈਣ ਦੀ?

—ਇਹ ਸਾਡੀ ਸ਼ਰਾਫ਼ਤ ਏ ਕਿ ਅਸੀਂ ਹਿੱਸਾ ਲੈ ਕੇ ਤੁਹਾਡੀ ਜਾਨ ਬਖ਼ਸ਼ ਰਹੇ ਹਾਂ ਵਰਨਾ ਪਹਿਲਾਂ ਕਤਲ ਤੇ ਫੇਰ ਦੌਲਤ ਤੇ ਕਬਜ਼ਾ। ਖੱਚੂ ਸਾਡੀਆਂ ਰਹਿਮਤਾਂ ਨੂੰ ਕਦੀ ਯਾਦ ਕਰੇਂਗਾ।

—ਫੇਰ ਚਾਚਾ ਜੀ, ਜੋ ਕਹੋ ਸੇਵਾ ਕਰ ਦਿਆਂ।

—ਸਿਆਲਕੋਟ ਦੇ ਜ਼ਿਲਾ ਜ਼ਫ਼ਰਵਾਲ ਤੇ ਸੰਨਖਤਰਾ, ਔਰੰਗਾਬਾਦ ਦੇ ਪਰਗਨੇ ਸਾਨੂੰ ਦੇ ਜਾ, ਫੇਰ ਪਤਾ ਲੱਗੇ ਕਿ ਤੂੰ ਅਹਿਮਦ ਸ਼ਾਹ ਅਬਦਾਲੀ ਦਾ ਪੁੱਤ ਏਂ।

—ਇਹ ਅੱਬਾ ਹਜ਼ੂਰ ਈ ਜਾਣਦੇ ਹਨ ਕਿ ਮੈਂ ਬਾਦਸ਼ਾਹ ਨਹੀਂ, ਬਾਦਸ਼ਾਹ ਦਾ ਪੁੱਤ ਹਾਂ। ਮੈਂ ਗੁਮਾਸ਼ਤਾ ਹਾਂ, ਗੁਲਾਮ ਹਾਂ, ਇਹ ਗੱਲ ਤੁਸੀਂ ਅੱਬਾ ਜਾਨ ਨਾਲ ਕਰ ਲਵੋ। ਮੇਰੀ ਹਾਂ ਈ ਹਾਂ ਏ।

—ਚੱਚੂ ਤੂੰ ਇਕ ਵਾਰ ਕਹਿ ਦੇ, ਮੈਂ ਇਹ ਇਲਾਕੇ ਦੇ ਦਿਤੇ, ਫੇਰ ਮੈਂ ਜਾਣਾ ਮੇਰਾ ਕੰਮ।

—ਮੇਰੀ ਜ਼ੁਬਾਨ ਦਾ ਕੀ ਮੁੱਲ ਏ, ਇਹ ਤੇ ਐਵੇਂ ਗੇਗਲੂਆਂ ਤੋਂ ਮਿੱਟੀ ਝਾੜਨ ਵਾਲੀ ਗੱਲ ਏ। ਇਹ ਜੇ ਮੈਂ ਆਖ ਵੀ ਦੇਵਾਂ ਤਾਂ ਉਹਦਾ ਕੋਈ ਫਾਇਦਾ ਨਹੀਂ। ਐਵੇਂ ਲੋਕੀ ਆਖਣਗੇ ਕਿ ਅਹਿਮਦ ਸ਼ਾਹ ਅਬਦਾਲੀ ਦਾ ਪੁੱਤ ਜ਼ਬਾਨ ਦਾ ਬੜਾ ਕੱਚਾ ਏ।

—ਤੇਰਾ ਕਹਿਣਾ ਈ ਕਾਫੀ ਏ। ਤੂੰ ਮਾਲਕ ਏਂ। ਐਸ ਵੇਲੇ, ਬਾਦਸ਼ਾਹ ਏਂ।

—ਲੈ ਲਵੋ ਜ਼ੋਰ ਏ ਤਾਂ, ਕਬਜ਼ਾ ਕਰ ਲਵੋ, ਮੇਰੀ ਕੋਈ ਵਟਕ ਨਹੀਂ।

—ਬਸ ਇਨੀਂ ਗੱਲ ਲਿਖ ਦੇ, ਏਸੇ ਨਾਲ ਈ ਪਟਾ ਲਿਖਿਆ ਜਾਂਦਾ ਏ ਤੇ ਉੱਤੇ ਸ਼ਾਹੀ ਮੋਹਰ ਲਗਾ ਦੇ। ਮੈਂ ਤੇਰੀ ਹਰ ਤਰ੍ਹਾਂ ਦੀ ਮਦਦ ਕਰਾਂਗਾ।

—ਚਾਚਾ ਜੀ ਤੁਹਾਡੀ ਤੇ ਅੱਬਾ ਜਾਨ ਦੀ ਦੋਸਤੀ ਏ। ਮੈਨੂੰ ਵਿਚ ਕਿਉਂ ਕੰਡਿਆਂ ਉੱਤੇ ਘਸੀਟਦੇ ਓ।

—ਅੱਜ ਦੀ ਦਾਅਵਤ ਮੇਰੇ ਜ਼ਿੰਮੇ।

—ਨਹੀਂ ਇਹ ਦਾਅਵਤ ਬਹੁਤ ਮਹਿੰਗੀ ਪਏਗੀ। ਮੈਂ ਤੁਹਾਡੇ ਕਹਿਣ ਤੇ ਸ਼ਾਹੀ ਮੋਹਰ ਲਾ ਦੇਂਦਾ ਹਾਂ ਤੁਹਾਡੇ ਪਟੇ ਤੇ। ਅੱਛਾ ਹੁਣ ਇਜਾਜ਼ਤ ਦਿਓ।

—ਮੈਂ ਤੈਨੂੰ ਆਪਣੇ ਇਲਾਕੇ ਵਿਚੋਂ ਸਹੀ ਸਲਾਮਤ ਕੱਢ ਦੇਂਦਾ ਹਾਂ।

—ਨਹੀਂ ਇਹ ਨਹੀਂ, ਮੈਨੂੰ ਲਾਹੌਰ ਤੱਕ ਛੱਡ ਕੇ ਆਓ।" ਭਾਵੇਂ ਆਲਾ ਸਿੰਘ ਨੇ ਜ਼ਬਾਨ ਦੇ ਦਿੱਤੀ ਸੀ ਪਰ ਦੂਜੇ ਸਰਦਾਰ ਨੰਨਾ ਨਹੀਂ ਸਨ ਧਰਦੇ। ਆਖ਼ਰਕਾਰ ਬਾਬੇ ਆਲਾ ਸਿੰਘ ਨੇ ਦਲ ਅੱਗੇ ਹਾਜ਼ਰੀ ਭਰੀ ਤੇ ਗਲ 'ਚ ਪੱਲਾ ਪਾ ਕੇ ਹੱਥ ਬੰਨ੍ਹ ਕੇ ਅਰਜ਼ ਕੀਤੀ "ਮੇਰੀ ਜ਼ੁਬਾਨ ਤੇ ਫੁੱਲ ਸਿਰਫ਼ ਬੁੱਢਾ ਦਲ ਈ ਚੜ੍ਹਾਅ ਸਕਦੈ।"

ਦਲ ਵਾਲਿਆਂ ਵਿਚੋਂ ਕੁਝ ਸਰਦਾਰ ਇਹ ਆਖ ਰਹੇ ਸਨ—ਦੁਸ਼ਮਣ ਕਾਬੂ ਆਇਐ, ਝਟਕਾ ਦੇਣਾ ਚਾਹੀਦੈ।

—ਫ਼ੌਜ ਉਹਦੇ ਕੋਲ ਆ ਗਈ ਤੇ ਸਮਝੋ ਮਦਦ ਮਿਲ ਗਈ, ਓਸ ਉਸੇ ਵੇਲੇ ਸ਼ੇਰ ਹੋ ਜਾਣੈ। ਤੇ ਫੇਰ ਅਸਾਂ ਆਪਣਾ ਬਚਾਅ ਵੀ ਕਰਨੈ। ਜ਼ੁਬਾਨੀ ਕਲਾਮੀ ਇਲਾਕਾ ਦੇ ਗਿਐ। ਅਸਾਂ ਆਪਣੀ ਤਾਕਤ ਦੇ ਜ਼ੋਰ ਨਾਲ ਏਸ ਇਲਾਕੇ ਦੀ ਰਾਖੀ ਬਣਾਉਣੀ ਏ। ਹੌਲੀ ਹੌਲੀ ਸਭ ਕੁਝ ਦੇਵੇਗਾ।

—ਚੰਗਾ ਇਹ ਹੈ, ਜੋ ਮਿਲਦਾ ਏ ਲੈ ਲਵੋ ਤੇ ਬਾਕੀ ਆਪਣੀ ਤਾਕਤ ਨਾਲ ਖੋਹ ਲੈਣਾ।

—ਚੰਗਾ ਬਾਬਾ ਜਿੰਦਾਂ ਤੇਰੀ ਮਰਜ਼ੀ। ਦਲ ਨੇ ਹੁਕਮ ਸੁਣਾ ਦਿੱਤਾ। ਅਸੀ ਤੇਰੇ ਨਾਲ ਹਾਂ।

—ਬਾਬਾ ਆਲਾ ਸਿੰਘ ਨੇ ਤੈਮੂਰ ਸ਼ਾਹ ਦੇ ਨਾਲ ਆਪਣੀ ਫ਼ੌਜ ਭੇਜੀ। ਅਫ਼ਵਾਹ ਫੈਲ ਗਈ ਜਾਂ ਆਪ ਰੌਲਾ ਪਾ ਦਿੱਤਾ ਕਿ ਸਿੰਘਾਂ ਨੇ ਤੈਮੂਰ ਸ਼ਾਹ ਗ੍ਰਿਫ਼ਤਾਰ ਕਰ ਲਿਐ। ਇਹਦੇ ਵਿਚ ਨਿਹੰਗਾਂ ਦਾ ਬਹੁਤ ਵੱਡਾ ਹੱਥ ਏ।

—ਕੁਝ ਬੰਦੇ ਇਤਬਾਰ ਕਰ ਰਹੇ ਸਨ ਤੇ ਵਿਚ ਕੁਝ ਇਹ ਵੀ ਆਖ ਰਹੇ ਸਨ ਕਿ ਇਹ ਸ਼ੋਸ਼ਾ ਏ। ਭੰਗ ਪੀਤੀ ਹੋਈ ਤੇ ਆਖ ਦਿੱਤਾ ਹੋਣੈ।

—ਤੈਮੂਰ ਦਾ ਕਤਲ ਸਾਰੇ ਹਿੰਦੁਸਤਾਨ ਦਾ ਕਤਲ। ਅਹਿਮਦ ਸ਼ਾਹ ਅਬਦਾਲੀ ਨੇ ਬਦਲਾ ਲੈਣ ਲਈ ਪੂਰਾ ਹਿੰਦੁਸਤਾਨ ਉਜਾੜ ਕੇ ਰੱਖ ਦੇਣੈ। ਉਹਦਾ ਗੁੱਸਾ ਬਹੁਤ ਡਾਢਾ ਏ।

—ਅੱਗੇ ਕਿਹੜੀ ਕਸਰ ਛੱਡੀ ਸੂ, ਨਿਹੰਗਾਂ ਜੇ ਛੋਟਾਂ ਦੇ ਈ ਦਿੱਤੀਐ ਤਾਂ ਕੱਲ ਨੂੰ ਫੇਰ ਭੜਕ ਪੈਣਗੇ। ਦਲ ਵਾਲਿਆਂ ਦੇ ਹੱਥ ਬਹੁਤ ਲੰਬੇ ਹਨ। ਇਹ ਗੱਲ ਗੋਲਮੋਲ ਈ ਜੱਥੇ ਵਿਚ ਘੁੰਮ ਰਹੀ ਸੀ।

—ਤੈਮੂਰ ਬਚ ਕੇ ਨਿਕਲ ਗਿਆ ਪਰ ਅਫ਼ਵਾਹ ਨੇ ਉਹਦਾ ਪਿੱਛਾ ਨਾ ਛੱਡਿਆ। ਖ਼ੇਸੀ ਦਾ ਚੁੰਗਲਮਾਟਾ ਮਾਰ ਕੇ ਤੈਮੂਰ ਨੂੰ ਕੱਢ ਦਿੱਤਾ ਸੀ ਬਾਬੇ ਆਲਾ ਸਿੰਘ ਨੇ। ਫ਼ੌਜ ਵਿਚ ਕੋਹਰਾਮ ਮਚ ਗਿਆ ਸੀ।

—ਸ਼ਾਹ ਕੁਜਾਅਸਤ-ਸ਼ਾਹ ਕੁਜਾਅਸਤ।

—ਲਾਹੌਰ ਜਾ ਕੇ ਗੱਲ ਖੁੱਲ੍ਹੀ ਕਿ ਤੈਮੂਰ ਸ਼ਾਹ ਜ਼ਿੰਦਾ ਏ। ਨਿਹੰਗਾਂ ਨੇ ਨਾ ਉਹਨੂੰ ਗ੍ਰਿਫ਼ਤਾਰ ਕੀਤਾ ਏ ਤੇ ਨਾ ਕਤਲ।

ਚਲੋ ਦੋਨਾਂ ਦੀ ਇੱਜ਼ਤ ਰਹਿ ਗਈ। ਜ਼ੁਬਾਨ ਦਿੱਤੀ ਦਾ ਮੁੱਲ ਪੈ ਗਿਆ।

24

ਥੀਮ ਸਾਹਿਬ

ਜਹਾਨ ਖਾਂ, ਨਿਸਾਰ ਅਲੀ ਤਾਂ ਨਾਲ ਰਲ ਗਿਆ। ਜਲੰਧਰੀ ਤਿਕੜੀ ਮਿਲ ਬੈਠੀ ਤੇ ਸ਼ਰਾਬ ਦੇ ਦੌਰ ਤੇ ਈ ਫੈਸਲਾ ਕਰ ਲਿਆ। ਧੁੱਤ ਸਨ ਸ਼ਰਾਬ ਦੇ ਨਸ਼ੇ ਵਿਚ।

—ਕਰਤਾਰਪੁਰ ਵੀ ਕਾਫੀ ਦੌਲਤਮੰਦ ਏ। ਦੌਲਤ ਇੱਥੇ ਵੀ ਕਾਫੀ ਇਕੱਠੀ ਕੀਤੀ ਹੋਈ ਏ। ਧਨਾਡ ਸ਼ਾਹੂਕਾਰਾਂ ਦਾ ਪਿੰਡ ਏ। ਲੁੱਟ ਲਵੋ, ਇਹ ਤੇ ਐਵੇਂ ਇਕ ਮੁੱਕੀ ਦੀ ਮਾਰ ਏ। ਤਲਵਾਰਾਂ ਕੱਢਣ ਦੀ ਨੌਬਤ ਨਹੀਂ ਆਉਣੀ। ਝੁੱਗਾਂ ਏ ਲੈ ਲਵੋ।

—ਥੱਡੂ ਜੇ ਅੱਗੋਂ ਬਘਿਆੜ ਨਿਕਲ ਪਏ ਤਾਂ ਨਾਨੀ ਚੇਤੇ ਆ ਜਾਏਗੀ। ਜ਼ਰਾ ਕੁ ਇਕ ਵਾਰ ਫੇਰ ਸੋਚ ਲਵੋ। ਸ਼ਰਾਬ ਦੇ ਨਸ਼ੇ 'ਚ ਫੈਸਲਾ ਕਰ ਰਹੇ ਹੋ। ਸਾਰੀ ਸ਼ਰਾਬ ਲੱਥ ਜਾਏਗੀ ਜੇ ਜ਼ਰਾ ਕੁ ਵੀ ਕਾਹਲ ਕਰ ਲਈ।

—ਬੁੱਢਾ ਦਲ ਦੁਆਬੇ 'ਚ ਈ ਘੁੰਮ ਰਿਹੈ। ਜੇ ਦਲ ਪੈ ਗਿਆ ਤਾਂ ਰੌਂਝਾ ਪੀਅ ਲਏਗਾ।

—ਜਦੋਂ ਦਿੱਲੀ ਨੂੰ ਖ਼ਬਰ ਹੋਈ ਜਾਂ ਦਲ ਵਾਲਿਆਂ ਨੂੰ ਪਤਾ ਲੱਗਾ, ਇੰਨੇ ਚਿਰ ਵਿਚ ਅਸੀਂ ਲਾਹੌਰ ਪੁੱਜ ਜਾਣਾ ਏ।

—ਸਿੰਘਾਂ ਦਾ ਗੜ੍ਹ ਏ ਕਰਤਾਰਪੁਰ, ਧਰਮ ਅਸਥਾਨ ਏ। ਉਹਦੀ ਹੋਈ ਬੇਅਦਬੀ ਦਲ ਵਿਚ ਇਕ ਤੂਫ਼ਾਨ ਬਰਪਾ ਕਰ ਦੇਵੇਗੀ।

—ਜਦੋਂ ਕਿਸੇ ਦਾ ਘਰ ਲੁੱਟਦੇ ਹਾਂ ਕੀ ਉਦੋਂ ਕੋਹਰਾਮ ਨਹੀਂ ਮਚਦਾ। ਹਾਂ ਜ਼ਰਾ ਕੁ ਰੌਲਾ ਪੈਂਦੈ। ਘਰ ਬਹੁਤੇ ਲੁੱਟੇ ਜਾਂਦੇ ਹਨ ਤੇ ਰੌਲਾ ਘਟ ਪੈਂਦਾ ਏ।

—ਪਹਿਲਾਂ ਹਮਲਾ ਕਰੀਏ ਤੇ ਵੇਖੀਏ ਕਿ ਉਹ ਕਿਹੜਾ ਬਘਿਆੜ ਕਢਦੇ ਹਨ। ਜੇ ਅੱਗੋਂ ਕਰਾਰੀ ਚਪੇੜ ਪਈ ਤਾਂ ਪਿੱਛੇ ਹੱਟ ਜਾਵਾਂਗੇ।

ਲੁੱਟਮਾਰ ਕਰੋ, ਖ਼ੂਨ-ਲਹੂ, ਲਾਸ਼ਾਂ ਤੇ ਅੱਗ ਮਕਾਨਾਂ ਨੂੰ ਲਾਓ। ਲੋਕ ਘਰ ਛੱਡ ਕੇ ਭੱਜ ਜਾਣਗੇ। ਖੁੱਲ੍ਹੇ ਦਰਵਾਜ਼ੇ, ਜਿਹੜਾ ਮਰਜ਼ੀ ਸੰਦੂਕ ਖੋਲ੍ਹੋ, ਭੜੋਲੀਆਂ ਵੇਖੋ, ਕਤਲ

ਕਰੇ, ਖ਼ੂਨ-ਖ਼ਰਾਬਾ। ਬਸ ਤੁਹਾਡੀ ਰੀਝ ਲੱਥ ਜਾਏਗੀ। ਉਹਨਾਂ ਵਿਚਾਰਿਆਂ ਦਾ ਭੁੱਗਾ ਚੌੜ ਹੋ ਗਿਆ। ਤੇ ਉਨ੍ਹਾਂ ਵੀ ਤੇ ਆਖ਼ਰ ਮੱਚਣਾ ਈ ਏ।

ਅਹਿਮਦ ਸ਼ਾਹ ਅਬਦਾਲੀ ਗੋਇੰਦਵਾਲ ਦਾ ਪੱਤਣ ਲੰਘ ਕੇ ਲਾਹੌਰ ਪੁੱਜ ਗਿਆ। ਤੇ ਇੱਧਰ ਏਸ ਤਿਕੜੀ ਨੇ ਚੰਨ ਚੜ੍ਹਾ ਦਿਤੇ।

ਪਹਿਲਾਂ ਹਮਲਾ ਕੀਤਾ ਕਰਤਾਰਪੁਰ ਤੇ। ਲੁੱਟਮਾਰ ਕੀਤੀ। ਪੋਲੇ, ਕੂਲੇ ਬੰਦੇ ਫੜ-ਫੜ ਕੇ ਕੁੱਟ-ਕੁੱਟ ਕੇ ਮਾਰ ਦਿੱਤੇ। ਸਿਰਫ਼ ਉਹ ਛੱਡਿਆ ਜਿਹਦੇ ਪੱਲੇ ਕੁਝ ਨਾ ਨਿਕਲਿਆ। ਜਾਂ ਉਹਨੂੰ ਛੱਡਿਆ ਜਿਸ ਭਰੀ ਭੜੋਲੀ ਦੱਸੀ। ਬਾਕੀ ਸਭ ਤਲਵਾਰ ਦੀ ਭੇਟ ਚੜ੍ਹ ਗਏ।

ਕੋਹਰਾਮ ਮੱਚ ਗਿਆ। ਹਾਏ-ਹਾਏ ਦੇ ਆਵਾਜ਼ੇ ਆਉਣ ਲੱਗ ਪਏ।

ਤੈਮੂਰ ਨੇ ਕੋਰ ਵਿਚ ਆਏ ਥੰਮ ਸਾਹਿਬ ਨੂੰ ਅੱਗ ਲਾ ਦਿੱਤੀ ਤੇ ਉਹ ਸੜ ਕੇ ਸਵਾਹ ਹੋ ਗਿਆ। ਗੁਰੂ ਘਰ ਸੜ ਗਿਆ ਸੀ। ਲੋਕ ਸਹਿਮੇ ਹੋਏ ਸਨ, ਬੇਬਸ ਸਨ। ਗੁਰੂ ਦੇ ਭਾਣੇ ਤੇ ਜਿਉਂ ਰਹੇ ਸਨ।

ਨਿਹੰਗਾਂ ਨੇ ਜਦ ਖ਼ਬਰ ਸੁਣੀ, ਸੱਤੀ ਕੱਪੜੀ ਅੱਗ ਲੱਗ ਗਈ। ਇਕ ਹੋਰ ਲੋਹੜਾ ਮਾਰਿਆ, ਗਊ ਕਤਲ ਕੀਤੀ ਤੇ ਗਊ ਦਾ ਸਿਰ ਥੰਮ ਸਾਹਿਬ ਤੇ ਰੱਖ ਦਿੱਤਾ। ਸ਼ੈਤਾਨ ਨੱਚ ਰਿਹਾ ਸੀ। ਕਤਲ ਹੋ ਰਹੇ ਸਨ ਰੱਬ ਦੇ ਬੰਦੇ।

ਸਾਰਾ ਦਲ ਦੁਖੀ ਸੀ, ਸਾਰਾ ਪੰਜਾਬ ਦੁਖੀ ਸੀ ਪਰ ਕੁਝ ਕਰ ਨਹੀਂ ਸਨ ਸਕਦੇ।

ਏਧਰ ਥੰਮ ਸਾਹਿਬ ਸੜ ਰਿਹਾ ਸੀ, ਓਧਰ ਜੱਸਾ ਸਿੰਘ ਆਹਲੂਵਾਲੀਆ ਅਹਿਮਦ ਸ਼ਾਹ ਅਬਦਾਲੀ ਨੂੰ ਲੁੱਟ ਰਿਹਾ ਸੀ।

ਦਲ ਨੇ ਸ਼ਾਹ ਨੂੰ ਕਈ ਵਾਰ ਲੁੱਟਿਆ। ਜਿੱਥੇ ਵੀ ਦਾਅ ਲੱਗਾ ਉੱਥੇ ਈ ਲੁੱਟਿਆ। ਬਹੁਤ ਦੁਖੀ ਹੋਇਆ ਅਹਿਮਦ ਸ਼ਾਹ ਅਬਦਾਲੀ। ਅਹਿਮਦ ਸ਼ਾਹ ਅਬਦਾਲੀ ਦਿਲ ਵਿਚ ਸੋਚ ਰਿਹਾ ਸੀ, "ਹੁਣ ਤੇ ਮੈਨੂੰ ਕਾਹਲੀ ਏ, ਫੇਰ ਆਵਾਂਗਾ ਤੇ ਫੇਰ ਇਨ੍ਹਾਂ ਦੀ ਅਲਖ ਮੁਕਾਵਾਂਗਾ।"

ਰੰਗਰੇਟੇ ਤੇ ਨਿਹੰਗਾਂ ਨੇ ਮੈਨੂੰ ਲੁੱਟਿਐ। ਯਾਰੋ ਮੇਰਾ ਤੇ ਕੋਈ ਪਰਛਾਵਾਂ ਨਹੀਂ ਲੰਘਦਾ। ਇਹ ਥਿੰਜਾਂ ਕਿੱਧਰੋਂ ਆਣ ਪਈਆਂ ਨੇ।

ਦਲ ਨੇ ਤਦ ਇਹ ਨਾਅਰਾ ਮਾਰਿਆ ਕਿ ਇਹ ਇਲਾਕਾ ਸਾਡਾ ਏ ਕਿਸੇ ਹੋਰ ਦਾ ਦਖ਼ਲ ਸਾਨੂੰ ਕਬੂਲ ਨਹੀਂ। ਜਿਹੜਾ ਸੀਨਾਜ਼ੋਰੀ ਕਰੇਗਾ ਅਸਾਂ ਉਹਦੀ ਧੌਣ ਭੰਨਣੀ ਏ! ਜਦ ਤਕ ਉਹ ਜੁੱਤੀ ਪਾ ਕੇ ਸਾਡਾ ਦੇਸ਼ ਛੱਡ ਨਹੀਂ ਜਾਂਦਾ, ਅਸਾਂ ਨਹੀਂ ਮੁੜਨਾ। ਘਰ ਸਾਡਾ ਏ ਅਸਾਂ ਰਹਿਣਾ ਏ। ਤਿਕੜੀ ਨੇ ਚੰਨ੍ਹ ਤੇ ਚੜ੍ਹਾ ਈ ਦਿੱਤਾ ਸੀ ਪਰ ਉਹਦਾ ਅੰਤ ਕੀ ਹੋਵੇਗਾ, ਇਹ ਨਹੀਂ ਸੀ ਸੋਚਿਆ।

ਸਾਰੀ ਕੌਮ ਦੇ ਸੀਨੇ ਤੇ ਜ਼ਖ਼ਮ ਸੀ ਥੰਮ ਸਾਹਿਬ ਦੇ ਸੜਨ ਦਾ। ਥੰਮ ਸੜ ਰਿਹਾ ਸੀ, ਕੋਲੇ ਖਿੱਲਰ ਰਹੇ ਸਨ।

—ਮਾੜਾ ਕੰਮ ਕੀਤਾ ਸੀ ਤੈਮੂਰਾ, ਇਹ ਯਰਾਨਾ ਨਹੀਂ ਯਾਰ ਮਾਰ ਕੀਤੀ ਐ।

—ਦਲ ਨੇ ਤੈਨੂੰ ਬਖ਼ਸ਼ਣਾ ਨਹੀਂ। ਅੱਛਾ ਗੁਰੂ ਰਾਖਾ।

—ਬਾਬਾ ਭੁੱਲ ਹੋ ਗਈ ਬਖ਼ਸ਼ ਦੇ। ਬੱਚੇ ਭੁੱਲ ਕਰਦੇ ਈ ਆਏ। ਜੇ ਵੱਡਿਆਂ ਮਾਫ਼ ਨਾ ਕੀਤਾ, ਉਹਨਾਂ ਨੂੰ ਕਿਸੇ ਵੱਡਾ ਨਹੀਂ ਆਖਣਾ।

—ਅੱਛਾ ਵਕਤ ਆਉਣ ਦੇ ਸੋਚਾਂਗੇ।" ਬਾਬਾ ਆਲਾ ਸਿੰਘ ਨੇ ਆਖਿਆ।

—ਕਰਤਾਰਪੁਰ ਗੁਰੂ ਕੀ ਨਗਰੀ ਤੁਸਾਂ ਲੁੱਟ ਕੇ ਖ਼ਾਕਸ਼ਾਹ ਕਰ ਦਿੱਤੀ ਏ। ਮੰਦਾ ਕੀਤਾ ਏ, ਅੰਗ ਨਹੀਉਂ ਪਾਲਿਆ।

ਬੁੱਢੇ ਦਲ 'ਚ ਬੜਾ ਗੁੱਸਾ ਭਰਿਆ ਹੋਇਆ ਸੀ।

ਥੰਮ ਸਾਹਿਬ ਨੂੰ ਸਾੜ ਦੇਣਾ ਸਾਰੀ ਕੌਮ ਦੀ ਪੱਗ ਲਾਹੁਣ ਦੇ ਬਰਾਬਰ ਏ।

—ਗਊਆਂ ਵੱਢ ਕੇ ਥੰਮ ਸਾਹਿਬ ਨੂੰ ਲਹੂ ਨਾਲ ਗੜੁੱਚ ਕਰਕੇ ਤੁਸਾਂ ਸਮਝਿਆ ਕਿ ਸਿੰਘ ਤੇ ਨਿਹੰਗ ਮਰ ਖਪ ਗਏ। ਨਹੀਂ ਅਜੇ ਸਿੰਘ ਜਿਉਂਦੇ ਹਨ। ਤੁਹਾਨੂੰ ਮਾਰ ਕੇ ਮਰਨਗੇ। ਅਸਾਂ ਪੰਜਾਬ ਵਿਚ ਤੁਹਾਡੇ ਪੈਰ ਬਰਦਾਸ਼ਤ ਨਹੀਂ ਕਰਨੇ। ਥੰਮ ਸਾਹਿਬ ਈ ਤੁਹਾਡੀ ਜਾਨ ਦਾ ਖੌਫ਼ ਬਣੇਗਾ। ਥੰਮ ਸਾਹਿਬ ਈ ਤੁਹਾਡੀਆਂ ਲਾਸ਼ਾਂ ਵੇਖੇਗਾ। ਚਾਰ ਦਿਨ ਹੋਰ ਮੌਜਾਂ ਕਰ ਲਓ। ਇਕ ਵਾਰ ਟਾਕਰਾ ਹੋਣ ਦਿਓ। ਫੇਰ ਵੇਖਾਂਗੇ ਤੁਹਾਡੀ ਬਹਾਦਰੀ।

25

ਪਹਿਲੇ ਦਿਨ ਦੀ ਮੂੰਹ ਵਿਖਾਈ

ਫਸੀ ਨੂੰ ਫੜਕਨ ਕੀ। ਗਲ 'ਚ ਰੱਸਾ ਪਿਆ ਹੋਇਆ ਏ। ਤਾਂਹੀਓਂ ਵਹਿੜਕਾ ਕਾਬੂ ਆਉਂਦਾ ਏ। ਹਕੂਮਤ ਕਦੀ ਏਸ ਤਰ੍ਹਾਂ ਸੁਲਹਾ ਨਹੀਂ ਕਰਦੀ ਜਿੰਦਾਂ ਇਹ ਸੁਲਹਾ ਹੋਈ ਏ। ਇਹ ਸੁਲਹਾ ਨਹੀਂ ਸੀ, ਮਦਦ ਸੀ। ਦਲ ਵਾਲੇ ਕਿਸੇ ਗਿਣਤੀ ਵਿਚ ਤਾਂ ਆਏ ਅਹਿਸਾਸ ਤਾਂ ਹੋਇਆ ਦਲ ਦਾ।

ਜੱਸਾ ਸਿੰਘ ਆਹਲੂਵਾਲੀਆ ਆਖਣ ਲਗਾ, "ਅਸਾਂ ਦੀਵਾਨ ਕੌੜਾ ਮੱਲ ਦੇ ਕਹਿਣ ਤੇ ਇਹ ਪੱਥਰ ਚੱਟਿਆ ਏ। ਮੈਂ ਇਹ ਵੀ ਜਾਣਦਾ ਹਾਂ ਕਿ ਇਹ ਅਹਿਦਨਾਮਾ ਬਹੁਤੇ ਦਿਨ ਨਹੀਂ ਚੱਲਣਾ। ਪਰ ਇਕ ਗੁਰ ਸਿੱਖ ਦੇ ਬੋਲਾਂ ਤੇ ਫੁੱਲ ਚੜ੍ਹਾਉਣੇ ਪੈਂਦੇ ਹਨ। ਇਹ ਸੱਪ ਹਨ। ਕਦ ਡੰਗ ਮਾਰ ਦੇਣਗੇ, ਕੋਈ ਨਹੀਂ ਜਾਣਦਾ। ਚਲੋ ਯਾਰ ਦੇ ਆਖੇ ਅਸੀਂ ਇਹ ਵੀ ਜ਼ਹਿਰ ਖਾ ਕੇ ਵੇਖ ਲਵਾਂਗੇ।

ਅੱਠ ਆਨੇ ਰੋਜ਼ ਪਿਆਦੇ ਦੇ, ਤੇ ਇਕ ਰੁਪਈਆ ਰੋਜ਼ ਘੋੜ ਚੜ੍ਹਿਆ। ਪੰਜ ਰੁਪਈਏ ਰੋਜ਼ ਸਰਦਾਰਾਂ ਦੇ। ਖ਼ਰਚੇ ਪੱਠੇ ਲਈ ਮੁਕੱਰਰ ਹੋਏ। ਦੋ ਮਹੀਨੇ ਦਾ ਖ਼ਰਚਾ ਪੇਸ਼ਗੀ ਦਿੱਤਾ ਗਿਆ। ਸਮੇਂ ਦੇ ਰਿਵਾਜ਼ ਦੇ ਮੁਤਾਬਿਕ ਜਿਸ ਮੁਹਿੰਮ ਵਿਚ ਲੁੱਟਮਾਰ ਦੇ ਮਾਲ ਨੂੰ ਏਸ ਤਰ੍ਹਾਂ ਵੰਡਿਆ ਜਾਏਗਾ : ਜਿਹੜਾ ਲੁੱਟੇਗਾ ਉਹ ਉਸੇ ਦਾ ਈ ਹੋਵੇਗਾ। ਉਹ ਕਿਸੇ ਨੂੰ ਹਿੱਸਾ ਨਹੀਂ ਦੇਣ ਲੱਗਾ। ਏਸ ਗੱਲ ਤੇ ਦਲ ਵਾਲਿਆਂ ਹਾਂ ਕਰ ਦਿੱਤੀ।

ਇਕ ਸ਼ਰਤ ਹੋਰ ਸੀ ਕਿ ਅਸਾਂ ਉਹਨਾਂ ਜ਼ਾਲਮਾਂ ਨੂੰ ਸੋਧਣਾ ਜ਼ਰੂਰ ਏ, ਜਿਨ੍ਹਾਂ ਨੇ ਥੰਮ ਸਾਹਿਬ ਨੂੰ ਸਾੜਿਆ ਏ। ਗੁਰੂਦਵਾਰੇ 'ਚ ਗਊਆਂ ਦਾ ਕਤਲ ਕੀਤੇ। ਇਹ ਬੇ-ਅਦਬੀ ਕਦ ਤੱਕ ਬ੍ਰਦਾਸ਼ਤ ਕੀਤੀ ਜਾਏਗੀ। ਇਹ ਸ਼ਰਤ ਪਹਿਲਾਂ ਮਨਜ਼ੂਰ ਕਰੇ ਤਾਂ ਦਲ ਚਲਦਾ ਏ ਤੁਹਾਡੇ ਨਾਲ।

ਇਹ ਸ਼ਰਤ ਵੀ ਸਾਨੂੰ ਮਨਜ਼ੂਰ ਏ। ਤੁਸੀਂ ਜ਼ਰੂਰ ਸਜ਼ਾ ਦਿਓ। ਦੀਵਾਨ ਕੌੜਾ ਮੱਲ ਨੇ ਸਾਰੀਆਂ ਸ਼ਰਤਾਂ ਮੰਨ ਲਈਆਂ।

ਆਖਣ ਲੱਗਾ ਦੀਵਾਨ ਕੌੜਾ ਮੱਲ, "ਮੇਰੀ ਪੱਗ ਦੀ ਇੱਜ਼ਤ ਸਿੱਖਾਂ ਨੇ ਰੱਖਣੀ ਏ। ਲਾਜ ਹੁਣ ਦਲ ਵਾਲਿਆਂ ਦੇ ਹੱਥ ਏ। ਮੇਰੀ ਪੱਗ ਗਲੀਆਂ ਵਿਚ ਰੋਲਣਗੇ ਜਾਂ ਸਿਰ ਦਾ ਤਾਜ ਬਣਾ ਕੇ ਰੱਖਣਗੇ, ਇਹ ਤਾਂ ਪਤਾ ਨਹੀਂ।"

—ਦੀਵਾਨ ਜੀ, ਅਸੀਂ ਤੁਹਾਡੇ ਨਾਲ ਤੁਰੇ ਹਾਂ ਤੇ ਨਾਲ ਮਰਾਂਗੇ। ਤੁਹਾਡੀ ਪੱਗ ਹੁਣ ਸਾਡੀ ਪੱਗ ਏ। ਹੁਣ ਜੇ ਅਸਾਂ ਜ਼ਰਾ ਵੀ ਉਹਨਾਂ ਦੀਆਂ ਅੱਖਾਂ ਵਿਚ ਗਹਿਰ ਵੇਖੀ ਤਾਂ ਫੇਰ ਸਾਥੋਂ ਬੁਰਾ ਕੋਈ ਨਹੀਂ।

ਇਕ ਬੰਦਾ ਆਖਣ ਲੱਗਾ—ਇਹ ਕੌੜਾ ਮੱਲ ਦੀਵਾਨ ਹੈ ਕੌਣ? ਜਿਹਦੇ ਤੇ ਦਲ ਏਨਾਂ ਮਿਹਰਬਾਨ ਹੋ ਗਿਐ।

—ਮੀਰ ਮਨੂੰ ਦਾ ਦੀਵਾਨ ਏ। ਪਹਿਲਾਂ ਇਹਨੂੰ ਓਸ ਜੇਲ੍ਹ ਵਿਚ ਬੰਦ ਕਰ ਦਿੱਤਾ। ਮੁਕੱਦਮਾ ਕਾਜ਼ੀ ਪਾਸ ਗਿਆ ਤੇ ਤਫ਼ਤੀਸ਼ ਹੋਈ। ਕੋਈ ਗੁਨਾਹ ਸਾਬਤ ਨਾ ਹੋਇਆ। ਆਖ਼ਰਕਾਰ ਦੀਵਾਨ ਨੂੰ ਬਾਇੱਜ਼ਤ ਛੱਡਣਾ ਪਿਆ। ਫੇਰ ਰੁਤਬੇ ਵੀ ਦਿੱਤੇ, ਇਨਾਮ, ਕਨਾਮ ਵੀ ਝੋਲੀ 'ਚ ਪਾਏ ਤੇ ਸਰੋਪਿਆਂ ਨਾਲ ਦੀਵਾਨ ਨੂੰ ਭਰ ਦਿੱਤਾ। ਦੀਵਾਨ ਕੌੜਾ ਮੱਲ ਨੇ ਸਮਝਿਆ ਕਿ ਹਕੂਮਤ ਬਹੁਤ ਮਿਹਰਬਾਨ ਏ। ਹੁਣ ਮੈਂ ਦਲ ਵਾਲਿਆਂ ਦੀ ਮਦਦ ਕਰ ਸਕਦਾ ਹਾਂ ਅੰਦਰਖ਼ਾਤੇ।

ਮੀਰ ਮਨੂੰ ਬੜਾ ਚਾਲਾਕ ਸੀ। ਉਹ ਆਪਣੇ ਭਰਾ ਦੇ ਨਾਲ ਟੱਕਰ ਨਹੀਂ ਸੀ ਲੈ ਸਕਦਾ। ਏਸ ਲਈ ਦੀਵਾਨ ਕੌੜਾ ਮੱਲ ਨੂੰ ਥਾਪੀ ਦਿੱਤੀ, ਫ਼ੌਜ ਦੇ ਮੋਹਰੇ ਲਾ ਕੇ ਤੋਰਿਆ। ਦੀਵਾਨ ਆਪਣੇ ਦਾਅ ਤੇ ਸੀ।

ਇਹ ਖ਼ਾਨਦਾਨ ਭਾਵੇਂ ਹਿੰਦੂਆਂ ਵਿਚੋਂ ਸੀ ਪਰ ਸਿੱਖੀ ਦੀ ਰੰਗਤ ਵਿਚ ਰੰਗਿਆ ਹੋਇਆ ਸੀ। ਉਹਦੀ ਹਮਦਰਦੀ ਸੀ ਬੁੱਢੇ ਦਲ ਨਾਲ। ਦਲ ਦਾ ਕਿੱਲਾ ਸੀ ਲਾਹੌਰ 'ਚ ਗੱਡਿਆ ਹੋਇਆ। ਸਾਰੀਆਂ ਖ਼ਬਰਾਂ, ਜਿਹੜੀਆਂ ਸਿੰਘਾਂ ਦੇ ਖ਼ਿਲਾਫ਼ ਘੜੀਆਂ ਜਾਂਦੀਆਂ, ਉਨ੍ਹਾਂ ਦੀ ਇਤਲਾਹ ਪਹਿਲਾਂ ਈ ਮਿਲ ਜਾਂਦੀ।

ਮਦਦ ਦੇਣ ਦਾ ਤਾਂ ਫ਼ੈਸਲਾ ਹੋ ਗਿਆ ਪਰ ਇਕ ਗੱਲ ਤੇ ਆ ਕੇ ਗੱਲ ਰੁਕ ਗਈ।

—ਦੀਵਾਨ ਸਾਹਿਬ ਹੁਕਾ ਪੀਂਦੇ ਹਨ, ਇਹ ਸਿੱਖੀ ਦੇ ਖ਼ਿਲਾਫ਼ ਏ।

—ਹੁਕਾ ਤੇ ਮੈਂ ਪੀਂਦਾ ਹਾਂ, ਇਹ ਛੁੱਟਣਾ ਨਹੀਂ। ਅੰਦਰੋਂ ਤੇ ਮੈਂ ਸਿੱਖ ਹਾਂ। ਤੁਹਾਡਾ ਭਰਾ ਹਾਂ। ਭਰਾ ਨੂੰ ਕੋਈ ਚੌਂਕਿਓਂ ਛੇਕਦਾ ਥੋੜ੍ਹੇ। ਭਰਾ ਨੇ ਭਰਾ ਈ ਰਹਿਣੈ। ਤੁਹਾਡੀ ਸੋਹਬਤ ਵਿਚ ਆ ਕੇ ਮੈਂ ਹੁੱਕਾ ਵੀ ਛੱਡ ਦੇਵਾਂਗਾ।

—ਪਰ ਹੁਣ ਕੀ ਕੀਤਾ ਜਾਏ?

ਦਲ ਵਾਲੇ ਮਿਹਰਬਾਨ ਸਨ। ਉਹਨਾਂ ਪੰਜ ਰੁਪਈਏ ਰੋਜ਼ ਤਨਖ਼ਾਹ ਲਾ ਦਿੱਤੀ। ਕਿਉਂਕਿ ਲੱਗਾ ਹੁੱਕਾ ਛੁਟਦਾ ਨਹੀਂ। ਸਿੰਘ ਉਹਨੂੰ ਕੌੜਾ ਮੱਲ ਨਹੀਂ ਮਿੱਠਾ ਮੱਲ ਆਖਿਆ ਕਰਦੇ ਸਨ। ਕੌੜਾ ਮੱਲ ਗੁਰੂ ਦਾ ਬਹੁਤ ਪਿਆਰਾ ਸਿੱਖ ਸੀ।

ਦਲ ਚੱਲ ਪਿਆ ਮੁਲਤਾਨ ਵੱਲ ਸੇਧ ਰੱਖ ਕੇ। ਜੱਸਾ ਸਿੰਘ ਆਹਲੂਵਾਲੀਆ ਫ਼ੌਜ ਦੇ ਮੋਹਰੇ ਸੀ। ਚਿਨਿਓਟ ਜਾ ਪੁੱਜਾ। ਕੌੜਾ ਮਲ ਦੀਵਾਨ ਦਲ ਦੇ ਸਭ ਤੋਂ ਅੱਗੇ ਆਇਆ। ਨਕਦੀ ਤੇ ਰਾਸ਼ਨ ਪਾਣੀ ਦਾ ਸਾਮਾਨ ਨਜ਼ਰ ਕੀਤਾ। ਦਲ ਨਿਹਾਲ ਹੋ ਗਿਆ।

ਦੂਜੇ ਪੜਾਅ ਤੇ ਜਦ ਦਲ ਪੁੱਜਾ। ਉਹਦਾ ਨਾਂ ਸੀ ਅਰੋੜੀਆ ਤੇ ਖੁੱਡੀਆਂ। ਜਦ ਖੁੱਡੀ ਵਾਲਿਆਂ ਵੇਖਿਆ ਕਿ ਦਲ ਮਾਰੋਮਾਰ ਕਰਦਾ ਆ ਰਿਹੈ, ਉਹਨਾਂ ਪਹਿਲਾਂ ਹੀ ਇਕ ਲੱਖ ਰੁਪਈਆ ਨਜ਼ਰਾਨਾ ਪੇਸ਼ ਕੀਤਾ। ਦਲ ਨੇ ਖੂਬ ਜੈਕਾਰੇ ਛੱਡੇ। ਰੋਜ਼ ਕੜਾਹ ਪ੍ਰਸ਼ਾਦ ਦੇ ਬਾਟੇ ਲੈ ਕੇ ਹਾਜ਼ਰ ਹੁੰਦਾ ਤੇ ਆਪ ਗੁਰ ਸਿੱਖਾਂ ਵਾਂਗੂੰ ਰਹਿਰਾਸ ਵਿਚ ਹਾਜ਼ਰੀ ਭਰਦਾ।

ਨਿਹੰਗ ਸਿੰਘਾਂ ਦੀਆਂ ਬਖ਼ਸ਼ਿਸ਼ਾਂ ਨੇ ਕੌੜਾ ਮੱਲ ਦੀਵਾਨ ਨੂੰ ਸਹਿਜਧਾਰੀ ਸਿਖ ਬਣਾ ਦਿੱਤਾ।

ਸ਼ਾਹ ਨਵਾਜ਼ ਮੁਲਤਾਨ ਦਾ ਹਾਕਮ ਸੀ। ਕੌੜਾ ਮੱਲ ਨੇ ਇਕ ਵਾਰ ਹਾਰ ਖਾਧੀ ਸੀ। ਹੁਣ ਦਲ ਨੂੰ ਨਾਲ ਲੈ ਕੇ ਆ ਗਿਐ। ਮਾਂਗਵੀਂ ਧਾੜ ਕਦੇ ਮੌਤ ਦੇ ਮੂੰਹ ਅੱਗੇ ਖੜ੍ਹੀ ਨਹੀਂ ਹੁੰਦੀ।

ਦਲ ਵਿਚ ਜੈਕਾਰੇ ਗੂੰਜ ਰਹੇ ਸਨ। ਅੰਦਰੋਂ ਸ਼ਾਹ ਨਵਾਜ਼ ਦੀ ਹਵਾ ਸਰਕ ਗਈ। ਜਹਾਦ ਖ਼ਾਂ ਤੇ ਉਹਦੇ ਪੁੱਤ ਸਾਜ਼ਦ ਖ਼ਾਂ ਨੇ ਬੜੀ ਦਲੇਰੀ ਨਾਲ ਦੀਵਾਨ ਕੌੜਾ ਮੱਲ ਦੀ ਚੜ੍ਹਤ ਦਾ ਮੂੰਹ ਭੌਂਨਿਆ। ਦੀਵਾਨ ਦੀ ਖ਼ਾਸ ਫ਼ੌਜ ਨੇ ਹੌਂਸਲਾ ਹਾਰ ਦਿੱਤਾ। ਡੋਲ ਗਿਆ ਦੀਵਾਨ।

ਜੱਸਾ ਸਿੰਘ ਆਹਲੂਵਾਲੀਆ ਅੱਗੇ ਵਧਿਆ। ਉਸ ਥਾਪੀ ਦਿੱਤੀ, ਘਬਰਾ ਨਾ, ਅਸੀਂ ਤੁਹਾਡੇ ਨਾਲ ਹਾਂ। ਅਸੀਂ ਨਵਾਬ ਨਾਲ ਆਪ ਸਿੱਝ ਲਵਾਂਗੇ। ਤੁਸੀਂ ਮਗਰ-ਮਗਰ ਆਓ। ਨੱਵਾਬ ਏ ਨਾ, ਕੋਈ ਸ਼ੇਰ ਨਹੀਂ। ਦਲ ਆਪੇ ਸੋਧ ਲਵੇਗਾ।

ਸ਼ਾਹ ਨਵਾਜ਼ ਦਾ ਘੋੜਾ ਨਿਕਲਿਆ, ਫ਼ੌਜ ਦੀ ਇਕ ਟੁੱਕੜੀ ਵਿਚੋਂ। ਫੜ ਲਵੋ ਤੇ ਕਤਲੇਆਮ ਸ਼ੁਰੂ ਕਰ ਦਿਓ।

—ਨਵਾਬ ਸਾਹਿਬ ਅਸੀਂ ਦਲ ਵਾਲੇ ਹਾਂ। ਜ਼ਰਾ ਸੋਚ ਕੇ ਕਦਮ ਪੁੱਟਣਾ।

—ਤੁਸੀਂ ਕਿੱਥੋਂ ਆ ਗਏ, ਸਾਡੀ ਭਰਾਵਾਂ-ਭਰਾਵਾਂ ਦੀ ਲੜਾਈ। ਜਾਓ ਸਿੰਘ ਜੀ, ਕੜਾਹ ਪ੍ਰਸ਼ਾਦ ਦਾ ਖ਼ਰਚਾ ਲਵੋ ਤੇ ਨਾਲ ਨਜ਼ਰਾਨਾ ਵੀ। ਆਪਣੀ ਛਾਉਣੀ 'ਚ ਅਨੰਦ ਮਾਣੋ। ਖ਼ਰਚਾ ਰਾਸ਼ਨ ਪਾਣੀ ਮੈਂ ਸਭ ਕੁਝ ਭੇਜ ਦੇਵਾਂਗਾ।

—ਅਸੀਂ ਤੇ ਵਚਨ ਕਰਕੇ ਆਏ ਹਾਂ। ਖ਼ਾਲਸਾ ਮੁੜਮੁੜ ਨਵੀਂ ਦੋਸਤੀ ਨਹੀਂ ਪਾਉਂਦਾ। ਸਾਡੇ ਨਾਲ ਦੀਵਾਨ ਕੌੜਾ ਮੱਲ ਏ, ਅਸੀਂ ਤੇ ਉਹਦੀ ਗੱਲ ਵਿਹਾਉਣ ਆਏ ਹਾਂ।

—ਲਾਹੌਰ ਹਕੂਮਤ ਨੇ ਤੁਹਾਡੇ ਤੇ ਕਿੰਨੇ ਜ਼ੁਲਮ ਢਾਹੇ ਤੇ ਤੁਸੀਂ ਉਹਦੀ ਮਦਦ ਕਰਨ ਆਏ ਹੋ। ਭੁੱਲ ਗਏ ਹੋ ਮੀਰ ਮਨੂੰ ਦੀ ਕਰਤੂਤ।

—ਅਸੀਂ ਸਾਰਿਆਂ ਕੋਲੋਂ ਬਦਲੇ ਗਿਣਗਿਣ ਕੇ ਲੈਣੇ ਹਨ।

—ਪਰ ਮੇਰਾ ਕਸੂਰ ਕੀ ਏ ? ਤੁਸੀਂ ਮੇਰੇ ਤੇ ਕਿਉਂ ਚੜ੍ਹ ਕੇ ਆਏ ਹੋ ?

—ਦਲ ਤੇ ਚੜ੍ਹ ਕੇ ਆਇਆ ਏ, ਜਾਂ ਮੁਕਾਬਲਾ ਕਰੋ ਜਾਂ ਤਲਵਾਰ ਸੁੱਟ ਦਿਓ। ਖ਼ਾਲਸਾ ਮੁੜ ਜਾਂਦਾ ਏ। ਖ਼ਾਲਸਾ ਅਰਦਾਸ ਕਰਕੇ ਪਿੱਛੇ ਨਹੀਂ ਮੁੜਦਾ।

—ਪਠਾਨ ਮਰ ਜਾਏਗਾ, ਤਲਵਾਰ ਨਹੀਂ ਸੁੱਟੇਗਾ। ਮੈਦਾਨ ਦੀ ਮੌਤ ਮਰਦਾ ਏ ਜਵਾਨ।

—ਅੱਜ ਦਲ ਵਾਲਿਆਂ ਨਾਲ ਵੀ ਦੋ ਹੱਥ ਕਰਕੇ ਵੇਖ ਲਵੋ। ਸਾਡਾ ਵੀ ਕੜਾਹ ਪ੍ਰਸ਼ਾਦ ਛੱਕ ਲਵੋ। ਜ਼ਰਾ ਖੁੱਲ੍ਹੀਆਂ ਦਾ ਸਵਾਦ ਬਦਲ ਜਾਏਗਾ।

—ਦਲ ਨੂੰ ਹੁਣ ਚਾਹੀਦੈ, ਇਕ ਪਾਸੇ ਖੜ੍ਹੇ ਹੋ ਕੇ ਤਮਾਸ਼ਾ ਵੇਖਣਾ।

—ਅਸੀਂ ਤਮਾਸ਼ਬੀਨ ਨਹੀਂ ਹਾਂ। ਅੱਛਾ ਅੱਜ ਤਲਵਾਰਾਂ ਨੂੰ ਚਲਾਓ ਤੇ ਕੱਲ ਅਸੀਂ ਵੇਖਾਂਗੇ ਤੁਹਾਡੀਆਂ ਤਲਵਾਰਾਂ ਦੀ ਕਾਟ। ਦਲ ਵਾਲੇ ਇਕ ਵਾਰ ਚੜ੍ਹੇ ਵਾਪਸ ਨਹੀਂ ਮੁੜਦੇ।

26

ਰੰਗਭੂਮੀ

ਘਰੋਂ ਗਾਨੇ ਬੰਨ੍ਹ ਕੇ ਤੋਰਿਆ ਸੀ, ਅਮਾਮਜੀਮ ਡੋਲੇ ਨਾਲ ਬੰਨ੍ਹ ਕੇ ਤੋਰਿਆ ਸੀ। ਫ਼ਤਿਹ ਦੇ ਨਗਾਰੇ ਵਜਾਉਂਦਾ ਆਏਗਾ ਲਾਲ ਪਰ ਕੁਦਰਤ ਨੂੰ ਜੋ ਮਨਜ਼ੂਰ ਸੀ, ਉਹੋ ਈ ਹੋਣਾ ਸੀ।

ਅੱਲਾ ਜਿਹਨੂੰ ਚਾਹੇ ਫ਼ਤਿਹ ਦਾ ਗਾਨਾ ਬੰਨ੍ਹ ਦੇਵੇ ਤੇ ਜਿਹਦੇ ਤੇ ਖ਼ੁਦਾ ਕਹਿਰਬਾਨ ਹੋਵੇ, ਉਹਦਾ ਜਨਾਜ਼ਾ ਚੁੱਕ ਕੇ ਲਿਆਉਣ ਭਰਾ।

ਖ਼ੁਦਾ ਦੀ ਕੁਦਰਤ ਖ਼ੁਦਾ ਈ ਜਾਣੇ। ਲਾਹੌਰ 'ਚ ਬੈਠੇ ਜਹਾਦ ਖ਼ਾਨ ਨੂੰ ਇਹ ਪਤਾ ਲੱਗਾ ਕਿ ਅਬਦੁਲ ਅਜ਼ੀਜ਼ ਕਤਲ ਹੋ ਗਿਐ ਤੇ ਨਿਹੰਗਾਂ ਉਹਦੀ ਬੋਟੀ-ਬੋਟੀ ਉਡਾ ਦਿੱਤੀ ਏ। ਜੰਗ ਹਾਰ ਗਈ ਏ ਲਾਹੌਰ ਦੀ ਫ਼ੌਜ। ਮੁਲਤਾਨ ਦਾ ਕਿਲਾ ਸਰ ਹੋ ਗਿਆ। ਕਲੇਜਾ ਥੰਮ ਕੇ ਬੈਠ ਗਿਆ। ਉੱਤੋਂ ਇਕ ਹੋਰ ਬਿੱਜ ਪਈ। ਹਲਕਾਰੇ ਨੇ ਆਣ ਕੇ ਐਲਾਨ ਕਰ ਦਿੱਤਾ ਤੇ ਸ਼ਾਹ ਨਵਾਜ਼ ਖ਼ਾਂ ਦੀ ਮੌਤ ਤੇ ਹਾਰ ਦਾ ਪੈਗ਼ਾਮ ਸੁਣ ਕੇ ਉਹਦਾ ਦਿਲ ਟੁੱਟ ਗਿਆ।

ਹੁਣ ਜਿਊਣ ਦਾ ਕੋਈ ਹੱਜ ਨਹੀਂ। ਸਾਡੀਆਂ ਸਰਦਾਰੀਆਂ ਚੁੱਲ੍ਹੇ 'ਚ ਪੈ ਗਈਆਂ ਤੇ ਕੁੱਤਿਆਂ ਵਾਲੀ ਜ਼ਿੰਦਗੀ ਏ। ਜਿਊਂ ਕੇ ਕੀ ਕਰਨੈ? ਓਸ ਵੱਟ ਖਾਧਾ।

ਜ਼ਹਿਰ ਦਾ ਭਿੱਜਿਆ ਹੋਇਆ ਹੀਰਾ ਚੱਟ ਲਿਆ ਤੇ ਦਮ ਤੋੜ ਦਿੱਤਾ।

ਚੰਗਾ ਹੋਇਆ ਭਰਿਆ ਮੇਲਾ ਛੱਡ ਗਿਐ। ਵਰਨਾ ਜ਼ਿੰਦਗੀ ਅਜ਼ਾਬ ਬਣ ਗਈ ਸੀ।

ਸ਼ਾਹ ਨਵਾਜ਼ ਖ਼ਾਂ ਆਪ ਈ ਬੜਾ ਬਹਾਦਰ ਸੀ। ਉਹਦੇ ਸਾਥੀ ਵੀ ਬੜੇ ਵਫ਼ਾਦਾਰ ਸਨ।

ਕੌੜਾ ਮੱਲ ਨੇ ਗੁੱਸਾ ਖਾ ਕੇ ਤਲਵਾਰ ਨੂੰ ਖ਼ੋਸਾ ਦਿੱਤਾ ਕਿ ਮੈਂ ਫ਼ਤਿਹ ਦੇ ਨਗਾਰੇ ਵਜਾਉਂਦਾ ਲਾਹੌਰ 'ਚ ਕਦਮ ਰੱਖਾਂਗਾ। ਜੇ ਇੰਦਾਂ ਨਾ ਹੋਇਆ ਤਾਂ ਮੇਰੀ ਅਰਥੀ ਚੁੱਕ ਕੇ ਲੈ ਆਇਓ ਮੇਰੇ ਸਾਥੀਓ, ਦੋਸਤੋ, ਅਹਿਲਕਾਰੋ।

ਮੀਰ ਮੰਨੂ ਨੇ ਘਿਓ ਦੇ ਦੀਵੇ ਬਾਲੇ, ਜਸ਼ਨ ਕੀਤਾ। ਭਰਾ ਸੀ, ਜ਼ਰਾ ਵੀ ਦਿਲ ਉਦਾਸ ਨਾ ਹੋਇਆ। ਚਲੋ ਇਕ ਸ਼ਰੀਕ ਗਲੋਂ ਲੱਥਾ।

ਰਣਭੂਮੀ ਵਿਚ ਇਕ ਪਾਸੇ ਸ਼ਾਹ ਨਵਾਜ਼ ਦੀਆਂ ਫ਼ੌਜਾਂ ਦਾ ਘੇਰਾ ਸੀ ਤੇ ਦੂਜੇ ਪਾਸੇ ਕੌੜਾ ਮੱਲ ਤੇ ਦਲ ਵਾਲੇ ਖੜ੍ਹੇ ਸਨ। ਨਿਹੰਗ ਦੂਰ ਤੋਂ ਈ ਨਜ਼ਰ ਆ ਰਹੇ ਸਨ। ਐਲਾਨ-ਏ-ਜੰਗ ਹੋਇਆ। ਘੋੜੇ ਹਰਕਤ ਵਿਚ ਆਏ, ਨਗਾਰੇ ਵੱਜੇ, ਨੌਬਤਾਂ ਦੀ ਜ਼ਬਾਨ ਖੁੱਲ੍ਹੀ, ਝੰਡੇ ਝੂਲੇ।

''ਨਿਕਲੋ ਬਹਾਦਰੋ ਤੇ ਖਾ ਜਾਓ ਦਲ ਦੇ ਸੂਰਮਿਆਂ ਨੂੰ। ਇਹਨਾਂ ਸਦਾ ਈ ਜੰਗਾਂ ਹਾਰੀਆਂ ਨੇ। ਜਿੱਤ ਇਹਨਾਂ ਦੇ ਕਰਮਾਂ ਵਿਚ ਨਹੀਂ। ਤੁਸਾਂ ਸਿਰਫ਼ ਫ਼ਤਿਹ ਦਾ ਨਾਅਰਾ ਈ ਸੁਣਿਆ ਏ। ਸ਼ਿਕੱਸਤ ਨਾਂ ਦਾ ਕੋਈ ਲਫ਼ਜ਼ ਨਹੀਂ। ਇਹ ਭੇਡਾਂ ਹਨ, ਬਘਿਆੜ ਇਹਨਾਂ ਦੇ ਵਾੜੇ 'ਚ ਵੜਿਆ ਕਦੀ ਖ਼ਾਲੀ ਨਹੀਂ ਨਿਕਲਣਾ। ਅੱਧੀਆਂ ਭੇਡਾਂ ਨੂੰ ਜ਼ਰੂਰ ਪਾੜ ਕੇ ਨਿਕਲੇਗਾ। ਘਰ ਤੁਹਾਡਾ ਏ। ਇਹ ਪ੍ਰਦੇਸੀ ਹਨ। ਫਸਾ ਕੇ ਮਾਰ ਦਿਓ। ਮੈਂ ਤੁਹਾਡੇ ਨਾਲ ਹਾਂ। ਹਮਲਾ ਜ਼ੋਰ ਦਾ ਹਮਲਾ।'' ਸ਼ਾਹ ਨਵਾਜ਼ ਆਖ ਰਿਹਾ ਸੀ।

''ਇਹ ਭਗੌੜਾ, ਇਹ ਬਾਗ਼ੀ, ਇਹ ਬੁਜ਼ਦਿਲ ਆਪਣੀ ਮਰਜ਼ੀ ਨਾਲ ਝੰਡਾ ਬੁਲੰਦ ਕਰਕੇ ਖ਼ੁਦ ਮੁਖ਼ਤਾਰੀ ਦਾ ਐਲਾਨ ਕਰ ਬੈਠਾ ਏ ਤੇ ਪਿਓ ਦੀ ਜਾਗੀਰ ਸਮਝ ਬੈਠਾ ਏ ਮੁਲਤਾਨ ਨੂੰ। ਅਹਿਮਦ ਸ਼ਾਹ ਅਬਦਾਲੀ ਨੇ ਮੁਲਤਾਨ ਕੀ ਦੇ ਦਿੱਤਾ, ਇਹ ਦਿੱਲੀ ਦੇ ਖ਼ਾਬ ਵੇਖਣ ਲੱਗ ਪਿਐ। ਉਹ ਲੁਟੇਰਾ ਮੁਲਤਾਨ ਦਾ ਕਦ ਮਾਲਕ ਸੀ। ਸ਼ਰਾਬ ਦੇ ਨਸ਼ੇ ਵਿਚ ਹਾਂ ਕਰ ਗਿਆ ਤੇ ਦਿਨੇਂ ਮੁਲਤਾਨ ਛੱਡ ਗਿਆ। ਉਹ ਗਿਆ-ਉਹ ਗਿਆ। ਕੁਦਰਤ ਤੋਂ ਢੋਇਆ ਮਿਲਿਆ ਏ, ਜੜ੍ਹ ਕੇ ਖਾ। ਅਸਾਂ ਹੱਨੇਂ-ਹੱਨੇਂ ਰਾਜ ਨਹੀਂ ਰਹਿਣ ਦੇਣਾ। ਅੱਜ ਫ਼ੈਸਲਾ ਕਰਕੇ ਈ ਤਲਵਾਰ ਮਿਆਨ 'ਚ ਪਾਉਣੀ ਏ। ਨਗਾਰਾ ਵਜਾਓ ਤੇ ਘੋੜਿਆਂ ਨੂੰ ਥਾਪੀ ਦਿਓ। ਦੀਵਾਨ ਦਾ ਸਿਰ ਵੱਢ ਕੇ ਪੇਸ਼ ਕਰੋ। ਕਤਲ ਕਰੋ ਤੇ ਢੇਰ ਲਾ ਦਿਓ। ਇਹ ਕੀ ਜਾਣਨਗੇ ਕੁਦਰਤ ਦਾ ਕਰਿਸ਼ਮਾ। ਦਲ ਨੇ ਅੱਜ ਤੱਕ ਈਨ ਨਹੀਂ ਮੰਨੀ। ਅਹਿਮਦ ਸ਼ਾਹ ਅਬਦਾਲੀ ਨੂੰ ਕਈ ਵਾਰ ਲੁੱਟਿਆ, ਅੱਜ ਵਕਤ ਏ ਬਦਲਾ ਲਓ। ਮੁਲਤਾਨ ਵਿਚ ਸਦੀਆਂ ਦੀ ਦੌਲਤ ਜਮ੍ਹਾਂ ਏ। ਦਲ ਨੂੰ ਘੋੜੇ ਚਾਹੀਦੇ ਹਨ। ਦੌਲਤ ਦੀ ਘਾਟ ਨਹੀਂ ਮੁਲਤਾਨ ਵਿਚ। ਇਹਦਾ ਘਾਟਾ ਲੁੱਟ ਪੂਰੀ ਕਰੇਗੀ। ਇਹਦੇ ਨਾਲ ਸਾਡੇ ਯਾਰ ਕੌੜਾ ਮੱਲ ਦਾ ਸਿਰ ਉੱਚਾ ਹੋਵੇਗਾ। ਤਲਵਾਰਾਂ ਨੂੰ ਥੋਸੇ ਦਿਓ ਤੇ ਲਿਸ਼ਕੀਆਂ ਤਲਵਾਰਾਂ ਦੀ ਚਮਕ ਵਿਖਾਓ ਅੱਜ ਤੁਹਾਡਾ ਇਮਤਿਹਾਨ ਦਾ ਦਿਨ ਏ।'' ਇਹ ਇਕ ਜੱਥੇਦਾਰ ਦੇ ਬੋਲ ਸਨ।

'ਬੋਲੇ ਸੋ ਨਿਹਾਲ' ਦਾ ਜੈਕਾਰਾ ਛੱਡਿਆ ਨਿਹੰਗਾਂ ਨੇ। ਰੰਗਰੇਟੇ ਪਹਿਲਾਂ ਈ ਤਿਆਰ-ਬਰ-ਤਿਆਰ ਸਨ। ਜਾ ਗੱਲ ਪਏ। ਖ਼ੂਬ ਤਲਵਾਰ ਚੱਲੀ। ਲਹੂ ਧਰਤੀ ਤੇ ਡੁੱਲ੍ਹਿਆ। ਲਹੂ-ਲੁਹਾਨ ਹੋ ਗਈ ਜ਼ਮੀਨ।

ਬਹਾਦਰ ਦੋਵਾਂ ਦਲਾਂ ਵਿਚ ਸਨ। ਇਕ ਤੋਂ ਵੱਧ ਚੜ੍ਹਦਾ ਚੜ੍ਹੇਂਦਾ ਸੀ। ਪਰ ਕੌੜਾ ਮੱਲ ਦੀ ਤਾਕਤ ਜ਼ਿਆਦਾ ਸੀ। ਸਭ ਤੋਂ ਵੱਡੀ ਗੱਲ ਦਲ ਦਾ ਨਾਲ ਹੋਣਾ। ਦਲ ਵਾਲੇ ਸਿਰਫ਼ ਮਰਨਾ ਈ ਜਾਣਦੇ ਸਨ। ਉਹ ਪਹਿਲਾਂ ਸੋਚਦੇ ਨਹੀਂ, ਕਰਕੇ ਸੋਚਦੇ ਹਨ।

ਮੈਦਾਨ 'ਚ ਮੌਤ ਘੱਗਰੀ ਪਾ ਕੇ ਨੱਚੀ। ਲਾਸ਼ਾਂ ਦੇ ਢੇਰ ਲੱਗ ਗਏ। ਫ਼ੌਜ 'ਚ ਹਾਹਾਕਾਰ ਮੱਚ ਗਈ।

ਕਦੀ ਦਲ ਵਾਲੇ ਵੰਗਾਰ ਕੇ ਹਮਲਾ ਕਰਦੇ ਤੇ ਕਦੀ ਮੁਲਤਾਨ ਦੀ ਫ਼ੌਜ ਆਪਣਾ ਕਸਬ ਵਿਖਾਉਂਦੀ।

ਮੁਕਾਬਲਾ ਸਖ਼ਤ ਸੀ, ਲੜਾਈ ਸਿਖ਼ਰਾਂ ਤੇ ਪੁੱਜ ਚੁੱਕੀ ਸੀ।

ਨਿਹੰਗਾਂ ਨੇ ਆਪਣਾ ਪੈਂਤੜਾ ਬਦਲਿਆ। ਆਖਣ ਲੱਗੇ 'ਦੀਵਾਨ ਜੀ ਹੁਣ ਸਾਨੂੰ ਆਪਣੇ ਹੱਥ ਅਜ਼ਮਾ ਕੇ ਵੇਖ ਲੈਣ ਦਿਓ।'

ਦਲ ਦੀ ਚੜ੍ਹਤ ਨੇ ਇਕ ਵਾਰ ਟੱਕਰ ਲਈ ਤੇ ਇਕੋ ਝਟਕੇ 'ਚ ਮੁਲਤਾਨ ਵਾਲੇ ਦਿਲ ਛੱਡ ਗਏ। ਟੱਕਰ ਹੋਈ ਪਰ ਨਿਹੰਗ ਬਹੁਤ ਸਖ਼ਤ ਜਾਨ ਸਨ।

ਉਹਨਾਂ ਆਹੂ ਲਾਹ ਸੁੱਟੇ। ਫ਼ੌਜ ਦਾਅ ਲਾਅ ਕੇ ਨੱਸਣ ਲੱਗ ਪਈ।

ਮੁਕਾਬਲਾ ਦੀਵਾਨ ਕੌੜਾ ਮੱਲ ਦਾ ਸੀ ਤੇ ਸਾਹਮਣੇ ਸ਼ਾਹ ਨਵਾਜ਼ ਖਾਂ ਸੀ। ਖੂਬ ਤਲਵਾਰ ਚੱਲੀ। ਸ਼ਾਹ ਨਵਾਜ਼ ਖਾਂ ਨੇ ਦੀਵਾਨ ਕੌੜਾ ਮੱਲ ਨੂੰ ਘੇਰ ਲਿਆ ਤੇ ਉਹਦੀ ਤਲਵਾਰ ਦੇ ਦੋ ਟੋਟੇ ਕਰ ਦਿੱਤੇ। ਚਲ ਬੱਚੂ ਹੁਣ ਕਿੱਧਰ ਚਲਦਾ ਏਂ। ਇਹ ਮੈਦਾਨ-ਏ-ਜੰਗ ਏ, ਬਾਣੀਏ ਦੀ ਦੁਕਾਨ ਨਹੀਂ। ਅਸੀ ਤਲਵਾਰਾਂ ਦੀ ਛਾਂ ਥੱਲੇ ਪਲੇ ਹਾਂ, ਤੱਕੜੀ ਨਹੀਂ ਤੋਲੀ, ਤਲਵਾਰ ਚਲਾਈ ਏ।

ਜਦ ਦੀਵਾਨ ਕੌੜਾ ਮੱਲ ਜ਼ਖ਼ਮੀ ਹੋਇਆ ਵੇਖਿਆ ਨਿਹੰਗ ਬਾਬਿਆਂ ਨੇ ਤਾਂ ਝੱਟ ਪੈਂਤੜਾ ਬਦਲਿਆ। ਬੰਦੂਕ ਸਿੱਧੀ ਕਰ ਦਿੱਤੀ। ਇਕ ਵਾਰ ਦਾਗ਼ੀ ਬੰਦੂਕ ਸ਼ਾਹ ਨਵਾਜ਼ ਖਾਂ ਦਾ ਫੱਕਾ ਵੱਜ ਗਿਆ। ਘੋੜੇ ਤੋਂ ਠਾਹ ਕਰਕੇ ਜ਼ਮੀਨ ਤੇ ਡਿੱਗਾ ਤੇ ਨਾਲੇ ਈ ਪ੍ਰਾਣ ਤਿਆਗ ਦਿੱਤੇ।

ਭੀਮ ਸਿੰਘ ਨੇ ਇਕ ਵਾਰ ਵਿਚ ਈ ਦਮ ਤੋੜਦੇ ਸ਼ਾਹ ਨਵਾਜ਼ ਦੀ ਗਰਦਨ ਲਾਹ ਸੁੱਟੀ। ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ।

ਜੱਸਾ ਸਿੰਘ ਆਹਲੂਵਾਲੀਆ ਬਹਾਦਰਾਂ ਦੀ ਕਦਰ ਕਰਨਾ ਜਾਣਦਾ ਸੀ। ਉਸ ਕੜਿਆਂ ਦੀ ਜੋੜੀ ਤੇ ਜੜਾਊ ਸਾਜ਼ ਨਾਲ ਸ਼ਿੰਗਾਰੇ ਘੋੜੇ ਤੇ ਇਕ ਤਲਵਾਰ ਇਨਾਮ ਵਜੋਂ ਦਿੱਤੀ ਭੀਮ ਸਿੰਘ ਨੂੰ।

ਦੀਵਾਨ ਕੌੜਾ ਮੱਲ। ਲਾਸ਼ਾਂ ਦੇ ਢੇਰ ਵਿਚੋਂ ਕੁਝ ਲਾਸ਼ਾਂ ਲੱਭੀਆਂ, ਨਾਮੀ-ਗਰਾਮੀ ਬਹਾਦਰਾਂ ਦੀਆਂ। ਸ਼ਾਹ ਨਵਾਜ਼ ਦੀ ਲਾਸ਼ ਨੂੰ ਸ਼ਾਹੀ ਸਨਮਾਨ ਨਾਲ ਦਫ਼ਨਾਇਆ ਗਿਆ। ਮੁਲਤਾਨ ਦੀ ਫ਼ਤਿਹ ਸੀ। ਨਿਹੰਗਾਂ ਦੀ ਫ਼ਤਿਹ ਸੀ, ਰੰਗਰੇਟਿਆਂ ਦੀ ਫ਼ਤਿਹ ਸੀ।

ਕਲਗੀ ਉੱਚੀ ਹੋਈ ਜੱਸਾ ਸਿੰਘ ਆਹਲੂਵਾਲੀਏ ਦੀ।

27

ਅਰਦਾਸ ਕਰਾਈ

ਮੀਰ ਮਨੂੰ ਨੇ ਮੁਲਤਾਨ ਦੀ ਜਿੱਤ ਦਾ ਜਸ਼ਨ ਮਨਾਇਆ। ਨਵਾਬ ਕੌੜਾ ਮੱਲ ਨੂੰ ਤੇ ਐਵੇਂ ਝਰੀਟਾਂ ਹੀ ਲੱਗੀਆਂ ਸਨ। ਏਸ ਤਰ੍ਹਾਂ ਲਾਸ਼ਾਂ ਵਿਚੋਂ ਨਿਕਲ ਆਇਆ ਜਿਸ ਤਰ੍ਹਾਂ ਚੌਮਾਸੇ ਦੇ ਦਿਨਾਂ 'ਚ ਖੁੰਬ ਨਿਕਲਦੀ ਏ। ਮੀਰ ਮਨੂੰ ਨੇ ਮਹਾਰਾਜਾ ਬਹਾਦਰ ਦਾ ਖ਼ਿਤਾਬ ਦਿੱਤਾ ਤੇ ਨਾਲੇ ਸੂਬੇਦਾਰੀ ਵੀ ਦਿੱਤੀ ਮੁਲਤਾਨ ਦੀ। ਏਨੇ ਨਾਲ ਈ ਜੈ-ਜੈਕਾਰ ਹੋ ਗਈ।

ਦਲ ਵਾਲਿਆਂ ਲਈ ਫੇਰ ਜਾਗੀਰ 'ਚ ਵਾਧਾ ਕੀਤਾ ਪਰ ਦਿਲੋਂ ਬੇਈਮਾਨ ਸੀ ਮੀਰ ਮਨੂੰ। ਉਸ ਆਪਣਾ ਵਕਤ ਕੱਢ ਲਿਆ। ਵਕਤ ਨਿਕਲ ਗਿਆ, ਫੇਰ ਤੂੰ ਕੌਣ ਤੇ ਮੈਂ ਕੌਣ।

ਦਲ ਵਾਲਿਆਂ ਨੇ ਈਨ ਨਾ ਮੰਨੀ। ਮੀਰ ਮਨੂੰ ਨੇ ਸਮਝਿਆ ਸੀ ਕਿ ਖ਼ਾਲਸਾ ਹੁਣ ਮਤੀਹ ਹੋ ਗਿਐ। ਸਾਡੇ ਖ਼ੈਰਾਤ ਦੇ ਟੁੱਕੜਿਆਂ ਤੇ ਉਹਦੀ ਨਜ਼ਰ ਟਿੱਕ ਗਈ

ਏ। ਪਰ ਇਹ ਗ਼ਲਤ ਸੀ। ਖ਼ਾਲਸਾ ਦਲ ਵਾਲੇ ਉਹਦੀ ਦੌਲਤ ਤੇ ਜੁੱਤੀ ਵੀ ਨਹੀਂ ਸਨ ਮਾਰਦੇ। ਮੀਰ ਮਨੂੰ ਜ਼ੁਬਾਨ ਦਾ ਬੜਾ ਕੱਚਾ ਸੀ। ਜ਼ਬਾਨ ਤੋਂ ਫਿਰ ਜਾਣਾ ਉਹਦੇ ਖੱਬੇ ਹੱਥ ਦਾ ਕਸਬ ਸੀ। ਜ਼ਬਾਨ ਕੀ ਹੁੰਦੀ ਏ ਉਹਦਾ ਉਹ ਮੁੱਲ ਨਹੀਂ ਸੀ ਜਾਣਦਾ।

ਭਰਾ ਮਰ ਗਿਐ, ਮੁਲਤਾਨ ਦੀ ਜਾਗੀਰ ਮਿਲ ਗਈ ਏ, ਹੁਣ ਦਲ ਦੀ ਕੀ ਲੋੜ ਏ ? ਦੀਵਾਨ ਕੌੜਾ ਮੱਲ ਸਾਡਾ ਨੌਕਰ ਏ। ਸਾਡੀ ਈ ਬੋਲੀ ਬੋਲੇਗਾ। ਨਿਹੰਗ ਸਾਡੇ ਕੀ ਲਗਦੇ ਹਨ। ਇਹ ਦਲ ਵਾਲੇ ਕਿਹੜੇ ਖ਼ੇਤ ਦੀ ਮੂਲੀ ਹਨ ? ਅਸਾਂ ਟੁੱਕਰ ਪਾਇਐ, ਸਾਡਾ ਕੰਮ ਨਿਕਲ ਗਿਐ। ਫੇਰ ਕਤਲ, ਫੇਰ ਫੜੋਫੜੀ, ਫੇਰ ਘਰ ਫੂੱਕੇ। ਸਿੰਘਾਂ ਦਾ ਜਿਊਣਾ ਹਰਾਮ ਕਰ ਦਿੱਤਾ। ਮੀਰ ਮਨੂੰ ਨੂੰ ਆਪਣੀ ਮੌਤ ਯਾਦ ਨਾ ਰਹੀ।

ਦੀਵਾਨ ਕੌੜਾ ਮੱਲ ਨੇ ਸਿੰਘਾਂ ਨਾਲ ਗੰਢ ਚਿਤਰਾਵਾ ਕਰ ਲਿਆ ਸੀ। ਸਿੰਘ ਬਰਦਾਸ਼ਤ ਨਹੀਂ ਸਨ ਕਰਦੇ ਬੇ-ਅਦਬੀ, ਗੁਰਧਾਮਾਂ, ਗੁਰਦਵਾਰਿਆਂ ਤੇ ਧਰਮ ਅਸਥਾਨਾਂ ਦੀ।

ਦਲ ਵਾਲੇ ਤੇ ਸਾਰੇ ਪੰਜਾਬ ਵਾਲੇ ਦੀਵਾਨ ਕੌੜਾ ਮੱਲ ਨੂੰ ਮਿੱਠਾ ਮੱਲ ਆਖ ਕੇ ਸਤਕਾਰਿਆ ਕਰਦੇ ਸਨ।

ਦੀਵਾਨ ਨੇ ਪਹਿਲਾ ਕੰਮ ਇਹ ਕੀਤਾ ਕਿ ਦਲ ਦਾ ਪਾਈ-ਪਾਈ ਦਾ ਹਿਸਾਬ ਚੁਕਾਇਆ। ਨਵਾਬ ਭਾਵੇਂ ਬੇਈਮਾਨ ਹੋ ਗਿਆ ਸੀ ਤੇ ਦਬੀ ਜ਼ਬਾਨ 'ਚ ਕਹਿ ਰਿਹਾ ਸੀ, ਇਨ੍ਹਾਂ ਕਾਫ਼ਰਾਂ ਨੂੰ ਝਟਕਾ ਦਿਓ ਪਰ ਦੀਵਾਨ ਕੌੜਾ ਮੱਲ ਨੇ ਇਹ ਨੌਬਤ ਆਉਣ ਨਾ ਦਿੱਤੀ।

ਨਿਹੰਗ ਸਿੰਘਾਂ ਲਈ ਸਰਦਾਈ, ਬਦਾਮ ਤੇ ਕੜਾਹ ਪ੍ਰਸ਼ਾਦ ਦੇ ਗੱਫੇ ਤੇ ਉਹਦਾ ਖ਼ਰਚ ਸ਼ਾਹੀ ਖ਼ਜ਼ਾਨੇ ਵਿਚੋਂ ਹੁੰਦਾ ਸੀ। ਜਦ ਕਦੀ ਨਿਹੰਗ ਪਾਤਸ਼ਾਹ ਲੋਰ ਵਿਚ ਆ ਜਾਂਦਾ ਤਾਂ ਆਖਦਾ, ਕੌਣ ਕਹਿੰਦਾ ਏ ਦੀਵਾਨ ਕੌੜਾ ਮੱਲ ਏ, ਉਹ ਤਾਂ ਸਾਡਾ ਮਿੱਠਾ ਮੱਲ ਏ।

ਜਦ ਤਕ ਦੀਵਾਨ ਜਿਊਂਦਾ ਰਿਹਾ, ਖ਼ਾਲਸੇ ਦਾ ਕਦੀ ਵਾਲ ਵਿੰਗਾ ਨਹੀਂ ਸੀ ਹੋਇਆ। ਉਹ ਡੰਡੇ ਦੇ ਜ਼ੋਰ ਨਾਲ ਤੇ ਆਪਣੀ ਅਕਲ ਦੇ ਸਦਕੇ ਸਿੰਘਾਂ ਦੇ ਹਰ ਕੰਮ ਪੂਰੇ ਕਰਦਾ ਰਿਹਾ।

ਓਸ ਇਕ ਦਿਨ ਮੀਰ ਨੂੰ ਆਖਿਆ "ਜੇ ਦਿੱਲੀ 'ਚ ਰਾਜ ਕਰਨੈ ਤਾਂ ਨਿਹੰਗ ਬਾਬਿਆਂ ਨੂੰ ਕੜਾਹ ਪ੍ਰਸ਼ਾਦ ਤੇ ਰਸਦ ਪਾਣੀ ਨਾਲ ਜੀਅ ਭਰਕੇ ਗੱਫੇ ਦੇ। ਇਹ ਤੈਨੂੰ ਦਿੱਲੀ ਦੇ ਤਖ਼ਤ ਤੇ ਬਿਠਾ ਦੇਣਗੇ। ਇਹ ਬਹੁਤ ਨੇਕ ਹਨ। ਜ਼ਬਾਨ ਦੇ ਪੱਕੇ ਹਨ। ਜੇ ਇਹਨਾਂ ਇਕ ਵਾਰ ਹਾਂ ਕਰ ਦਿੱਤੀ, ਤੇਰੀਆਂ ਪੌ ਬਾਰਾਂ ਹਨ। ਨਵਾਬ ਇਕ ਵਾਰ ਅਜ਼ਮਾ ਕੇ ਵੇਖ, ਇਹ ਦੇਵਤੇ ਹਨ, ਨਿਹੰਗ ਨਹੀਂ।

"ਤੁਸੀ ਜ਼ਬਾਨੋਂ ਫਿਰੇ ਤੇ ਇਨ੍ਹਾਂ ਅੱਖਾਂ ਫੇਰੀਆਂ। ਫੇਰ ਕੀ ਸੀ ਤੂੰ ਕੌਣ ਤੇ ਮੈਂ ਕੌਣ ? ਅਜੇ ਵਕਤ ਈ ਇਨ੍ਹਾਂ ਨਾਲ ਬਣਾ ਕੇ ਰੱਖ, ਕੱਲ ਫੇਰ ਅਹਿਮਦ ਸ਼ਾਹ ਅਬਦਾਲੀ ਨੇ ਆਉਣਾ ਏ। ਆ ਰਿਹੈ ਤੂੰ ਘਰਾਨੇ ਦੀ ਚਿੱਠੀ ਲਿਖ ਭੇਜੀ ਏ। ਇਹਦੇ ਨਾਲ ਦੋਸਤੀ ਥੋੜ੍ਹੀ ਪੱਕੀ ਹੋ ਗਈ ਏ। ਉਹ ਤਾਂ ਦੌਲਤ ਦਾ ਭੁੱਖਾ ਏ। ਉਹਦੇ ਲਈ ਦੋਸਤੀ ਕੋਈ ਚੀਜ਼ ਨਹੀਂ। ਅਜੇ ਉਹਨੂੰ ਗਰਜ਼ ਏ। ਵਕਤ ਲੰਘ ਗਿਆ, ਫੇਰ ਤੇਰੀਆਂ ਰਗਾਂ ਵਿਚ ਅੰਗੂਠਾ ਦਿੱਤਾ ਕਿ ਦਿੱਤਾ। ਇਨ੍ਹਾਂ ਸਿੰਘਾਂ ਨਾਲ ਦਸਤਪੰਜਾ ਮਿਲਾ ਕੇ ਰੱਖ। ਇਹ ਦੋਸਤ ਹਨ, ਸੱਚੇ ਮਿੱਤਰ ਹਨ, ਧਰਮੀ ਹਨ।"

ਪਰ ਚੂੰਕਣਾ ਦੇਣ ਵਾਲੇ ਮੀਰ ਮਨੂੰ ਨੂੰ ਕਦ ਆਰਾਮ ਦੀ ਨੀਂਦ ਸੌਣ ਦੇਂਦੇ ਸਨ।

—ਇਨ੍ਹਾਂ ਕਾਫ਼ਰਾਂ ਨੇ ਖ਼ਿਦਮਤ ਕੀ ਕਰਨੀ ਏ, ਇਹ ਤੇ ਸਾਡੇ ਦੁਸ਼ਮਨ ਹਨ, ਜ਼ਾਲਮ ਹਨ। ਇਨ੍ਹਾਂ ਦਾ ਅਜੇ ਦਾਅ ਨਹੀਂ ਲੱਗਾ। ਇਹ ਤੇ ਹੱਥ ਨੂੰ ਹੱਥ ਏ। ਤੁਸੀਂ ਨਿਹੰਗਾਂ ਦੀਆਂ ਲੋੜਾਂ ਪੂਰੀਆਂ ਕਰੋ ਤੇ ਇਹ ਤੁਹਾਡੇ ਪਸੀਨੇ ਤੇ ਲਹੂ ਡੋਲ੍ਹਣਗੇ।

ਅੱਖਾਂ ਫੇਰ ਰਿਹਾ ਸੀ ਮੀਰ ਮਨੂੰ।

ਦਲ ਵਾਲਿਆਂ ਦੇ ਕੁਝ ਮੁੰਡੇ ਤਰਨਾ ਦਲ ਵਿਚੋਂ ਸਨ ਜੋ ਆਖ ਰਹੇ ਸਨ—ਇਹ ਸੱਪ ਹਨ। ਇਹਨਾਂ ਸਾਡੀ ਮਦਦ ਨਹੀਂ ਕਰਨੀ, ਸਾਨੂੰ ਚੱਟੀ ਪਈ ਏ ਅਸੀਂ ਮਦਦ ਕਰੀਏ। ਦੋਵੇਂ ਭਰਾ ਲੜ ਲੜ ਕੇ ਮਰ ਜਾਂਦੇ ਤਾਂ ਦਲ ਵਾਲਿਆਂ ਨੂੰ ਚਾਹੀਦਾ ਸੀ ਕਿ ਉਦੋਂ ਹਮਲਾ ਕਰਕੇ ਦੋਵਾਂ ਦੀਆਂ ਧੌਣਾਂ ਲਾਹ ਸੁਟਦੇ। ਘੋੜੇ ਖੋਹ ਲੈਂਦੇ, ਦੌਲਤ ਲੁੱਟ ਲੈਂਦੇ। ਇਹੋ ਚੰਗਾ ਸੀ। ਮੀਰ ਮਨੂੰ ਕਿਧਰ ਦਾ ਚੰਗਾ ਏ। ਗਿਣਤੀ-ਮਿਣਤੀ ਦਾ ਰਾਸ਼ਨ, ਜਿਹੜਾ ਸਾਰਿਆਂ ਦੀ ਨਜ਼ਰਾਂ ਵਿਚੋਂ ਨਿਕਲ ਕੇ ਆਂਦਾ ਏ। ਉਹ ਦੇ ਕੇ ਉਹ ਸਮਝ ਲਿਆ ਏ ਕਿ ਮੈਂ ਬੁੱਢੇ ਦਲ ਨੂੰ ਖਰੀਦ ਲਿਐ।

ਮੀਰ ਮਨੂੰ ਕਸਾਈ ਏ। ਓਸ ਆਪਣਾ ਪੇਸ਼ਾ ਨਹੀਂ ਛੱਡਣਾ।

ਨਿਹੰਗਾਂ ਨੂੰ ਫੇਰ ਇਹਨਾਂ ਹੀ ਕਤਲ ਕਰ ਦੇਣੈ। ਇਹਨਾਂ ਈ ਸਿੰਘਾਂ ਦੀ ਜੜ੍ਹ ਕੱਟਣੀ ਏ। ਚਲੋ ਜੋ ਹੋਇਆ ਸੋ ਹੋਇਆ, ਅੱਗੇ ਦੀ ਸੋਚੋ।

ਕੌੜਾ ਮੱਲ ਨੇ ਇਕ ਹੋਰ ਕੰਮ ਇਹ ਕੀਤਾ ਕਿ ਇਕ ਲੱਖ ਰੁਪਈਆ ਹਰਿਮੰਦਰ ਸਾਹਿਬ ਤੋਂ ਮਿੱਟੀ ਹਟਾਉਣ ਦਾ ਦਿੱਤਾ। ਸਰੋਵਰ ਪੂਰਿਆ ਹੋਇਆ ਸੀ। ਸਾਫ਼ ਕਰਕੇ ਸਰੋਵਰ ਨੂੰ ਸਰੋਵਰ ਬਣਾਇਆ ਜਾਏ।

ਕੀ ਪਤਾ ਸੀ ਕਿ ਅਹਿਮਦ ਸ਼ਾਹ ਅਬਦਾਲੀ ਫੇਰ ਸਰੋਵਰ ਭਰਾ ਦੇਵੇਗਾ।

ਹੁਣ ਉਹ ਮਾਂ ਮਰ ਗਈ, ਜਿਹੜੀ ਦਹੀਂ ਨਾਲ ਟੁੱਕ ਦੇਂਦੀ ਸੀ। ਕਈਆਂ ਵਰ੍ਹਿਆਂ ਪਿੱਛੋਂ ਅੰਮ੍ਰਿਤਸਰ ਵਿਚ ਲੋਕਾਂ ਨੇ ਦੀਪਮਾਲਾ ਵੇਖੀ ਸੀ। ਨਨਕਾਣਾ ਸਾਹਿਬ ਦੀ ਮੁਰੰਮਤ ਵਾਸਤੇ ਮਾਇਆ ਦੇ ਗੱਫੇ ਦੇ ਕੇ ਤੋਰਿਆ ਕੌੜਾ ਮੱਲ ਨੇ। ਤਿੰਨ ਲੱਖ ਦਾ ਖ਼ਰਚ ਕਰ ਲਵੋ। ਗੁਰੂ ਅਸਥਾਨ ਦੇ ਮਹੱਲ ਬਣਾਓ। ਫੇਰ ਵੀ ਜੇ ਕੁਝ ਘਟੇਗਾ, ਹੋਰ ਦੇਵਾਂਗਾ।

ਹਾਥੀ ਬੰਨ੍ਹ ਕੇ ਰੱਖੇ ਸਨ। ਨਿਹੰਗ ਕਈ ਮਹੀਨੇ ਮਾਇਆ ਦੇ ਗੱਫੇ ਖ਼ਜ਼ਾਨੇ ਵਿਚੋਂ ਲਾਉਂਦੇ ਰਹੇ ਤੇ ਨੁਕਲ ਪਾਣੀ ਚਲਦਾ ਰਿਹਾ।

ਕੌੜਾ ਮੱਲ ਦੀਵਾਨ ਸਾਰੇ ਪੰਜਾਬ ਦਾ ਮਿੱਠਾ ਮੱਲ ਸੀ। ਨਿਹੰਗ ਅੱਜ ਵੀ ਮਿੱਠਾ ਮੱਲ ਨੂੰ ਯਾਦ ਕਰਦੇ ਹਨ।

ਮੀਰ ਮਨੂੰ ਅੱਤ ਚੁੱਕੀ ਸੀ। ਕੁੱਤੇ ਦੀ ਮੌਤ ਮੋਇਆ। ਕੌੜਾ ਮੱਲ ਦੀਵਾਨ ਦੇ ਸਿਰ ਸਦਕੇ ਮੁਲਤਾਨ ਦਾ ਕਿਲਾ ਫ਼ਤਿਹ ਹੋਇਆ। ਦੀਵਾਨ ਦੀ ਬਹਾਦਰੀ ਨੇ ਸ਼ਾਹ ਨਵਾਜ਼ ਦੀ ਗਰਦਨ ਨੇਜ਼ੇ ਤੇ ਰੱਖ ਕੇ ਸਾਰਿਆਂ ਨੂੰ ਵਿਖਾਈ। ਸਾਰੇ ਮੁਲਤਾਨ ਨੇ ਵੇਖੀ।

ਇਕ ਕੜਿਆਂ ਦੀ ਜੋੜੀ ਮੁੱਲ ਪਾਇਆ ਵਿਚਾਰੇ ਭੀਮ ਸਿੰਘ ਦਾ।

ਸਿੰਘ ਪੰਜਾਬ 'ਚ ਘੁੰਮ ਰਹੇ ਸਨ। ਇਹ ਸਖ਼ਾਵਤ ਸਿਰਫ਼ ਦੀਵਾਨ, ਕੌੜਾ ਮੱਲ ਦੀ ਸੀ।

ਨਿਹੰਗਾਂ ਦੀਆਂ ਛੋਟਾਂ, ਹੁੱਕਾ ਪੀਣ ਦੀ ਤਨਖ਼ਾਹ ਸਿਰਫ਼ ਪੰਜ ਰੁਪਈਏ। ਰੋਜ਼ ਕੋਈ

ਲੱਖਾਂ ਨਹੀ, ਹਜ਼ਾਰਾਂ ਨਹੀਂ। ਨਿਹੰਗ ਜਿਹਦੇ ਤੇ ਦਿਆਲੂ ਹੋ ਗਏ, ਹੋ ਗਏ। ਆਪ ਵੀ ਤਰ ਗਏ ਤੇ ਲੋਕਾਂ ਨੂੰ ਵੀ ਤਾਰ ਦਿੱਤਾ। ਨਿਹੰਗ ਪਾਤਸ਼ਾਹ ਹਨ।

28

ਵਿਚਾਰਾਂ

ਪਹਿਲਾਂ ਸਰੋਵਰ ਪਿਓ ਨੇ ਪੂਰਿਆ ਤੇ ਫੇਰ ਪੁੱਤ ਨੇ ਪੂਰਿਆ। ਨਿਹੰਗ ਵਿਚਾਰੇ ਸਰੋਵਰ ਸਾਫ਼ ਕਰਨ ਤੇ ਈ ਲੱਗੇ ਰਹੇ। ਪਿਓ ਨਾਲੋਂ ਪੁੱਤ ਜ਼ਿਆਦਾ ਸਖ਼ਤ ਸੀ ਤੇ ਜ਼ਾਲਮ ਸੀ। ਓਸ ਨੇ ਨਿਹੰਗਾਂ ਦੇ ਹੱਥ ਨਹੀਂ ਸਨ ਵੇਖੇ। ਸਰੋਵਰ ਪੂਰ ਕੇ ਉਹ ਸਮਝਣ ਲੱਗ ਪਿਆ ਸੀ ਕਿ ਮੈਂ ਆਬੇ-ਹਯਾਤ ਦਾ ਸੋਮਾ ਬੰਦ ਕਰ ਦਿੱਤੈ। ਨਾ ਹੁਣ ਇਹ ਚੁੱਭੇ ਲਾਉਣਗੇ ਨਾ ਸਿਰ ਚੁੱਕਣਗੇ।

ਤੈਮੂਰ ਸ਼ਾਹ ਨਿਹੰਗਾਂ ਵਲੋਂ ਬੇ-ਫ਼ਿਕਰ ਹੋ ਰਿਹਾ ਸੀ। ਭੋਲੇ ਬਾਦਸ਼ਾਹ ਨਿਹੰਗਾਂ ਤੇ ਗੁਰੂ ਦੀਆਂ ਬੜੀਆਂ ਬਖ਼ਸ਼ਿਸ਼ਾਂ ਸਨ। ਉਹ ਬੇਫ਼ਿਕਰ ਹੋ ਗਿਆ ਸੀ। ਸਿੰਘ ਮਰ ਖਪ ਗਏ ਹਨ। ਅੱਬਾ ਜਾਨ ਹੁਣ ਜਦ ਆਉਣਗੇ, ਸਿੰਘਾਂ ਦਾ ਖੁਰਾ ਖੋਜ ਨਹੀਂ ਲਭਣ ਲੱਗਾ।

ਉਹ ਅਜੇ ਸੋਚ ਈ ਰਿਹਾ ਸੀ ਕਿ ਸਿੰਘਾਂ ਨੇ ਲਾਹੌਰ ਵੱਲ ਜਾਂਦਾ ਖ਼ਜ਼ਾਨਾ ਲੁੱਟ ਲਿਆ। ਖ਼ਬਰ ਪੁੱਜੀ ਤੇ ਆਖਣ ਲੱਗਾ, ਖ਼ਜ਼ਾਨਾ ਕਿਸ ਲੁੱਟਿਐ ? ਕੌਣ ਏ ਉਹ ਜਿਸ ਮੌਤ ਨੂੰ ਵਾਜ਼ ਮਾਰੀ ਏ ?

ਨਿਹੰਗਾਂ ਨੇ ਉਹਨਾਂ ਨੂੰ ਲਲਕਾਰ ਕੇ ਖ਼ਜ਼ਾਨਾ ਲੁੱਟਿਐ। ਉਹਨਾਂ ਭਾਈਵਾਲੀ ਵੰਡੀ ਏ। ਜਾਓ ਆਖ ਦਿਓ ਨਿਹੰਗਾਂ ਨੇ ਲੁੱਟਿਆ ਏ ਖ਼ਜ਼ਾਨਾ। ਜਿਸ ਆਪਣੀ ਮਾਂ ਦਾ ਦੁੱਧ ਪੀਤੈ, ਸਾਥੋਂ ਖੋਹ ਲਵੇ।

ਖ਼ਾਲਸਾ ਹਰਨ ਹੋ ਚੁੱਕਾ ਸੀ। ਤੈਮੂਰ ਸ਼ਾਹ ਸੋਚ ਰਿਹਾ ਸੀ—ਇਹ ਬੰਦੇ ਹਨ ਕਿ ਫ਼ਰਿਸ਼ਤੇ। ਇਹ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਨ ਵਾਲੇ ਸਾਡੀ ਨਮਾਜ਼ ਨੂੰ ਬੁੱਕਲ 'ਚ ਲੁਕੋ ਕੇ ਨਾਲ ਲੈ ਗਏ ਸਨ। ਸਾਡੇ ਖ਼ੁਦਾ ਤੋਂ ਇਹਨਾਂ ਦਾ ਗੁਰੂ ਤਾਕਤਵਰ ਏ।

ਇਹ ਨਹੀਂ ਮੁੱਕਣ ਲੱਗੇ। ਇਹਨਾਂ ਦਾ ਇਕੋ ਨਾਅਰੈ ਪੰਜਾਬ ਸਾਡੈ, ਸਾਨੂੰ ਦੇ ਦਿਓ ਵਰਨਾ ਅਸੀਂ ਤਲਵਾਰ ਦੇ ਜ਼ੋਰ ਨਾਲ ਖੋਹ ਲੈਣੈ। ਇਹ ਮਰਹੱਟੇ ਨਹੀਂ, ਜਿਹੜੇ ਇਕ ਵਾਰ ਸਿਰ ਭਨਾਅ ਕੇ ਨੌ-ਦੋ-ਗਿਆਰਾਂ ਹੋ ਗਏ। ਇਕ ਲੱਖ ਰੰਡੀਆਂ ਹੋ ਗਈਆਂ ਸੁਹਾਗਣਾਂ। ਅਸਾਂ ਤੇ ਅਬਦਾਲੀ ਦੀਆਂ ਰੰਨਾਂ ਨੂੰ ਰੰਡੀਆਂ ਕਰਨੈ। ਇਕ ਵਾਰ ਹਾਹਾਕਾਰ ਮਚਾਉਣੀ ਏ। ਸਾਡੀ ਤੇ ਕੋਈ ਰੰਨ ਨਹੀਂ ਕੰਨ ਨਹੀਂ। ਅਸੀਂ ਅਬਦਾਲੀ ਨੂੰ ਵਾਰ-ਵਾਰ ਲੁੱਟਣੈ। ਇਹ ਸਾਡਾ ਅਕੀਦਾ ਏ। ਅਸਾਂ ਨਿਹੰਗਾਂ ਨੇ ਕਸਮਾਂ ਖਾਧੀਆਂ ਹੋਈਆਂ ਨੇ।

ਸਾਨੂੰ ਗ਼ਲਤ ਇਤਲਾਹਾਂ ਦਿੱਤੀਆਂ ਜਾਂਦੀਆਂ ਹਨ।

ਸਿੰਘਾਂ ਨਾਲ ਦੋਸਤੀ ਕਿਉਂ ਨਹੀਂ ਪਾ ਲੈਂਦੇ। ਵੰਡ ਕੇ ਖਾਓ, ਇਹ ਸ਼ਰਤ ਅੱਬਾ ਜਾਨ ਨੇ ਮੰਨਣੀ ਨਹੀਂ ਪਰ ਅਸੂਲਨ ਤੇ ਹਿੱਸਾ ਦੇਣਾ ਚਾਹੀਦੈ।

ਚੋਰਾਂ ਦਾ ਮਾਲ ਤੇ ਲਾਠੀਆਂ ਦੇ ਗਜ਼।

ਮਾਲ-ਏ ਮੁਫ਼ਤ ਦਿਲੇ ਬੇ-ਰਹਿਮ।

ਮੁਗ਼ਲਾਂ ਨੂੰ ਤੁਸੀਂ ਲੁੱਟੋ, ਅਸੀਂ ਤੁਹਾਨੂੰ ਲੁੱਟਾਂਗੇ। ਸਾਨੂੰ ਵੀ ਢਿੱਡ ਲੱਗਾ ਹੋਇਐ।

ਹੁਣ ਤੈਮੂਰ ਸ਼ਾਹ ਨੂੰ ਨਿਹੰਗਾਂ ਦੀ ਤਾਕਤ ਦਾ ਇਲਮ ਹੋ ਚੁਕਾ ਸੀ।

ਅਹਿਮਦ ਸ਼ਾਹ ਅਬਦਾਲੀ ਦੇ ਹੱਥ ਵਿਚ ਤਲਵਾਰ ਸੀ। ਉਹ ਬਥੇਰੇ ਸ਼ਮਸ਼ੀਰ ਹਵੇਲੀਆਂ, ਮਹਿਲ, ਬਾਰਾਂਦਰੀਆਂ ਦੇ ਦਰਵਾਜ਼ੇ ਭੰਨਣ ਦਾ ਆਦੀ ਹੋ ਚੁਕਾ ਸੀ। ਦੌਲਤ ਵੀ ਸਾਡੀ ਏ ਤੇ ਖ਼ੂਬਸੂਰਤ ਰੰਨਾਂ ਵੀ ਸਾਡੇ ਲਈ। ਇਹ ਜਵਾਨ ਕਰਦੇ ਹਨ, ਆਪਣੀਆਂ ਜਵਾਨ ਜਹਾਨ ਕੁੜੀਆਂ ਵਛੇਰੀਆਂ। ਇਹ ਸਾਡੇ ਲਈ ਈ ਹਨ। ਇਹਨਾਂ ਮੁਗ਼ਲਾਂ ਨੇ ਇਨ੍ਹਾਂ ਦੀ ਕਦਰ ਨਹੀਂ ਪਾਈ। ਪੰਜਾਬ ਏਨਾਂ ਜਰਖ਼ੇਜ਼ ਇਲਾਕਾ ਏ, ਇਨ੍ਹਾਂ ਆਪਣੇ ਹੱਥ ਵਿਚ ਨਹੀਂ ਰੱਖਿਆ। ਇਹ ਵਛੇਰੀਆਂ ਪੱਥਰਾਂ ਦੀਆਂ ਝੌਂਪੜੀਆਂ ਵਿਚ ਹੱਡ ਰੋਲਦੀਆਂ ਨੇ। ਇਹ ਕਮਖ਼ਾਬ ਦੇ ਬਿਸਤਰਿਆਂ ਤੇ ਸੌਣ। ਸਾਡੇ ਭਾਗਾਂ ਵਿਚ ਨਾ ਸ਼ੀਸ਼ ਮਹਲ ਤੇ ਨਾ ਹਵੇਲੀਆਂ। ਅਸਾਂ ਨੇ ਅਫ਼ਗਾਨਿਸਤਾਨ ਨੂੰ ਦਿੱਲੀ ਬਣਾਉਣਾ ਏ।

ਹਿੱਸਾ ਦੇ ਕੇ ਲੰਘ ਜਾਓ। ਦੌਲਤ ਤੁਹਾਡੀ, ਪਰ ਜੇ ਤੁਸਾਂ ਸੁੱਕੀ ਕੌਡੀ ਵੀ ਸਿੱਖਾਂ ਨੂੰ ਨਹੀਂ ਦੇਣੀ ਤਾਂ ਫੇਰ ਸਿੰਘਾਂ ਨੇ ਲੁੱਟਣਾ ਈ ਏ। ਫੜ ਤੁਸੀਂ ਨਹੀਂ ਸਕਦੇ, ਡਾਹ ਅਸਾਂ ਨਹੀਂ ਦੇਣੀ।

ਇਹ ਬੜੇ ਪੱਥਰ ਜਾਨ ਹਨ। ਲੋਹੇ ਦੇ ਬੰਦੇ ਹਨ। ਤੋਬਾ-ਤੋਬਾ ਇਹਨਾਂ ਦੀ ਜਵਾਂਮਰਦੀ ਨੂੰ ਸਲਾਮ।

ਅੱਬਾ ਜਾਨ ਨਿਹੰਗਾਂ ਨੂੰ ਨੱਥ ਪਾ ਨਹੀਂ ਸਕਿਆ। ਤਲਵਾਰਾਂ ਤੋਂ ਇਹ ਡਰਨ ਨਾ। ਸਿਰਫ਼ ਇਕੋ ਈ ਰਾਹ ਏ ਸੁਲਹਾ, ਦੋਸਤੀ। ਇਹ ਆਰਾਮ ਦੀ ਜ਼ਿੰਦਗੀ ਕੱਟਣ ਤੇ ਆਰਾਮ ਤਲਬ ਹੋ ਜਾਣ ਤੇ ਫੇਰ ਇਹ ਆਪਸ 'ਚ ਲੜਨਗੇ। ਤਾਕਤ ਕਮਜ਼ੋਰ ਹੋ ਜਾਏਗੀ। ਇਹਨਾਂ ਨੂੰ ਟੁੱਕ ਪਾਓ। ਹੁਣ ਸਿਰਫ਼ ਪੰਜਾਬ ਈ ਅੜਦੈ। ਬਾਕੀ ਤੇ ਦਿੱਲੀ ਵਾਲੇ ਸਾਊ ਗਊਆਂ ਹਨ, ਛੜ ਨਹੀਂ ਮਾਰਦੀਆਂ। ਥਾਪੀ ਦਿਓ ਤੇ ਦੁੱਧ ਚੋਅ ਲਵੋ ਪਰ ਇਨ੍ਹਾਂ ਸਾਨ੍ਹਾਂ ਨੂੰ ਕੌਣ ਰੱਸਾ ਪਾਵੇ? ਇਹ ਅੱਥਰੇ, ਮੂੰਹਜ਼ੋਰ, ਬਹਾਦਰ, ਸਿਰ ਧੜ ਦੀ ਬਾਜ਼ੀ ਲਾ ਕੇ ਲੜਨ ਵਾਲੇ ਰੁੱਡ ਵਿਚੋਂ ਜਦ ਵੀ ਨਿਕਲਦੇ ਹਨ ਸੱਪ, ਝਾੜੀਆਂ ਵਿਚੋਂ ਸ਼ੇਰ। ਇਹਨਾਂ ਸਿਰ ਲੱਥਿਆਂ ਦਾ ਕੋਈ ਮੂੰਹ ਨਹੀਂ ਮੋੜ ਸਕਦਾ।

ਤੈਮੂਰ ਨੇ ਇਕ ਕਾਢ ਕੱਢੀ ਸੀ ਕਿ ਇਹਨਾਂ ਨਾਲ ਦੋਸਤੀ ਪਾਈ ਜਾਏ। ਪਰ ਅੱਬਾ ਜਾਨ ਤੋਂ ਥਰਥਰ ਕੰਬਦਾ ਸੀ। ਤੂੰ ਕੌਣ ਹੁੰਦਾ ਏਂ ਛੋਕਰੇ ਆਪ ਫੈਸਲਾ ਕਰਨ ਵਾਲਾ। ਨਾ ਮੰਨਣ ਅੱਬਾ ਹਜ਼ੂਰ, ਪਰ ਇਕ ਦਿਨ ਤੇ ਦੋਸਤੀ ਪਾਉਣੀ ਪਏਗੀ।

ਪੰਜਾਬ ਦੇ ਵਾਰਸਾਂ ਪੰਜਾਬ ਲੈਣਾ ਏ। ਅਸਾਂ ਕੋਈ ਇੱਟ ਲਾਈ ਹੋਈ ਏ। ਚਾਰ ਦਿਨ ਰਹਿ ਕੇ ਅਸਾਂ ਆਖ਼ਰ ਆਪਣੇ ਮੁਲਕ ਚਲੇ ਜਾਣੈ। ਹੁਣ ਵਕਤ ਤਲਵਾਰ ਦਾ ਨਹੀਂ। ਰਾਜ ਨੇਕੀ ਦਾ ਏ। ਹੁਣ ਫੈਸਲੇ ਤਲਵਾਰਾਂ ਨਾਲ ਨਹੀਂ ਹੋਣੇ, ਨੀਤੀ ਨਾਲ ਹੋਣਗੇ। ਰੱਲ ਕੇ ਖਾਓ। ਫ਼ੌਜ ਥੱਕ ਚੁੱਕੀ ਏ। ਰੋਜ਼-ਰੋਜ਼ ਫ਼ੌਜਾਂ ਨੇ ਲੜਨਾ ਨਹੀਂ।

ਨਿਹੰਗਾਂ ਦੀ ਸ਼ਕਲ ਵੇਖ ਲਏ ਅਬਦਾਲੀ ਤੇ ਓਹਦੀ ਜਾਨ ਕਬਜ਼ ਹੋ ਜਾਂਦੀ ਏ। ਰਾਤ ਨੂੰ ਬੜਬੜਾ ਕੇ ਉਠਦਾ ਏ।

ਸੁਲਹਾ, ਦੋਸਤੀ, ਮਿੱਤਰਤਾ, ਨਜ਼ਰਾਨੇ, ਜਾਗੀਰ ਇਹੋ ਈ ਹੱਲ ਏ। ਦੂਜਾ ਰਾਹ ਕੋਈ ਨਹੀਂ।

ਜੱਸਾ ਸਿੰਘ ਆਹਲੂਵਾਲੀਆ ਮੰਨ ਜਾਏਗਾ। ਉਹਦੇ ਮੂੰਹ 'ਚ ਪਾਣੀ ਆ ਜਾਏਗਾ ਜਦ ਅਸਾਂ ਉਹਨਾਂ ਨੂੰ ਹਿੱਸਾ ਦੇਣਾ ਮਨਜ਼ੂਰ ਕਰ ਲਿਆ। ਵਰਨਾ ਸਾਥੋਂ ਇਹ ਕੱਲਿਆਂ ਨਹੀਂ ਖਾਧਾ ਜਾਣਾ। ਬੁੱਢਾ ਦਲ ਉਹਦੀ ਮੁੱਠ ਵਿਚ ਏ। ਇਹਦੇ ਨਾਲ ਗੱਲ ਚਲਾ ਕੇ ਵੇਖੋ।

ਨਿਹੰਗ, ਰੰਗਰੇਟੇ, ਦਲ ਵਾਲੇ ਸਿੰਘ ਜੱਸਾ ਸਿੰਘ ਆਹਲੂਵਾਲੀਏ ਨੂੰ ਪ੍ਰਮੇਸ਼ਰ ਮੰਨਦੇ ਹਨ।

ਮੈਨੂੰ ਮਾਰ ਦਿੱਤਾ, ਇਹ ਅਫ਼ਵਾਹ ਫੈਲਾ ਦਿੱਤੀ। ਮੇਰਾ ਦਲ ਨੇ ਕਤਲ ਕਰ ਦਿੱਤੈ। ਕੀ ਕਰ ਲਿਐ ਸਾਡੀਆਂ ਫ਼ੌਜਾਂ ਨੇ।

ਮੈਂ ਤੇ ਕਿਸਮਤ ਨਾਲ ਬਚ ਗਿਆ ਸਾਂ। ਇਹ ਰਹਿਮਤ ਸਿਰਫ਼ ਇਕ ਨਿਹੰਗ ਦੀ ਏ। ਸਲਾਮ ਇਨ੍ਹਾਂ ਬਹਾਦਰਾਂ ਨੂੰ, ਸਜਦਾ ਇਹਨਾਂ ਦਲੇਰਾਂ ਨੂੰ। ਧੰਨ ਹਨ ਉਹ ਮਾਵਾਂ ਜਿਨ੍ਹਾਂ ਇਨ੍ਹਾਂ ਸਿਰਲੱਥ ਸੂਰਮਿਆਂ ਨੂੰ ਜਨਮ ਦਿੱਤੈ। ਪੰਜਾਬ ਇਹ ਲੈ ਕੇ ਹੀ ਰਹਿਣਗੇ।

29

ਪੁੱਤ ਹਿੰਦੂਆਂ ਦਾ

ਅਣੋਖੀ ਇਕ ਦਿਨ ਆਖਣ ਲੱਗੀ—ਇਹ ਭੁਜੰਗੀ ਨਿਹੰਗ ਸੱਜਣਾ ਚਾਹੁੰਦੈ। ਇਹਦੀ ਮਾਂ ਨੇ ਸੁੱਖਣਾ ਸੁੱਖੀ ਏ। ਗੱਭਰੂ ਵੀ ਬੜਾ ਚਾਹਵਾਨ ਏ। ਜੇ ਤੁਸੀਂ ਕਿਰਪਾ ਕਰੋ ਤਾਂ ਇਹਦੇ ਮਨ ਦੀ ਮੁਰਾਦ ਪੂਰੀ ਹੋ ਜਾਏ।

—ਕੇਸਾਧਾਰੀ ਏ?

—ਨਹੀਂ ਸਹਿਜਧਾਰੀ ਸਿੱਖ ਏ। ਵਿਚਾਰ ਸਿੱਖਾਂ ਵਾਲੇ ਹਨ। ਕਬੀਲਾ ਧਾਰਮਿਕ ਵਿਚਾਰਾਂ ਦਾ ਏ। ਇਹਨੂੰ ਨਿਹੰਗ ਬਣਾ ਦਿਓ।

—ਇਹ ਗੱਲ ਮੁਸ਼ਕਲ ਏ, ਨਿਹੰਗ ਨਹੀਂ ਬਣ ਸਕਦਾ। ਆਖਣ ਲੱਗਾ ਜੱਸਾ ਸਿੰਘ ਆਹਲੂਵਾਲੀਆ।

—ਕਿਉਂ ਸਹਿਜਧਾਰੀ ਸਿੰਘ ਨਹੀਂ ਹੁੰਦੇ।

—ਸਿੱਖ ਤੇ ਹਨ ਪਰ ਸਿੰਘ ਨਹੀਂ।

—ਤੇ ਫੇਰ ਸਿੰਘ ਸਜਾ ਲਵੋ।

ਇਹ ਬਾਣੀਏ, ਇਹ ਦੁਕਾਨਦਾਰ, ਹਰ ਗੱਲ ਵਿਚ ਸੌਦਾ ਕਰਦੇ ਹਨ। ਨਿਹੰਗ ਸੋਚਦੇ ਘੱਟ ਹਨ ਪਰ ਕਰਦੇ ਜ਼ਿਆਦਾ ਹਨ। ਏਸ ਲਈ ਇਹ ਮਰਿਆਦਾ ਦੇ ਪੂਰੇ ਨਹੀਂ ਉਤਰਦੇ। ਨੱਸ ਜਾਂਦੇ ਹਨ। ਅਸੀਂ ਤੇ ਸਿਰਧੜ ਦੀ ਬਾਜ਼ੀ ਲਾ ਕੇ ਜੂਝਦੇ ਹਾਂ।

—ਇਹ ਇਹੋ ਜਿਹਾ ਨਹੀਂ। ਨਿਹੰਗ ਸਜਾਉਣ ਵਾਸਤੇ ਮੁੰਡੇ ਤਾਂ ਹਿੰਦੂਆਂ ਦੇ ਆਉਣੇ ਹਨ। ਹੌਲੀ-ਹੌਲੀ ਇਹ ਵੀ ਇਹਨਾਂ ਵਰਗਾ ਹੋ ਜਾਏਗਾ।

—ਜੱਸਾ ਸਿੰਘ ਆਹਲੂਵਾਲੀਆ ਆਖਣ ਲੱਗਾ—ਜਿਨ੍ਹਾਂ ਦੇ ਸੰਸਕਾਰ ਵਿਚ

ਸਿੱਖੀ ਲਿਖੀ ਹੁੰਦੀ ਏ, ਜੋਸ਼ ਹੁੰਦੈ, ਬਾਣੀ ਪੜ੍ਹਦੇ ਹਨ ਉਹ ਅੰਮ੍ਰਿਤ ਛੱਕ ਕੇ ਪੂਰੇ ਨਿਹੰਗ ਬਣ ਜਾਂਦੇ ਹਨ। ਬਾਕੀ ਤਾਂ ਵਾਧੂ ਦਾ ਰੌਲਾ ਏ। ਨਫ਼ਰੀ ਪੂਰੀ ਕਰਨ ਵਾਲੀ ਗੱਲ ਏ।

—ਸਾਨੂੰ ਮਨਚਲੇ, ਦਲੇਰ ਤੇ ਅਕੀਦੇ ਦੇ ਪੱਕੇ ਗੱਭਰੂਆਂ ਦੀ ਲੋੜ ਏ।

—ਮੈਂ ਗੱਲ ਕੀਤੀ ਸੀ ਤੇ ਪੁੱਛਿਆ ਸੀ ਮੁੰਡੇ ਕੋਲੋਂ ਤੇ ਆਖਣ ਲੱਗਾ

—ਮੈਂ ਹਕੀਕਤ ਰਾਏ ਦਾ ਮਾਸੀ ਦਾ ਪੁੱਤ ਹਾਂ।

—ਜੋ ਗੱਲ ਤੂੰ ਆਖਨੀ ਏਂ, ਸੱਚ ਏ। ਵਿਚਾਰ ਕਰ ਲੈਂਦੇ ਹਾਂ।

—ਹਕੀਕਤ ਰਾਏ ਦੀ ਕੁਰਬਾਨੀ ਕਿਸੇ ਨਿਹੰਗ ਨਾਲੋਂ ਘੱਟ ਨਹੀਂ। ਜੇ ਜਜ਼ਬਾ ਨਾ ਹੁੰਦਾ ਤਾਂ ਹਕੀਕਤ ਰਾਏ ਗਰਦਨ ਨਾ ਕਟਾਉਂਦਾ।

—ਲਹੂ ਇਕ ਏ ਤਾਸੀਰ ਇਕ ਏ। ਜੇ ਇਹ ਮੁੰਡਾ ਨਿਹੰਗ ਬਣ ਗਿਆ ਤਾਂ ਸਾਰੇ ਜੱਥੇ ਵਿਚੋਂ ਸਿਰ ਕੱਢ ਹੋਵੇਗਾ। ਮੈਂ ਤੇ ਹਕੀਕਤ ਦੀ ਕਥਾ ਸੁਣਕੇ ਹੈਰਾਨ ਹੋ ਗਈ। ਇੰਨੀ ਛੋਟੀ ਉਮਰ ਕੁਰਬਾਨੀ ਦਾ ਸਿਰ ਤੇ ਭੂਤ ਸਵਾਰ। ਲਾਲਚ ਵੀ ਮਿਲੇ, ਦੌਲਤਾਂ ਵੀ ਲੱਭੀਆਂ ਪਰ ਉਹ ਨਹੀਂ ਡੋਲਿਆ। ਮੈਥੋਂ ਓਹਦੀ ਕਹਾਣੀ ਸੁਣੋ।

—ਜ਼ਨਾਨੀਆਂ ਜਿਸ ਗੱਲ ਤੇ ਅੜ ਜਾਣ, ਮੁੜਦੀਆਂ ਨਹੀਂ। ਵਾਅਦਾ ਤੇ ਨਹੀਂ ਨਾ ਕੀਤਾ। ਫੋਕੀ ਹਾਂ ਕਰਨ ਦੀ ਕੀ ਲੋੜ ਏ।

—ਅਜੇ ਮੁੰਡਾ ਲੂਆਂ ਏ, ਜਵਾਨੀ ਚੜ੍ਹਨ ਦੇ ਦਿਨ ਹਨ। ਸਿੱਧੇ ਰਸਤੇ ਪੈ ਗਿਆ ਤੇ ਜੀਵਨ ਕੁੰਦਨ ਬਣ ਜਾਏਗਾ। ਵਰਨਾ ਅਹਿਮਦ ਸ਼ਾਹ ਅਬਦਾਲੀ ਦਾ ਨਾਂ ਸੁਣ ਕੇ ਦੁੜਕੀ ਪੈ ਜਾਏਗਾ।

—ਨੱਸਣ ਨਹੀਂ ਲੱਗਾ। ਮੈਂ ਓਹਦੀਆਂ ਗੱਲਾਂ ਸੁਣਕੇ ਅੰਦਾਜ਼ਾ ਲਾ ਲਿਐ।

ਪਹਿਲਾਂ ਅੰਮ੍ਰਿਤ ਛਕੇ ਤੇ ਰਹਿਤ ਪੱਕੀ ਕਰੇ ਤੇ ਫੇਰ ਗੁਰ ਮੰਤਰ ਦੇਣਗੇ ਬਾਬੇ। ਫੇਰ ਬਾਲਕਾ ਬਣ ਜਾਏਗਾ ਇਕ ਦਿਨ ਬੁੱਢੇ ਦਲ ਦਾ।

—ਹਾਂ ਤੂੰ ਹਕੀਕਤ ਰਾਏ ਦੀ ਕਹਾਣੀ ਸੁਣਾਉਣ ਲੱਗੀ ਸੈਂ।

—ਮੈਂ ਸੋਚਿਆ ਦੁੱਧ ਤੱਤਾ ਕਰ ਲਵਾਂ। ਫੇਰ ਇਕ ਵਾਰ ਬੈਠ ਕੇ ਕਹਾਣੀ ਸੁਣਾਵਾਂਗੀ।

—ਦੁੱਧ ਪਿਆ ਕੇ ਸਾਡੀ ਆਦਤ ਨਾ ਵਿਗਾੜ। ਸਾਨੂੰ ਪਾਣੀ ਵੀ ਨਸੀਬ ਨਹੀਂ ਹੁੰਦਾ। ਦੁੱਧ ਸਾਡੇ ਕਰਮਾਂ ਵਿਚ ਕਿੱਥੇ। ਭੁੱਜੇ ਛੋਲੇ ਤੇ ਗੜਵਾ ਪਾਣੀ ਦਾ। ਸਾਡੀ ਜ਼ਿੰਦਗੀ ਵਿਚ ਮਲ੍ਹਿਆਂ ਦੇ ਬੇਰ, ਦਰਖ਼ਤਾਂ ਦੇ ਪੱਤੇ, ਵੱਲਾਂ। ਇਹੋ ਈ ਸਾਡਾ ਸਬਜ਼ ਪਲਾਅ ਏ। ਸਮੁੰਦਰ ਮਿਲ ਗਿਆ ਤੇ ਵਲਟੋਹੇ ਭਰ ਕੇ ਛੱਕਿਆ। ਦੁੱਧ ਦੇ ਦਰਸ਼ਨ ਨਹੀਂ ਹੁੰਦੇ। ਕਈ ਕਈ ਮਹੀਨੇ।

—ਤੁਸੀਂ ਗੜਵਾ ਦੁੱਧ ਦਾ ਛਕੋ ਤੇ ਮੇਰੀ ਕਹਾਣੀ ਸੁਣੋ।

—ਚੰਗਾ ਭਾਗਵਾਨੇ ਜਿੰਦਾਂ ਤੇਰੀ ਮਰਜ਼ੀ।

ਹਕੀਕਤ ਰਾਏ

ਦੁੱਧ ਦੀਆਂ ਦੰਦੀਆਂ ਅਜੇ ਨਹੀਂ ਸਨ ਟੁੱਟੀਆਂ। ਵਿਆਹ ਰਚਾ ਦਿਤਾ ਮਾਪਿਆਂ ਨੇ ਹਕੀਕਤ ਦਾ। ਮੇਰਾ ਪੁੱਤ ਵੱਡਾ ਹੋਕੇ ਦੀਵਾਨ ਬਣੂ। ਮਾਂ ਹਰ ਵੇਲੇ ਇਹਨਾਂ ਸੁਪਨਿਆਂ ਵਿਚ ਡੁਬੀ ਰਹਿੰਦੀ। ਕਦੀ ਕਦੀ ਪਿਉ ਵੀ ਉਹਦੇ ਹੁੰਗਾਰੇ ਵਿਚ ਹੁੰਗਾਰਾ ਭਰ ਦਿੰਦਾ। ਹਕੀਕਤ ਅਜੇ ਬਾਲ ਹੀ ਸੀ। ਘਰ ਵਹੁਟੀ ਆ ਗਈ। ਉਸ ਅਜੇ ਹੱਥੋਂ ਗੁੱਡੀਆਂ ਪਟੋਲੇ ਵੀ ਨਹੀਂ ਛਡੇ। ਹਕੀਕਤ ਨੂੰ ਗੁੱਲੀ ਡੰਡੇ ਦੀ ਜਾਚ ਨਹੀਂ ਭੁੱਲੀ। ਮਾਂ ਨੂੰਹ ਵਾਲੀ ਬਣ ਗਈ ਤੇ ਪੁੱਤ ਗ੍ਰਹਿਸਤੀ। ਪਾਣੀ ਵਾਰ ਕੇ ਪੀਤਾ ਮਾਂ ਨੇ। ਨੂੰਹ ਦੁਆਲੇ ਮਾਂ ਝੁੰਮਣੀਆਂ ਪਾਉਂਦੀ। ਪਰ ਏਧਰ ਹਕੀਕਤ ਸਿੰਘਾਂ ਦੀ ਬਹਿਣੀ ਬਹਿ ਗਿਆ ਸੀ। ਮੇਰਾ ਮਤਲਬ ਜਥੇ ਤੋਂ ਨਹੀਂ। ਸਿਆਲਕੋਟ ਵਿਚ ਲੋਕ ਸਿੰਘਾਂ ਨਾਲ ਹਮਦਰਦੀ ਤਾਂ ਰਖਦੇ ਈ ਸਨ। ਗੱਲਾਂ ਤੇ ਸਿੰਘਾਂ ਦੀਆਂ ਛਿੜਦੀਆਂ ਈ ਰਹਿੰਦੀਆਂ ਸਨ। ਹਰ ਚੌਕ ਵਿਚ, ਹਰ ਮਹਿਫਲ ਵਿਚ, ਹਰ ਦੁਕਾਨ ਤੇ ਹਰ ਚੌਸਰ ਦੀ ਬਾਜ਼ੀ ਤੇ। ਹੋਰ ਕੋਈ ਕਥਾ ਨਹੀਂ ਸੀ, ਕਹਾਣੀ ਨਹੀਂ ਸੀ। ਜਾਂ ਸਿੱਖ ਸਨ ਤੇ ਜਾਂ ਪੰਜਾਬ। ਤੀਜੀ ਗੱਲ ਕੋਈ ਚਿਤਦਾ ਈ ਨਾ। ਹਕੀਕਤ ਬਜ਼ੁਰਗਾਂ ਦੀਆਂ ਗਲਾਂ ਸੁਣ ਸੁਣ ਕੇ ਪੱਕਾ ਹੁੰਦਾ ਗਿਆ। ਮੂੰਹ ਮੁਹਾਂਦਰੇ ਵਲੋਂ ਉਹ ਹਿੰਦੂ ਸੀ ਤੇ ਅੰਦਰੋਂ ਹੌਲੀ ਹੌਲੀ ਪੱਕਾ ਸਿੰਘ ਬਣਦਾ ਗਿਆ। ਉਹਦੇ ਇਰਾਦੇ ਸਿੰਘਾਂ ਨਾਲ ਮੇਲ ਖਾਣ ਲਗ ਪਏ ਸਨ ਪਰ ਮਾਪੇ ਤਾਂ ਹੋਰ ਆਸਾਂ ਲਾਈਂ ਬੈਠੇ ਸਨ ਹਕੀਕਤ ਰਾਏ ਤੇ। ਮੇਰਾ ਪੁੱਤ ਦੀਵਾਨ ਬਣੂ, ਨਾਮਣਾ ਖਟੂ ਸਰਕਾਰੇ ਦਰਬਾਰੇ। ਪੁੱਤ ਤਾਂ ਜੰਮਦਿਆਂ ਈ ਜਵਾਨ ਹੁੰਦੇ ਹਨ। ਮਾਂ ਦਲੀਲਾਂ ਦੀ ਮਿੱਟੀ ਗੋਂਦੀ, ਮਹਿਲ ਉਸਾਰਦੀ, ਮਹਿਲ ਢਹਿ ਜਾਂਦੇ। ਬਿਜਲਾ ਸਿੰਘ ਨੇ ਜ਼ਰਾ ਕੁ ਸਾਹ ਲਿਆ।

—ਲੋਕ ਜਾਣ ਬੁਝ ਕੇ ਗੁਲਾਮੀ ਦੀ ਫੱਟੀ ਗੱਲ ਵਿਚ ਕਿਉਂ ਪਾਉਣ ਲਈ ਤਿਆਰ ਹੋ ਜਾਂਦੇ ਸਨ? ਧਾਰਾ ਸਿੰਘ ਆਖਣ ਲੱਗਾ।

—ਖੱਤਰੀ ਦਾ ਪੁੱਤ ਜਾਂ ਤੱਕੜੀ ਤੋਲੇ ਜਾਂ ਨੌਕਰੀ ਕਰੇ, ਹੋਰ ਕਿਹੜੀਆਂ ਮੁੰਗਲੀਆਂ ਫੇਰਨੀਆਂ ਸੂ। ਵਾਹੀ ਨੂੰ ਉਹ ਦੂਰੋਂ ਈ ਸੱਤ ਸਲਾਮਾਂ ਕਰ ਦਿੰਦੇ। ਏਸ ਲਈ ਹਿੰਦੂ ਨੌਕਰੀ ਨੂੰ ਈ ਉਤਮ ਕਿੱਤਾ ਸਮਝਦੇ। ਭਾਵੇਂ ਮੰਗਿਆਂ ਖੈਰ ਨਾ ਪਵੇ ਪਰ ਕਰਨੀ ਨੌਕਰੀ। ਹਕੀਕਤ ਰਾਏ ਦਾ ਪਿਓ ਭਾਗ ਮਲ ਵੀ ਨੌਕਰ ਸੀ ਸਰਕਾਰੀ। ਮੀਂਹ ਜਾਏ, ਹਨੇਰੀ ਜਾਏ, ਬਦਲ ਕੜਕੇ, ਮੀਂਹ ਮੋਹਲੀਂ ਵਰ੍ਹੇ, ਤਨਖਾਹ ਤੇ ਘਰ ਆ ਈ ਜਾਣੀ ਏ। ਸਿੰਘ ਲੁਟ ਲੈਣ ਜਾਂ ਨਾਦਰ ਲੁਟ ਕੇ ਲੈ ਜਾਏ, ਉਹਨਾਂ ਨੇ ਤਨਖਾਹ ਲੈ ਈ ਲੈਣੀ ਏ। ਲਾਗੀਆਂ ਨੂੰ ਕੀ ਉਹਨਾਂ ਨੂੰ ਤੇ ਲਾਗ ਚਾਹੀਦਾ ਏ ਭਾਵੇਂ ਘਰ ਜਾਂਦਿਆਂ ਈ ਰੰਡੀ ਹੋ ਜਾਵੇ। ਏਸੇ ਲਈ ਨੌਕਰੀ ਨੂੰ ਉਤਮ ਸਮਝਿਆ ਜਾਂਦਾ। ਸਾਨੂੰ ਕੀ ਅਸਾਂ ਕਿਹੜਾ ਰਾਜ ਲੈ ਲੈਣਾ ਏ। ਅਸਾਂ ਤੇ ਨੌਕਰੀ ਕਰਨੀ ਏ। ਭਾਵੇਂ ਕੋਈ ਮੁਗ਼ਲ ਹੋਵੇ ਤੇ ਭਾਵੇਂ ਕੋਈ ਪਠਾਣ। ਸਾਡੇ ਵਲੋਂ ਭਾਵੇਂ ਈਰਾਨੀ ਆ ਜਾਣ ਜਾਂ ਦੁਰਾਨੀ। ਬਲਦ ਨੇ ਤਾਂ ਕੋਹਲੂ ਅਗੇ ਈ ਜੁਤਣਾ ਏਂ। ਕੋਹਲੂ ਦਾ ਬੈਲ ਉਸ ਤੋਂ ਵਧ ਹੋਰ ਕੀ ਸੋਚ ਸਕਦਾ ਏ। ਹਿੰਦੂ ਤੇ ਸਿੱਖਾਂ ਵਿਚ ਸਿਰਫ਼ ਨਜ਼ਰੀਏ ਦਾ ਫਰਕ ਸੀ। ਹਿੰਦੂ ਗੁਲਾਮੀ ਕਬੂਲ ਕਰ ਲੈਂਦੇ ਤੇ ਸਿੰਘ ਗੁਲਾਮੀ ਕਬੂਲ ਨਹੀਂ ਸਨ ਕਰਦੇ। ਇਕ ਕੌਮ ਜਬਰ ਸਹਿਣਾ ਜਾਣਦੀ ਸੀ ਤੇ

ਦੂਜੀ ਕੌਮ ਟੱਕਰ ਲੈਣ ਲਈ ਸਿਰ ਦੀ ਬਾਜ਼ੀ ਲਾਈ ਬੈਠੀ ਸੀ। ਬਿਜਲਾ ਸਿੰਘ ਦੇ ਬੋਲ ਸਨ।

—ਹਕੀਕਤ ਰਾਏ ਵੀ ਸਿੰਘਾਂ ਦੀ ਬੋਲੀ ਬੋਲਦਾ ਹੋਣਾ ਏ। ਧਾਰਾ ਸਿੰਘ ਬੋਲਿਆ।

—ਬਾਲ ਈ ਸੀ ਅਜੇ ਤੇ ਉਹ। ਬੋਲੀ ਤੇ ਸਮਝਦਾ ਵੀ ਨਈ ਸੀ। ਸਿੰਘਾਂ ਦੀ ਬੋਲੀ ਹਰ ਬੰਦਾ ਥੋੜਾ ਸਮਝ ਸਕਦੈ। ਦਿਨੋਂ ਦਿਨ ਮਨ ਕਰੜਾ ਹੁੰਦਾ ਗਿਆ। ਹਕੀਕਤ ਸਿੱਖਾਂ ਵਲ ਝੁਕਦਾ ਗਿਆ। ਉਹਦੇ ਇਰਾਦੇ ਪੱਕੇ ਹੁੰਦੇ ਗਏ। ਦੀਵਾਰ ਹਰ ਨਵੇਂ ਸੂਰਜ ਉੱਚੀ ਉਸਰਦੀ ਗਈ।

—ਹਕੀਕਤ ਵੀ ਦੀਵਾਨ ਬਣਨਾ ਚਾਹੁੰਦਾ ਸੀ? ਬੜੇ ਚਿਰ ਪਿਛੋਂ ਧਾਰਾ ਸਿੰਘ ਬੋਲਿਆ।

—ਦੀਵਾਨ ਬਣਨ ਨੂੰ ਕੀਹਦਾ ਜੀ ਨਹੀਂ ਕਰਦਾ ਪਰ ਦੀਵਾਨ ਬਣਨਾ ਕੋਈ ਥੜੇ ਤੇ ਥੋੜਾ ਪਿਆ ਹੋਇਐ। ਪਾਣੀ ਦਾ ਛੰਨਾ ਥੋੜਾ ਏ ਜਿਹੜਾ ਘੜੇ ਵਿਚੋਂ ਪਾਇਆ ਤੇ ਪੀ ਲਿਆ। ਸਾਰਿਆਂ ਦੇ ਮਾਪੇ ਚਾਹੁੰਦੇ ਹਨ ਕਿ ਮੇਰਾ ਪੁਤ ਸਰਕਾਰੇ ਦਰਬਾਰੇ ਸਤਿਕਾਰਿਆ ਜਾਏ। ਹਰ ਬੰਦਾ ਸੁਪਨਾ ਵੇਖਦਾ ਏ ਤੇ ਸਾਰੇ ਸੁਪਨੇ ਪੂਰੇ ਥੋੜਾ ਹੁੰਦੇ ਹਨ। ਮਾਪਿਆਂ ਨੇ ਹਕੀਕਤ ਨੂੰ ਪੜ੍ਹਨੇ ਪਾ ਦਿਤਾ। ਮੌਲਵੀ ਨੇ ਪਹਿਲੇ ਦਿਨ ਈ ਬਿਸਮਿੱਲਾ ਆਖ ਕੇ ਫੱਟੀ ਤੇ ਪਹਿਲਾ ਈ ਪੂਰਨਾ ਪਾਇਆ। ਕੁਰਾਨ ਸ਼ਰੀਫ਼ ਦੇ ਸੁਧਾਰੇ ਹਕੀਕਤ ਰਾਏ ਨੇ ਕੁਝ ਮਹੀਨਿਆਂ ਵਿਚ ਈ ਯਾਦ ਕਰ ਲਏ। ਬਟੇਰੇ ਵਾਂਗੂ ਪਟਾਕਦਾ ਹਕੀਕਤ ਸਾਰੀ ਮਸਜਿਦ ਵਿਚ. ਹਾਕਮਾਂ ਦੇ ਪੁੱਤ ਖਾਰ ਖਾਣ ਲਗ ਪਏ। ਪੜ੍ਹਨ ਲਿਖਣ ਵਲੋਂ ਚੋਰ ਚਾਨਣ ਜੋ ਸਨ। ੧ ਰ ਮੌਲਵੀ ਬੜਾ ਖੁਸ਼ ਸੀ। ਅਰਬੀ ਵਿਚ ਤਾਕ ਹੋ ਗਿਆ। ਹਕੀਕਤ ਇਕ ਸਾਲ ਵਿਚ। ਮਸੀਤ ਵਿਚ ਜਦ ਵੀ ਮੌਲਵੀ ਕਿਸੇ ਬੱਚੇ ਦੀ ਗੱਲ ਕਰਦਾ ਤਾਂ ਆਖਦਾ ਹਕੀਕਤ ਹਾਫ਼ਿਜ਼ ਬਣ ਜਾਏਗਾ ਦੋ ਸਾਲਾਂ ਵਿਚ। ਜਵਾਨੀ ਚੜ੍ਹਦਿਆਂ ਤਕ ਏਸ ਆਲਮ ਬਣ ਜਾਣਾ ਏ। ਦੀਵਾਨ ਤੋਂ ਘਟ ਇਹਨੂੰ ਨੌਕਰੀ ਨਹੀਂ ਮਿਲਣੀ। ਇਹ ਗੱਲਾਂ ਜਦ ਮੁੰਡੇ ਸੁਣਦੇ ਤਾਂ ਉਹਨਾਂ ਦੇ ਸੀਨੇ ਕਟਾਰੀਆਂ ਚਲਦੀਆਂ। ਉਹਨਾਂ ਦੇ ਦਿਲ ਵਿਚ ਗੰਢ ਬੱਝ ਗਈ। ਇਹ ਮੁੰਡਾ ਜ਼ਰੂਰ ਕਿਸੇ ਦਿਨ ਸਾਡਾ ਸਿਰ ਮੂਨੂੰ। ਹਕੀਕਤ ਨੂੰ ਕਿਸੇ ਤਰ੍ਹਾਂ ਮੌਲਵੀ ਦੀਆਂ ਨਜ਼ਰਾਂ 'ਚੋਂ ਡੇਗਿਆ ਜਾਏ। ਇਹੋ ਜਿਹੀਆਂ ਵਿਉਂਤਾਂ ਵਿਉਂਤ ਰਹੇ ਸਨ ਮੁੰਡੇ। ਕਿਤਾਬ ਦਾ ਕੀੜਾ ਬਣ ਗਿਆ ਏ। ਹਕੀਕਤ ਦਿਨੇ ਰਾਤ ਕੁਰਾਨ ਪੜ੍ਹਦਾ, ਕੁਰਾਨ ਦੀਆਂ ਗੱਲਾਂ ਕਰਦਾ, ਕੁਰਾਨ ਦੇ ਦ੍ਰਿਸ਼ਟਾਂਤ ਦਿੰਦਾ। ਕੁਰਾਨ ਕੀ ਏ, ਜੇ ਲੋਕ ਕੁਰਾਨ ਸਮਝ ਲੈਣ ਤਾਂ ਦੁਨੀਆਂ ਜੰਨਤ ਬਣ ਜਾਏ। ਸਿਆਲਕੋਟ ਵਿਚ ਚਰਚੇ ਸ਼ੁਰੂ ਹੋ ਗਏ ਹਕੀਕਤ ਦੇ। ਕਈ ਮੁਸਲਮਾਨ ਹਕੀਕਤ ਨੂੰ ਆਪਣਾ ਪੁੱਤ ਬਣਾਨਾ ਚਾਹੁੰਦੇ ਸਨ। ਪਰ ਮਾਂ ਤਾਂ ਦੀਵਾਨ ਬਣਨ ਦੇ ਖਵਾਬ ਦੇਖ ਰਹੀ ਸੀ। ਪਰ ਹੋਣੀ ਨੂੰ ਕੌਣ ਮੋੜੇ। ਹੋਣੀ ਜਦੋਂ ਵਰਤਦੀ ਏ ਤੇ ਭਾਂਡੇ ਮੂਧੇ ਹੋ ਜਾਂਦੇ ਨੇ।" ਬਿਜਲਾ ਸਿੰਘ ਨੇ ਧਿਆਨ ਮਾਰਿਆ ਆਪਣੇ ਸਾਥੀਆਂ ਵਲ। ਧਾਰਾ ਸਿੰਘ ਅੱਖਾਂ ਮੀਟ ਰਿਹਾ ਸੀ ਕੁੱਕੜ ਵਾਂਗੂ।

ਬਿਜਲਾ ਸਿੰਘ ਆਖਣ ਲੱਗਾ—ਧਾਰਾ ਸਿੰਘ ਵਾਂਗੂ ਇਕ ਦਿਨ ਮੌਲਵੀ ਨੇ ਦਿਨੇ ਈ ਭੰਗ ਪੀ ਲਈ ਤੇ ਕਬੂਤਰ ਵਾਂਗੂ ਕਦੇ ਅੱਖਾਂ ਮੀਟੇ ਤੇ ਕਦੇ ਖੋਲ੍ਹੇ। ਫਿਰ ਮੀਟ ਲਏ। ਮੁੰਡਿਆਂ ਦੀਆਂ ਖੁਲ੍ਹੀਆਂ ਵਾਹਾਂ। ਮੁੰਡਿਆਂ ਬਸਤੇ ਉਹੇ ਰਖ ਦਿਤੇ ਤੇ ਆਪ ਪਿੱਪਲ ਤੇ ਜਾ ਚੜ੍ਹੇ। ਜੰਡ ਬ੍ਰਾਹਮਣ ਖੇਡਣ ਲੱਗ ਪਏ। ਹਕੀਕਤ ਵੀ ਉਨ੍ਹਾਂ ਦੇ ਨਾਲ

ਸੀ। ਕਿਸੇ ਗੱਲੋਂ ਝਗੜਾ ਹੋ ਗਿਆ। ਝਗੜਾ ਤਕਰਾਰ ਵਿਚ ਬਦਲ ਗਿਆ। ਮੀਟੀ ਹਕੀਕਤ ਦੇ ਸਿਰ ਏ। ਹਕੀਕਤ ਇਹ ਗੱਲ ਮੰਨਦਾ ਨਈਂ ਸੀ। ਮੁੰਡੇ ਮਨਾ ਰਹੇ ਸਨ। ਹਕੀਕਤ ਝੂਠਾ ਏ। ਅਸਲ ਵਿਚ ਹਕੀਕਤ ਸੱਚਾ ਸੀ। ਉਹ ਆਪਣੀ ਗੱਲ ਤੇ ਅੜਿਆ ਰਿਹਾ ਤੇ ਮੁੰਡਿਆਂ ਨੇ ਰੌਲਾ ਪਾ ਦਿੱਤਾ। ਉਸ ਆਪਣਾ ਵਿਸ਼ਵਾਸ ਪੱਕਾ ਕਰਨ ਲਈ ਦੇਵੀ ਮਾਤਾ ਦੀ ਸੌਹ ਖਾਧੀ ਪਰ ਸ਼ਟੱਲੀ ਮੁੰਡਿਆਂ ਨੇ ਉਹਦਾ ਬੜਾ ਮੌਜੂ ਬਣਾਇਆ ਤੇ ਉਹਦੀ ਭਵਾਨੀ ਦੀ ਸੌਹ ਫੂਕਾਂ ਮਾਰ ਮਾਰ ਕੇ ਉਡਾ ਦਿਤੀ। ਹਕੀਕਤ ਨੂੰ ਇਸ ਗੱਲ ਦਾ ਬੜਾ ਦੁਖ ਹੋਇਆ। ਹਕੀਕਤ ਇਕੱਲਾ ਸੀ ਤੇ ਉਹ ਵੀਹ ਸਨ।

—ਪੱਥਰ ਦੀ ਮੂਰਤੀ ਤੇ ਉਹ ਵੀ ਔਰਤ ਜ਼ਾਤ। ਸੌਹ ਖਾਣ ਲਗਿਆਂ ਸ਼ਰਮ ਨਈਓਂ ਆਈ। ਸੌਹ ਖਾਣੀ ਸੀ ਤਾਂ ਕਿਸੇ ਬੰਦੇ ਦੀ ਖਾਂਦੋਂ। ਬੋਲ ਇਕ ਮੁੰਡੇ ਦੇ ਸਨ।

—ਇਹਨਾਂ ਦੇ ਮਜ਼ਹਬ ਵਿਚ ਔਰਤਾਂ ਈ ਪ੍ਰਧਾਨ ਹਨ। ਕੋਈ ਬੰਦਾ ਹੋਵੇ ਤੇ ਸੌਹ ਖਾਵੇ ਨਾ। ਭੂਤਨਿਆਂ ਦੀ ਸੌਹ ਖਾਵੇ ? ਦੂਜੇ ਮੁੰਡੇ ਨੇ ਆਖਿਆ।

—ਕਿਸੇ ਦੇ ਮਜ਼ਹਬ ਵਿਚ ਦਖਲ ਨਹੀਂ ਦੇਈਦਾ। ਹਮਸਾਇਆ ਮਾਂ ਪਿਓ ਜਾਇਆ। ਮੈਂ ਤੁਹਾਡਾ ਸਹਿਪਾਠੀ ਹਾਂ। ਤੁਹਾਡਾ ਭਰਾ ਹਾਂ। ਹਕੀਕਤ ਬੋਲਿਆ।

—ਗੱਲ ਤੇ ਠੀਕ ਏ। ਹਮਸਾਏ ਮਾਂ ਪਿਓ ਜਾਏ। ਪਰ ਹਮਸਾਏ ਜੇ ਮੁਸਲਮਾਨ ਹੋਣ ਤਾਂ। ਜੇ ਕਾਫਰ ਦੀ ਕੰਧ ਸਾਂਝੀ ਹੋਵੇ ਤਾਂ ਫਿਰ ਕਾਹਦੀ ਸਾਂਝ ਭਿਆਲੀ। ਉਹਦਾ ਧਰਮ ਝੂਠਾ ਤੇ ਸਾਡਾ ਈਮਾਨ ਇਲਾਹੀ। ਫਰਕ ਨਈਂ ਜ਼ਮੀਨ ਅਸਮਾਨ ਜਿੰਨਾ ? ਇਕ ਸਿਆਣਾ ਮੁੰਡਾ ਆਖ ਰਿਹਾ ਸੀ।

—ਧਰਮ ਧਰਮ ਏ। ਹਰ ਧਰਮ ਇਲਾਹੀ ਏ। ਖੁਦਾਈ ਅਵਾਜ਼ ਏ। ਹਿੰਦੂ ਤੇ ਮੁਸਲਮਾਨ ਸਾਰੇ ਇਥੋਂ ਦੀ ਪੈਦਾਵਾਰ ਹਨ। ਇਨਸਾਨ ਵੀ ਖੁਦਾ ਦੀ ਇਕ ਮਖਲੂਕ ਏ। ਉਹਦੇ ਵਾਸਤੇ ਹਿੰਦੂ ਮੁਸਲਮਾਨ ਖੱਬੀ ਸੱਜੀ ਅੱਖ ਹਨ। ਬੰਦਾ ਜੰਮਦਿਆਂ ਨਾ ਹਿੰਦੂ ਹੁੰਦਾ ਏ ਤੇ ਨਾ ਮੁਸਲਮਾਨ। ਇਹ ਸਾਰੇ ਠੱਪੇ ਸਮਾਜ ਲਾਉਂਦਾ ਏ। ਇਸ ਵਾਸਤੇ ਸਾਰਿਆਂ ਨੂੰ ਆਪਣਾ ਆਪਣਾ ਧਰਮ ਪਿਆਰਾ ਹੈ। ਅਸੀਂ ਪੜ੍ਹਨ ਆਏ ਹਾਂ, ਕਿਸੇ ਦੇ ਧਰਮ ਬਾਰੇ ਲੜਨ ਨਹੀਂ ਆਏ। ਹਕੀਕਤ ਰਾਏ ਨੇ ਆਪਣੇ ਸਾਥੀਆਂ ਨੂੰ ਸਮਝਾਇਆ।

—ਕਾਫਰ ਦਾ ਪੁੱਤ ਕੁਫਰ ਤੋਲਦਾ ਏ। ਲਈ ਫਿਰਦਾ ਏ ਵੱਡੀ ਦੇਵੀ। ਮਾਂ ਕੋਲ ਲੈ ਜਾ। ਕਿਤੇ ਕੋਈ ਹਾਕਮ ਹਰਮ ਵਿਚ ਨਾ ਪਾ ਲਏ। ਹਿੰਦੂ ਔਰਤਾਂ ਬੜੀਆਂ ਕੂਲੀਆਂ ਤੇ ਮੁਲੈਮ ਹੁੰਦੀਆਂ ਨੇ। ਨਿਰੀ ਮਲਾਈ। ਕਾਫਰਾ ਪੜ੍ਹਦਾ ਕੁਰਾਨ ਏ ਤੇ ਕਸਮ ਖਾਂਦਾ ਏਂ ਗਸ਼ਤੀ ਦੇਵੀ ਦੀ। ਆਖਣ ਲਗਾ ਮੁੰਡਾ ਚੌਧਰੀ ਦਾ।

—ਜ਼ਬਾਨ ਨੂੰ ਲਗਾਮ ਦੇ ਚੌਧਰੀ, ਗਸ਼ਤੀ ਮੇਰੀ ਦੇਵੀ ਨੂੰ ਆਖਣਾ ਏਂ। ਤੁਹਾਡੀ ਫਾਤਮਾ ਕਿਤੇ ਘਟ ਗਸ਼ਤੀ ਸੀ।" ਬੋਲ ਹਕੀਕਤ ਰਾਏ ਦੀ ਅਜੇ ਜ਼ਬਾਨ ਵਿਚ ਹੀ ਸਨ। ਸਾਰਿਆਂ ਮੁੰਡਿਆਂ ਹਕੀਕਤ ਨੂੰ ਲੰਮਾ ਪਾ ਲਿਆ ਤੇ ਮਾਰ ਮਾਰ ਵੱਖੀਆਂ ਸੁਜਾ ਦਿਤੀਆਂ। ਏਨੇ ਚਿਰ ਵਿਚ ਮੌਲਵੀ ਦੀ ਤਾੜੀ ਖੁਲ੍ਹ ਗਈ। ਸਾਰੇ ਮਦਰੱਸੇ ਵਿਚ ਭੂਤਨੇ ਨਚ ਰਹੇ ਸਨ। ਮੁੰਡੇ ਹਕੀਕਤ ਨੂੰ ਖਿਦੂ ਬਣਾਈ ਧੂਹੀ ਆ ਰਹੇ ਸਨ।

ਇਕ ਮੁੰਡਾ ਬੋਲਿਆ, ਇਸ ਕਾਫਰ ਦੇ ਪੁੱਤ ਨੇ ਸਾਡੀ ਫਾਤਮਾ ਨੂੰ ਗਸ਼ਤੀ ਆਖਿਆ ਏ। ਇਹਦੀ ਜ਼ਬਾਨ ਖਿੱਚ ਲਓ। ਇਹ ਸੱਪ ਏ। ਇਹ ਕਾਫਰ ਏ। ਚੌਧਰੀ ਦਾ ਮੁੰਡਾ ਆਖੀ ਜਾ ਰਿਹਾ ਸੀ।

—ਗੱਲ ਕੀ ਹੋਈ ਏ ? ਮੌਲਵੀ ਨੇ ਪੁਛਿਆ।

—ਏਸ ਇਸਲਾਮ ਦੀ ਤੌਹੀਨ ਕੀਤੀ ਏ ਤੇ ਹਜ਼ਰਤ ਬੀਬੀ ਫਾਤਮਾ ਨੂੰ ਗਸ਼ਤੀ ਆਖਿਆ ਏ। ਇਹਨੂੰ ਕਾਜ਼ੀ ਦੇ ਹਵਾਲੇ ਕਰ ਦਿਓ। ਚੌਧਰੀ ਦਾ ਮੁੰਡਾ ਲਾਲ ਪੀਲਾ ਹੋ ਰਿਹਾ ਸੀ। ਉਹਦੀਆਂ ਅੱਖਾਂ ਚੰਗਿਆੜੇ ਛਡ ਰਹੀਆਂ ਸਨ।

—ਮੌਲਵੀ ਸਾਹਿਬ ਗਾਲ੍ਹਾਂ ਇਹਨਾਂ ਕਢੀਆਂ ਨੇ ਪਹਿਲਾਂ ਮੇਰੀ ਦੁਰਗਾ ਭਵਾਨੀ ਨੂੰ। ਮੈਂ ਤੇ ਕੁਝ ਆਖਿਆ ਈ ਨਹੀਂ। ਮੈਂ ਤੇ ਸਿਰਫ਼ ਇਹੋ ਈ ਆਖਿਆ ਏ ਕਿ ਉਹ ਦੋਵੇਂ ਭੈਣਾਂ ਹਨ। ਜੇ ਉਹ ਗਸ਼ਤੀ ਏ ਤਾਂ ਉਹ ਵੀ ਗਸ਼ਤੀ ਏ। ਤੁਸੀਂ ਦੱਸੋ ਇਹਦੇ ਵਿਚ ਮੇਰਾ ਕੀ ਕਸੂਰ ਏ। ਹਕੀਕਤ ਰਾਏ ਨੇ ਜਵਾਬ ਦਿਤਾ।

—ਹਰਾਮਜ਼ਾਦਿਓ ਘਰੋਂ ਪੜ੍ਹਨ ਆਏ ਓ ਜਾਂ ਲੜਨ। ਉੱਲੂ ਦੇ ਪੱਠਿਓ ਚੱਲੋ ਬੈਠੋ ਤੇ ਸਬਕ ਪੜ੍ਹੋ। ਮੌਲਵੀ ਨੇ ਤਾੜਿਆ।

—ਪਹਿਲਾਂ ਫੈਸਲਾ ਫੇਰ ਸਬਕ। ਅਸੀਂ ਤਾਂ ਚਲੇ ਹਾਂ ਕਾਜ਼ੀ ਕੋਲ। ਚੌਧਰੀ ਦਾ ਮੁੰਡਾ ਉਛਲ ਉਛਲ ਪੈ ਰਿਹਾ ਸੀ।

—ਝਗੜਾ ਮੁੰਡਿਆਂ ਮੁੰਡਿਆਂ ਦਾ ਏ ਵੱਡਿਆਂ ਦੇ ਕੰਨੀ ਗੱਲ ਨਾ ਚਾੜ੍ਹੋ ਸਿਰ ਪਾਟਣਗੇ। ਮੈਂ ਇਹਦੇ ਕੰਨ ਪੁਟਦਾ ਹਾਂ। ਮੁੜ ਕੇ ਇਹ ਕਦੀ ਗਾਲ੍ਹ ਨਹੀਂ ਕਢੇਗਾ। ਮੌਲਵੀ ਸਮਝਾ ਰਿਹਾ ਸੀ।

ਮੁੰਡੇ ਤੇ ਸ਼ੈਤਾਨ ਨੂੰ ਅਗੇ ਲਾ ਲੈਂਦੇ ਹਨ, ਮੌਲਵੀ ਨੂੰ ਕੀ ਗਿਣਦੇ ਸਨ। ਉਹਨਾਂ ਰੌਲਾ ਪਾ ਦਿਤਾ ਤੇ ਬਸਤੇ ਅਤੇ ਫਟੀਆਂ ਲੈ ਕੇ ਘਰਾਂ ਨੂੰ ਦੌੜ ਗਏ। ਰਾਤ ਪੈਣ ਤੋਂ ਪਹਿਲਾਂ ਗੱਲ ਸਾਰੇ ਸ਼ਹਿਰ ਵਿਚ ਫੈਲ ਗਈ। ਐਵੇਂ ਮਾੜੀ ਜਹੀ ਅੱਗ ਸੀ, ਭਾਂਬੜ ਮਚ ਗਿਆ। ਗੱਲ ਕਾਜ਼ੀ ਤਕ ਪੁਜ ਗਈ। ਕੁਝ ਬਜ਼ੁਰਗਾਂ ਨੇ ਵਿਚਾਰਿਆ ਕਿ ਗੱਲ ਠੰਡੀ ਮਠੀ ਹੋ ਜਾਏ ਪਰ ਸ਼ੈਤਾਨ ਦੀ ਟੂਟੀ ਮੁੰਡੇ ਕਿਥੋਂ ਨਿਚਲੇ ਬਹਿਣ। ਉਹਨਾ ਸਾਰੇ ਸਿਆਲਕੋਟ ਨੂੰ ਅੱਗੇ ਲਾ ਲਿਆ।

ਭਾਗ ਮਲ ਹਕੀਕਤ ਦੇ ਪਿਤਾ ਤੇ ਮਾਂ ਆਪ ਹੱਥ ਜੋੜਨ ਗਏ। ਮਾਫੀ ਮੰਗੀ। ਮਿੰਨਤਾਂ ਕੀਤੀਆਂ। ਮੁੰਡਿਆਂ ਦਾ ਝਗੜਾ ਏ, ਬਾਲ ਹਨ ਵੱਡੇ ਹੋਣਗੇ, ਸਮਝ ਜਾਣਗੇ। ਕਲ ਇਹਨਾਂ ਫਿਰ ਇੱਕ ਮਿਕ ਹੋ ਜਾਣਾ ਏ। ਤੁਸੀਂ ਮੈਨੂੰ ਗਾਲ੍ਹਾਂ ਕਢੋ, ਮੈਂ ਝੋਲੀ ਅੱਡੀ ਹੋਈ ਏ, ਸਾਰੀਆਂ ਉਹਦੇ ਵਿਚ ਪੁਆ ਲੈਂਦਿਆਂ। ਮਾਂ ਲਿਲੜੀਆਂ ਲੈ ਰਹੀ ਸੀ।

ਭੂਤਨੇ ਇਕ ਘਰੋਂ ਨਿਕਲੇ ਦੂਜੇ ਘਰ ਜਾ ਵੜੇ। ਇਕ ਘਰ ਅੱਗ ਲਗੀ ਦੂਜੇ ਘਰ ਮੱਚ ਉਠੀ। ਕਾਜ਼ੀ ਪ੍ਰੇਸ਼ਾਨ ਹੋ ਗਿਆ।

ਅਗਲੇ ਦਿਨ ਭਰੀ ਪੰਚਾਇਤ ਵਿਚ ਕਚਹਿਰੀ ਬੈਠੀ। ਬਿਆਨ ਹੋਏ। ਭਾਗ ਮਲ ਨੇ ਬੜੀਆਂ ਖਿਦਮਤਾਂ ਕੀਤੀਆਂ ਸਨ ਚੌਧਰੀ, ਕਾਜ਼ੀ ਤੇ ਸ਼ਹਿਰ ਦੇ ਸਿਰ ਕਢ-ਬੰਦਿਆਂ ਨਾਲ। ਬਜ਼ੁਰਗ ਇਹ ਚਾਹੁੰਦੇ ਸਨ ਕਿ ਇਹ ਗੱਲ ਘੱਟੇ ਕੌਡੀਆਂ ਵਿਚ ਰੁਲ ਜਾਏ। ਭਾਗ ਮਲ ਦਾ ਉਹ ਬੜਾ ਅਹਿਤਰਾਮ ਕਰਦੇ ਸਨ ਪਰ ਖਲਕਤ ਦੇ ਮੂੰਹ ਅਗੇ ਕੌਣ ਹੱਥ ਦੇਵੇ।

ਕਾਜ਼ੀ ਨੇ ਤਾੜਨਾਂ ਦੇ ਕੇ ਗੱਲ ਰਫਾ ਦਫਾ ਕਰ ਦਿਤੀ। ਮਾਂ ਨੇ ਘਰ ਆ ਕੇ ਠੰਡੇ ਪਾਣੀ ਦਾ ਕਟੋਰਾ ਪੀਤਾ।

ਤੁੱਖਣੀ ਦੇ ਕੇ ਅੱਗ ਫੇਰ ਮਚਾਈ ਗਈ। ਸ਼ਿਕਾਇਤ ਅਮੀਰ ਬੇਗ ਕੋਲ ਪੁੱਜੀ, ਜਿਹੜਾ ਉਸ ਵੇਲੇ ਸਿਆਲਕੋਟ ਦਾ ਹਾਕਮ ਸੀ। ਉਸ ਵੀ ਕੋਸ਼ਿਸ਼ ਕੀਤੀ ਕਿ ਮਿੱਟੀ

ਪਾਈ ਜਾਏ। ਸਾਡੀਆਂ ਕੰਧਾਂ ਸਾਂਝੀਆਂ ਹਨ। ਸਾਡਾ ਜੱਦੀ ਪੁਸ਼ਤੀ ਲਿਹਾਜ-ਪਿਆਰ ਖ਼ਰਿਆ ਹੋਇਆ ਏ। ਭਾਗ ਮਲ ਜਿੱਡਾ ਇਮਾਨਦਾਰ ਤੇ ਸ਼ਰੀਫ਼ ਬੰਦਾ ਸਾਰੇ ਬਾਹਰੇ ਵਿਚੋਂ ਨਈਂ ਲੱਭ ਸਕਦਾ। ਉਹਦਾ ਇਕਲੌਤਾ ਪੁੱਤ ਏ। ਜੇ ਗ਼ਲਤੀ ਕਰ ਈ ਬੈਠਾ ਏ, ਕੰਨ ਪੁਟੋ, ਚਾਰ ਚੰਡਾ ਮਾਰੋ ਤੇ ਸਮਝਾ ਦਿਓ। ਪਰ ਮੁੰਡਿਆਂ ਨੇ ਤਾਂ ਅਸਮਾਨ ਟਟੀਹਰੀ ਵਾਂਗੂ ਸਿਰ ਤੇ ਚੁਕਿਆ ਹੋਇਆ ਸੀ। ਖ਼ਬਰਾਂ ਹਕੀਕਤ ਦੇ ਸਹੁਰੇ ਘਰ ਵੀ ਪੁਜ ਗਈਆਂ। ਬਟਾਲੇ ਵਾਲੇ ਵੀ ਆ ਗਏ। ਉਹਨਾਂ ਨੇ ਮਾਫ਼ੀ ਮੰਗੀ। ਹੱਥ ਪੈਰ ਜੋੜੇ। ਹਕੀਕਤ ਦੀ ਸੱਸ ਤਾਂ ਨੱਕ ਨਾਲ ਲੀਕਾਂ ਕਢ ਰਹੀ ਸੀ। ਮੁਕੱਦਮਾ ਫਿਰ ਮੁਫ਼ਤੀ ਦੇ ਪੇਸ਼ ਹੋਇਆ। ਉਹ ਤੇ ਅੱਗੇ ਈ ਲੋਹੇ ਦਾ ਥਣ ਸੀ। ਲੋਹਾ ਲਾਖਾ ਹੋ ਗਿਆ। ਇਸਲਾਮ ਦੀ ਤੌਹੀਨ, ਸ਼ਰ੍ਹਾ ਦਾ ਮਜ਼ਾਕ। ਇਕ ਕਾਫ਼ਰ ਦੀ ਇੰਨੀ ਜੁਰਅਤ। ਇਹਦਾ ਫ਼ੈਸਲਾ ਭਰੀ ਕਚਹਿਰੀ ਵਿਚ ਕਲ ਕੀਤਾ ਜਾਏਗਾ। ਹਕੀਕਤ ਰਾਏ ਬੰਦੀਖਾਨੇ ਵਿਚ ਕੈਦ ਸੀ। ਮਲੂਕ ਜਿਹੀਆਂ ਹੱਡੀਆਂ ਜ਼ੰਜੀਰਾਂ ਵਿਚ ਜਕੜਿਆ ਕਚਿਹਰੀ ਵਿਚ ਪੇਸ਼ ਹੋਇਆ, ਉਗਦੇ ਸੂਰਜ ਨਾਲ।

—ਕਿਉਂ ਬਾਲਕ ਤੁਮਨੇ ਬੀਬੀ ਫ਼ਾਤਮਾ ਕੋ ਗਾਲੀ ਦੀ? ਮੁਫ਼ਤੀ ਨੇ ਪੁਛਿਆ।

—ਪਹਿਲਾਂ ਇਹਨਾਂ ਮੁੰਡਿਆਂ ਦੁਰਗਾ ਭਵਾਨੀ ਨੂੰ ਗਾਲ੍ਹਾਂ ਕਢੀਆਂ ਸਨ।

—ਮੈਂ ਸਿਰਫ਼ ਯਹ ਪੂਛਨਾ ਚਾਹਤਾ ਹੂੰ ਕਿ ਤੁਮਨੇ ਗਾਲੀ ਦੀ ਪਹਿਲੇ ਯਾ ਪੀਛੇ?

—ਪਿਛੋਂ ਮੈਂ ਉਦਾਂ ਈ ਆਖਿਆ ਜਿੰਦਾਂ ਮੁੰਡਿਆਂ ਨੇ ਮੇਰੀ ਭਵਾਨੀ ਨੂੰ ਆਖਿਆ ਸੀ।

—ਜੁਰਮ ਇਕਬਾਲ ਏ। ਇਹਦੀ ਸਜ਼ਾ ਸਿਰਫ਼ ਇਕੋ ਏ ਕਬੂਲ ਇਸਲਾਮ। ਅਗਰ ਮੁਜਰਮ ਇਨਕਾਰੀ ਹੈ ਤਾਂ ਗਰਦਨਜ਼ਨੀ ਕੀ ਜਾਏ।

ਹਾਹਾਕਾਰ ਮਚ ਗਈ ਸਾਰੇ ਸਿਆਲਕੋਟ ਵਿਚ।

—ਭਰੀ ਕਚਹਿਰੀ ਵਿਚ ਮਾਤਾ ਕੌਰਾਂ ਝੋਲੀ ਅੱਡੀ ਕਹਿ ਰਹੀ ਸੀ ਕਿ ਮੇਰੀ ਸਾਰੀ ਦੌਲਤ, ਮੇਰਾ ਮਕਾਨ, ਮੇਰੀ ਜਾਇਦਾਦ ਸਾਰੀ ਜੁਰਮਾਨੇ ਵਿਚ ਲੈ ਲਓ ਪਰ ਮੇਰੀਆਂ ਅੱਖਾਂ ਦੇ ਨੂਰ, ਮੇਰੇ ਲਾਡਲੇ ਨੂੰ ਬਖਸ਼ ਦਿਉ। ਜੇ ਇਹ ਕਸੂਰਵਾਰ ਏ ਤਾਂ ਮੈਂ ਮਾਫ਼ੀ ਮੰਗਦੀ ਹਾਂ। ਮੇਰਾ ਇਕੋ ਈ ਮੁੰਡਾ ਏ। ਮੈਨੂੰ ਅਖੋਂ ਅੰਨ੍ਹੀ ਨਾ ਕਰੋ। ਮੁਫ਼ਤੀ ਸਾਹਬ ਤੁਸੀਂ ਵੀ ਬਾਲ ਬੱਚਿਆਂ ਵਾਲੇ ਓ।

ਕੌਣ ਸੁਣਦਾ ਤੇ ਨਕਾਰਖਾਨੇ ਵਿਚ ਤੂਤੀ ਦੀ ਆਵਾਜ਼। ਕਿਸੇ ਨੇ ਗੱਲ ਗੌਲੀ ਨਾ।

—ਕਿਉਂ ਛੋਕਰੇ ਤੈਨੂੰ ਇਸਲਾਮ ਕਬੂਲ ਏ?

—ਮਜ਼ਹਬ ਬਦਲਿਆ ਨਹੀਂ ਜਾਂਦਾ, ਇਹ ਕੁਰਾਨ ਆਖਦਾ ਏ। ਬੰਦਾ ਇਕ ਮਜ਼ਹਬ ਤੇ ਈਮਾਨ ਰਖੇ। ਜਦ ਬੰਦਾ ਦੂਜਾ ਮਜ਼ਹਬ ਅਖਤਿਆਰ ਕਰਦਾ ਏ ਤਾਂ ਉਹ ਕਾਫ਼ਰ ਹੋ ਜਾਂਦਾ ਏ। ਮੈਂ ਇਸਲਾਮ ਦੀ ਤਾਲੀਮ ਲਈ ਏ, ਏਸ ਲਈ ਮੈਂ ਮਜ਼ਹਬ ਬਦਲਣ ਲਈ ਤਿਆਰ ਨਹੀਂ। ਹਕੀਕਤ ਦੇ ਬੋਲ ਸਨ।

—ਇਸ ਕੀ ਜ਼ੁਬਾਨ ਸੇ ਸਾਜ਼ਿਸ਼ ਕੀ ਬੂ ਆਤੀ ਹੈ। ਯੇਹ ਹਕੂਮਤ ਕੇ ਲੀਏ ਕਿਸੀ ਵਕਤ ਭੀ ਖਤਰਨਾਕ ਸਾਬਤ ਹੋ ਸਕਤਾ ਹੈ। ਇਸ ਲੀਏ ਇਸ ਕੀ ਸਜ਼ਾ ਬਹਾਲ ਰਖੀ ਜਾਏ। ਲੇ ਜਾਓ ਇਸ ਕੋ ਕੈਦਖਾਨੇ ਮੇਂ ਔਰ ਬੰਦ ਕਰ ਡਾਲੋ।

ਭਾਗ ਮੱਲ ਤੇ ਉਸ ਦੇ ਕੁੜਮਾਂ ਮੁਫ਼ਤੀ ਦੇ ਕੋਲ ਕਈ ਸਿਫ਼ਾਰਸ਼ਾਂ ਖੜੀਆਂ। ਕਈ

ਪਤਵੰਤਿਆਂ ਹੱਥ ਜੋੜੇ ਪਰ ਉਸ ਇਕੋ ਈ ਨੰਨਾ ਫੜ ਲਿਆ।

ਅਗਲੇ ਦਿਨ ਕਤਲਗਾਹ ਵਿਚ ਫਿਰ ਹਕੀਕਤ ਨੂੰ ਪੁਛਿਆ ਗਿਆ—

—ਖੂਬਸੂਰਤ ਬੇਗਮ ਕੀ ਲੜਕੀ, ਚਾਰ ਗਾਊਂ ਜਾਗੀਰ, ਇਕ ਬੜ੍ਹੀਆ ਅਹੁਦਾ—ਯਹ ਸਭ ਸਰਕਾਰ ਕੀ ਤਰਫ ਸੇ। ਮੈਂ ਪਾਂਚ ਹਜ਼ਾਰ ਮੋਹਰੇਂ ਅਪਨੇ ਘਰ ਸੇ ਦੂੰਗਾ। ਤੁਮ ਬਰਖੁਰਦਾਰ ਇਸਲਾਮ ਕਬੂਲ ਕਰ ਲੋ। ਮੈਂ ਅਪਨੇ ਘਰ ਸੇ ਭੀ ਡੋਲੀ ਦੇ ਸਕਤਾ ਹੂੰ। ਤੁਮਾਰੀ ਮਾਂ ਕਾ ਦੁਖ ਮੁਝ ਸੇ ਦੇਖਾ ਨਹੀਂ ਜਾਤਾ। ਮਾਨ ਜਾਉ ਬੇਟਾ ਮਾਨ ਜਾਓ। ਮੁਫਤੀ ਆਖ ਰਿਹਾ ਸੀ।

—ਕੀ ਇਸਲਾਮ ਕਬੂਲ ਕਰਨ ਨਾਲ ਮੌਤ ਨਈਂ ਆਵੇਗੀ ? ਮੌਤ ਨੇ ਤੇ ਆਉਣਾ ਈ ਏ। ਹੁਣ ਤੇ ਘੋੜੀ ਲੈ ਕੇ ਆਈ ਏ, ਜੰਜੇ ਚੜ੍ਹਨ ਦਿਓ। ਏਸ ਤੋਂ ਸੋਹਣਾ ਵੇਲਾ ਫੇਰ ਨਈਓਂ ਆਉਣਾ ਮਾਂ। ਤੂੰ ਸਮਝ ਲਈਂ, ਮੇਰਾ ਇਕੋ ਮੁੰਡਾ ਸੀ ਉਹ ਵੀ ਧਰਮ ਦੀ ਬੇਦੀ ਤੇ ਕੁਰਬਾਨ ਕਰ ਦਿਤਾ। ਹਕੀਕਤ ਧਰਮ ਨਈਂ ਛੱਡ ਸਕਦਾ, ਜਾਨ ਦੇ ਸਕਦਾ ਏ।

ਜੋ ਤਉ ਪ੍ਰੇਮ ਖੇਲਨ ਕਾ ਚਾਉ,
ਸਿਰ ਧਰ ਤਲੀ ਗਲੀ ਮੇਰੀ ਆਉ।

ਮਾਵਾਂ ਤੇ ਸਿਹਰੇ ਬੰਨ੍ਹ ਕੇ ਟੋਰਦੀਆਂ ਆਈਆਂ। ਖਤਰਾਨੀਆਂ ਤੇ ਗਾਨੇ ਬੰਨ੍ਹ ਕੇ ਟੋਰਦੀਆਂ ਸਨ। ਮਾਂ ਤੇਰੀਆਂ ਅੱਖਾਂ ਵਿਚ ਅੱਥਰੂ ਨੇ। ਸਾਫ ਕਰ ਦੇ ਅੱਥਰੂ ਮੇਰਾ ਰਾਹ ਨਾ ਰੋਕ। ਮੰਜ਼ਲ ਬੜੀ ਖੂਬਸੂਰਤ ਏ। ਮੈਨੂੰ ਅਜ ਹੁਲਾਰੇ ਲੈ ਲੈਣ ਦੇ। ਇਹ ਘੋੜੀ ਮੁੜ ਕੇ ਨਹੀਂਓ ਆਉਣੀ। ਮਾਂ ਮੇਰੀ ਜੇ ਇਕ ਭਾਬੀ ਵੀ ਹੁੰਦੀ, ਮਹਿੰਦੀ ਭਰੇ ਹੱਥਾਂ ਨਾਲ ਸੁਰਮਾ ਪਾਉਂਦੀ। ਮੇਰੀ ਕੋਈ ਭੈਣ ਨਈਂ। ਕਿਸੇ ਗੁਆਂਢਣ ਨੂੰ ਸੱਦ ਲੈ। ਮੇਰੀ ਘੋੜੀ ਦੀਆਂ ਵਾਗਾਂ ਗੁੰਦ ਦੇਵੇ। ਬਾਪੂ ਨੂੰ ਕਹੋ ਮੋਹਰਾਂ ਦੀ ਸੋਟ ਕਰੇ ਪੁਤ ਘੋੜੀ ਚੜ੍ਹਿਆ ਏ। ਜ਼ਿੰਦਗੀ ਵਿਚ ਇਸ ਤੋਂ ਖੂਬਸੂਰਤ ਦਿਨ ਕਦੇ ਨਈਂ ਚੜ੍ਹਨਾ। ਮਾਂ ਆਪਣੀ ਨੂੰਹ ਨੂੰ ਆਖੀਂ, ਤੇਰਾ ਮੇਰਾ ਏਨਾ ਈ ਰਿਸ਼ਤਾ ਸੀ। ਫਿਰ ਮਿਲਾਂਗੇ। ਮੈਂ ਫਿਰ ਆਵਾਂਗਾ ਕਿਸੇ ਮਾਂ ਦਾ ਨੌਂ ਮਹੀਨੇ ਢਿਡ ਗੰਦਾ ਕਰਕੇ। ਫਿਰ ਸਹੀ ਪਰਸੋਂ ਬਸੰਤ ਪੰਚਮੀ ਏ। ਫੁੱਲ ਖਿੜੇ ਹਨ, ਰੁਤ ਦਾ ਦੇਵਤਾ ਮੁਸਕਰਾ ਰਿਹਾ ਏ। ਮਾਂ ਤੂੰ ਆਪਣੇ ਵਿਹੜੇ ਵਿਚ ਫੁੱਲ ਲਾ ਛਡ। ਸਾਰੀ ਉਮਰ ਮਹਿਕ ਦੇਊ। ਮਾਂ ਮੈਨੂੰ ਭਰੀ ਰੁੱਤੇ ਤੋਰ। ਲਾਹ ਲੈਣ ਦੇ ਚਾਅ ਇਹਨਾਂ ਨੂੰ, ਗਾਂ ਕਸਾਈਆਂ ਦੇ ਹੱਥ ਆ ਗਈ ਏ। ਇਹ ਬੁਲਬੁਲਾਂ ਸਦਾ ਬਾਗੀਂ ਨਹੀਂ ਬੋਲਣਗੀਆਂ। ਅੱਗੇ ਕਿਸੇ ਨੇ ਧਰਮ ਛੱਡਿਆ ਏ ਜਿਹੜਾ ਮੈਂ ਛੱਡ ਦੇਵਾਂ। ਹਕੀਕਤ ਰਾਏ ਮੁਸਕਰਾ ਰਿਹਾ ਸੀ।

ਅਚਾਨਕ ਇਕ ਮੁਫਤੀ ਲਾਹੌਰ ਤੋਂ ਆ ਗਿਆ। ਜਦ ਉਸ ਇਹ ਵਾਕਿਆ ਸੁਣਿਆ ਤਾਂ ਫਰਮਾਨ ਜਾਰੀ ਕੀਤਾ—ਇਹ ਤਮਾਸ਼ਾ ਲਾਹੌਰ ਵਿਚ ਹੋਏਗਾ। ਇਥੇ ਭੀੜ ਨਹੀਂ ਜੁੜਦੀ। ਉਥੇ ਮਜਮਾ ਇਕੱਠਾ ਹੋ ਜਾਊ। ਇਹਨਾਂ ਕਾਫਰਾਂ ਨੇ ਇਸਲਾਮ ਨੂੰ ਮਖੌਲ ਸਮਝਿਆ ਹੋਇਐ। ਇਹਨਾਂ ਨੂੰ ਮੌਤ ਦਾ ਖੌਫ ਈ ਨਹੀਂ। ਇਹਨਾਂ ਦੀ ਖਲੜੀ 'ਚ ਡਰ ਈ ਨਈਂ। ਬੋਲ ਲਾਹੌਰ ਵਾਲੇ ਮੁਫਤੀ ਦੇ ਸਨ।

ਹਕੀਕਤ ਨੂੰ ਲਾਹੌਰ ਲੈ ਗਏ।

ਬਸੰਤ ਪੰਚਮੀ ਵਾਲੇ ਦਿਨ ਹਕੀਕਤ ਨੂੰ ਜੱਲਾਦਾਂ ਅਗੇ ਪੇਸ਼ ਕੀਤਾ ਗਿਆ। ਜੱਲਾਦਾਂ ਨੇ ਜ਼ੰਜੀਰਾਂ ਖਿਚੀਆਂ।

—ਐਵੇਂ ਕਿਉਂ ਤਕਲੀਫ ਕਰਦੇ ਓ। ਮੈਂ ਆਪ ਚਲਦਾ ਹਾਂ ਕਤਲਗਾਹ ਵਿਚ। ਹਕੀਕਤ ਬੋਲਿਆ।

—ਮੌਤ ਤੋਂ ਕਾਹਦਾ ਡਰ। ਮੌਤ ਦਾ ਦਿਨ ਈ ਤੇ ਸਭ ਤੋਂ ਖ਼ੂਬਸੂਰਤ ਦਿਨ ਏ। ਹਕੀਕਤ ਦੇ ਬੋਲ ਸਨ।

—ਜਿਸ ਕੌਮ ਵਿਚ ਇਹੋ ਜਿਹੇ ਬਾਲਕ ਪੈਦਾ ਹੁੰਦੇ ਹਨ, ਉਹ ਕੌਮਾਂ ਸਦਾ ਜਿਉਂਦੀਆਂ ਰਹਿੰਦੀਆਂ ਨੇ। ਖ਼ੁਦਾਇਆ ਰਹਿਮ। ਅਸੀਂ ਇਕ ਬੇਕਸੂਰ, ਬੇਗੁਨਾਹ, ਮਾਸੂਮ ਬਾਲਕ ਦੀ ਗਰਦਨ ਉਤਾਰਨ ਲਗੇ ਹਾਂ। ਜ਼ੱਲਾਦ ਨੇ ਇਕ ਵਾਰ ਕਲਮਾ ਪੜ੍ਹਿਆ।

—ਚਿੰਤਾਵਾਨ ਨਾ ਹੋ ਮੇਰੇ ਬਜ਼ੁਰਗ, ਇਸ ਹਕੂਮਤ ਦਾ ਕਾਨੂੰਨ ਅੰਨ੍ਹੇ ਦੀ ਲਾਠੀ ਏ। ਇਹਦੇ ਦਿਨ ਥੋੜ੍ਹੇ ਹਨ। ਚਲੋ ਮੈਂ ਤੁਹਾਨੂੰ ਆਪਣੀ ਗਰਦਨ ਪੇਸ਼ ਕਰਦਾ ਹਾਂ।

ਆਖਦੇ ਹਨ ਧਰਮੀ ਹਕੀਕਤ ਰਾਏ ਨੇ ਆਪ ਆਪਣੀ ਧੌਣ ਝੁਕਾਈ ਤੇ ਜ਼ੱਲਾਦਾਂ ਨੇ ਇਕੋ ਟੱਕ ਨਾਲ ਧੌਣ ਧੜ ਨਾਲੋਂ ਜੁਦਾ ਕਰ ਦਿਤੀ। ਸਾਰੇ ਲਾਹੌਰ ਨੇ ਤਮਾਸ਼ਾ ਦੇਖਿਆ।

ਸਾਰੇ ਪੰਜਾਬ ਦੇ ਹਿੰਦੂ ਮੁਸਲਮਾਨਾਂ ਨੇ ਰੱਤ ਦੇ ਅੱਥਰੂ ਕੇਰੇ। ਹੁਣ ਕੌਮ ਵਿਚ ਹਲੂਣਾ ਆਇਆ ਏ। ਇਸ ਸ਼ਹਾਦਤ ਨੇ ਪੂਰੇ ਪੰਜਾਬ ਵਿਚ ਇਕ ਜੋਸ਼ ਭੜਕਾ ਦਿਤਾ। ਸਾਰੇ ਹਿੰਦੂ ਸਿੱਖਾਂ ਦੇ ਹਮਦਰਦੀ ਬਣ ਗਏ। ਕੌਮ ਇਕ ਨਵਾਂ ਮੋੜ ਲੈ ਰਹੀ ਸੀ।

—ਇਸ ਕੀ ਕਬਰ ਪਰ ਬਸੰਤ ਕੇ ਫੂਲ ਖਿਲੇਂਗੇ। ਹਕੀਕਤ ਰਾਏ ਮਰ ਗਿਆ ਮਗਰ ਇਸਕਾ ਮੁਬਾਰਕ ਨਾਮ ਤਾਕਿਆਮਤ ਜ਼ਿੰਦਾ ਰਹੇਗਾ। ਮੁਫਤੀ ਦੇ ਅਲਫਾਜ਼ ਸਨ।

—ਅਜੇ ਇਕੋ ਕੁਰਬਾਨੀ ਸੁਣੀ ਤੇ ਅੱਥਰੂ ਕੇਰਨ ਬਹਿ ਗਿਆ ਏਂ। ਇਹੋ ਜਿਹੀਆਂ ਬੜੀਆਂ ਕੁਰਬਾਨੀਆਂ ਨੇ ਜਿਹੜੀਆਂ ਸਾਡੇ ਕੰਨੀਂ ਨਈਂ ਚੜ੍ਹੀਆਂ। ਹਿੰਦੂ ਵੀ ਸਿੱਖਾਂ ਨਾਲ ਮੋਢਾ ਜੋੜਨ ਲਗ ਪਏ।

ਫੁਲਵਾੜੀ ਵਿਚ ਹੁਣ ਸ਼ਹੀਦਾਂ ਦੇ ਕਤਾਰਾਂ ਵਿਚ ਫੁੱਲ ਖਿੜਨਗੇ। ਬਸੰਤ ਹਰ ਸਾਲ ਆਏਗੀ ਤੇ ਹਕੀਕਤ ਦੀ ਸਮਾਧ ਤੇ ਹਰ ਸਾਲ ਫੁੱਲ ਖਿੜਨਗੇ। ਫੁੱਲ ਚੜ੍ਹਨਗੇ। ਮਾਵਾਂ ਸੁੱਖਣਾ ਸੁੱਖਣ ਆਇਆ ਕਰਨਗੀਆਂ ਕਿ ਉਹਨਾਂ ਦੀ ਕੁੱਖ ਵਿਚੋਂ ਹਕੀਕਤ ਵਰਗੇ ਪੁੱਤ ਜੰਮਣ। ਪੰਜਾਬ ਫਖ਼ਰ ਕਰੂ ਇਹਨਾਂ ਸ਼ਹੀਦਾਂ ਤੇ। ਬਹਾਰਾਂ ਫਿਰ ਆਉਣਗੀਆਂ।

31

ਆਵਾਜ਼ਾਂ ਸੁਣਨ ਲੋਕਾਂ ਦੀਆਂ

ਫੇਰ ਇਕ ਵਾਰ ਹਾਹਾਕਾਰ ਮੱਚ ਗਈ, ਜਦ ਪੰਜਾਬ ਵਾਲਿਆਂ ਸੁਣਿਆ ਕਿ ਅਹਿਮਦ ਸ਼ਾਹ ਅਬਦਾਲੀ ਫੇਰ ਆ ਰਿਹੈ। ਲੋਕਾਂ ਜ਼ਰਾ ਕੁ ਕੱਦ ਕੱਢੀ ਕੁੜੀ ਦਾ ਪਲਾਂ ਵਿਚ ਈ ਵਿਆਹ ਰਚਾ ਦਿੱਤਾ। ਉਹਦੀ ਮਾਂਗ ਵਿਚ ਸਿੰਧੂਰ ਚਾਹੀਦੈ। ਉਹਦੇ ਤੇ ਘੱਟ ਈ ਨਜ਼ਰ ਰਖਦੇ ਹਨ ਪਠਾਨ ਲੁਟੇਰੇ।

—ਉਹ ਜੂਠੀ ਵਰਤੀ ਹੋਈ ਅਤੇ ਸਿੰਧੂਰ ਵਾਲੀ ਮੁਟਿਆਰ ਨੂੰ ਨਹੀਂ ਸਨ

ਚੁਕਦੇ। ਉਹ ਕਵਾਰੇ ਡੋਲੇ ਭਾਲਦੇ ਫਿਰਦੇ ਸਨ। ਉਹਨਾਂ ਨੂੰ ਘਾਟ ਨਹੀਂ ਸੀ ਤੇ ਉਧਰ ਨਸਲ ਖ਼ਰਾਬ ਹੋ ਰਹੀ ਸੀ।

—ਦਲ ਵਾਲੇ ਸੋਚ ਰਹੇ ਸਨ ਪਰ ਵਿਚ-ਵਿਚ ਦਾਅ ਲੱਗ ਜਾਂਦਾ ਉਨ੍ਹਾਂ ਹਾਕਮਾਂ ਦਾ, ਜਿਹੜੇ ਅਹਿਮਦ ਸ਼ਾਹ ਅਬਦਾਲੀ ਦੇ ਕਾਰਿੰਦੇ ਸਨ। ਹਕੂਮਤ ਅਹਿਮਦ ਸ਼ਾਹ ਅਬਦਾਲੀ ਦੀ ਸੀ। ਜਦ ਤੱਕ ਕੋਈ ਬੜ੍ਹਕਾਂ ਮਾਰਦਾ ਲੋਕ ਭੈਅ ਖਾਂਦੇ ਤੇ ਜਦ ਉਹ ਜੇਹਲਮ ਟੱਪ ਜਾਂਦਾ ਤਾਂ ਫੇਰ ਦਲ ਵਾਲੇ ਸੂਰਮੇ ਉੱਠ ਕੇ ਜੈਕਾਰੇ ਗਜਾਉਂਦੇ ਤੇ ਫੇਰ ਛੱਡੀਆਂ ਮਾਰਾਂ ਵੀ ਮਾਰ ਬੈਠਦੇ। ਉਹ ਸਿਰਫ਼ ਓਸ ਵੇਲੇ ਇਉਂ ਈ ਭਾਲਦੇ ਸਨ। ਅਹਿਮਦ ਸ਼ਾਹ ਚੜ੍ਹਾਈ ਕਰ ਰਿਹਾ ਹੋਵੇ। ਉਹ ਉਹਦੇ ਸਾਹਮਣੇ ਖੜ੍ਹੇ ਹੋ ਕੇ ਕਿਉਂ ਲੜਨ। ਅਹਿਮਦ ਸ਼ਾਹ ਅਬਦਾਲੀ ਤੋਪਾਂ ਦਾ ਮਾਲਕ ਤੇ ਇਧਰ ਸਿੰਘਾਂ ਕੋਲ ਪੂਰੀਆਂ ਤਲਵਾਰਾਂ ਵੀ ਨਹੀਂ ਸਨ। ਘੋੜੇ ਤਾਂ ਵਿਚਾਰਿਆਂ ਲਈ ਸੌਗਾਤ ਬਣ ਗਏ ਸਨ। ਸੁੱਥ ਦੀ ਗੰਢੀ ਹੋ ਗਿਆ ਸੀ ਘੋੜਾ। ਲੁੱਟ ਵੇਲੇ ਜਿਹੜੇ ਘੋੜੇ ਹੱਥ ਲਗਦੇ, ਉਹਨਾਂ ਤੇ ਲੰਬਰਦਾਰ ਦੀ ਅੱਖ ਟਿੱਕ ਜਾਂਦੀ ਤੇ ਉਹ ਬਹਾਨਾ ਪਾ ਕੇ ਉਹਦੇ ਤੋਂ ਖੋਹ ਲੈਂਦੇ। ਮਾੜੇ ਤੇ ਗ਼ਰੀਬ ਬੰਦੇ ਨੂੰ ਕੁਝ ਨਸੀਬ ਨਾ ਹੁੰਦਾ।

ਉੱਚੀ ਦੁਕਾਨ ਤੇ ਫਿੱਕਾ ਪਕਵਾਨ। ਗੱਲੀ ਬਾਤੀਂ ਮੈਂ ਵੱਡੀ ਤੇ ਕਰਤੂਤੋਂ ਜੇਠਾਣੀ। ਦਲ ਵਿਚ ਈ ਜੁੱਤੀ ਵਾਲੇ ਦਾ ਜ਼ੋਰ ਮੰਨਿਆ ਜਾਂਦਾ। ਪਰ ਹੁਣ ਨਾ ਘੋੜਿਆਂ ਦੀ ਘਾਟ ਸੀ ਤੇ ਨਾ ਤਲਵਾਰਾਂ ਦੀ। ਸੂਰਮੇ ਦੁਮਾਲੇ ਸਜਾ ਕੇ ਪੈਲਾਂ ਪਾ ਰਹੇ ਸਨ।

ਅਹਿਮਦ ਸ਼ਾਹ ਅਬਦਾਲੀ ਦਾ ਡਰ ਬੜਾ ਸੀ, ਦਹਿਸ਼ਤ ਬਹੁਤ ਸੀ ਪਰ ਦਲ ਤਾਂ ਪੰਜਾਬ ਵਿਚ ਚੱਕਰਵਰਤੀ ਸੀ। ਭਾਵੇਂ ਪੰਜਾਬ ਸਹਿਕ ਗਿਆ ਸੀ। ਹੁਣ ਉਹਨੂੰ ਹਮਲਿਆਂ ਤੋਂ ਡਰ ਨਹੀਂ ਸੀ ਆਉਂਦਾ। ਘਰ 'ਚ ਬੈਠੀਆਂ ਸਵਾਣੀਆਂ, ਪ੍ਰਭਾਣੀਆਂ ਇਕੱਠੀਆਂ ਬੈਠਦੀਆਂ ਤੇ ਆਖਦੀਆਂ :-

—ਡਰ ਕਾਹਦਾ ਏ, ਹਊਆ ਏ ਅਹਿਮਦ ਸ਼ਾਹ ਅਬਦਾਲੀ। ਕਈ ਵਾਰ ਆਇਆ ਤੇ ਕਈ ਵਾਰ ਗਿਆ। ਡਰਨ ਦੀ ਕੋਈ ਲੋੜ ਨਹੀਂ, ਜਦ ਬੁੱਢਾ ਦਲ ਤੁਹਾਡੇ ਦੁਆਬੇ ਤੇ ਮਾਲਵੇ ਵਿਚ ਚੱਕਰਵਰਤੀ ਏ।

ਜੱਸਾ ਸਿੰਘ ਆਹਲੂਵਾਲੀਏ ਨੇ ਤੇ ਢੰਢੋਰਾ ਪਿਟਵਾ ਦਿੱਤਾ ਸੀ ਪਿੰਡ-ਪਿੰਡ ਵਿਚ ਤੇ ਢੋਲ ਵਜਾ ਕੇ ਆਖਿਆ ਸੀ ਕੋਈ ਬੰਦਾ ਡਰੇ ਨਾ, ਨੱਸੇ ਨਾ। ਅਸੀਂ ਤੁਹਾਨੂੰ ਆਪਣੀ ਰਾਖੀ 'ਚ ਰੱਖਾਂਗੇ। ਤੇ ਬੁੱਢੀਆਂ ਇਉਂ ਆਖਦੀਆਂ, "ਓਹ ਵੇਖ ਆ ਗਏ ਨੇ ਨਿਹੰਗ, ਬੂਹਾ ਖੋਲ੍ਹ ਦੇ ਨਿਸੰਗ।"

ਜਦ ਦਲ ਪੰਜਾਬ ਵਿਚ ਹੋਵੇਗਾ ਤਾਂ ਅਹਿਮਦ ਸ਼ਾਹ ਅਬਦਾਲੀ ਕਦੇ ਵੀ ਸਾਹਮਣੇ ਹੋ ਕੇ ਟੱਕਰ ਨਹੀਂ ਲੈਣ ਲੱਗਾ। ਹੋਰ ਕੋਈ ਰਾਹ ਲੱਭੇਗਾ।

ਐਤਕੀਂ ਅਹਿਮਦ ਸ਼ਾਹ ਅਬਦਾਲੀ ਤਿਆਰੀਆਂ ਕਰਕੇ ਆਇਐ ਤੇ ਉਹਦੇ ਸਾਹਮਣੇ ਸ਼ਿਕਾਰ ਏ ਦਿੱਲੀ।

ਤੇ ਇਧਰ ਦਲ ਵਾਲਿਆਂ ਨੇ ਕਮਰ ਕੱਸੇ ਕੀਤੇ ਹੋਏ ਨੇ। ਓਸ ਪੰਜਾਬ 'ਚ ਲੁੱਟਮਾਰ ਕਰਨੀ ਏ ਪਰ ਨਿਹੰਗ ਸਿੰਘਾਂ ਨੇ ਵੀ ਕਸਮ ਖਾਧੀ ਹੋਈ ਏ ਕਿ ਅਸੀਂ ਵੀ ਸਿਰ ਕੱਢ ਕੇ ਪੰਜਾਬ ਵਿਚ ਫਿਰਨਾ ਏ, ਬਿੜਕਾਂ ਰੱਖਣੀਆਂ ਨੇ। ਅਹਿਮਦ ਸ਼ਾਹ ਅਬਦਾਲੀ ਕਿੱਧਰ ਨੂੰ ਜਾ ਰਿਹੈ, ਪੈੜਾਂ ਪਛਾਣਾਂਗੇ। ਜੇ ਗੁਰੂ ਨੇ ਚਾਹਿਆ ਤਾਂ ਐਤਕੀਂ ਆਹਮਣੇ-ਸਾਹਮਣੇ ਹੋ ਕੇ ਵੇਖਣੈ।

—ਇਹ ਐਵੇਂ ਦਮਗਜੇ ਹਨ। ਅਬਦਾਲੀ ਦਾ ਨਾਂ ਸੁਣਦਿਆਂ ਈ ਇਹਨਾਂ ਭਿੱਜੀ ਬਣ ਜਾਣੈ।

—ਡਰਦੇ ਕਿਉਂ ਓ, ਮਰਦ ਬਣੋ, ਅਸੀਂ ਤੁਹਾਡੀ ਪਿੱਠ ਪਿੱਛੇ ਆਂ। ਪਰ ਵਿਚ-ਵਿਚ ਲੋਕ ਇਹ ਵੀ ਕਹਿਣ ਲੱਗ ਪਏ ਸਨ, ਉਹ ਆਏ ਨੀ ਨਿਹੰਗ।

ਨਿਹੰਗ ਤੁਹਾਡੇ ਪੰਜਾਬ ਦੀ ਰਾਖੀ ਕਰਨਗੇ। ਜਾਓ ਸੌਂ ਜਾਓ ਬਾਂਹ ਸਿਰਾਹਣੇ ਰੱਖ ਕੇ। ਤੁਹਾਡੀਆਂ ਜਵਾਨ ਕੁੜੀਆਂ ਦੀ ਅਸੀ ਰਾਖੀ ਕਰਾਂਗੇ। ਉਹ ਦਿਨ ਹਵਾ ਹੋਏ ਜਦ ਖ਼ਲੀਲ ਖ਼ਾਂ ਫ਼ਾਖਤਾ ਉਡਾਉਂਦੇ ਸਨ।

ਇਕ ਹੋਰ ਆਵਾਜ਼ ਸੁਣੋ।

32

ਅਮਰ ਵੇਲਾ

—ਸੁਣਾ ਬਈ ਸਿੰਘਾਂ ਘਰ ਦੇ ਜੀਆ ਜੰਤ ਦਾ ਕੀ ਹਾਲ ਆ?

ਤੁਸੀਂ ਹੁਣ ਦੀ ਗੱਲ ਪੁੱਛ ਰਹੇ ਹੋ ਜਾਂ ਪਹਿਲਾਂ ਦੀ। ਅਜ ਕਲ ਵੀ ਸੁਖ ਨਹੀਂ ਤੇ ਪਹਿਲਾਂ ਵੀ ਸੁਖ ਨਹੀਂ ਸੀ। ਪੰਜਾਬ ਦਾ ਕੋਈ ਘਰ ਨਹੀਂ ਸੀ, ਜਿਹਦੇ ਵਿਹੜੇ ਵਿਚ ਦੁਹੱਥੜਾਂ ਮਾਰ ਕੇ ਸਿਆਪਾ ਨਹੀਂ ਸੀ ਹੁੰਦਾ। ਹਰ ਘਰ ਵਿਚ ਕੋਈ ਨਾ ਕੋਈ ਜੀ ਚਲਾਣਾ ਕਰ ਗਿਆ ਸੀ। ਮੁਸਲਮਾਨਾਂ ਦੇ ਘਰਾਂ ਵਿਚ ਵੀ ਇਹੋ ਜਿਹਾ ਹਾਲ ਸੀ। ਹੁਕਮ ਸਰਕਾਰੀ ਚੜ੍ਹੇ ਤੇ ਕੌਣ ਵੇਖਦਾ ਏ ਕਿ ਹਾਕਮ ਕਿਹੜਾ ਬੰਦਾ ਫੜ ਰਿਹਾ ਏ? ਇਹ ਸਿੰਘਾਂ ਦਾ ਘਰ ਏ ਜਾਂ ਹਿੰਦੂਆਂ ਜਾਂ ਮੁਸਲਮਾਨਾਂ ਦਾ? ਉਹਨਾਂ ਤਾਂ ਆਪਣੀ ਕਾਰ ਗੁਜ਼ਾਰੀ ਵਿਖਾਉਣੀ ਸੀ। ਉਹਨੂੰ ਕੀ ਜਿਹੜਾ ਬੰਦਾ ਟੇਟੇ ਚੜ੍ਹ ਗਿਆ, ਉਹਦਾ ਈ ਸਿਰ ਧੜ ਤੋਂ ਜੁਦਾ ਕਰ ਦਿੱਤਾ ਜਾਂਦਾ। ਜਦ ਹਾਕਮ ਇਹ ਗੱਲ ਪੁਛਦਾ ਕਿ ਸਿੰਘ ਨਹੀਂ ਤੇ ਉਹ ਫੱਟ ਹੀ ਆਪਣੀ ਬੋਲੀ ਬਦਲ ਲੈਂਦੇ ਤੇ ਆਖਦੇ ਕਿ ਇਹ ਕਾਫ਼ਰ ਬੜਾ ਬਦਜ਼ਬਾਨ ਸੀ। ਅਸੀ ਇਹਦੇ ਕੇਸ ਮੁੰਨ ਦਿਤੇ ਨੇ ਤੇ ਇਹਦੀ ਦਾਹੜੀ ਤੇ ਮੁੱਛਾਂ ਮੁਹੰਮਦੀ ਬਣਾ ਦਿਤੀਆਂ ਨੇ। ਅਸੀਂ ਤੇ ਇਹਦੇ ਜਿਉਂਦਿਆਂ ਈ ਇਹ ਕਾਰਾ ਕਰ ਦਿਤਾ ਸੀ। ਜੇ ਸਿੰਘ ਹਕੂਮਤ ਦੇ ਵੈਰੀ ਹਨ ਤਾਂ ਮੁਸਲਮਾਨ ਪੰਜਾਬੀ ਵੀ ਉਨੇ ਈ ਦੁਸ਼ਮਣ ਹਨ। ਇਹ ਸਾਲੇ ਸਿੱਖਾਂ ਦਾ ਈ ਪੱਖ ਪੂਰਦੇ ਹਨ। ਪਤਾ ਨਈਂ ਸਿੰਘ ਇਹਨਾਂ ਨੂੰ ਦੁਧਨਾ ਪਕਾ ਕੇ ਖੁਆਉਂਦੇ ਹਨ ਪਰ ਸਿੰਘ ਇਰਾਦੇ ਦੇ ਬੜੇ ਪੱਕੇ ਸਨ। ਕੇਸਾਂ ਤੇ ਦਾਹੜੀ ਨੂੰ ਹੱਥ ਨਾ ਲਾਉਣ ਦਿੰਦੇ। ਸਿਰ ਦੇ ਦਿੰਦੇ ਪਰ ਸੀ ਨਾ ਕਰਦੇ। ਹਜ਼ੂਰ ਅਸੀ ਸਾਰੇ ਬਾਹਰੇ ਵਿਚ ਕੋਈ ਸਿੰਘ ਰਹਿਣ ਨਈਂ ਦਿਤਾ। ਖੰਘਦਾ ਨੀ ਸਾਰੀ ਮੱਲ ਗੁਜ਼ਾਰ ਵਿਚ ਕੋਈ ਸਿੰਘ। ਹਾਕਮ ਖੁਸ਼ ਹੋ ਜਾਂਦਾ। ਇਨਾਮ ਲੈ ਕੇ ਆਉਂਦਾ ਟੁਕੜ ਬੋਚ ਫ਼ੌਜ ਦਾ ਬੰਦਾ। ਆਖਣ ਲੱਗਾ ਧਾਰਾ ਸਿੰਘ।

ਲਾਗਿਓਂ ਮਨਸਾ ਸਿੰਘ ਬੋਲ ਉਠਿਆ, "ਧਾਰਾ ਸਿਆਂ ਤੈਨੂੰ ਤੇ ਯਾਰ ਮੁਹੰਮਦੀ ਜ਼ਬਾਨ ਵੀ ਆ ਗਈ ਏ—ਜਿਆ ਦੇਸ ਤਿਆ ਭੇਸ। ਮੁਸਲਮਾਨਾਂ 'ਚ ਰਹਿਣ ਲਈ ਉਹਨਾਂ ਦੀ ਜ਼ਬਾਨ ਸਿਖਣੀ ਪਏਗੀ। ਮੈਨੂੰ ਤੇ ਯਾਰ ਕੁਰਾਨ ਦੀਆਂ ਆਇਤਾਂ ਵੀ ਪੜ੍ਹਨੀਆਂ

ਆਉਂਦੀਆਂ ਨੇ। ਕਦੀ ਮੇਰੀਆਂ ਕੱਵਾਲੀਆਂ ਸੁਣੀਆਂ ਈ। ਕੋਈ ਬੰਦਾ ਕਹਿ ਨਈ ਸਕਦਾ ਕਿ ਮੈਂ ਅੱਲਾ ਰਸੂਲ ਤੇ ਈਮਾਨ ਨਈਂ ਆਂਦਾ। ਜਦ ਮੈਂ ਵਜਦ ਵਿਚ ਆ ਕੇ ਧਮਾਲ ਪਾਉਂਦਾ ਹਾਂ ਤੇ ਮੇਰੇ ਬੋਲ ਜਦ ਉਭਰਦੇ ਹਨ ਤਾਂ ਨਸ਼ਿਆ ਜਾਂਦਾ ਏ ਸਾਰਾ ਮਜਮਾ। "ਮਦੀਨੇ ਬੁਲਾ ਲੇ ਮੁਝੇ।" ਮੇਰੇ ਤੇ ਉਹਨਾਂ 'ਚ ਫਰਕ ਕੀ ਏ। ਮੁਸਲਮਾਨ ਬਣ ਕੇ ਇਹਨਾਂ ਦੀਆਂ ਰੇਝਾਂ ਪੀਣੀਆਂ ਨੇ। ਇਹਨਾਂ ਦੇ ਬੁਥਾੜ ਸੇਕਣੇ ਨੇ। ਚੂਲੀਆਂ ਭਰ ਭਰ ਇਹਨਾਂ ਦਾ ਲਹੂ ਨਾ ਪੀਤਾ ਤਾਂ ਮੇਰਾ ਨਾਂ ਵੀ ਬਿਜਲਾ ਸਿੰਘ ਨਈਂ। ਧਾਰਾ ਸਿੰਘ ਨੇ ਵਿਚੋਂ ਗੱਲ ਟੋਕੀ। ਬਿਧੀ ਚੰਦ ਨੇ ਜੇ ਮੁਸਲਮਾਨੀ ਲਿਬਾਸ ਪਾ ਲਿਆ ਤਾਂ ਕੀ ਉਹਦੇ ਕੰਨ ਕਾਲੇ ਹੋ ਗਏ ਸਨ। ਉਹਨੂੰ ਲੱਖ ਵਾਰ ਹਕੂਮਤ ਵਾਲੇ ਮੁਸਲਮਾਨ ਆਖ ਲੈਣ, ਸਈਅਦ ਦਾ ਰੁਤਬਾ ਦੇ ਦੇਣ ਪਰ ਆਪਣੇ ਭਰਾਵਾਂ ਨੂੰ ਤਾਂ ਉਹਨੂੰ ਨਈਂ ਨਾ ਚੌਕੇ ਵਿਚੋਂ ਛੇਕਿਆ! ਮੈਂ ਤਾਂ ਸਮਝਦਾ ਹਾਂ ਕਿ ਜੇ ਉਹਨਾਂ ਨਾਲ ਇਕ ਕੁਨਾਲੀ ਵਿਚ ਬਹਿ ਕੇ ਖਾ ਵੀ ਲਿਆ ਜਾਏ ਤੇ ਕੋਈ ਹਰਜ ਨਈਂ। ਮਹਾਤਮਾ ਚੈਨਕ ਆਖਦਾ ਏ ਜੇ ਤੁਰਕਣੀ ਨਾਲ ਯੁਧ ਵੀ ਕਰਨਾ ਪੈ ਜਾਏ ਤਾਂ ਵੀ ਈਮਾਨ ਨੀ ਜਾਂਦਾ। ਧਰਮ ਬਚਾਉਣ ਲਈ ਜੋ ਕਸਬ ਕਰਨਾ ਪਵੇ ਕਰੇ, ਪਰ ਆਪਣੇ ਧਰਮ ਭਰਾਵਾਂ ਨੂੰ ਬਚਾ ਲਵੇ।

—ਕੀ ਬਿਧੀ ਚੰਦ ਵੀ ਖਾ ਲਿਆ ਕਰਦਾ ਸੀ ਮੁਸਲਿਆਂ ਨਾਲ? ਧਾਰਾ ਸਿੰਘ ਬੋਲਿਆ।

—ਚੋਰੀ ਕਰ ਲਈ ਗੁਰੂ ਦੇ ਨਾਂ ਤੇ। ਜੇ ਖਾਣਾ ਵੀ ਪੈ ਗਿਆ ਤਾਂ ਵੀ ਕੋਈ ਪਾਪ ਨਹੀਂ। ਹਰਿਮੰਦਰ ਸਾਹਿਬ ਨਹਾ ਲਓ ਸਰੀਰ ਵੀ ਪਵਿੱਤਰ ਹੋ ਜਾਏਗਾ ਤੇ ਆਤਮਾ ਵੀ ਪਵਿੱਤਰ ਹੋ ਜਾਏਗੀ। ਰਾਮ ਦਾਸ ਸਰੋਵਰਿ ਨਾਤੇ....ਮਨਸਾ ਸਿੰਘ ਦੀ ਆਵਾਜ਼ ਉਭਰੀ।

—ਵਾਰੇ ਵਾਰੇ ਜਾਈਏ ਬਿਧੀ ਚੰਦ ਦੇ, ਜਿਸ ਨੇ ਗਏ ਘੋੜੇ ਲੈ ਆਂਦੇ ਭਾਵੇਂ ਚੋਰੀ ਕਰਕੇ ਆਂਦੇ ਜਾਂ ਨਠਾ ਕੇ। ਗੁਰੂ ਦੀਆਂ ਅਸੀਸਾਂ ਲੈ ਲਈਆਂ। ਬਿਧੀ ਚੰਦ ਬਾਰੇ ਸਿੰਘ ਆਖਿਆ ਕਰਦੇ ਸਨ—ਬਿਧੀ ਚੰਦ ਛੀਨਾਂ ਗੁਰੂ ਕਾ ਸੀਨਾ। ਅਸਾਂ ਜਿਹੜਾ ਬੀੜਾ ਚੁਕਿਆ ਏ, ਗੁਰੂ ਫਤਹਿ ਈ ਕਰੂ। ਇਕ ਤਾਂ ਸਾਡੇ ਗੁਰੂ ਦੀ ਗੋਲਕ ਭਰੀ ਰਹੇ ਤੇ ਦੂਜਾ ਲੰਗਰ ਦਾ ਸਦਾਵਰਤ ਚਲਦਾ ਰਹੇ ਤੇ ਤੀਜਾ ਪੰਜਾਬ ਦੇ ਲੋਕ ਸਾਡੇ ਮਗਰ ਹੁੰਗਾਰਾ ਭਰਦੇ ਰਹਿਣ। ਬਸ ਫਿਰ ਅਸੀਂ ਹਕੂਮਤ ਦੀਆਂ ਮੁਸ਼ਕਾਂ ਬੰਨ੍ਹ ਲਾਂਗੇ। ਫਿਰ ਵੇਖਾਂਗੇ ਜੂੜਿਆਂ ਕੌਣ ਖੋਲਦੈ? ਸਿੰਘਾਂ ਨੂੰ ਖੁੰਬ ਠਪਣੀ ਆਉਂਦੀ ਐ। ਹਰਿਮੰਦਰ ਸਾਹਿਬ 'ਚ ਜੋਤ ਜਲਦੀ ਰਹੇ ਤੇ ਅਸੀਂ ਉਸ ਤੋਂ ਰੋਸ਼ਨੀ ਲੈਂਦੇ ਰਹੀਏ। ਬਿਜਲਾ ਸਿੰਘ ਦਾ ਵਿਸ਼ਵਾਸ ਸੀ।

ਧਾਰਾ ਸਿੰਘ ਬੋਲਿਆ—ਕੀ ਜਿਹੜੀ ਜਾਗੀਰ ਨਵਾਬ ਨੇ ਦਿੱਲੀਉਂ ਆਂਦੀ ਏ, ਇਹਨੂੰ ਸਿੱਖ ਕਬੂਲ ਕਰ ਲੈਣਗੇ।

ਖਿਲਤ ਵੀ ਪਹਿਨੀ ਜਾਏਗੀ ਤੇ ਜਾਗੀਰ ਵੀ ਕਬੂਲ ਕਰ ਲੈਣਗੇ। ਪਰ ਯਾਰ ਇਹ ਬਹੁਤੇ ਦਿਨ ਨਈਂ ਚਲਣੀ। ਇਹਨਾਂ ਦਾ ਇਤਬਾਰ ਕੋਈ ਨਈਂ। ਟਿੰਡ ਦਾ ਕੀ ਏ, ਕਦ ਰਿੜ੍ਹ ਪਵੇ। ਇਹ ਬੇਪੈਂਦੇ ਦੇ ਲੋਟੇ ਹਨ। ਚਲੋ ਜੇ ਇਕ ਸਾਲ ਵੀ ਜਾਗੀਰ ਚਲ ਜਾਏ, ਘੋੜੇ ਕਾਠੀਆਂ, ਗੋਲਾ ਬਾਰੂਦ ਈ ਖਰੀਦ ਲਵਾਂਗੇ। ਤੋਪਾਂ ਨਹੀਂ, ਤਾਂ ਨਾ ਸਹੀ। ਤੋਪਾਂ ਤੇ ਖੋਹੀਆਂ ਜਾ ਸਕਦੀਆਂ ਨੇ। ਇਕ ਦੋ ਗੱਡੀਆਂ ਵੀ ਸਾਡੇ ਕਾਬੂ ਵਿਚ

ਆ ਗਈਆਂ ਤਾਂ ਫਿਰ ਸਰ ਜਾਏਗਾ। ਅਨਾਜ ਦੇ ਜ਼ਖੀਰੇ ਜੇ ਗੁਰੂ ਨੇ ਚਾਹਿਆ ਤਾਂ ਹੱਥ ਲਗਣਗੇ ਤੇ ਫਿਰ ਸਮਝੋ ਸਾਡੇ ਪੈਰ ਪੱਕੇ ਹੋ ਗਏ। ਪੰਜਾਬ ਦੇ ਪੈਰ ਸਾਡੇ, ਧਰਤੀ ਸਾਡੀ, ਲੋਕ ਸਾਡੇ, ਘਰ ਦੁਆਰ ਸਾਡੇ, ਇਕ ਹਕੂਮਤ ਈ ਗ਼ੈਰ ਦੀ ਏ ਨਾ। ਹਕੂਮਤ ਬਦਲੀ ਜਾ ਸਕਦੀ ਏ। ਜਨਤਾ ਹਕੂਮਤ ਬਦਲ ਲੈਂਦੀ ਏ। ਲੋਕ ਈ ਹਕੂਮਤ ਬਣਾਉਂਦੇ ਹਨ ਤੇ ਲੋਕ ਹੀ ਉਹਦਾ ਫੱਕਾ ਮਾਰ ਦਿੰਦੇ ਹਨ। ਸਾਨੂੰ ਤੇ ਗੁਰਾਂ ਨੇ ਹਕੂਮਤ ਬਖ਼ਸ਼ੀ ਏ। ਖਿਜਲਾ ਸਿੰਘ ਨੇ ਸਾਰਿਆਂ ਦੇ ਮਨ ਪੱਕੇ ਕਰ ਦਿਤੇ।

ਧਾਰਾ ਸਿੰਘ ਦੇ ਬੋਲ ਸਨ, "ਅੰਮ੍ਰਿਤਸਰ ਦਾ ਸਰੋਵਰ ਸਾਡੀ ਕਾਸ਼ੀ, ਸਾਡਾ ਹਰਦੁਆਰ ਏ। ਜੇ ਸਾਡਾ ਇਹ ਸਰੋਵਰ ਪਵਿੱਤਰ ਰਹੇ ਤਾਂ ਸਿੰਘਾਂ ਦਾ ਕੋਈ ਵਾਲ ਵਿੰਗਾ ਨਈਂ ਕਰ ਸਕਦਾ। ਸਿੰਘਾਂ ਦਾ ਵਿਸ਼ਵਾਸ ਅਟੱਲ ਏ। ਸਿੰਘਾਂ ਦੇ ਇਰਾਦੇ ਪੱਥਰ ਦੇ ਹਨ। ਸਿੰਘ ਪਹਾੜ ਹਨ, ਜਿਹੜਾ ਵੀ ਇਹਨਾਂ ਨਾਲ ਟਕਰਾਇਆ, ਉਹ ਚੂਰ ਚੂਰ ਹੋ ਗਿਆ। ਉਹ ਫੀਤੀ ਫੀਤੀ ਹੋ ਗਿਆ।"

ਧਾਰਾ ਸਿੰਘ ਨੇ ਆਖਿਆ, "ਅਮਰ ਵੇਲ ਹਕੂਮਤ ਦੀ ਫੈਲ ਗਈ। ਇਕ ਦਿਨ ਏਸ ਨੇ ਉਹਨੂੰ ਸਾਰੀ ਨੂੰ ਢੱਕ ਲੈਣਾ ਏ। ਅਸਾਂ ਗੁਲਾਮੀ ਦਾ ਜੂਲਾ ਲਾਹ ਸੁਟਣਾ ਏ। ਇਹ ਛਟ ਰਹਿਣ ਨਈਂ ਦੇਣੀ। ਭਾਵੇਂ ਸਿਰ ਦੇਣੇ ਪੈਣ ਤੇ ਭਾਵੇਂ ਸ਼ਹੀਦੀਆਂ ਦੇਣੀਆਂ ਪੈਣ।"

33

ਉਸ਼ਕਲ ਦਿੱਤੀ

ਮੁਗ਼ਲਾਂ ਜ਼ਹਿਰ ਪਿਆਲੇ ਪੀਤੇ।
ਭੂਰਿਆਂ ਵਾਲੇ ਰਾਜੇ ਕੀਤੇ॥

ਮੁਗ਼ਲ ਹਕੂਮਤ ਲਈ ਅਹਿਮਦ ਸ਼ਾਹ ਅਬਦਾਲੀ ਹਊਆ ਸੀ ਤੇ ਭੂਤ ਵਾਂਗੂੰ ਸਵਾਰ ਸੀ। ਆਖ਼ਰ ਟੱਕਰ ਪਾਨੀਪਤ ਵਿਚ ਲੈਣ ਦਾ ਫ਼ੈਸਲਾ ਹੋਇਆ। ਸ਼ਹਿ ਮਰਹੱਟਿਆਂ ਦੀ ਸੀ। ਮਰਹੱਟੇ ਵੀ ਖੰਘੂਰੇ ਮਾਰ ਰਹੇ ਸਨ। ਮਰਹੱਟੇ ਸਿਰ ਕੱਢ ਰਹੇ ਸਨ ਤੇ ਮੁਗ਼ਲ ਬੇਗ਼ਾਨੀ ਸ਼ੈਅ ਤੋਂ ਮੁੱਛਾਂ ਮੁਨਾ ਬੈਠੇ। ਮਰਹੱਟੇ ਆਪਣੇ-ਆਪ ਨੂੰ ਬਹੁਤ ਤਾਕਤਵਰ ਤੇ ਖੱਬੀ ਖ਼ਾਂ ਸਮਝਦੇ ਸਨ। ਉਨ੍ਹਾਂ ਮੁਗ਼ਲਾਂ ਨਾਲ ਕੜਿੰਗੀ ਪਾ ਲਈ। ਫ਼ੈਸਲਾ ਇਹ ਹੋਇਆ ਕਿ ਐਤਕੀਂ ਅਹਿਮਦ ਸ਼ਾਹ ਅਬਦਾਲੀ ਨੂੰ ਪਾਨੀਪਤ ਦੇ ਮੈਦਾਨ 'ਚ ਸ਼ਿਕੱਸਤ ਦੇਣੀ ਏ। ਘੇਰ ਕੇ ਮਾਰਨੈ। ਦਰਬਾਰ ਨੇ ਕਾਫ਼ੀ ਜ਼ੋਰ ਲਾਇਆ ਤੇ ਮਰਹੱਟੇ ਵੀ ਬੜੀ ਸ਼ਾਨੋ-ਸ਼ੌਕਤ ਨਾਲ ਪੂਨੇ ਤੋਂ ਤੁਰੇ। ਨਗਾਰੇ ਵਜਾਉਂਦੇ ਘੋੜੇ ਸ਼ਿੰਗਾਰੇ ਹੋਏ, ਪਾਲਕੀਆਂ ਰੇਸ਼ਮੀ ਧਾਗਿਆਂ ਨਾਲ ਗੁੰਦੀਆਂ ਹੋਈਆਂ ਜਿੰਦਾਂ ਜੰਞੇ ਚੱਲੇ ਹੋਣ, ਗੜ੍ਹ ਮੁਕਤੇਸ਼ਵਰ ਦਾ ਮੇਲਾ ਵੇਖਣ। ਹਰ ਘਰ ਵਿਚੋਂ ਬੰਦਾ ਤੁਰਿਆ। ਪੂਨਾ ਤਾਂ ਇਉਂ ਜਾਪਦਾ ਸੀ, ਜਿੱਦਾਂ ਖ਼ਾਲੀ ਹੋ ਗਿਐ। ਪੁਜਾਰੀ ਜਿੱਦਾਂ ਅਮਰਨਾਥ ਦੀ ਯਾਤਰਾ ਤੇ ਜਾਏ। ਬੜੇ ਹੰਕਾਰ ਵਿਚ ਸਨ ਮਰਹੱਟੇ। ਉਹਨਾਂ ਤਲਵਾਰਾਂ ਨੂੰ ਚੁੰਮਿਆ, ਜੈ ਭਵਾਨੀ ਦੇ ਨਾਅਰੇ ਵੀ ਲਾਏ। ਘਰ ਵਾਲਿਆਂ ਨੇ ਸ਼ਗਨਾਂ ਦੇ ਗਾਨੇ ਬੰਨ੍ਹ ਕੇ ਤੋਰੇ। ਉਹ ਇਹ ਨਹੀ ਸਨ

ਜਾਣਦੇ ਕਿ ਉਹਨਾਂ ਦੀ ਕੁੰਡਲੀ ਵਿਚ ਰਾਹੂ ਕੇਤੂ ਬੈਠਾ ਹੋਇਐ।

ਇਕ ਬ੍ਰਾਹਮਣ ਨੇ ਆਖਿਆ—ਅਜੇ ਲਗਨ ਅਸ਼ੁਭ ਏ, ਗ੍ਰਹਿ ਢਲਣ ਦਿਓ ਫੇਰ ਘੋੜਿਆਂ ਤੇ ਕਾਠੀਆਂ ਪਾਉਣੀਆਂ। ਪਰ ਕੌਣ ਸੁਣਦਾ ਸੀ ਕਿ ਓਸ ਪੰਡਤ ਦੀ ਗੱਲ।

—ਮੂਰਖ਼ ਹਨ ਜੋਤਸ਼ੀ, ਗ੍ਰਹਿ ਕੀ ਏ। ਸੂਰਮਾ ਜਦ ਇਰਾਦਾ ਕਰ ਲਏ ਤਾਂ ਫੇਰ ਉਹਨੂੰ ਨਹੀਂ ਰੋਕੀਦਾ।

ਇਕ ਵਾਰ ਫੇਰ ਮੋੜਿਆ ਬ੍ਰਾਹਮਣ ਦੇਵਤੇ ਨੇ। ਪਰ ਜਿਨ੍ਹਾਂ ਦੇ ਮੋਢੇ ਤੇ ਮੌਤ ਕੂਕਦੀ ਹੋਵੇ ਉਹਨੂੰ ਕੌਣ ਰੋਕੇ ?

—ਅਹਿਮਦ ਸ਼ਾਹ ਅਬਦਾਲੀ ਹੈ ਕੀ। ਇਕ ਲੁਟੇਰਾ। ਜੰਗ ਉਹਦੇ ਵੱਸ ਦਾ ਰੋਗ ਨਹੀਂ। ਚੱਲੋ ਵੇਖ ਲੈਂਦੇ ਹਾਂ ਓਸ ਲੁਟੇਰੇ ਨੂੰ। ਅਜੇ ਓਸ ਸੂਰਮਿਆਂ ਦੇ ਹੱਥ ਨਹੀਂ ਵੇਖੇ। ਖੁਸਰਿਆਂ ਨਾਲ ਵਾਸਤਾ ਪਿਐ। ਸਾਡੇ ਘੋੜੇ ਜੇਹਲਮ ਨਦੀ ਦਾ ਪਾਣੀ ਪੀਂਦੇ ਹਨ।

ਇਕ ਬੁੱਢੀ ਮਰਹੱਟਨ ਆਖਣ ਲੱਗੀ, "ਜੰਗ ਲੜਨ ਚੱਲੇ ਹੋ ਜਾਂ ਮੁੰਡਾ ਵਿਆਹੁਣ। ਤੀਰਥ ਯਾਤਰਾ ਦੀ ਤਿਆਰੀ ਏ ਜਾਂ ਮੈਦਾਨੇ-ਜੰਗ ਵਿਚ ਜਾਣ ਦਾ ਜੋਸ਼। ਪੁੱਤ ਸ਼ਗਨਾਂ ਨਾਲ ਜਾਈਦੈ ਲੜਾਈ ਦੇ ਮੈਦਾਨ ਵਿਚ।"

ਉਹਨਾਂ ਕਿਸੇ ਸਿਆਣੇ ਦੀ ਗੱਲ ਪੱਲੇ ਨਾ ਬੰਨ੍ਹੀ। ਚੱਲ ਪਏ ਪੂਨੇ ਤੋਂ ਕੇਸਰੀ ਝੰਡੇ ਲਹਿਰਾਂਦੇ। ਢੋਲ ਵਜਾਇਆ, ਨਗਾਰੇ ਵੱਜੇ ਤੇ ਨਾਲ ਰਲ ਪਏ ਮੁਗ਼ਲ ਭਗੌੜੇ। ਹਾਰੇ ਹੋਏ ਜਵਾਰੀ, ਸ਼ਿਕਸਤ ਖਾਧੇ ਹੋਏ ਬਹਾਦਰ। ਦਿੱਲੀ ਵਾਲੇ ਤਾਂ ਜਾਣਦੇ ਸਨ ਅਹਿਮਦ ਸ਼ਾਹ ਅਬਦਾਲੀ ਨੂੰ ਪਰ ਮਰਹੱਟੇ ਨਵੇਂ-ਨਵੇਂ ਮੁਸਲਮਾਨ ਹੋਏ ਸਨ। ਉਨ੍ਹਾਂ ਅਹਿਮਦ ਸ਼ਾਹ ਅਬਦਾਲੀ ਦੀ ਤਲਵਾਰ ਦੀ ਧਾਰ ਨਹੀਂ ਸੀ ਵੇਖੀ ਤੇ ਨਾ ਈ ਉਹਦਾ ਵਹਿਸ਼ੀਪਨ। ਉਹ ਜੱਲਾਦ ਏ, ਕਸਾਈ ਏ। ਮਰਹੱਟੇ ਇਹ ਨਹੀਂ ਸਨ ਜਾਣਦੇ।

ਜੋਸ਼ ਵਿਚ ਆਪਣੀ ਬਹਾਦਰੀ ਦੇ ਮਾਣ ਵਿਚ ਨਿਕਲ ਪਏ। ਰਘੁਨਾਥ ਰਾਓ ਉਹਨਾਂ ਦਾ ਆਗੂ ਬਣਿਆ।

ਬੂਰਿਆਂ ਵਾਲੇ ਸਰਦਾਰ ਜਾਣਦੇ ਸਨ ਅਹਿਮਦ ਸ਼ਾਹ ਅਬਦਾਲੀ ਨੂੰ। ਜੇ ਰਲ ਕੇ ਇਕੱਠੇ ਹੋ ਗਏ ਤਾਂ ਫੇਰ ਮਾਰ ਲਵਾਂਗੇ ਅਬਦਾਲੀ ਨੂੰ। ਦਿੱਲੀ ਵੀ ਬਚ ਜਾਏਗੀ ਤੇ ਪੰਜਾਬ 'ਚ ਵੀ ਸ਼ਾਂਤੀ ਹੋ ਜਾਏਗੀ।

ਪਰ ਮਰਹੱਟੇ ਨਹੀਂ ਸਨ ਸੁਣਦੇ। ਉਹ ਕਹਿੰਦੇ ਸਨ ਕਿ ਅਸਾਂ ਜੰਗ ਜਿੱਤ ਕੇ ਆਉਣੈ। ਰਾਣੀਆਂ ਮਹਾਰਾਣੀਆਂ ਏਸ ਲਈ ਨਾਲ ਲੈ ਲਈਆਂ ਸਨ ਕਿ ਜਿੱਤ ਦੀ ਖ਼ੁਸ਼ੀ ਵਿਚ ਗੜ੍ਹ ਮੁਕਤੇਸ਼ਵਰ ਦੀ ਯਾਤਰਾ ਵੀ ਕਰ ਆਵਾਂਗੇ। ਪਾਲਕੀਆਂ ਈ ਪਾਲਕੀਆਂ ਲਸ਼ਕਰ ਨਾਲ ਸਨ। ਮੁਜਰੇ ਵੀ ਨਾਲ ਈ ਜਾ ਰਹੇ ਸਨ।

ਮੱਥੇ ਟੇਕ ਕੇ ਆਵਾਂਗੇ ਮੰਦਰ ਵਿਚ। ਬੜੇ ਚਿਰ ਦੀ ਸੁੱਖਣਾ ਸੁੱਖੀ ਹੋਈ ਏ। ਸੁੱਖਣਾ ਲੱਥ ਜਾਏਗੀ।

ਮਰਹੱਟਿਆਂ ਇਤਬਾਰ ਕਰ ਲਿਆ। ਮੁਗ਼ਲ ਚਾਲਾਕ ਸੀ। ਉਹ ਜਦ ਵੀ ਗੱਲ ਕਰਦਾ ਤਾਂ ਮੁਗ਼ਲਾਂ ਦੀਆਂ ਕਹਾਣੀਆਂ ਸੁਣਾਉਂਦਾ। ਮੁਗ਼ਲ ਬਹਾਦਰ ਹਨ, ਮੁਗ਼ਲ ਤਲਵਾਰ ਦੇ ਧਨੀ ਹਨ। ਅਹਿਮਦ ਸ਼ਾਹ ਅਬਦਾਲੀ ਦੀ ਫਟਕੜੀ ਫੁੱਲ ਕਰਕੇ ਰੱਖ ਦੇਣਗੇ। ਕੀ ਯਾਦ ਕਰੇਗਾ, ਮੁੜਕੇ ਇਧਰ ਮੂੰਹ ਨਹੀ ਕਰਨ ਲੱਗਾ। ਅੱਲਾ ਕਸਮ, ਅਸਾਂ ਕਸਮਾਂ ਖਾਧੀਆਂ ਹੋਈਆਂ ਨੇ।

ਉਹ ਭਾਵੇਂ ਨਾ ਆਉਂਦਾ ਪਰ ਸੱਦਣ ਵਾਲਿਆਂ ਤੇ ਤੁੱਖਣੀ ਦੇ ਰੱਖੀ ਸੀ। ਅਸੀਂ ਤੇਰੇ ਨਾਲ ਹਾਂ। ਮੁਗ਼ਲਾਂ ਬੜੀ ਮੌਜ ਮਾਰ ਲਈ ਏ। ਲੁੱਟ ਖਾਧਾ ਏ ਸਾਰਾ ਹਿੰਦੁਸਤਾਨ। ਇਕ ਵਾਰ ਫੇਰ ਆ ਜਾ, ਤੇਰੀ ਸਾਰੀ ਭੁੱਖ ਕੱਢ ਦੇਵਾਂਗੇ। ਬੜੀ ਦੌਲਤ ਏ ਅਜੇ ਹਿੰਦੁਸਤਾਨ ਵਿਚ। ਸੋਨੇ ਦੀ ਚਿੜੀ ਕਹਿੰਦੇ ਨੇ ਏਸ ਭਾਰਤ ਵਰਸ਼ ਨੂੰ। ਇਹ ਗੱਲ ਸੱਚ ਏ।

ਪਰ ਇਕ ਗੱਲ ਪੱਲੇ ਬੰਨ੍ਹ ਕੇ ਸ਼ਾਹ ਦਾ ਐਤਕੀਂ ਮੁਕਾਬਲਾ ਕਰਨੈ। ਮੁਕਾਬਲਾ ਭਾਵੇਂ ਕਿੰਨਾ ਵੀ ਸਖ਼ਤ ਕਿਉਂ ਨਾ ਹੋਵੇ, ਸਾਹਮਣੇ ਦਰਸ਼ਨ ਹੋਣਗੇ ਮਰਹੱਟਿਆਂ ਦੇ ਤੇ ਸਲਾਮੀ ਦੇਣਗੇ ਮੁਗ਼ਲ ਸੈਨਾਪਤੀ। ਮੁਗ਼ਲ ਜਰਨੈਲ ਤਾਂ ਤੁਹਾਡੇ ਗ਼ੁਲਾਮ ਹਨ। ਫ਼ਤਹਿ ਤੁਹਾਡੀ ਯਕੀਨੀ ਏ ਪਰ ਹੁਣ ਚੌਲਾਂ ਵਿਚ ਕੰਮ ਨਹੀਂ ਹੋਣਾ, ਤਾਕਤ ਨਾਲ ਲੋਹਾ ਲੈਣਾ ਪਵੇਗਾ।

ਮਰਹੱਟੇ ਵੀ ਤੁਹਾਡੇ ਦਰਸ਼ਨ ਕਰਨਾ ਚਾਹੁੰਦੇ ਹਨ। ਇਹ ਬੜੇ ਸਖ਼ਤ ਜਾਨ ਹਨ, ਦਲੇਰ ਹਨ, ਮਨਚਲੇ, ਭੁੱਖੇ ਚਾਰ ਦਿਨ ਲੜ ਸਕਦੇ ਹਨ। ਇਹਨਾਂ ਮੁਗ਼ਲਾਂ ਸ਼ਹਿਨਸ਼ਾਹ ਨਾਲ ਗਰਾਹੀਆਂ ਸਾਂਝੀਆਂ ਕਰ ਲਈਆਂ ਨੇ। ਵੈਸੇ ਦਿੱਲੀ ਦੇ ਤਖ਼ਤ ਤੇ ਵੀ ਇਹਨਾਂ ਦੀ ਅੱਖ ਏ। ਹਰ ਬੰਦਾ ਆਪਣੇ ਦਾਅ ਤੇ ਸੀ।

ਆਓ ਅਸੀਂ ਤੁਹਾਡੇ ਨਾਲ ਹਾਂ, ਅੱਗੇ ਤੁਸਾਂ ਪ੍ਰਾਹੁਣਿਆਂ ਵਾਂਗੂੰ ਦਿੱਲੀ ਵੇਖੀ ਏ ਹੁਣ ਤੁਹਾਨੂੰ ਬਾਦਸ਼ਾਹਾਂ ਵਾਂਗੂੰ ਦਿੱਲੀ ਦੇ ਦੀਦਾਰ ਕਰਾਵਾਂਗੇ।

ਦਿੱਲੀ ਬੜੀ ਖ਼ੂਬਸੂਰਤ ਏ, ਨਾਜ਼ੁਕ ਮੁਟਿਆਰ ਵਾਂਗੂੰ। ਦਿੱਲੀ ਹੀਰਿਆਂ, ਜਵਾਹਰਾਤਾਂ ਨਾਲ ਮੜ੍ਹੀ ਹੋਈ ਏ। ਇਥੋਂ ਦਾ ਇਕ-ਇਕ ਨਵਾਬ ਬਾਦਸ਼ਾਹ ਦੀ ਬਰਾਬਰੀ ਕਰਦਾ ਏ। ਨਾਦਰ ਸ਼ਾਹ ਆਇਆ ਏ, ਨਾਦਰ ਸ਼ਾਹ ਚਲਾ ਗਿਆ। ਓਸ ਨਾ ਦਿੱਲੀ ਵੇਖੀ। ਕਿਲੇ ਵਿਚ ਚਾਰ ਦਿਨ ਮੌਜਾਂ ਕਰਕੇ ਰਾਹੇ ਪਿਆ। ਓਸ ਜੀਅ ਭਰਕੇ ਦੌਲਤਾਂ ਲੁੱਟੀਆਂ ਤੇ ਨਾਲ ਲੈ ਗਿਆ। ਪਰ ਉਹਨਾਂ ਨੂੰ ਇਨ੍ਹਾਂ ਨਿਹੰਗਾਂ ਨੇ ਲੁੱਟ ਲਿਆ। ਨਿਹੰਗ ਆਖ ਰਹੇ ਸਨ। ਸਫ਼ਰ ਕਰਨਾ ਹੋਵੇ ਤਾਂ ਏਨਾ ਭਾਰ ਨਾਲ ਨਹੀਂ ਖੜੀ ਦਾ। ਐਵੇਂ ਅੱਧਾ ਕੁ ਭਾਰ ਹੌਲਾ ਕੀਤਾ। ਤੁਸਾਂ ਦਿੱਲੀ ਵੇਖੀ ਏ ਤੇ ਮਹਿਲਾਂ ਦੇ ਸ਼ੀਸ਼ ਮਹਲ ਵੀ। ਦੌਲਤ ਦੀ ਉੱਥੇ ਵਰਖਾ ਹੁੰਦੀ ਏ। ਹੁਸਨ ਦੀਆਂ ਪਾਜ਼ੇਬਾਂ ਛਣਕਦੀਆਂ ਹਨ। ਮੁਜਰਾ ਹਰ ਸ਼ਾਮ ਨੂੰ ਹੁੰਦੈ। ਉੱਥੇ ਤੁਹਾਨੂੰ ਰਾਜਿਆਂ ਮਹਾਰਾਜਿਆਂ ਨਾਲ ਮੁਲਾਕਾਤਾਂ ਕਰਵਾਵਾਂਗੇ।

ਦੌਲਤ ਚਾਹੀਦੀ ਏ ਨਾ, ਬਹੁਤ ਏ। ਕਿੰਨੀ ਕੁ ਸੰਭਾਲੀ ਜਾਏਗੀ ? ਮੁਗ਼ਲ ਬੁਜ਼ਦਿਲ ਹੋ ਚੁਕੇ। ਆਓ ਜਲਦੀ ਆਓ, ਫੇਰ ਗਰਮੀ ਵਿਚ ਸੂਰਜ ਸਵਾ ਨੇਜ਼ੇ ਤੇ ਆਣ ਖੜ੍ਹਾ ਹੋ ਜਾਣਾ ਏ।

ਇਕ ਸਿੰਘ ਹਨ, ਇਕ ਨਿਹੰਗ ਤੇ ਇਕ ਰੰਗਰੇਟੇ। ਇਹ ਤੁਹਾਡੇ ਸਾਹਮਣਿਓਂ ਵੀ ਪੈ ਸਕਦੇ ਹਨ ਤੇ ਇਹ ਪਿੱਛਿਓਂ ਵੀ ਹਮਲਾ ਕਰਦੇ ਹਨ। ਇਹਨਾਂ ਦਾ ਹਮਲਾ ਆਪਣੀ ਕਿਸਮ ਦੈ। ਇਹ ਬਹੁਤੀ ਧੱਕੇਸ਼ਾਹੀ ਕਰਦੇ ਹਨ। ਸਿਰਲੱਥ ਹਨ। ਜ਼ਰਾ ਕੁ ਚੋਗਾ ਸੁੱਟ ਕੇ ਵੇਖੋ। ਜੇ ਇਹਨਾਂ ਵਿਚੋਂ ਇਕ ਵੀ ਜੱਥੇਦਾਰ ਤੁਹਾਡੇ ਗੋਡੇ ਮੁੱਢ ਆਣ ਬੈਠਾ ਤਾਂ ਫੇਰ ਹਿੰਦੁਸਤਾਨ ਸਾਰਾ ਤੁਹਾਡੈ। ਪਾਣੀ ਭਰਨਗੇ ਮਰਹੱਟੇ। ਐਤਕੀਂ ਮਰਹੱਟੇ ਨਿਹੰਗ ਤੇ ਦਿੱਲੀ ਵਾਲੇ ਸਾਰੇ ਦੇ ਸਾਰੇ ਮੈਦਾਨ 'ਚ ਉਤਰਨ ਵਾਲੇ ਹਨ। ਇਹਨਾਂ ਨੂੰ ਮਾਰਨਾ ਤੁਹਾਡੇ ਖੱਬੇ ਹੱਥ ਦਾ ਕੰਮ ਏ। ਆਓ ਛੇਤੀ ਆਓ, ਅਸੀਂ ਤੁਹਾਡਾ ਇੰਤਜ਼ਾਰ ਕਰਦੇ ਆਂ। ਅੱਛਾ ਖ਼ੁਦਾ ਹਾਫ਼ਿਜ਼।

33

ਮੁਗ਼ਲਾਨੀ ਬੇਗ਼ਮ

ਖ਼ਾਲਸਾ ਦਲ ਵਾਲੇ ਵੀ ਹੁਣ ਅਬਦਾਲੀ ਵਾਂਗੂੰ ਟਕੇ ਗਿਣਨ ਲੱਗ ਪਏ ਸਨ। ਟਕਿਆਂ ਤੋਂ ਬਿਨਾਂ ਗੁਜ਼ਾਰਾ ਵੀ ਨਹੀਂ। ਦਲ ਜਦੋਂ ਜੰਗਲ 'ਚ ਹੁੰਦਾ ਤਾਂ ਉਹਦਾ ਖ਼ਰਚਾ ਵੀ ਘੱਟ ਪਰ ਜਦੋਂ ਸ਼ਹਿਰ ਵਿਚ ਆ ਜਾਂਦੇ ਤਾਂ ਫੇਰ ਖ਼ਰਚੇ ਦਾ ਕੋਈ ਹਿਸਾਬ ਨਹੀਂ। ਦਲ ਵਾਲਿਆਂ ਕੋਲ ਕੋਈ ਸੂਬੇਦਾਰੀ ਨਹੀਂ ਸੀ ਤੇ ਨਾ ਈ ਕੋਈ ਖ਼ਜ਼ਾਨਾ ਸੀ। ਐਵੇਂ ਆਈ ਚਲਾਈ ਸੀ।

ਲੁੱਟ ਦਾ ਮਾਲ ਕਿੰਨੇਂ ਕੁ ਦਿਨ ਚਲ ਸਕਦਾ ਸੀ। ਬੜੀ ਸੋਚ ਵਿਚਾਰ ਨਾਲ ਗੁਜ਼ਾਰਾ ਕਰਨਾ ਪੈਂਦਾ।

ਬੜੇ ਖੱਬੀ ਖ਼ਾਂ ਤੇ ਧਨਾਢ ਏਸ ਹਮਲੇ ਵਿਚ ਕਾਬੂ ਆ ਗਏ। ਰੁਸਤਮ ਖ਼ਾਂ ਭਾਵੇਂ ਚਲਾਕ ਕਿਲੇ ਵਿਚ ਬੰਦ ਹੋ ਗਿਆ ਸੀ। ਨਿਹੰਗਾਂ ਨੇ ਜਦ ਹੱਲਾ ਕੀਤਾ ਤਾਂ ਉਹਨੂੰ ਫੜ ਲਿਆ ਤੇ ਉਹਦੇ ਨਾਲ ਈ ਕੂਲੀ ਮੁਲਾਇਮ ਮਲਾਈ ਵਰਗੀ ਮੀਰ ਮਨੂੰ ਦੀ ਰੰਨ ਮੁਰਾਦ ਬੇਗ਼ਮ ਆਪਣੇ ਨਵੇਂ ਰਖ਼ੇਲ ਖਸਮ ਨਾਲ ਧਰੀ ਗਈ। ਉਹਦਾ ਨਾਂ ਸੀ ਤਹਿਮਾਸ ਖ਼ਾਂ। ਪਟੋਲੇ ਵਰਗੀ ਮੁਟਿਆਰ ਕਾਬੂ ਆ ਗਈ।

ਪੁੱਛਣ ਤੇ ਪਤਾ ਲੱਗਾ ਇਹ ਮੁਰਾਦ ਬੇਗ਼ਮ ਏ। ਸਿੰਘਾਂ ਨੇ ਜ਼ਰਾ ਕੁ ਸਖ਼ਤੀ ਤੇ ਕੀਤੀ ਸੀ ਪਰ ਏਸ ਲਾਪਰਵਾਹੀ ਵਿਚ ਉਹ ਵੀ ਫਸ ਗਈ। ਉਸ ਮੁਆਫ਼ੀ ਮੰਗੀ ਤੇ ਸਾਰੀਆਂ ਸਹੇਲੀਆਂ ਬੇਗ਼ਮ ਲਈ ਆਣ ਹਾਜ਼ਰ ਕੀਤੀਆਂ ਤੇ ਉਹਨਾਂ ਨੂੰ ਹਦਾਇਤ ਕੀਤੀ ਕਿ ਬੇਗ਼ਮ ਨੂੰ ਕੋਈ ਕਸ਼ਟ ਨਹੀਂ ਹੋਣਾ ਚਾਹੀਦਾ। ਇਹਦੀ ਸੇਵਾ ਕਰੋ। ਜਿਹੋ ਜਿਹਾ ਸੁੱਕਾ ਮਿੱਸਾ ਭੋਜਨ ਏ ਇਹਨੂੰ ਖਵਾਓ। ਹੋ ਸਕੇ ਤੇ ਉਹਦੇ ਵਿਚ ਪਲੀ ਘਿਓ ਦੀ ਪਾ ਦਿਓ।

ਅਣੋਖੀ ਜੱਸਾ ਸਿੰਘ ਆਹਲੂਵਾਲੀਆ ਦੀ ਘਰਵਾਲੀ ਸੀ ਤੇ ਕੈਂਪ ਤੋਂ ਬਾਹਰ ਸੀ। ਉਹਨੂੰ ਉਹਦੀ ਅਰਦਲ 'ਚ ਭੇਜ ਦਿੱਤਾ। ਗਹਿਣਿਆਂ ਨਾਲ ਸ਼ਿੰਗਾਰੀ ਹੋਈ ਬੇਤੀ ਅੱਜ ਪਹਿਲੀ ਵਾਰ ਅਣੋਖੀ ਨੇ ਵੇਖੀ। ਉਹਦੇ ਨਾਲ ਬੈਠੀ ਹੋਈ ਸੀ ਰਾਜ ਕੌਰ, ਸੌਂਕਣ ਅਣੋਖੀ ਦੀ।

ਅਸਾਂ ਇਹੋ ਜਿਹੇ ਹਾਰ ਸ਼ਿੰਗਾਰ ਕਦੀ ਸੁਪਨੇ ਵਿਚ ਵੀ ਨਹੀਂ ਵੇਖੇ। ਕੌਣ ਏਂ ਬੀਬੀ ਤੂੰ ਕਿੱਥੋਂ ਆਈ ਏਂ? ਸਿੰਘਾਂ ਦੇ ਟੇਟੇ ਕਿੱਦਾਂ ਚੜ੍ਹ ਗਈ ਏਂ?

—ਹਮਲੇ ਵਿਚ ਮੈਂ ਵੀ ਕਾਬੂ ਆ ਗਈ। ਜੇ ਕਿਸੇ ਦੇ ਹੋਰ ਕਾਬੂ ਆ ਜਾਂਦੀ ਤਾਂ ਪਤਾ ਨਹੀਂ ਕੀ ਦੁਰਦਸ਼ਾ ਹੁੰਦੀ। ਇਹ ਨਿਹੰਗ ਬਹੁਤ ਭਲੇ ਲੋਕ ਹਨ। ਇਹਨਾਂ ਵਿਚੋਂ ਮੈਨੂੰ ਕਿਸੇ ਨੇ ਉਂਗਲ ਲਾ ਕੇ ਨਹੀਂ ਵੇਖਿਆ। ਜੇ ਮੁਗ਼ਲਾਂ ਦੇ ਟੇਟੇ ਚੜ੍ਹ ਜਾਂਦੀ ਤਾਂ ਮੇਰੀ ਬਹੁਤ ਮਿੱਟੀ ਖ਼ਰਾਬ ਕਰਦੇ। ਮਰਹੱਟੇ ਤਾਂ ਹਰਲ ਹਰਲ ਕਰਦੇ ਫਿਰਦੇ ਸਨ। ਰੰਨਾਂ ਦੀ ਇੱਥੇ ਮੰਡੀ ਥੋੜ੍ਹਾ ਲੱਗੀ ਹੋਈ ਏ। ਮਰਹੱਟੇ ਤੇ ਅਫ਼ਗਾਨੀ ਸੋਹਣੀਆਂ ਰੰਨਾਂ ਦੇ ਬੜੇ ਸ਼ੌਕੀਨ ਸਨ। ਪਰ ਹੁਣ ਤੇ ਨੌਬਤ ਈ ਇੱਥੋਂ ਤੱਕ ਆ ਗਈ ਸੀ। ਹੁਣ ਕਾਲੀ,

ਗੋਰੀ ਦਾ ਦਿਮਾਗ਼ ਤੋਂ ਖ਼ਿਆਲ ਉਤਰ ਗਿਆ ਸੀ। ਜਿਹੋ ਜਿਹੀ ਮਿਲ ਜਾਏ। ਅਯਾਸ਼ ਮਰਹੱਟਿਆਂ ਨੇ ਏਸੇ ਗੱਲ ਤੇ ਮਾਰ ਖਾਧੀ ਸੀ।

ਪਰ ਨਿਹੰਗਾਂ ਦੇ ਬਲਿਹਾਰੇ ਜਾਈਏ ਕਿਸੇ ਨੇ ਮੰਦੀ ਨਜ਼ਰ ਕਰਕੇ ਨਹੀਂ ਵੇਖੀ। ਔਰਤ ਵੇਖ ਕੇ ਆਦਮੀ ਦਾ ਮਨ ਲਲਚਾ ਜਾਂਦੈ, ਪਾਗਲ ਹੋ ਜਾਂਦੈ। ਉਹਦੇ ਸਿਰ ਤੇ ਭੂਤ ਸਵਾਰ ਹੋ ਜਾਂਦੈ। ਪਰ ਇਹ ਧੰਨ ਹਨ, ਇਹ ਬੰਦੇ ਹਨ ਜਾਂ ਦੇਵਤੇ। ਫ਼ਰਿਸ਼ਤੇ ਮੈਂ ਸੁਣੇ ਹਨ ਪਰ ਅੱਜ ਵੇਖ ਲਏ ਨੇ।

ਅਣੋਖੀ ਤੇ ਮੁਰਾਦ ਬੇਗ਼ਮ ਇਕੱਠੀਆਂ ਰੱਖੀਆਂ ਗਈਆਂ। ਅਣੋਖੀ ਪੌੜ੍ਹ ਸੀ ਤੇ ਜਿਹੋ ਜਿਹਾ ਵੀ ਰੁੱਖਾ-ਸੁੱਖਾ ਆਪ ਖਾਂਦੀ, ਉਹੋ ਜਿਹਾ ਬੇਗ਼ਮ ਅੱਗੇ ਰੱਖਿਆ ਜਾਂਦਾ। ਸਿਰਫ਼ ਇਕ ਵਾਧਾ ਸੀ। ਉਹ ਸੀ ਸ਼ੱਕਰ ਘਿਓ ਦਾ। ਪ੍ਰਾਹੁਣੇ ਏਸ ਗੱਲ ਤੇ ਰੀਝ ਪੈਂਦੇ। ਪੰਜਾਬ ਦੀ ਇਹੋ ਤਾਂ ਖ਼ਾਤਿਰਦਾਰੀ ਏ। ਬੇਗ਼ਮ ਬੜੀ ਖੁਸ਼ ਸੀ। ਅਣੋਖੀ ਨਾਲ ਉਹਦਾ ਪਿਆਰ ਪੈ ਗਿਆ ਸੀ।

ਅਣੋਖੀ ਆਖਣ ਲੱਗੀ, ਭੈਣਾਂ ਤੂੰ ਲਾਹੌਰ ਤੋਂ ਆਈ ਏਂ ਜਾਂ ਦਿੱਲੀ ਦੀ ਰਹਿਣ ਵਾਲੀ ਏਂ?

—ਕੀ ਦੱਸਾਂ ਭਰਜਾਈ, ਨਾ ਹੁਣ ਦਿੱਲੀ ਦੀ ਤੇ ਨਾ ਲਾਹੌਰ ਦੀ। ਹੁਣ ਤੇ ਟੱਪਰੀਵਾਸ ਹਾਂ। ਕਦੀ ਮਹਿਲਾਂ ਦੀ ਮਲਕਾ ਸਾਂ।

—ਇਹ ਦਿਨਾਂ ਦੀ ਖੇਡ ਏ, ਪ੍ਰਛਾਵੇਂ ਢਲਦੇ ਰਹਿੰਦੇ ਹਨ, ਸੂਰਜ ਚੜ੍ਹਦਾ ਏ ਤੇ ਡੁੱਬਦਾ ਏ।

ਅਣੋਖੀ ਫੇਰ ਬੋਲੀ, "ਅਸੀਂ ਤੇਰੀ ਖ਼ਿਦਮਤ ਨਹੀਂ ਕਰ ਸਕੇ। ਦਲ ਵਾਲੇ ਮੋਟਾ ਖਾਂਦੇ ਹਨ ਤੇ ਮੋਟਾ ਪਾਂਦੇ ਹਨ। ਨਾ ਘਰ ਦਾ ਖ਼ਿਆਲ ਤੇ ਰਹਿਣ ਦੀ ਹੀ ਜਾਚ। ਜੱਟ ਬੂਟ, ਜੋ ਮਿਲਿਆ ਗੁਰੂ ਦੀ ਅਰਦਾਸ ਕੀਤੀ ਤੇ ਖਾ ਲਿਆ। ਜੰਗਲ 'ਚ ਘਰ ਵਾਲਿਆਂ ਮੌਜਾਂ ਥੋੜੀਐਂ। ਅੱਛਾ ਅੱਜ ਮੈਂ ਤੈਨੂੰ ਗੁੜ ਦਾ ਪਲਾਅ ਬਣਾ ਕੇ ਖਵਾਂਦੀ ਹਾਂ। ਅੱਜ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਖਾ ਕੇ ਵੇਖ। ਬੀਬੀ ਤੂੰ ਘਰ ਵਾਂਗੂੰ ਰਹਿ। ਇੱਥੇ ਕਿਸੇ ਗੱਲ ਦਾ ਖ਼ਤਰਾ ਨਹੀਂ। ਸਿਰਫ਼ ਡਰ ਏ ਹੱਲੇ ਦਾ। ਤੂੰ ਦੱਸਿਆ ਨਹੀਂ ਕਿ ਤੇਰੇ ਪੇਕੇ ਕਿੱਥੇ ਹਨ?

—ਭਰਜਾਈ ਨਾ ਮੈਂ ਹੁਣ ਦਿੱਲੀ ਦੀ ਤੇ ਨਾ ਪੂਨੇ ਦੀ, ਮੈਂ ਪੰਜਾਬ ਦੀ ਜੰਮਪਲ ਹਾਂ। ਪੰਜਾਬ ਵਿਚ ਈ ਮੇਰੇ ਸਹੁਰੇ ਤੇ ਪੰਜਾਬ ਵਿਚ ਈ ਮਾਪੇ। ਮੈਂ ਪੰਜਾਬ ਦੇ ਪੰਜਾਂ ਦਰਿਆਵਾਂ ਦੀ ਧੀ ਹਾਂ। ਅਹਿਮਦ ਸ਼ਾਹ ਅਬਦਾਲੀ ਨੇ ਨਾ ਘਰ ਰਹਿਣ ਦਿੱਤਾ ਤੇ ਨਾ ਬਾਰਾਂਦਰੀਆਂ। ਸਾਰਾ ਪੰਜਾਬ ਈ ਟੱਪਰੀਵਾਸ ਹੋ ਗਿਆ। ਫ਼ੌਜਾਂ ਹਰਲ-ਹਰਲ ਪਈਆਂ ਕਰਦੀਆਂ ਨੇ। ਨਾ ਚੁੱਲ੍ਹਾ ਨਾ ਚੌਕਾ। ਕਾਹਦੀ ਜ਼ਿੰਦਗੀ ਏ। ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਦੀ ਜ਼ਿੰਦਗੀ ਦਰਮ-ਬਰਮ ਕਰ ਦਿੱਤੀ ਏ। ਪੰਜਾਬ ਵਾਲੇ ਤੇ ਐਵੇਂ ਗੁਰੂ ਦਾ ਨਾਂ ਲੈ ਕੇ ਜਿਉਂਦੇ ਹਨ।

—ਅੱਛਾ ਕੋਈ ਫ਼ਿਕਰ ਵਾਲੀ ਗੱਲ ਨਹੀਂ। ਗੁਰੂ ਨੇ ਚਾਹਿਆ ਤਾਂ ਅਸੀਂ ਵੀ ਕਦੀ ਪੰਜਾਬ ਦੇ ਮਾਲਕ ਬਣਾਂਗੇ। ਅਸੀਂ ਭੂਰਿਆਂ ਵਾਲੇ।

—ਇਹ ਖ਼ਿਆਲੀ ਪਲਾਅ ਹਨ। ਏਸੇ ਗੱਲ ਨੇ ਤਾਂ ਪੰਜਾਬ ਨੂੰ ਬਰਬਾਦ ਕਰ ਦਿੱਤੈ। ਸੁਪਨੇ ਵੇਖਦੇ ਹਨ ਸ਼ੀਸ਼ ਮਹਿਲਾਂ ਦੇ ਤੇ ਹੈ ਝੌਂਪੜੀ ਵੀ ਨਹੀਂ। ਹਰ ਕੋਈ ਸੂਬੇਦਾਰ ਬਣਨਾ ਚਾਹੁੰਦੈ। ਹਰ ਕੋਈ ਸਰਦਾਰ, ਇਹ ਡੱਡੂਆਂ ਦੀ ਪੰਸੇਰੀ ਇਕ ਛਾਬੇ ਨਹੀਂ

ਚੜ੍ਹਦੀ। ਬੁੜ੍ਹਕ-ਬੁੜ੍ਹਕ ਪੈਂਦੇ ਹਨ। ਹਰ ਕੋਈ ਅਹਿਮਦ ਸ਼ਾਹ ਅਬਦਾਲੀ ਦਾ ਸਾਲਾ ਬਣਨਾ ਚਾਹੁੰਦੈ। ਸਾਜ਼ਸ਼ਾਂ ਜਨਮ ਲੈ ਰਹੀਐਂ। ਰਿਸ਼ਵਤ ਘੱਗਰੀ ਪਾ ਕੇ ਨੱਚ ਰਹੀ ਏ। ਅਹਿਮਦ ਸ਼ਾਹ ਅਬਦਾਲੀ ਨੂੰ ਜਿੱਥੋਂ ਕੁਝ ਮਿਲਦੈ, ਹੜੱਪੀਂ ਜਾ ਰਿਹੈ ਤੇ ਉਸਤਾਦ ਏਨਾ ਏ ਕਿ ਸਾਰਿਆਂ ਨੂੰ ਪੁੱਤ ਦਿੰਦੈ। ਨਜ਼ਰਾਨੇ ਦੀਆਂ ਥੈਲੀਆਂ ਇਹਦੀਆਂ ਭਾਰੀਆਂ ਹਨ ਪਰ ਧੰਨ ਹਨ ਸਿੰਘ, ਨਾ ਰਿਸ਼ਵਤ ਦੇਣ ਤੇ ਨਾ ਰਿਸ਼ਵਤ ਲੈਣ। ਇਹ ਗੁਰੂ ਦੇ ਬੇਟੇ ਬਹੁਤ ਮਹਾਨ ਹਨ। ਇਨ੍ਹਾਂ ਨਵਾਬਾਂ ਨੇ ਨਵਾਬੀ ਲੈਣ ਲਈ ਕਈ ਤਰ੍ਹਾਂ ਦੇ ਪਾਪੜ ਵੇਲੇ ਨੇ। ਅਹਿਮਦ ਸ਼ਾਹ ਅਬਦਾਲੀ ਨੇ ਕੌਡੀ-ਕੌਡੀ ਤੋਂ ਮੁਥਾਜ ਕਰ ਦਿੱਤਾ ਏ ਪੰਜਾਬ ਨੂੰ। ਪਹਿਲਾਂ ਦਿੱਲੀ ਵਾਲੇ ਲੁੱਟਦੇ ਰਹੇ ਤੇ ਫੇਰ ਅਹਿਮਦ ਸ਼ਾਹ ਅਬਦਾਲੀ ਲੁੱਟਦਾ ਰਿਹਾ। ਫੇਰ ਬਿੱਜ ਪਈ, ਮਰਹੱਟੇ ਲੁੱਟਣ ਆਣ ਪਏ। ਰਹਿੰਦ-ਖੂੰਹਦ ਇਹਨਾਂ ਨੇ ਲੁੱਟ ਲਈ। ਪਰ ਉਹਨਾਂ ਦਾ ਦਾਅ ਨਹੀਂ ਸੀ ਲੱਗਾ, ਪ੍ਰਦੇਸੀ ਹਨ।

—ਅਫ਼ਗਾਨ, ਬਲੋਚ ਤੇ ਪਠਾਨ ਔਰਤਾਂ ਦੇ ਭੁੱਖੇ ਸਨ। ਸਾਡਾ ਇਹਨਾਂ ਲਹੂ ਬਦਲ ਕੇ ਰੱਖ ਦਿੱਤੈ ਤੇ ਨਸਲ ਵਿਗਾੜ ਦਿੱਤੀ ਏ। ਅੱਲਾ ਚੁੱਕੇ ਅਹਿਮਦ ਸ਼ਾਹ ਅਬਦਾਲੀ ਨੂੰ ਇਹਨੂੰ ਮੌਤ ਵੀ ਨਹੀਂ ਆਉਂਦੀ। ਇਹ ਭੂਰਿਆਂ ਵਾਲੇ ਸਰਦਾਰ ਈ ਪੰਜਾਬ ਵਿਚ ਰਾਜ ਕਰਨਗੇ। ਮੇਰੀ ਅੱਲਾ ਅੱਗੇ ਦੁਆ ਏ। ਯਾ ਅੱਲਾ ਮੇਰੀ ਦੁਆ ਨੇੜਿਓਂ ਹੋ ਕੇ ਸੁਣ। ਆਖਣ ਵਾਲੀ ਮੁਰਾਦ ਬੇਗ਼ਮ ਸੀ।

ਅਣੋਖੀ ਦੇ ਬੋਲ ਉਭਰੇ "ਨੀ ਤੂੰ ਤੇ ਸਾਰਿਆਂ ਸਰਦਾਰਾਂ ਨੂੰ ਜਾਣੇਂ। ਮਰਹੱਟਿਆਂ ਦੀਆਂ ਗੱਲਾਂ ਕਰੇਂ। ਨਵਾਬਾਂ ਦੀਆਂ, ਹਵੇਲੀਆਂ ਦੇ ਸੁਪਨੇ ਵੇਖੇਂ, ਤੂੰ ਤੇ ਮੈਨੂੰ ਰਾਜ ਘਰਾਨੇ ਦੀ ਜਾਪਦੀ ਏਂ।

—ਹੁਣ ਕਾਹਦੇ ਰਾਜ ਘਰਾਣੇ ਤੇ ਕਾਹਦੀਆਂ ਹਵੇਲੀਆਂ। ਬੰਦਿਆਂ ਨਾਲ ਬਹਾਰਾਂ ਨੇ। ਹੁਣ ਤੇ ਗਲੀਆਂ ਦੇ ਕੱਖ ਵੀ ਟਿਚਕਰਾਂ ਕਰਦੇ ਹਨ।

—ਭੈਣ ਤੇਰਾ ਨਾਂ ਕੀ ਏ?

—ਕਾਹਦਾ ਨਾਂ ਤੇ ਕਾਹਦੀ ਨਵਾਬੀ। ਉਹ ਸਾਰੀਆਂ ਗੱਲਾਂ ਹਵਾ ਹੋ ਗਈਆਂ ਹਨ। ਸੁਪਨੇ ਹਨ ਜਿਹੜੇ ਸੱਚ ਨਹੀਂ ਹੁੰਦੇ।

—ਆਖ਼ਰ ਤੇ ਕੋਈ ਸਹੁਰਿਆਂ ਤੇ ਪੇਕਿਆਂ ਵਿਚੋਂ ਕੋਈ ਹੋਵੇਗਾ ਕਿ ਤੈਨੂੰ ਨਾਂ ਦੱਸਦਿਆਂ ਡਰ ਆਉਂਦੈ।

—ਸਭ ਮਰ ਖਪ ਗਏ ਤਾਂ ਬਾਕੀ ਕਤਲ ਕਰ ਦਿੱਤੇ ਗਏ।

ਅਣੋਖੀ ਨੇ ਫੇਰ ਆਖਿਆ, "ਬਹੁਤ ਦੁਖੀ ਜਾਪਦੀ ਏਂ। ਕੋਈ ਪੁੱਤ ਕੋਈ ਧੀ?"

—ਇਕ ਪੁੱਤ ਸੀ ਚਾਰ ਮਹੀਨੇ ਦਾ। ਉਹ ਅੱਲਾ ਨੂੰ ਪਿਆਰਾ ਹੋ ਗਿਆ। ਹੁਣ ਨਪੁੱਤੀ ਹਾਂ।

—ਵਿਖਾ ਖਾਂ ਗੋਖੜੂ ਬੜੇ ਸੋਹਣੇ ਨੇ। ਮੁਰਾਦ ਬੇਗ਼ਮ ਦੀ ਅੱਖ ਫਰਕੀ।

—ਸਾਰੀ ਹਯਾਤੀ ਵਿਚ ਇਕ ਵਾਰੀ ਤਾਂ ਗੋਖੜੂ ਵੇਖੇ ਹਨ।

—ਹੈਨ ਤੇ ਮੇਰੇ ਵਰਗੇ ਈ, ਇਕੱਠੇ ਬਣਾਏ ਸਨ, ਇਕ ਤੁਸਾਂ ਪਾ ਲਏ ਤੇ ਇਕ ਮੇਰੇ ਹੱਥੀਂ। ਭਾਬੀ ਮੇਰੇ ਗੋਖੜੂ ਤੂੰ ਪਾ ਲੈ ਤੇ ਆਪਣੇ ਮੈਨੂੰ ਦੇ ਦੇ। ਸ਼ਾਇਦ ਮੇਰੀ ਵੀ ਰੇਖ ਵਿਚ ਮੇਖ ਵੱਜ ਜਾਏ।

ਗੋਖੜੂ ਵਟਾ ਲਏ ਦੋਵਾਂ ਜਣੀਆਂ ਨੇ ਤੇ ਭੈਣਾਂ ਬਣ ਗਈਆਂ, ਅਣੋਖੀ ਤੇ ਮੁਗ਼ਲਾਨੀ ਬੇਗ਼ਮ।

—ਮੈਂ ਲਾਹੌਰ ਦੀ ਮਲਿਕਾ ਸਾਂ ਕਦੀ, ਮੀਰ ਮਨੂੰ ਦੀ ਬੇਗ਼ਮ। ਮੇਰੀ ਬੱਝੀ ਨਹੀਂ ਸੀ ਛੁੱਟਦੀ ਪਰ ਅੱਜ ਕੱਖਾਂ ਤੋਂ ਹੌਲੀ ਹਾਂ।

—ਮੀਰ ਮਨੂੰ ਕੀ ਉਹ ਜਿਹੜਾ ਸਿੱਖਾਂ ਦਾ ਕਾਤਲ ਏ, ਲਾਹੌਰ ਦਾ ਸੂਬੇਦਾਰ ਸੀ। ਨਾ ਬੜਾ ਕਹਿਰਵਾਨ ਸੀ। ਖ਼ੂਨੀ, ਬਘਿਆੜ, ਉਸ ਕਈ ਘਰ ਉਜਾੜੇ, ਕਈਆਂ ਦੇ ਪੁੱਤ ਨੇਜ਼ਿਆਂ ਨਾਲ ਵਿੰਨ੍ਹ ਕੇ ਉਹਨਾਂ ਦੀਆਂ ਮਾਵਾਂ ਦੀਆਂ ਝੋਲੀਆਂ ਵਿਚ ਪਾਏ। ਜ਼ੁਲਮ ਦੀ ਉਸ ਹੱਦ ਕਰ ਦਿੱਤੀ। ਉਹ ਖ਼ੁਦਾ ਤੋਂ ਵੀ ਨਹੀਂ ਡਰਿਆ।

—ਹਾਂ ਭਾਬੀ ਮੈਂ ਜ਼ਨਾਨੀ ਜ਼ਾਤ ਮੇਰੀ ਕੌਣ ਸੁਣਦਾ ਏ ਮਰਦ ਆਪਣੀ ਜ਼ਨਾਨੀ ਦੀ ਗੱਲ। ਕਦੀ ਜੇ ਦਿਨ ਫਿਰੇ ਤਾਂ ਗੋਖਰੂਆਂ ਦਾ ਮੁੱਲ ਤਾਰਾਂਗੀ। ਅਣੋਖੀ ਦੀ ਆਵਾਜ਼ ਉਭਰੀ।

ਮੁਹੱਬਤ, ਨਫ਼ਰਤ ਵਿਚ ਬਦਲ ਗਈ ਪਰ ਅਣੋਖੀ ਨੇ ਜ਼ਾਹਿਰ ਨਾ ਹੋਣ ਦਿੱਤਾ। ਮੈਂ ਸੱਪਣੀ ਕੋਲ ਬਿਠਾ ਲਈ ਏ। ਕੀ ਪਤਾ ਏ ਕਦੋਂ ਡੰਗ ਮਾਰੇ?

35

ਗੋਖਰੂ

ਦੋਸਤੀ, ਦੁਸ਼ਮਨੀ ਇਕੋ ਥਾਲੀ 'ਚ ਆਣ ਬੈਠੇ। ਇਹ ਵੀ ਗੁਰੂ ਦੀ ਦਾਤ ਸੀ।

ਬੇਗ਼ਮ ਇਕ ਬੁੱਚੜ ਦੀ ਘਰਵਾਲੀ, ਹੁਣ ਮਦਦ ਦੀ ਚਾਹਵਾਨ, ਤਰਲੇ ਕੱਢੇ। ਸਾਰੇ ਪਾਸਿਓਂ ਨ੍ਹੇਰਾ ਈ ਨ੍ਹੇਰਾ ਨਜ਼ਰ ਆਇਆ ਤੇ ਫੇਰ ਬੁੱਢੇ ਦਲ ਦੀ ਸ਼ਰਨ ਆਣ ਪਈ। ਅਣੋਖੀ ਦਾ ਦਿਲ ਟੁੱਟ ਗਿਆ ਸੀ। ਪਿਆਰ 'ਚ ਤਰੇੜ ਆ ਗਈ ਸੀ। ਪਰ ਧੰਨ ਸੀ ਅਣੋਖੀ। ਉਸ ਮੱਥੇ ਤਿਊੜੀ ਨਾ ਪੈਣ ਦਿੱਤੀ। ਸਗੋਂ ਹੋਰ ਵੀ ਪਿਆਰ ਦੀਆਂ ਤੰਦਾਂ ਪਾਈਆਂ।

ਅਣੋਖੀ ਦੇ ਬੋਲ ਉਭਰੇ, "ਬੇਗ਼ਮ ਤੂੰ ਰਾਜ ਘਰਾਨੇ ਦੀ ਬੇਗ਼ਮ ਏਂ। ਕਮਖ਼ਾਬਾਂ ਤੇ ਸੌਣ ਵਾਲੀ ਤੇ ਮੈਂ ਇਕ ਸਰਦਾਰ ਦੀ ਵਹੁਟੀ ਜਿਨ੍ਹਾਂ ਦੀ ਜ਼ਿੰਦਗੀ ਪੱਲ ਭਰ ਦੀ, ਹੈ ਵੀ ਕਿ ਨਹੀਂ। ਧੌਣ ਤਲੀ ਤੇ ਧਰੀ ਫਿਰਦੇ ਹਨ। ਸਿੰਘਾਂ ਦਾ ਤੇ ਪੱਤਾ-ਪੱਤਾ ਵੈਰੀ ਏ। ਅਸੀਂ ਵਿਆਹੀਆਂ ਹੋਈਆਂ ਵੀ ਰੰਡੀਆਂ ਹਾਂ। ਸਾਨੂੰ ਪਤਾ ਨਹੀਂ ਘਰੋਂ ਚੰਗੇ-ਭਲੇ ਤੋਰੀਏ, ਰਾਤ ਨੂੰ ਘਰ ਪਰਤਨਾ ਵੀ ਏ ਕਿ ਨਹੀਂ। ਬੜੀ ਕਠਿਨ ਪ੍ਰਤਿੱਗਿਐ, ਬੜਾ ਜਫ਼ਰ ਜਾਲ ਰਹੇ ਹਨ ਪਰ ਜਦੋਂ ਇਹ ਭੂਰਿਆਂ ਵਾਲੇ ਸਰਦਾਰ ਬਣੇ ਤਦ ਪਤਾ ਲੱਗੂ। ਇਹਨਾਂ ਦਾ ਖ਼ਜ਼ੀਰ ਕਾਹਦੇ ਤੋਂ ਬਣਿਐ।

—ਲੜਦੇ ਤੇ ਹੁਣ ਵੀ ਹਨ। ਸਿਰਧੜ ਦਾ ਵੈਰ ਏ ਇਕ ਸਰਦਾਰ ਦੂਜੇ ਦਾ। ਲਹੂ ਦਾ ਤਿਹਾਇਐ ਪਰ ਪ੍ਰਮੇਸ਼ਵਰ ਜਾਣੇ ਇਹ ਕਾਬੂ ਕਿੱਦਾਂ ਕੀਤੇ ਹੋਏ ਨੇ। ਗੁਰਮਤਾ ਤੇ ਦੂਜੀ ਹਰਮੰਦਰ ਦੀ ਸ਼ਰਧਾ ਤੇ ਤੀਜਾ ਵਿਸ਼ਵਾਸ ਗੁਰੂਆਂ ਤੇ। ਵੈਸੇ ਇਹ ਵੀ ਅੱਗ ਦੀ ਨਾੜ ਹਨ। ਸਰਦਾਰੀਆਂ ਇਹ ਵੀ ਭਾਲਦੇ ਫਿਰਦੇ ਹਨ।

—ਜਦੋਂ ਕੋਈ ਤਖ਼ਤ ਤੇ ਬਹਿ ਜਾਏ, ਤਦੋਂ ਈ ਉਹਦੀ ਅਸਲੀਅਤ ਦਾ ਪਤਾ ਲਗਦੈ। ਚੰਗੇ ਤੇ ਮੰਦੇ ਦਾ ਫੇਰ ਈ ਰਾਜ਼ ਖੁੱਲ੍ਹਦੈ।

—ਜਦੋਂ ਲਕਸ਼ਮੀ ਆਉਂਦੀ ਏ, ਤਦ ਧਰਮ ਡੋਲਦੈ। ਇਮਾਨ ਨੂੰ ਕਾਂਬਾ ਛਿੜਦੈ, ਰੂਹ ਕੰਬਦੀ ਏ, ਬੰਦਾ ਬੰਦੇ ਨੂੰ ਨਹੀਂ ਗਿਣਦਾ। ਇਹ ਝਗੜੇ ਦੀ ਜੜ ਏ ਲਕਸ਼ਮੀ। ਅਣੋਖੀ ਆਖਣ ਲੱਗੀ।

—ਪਰ ਨਹੀਂ ਭਰਜਾਈ ਇਹ ਸਾਰੇ ਦੇਵਤੇ ਹਨ, ਸਾਧ ਹਨ, ਰਿਸ਼ੀ ਹਨ, ਗੁਰਸਿੱਖ ਹਨ। ਮੈਂ ਨਿਹੰਗਾਂ ਤੋਂ ਬਹੁਤ ਖ਼ੁਸ਼ ਹਾਂ। ਵੇਖਣ ਨੂੰ ਡਰਾਉਣੇ ਹਨ, ਭਿਆਨਕ ਹਨ ਤੇ ਖ਼ੂੰਖਾਰ ਵੀ, ਪਰ ਅੰਦਰੋਂ ਸ਼ਹਿਦ ਦੀ ਮਿਠਾਸ, ਬਿਲਕੁਲ ਦੁੱਧ ਚਿੱਟੇ, ਕਿਤੇ ਰੱਤੀ ਭਰ ਵੀ ਦਾਗ਼ ਨਹੀਂ। ਮੁਰਾਦ ਬੇਗ਼ਮ ਦੇ ਬੋਲ ਸਨ।

—ਲਾਹੌਰ ਜਾਣਾ ਏ ਕਿ ਦਿੱਲੀ? ਅਣੋਖੀ ਨੇ ਸਵਾਲ ਕੀਤਾ।

—ਦੋਵਾਂ ਥਾਂਈ ਮੌਤ ਖੜ੍ਹੀ ਇੰਤਜ਼ਾਰ ਕਰਦੀ ਏ। ਔਰਤ ਦੀ ਹਕੂਮਤ ਬਰਦਾਸ਼ਤ ਕਰਨ ਲਈ ਤਿਆਰ ਨਹੀਂ। ਖ਼ਸਮ ਸਿਰ ਤੇ ਨਹੀਂ, ਹਰ ਕੋਈ ਚੱਬ ਜਾਣਾ ਚਾਹੁੰਦੈ। ਔਰਤ 'ਤੇ ਹੱਥ ਲਾਇਆ ਮੈਲੀ ਹੁੰਦੀ ਏ। ਮੈਂ ਜੇ ਜੀਵਾਂਗੀ ਤਾਂ ਮੁਗ਼ਲਾਨੀ ਬੇਗ਼ਮ ਬਣਕੇ, ਵਰਨਾ ਜ਼ਹਿਰ ਚੱਟ ਕੇ ਮਰ ਜਾਵਾਂਗੀ।

—ਅੱਛਾ ਜਦ ਤੂੰ ਮੁਗ਼ਲਾਨੀ ਬੇਗ਼ਮ ਬਣੀਓ, ਉਦੋਂ ਸੁਨੇਹਾ ਭੇਜੀਂ। ਉਦੋਂ ਮਿਲਣ ਆਵਾਂਗੀ ਤੈਨੂੰ। ਅਸਾਂ ਕਦੇ ਲਾਹੌਰ ਨਹੀਂ ਵੇਖਿਆ। ਸਾਡੇ ਭਾਗਾਂ ਵਿਚ ਲਾਹੌਰ ਦੀ ਬਹਾਰ ਨਹੀਂ। ਆਂਹਦੇ ਨੇ ਕਿ ਉੱਥੇ ਸ਼ਾਲਾਮਾਰ ਬਾਗ਼ ਵੇਖਣ ਵਾਲੇ। ਸਾਡੇ ਸਰਦਾਰ ਲਾਹੌਰ ਦੀਆਂ ਗੱਲਾਂ ਕਰਦੇ ਹਨ ਪਰ ਉਹਨਾਂ ਵੀ ਲਾਹੌਰ ਦੀ ਕਦੀ ਨਜ਼ਾਕਤ ਨਹੀਂ ਵੇਖੀ। ਲੁੱਟਮਾਰ ਕੀਤੀ ਤੇ ਘਰ ਆ ਗਏ। ਇਹ ਕੀ ਜਾਣਨ ਲਾਹੌਰ ਤੇ ਲਾਹੌਰ ਦੇ ਵਾਸੀਆਂ ਨੂੰ? ਲਾਹੌਰ ਵਾਲੇ ਇਹਨਾਂ ਨੂੰ ਕਾਫ਼ਰ ਆਖਦੇ ਹਨ ਤੇ ਨਿਹੰਗ ਲਾਹੌਰ ਵਾਲਿਆਂ ਨੂੰ ਕਾਫ਼ਰ ਆਖਣ ਲੱਗੇ ਸੰਗ ਨਹੀਂ ਕਰਦੇ। ਅਣੋਖੀ ਦੇ ਬੋਲ ਸਨ।

ਬੇਗ਼ਮ ਬੋਲੀ—ਮੀਲਾਂ ਕੋਹ ਤੋਂ ਲਾਹੌਰ ਦੇ ਬੁਰਜ ਵਿਖਾਈ ਦਿੰਦੇ ਹਨ। ਅਨਾਰਕਲੀ ਬਾਜ਼ਾਰ ਦਾ ਕੋਈ ਮੁਕਾਬਲਾ ਨਹੀਂ। ਉਹਦਾ ਕੋਈ ਸਾਨੀ ਨਹੀਂ। ਉੱਚੇ ਬੁਰਜ, ਲਾਹੌਰ ਦੇ। ਨਖ਼ਾਸ, ਘੋੜਮੰਡੀ। ਰੁੱਗ ਭਰਿਆ ਗਿਆ ਕਲੇਜੇ ਦਾ ਸਾਡੀ ਕਤਲਗਾਹ, ਸਾਡੇ ਗੁਰੂ ਦਾ ਡੇਰਾ ਸਾਹਿਬ, ਕਦੀ ਭਾਗਾਂ 'ਚ ਹੋਇਆ ਤਾਂ ਅਸੀਂ ਵੀ ਮੱਥਾ ਟੇਕਣ ਜਾਵਾਂਗੇ।

—ਸ਼ਹੀਦਾਂ ਦੀ ਕਾਂਸ਼ੀ। ਅਣੋਖੀ ਆਖ ਕੇ ਚੁੱਪ ਹੋ ਗਈ।

ਬੇਗ਼ਮ ਪਸੀਨੇ ਨਾਲ ਤਰ-ਤਰ ਹੋ ਗਈ ਸੀ। ਤਰੇਲੀਆਂ ਛੁੱਟ ਪਈਆਂ ਸਨ, ਮੂੰਹ ਇੰਨਾ ਕੁ ਜਿਹਾ ਰਹਿ ਗਿਆ ਸੀ। ਸੋਚਣ ਲਗੀ, ਬਦਨਾਮ ਖ਼ਸਮ ਦੀ ਰੰਨ ਰੋਣਾ ਵੀ ਗੁਨਾਹ ਏ। ਨਖ਼ਾਸ ਦਾ ਨਾਂ ਆਉਂਦਿਆਂ ਹੀ ਭਾਬੀ ਦਾ ਚਿਹਰਾ ਮੁਰਝਾ ਗਿਆ। ਜੇ ਮੈਂ ਮਹਿਮਾਨ ਨਾ ਹੁੰਦੀ ਤਾਂ ਉਹ ਮੇਰਾ ਗਲ ਘੁੱਟ ਦੇਂਦੀ। ਹੁਣ ਸਹੇਲੀ ਆਖ ਦਿੱਤੇ, ਹੁਣ ਕਾਹਦੀ ਪੁੱਛ ਪੜਤਾਲ। ਮੈਂ ਇਹਨਾਂ ਦੇ ਰਹਿਮੋ ਕਰਮ ਤੇ। ਇਹ ਦੁਸ਼ਮਣ ਨਾਲ ਵੀ ਭਰਾਵਾਂ ਵਰਗਾ ਸਲੂਕ ਕਰਦੇ ਹਨ।

—ਬੇਗ਼ਮ ਅੱਲਾ ਤੈਨੂੰ ਫੇਰ ਬੇਗ਼ਮ ਬਣਾਏ ਤੇ ਅਸੀਂ ਫੇਰ ਵੇਖਣ ਆਵਾਂਗੀਆਂ ਕਿ ਬੇਗ਼ਮਾਂ ਕਿਹੋ ਜਿਹੀਆਂ ਹੁੰਦੀਆਂ ਹਨ। ਅਣੋਖੀ ਨੇ ਗੱਲ ਟਾਲ ਦਿੱਤੀ।

—ਬੇਗ਼ਮਾਂ ਦੇ ਕੋਈ ਫੁੰਮਨ ਨਹੀਂ ਲੱਗੇ ਹੁੰਦੇ। ਨਾਂ ਵੱਡਾ ਏ, ਦੀਦਾਰ ਛੋਟੇ ਨੇ।

—ਭਰਜਾਈ ਜੇ ਮੈਂ ਕਦੇ ਆਪਣੇ ਜਲਾਲ ਵਿਚ ਆਈ, ਫੇਰ ਸੱਦਾਂਗੀ।

ਭਾਵੇਂ ਜੱਥੇਦਾਰ ਨਾ ਈ ਆਉਣ ਦੇਵੇ।

ਮੈਂ ਆਪ ਲੈਣ ਆਵਾਂਗੀ, ਮੈਨੂੰ ਜੱਥੇਦਾਰ ਨਾਂਹ ਨਹੀਂ ਕਰਨ ਲੱਗਾ। ਹੁਣ ਤੇ

ਮੇਰਾ ਆਪਣਾ ਹੱਕ ਬਣਦਾ ਏ ਨਾ। ਮੈਂ ਜੱਥੇਦਾਰ ਨੂੰ ਕਿਉਂ ਪੁੱਛਾਂ? ਭਾਬੀ ਇਹ ਮੇਰਾ ਲੌਂਗ ਪਾ ਕੇ ਵਿਖਾ। ਹੀਰਿਆਂ ਜੜ੍ਹਿਆ ਲੌਂਗ ਏ। ਮੁਗ਼ਲ ਸ਼ਹਿਜ਼ਾਦੀ ਛੱਡ ਗਈ ਸੀ। ਭਾਈ ਤੂੰ ਖ਼ੂਬ ਫੱਬੇਂਗੀ। ਗੋਰੇ ਰੰਗ ਤੇ ਲੌਂਗ ਝਲਕਾਂ ਮਾਰੇਗਾ। ਬੇਗ਼ਮ ਦੀ ਆਵਾਜ਼ ਸੀ। ਮੇਰਾ ਜੀਅ ਕਰਦਾ ਏ ਕੀ ਮੈਂ ਹਾਰ ਪੁਵਾ ਕੇ ਵੇਖ ਲਵਾਂ ਭਾਬੀ ਨੂੰ। ਭਾਬੀ ਤੇਰੇ ਹੁਸਨ ਦਾ ਲਿਸ਼ਕਾਰਾ ਵਧੇਗਾ।

—ਇੰਨਾ ਪਿਆਰ ਨਾ ਪਾ, ਪਿਛੋਂ ਦੁਖੀ ਨਾ ਹੋਣਾ ਪਵੇ। ਅਣੋਖੀ ਦੇ ਬੁੱਲ੍ਹਾਂ ਤੇ ਹਾਸਾ ਸੀ।

—ਤੂੰ ਗੋਖੜੂਆਂ ਦੀ ਗੱਲ ਕੀਤੀ ਸੀ। ਉਹਦੇ ਬਾਰੇ ਤੂੰ ਇਕ ਵਾਰ ਗੱਲ ਛੇੜੀ ਸੀ, ਵਿਚੇ ਰਹਿ ਗਈ। ਗੋਖੜੂ ਜਵਾਨੀ ਦਾ ਗਹਿਣੈ। ਕਿਸੇ ਕਰਮਾਂ ਵਾਲਿਆਂ ਨੂੰ ਲੱਭਦੈ।

—ਗੋਖੜੂ ਹੈਨ ਤੇ ਬੜੇ ਸੋਹਣੇ। ਤੂੰ ਆਖ ਰਹੀ ਸੈਂ ਕਿ ਗੋਖੜੂਆਂ ਦੀ ਜੋੜੀ ਬਣਾਈ ਸੀ। ਇਕ ਮੇਰੇ ਹੱਥੀਂ ਪਈ ਏ ਇਕ ਤੇਰੇ ਹੱਥ। ਇਹ ਕੀ ਮਾਜਰੈ, ਇਹ ਕੀ ਘੁੰਡੀ ਏ, ਤੂੰ ਇਹ ਗੱਲ ਲੁਕਾ ਕਿਉਂ ਰਹੀ ਏਂ?

—ਮੈਂ ਸੂਬੇਦਾਰਨ ਸਾਂ, ਮੈਥੋਂ ਖੋਹੀ ਗਈ ਸੂਬੇਦਾਰੀ। ਮੈਂ ਅਰਜ਼ ਕੀਤੀ ਤੇ ਲਿੱਲੜੀਆਂ ਲਈਆਂ। ਮੇਰੀ ਫ਼ਰਿਆਦ ਅਹਿਮਦ ਸ਼ਾਹ ਅਬਦਾਲੀ ਅੱਗੇ ਸੀ।

ਆਖਣ ਲੱਗਾ ਅਹਿਮਦ ਸ਼ਾਹ ਅਬਦਾਲੀ, ਹੁਣ ਮੈਂ ਕਾਹਲੀ-ਕਾਹਲੀ ਵਿਚ ਹਾਂ ਤੇ ਹੁਣ ਵਾਪਸ ਆਪਣੇ ਦੇਸ਼ ਵੱਲ ਮੁੜ ਰਿਹਾ ਹਾਂ। ਆਣ ਕੇ ਫੇਰ ਵੇਖਾਂਗਾ। ਤੇਰੀ ਸੂਬੇਦਾਰੀ ਪੱਕੀ ਏ। ਹੁਣ ਇਹ ਲੈ-ਲੈ ਗੋਖੜੂਆਂ ਦੀ ਜੋੜੀ। ਇਕ ਤੇ ਕਿਸੇ ਸਹੇਲੀ ਨੂੰ ਦੇ ਦੇਵੀਂ ਤੇ ਦੂਜੇ ਆਪਣੇ ਹੱਥੀਂ ਪਾ ਲਈਂ। ਨਾਲੇ ਰੋਈ ਤੇ ਨਾਲੇ ਗੋਖੜੂ ਵੇਖੀ। ਸੂਬੇਦਾਰੀ ਦੇ ਮੁੱਲ ਦੇ ਬਰਾਬਰ ਹਨ ਗੋਖੜੂ। ਗੋਖੜੂ ਈ ਤੇਰਾ ਕਲਿਆਣ ਕਰਨਗੇ।

ਨਵਾਬ ਜੱਸਾ ਸਿੰਘ ਆਹਲੂਵਾਲੀਆ ਨੇ ਜਦ ਲਾਹੌਰ ਲੁੱਟਿਆ ਤਾਂ ਓਸ ਫ਼ਰਮਾਇਸ਼ ਕੀਤੀ ਗੋਖੜੂਆਂ ਦੀ। ਨਿਹੰਗ ਕਿਸੇ ਜ਼ਨਾਨੀ ਦੇ ਜ਼ੇਵਰ ਨੂੰ ਹੱਥ ਨਹੀਂ ਸਨ ਲਾਉਂਦੇ।

—ਮੈਂ ਨਜ਼ਰਾਨੇ ਦੇ ਤੌਰ ਤੇ ਸਰਦਾਰ ਨੂੰ ਇਹ ਗੋਖੜੂ ਦਿੱਤੇ ਸਨ। ਉਹਦੇ ਵਿਚੋਂ ਇਕ ਜੋੜੀ ਉਹਦੇ ਸਾਹਮਣੇ ਮੈਂ ਆਪਣੇ ਹੱਥੀਂ ਪਾ ਲਈ। ਇਹ ਲੁੱਟ ਦਾ ਮਾਲ ਮਥੁਰਾ ਦਾ ਸੀ।

ਇਹ ਗੋਖੜੂ ਕਿੱਥੋਂ ਚੱਲੇ ਤੇ ਕਿੱਥੇ ਆਣ ਅੱਪੜੇ ਰਾਣੀ ਗੁੰਝਲ 'ਚ ਪੈ ਗਈ।

36

ਚੁੰਨੀ ਵਟਾ ਲੈ

—ਭਾਬੀ ਮੈਂ ਹੁਣ ਚਲੇ ਜਾਣੈ। ਫੇਰ ਕਦ ਮਿਲਾਂਗੇ, ਇਹ ਅੱਲਾ ਈ ਜਾਣਦੈ। ਸਹੇਲੀਆਂ ਤਾਂ ਬਣ ਗਈਆਂ ਹਾਂ। ਬੇੜੀ ਦਾ ਪੂਰ ਤੇ ਤ੍ਰਿੰਞਣ ਦੀਆਂ ਕੁੜੀਆਂ ਸਬੱਬ ਨਾਲ ਹੋਣ ਕੱਠੀਆਂ। ਸਾਡੀਆਂ ਮੁਲਾਕਾਤਾਂ ਹੁਣ ਹੁੰਦੀਆਂ ਈ ਰਹਿਣੀਆਂ ਨੇ। ਮੈਂ ਹਰਮ

ਦਾ ਸ਼ਿੰਗਾਰ ਨਹੀਂ ਬਣਨਾ। ਮੈਂ ਇਹਨਾਂ ਮਰਦਾਂ ਵਿਚ ਮਰਦ ਬਣਕੇ ਜੀਵਾਂਗੀ। ਸੂਬੇਦਾਰਨੀ।

—ਵਾਹਿਗੁਰੂ ਤੇਰੀਆਂ ਮੁਰਾਦਾਂ ਪੂਰੀਆਂ ਕਰੇ। ਅਣੋਖੀ ਦੀ ਆਵਾਜ਼ ਜ਼ਰਾ ਦੱਬ ਕੇ ਉੱਭਰੀ।

ਰੌਲੀ....''ਹਾਏ ਮਰ ਗਏ, ਪਾਣੀ! ਬਚਾਓ।''

ਇਹ ਕਾਹਦਾ ਰੌਲਾ ਏ?

ਇਕ ਬਾਂਦੀ ਬੁੱਢੀ ਜਿਹੀ ਔਰਤ ਆਖਣ ਲਗੀ। ਅਹਿਮਦ ਸ਼ਾਹ ਅਬਦਾਲੀ ਤੇ ਚਲਾ ਗਿਆ ਸੀ, ਫੇਰ ਮੁੜ ਆਇਐ। ਸਿੰਘਾਂ ਦੇ ਕੈਂਪ ਤੇ ਉਸ ਹਮਲਾ ਕਰ ਦਿੱਤੈ। ਲੜ ਰਹੇ ਹਨ ਨਿਹੰਗ। ਅਕਾਲ-ਅਕਾਲ ਕੂਕਦੇ ਹਨ।

—ਛੇਤੀ ਕਰ ਬੇਗ਼ਮ ਕੱਪੜਾ-ਲੀੜਾ ਸੰਭਾਲ ਲੈ। ਸਿੰਘਾਂ ਨੇ ਹੁਣੇ ਹਰਨ ਹੋ ਜਾਣੈ। ਉਹਨਾਂ ਇੰਤਜ਼ਾਰ ਨਹੀਂ ਕਰਨੀ, ਜਲਦੀ ਕਰ, ਗੱਡੇ ਤਿਆਰ ਹਨ। ਜ਼ਰਾ ਆਵਾਜ਼ ਆਈ ਤੇ ਛਾਲ ਮਾਰ ਕੇ ਗੱਡੇ ਵਿਚ ਬਹਿ ਜਾ। ਫੇਰ ਪਤਾ ਨਹੀਂ ਇਹ ਗੱਡੇ ਕਿਧਰ ਨੂੰ ਨਿਕਲ ਜਾਣ। ਜੰਗਲ ਵਿਚ ਜਾਂ ਬੇਲੇ ਵਿਚ ਜਾਂ ਮਾਰੂਥਲਾਂ ਵਿਚ। ਛੇਤੀ, ਜਲਦੀ ਕਰ ਦੇਰ ਨਾ ਕਰੋ। ਛਾਲਾਂ ਮਾਰ ਕੇ ਗੱਡੇ 'ਚ ਬੈਠ ਜਾਓ ਹਮਲਾ ਹੋ ਰਿਹੈ।

—ਯਾ ਅੱਲਾ ਇਹ ਕਾਬਲੀ ਕੁੱਤਾ ਜਿੱਤ ਗਿਆ ਜਾਂ ਸਿੰਘ ਹਮਲਾ ਕਰਕੇ ਹਰਨ ਹੋ ਗਏ।

—ਇਹ ਫਿਰ ਕਿਉਂ ਆ ਗਿਆ। ਇਕ ਵਾਰ ਤੇ ਦਫ਼ਾ ਹੋ ਗਿਆ ਸੀ। ਹੁਣ ਏਸ ਸਿਰ ਕਿੱਦਾਂ ਕੱਢ ਲਿਆ?

—ਇਹ ਲੜਾਕੇ, ਇਹ ਖ਼ੂੰਖਾਰ ਪਤਾ ਨਹੀਂ ਕੀ ਕਰਨਾ ਚਾਹੁੰਦੇ ਐ। ਇਹ ਥਾਂ-ਥਾਂ ਲਹੂ ਦਾ ਭਾਅ ਪੁੱਛਦੇ ਫਿਰਦੇ ਹਨ। ਅੱਲਾ ਇਹਨਾਂ ਨੂੰ ਚੁੱਕੇ।

ਗੱਡੇ ਚੱਲ ਪਏ। ਬਲਦਾਂ ਦੀਆਂ ਟੱਲੀਆਂ ਵੱਜੀਆਂ।

—ਇਹ ਗੱਡੇ ਹਨ ਜਾਂ ਰੱਥ। ਇਹ ਘੋੜਿਆਂ ਜਿੱਡੇ ਬਦਲ ਹਨ।

—ਸਿੰਘਾਂ ਦੇ ਬਲਦ ਵੀ ਘੋੜਿਆਂ ਦੀ ਬਰਾਬਰੀ ਕਰਦੇ ਹਨ।

ਕਮਾਲ ਦੇ ਬਈ ਗੱਡਿਆਂ ਦੀ ਰਫ਼ਤਾਰ। ਜ਼ਮੀਨ ਪੱਧਰੀ ਹੋਵੇ ਜਾਂ ਟੋਏ-ਟਿੱਬੇ ਹੋਣ। ਇਹ ਆਪਣੀ ਰਫ਼ਤਾਰ 'ਚ ਚਲਦੇ ਹਨ। ਦਲ ਵਿਚ ਰਹਿ ਕੇ ਇਹ ਵੀ ਨਿਹੰਗਾਂ ਵਰਗੇ ਹੋ ਗਏ ਹਨ।

ਹਮਲੇ ਦੀ ਇਕ ਵਾਰ ਆਵਾਜ਼ ਆਈ। ਕੋਈ ਆਖ ਰਿਹਾ ਸੀ ਇਹ ਅਬਦਾਲੀ ਦਾ ਹਮਲਾ ਨਹੀਂ। ਅਬਦਾਲੀ ਦੀ ਕਿਸੇ ਫ਼ੌਜੀ ਟੁਕੜੀ ਨੇ ਹਮਲਾ ਕੀਤੈ। ਸਾਡੀ ਹਿਫ਼ਾਜ਼ਤ ਲਈ ਇਹਨਾਂ ਆਪਣੀ ਥਾਣਿਆਂ ਨੂੰ ਬਦਲ ਦਿੱਤੈ। ਏਸ ਲਈ ਕਿ ਕੋਈ ਮਨਚਲਾ ਔਰਤਾਂ ਨਾਲ ਛੇੜਖਾਨੀ ਨਾ ਕਰੇ। ਏਸ ਲਈ ਪਹਿਲਾਂ ਈ ਇੰਤਜ਼ਾਮ ਕਰ ਲਿਆ ਗਿਐ।

ਭਾਣਾ ਰੱਬ ਦਾ ਇਕੋ ਝੜਪ ਵਿਚ ਦਲ ਨੇ ਸਫ਼ਾਈ ਕਰ ਦਿੱਤੀ ਤੇ ਫਿੱਤੀ-ਫਿੱਤੀ ਕਰ ਦਿੱਤੀ ਫ਼ੌਜੀ ਟੁਕੜੀ ਦੀ। ਕਈ ਮਰ ਗਏ, ਕਈ ਜ਼ਖ਼ਮੀ ਹੋਏ ਤੇ ਬਾਕੀ ਨੱਸ ਗਏ, ਜੁੱਤੀਆਂ ਛੱਡ ਕੇ।

ਮੀਂਹ ਦਾ ਛੜਾਕਾ ਆਇਆ, ਵਰ੍ਹਿਆ ਤੇ ਲੰਘ ਗਿਆ। ਇਹੋ ਜਿਹੇ ਹਮਲੇ ਨਿਹੰਗ ਜੁੱਤੀ ਮਾਰ ਕੇ ਕਰ ਲੈਂਦੇ ਹਨ।

ਕਾਬਲੀ ਕੁੱਤੇ ਅਬਦਾਲੀ ਨੂੰ ਮੌਤ ਵੀ ਨਹੀਂ ਆਉਂਦੀ। ਏਸ ਸਾਰੇ ਪੰਜਾਬ ਨੂੰ ਸੂਲੀ ਤੇ ਟੰਗਿਆ ਹੋਇਐ।

ਗੱਡੇ ਜਦ ਰੁਕੇ, ਉਜਾੜ ਸੀ। ਨਾ ਪਾਣੀ, ਨਾ ਰਹਿਣ ਦੀ ਜਗ੍ਹਾ। ਗੱਡੇ 'ਚ ਈ ਬੈਠੋ ਤੇ ਗੱਡੇ 'ਚ ਈ ਸੌਂਵੋ। ਲੰਗਰ ਇੱਥੇ ਈ ਮਿਲੇਗਾ। ਬੇਗ਼ਮ ਅੱਜ ਖ਼ਾਲਸੇ ਦਾ ਸਬਜ਼ ਪਲਾਵ ਖਾ ਕੇ ਵੇਖ। ਬੜੀ ਬਰਿਆਨੀ ਭੁੱਲ ਜਾਏਂਗੀ। ਪੱਤਿਆਂ ਵੱਲਾਂ ਨਾਲ ਬਣਿਆ ਪਲਾਵ। ਇਹਦਾ ਕੋਈ ਜਵਾਬ ਨਹੀਂ। ਇਹ ਖ਼ਾਲਸੇ ਦੀ ਮਨਪਸੰਦ ਸੌਗਾਤ ਏ। ਇਹਨਾਂ ਵਿਚਾਰਿਆਂ ਦੇ ਭਾਗਾਂ ਵਿਚ ਈ ਇਹੋ ਕੁਝ ਏ।

ਭੂਰੇ ਹਨ, ਵਿਛਾਓ ਤੇ ਆਰਾਮ ਕਰੋ, ਖ਼ਤਰਾ ਟਲ ਗਿਆ।

ਵਾਵਰੋਲਾ ਆਇਆ ਸੀ ਲੰਘ ਗਿਆ। ਕੱਖ ਕਾਂ ਉਡਾ ਕੇ ਨਾਲ ਈ ਲੈ ਗਿਆ।

—ਭਾਬੀ ਬੜੇ ਸਖ਼ਤ ਜਾਨ ਹਨ ਇਹ ਗੁਰੂ ਦੇ ਲਾਡਲੇ।

—ਹਾਂ ਬੇਗ਼ਮ ਰੱਬ ਨੇ ਇਹਨਾਂ ਨੂੰ ਏਸੇ ਲਈ ਪੈਦਾ ਕੀਤੈ। ਬੰਦਾ ਮਰ ਜਾਏ ਕੋਈ ਅਫ਼ਸੋਸ ਨਹੀਂ ਪਰ ਘੋੜਾ ਮਰ ਜਾਏ ਤਾਂ ਸਿਰ ਤੇ ਦੁਹੱਥੜਾ ਮਾਰ ਕੇ ਰੋਂਦੇ ਹਨ। ਭੋਗ ਪਾਉਂਦੇ ਹਨ, ਅਰਦਾਸ ਕਰਦੇ ਹਨ, ਵਾਹਿਗੁਰੂ ਘੋੜਾ ਬਖ਼ਸ਼। ਦੁਆ ਮੰਗਦੇ ਹਨ। ਕੋਈ ਟੁਕੜੀ ਮਿਲ ਜਾਏ ਫ਼ੌਜ ਦੀ, ਜ਼ਰਾ ਕੁ ਟੱਕਰ ਲਈ ਤਾਂ ਫਿਰ ਇਕ ਘੋੜਾ ਕੀ ਚਾਰ ਹੱਥ ਲੱਗ ਗਏ।

ਨਿਹੰਗਾਂ ਦੀ ਸਿਰਫ਼ ਘੋੜਾ ਈ ਜਾਇਦਾਦ ਏ। ਤਲਵਾਰ, ਇਕ ਭੂਰਾ, ਇਕ ਨੇਜ਼ਾ। ਨਿਹੰਗ ਨੂੰ ਹੋਰ ਕੁਝ ਨਹੀਂ ਚਾਹੀਦਾ। ਸੁੱਖ ਨਿਧਾਨ ਮਿਲ ਜਾਏ ਤੇ ਫੇਰ ਚਾਰੇ ਈ ਚੱਕ ਜਗੀਰਾਂ।

ਜੱਸਾ ਸਿੰਘ ਆਹਲੂਵਾਲੀਆ ਨੂੰ ਕੋਈ ਪਤਾ ਨਹੀਂ ਕਿ ਮੁਰਾਦ ਬੇਗ਼ਮ ਉਹਨਾਂ ਔਰਤਾਂ ਨਾਲ ਏ, ਜਿਹਨਾਂ ਨੂੰ ਅਸਾਂ ਕੈਂਪ ਵਿਚ ਛੱਡਿਆ ਏ। ਜਦ ਕੂਚ ਦਾ ਹੁਕਮ ਹੋਇਆ, ਪਹਿਲਾਂ ਅਰਦਾਸ ਕੀਤੀ ਤੇ ਫ਼ੌਜਾਂ ਨੇ ਘੋੜਿਆਂ ਤੇ ਪਲਾਕੀ ਮਾਰੀ। ਅਕਾਲ-ਅਕਾਲ ਗੂੰਜਦੇ ਤੁਰ ਪਏ।

—ਕਿੱਥੇ ਚੱਲੀਆਂ ਨੇ ਫ਼ੌਜਾਂ, ਕਿਧਰ ਨੂੰ ਮੂੰਹ ਚੁੱਕਿਐ?

—ਲਾਹੌਰ, ਇਹ ਵਿਚਾਰੀਆਂ ਵੀ ਲਾਹੌਰ ਦੀਆਂ ਰਹਿਣ ਵਾਲੀਆਂ ਨੇ।

—ਇਹ ਸਾਰੀਆਂ ਲਾਹੌਰ ਦੀਆਂ ਨਹੀਂ। ਲਾਹੌਰ ਦੀ ਸਿਰਫ਼ ਇਕੋ ਮੁਟਿਆਰ ਏ। ਸੋਹਣੀ, ਸੁਨੱਖੀ ਕੋਈ ਅਮੀਰਜ਼ਾਦੀ ਜਾਪਦੀ ਏ।

ਦੂਰ ਤੋਂ ਈ ਇਹ ਹੁਕਮ ਹੋਇਆ, "ਅਸੀਂ ਕੱਲੀ ਨੂੰ ਲਾਹੌਰ ਛੱਡ ਕੇ ਆਵਾਂਗੇ ਤੇ ਬਾਕੀ ਦੀਆਂ ਬੀਬੀਆਂ ਕਿੱਥੋਂ ਦੀਆਂ ਹਨ?"

—ਅੰਮ੍ਰਿਤਸਰ, ਗੋਇੰਦਵਾਲ ਤੇ ਬਟਾਲੇ ਦੀਆਂ।

ਇਨ੍ਹਾਂ ਲਈ ਵੱਖਰਾ ਇੰਤਜ਼ਾਮ ਕਰੋ। ਘਰ ਛੱਡ ਕੇ ਆਉਣਾ। ਜੇ ਕੋਈ ਨਾਂਹ ਨੁੱਕਰ ਕਰੇ ਮਾਪੇ ਜਾਂ ਸਹੁਰੇ ਤਾਂ ਆਖ ਦੇਣਾ ਕਿ ਜੱਸਾ ਸਿੰਘ ਆਹਲੂਵਾਲੀਆ ਨੇ ਭੇਜਿਐ। ਜੇ ਕਿਸੇ ਵੀ ਜ਼ਰਾ ਮੰਦਾ ਬੋਲਿਆ ਤਾਂ ਸੋਧ ਕੇ ਰੱਖ ਦੇਵਾਂਗੇ। ਇਹ ਜੱਥੇਦਾਰ ਦਾ ਹੁਕਮ ਏ।

—ਭਾਬੀ ਹੁਣ ਤੇ ਵਿਛੋੜਾ ਜ਼ਰੂਰੀ ਹੋ ਗਿਐ। ਮੈਨੂੰ ਕੁਝ ਨਿਸ਼ਾਨੀ ਦੇ ਦੇ।

—ਨਿਸ਼ਾਨੀ ਕੀ ਕਰਨੀ ਏ? ਤੂੰ ਹੁਣ ਤੇ ਸਾਡੀ ਜਿੰਦਜਾਨ ਏਂ।

—ਫੇਰ ਵੀ ਕੁਝ ਚੇਤਾ ਰਹੂ।

—ਕੀ ਦੇਵਾਂ ? ਮੈਂ ਬੇਗਮ ਥੋੜ੍ਹੀ ਆਂ। ਅੱਛਾ ਲੈ ਚੁੰਨੀਆਂ ਵਟਾ ਲੈਂਦੀਆਂ ਹਾਂ ਤੇ ਭੈਣਾਂ ਬਣ ਜਾਵਾਂਗੀਆਂ।

ਇਕ ਨਿਹੰਗ ਜੱਥੇਦਾਰ ਦੀ ਭੈਣ ਤੇ ਉਹ ਵੀ ਮੀਰ ਮੰਨੂ ਦੀ ਵਹੁਟੀ ਮੁਰਾਦ ਬੇਗਮ। ਸਿੱਖਾਂ ਦਾ ਕਾਤਲ ਤੇ ਜ਼ਾਲਮ ਕਸਾਈ। ਪਰ ਇਹ ਤਾਂ ਭੋਲੇ ਪਾਤਸ਼ਾਹ ਹਨ।

37

ਕੜਾਹ ਪ੍ਰਸ਼ਾਦ

ਦਲ ਨੇ ਮੁਹਾਰਾਂ ਮੋੜੀਆਂ ਅੰਮ੍ਰਿਤਸਰ ਵੱਲ। ਦੀਵਾਲੀ ਦਾ ਇਕੱਠ ਮਸ਼ਹੂਰ ਸੀ। ਹਰ ਕੋਈ ਏਸ ਮੌਕੇ ਤੇ ਹਾਜ਼ਰੀ ਭਰਦਾ। ਸਰਦਾਰ ਇਕੱਠੇ ਹੋਏ। ਜੱਥੇਦਾਰ ਬੁੱਢਾ ਦਲ ਦੇ ਤੇ ਹੋਰ ਕਹਿੰਦੇ-ਕਹਾਉਂਦੇ ਅਮੀਰ ਸਰਦਾਰ।

ਚੜ੍ਹਤ ਸਿੰਘ ਤੇ ਜੈ ਸਿੰਘ ਕਨ੍ਹਈਆ, ਹਰੀ ਸਿੰਘ ਭੰਗੀ, ਜੱਸਾ ਸਿੰਘ ਰਾਮਗੜ੍ਹੀਆ, ਹਕੀਕਤ ਸਿੰਘ, ਗੁੱਜਰ ਸਿੰਘ, ਲਹਿਣਾ ਸਿੰਘ ਇਕੱਠੇ ਹੋਏ ਬੈਠੇ ਸਨ। ਦੀਵਾਲੀ ਤੇ ਮਤੇ ਹੁੰਦੇ ਹਨ ਤੇ ਉਹਨਾਂ ਮਤਿਆਂ ਤੇ ਸਾਰਾ ਸਾਲ ਅਮਲ ਕਰਨਾ ਪੈਂਦੇ। ਏਸ ਲਈ ਜੱਥੇਦਾਰਾਂ ਦਾ ਇਕੱਠਾ ਹੋਣਾ ਬਹੁਤ ਜ਼ਰੂਰੀ ਏ।

ਸਰਦਾਰਾਂ ਦੇ ਆਪਸ ਵਿਚ ਝਗੜੇ, ਸਿਰਧੜ ਦੀ ਬਾਜ਼ੀ ਲਾ ਕੇ ਵੈਰ ਕਰਨਾ ਤੇ ਵਕਤ ਮਿਲਦਿਆਂ ਈ ਸਿਰ ਲਾਹ ਕੇ ਪਰੇ ਸੁੱਟ ਦੇਣਾ। ਕੁੱਤੇ ਦੀ ਮੌਤ ਮਾਰਨਾ, ਖਿੱਲੀ ਉਡਾਉਣੀ।

ਜੱਥੇਦਾਰ ਭਾਵੇਂ ਹਥਿਆਰਾਂ ਨਾਲ ਸ਼ਿੰਗਾਰਿਆ ਕਿਉਂ ਨਾ ਹੋਵੇ, ਕਿਸੇ ਦੀ ਜੁਰੱਅਤ ਨਹੀਂ ਸੀ ਅਕਾਲ ਤਖ਼ਤ ਤੇ ਤਲਵਾਰ ਲੈ ਕੇ ਆ ਜਾਏ। ਇਜਾਜ਼ਤ ਨਹੀਂ ਸੀ, ਪੰਥ ਦਾ ਹੁਕਮ ਸੀ। ਤਲਵਾਰ ਖੋਹ ਲੈਂਦੇ, ਤਨਖ਼ਾਹ ਲਗਦੀ, ਪੱਗ ਰੁਲਦੀ। ਕੋਈ ਡਰਦਾ ਤਲਵਾਰ ਲੈ ਕੇ ਪ੍ਰਕਰਮਾ ਵਿਚ ਨਹੀਂ ਸੀ ਜਾਂਦਾ। ਇਹ ਪੰਥ ਦਾ ਹੁਕਮ ਸੀ। ਬੁੱਢੇ ਦਲ ਦਾ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਤਲਵਾਰ ਕਮਰ 'ਚ ਪਾ ਕੇ ਅਕਾਲ ਤਖ਼ਤ ਤੇ ਜਾ ਸਕਦਾ ਸੀ। ਹੋਰ ਕੋਈ ਨਹੀਂ। ਇਹ ਮਰਿਆਦਾ ਚਲੀ ਆ ਰਹੀ ਸੀ ਸਾਹਿਬ ਗੁਰੂ ਗੋਬਿੰਦ ਸਿੰਘ ਦੇ ਵੇਲੇ ਤੋਂ।

ਸਰਦਾਰ ਚੜ੍ਹਤ ਸਿੰਘ ਆਖਣ ਲੱਗਾ—ਹੁਣ ਤੇ ਕੋਈ ਖ਼ਤਰਾ ਨਹੀਂ। ਖ਼ੂਬ ਦੀਵਾਲੀ ਮਨਾਓ।

ਜੈ ਸਿਘ ਕਨ੍ਹਈਆ ਨੇ ਮੁੱਛਾਂ ਨੂੰ ਮਰੋੜਾ ਦਿੱਤਾ ਤੇ ਆਖਣ ਲੱਗਾ—ਸਰਦਾਰਾਂ ਨਾਲ ਵਾਸਤਾ ਹੁਣ ਪਿਆ ਏ।

—ਦਿੱਲੀ ਵਾਲਿਆਂ ਨੇ ਤੇ ਤਲਵਾਰਾਂ ਕਿੱਲੀ ਨਾਲ ਟੰਗ ਦਿੱਤੀਆਂ ਨੇ। ਜ਼ੰਗ ਲੱਗ ਗਈਆਂ ਨੇ। ਉਹਨਾਂ ਕੀ ਮੁਕਾਬਲਾ ਕਰਨੈ। ਹਰੀ ਸਿੰਘ ਭੰਗੀ ਨੇ ਅਰਜ਼ ਕੀਤੀ।

ਜੱਸਾ ਸਿੰਘ ਰਾਮਗੜ੍ਹੀਆ ਬੋਲਿਆ, ਰਾਮ ਰੌਣੀ ਨੂੰ ਢਾਹ ਦਿੱਤਾ। ਉਸ ਸਮਝਿਆ ਕਿ ਪੰਥ ਮਰ ਗਿਐ ਪਰ ਨਹੀਂ ਸਿੱਖਾਂ ਦਾ ਤੇ ਹੁਣ ਈ ਜਨਮ ਹੋਇਐ।

ਹਕੀਕਤ ਸਿੰਘ ਆਖਣ ਲੱਗਾ, ਜਦ ਤੱਕ ਸਾਡਾ ਜੱਥੇਦਾਰ ਜੱਸਾ ਸਿੰਘ

ਆਹਲੂਵਾਲੀਏ, ਦੀ ਥਾਪੀ ਦੇ ਸਾੜੇ ਤੇ, ਅਹਿਮਦ ਸ਼ਾਹ ਅਬਦਾਲੀ ਆਉਣ ਤੋਂ ਪਹਿਲਾਂ ਇਕ ਵਾਰ ਸੋਚੇਗਾ।

ਗੁੱਜਰ ਸਿੰਘ ਨੇ ਸਿਰੇ ਦੀ ਗੱਲ ਕੀਤੀ—ਮੈਂ ਜੇਹਲਮ ਤੱਕ ਆਪ ਛੱਡ ਕੇ ਆਇਆ ਹਾਂ। ਇਹ ਕਿੰਨੀ ਕੁ ਵਾਰ ਫੇਰ ਆਏਗਾ ਢੀਠ?

ਲਹਿਣਾ ਸਿੰਘ ਨੇ ਆਖਿਆ—ਜੰਮ ਕੇ ਨਾ ਅਬਦਾਲੀ ਲੜੇ ਤੇ ਨਾ ਨਿਹੰਗ ਈ ਲੜਨ। ਹਮਲਾ ਕੀਤਾ ਤੇ ਹਰਨ ਹੋ ਗਏ।

—ਹੁਣ ਦਿੱਲੀ ਵੀ ਕੰਬੇ ਤੇ ਲਾਹੌਰ ਵੀ। ਹੁਣ ਸਾਡੀ ਹੋਂਦ ਮੰਨੀ ਜਾ ਰਹੀ ਹੈ ਸਰਕਾਰੇ-ਦਰਬਾਰੇ।

ਅਬਦਾਲੀ ਨੇ ਕਈ ਵਾਰ ਲਾਹੌਰ ਤੇ ਆਪਣੇ ਹਾਕਮ ਬਿਠਾਏ ਪਰ ਨਿਹੰਗਾਂ ਨੇ, ਚਰਾ ਕੁ ਅੱਖੋਂ ਓਹਲੇ ਹੋਇਆ ਤੇ ਝਟਕਾ ਦਿੱਤੇ ਜਾਂ ਡਰਦੇ ਮਾਰੇ ਨੱਸ ਗਏ। ਹੁਣ ਤੇ ਕੋਈ ਲਾਹੌਰ ਦੀ ਸੂਬੇਦਾਰੀ ਲੈਣ ਨੂੰ ਤਿਆਰ ਨਹੀਂ। ਇਹ ਸੂਲਾਂ ਦੀ ਸੇਜ ਏ, ਇਹ ਸੱਪਾਂ ਦੀ ਪਿਟਾਰੀ ਏ। ਬਚੋ ਜੇ ਬਚ ਸਕਦੇ ਹੋ। ਇਨ੍ਹਾਂ ਲਾਹੌਰ ਤੇ ਕਿਸੇ ਹਾਕਮ ਦੇ ਪੈਰ ਨਹੀਂ ਲੱਗਣ ਦਿੱਤੇ। ਆਪ ਬੈਠ ਕੇ ਵੇਖ ਲਵੇ ਜੇ ਦੂਜੇ ਦਿਨ ਠੂਠਾ ਹੱਥ ਵਿਚ ਨਾ ਫੜਾ ਦੇਣ। ਇਹ ਬੜੇ ਅਣਖੀਲੇ ਹਨ ਪੰਜਾਬ ਦੇ ਲੋਕ।

ਜਦੋਂ ਦੀ ਮੈਂ ਗੱਲ ਕਰਦਾ ਹਾਂ, ਓਦੋਂ ਲਾਹੌਰ ਦਾ ਸੂਬੇਦਾਰ ਮੀਰ ਮੁਹੰਮਦ ਖ਼ਾਨ ਸੀ। ਲਾਹੌਰ ਵਿਚ ਦਿਨ ਵਿਚ ਤਿੰਨ-ਤਿੰਨ ਸੂਬੇਦਾਰ ਬਦਲ ਦਿੰਦੇ ਸਨ। ਰਾਤੀਂ ਸੂਬੇਦਾਰੀ ਤੇ ਦਿਨੇ ਚੌਕੀਦਾਰ ਵੀ ਨਾ ਰਿਹਾ। ਸੂਬੇਦਾਰੀ ਕਾਹਦੀ ਸੀ, ਇਹ ਤੇ ਕਾਗ਼ਜ਼ੀ ਪਹਿਲਵਾਨ ਸਨ, ਮਿੱਟੀ ਦੇ ਮਾਧੋ। ਲਾਹੌਰ ਵਿਚ ਸੂਬੇਦਾਰੀ ਇਕ ਤਮਾਸ਼ਾ ਬਣ ਗਈ ਸੀ। ਦਿੱਲੀ ਵਿਚ ਸੂਬੇਦਾਰ ਜ਼ੁੰਮੇ ਦੀ ਨਮਾਜ਼ ਪੜ੍ਹ ਤਖ਼ਤਪੋਸ਼ ਡਾਹੁੰਦਾ ਤੇ ਬੈਠ ਜਾਂਦਾ ਤੇ ਦੂਜੇ ਜ਼ੁੰਮੇ ਨੂੰ ਕੋਈ ਦੂਸਰਾ ਸੂਬੇਦਾਰ ਮੂੰਹ ਕੱਢ ਲੈਂਦਾ।

ਮੀਰ ਮੁਹੰਮਦ ਖ਼ਾਂ ਦੀਆਂ ਬਾਹਵਾਂ ਬੜੀਆਂ ਤਕੜੀਆਂ ਸਨ ਪਰ ਓਸ ਵਿਚਾਰੇ ਨੂੰ ਇਹ ਨਹੀਂ ਸੀ ਪਤਾ ਕਿ ਬੁੱਢਾ ਦਲ ਜਿਧਰ ਲੰਘ ਜਾਏ, ਸੂਬੇਦਾਰੀ ਫੂਕ ਮਾਰ ਕੇ ਉਡਾ ਦੇਂਦੈ।

—ਐਵੇਂ ਸ਼ੇਰ-ਸ਼ੇਰ ਕਰਦੇ ਹਨ, ਸਿੰਘ ਸ਼ੇਰ ਹਨ, ਇਹਨਾਂ ਨੂੰ ਸਿੰਘਾਂ ਦਾ ਅਰਥ ਈ ਨਹੀ ਪਤਾ।

—ਹਾਂ ਖ਼ਾਂ ਸਾਹਬ ਸ਼ੇਰ ਕੀ ਚੀਜ਼ ਏ ਉਹਨਾਂ ਅੱਗੇ।

—ਅਸੀਂ ਵੀ ਪਠਾਨਾਂ ਦੇ ਪੁੱਤ ਹਾਂ, ਸਾਡਾ ਵੀ ਪੇਸ਼ਾ ਸਪਾਹਗੀਰੀ ਏ।

—ਬੁੱਢਾ ਦਲ ਲਾਹੌਰ ਦੇ ਦਰਸ਼ਨ ਕਰਨ ਆ ਰਿਹੈ।

—ਮੈਂ ਵੀ ਫ਼ੌਜਾਂ ਨੂੰ ਤਿਆਰੀ ਦਾ ਹੁਕਮ ਦੇ ਦਿਤੈ। ਸਿੰਘ ਕੋਈ ਲਾਹੌਰ 'ਚ ਨਾ ਵੜੇ, ਜਦ ਤੱਕ ਹੁਕਮ ਨਾ ਦੇਵੇ ਸਰਕਾਰ।

ਰਾਤੀਂ ਹੁਕਮ ਦਿੱਤਾ ਸੀ ਤੇ ਫੇਰ ਮੈਂ ਸੌਂ ਗਿਆ।

—ਸਰਕਾਰ, ਸਿੰਘ ਲਾਹੌਰ ਵਿਚ ਪਰਸੋਂ ਦੇ ਡੇਰੇ ਲਾਈ ਬੈਠੇ ਹਨ।

—ਇਹ ਗੱਲ ਮੈਨੂੰ ਕਿਸੇ ਨੇ ਦੱਸੀ ਨਹੀਂ।

—ਡਰਦਿਆਂ ਇਹਨਾਂ ਦੀ ਜ਼ੁਬਾਨ ਨਹੀਂ ਖੁੱਲੀ। ਵੈਸੇ ਪਤਾ ਹਰ ਇਕ ਜੀਅ ਨੂੰ ਏ। ਸ਼ਾਲਾਮਾਰ ਬਾਗ਼ ਵਿਚ ਡੇਰੇ ਲਾਏ ਹਨ ਨਿਹੰਗ ਪਾਤਸ਼ਾਹਾਂ ਨੇ। ਖ਼ੂਬ ਰਗੜੇ ਲੱਗੇ ਹਨ ਤੇ ਡਲੇ ਛੱਕ ਰਹੇ ਹਨ।

—ਉਹ ਵਕਤ ਦੀ ਤਾੜ ਵਿਚ ਹਨ। ਜਦ ਵਕਤ ਮਿਲਿਆ ਤਦ ਦਰਸ਼ਨ ਹੋਣਗੇ। ਅਜੇ ਤੱਕ ਤੇ ਉਹ ਚੁੱਗਲਮਾਟਾ ਮਾਰੀ ਬੈਠੇ ਹਨ।

ਉਹ ਨਿਹੰਗ ਆ ਗਏ। ਨਿਹੰਗਾਂ ਸਾਰੇ ਲਾਹੌਰ 'ਚ ਭੜਥੂ ਪਾ ਦਿੱਤਾ। ਜੋ ਥਾਣਾ ਨਜ਼ਰ ਆਇਆ, ਜੋ ਚੌਕੀ ਨਜ਼ਰ ਆਈ, ਲੁੱਟੀ। ਘਰ ਵਾਲਿਆਂ ਡਰਦੇ-ਡਰਦੇ, ਜੋ ਕੁਝ ਉਹਨਾਂ ਦੇ ਪੱਲੇ ਸੀ, ਹਾਜ਼ਰ ਕਰ ਦਿੱਤਾ।

—ਬੇਗ਼ਮਾਂ ਦੇ ਜ਼ੇਵਰਾਤ ਨਾਲ ਟੋਕਰੀ ਭਰੀ ਲਿਆ ਰੱਖੀ ਦਲ ਵਾਲਿਆਂ ਦੇ ਮੂਹਰੇ।

—ਇਹ ਕੀ ਏ ? ਇਹ ਗਹਿਣੇ ਕਿੱਥੋਂ ਆਏ ਨੇ ? ਗਹਿਣਿਆਂ ਦਾ ਏਥੇ ਕੀ ਕੰਮ ? ਜੱਸਾ ਸਿੰਘ ਆਹਲੂਵਾਲੀਆ ਬੋਲਿਆ।

—ਹਵੇਲੀ ਵਾਲਿਆਂ ਡਰਦੇ-ਡਰਦੇ ਬੇਗ਼ਮਾਂ ਨੂੰ ਨੱਕੋਂ, ਕੰਨੋਂ ਬੁੱਚਿਆਂ ਕਰਕੇ ਬਿਠਾ ਦਿੱਤਾ।

ਨਿਹੰਗਾਂ ਨੇ ਔਰਤਾਂ ਦੇ ਜ਼ੇਵਰ ਕਦੀ ਨਹੀਂ ਲੁੱਟੇ। ਇਹ ਸਾਡੀਆਂ ਮਾਵਾਂ, ਭੈਣਾਂ, ਧੀਆਂ ਹਨ। ਲੈ ਜਾਓ ਇਹ ਟੋਕਰੀ ਗਹਿਣਿਆਂ ਭਰੀ। ਅਸੀਂ ਇਹਨੂੰ ਕਬੂਲ ਨਹੀਂ ਕਰਦੇ। ਇਹਨੂੰ ਹੱਥ ਲਾਉਣਾ ਪਾਪ ਏ।

—ਸ਼ਾਹੀ ਖ਼ਜ਼ਾਨੇ 'ਚ ਗਹਿਣਿਆਂ ਦੀ ਪੋਟਲੀ ਨਿਕਲੀ ਸੀ, ਉਹ ਕਿੱਥੇ ਐ ? ਜੱਸਾ ਸਿੰਘ ਆਹਲੂਵਾਲੀਆ ਬੋਲਿਆ।

ਹੁਣੇ ਲਿਆਇਆ, ਰੱਖੇ ਹੋਏ ਹਨ। ਇਕ ਸੇਵਾਦਾਰ ਨੇ ਗੱਠੜੀ ਲਿਆ ਰੱਖੀ। ਇਹ ਗਹਿਣੇ ਏਸ ਟੋਕਰੀ ਵਿਚ ਈ ਪਾ ਦਿਓ। ਸਾਡੇ ਵੱਲੋਂ ਹੱਥ ਜੋੜ ਕੇ ਅਰਜ਼ ਕਰਨੀ ਬੇਗ਼ਮਾਂ ਅੱਗੇ। ਭੁੱਲ ਹੋਈ ਮੁਆਫ਼ ਕਰਨਾ। ਇਹ ਗਹਿਣੇ ਸਾਡੇ ਵਲੋਂ ਤੋਹਫ਼ਾ ਏ। ਜਦੋਂ ਅਸੀਂ ਲਾਹੌਰ ਦੇ ਮਾਲਕ ਬਣੇ ਤਾਂ ਫੇਰ ਤੁਹਾਨੂੰ ਸੋਨੇ 'ਚ ਮੜ੍ਹਾ ਦੇਵਾਂਗੇ। ਅਸੀਂ ਅਜੇ ਗ਼ਰੀਬ ਹਾਂ। ਇਹ ਤੁੱਛ ਭੇਟਾ ਏ। ਜੱਸਾ ਸਿੰਘ ਆਹਲੂਵਾਲੀਏ ਦਾ ਹੁਕਮ ਸੀ।

ਟੋਕਰੀ ਮਸਾਂ-ਮਸਾਂ ਚੁੱਕੀ ਸੇਵਾਦਾਰ ਨੇ।

ਨਿਹੰਗ ਭੋਲੇ ਨਹੀਂ, ਨਿਹੰਗ ਜ਼ਾਲਮ ਤੇ ਜ਼ੁਲਮ ਕਰਦੇ ਹਨ। ਕਿਸੇ ਭਲੇ ਲੋਕ ਨੂੰ ਛੇੜਦੇ ਨਹੀਂ ਇਹ ਬਹੁਤ ਭਲੇ ਲੋਕ ਹਨ।

ਅਜੇ ਮੀਰ ਮੁਹੰਮਦ ਖ਼ਾਂ ਉਬਾਸੀਆਂ ਲੈ ਰਿਹਾ ਸੀ। ਸੌਵਨ ਨਹੀਂ ਹੋਇਆ। ਨਿਹੰਗਾਂ ਨੇ ਲਾਹੌਰ ਦੀਆਂ ਬਸਤੀਆਂ ਲੁੱਟ ਲਈਆਂ ਸਨ। ਹੂੰਝਾ ਫੇਰ ਦਿੱਤਾ ਸੀ। ਘਰ ਉਹ ਲੁੱਟਿਆ ਜਿਹੜਾ ਅਮੀਰ ਸੀ। ਗ਼ਰੀਬਾਂ ਵੱਲ ਕਿਸੇ ਨੇ ਨਜ਼ਰ ਨਾ ਫੇਰੀ।

ਦੌਲਤ ਤੇ ਸਿੰਘਾਂ ਨੂੰ ਵੀ ਚਾਹੀਦੀ ਸੀ। ਦਲ ਦਾ ਖ਼ਰਚ ਭਾਵੇਂ ਗ਼ਰੀਬੀ ਦਾਅਵੇ ਦਾ ਸੀ, ਪਰ ਹੁਣ ਵਿਚ-ਵਿਚ ਨਿਹੰਗ ਜ਼ਬਾਨ ਦਾ ਚਸਕਾ ਲਾਉਣ ਲੱਗ ਪਏ ਸਨ। ਉਨ੍ਹਾਂ ਦਿਨਾਂ ਵਿਚ ਲੁੱਟਮਾਰ ਕਰਨੀ ਕੋਈ ਐਬ ਨਹੀਂ ਸੀ ਸਮਝਿਆ ਜਾਂਦਾ। ਇਹ ਇਕ ਰੋਜ਼ਗਾਰ ਸੀ।

ਜੱਸਾ ਸਿੰਘ ਆਹਲੂਵਾਲੀਆ ਨੇ ਪੁੱਛਿਆ ਨਿਹੰਗ ਪਾਤਸ਼ਾਹਾਂ ਤੋਂ—ਕਿਧਰੋਂ ਮੱਲਾਂ ਮਾਰ ਕੇ ਆਏ ਹੋ ?

ਅਸੀਂ ਅਜੇ ਲਾਹੌਰ ਦੀਆਂ ਆਸੇ-ਪਾਸੇ ਦੀਆਂ ਬਸਤੀਆਂ ਵਿਚ ਈ ਗੇੜੇ ਲਾਏ ਨੇ।

—ਸਰਕਾਰ ਮੁਗ਼ਲਪੁਰਾ, ਬਾਗ਼ਬਾਨਪੁਰਾ, ਸ਼ਾਹਆਲਮੀ ਗੇਟ, ਮੀਆਂ ਮੀਰ ਦੇ ਮਹੱਲੇ ਸਾਰੇ ਭਾਲ ਮਾਰੇ ਹਨ।

—ਹੁਣ ਕੀ ਸਲਾਹ ਏ? ਲਾਹੌਰ ਦੀ ਅਨਾਰਕਲੀ ਵੇਖਣੀ ਏ।

—ਹਾਂ ਜੱਥੇਦਾਰ ਜੀ ਜੇ ਹੁਣ ਆਗਿਆ ਹੋਵੇ ਤਾਂ ਲਗਦੇ ਹੱਥ ਇਹ ਵੀ ਦਰਸ਼ਨ ਕਰ ਆਈਏ। ਦਰਸ਼ਨ ਕਰਨਾ ਤੇ ਬਣਦੈ। ਗੋਲਕ ਭਾਂ-ਭਾਂ ਕਰ ਰਹੀ ਏ। ਇਹਦਾ ਢਿੱਡ ਤੇ ਭਰਨਾ ਏ ਨਾ।

ਜੱਸਾ ਸਿੰਘ ਆਹਲੂਵਾਲੀਆ ਆਖਣ ਲੱਗਾ—ਐਵੇਂ ਖ਼ੁਦਾ ਖਲਕਤ ਨਾ ਮਰੇ। ਮੀਰ ਮੁਹੰਮਦ ਖ਼ਾਂ ਨੂੰ ਸੁਨੇਹਾ ਭੇਜ ਕੇ ਵੇਖ ਲਵੋ। ਕੜਾਹ ਪ੍ਰਸ਼ਾਦ ਦੀ ਰਕਮ ਤੇ ਹੋਰ ਖ਼ਰਚਾ ਪਾਣੀ ਦੇ ਦੇਵੇ ਤਾਂ ਦਲ ਮੁੜ ਜਾਏਗਾ।

ਹਲਕਾਰੇ ਤੇ ਵਿਚੋਲੇ ਵਿਚ ਪੈ ਗਏ ਪਰ ਅਜੇ ਵੀ ਮੀਰ ਮੁਹੰਮਦ ਖ਼ਾਂ ਦੇ ਮੱਥੇ ਤੇ ਤਿਊੜੀਆਂ ਸਨ, ਅੱਖਾਂ ਵਿਚ ਲਾਲੀ ਦੀ ਧਾਰੀ ਸੀ। ਡੌਲੇ ਅਜੇ ਵੀ ਫਰਕਦੇ ਸਨ।

—ਖ਼ਾਂ ਸਾਹਿਬ ਨਿਹੰਗਾਂ ਨੇ ਲਾਹੌਰ ਦਾ ਚੌਗਿਰਦਾ ਸਾਰਾ ਘੇਰ ਰੱਖਿਐ। ਕੋਈ ਬੰਦਾ ਸਾਹ ਨਹੀਂ ਲੈ ਸਕਦਾ ਉੱਚੀ। ਕਿਲੇ ਵਿਚੋਂ ਫ਼ੌਜ ਨਿਕਲ ਕੇ ਮੁਕਾਬਲਾ ਨਾ ਕਰ ਸਕੇ। ਮੇਰੀ ਸਲਾਹ ਏ ਕਿ ਵਿਚ ਵਿਚੋਲਾ ਪਾ ਕੇ ਸਿੰਘਾਂ ਨਾਲ ਗੱਲਬਾਤ ਸ਼ੁਰੂ ਕੀਤੀ ਜਾਏ।

ਦੋਵਾਂ ਪਾਸਿਆਂ ਦੇ ਵਿਚੋਲੇ ਇਕ ਪਾਸੇ ਖੜ੍ਹੇ ਸਨ ਮਿਥੀ ਜਗ੍ਹਾ ਤੇ।

—ਕਿਉਂ ਭਈ ਰਾਹ ਨਜ਼ਰ ਨਹੀਂ ਆਉਂਦਾ। ਸਿੰਘਾਂ ਤੋਂ ਲਗਦੈ। ਗੱਲ ਕੌਣ ਕਰੇ?

—ਮੈਨੂੰ ਤੇ ਰਾਹ ਨਜ਼ਰ ਨਹੀਂ ਆਇਆ। ਕੀ ਤੇਰੀਆਂ ਅੱਖਾਂ ਤੇ ਪੱਟੀ ਬੱਝੀ ਹੋਈ ਏ ਤੂੰ ਇਹ ਦੱਸ, ਗੱਲਾਂ ਕਰਨ ਲੱਗਿਆਂ ਤੇ ਅਸਮਾਨ ਨੂੰ ਟਾਕੀਆਂ ਲਾਉਂਦਾ ਏਂ। ਤੇਰਾ ਕਸੂਰ ਨਹੀਂ ਮੀਰ ਮੁਹੰਮਦ ਖ਼ਾਂ ਦੀ ਤਲਵਾਰ ਦੀ ਲਿਸ਼ਕ ਨੇ ਅੱਖਾਂ ਚੁੰਧਿਆ ਦਿੱਤੀਆਂ ਨੇ।

—ਕੀ ਵਿਚੋਲਗਿਰੀ ਕਰਨ ਜਾ ਰਹੀਆਂ ਨੇ ਸਰਕਾਰਾਂ?

—ਤੁਸੀਂ ਵਿਚੋਲੇ ਬਣਕੇ ਜਾ ਰਹੇ ਹੋ। ਕੜਾਹ ਪ੍ਰਸ਼ਾਦ ਦੇ ਗੱਫੇ ਲੈਣ ਚੱਲੇ ਹੋ। ਦੋਵਾਂ ਦਾ ਮੁਕਾਮ ਇਕ ਏ। ਜੇ ਅਸੀ ਇਕ ਥਾਲੀ ਵਿਚ ਖਾ ਲਈਏ ਤਾਂ ਲਾਹੌਰ ਦੀ ਦੌਲਤ ਬਚ ਜਾਏਗੀ। ਖ਼ੂਨ-ਖ਼ਰਾਬੇ ਤੋਂ ਬਚ ਜਾਏਗਾ ਲਾਹੌਰ।

ਮੀਰ ਮੁਹੰਮਦ ਖ਼ਾਂ ਨੇ ਸ਼ਹਿਰ ਦੇ ਦਰਵਾਜ਼ੇ ਬੰਦ ਕਰ ਦਿੱਤੇ। ਲਾਹੌਰ ਸ਼ਹਿਰ ਇਕ ਕਿਲਾ ਬਣ ਕੇ ਰਹਿ ਗਿਆ।

ਗਿਆਰਾਂ ਦਿਨ ਮੱਖੀ ਨੇ ਕਿਤੇ ਪਰ ਨਾ ਮਾਰਿਆ। ਗਿਆਰਾਂ ਦਿਨਾਂ ਵਿਚ ਈ ਨਾਨੀ ਚੇਤੇ ਆ ਗਈ।

ਸਰਦਾਰ ਲਹਿਣਾ ਸਿੰਘ ਸਿਆਣਾ ਸੀ, ਕੜਾਹ ਪ੍ਰਸ਼ਾਦ ਦਾ ਨਜ਼ਰਾਨਾ ਕਬੂਲ ਕਰ ਲਿਆ।

ਤੀਹ ਹਜ਼ਾਰ ਕੜਾਹ ਪ੍ਰਸ਼ਾਦ ਦਾ ਫੈਸਲਾ ਹੋਇਆ। ਸਰਦਾਰਾਂ ਨੇ ਜ਼ੁਬਾਨ ਕਰ ਲਈ ਤੇ ਬਾਕੀ ਖ਼ਰਚਾ ਪਾਣੀ ਦੀ ਰਕਮ ਜੋ ਬਚੇ, ਦਾਤਾ ਗੰਜ ਬਖ਼ਸ਼ ਦੇ ਦਰਬਾਰ ਵਿਚ ਜਾ ਕੇ ਲੈ ਲੈਣਾ। ਨਜ਼ਰਾਨਾ ਇਹੋ ਮਿਲੇਗਾ, ਖ਼ਰਚਾ ਵੀ ਦੇਵਾਂਗੇ।

ਮੀਰ ਮੁਹੰਮਦ ਖ਼ਾਂ ਨੇ ਸੋਚਿਆ ਪੀਰ ਗੁਲਾਮ ਹੁਸੈਨ ਪੀਰਜ਼ਾਦਾ ਸਰਹੱਦੀ ਦਾ ਖ਼ਜ਼ਾਨਾ ਦਿੱਲੀ ਜਾ ਰਿਹੈ। ਮੀਆਂ ਮੁਹੰਮਦ ਤਕੀ, ਮੀਆਂ ਨੱਥੂ ਸ਼ਾਹ ਤੇ ਹਾਫ਼ਿਜ਼ ਕਾਦਰ ਬਖ਼ਸ਼ ਦੀ ਅਰਦਲ ਵਿਚ। ਇਹਦੇ ਵਿਚੋਂ ਦੇਗ ਦਾ ਨਜ਼ਰਾਨਾ ਦੇ ਕੇ ਜਾਨ ਛੁੜਵਾ ਲਵੇ।

ਦਲ ਨੇ ਲਾਹੌਰ 'ਚ ਪੈਰ ਨਾ ਧਰਿਆ ਤੇ ਬਾਹਰੋਂ-ਬਾਹਰੋਂ ਈ ਦੁੜਕੀ ਲਈ। ਜ਼ੁਬਾਨ ਦੇ ਪੱਕੇ ਹਨ ਇਹ ਲੋਕ। ਉਹਨਾਂ ਆਣ ਕੇ ਅੰਮ੍ਰਿਤਸਰ ਚੈਨ ਲਿਆ।

38

ਜੱਸਾ ਸਿੰਘ ਰਾਮਗੜ੍ਹੀਆ

—ਪੰਥ ਤੋਂ ਛੇਕਿਆ ਜੱਸਾ ਸਿੰਘ ਰਾਮਗੜ੍ਹੀਆ ਪੰਥ ਵਿਚ ਕਿੱਦਾਂ ਆਣ ਰਲਿਆ? ਇਕ ਨਿਹੰਗ ਨੇ ਸਵਾਲ ਕੀਤਾ।

—ਅਦੀਨਾ ਬੇਗ਼ ਨੇ ਰਾਮ ਰਾਉਣੀ ਤੇ ਹਮਲਾ ਕਰ ਦਿੱਤਾ ਤੇ ਅੱਗੇ ਲਾਇਆ ਜੱਸਾ ਸਿੰਘ ਰਾਮਗੜ੍ਹੀਏ ਨੂੰ। ਲੋਹੇ ਨੂੰ ਲੋਹਾ ਕੱਟੇਗਾ। ਕਾਫ਼ਰ-ਕਾਫ਼ਰ ਲੜਨਗੇ। ਸਾਡਾ ਰਾਹ ਸਾਫ਼ ਹੋਏਗਾ।

—ਭੱਜੀਆਂ ਬਾਹਵਾਂ ਗੱਲ ਨੂੰ ਆਉਂਦੀਆਂ ਨੇ। ਭਰਾਵਾਂ ਨੇ ਆਖ਼ਰ ਤਾਂ ਘਰ ਈ ਆਉਣੈ। ਲਓ ਉਹਦੀ ਕਥਾ ਸੁਣੋ।

ਭੰਗੂ ਰਤਨ ਸਿੰਘ ਨੇ ਆਪਣੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇਸ ਦਾ ਇਉਂ ਜ਼ਿਕਰ ਕੀਤਾ ਹੈ:—

ਹੁਤੀ ਖੂਹੀ ਤਹ ਗੁਰੂ ਲਵਾਈ।
ਤਿਹ ਥਾਂ ਲੀਨੀ ਨੀਹ ਧਰਾਈ।
ਆਪੇ ਰਾਜ ਸਿੰਘ ਆਪ ਮਜੂਰ।
ਬਡੇ ਭੁਜੰਗੀ ਦਿਲ ਕੇ ਸੂਰ ॥੧੬॥
ਆਪੇ ਪੀਸੈਂ ਆਪੇ ਪਕਾਵੈਂ।
ਤੇ ਤੋ ਬਡੇ ਸਰਦਾਰ ਕਹਾਵੈਂ।
ਜੋਊ ਕਰੈ ਸਿੰਘ ਵੱਡੇ ਕੰਮ।
ਧੰਨ ਧੰਨ ਕਹੈਂ ਸਿੰਘ ਤਿਸੈ ਜੰਮ ॥੧੬॥
ਕੋਈ ਕਰੈ ਨਾ ਕਿਸੀ ਸ਼ਰੀਕਾ।
ਕੋਈ ਨਾ ਸੁਨਾਵੈ ਦੁਖ ਨਿਜ ਜੀ ਕਾ।
ਕੰਧ ਬਣਾਵੈਂ ਦੌੜ ਦੌੜ।
ਜਿਮ ਬੰਦਰ ਪੁਲ ਬੰਧਤ ਧੌੜ ॥੧੭॥

ਦੋਹਰਾ

ਚਾਰੇ ਲਗਾਂ ਲੈ ਤੁਰੇ ਨਿਸ ਦਿਨ ਨਾਹਿ ਥਕਾਇ॥
ਹੌਲੀ ਹੌਲੀ ਜਿਮ ਕਹੈ ਤਿਮ ਤਿਮ ਦੌੜ ਕਮਾਹਿ ॥੧੮॥

ਸਿੰਘਾਂ ਦਾ ਸ੍ਰੀ ਅੰਮ੍ਰਿਤਸਰ ਪਰ ਕਬਜ਼ਾ

ਚੌਪਈ

ਆਪੇ ਪੱਟੈਂ ਆਪ ਉਸਾਰੈਂ।
ਰਾਜ ਮਜੂਰ ਸਿੰਘ ਗੁਰੂ-ਪਜਾਰੈਂ।

ਰਾਤ ਦਿਵਸ ਕਰ ਕੰਧ ਚਿਣਾਈ।
ਕਿਛ ਕੁ ਆਸਰੋ ਲਯੋ ਬਣਾਈ ॥੨੧॥
ਸਿੰਘ ਪੰਜ ਸੈ ਭਯੋ ਉਹਾਂ ਸਾਰੇ।
ਸ਼ਹੀਦ ਹੋਣ ਕੋ ਉਨ ਪ੍ਰਣ ਧਾਰੇ।
ਔਰ ਜ਼ਯਾਦ ਕੀ ਜਗਾ ਥੀ ਨਾਹੀਂ।
ਇਹ ਵਿਧ ਸਿੰਘ ਵੜੇ ਘੜੇ ਨਾਹੀਂ ॥੨੨॥

(ਪੰਨਾ ੩੯੯-੪੦੦)

ਰਾਉਣੀ ਕੋਈ ਗੜ੍ਹ, ਕੋਟ ਯਾ ਕਿਲਾ ਨਹੀਂ ਹੁੰਦੀ। ਕੇਵਲ ਸਿਰ ਲੁਕਾਉਣੀ ਹੀ ਹੁੰਦੀ ਹੈ। ਇਕ ਤਕੜੀ ਮੋਟੀ ਦੀਵਾਰ ਦੀ ਵਲਗਣ ਨੂੰ ਰਾਉਣੀ ਆਖਦੇ ਹਨ। ਗੜ੍ਹ ਯਾ ਕੋਟ ਵੱਡੀਆਂ ਚੀਜ਼ਾਂ ਹਨ ਅਤੇ ਉਨ੍ਹਾਂ ਨੂੰ ਬਣਾਉਣ ਨੂੰ ਵੀ ਚਿਰ ਲਗਦਾ ਹੈ। ਰਾਉਣੀ ਦਾ ਕੰਮ ਮੁਕਾ ਕੇ ਟਾਂਗੂਆਂ ਲਈ ਬੜੇ ਉੱਚੇ-ਉੱਚੇ ਬੁਰਜ ਬਣਾਏ ਅਤੇ ਫੇਰ ਦਰਵਾਜ਼ੇ ਬਣਾ ਕੇ ਆਲੇ ਦੁਆਲੇ ਇਕ ਡੂੰਘੀ ਜਿਹਾ ਖਾਈ ਪੁਟ ਲਈ ਅਤੇ ਗੁਰੂ ਰਾਮਦਾਸ ਦੇ ਨਾਮ ਉਤੇ ਇਸ ਦਾ ਨਾਮ ਰਾਮ ਰਾਉਣੀ ਰੱਖਿਆ।

ਏਹ ਕੋਈ ਬਹੁਤ ਵੱਡੀ ਚੀਜ਼ ਤਾਂ ਹੈ ਹੀ ਨਹੀਂ ਸੀ, ਕੇਵਲ ਪੰਜ ਕੁ ਘੋੜਿਆਂ ਲਈ ਸਿਰ ਲੁਕਾਉਣੀ ਸੀ। ਇਸ ਲਈ ਕੇਵਲ ਇਤਨੇ ਕੁ ਹੀ ਸਿੰਘ ਟਿਕ ਸਕੇ। ਬਾਕੀ ਦੇ ਸਿੰਘ ਲਾਗੇ ਦੀਆਂ ਬੀੜਾਂ ਅਤੇ ਪਿੰਡਾਂ ਵਿਚ ਜਾ ਰਹੇ, ਜਿੱਥੋਂ ਕਿ ਲੋੜ ਵੇਲੇ ਬੁਰਜਾਂ ਤੋਂ ਟਾਂਗੂਆਂ ਦੇ ਨਗਾਰਿਆਂ ਦੀ ਆਵਾਜ਼ ਸੁਣਦੇ ਸਾਰ ਹੀ ਪੁੱਜ ਸਕਣ।

ਇਸ ਵੇਲੇ ਦੀ ਅਗਵਾਈ, ਬਹਾਦਰੀ ਅਤੇ ਸਿਆਣਪ ਨੇ ਸਰਦਾਰ ਜੱਸਾ ਸਿੰਘ ਨੂੰ ਪੰਥ ਵਿਚ ਅੱਗੇ ਨਾਲੋਂ ਹੋਰ ਉੱਘਾ, ਹਰ-ਮਨ ਪਿਆਰਾ ਅਤੇ ਸਿਰ-ਕੱਢ ਬਣਾ ਦਿੱਤਾ। ਨਵਾਬ ਕਪੂਰ ਸਿੰਘ ਨੇ ਅੱਗੇ ਹੀ ਆਪਣਾ ਬਹੁਤ ਸਾਰਾ ਕੰਮ ਇਸ ਦੇ ਸਪੁਰਦ ਕਰ ਦਿੱਤਾ ਹੋਇਆ ਸੀ। ਹੁਣ ਉਨ੍ਹਾਂ ਨੇ ਬਾਕੀ ਕੰਮ ਵੀ ਇਨ੍ਹਾਂ ਨੂੰ ਹੀ ਦੇਣਾ ਸ਼ੁਰੂ ਕਰ ਦਿੱਤਾ, ਜਿਸ ਕਰਕੇ ਬੁੱਢਾ ਦਲ ਵਿਚ ਇਨ੍ਹਾਂ ਦੀ ਪ੍ਰਤਿਸ਼ਠਾ ਹੋਰ ਵਧ ਗਈ ਅਤੇ ਇਹ ਖਾਲਸਾ ਦਲ ਦੇ ਸਿਰ-ਕੱਢਾਂ ਅਤੇ ਧਾਰਮਕ ਮੋਹਰੀਆਂ ਵਿਚ ਗਿਣੇ ਜਾਣ ਲੱਗ ਪਏ।

39

ਰਾਮ ਰਾਉਣੀ

—ਮਹਿਤਾਬ ਸਿਹਾਂ, ਹਰਿਮੰਦਰ ਮੇਰੀਆਂ ਅੱਖਾਂ ਸਾਹਮਣੇ ਘੁੰਮ ਰਿਹਾ ਏ। ਜਦੋਂ ਮੈਂ ਬਾਲ ਸਾਂ ਤਾਂ ਆਪਣੇ ਬਾਬੇ ਨਾਲ ਹਰਿਮੰਦਰ ਦੇ ਦਰਸ਼ਨਾਂ ਨੂੰ ਜਾਇਆ ਕਰਦਾ ਸਾਂ। ਬਾਬਾ ਉਂਗਲੀ ਲਾ ਕੇ ਮੈਨੂੰ ਮੱਥਾ ਟੇਕਣ ਲੈ ਜਾਇਆ ਕਰਦਾ ਸੀ। ਉਹ ਨਕਸ਼ਾ ਹੁਣ ਵੀ ਮੇਰੀਆਂ ਅੱਖਾਂ ਸਾਹਮਣੇ ਆ ਰਿਹੈ।

—ਆਹੋ ਬਈ ਮੈਂ ਵੀ ਬਾਬੇ ਨਾਲ ਜਾਇਆ ਕਰਦਾ ਸਾਂ। ਜਿੰਦਾਂ ਤਾਜ ਹੋਵੇ ਗੁਰੂ

ਦੀ ਨਗਰੀ ਤੇ ਵਿਚ ਹੀਰਾ ਜੋੜਿਆ ਹੋਵੇ ਹਰਿਮੰਦਰ। ਮੇਰਾ ਬਾਬਾ ਤਾਂ ਆਖਿਆ ਕਰਦਾ ਸੀ, ਅੰਮ੍ਰਿਤਸਰ ਇਕ ਮਾਲਾ ਏ, ਸਿਰਮੌਰ ਏ ਹਰਿਮੰਦਰ। ਸ਼ਰੀਰ ਗੁਰੂ ਦੀ ਨਗਰੀ ਏ ਤੇ ਸੀਸ ਏ ਹਰਿਮੰਦਰ। ਮਹਿਤਾਬ ਸਿੰਘ ਦੀ ਆਵਾਜ਼ ਗੂੰਜੀ।

—ਮੈਂ ਤੈਨੂੰ ਸੁਣਾਉਂਦਾ ਹਾਂ ਜਿਹੜੀ ਕਥਾ ਮੇਰਾ ਬਾਬਾ ਮੈਨੂੰ ਸੁਣਾਇਆ ਕਰਦਾ ਸੀ।

—ਜ਼ਰੂਰ ਸੁਣਾ ਮੇਰੇ ਹਮਦਮ, ਮੇਰੇ ਦੋਸਤ, ਮੇਰੇ ਵੀਰ, ਮੇਰੇ ਜੋੜੀਦਾਰ, ਮੇਰੇ ਹਮਸਫ਼ਰ, ਮੇਰੇ ਸਾਥੀ। ਅਸੀਂ ਕੌਮ ਦੀ ਇੱਜ਼ਤ ਲੈ ਕੇ ਨਿਕਲੇ ਹਾਂ। ਕੌਮ ਨੇ ਸਾਨੂੰ ਪੱਗ ਬਨ੍ਹਾਈ ਏ। ਉਹਦੀ ਲਾਜ ਰੱਖਣੀ ਏ, ਅਸਾਂ ਆਪਣੀ ਜਾਨ ਦੀ ਬਾਜ਼ੀ ਲਾ ਕੇ।

—ਸੁਣਾ ਲੱਖਾ ਸਿੰਹਾਂ, ਗੁਰ ਮਹਿਮਾ ਸੁਣਾ। ਮਹਿਤਾਬ ਸਿੰਘ ਆਖਣ ਲੱਗਾ।

ਸੁੱਖਾ ਸਿੰਘ ਬੋਲਿਆ,—ਚਤੁਰਜੀ, ਦਬੁਰਜੀ ਤੇ ਰਾਮਰੌਣੀ ਸ਼ੇਰ ਸ਼ਾਹ ਸੂਰੀ ਨੇ ਸ਼ਹਿਰਾਂ ਦੀ ਹੱਦ ਬੰਨ੍ਹੀ ਤੇ ਬੁਰਜੀਆਂ ਬਣਾਈਆਂ। ਸੜਕਾਂ ਵੀ ਉਸੇ ਦੀ ਕਾਢ ਹਨ। ਮੇਰਾ ਬਾਬਾ ਵੀ ਆਖਿਆ ਕਰਦਾ ਸੀ ਕਿ ਬੁਰਜੀਆਂ ਇਸ ਲਈ ਬਣਾਈਆਂ ਸਨ ਕਿ ਕੋਈ ਝਗੜਾ ਖਰ੍ਹਾ ਨਾ ਹੋਏ। ਹਮਸਾਏ ਆਪੋ ਵਿਚ ਭੈਣ ਭਰਾਵਾਂ ਵਾਂਗੂੰ ਰਹਿਣ। ਪਹਿਲੇ ਦੋ ਨਾਂ ਸ਼ੇਰ ਸ਼ਾਹ ਸੂਰੀ ਦੀ ਦੇਣ ਹਨ, ਜਿਹਨਾਂ ਸ਼ਹਿਰਾਂ ਦੀ ਹੱਦ ਪੱਕੀ ਕੀਤੀ ਤੇ ਤੀਜਾ ਨਾਂ ਮਿਸਲਾਂ ਦੇ ਰਾਠ ਸਰਦਾਰਾਂ ਦੇ, ਜਿਨ੍ਹਾਂ ਕਿੱਲੇ ਗੱਡੇ ਤੇ ਗੜ੍ਹੀ ਬਣਾਈ ਅਤੇ ਅੰਮ੍ਰਿਤਸਰ ਦੀ ਹੱਦ ਪੱਕੀ ਕਰ ਦਿੱਤੀ। ਹੁਣ ਅੰਮ੍ਰਿਤਸਰ ਇਹ ਸਾਰੀਆਂ ਹੱਦਾਂ ਪਾਰ ਕਰ ਚੁੱਕਾ ਏ।

—ਹੁਣ ਸੁਣ ਆਪਣੇ ਰਾਠ ਸਰਦਾਰਾਂ ਦੀ ਕਥਾ। ਜੱਸਾ ਸਿੰਘ ਰਾਮਗੜ੍ਹੀਆ ਜਲੰਧਰ ਦੇ ਸੂਬੇ ਅਦੀਨਾ ਬੇਗ ਦਾ ਨੌਕਰ ਸੀ। ਅਦੀਨਾ ਬੇਗ ਲਾਹੌਰ ਦੇ ਸੂਬੇ ਦੇ ਅਧੀਨ ਸੀ। ਲਾਹੌਰੀ ਹੁਕਮ ਚੜ੍ਹਿਆ ਸਰਕਾਰੀ। ਅੰਮ੍ਰਿਤਸਰ ਦੀ ਇੱਟ ਨਾਲ ਇੱਟ ਵਜਾ ਦਿਓ। ਅਦੀਨਾ ਬੇਗ ਨੇ ਜੱਸਾ ਸਿੰਘ ਰਾਮਗੜ੍ਹੀਏ ਨੂੰ ਦਰਬਾਰ ਵਿਚ ਸੱਦ ਕੇ ਸ਼ਾਹੀ ਖਿਲਤ ਪਹਿਨਾਈ। ਉਹਦੀ ਕਮਰ 'ਚੋਂ ਤਲਵਾਰ ਖੋਹਲ ਲਈ, ਆਪਣੇ ਲੱਕ ਦੁਆਲਿਓਂ ਆਪਣੀ ਤਲਵਾਰ ਲਾਹੀ, ਜੱਸਾ ਸਿੰਘ ਦੀ ਕਮਰ ਨਾਲ ਬੰਨ੍ਹ ਦਿੱਤੀ ਤੇ ਆਖਿਆ,—ਜੇ ਤੂੰ ਅੰਮ੍ਰਿਤਸਰ ਫਤਹਿ ਕਰ ਦੇਵੇਂ ਤਾਂ ਦੁਆਬੇ ਵਿਚ ਜਿਹੜੇ ਚਾਰ ਪਿੰਡ ਤੂੰ ਆਖੇਂ ਜਾਂ ਜਿਨ੍ਹਾਂ ਤੇ ਤੇਰੇ ਭਰਾ, ਭਾਈ, ਸ਼ਰੀਕ ਉਂਗਲ ਰੱਖਣ, ਤੈਨੂੰ ਬਖਸ਼ ਦਿੱਤੇ ਜਾਣਗੇ। ਇਕ ਘੋੜਾ ਦਿੱਤਾ ਅਰਬੀ, ਨੱਚਦਾ-ਟੱਪਦਾ ਤੇ ਨਾਲ ਵਾਧੂ ਥਾਪਨਾ ਵੀ ਦਿੱਤੀ। ਜੇ ਮੁਹਿੰਮ ਮਾਰ ਆਇਓਂ ਤਾਂ ਤੇਰੀ ਚੌਧਰ ਪੱਕੀ, ਪਿਆ ਸੱਤ ਪੁਸ਼ਤਾਂ ਖਾਈਂ। ਜੱਸਾ ਸਿੰਘ ਸ਼ੇਰ ਹੋ ਗਿਆ ਏਨੀ ਗੱਲ ਵਿਚ ਈ। ਚੜ੍ਹੀ ਫ਼ੌਜ ਦੁਆਬੇ ਦੀ ਤੇ ਉਹਨਾਂ ਅੰਮ੍ਰਿਤਸਰ ਨੂੰ ਜਾ ਘੇਰਿਆ। ਮੁਆਸਰਾ ਘੱਤ ਲਿਆ। ਖਾਲਸੇ ਦਾ ਅੰਨ ਪਾਣੀ ਬੰਦ ਕਰ ਦਿੱਤਾ। ਅੱਗੋਂ ਸਿੰਘ ਕਿਹੜੇ ਕਿਸੇ ਦੀ ਪੀੜ੍ਹੀ ਥੱਲੇ ਨ੍ਹਾਤੇ ਹੋਏ ਸਨ। ਉਹਨਾਂ ਵੀ ਖੁੱਲ੍ਹੇ ਮੈਦਾਨ 'ਚ ਤੇਗ ਵਾਹੀ ਤੇ ਖੂਬ ਆਹੂ ਲਾਹੇ। ਤਹਿ ਖਿਨ੍ਹਾ ਦਿਤੀ ਪਰ ਦੂਜੇ ਹਮਲੇ ਵਿਚ ਉਹਨਾਂ ਵੇਖਿਆ ਕਿ ਮੁਕਾਬਲਾ ਭਾਰੀ ਏ, ਸਾਡਾ ਧੜਾ ਕਮਜ਼ੋਰ ਏ। ਦੁਸ਼ਮਣ ਕੋਲ ਤੋਪਾਂ ਵੀ ਹਨ। ਸਿੰਘ ਰਾਮਰੌਣੀ ਦੀ ਕੱਚੀ ਗੜ੍ਹੀ ਵਿਚ ਜਾ ਲੁਕੇ। ਜੱਸਾ ਸਿੰਘ ਨੇ ਸਮਝਿਆ ਕਿ ਹੁਣ ਸ਼ਾਮਤ ਆਈ। ਖਾਲਸਾ ਨਵੇਂ ਹਮਲੇ ਦੀ ਤਿਆਰੀ ਕਰ ਰਿਹਾ ਏ। ਇਹਦੀ ਬੂਥੀ ਭੰਨਣੀ ਕੋਈ ਮਖੌਲ ਨਹੀ। ਪਰ ਸਿੰਘਾਂ ਨੇ ਤਾਂ ਅੰਮ੍ਰਿਤਸਰ ਨੂੰ ਗੁਰੂ ਦੇ ਆਸਰੇ ਛੱਡ ਦਿੱਤਾ। ਦੁਆਬੇ ਦੀ ਫ਼ੌਜ ਨੇ ਅੰਮ੍ਰਿਤਸਰ ਤੋਂ ਕੀ ਦਾਣੇ ਲੈਣੇ ਸਨ। ਉਹ ਤਾਂ ਕਿਲੇ ਦੇ ਬੂਹੇ

ਅੱਗੇ ਧਰਨਾ ਮਾਰ ਕੇ ਬਹਿ ਗਏ। ਸਿੰਘਾਂ ਨੇ ਦੜ ਵੱਟ ਲਈ, ਰਾਤ ਲੰਘ ਗਈ। ਦਿਨ ਅਜੇ ਚੜ੍ਹਿਆ ਨਹੀਂ ਸੀ। ਦੁਆਬੇ ਦੀ ਫ਼ੌਜ ਨੇ ਖ਼ੂਨੀ ਹਮਲਾ ਕੀਤਾ। ਖਾਲਸੇ ਨੇ ਮਾੜਾ ਜਿਹਾ ਬੂਹਾ ਖੋਹਲ ਕੇ ਹੱਲਾ ਖੇਡਿਆ। ਧੰਨ ਖਾਲਸਾ-ਧੰਨ ਗੁਰੂ। ਤੋਪ ਨੇ ਵੀ ਅੱਗ ਵਰ੍ਹਾਈ। ਡੈਣ ਮੂੰਹ ਅੱਡੀ ਬੈਠੀ ਸੀ। ਕਲ-ਜੀਭੀ ਦਾ ਢਿੱਡ ਹੀ ਨਹੀਂ ਸੀ ਭਰਦਾ। ਉਹ ਕੁਲਹਿਣੀ ਸਿੰਘਾਂ ਦਾ ਅੱਧਾ ਜੱਥਾ ਖਾ ਗਈ ਪਰ ਸਿੰਘਾਂ ਨੇ ਦਿਲ ਨਾ ਹਾਰਿਆ। ਹੌਸਲਾ ਨਾ ਛੱਡਿਆ। ਗੁਰੂ ਦੇ ਚੇਲਿਆਂ ਦੇ ਇਰਾਦੇ ਬਹੁਤ ਬੁਲੰਦ ਸਨ। ਸ਼ਾਮ ਢਲੀ, ਰਾਤ ਸਿਰ ਤੇ ਆਈ। ਰਾਤ ਰਾਣੀ ਨੇ ਸਿੰਘਾਂ ਦੇ ਪਰਦੇ ਢਕ ਦਿੱਤੇ। ਗੁਰੂ ਨੇ ਲਾਜ ਰੱਖ ਲਈ। ਸਿੰਘਾਂ ਦਾ ਜਲਾਲ ਓਦਾਂ ਦਾ ਈ ਬਣਿਆ ਰਿਹਾ।

ਜਦ ਲਹੂ ਦੀਆਂ ਛੱਪੜੀਆਂ ਲੱਗੀਆਂ ਵੇਖੀਆਂ, ਜੱਸਾ ਸਿੰਘ ਤਾਂ ਕਲੇਜਾ ਫੜਕੇ ਬਹਿ ਗਿਆ। ਇਹ ਕੀ? ਸਿੰਘਾਂ ਦਾ ਲਹੂ, ਮੇਰੇ ਭਰਾਵਾਂ ਦੀ ਰੱਤ। ਮੈਂ ਇਹ ਕੀ ਲੋਹੜਾ ਮਾਰਿਆ ਏ। ਮੇਰੀ ਮੱਤ ਕਿਉਂ ਮਾਰੀ ਗਈ। ਮੁਗ਼ਲਾਂ ਦੇ ਅੰਨ ਨੇ ਮੇਰੀ ਬੁੱਧੀ ਮਲੀਨ ਕਰ ਦਿੱਤੀ ਏ। ਸਾਰੀ ਰਾਤ ਜੱਸਾ ਸਿੰਘ ਨੂੰ ਨੀਂਦ ਨਾ ਆਈ। ਉਬਾਸੀਆਂ ਲੈ ਲੈ ਕੇ ਰਾਤ ਕੱਟੀ। ਸੋਚਾਂ 'ਚ ਪੈ ਗਿਆ ਰਾਮਗੜ੍ਹੀਆ ਸਰਦਾਰ। ਬਰਾਦਰੀ ਨੇ ਮੈਨੂੰ ਪਿੰਡ ਵਿਚੋਂ ਛੇਕਿਆ ਸੀ—ਇਹਦੇ ਵਿਚ ਮੇਰੇ ਪਿੰਡ ਦਾ ਕਸੂਰ ਏ, ਮੇਰੇ ਭਰਾਵਾਂ ਦਾ ਦੋਸ਼ ਏ, ਇਹਦੇ ਵਿਚ ਸਿੰਘਾਂ ਦਾ ਕੀ ਦੋਸ਼? ਮੈਂ ਪਾਪੀ ਹਾਂ, ਮੈਂ ਗੁਨਾਹਗਾਰ ਹਾਂ, ਮੈਂ ਜ਼ਾਲਮ ਹਾਂ, ਮੈਂ ਦੇਸ਼ ਧਰੋਹੀ ਹਾਂ। ਮੈਂ ਆਪਣੇ ਭਰਾਵਾਂ ਦੇ ਲਹੂ ਨਾਲ ਹੱਥ ਰੰਗੇ ਹਨ। ਮੈਂ ਸਮਝਿਆ ਸੀ ਕਿ ਮਹਿੰਦੀ ਲਾ ਰਿਹਾ ਹਾਂ—ਫਤਿਹ ਦਾ ਸਿਹਰਾ ਬੰਨ੍ਹਣ ਲਈ। ਫਤਿਹ, ਗੁਰੂ ਦੀ ਨਗਰੀ ਨੂੰ ਢਹਿ-ਢੇਰੀ ਕਰਕੇ? ਲੱਖ ਲਾਹਨਤ ਤੇਰੇ ਜਿਉਣ ਤੇ। ਡੁੱਬ ਮਰ ਕਮੀਨੇ। ਤੈਨੂੰ ਕਿਹੜੇ ਜੱਗ ਢੋਈ ਮਿਲੂ। ਤੂੰ ਤੇ ਕੁੱਤੇ ਜਿੰਨੀ ਵੀ ਲਾਜ ਨਹੀਂ ਪਾਲੀ। ਆਹ ਖੱਨੀ ਰੋਟੀ ਦੇ ਬਦਲੇ, ਸਿੰਘਾਂ ਦਾ ਨ੍ਹਾਉਣ ਕੀਤਾ ਈ। ਜੱਸਾ ਸਿੰਘ ਨੂੰ ਇਕ ਕੰਬਣੀ ਜਿਹੀ ਆਈ। ਉਹਦਾ ਸਰੀਰ ਕੰਬਿਆ। ਮੈਂ ਕੀ ਮੂੰਹ ਲੈ ਕੇ ਜਾਵਾਂਗਾ—ਦਸਮੇਸ਼ ਪਿਤਾ ਸਾਹਮਣੇ। ਮਰਨਾ ਤੇ ਮੈਂ ਵੀ ਏ, ਮੈਂ ਕੋਈ ਇੱਟ ਤੇ ਨਹੀਂ ਲਾਈ ਹੋਈ। ਮੁਗਲਾਂ ਨੇ ਮੈਨੂੰ ਪੱਟਾ ਤੇ ਨਹੀਂ ਲਿਖਵਾ ਦਿੱਤਾ। ਮੈਂ ਮੁਗ਼ਲਾਂ ਦੀਆਂ ਬਾਰਾਂਦਰੀਆਂ ਦੀ ਹਵਾ ਨਹੀਂ ਭੱਖਣੀ। ਮੈਨੂੰ ਤਾਂ ਉਥੇ ਕਿਸੇ ਨੇ ਨਿੱਛ ਵੀ ਨਹੀਂ ਮਾਰਨ ਦੇਣੀ। ਬਹੁਤ ਵੱਡੀ ਗ਼ਲਤੀ ਹੋਈ ਏ। ਏਡੀ ਵੱਡੀ ਭੁੱਲ, ਕੀ ਇਹ ਬਖਸ਼ੀ ਜਾਏਗੀ? ਉਹਦੀ ਅਣਖ ਜਾਗੀ, ਉਹਦੀ ਆਤਮਾ ਬਲਵਾਨ ਹੋਈ। ਉਹਨੂੰ ਉਹਦੇ ਅੰਦਰੋਂ ਲਾਹਨਤਾਂ ਪਈਆਂ, ਫਿਟਕਾਂ ਨੇ ਉਹਦਾ ਮੂੰਹ ਭ੍ਰਿਸ਼ਟ ਦਿੱਤਾ। ਉਹਨੂੰ ਇਕ ਕਾਂਬਾ ਜਿਹਾ ਛਿੜਿਆ। ਉਸ ਇਕ ਭੁਆਂਟਣੀ ਖਾਧੀ। ਮੈਂ ਗੁਰੂ ਦਾ ਸਿੱਖ ਹਾਂ। ਦਿਨੇ ਭੁੱਲਿਆ ਜੇ ਰਾਤੀਂ ਘਰ ਆ ਜਾਏ ਤਾਂ ਉਹਨੂੰ ਭੁੱਲਿਆ ਨਹੀਂ ਆਖਦੇ। ਉਸ ਆਪਣੀ ਕਮਾਨ ਕੱਢੀ, ਚਿੱਲਾ ਚੜ੍ਹਾਇਆ ਤੇ ਇਕ ਤੀਰ ਅੱਧੀ ਰਾਤੀ ਰੁੱਕਾ ਬੰਨ੍ਹ ਕੇ ਰਾਮਰੌਣੀ ਵਿਚ ਮਾਰਿਆ। ਸਿੰਘ ਕਿਹੜੇ ਸੁੱਤੇ ਹੋਏ ਸਨ। ਉਹ ਤੀਰ ਸਿੰਘਾਂ ਦੇ ਹੱਥ ਆ ਗਿਆ।

—ਕੀ ਲਿਖਿਆ ਹੋਇਆ ਸੀ, ਉਹਦੇ ਵਿਚ? ਮਹਿਤਾਬ ਸਿੰਘ ਬੋਲਿਆ।

—ਕਾਲਖ ਲੱਗੀ ਦਾਹੜੀ ਧੋਣੀ ਚਾਹੁੰਦਾ ਸੀ, ਹੋਰ ਕੀ ਹੋਣੈ ਉਹਦੇ ਵਿਚ।

—ਸੱਜਣ ਠੱਗ ਵਰਗੇ ਗੁਰੂ ਘਰ ਵਿਚ ਤਰ ਗਏ। ਇਹਦੀ ਤਾਂ ਭੁੱਲ ਖਾਲਸਾ ਈ ਬਖਸ਼ ਸਕਦੈ।

—ਮੈਨੂੰ ਇਕ ਇਕ ਸ਼ਬਦ ਯਾਦ ਏ ਜਿਹੜਾ ਮੇਰੇ ਬਾਬੇ ਨੇ ਮੈਨੂੰ ਦੱਸਿਆ ਸੀ।

ਸੁਣ ਲੈ. ਗੁਰੂ ਤੋਂ ਬੇਮੁੱਖ ਹੋਇਆ ਜੇ ਫੇਰ ਵੀ ਰਾਹ ਤੇ ਆ ਜਾਏ ਤਾਂ ਮਹਾਂ ਸਿੰਘ ਵਾਂਗੂੰ ਬੇਦਾਵਾ ਲੀਰੋ ਲੀਰ ਕੀਤਾ ਜਾ ਸਕਦਾ ਏ। ਗੁਰੂ ਟੁਟਿਆਂ ਨੂੰ ਜੋੜਦਾ ਆਇਐ।

—ਸੁੱਖਾ ਸਿੰਘ, ਤੇਰੇ ਬਾਬੇ ਨੇ ਜਿਹੜੀ ਗੱਲ ਆਖੀ ਏ, ਉਹ ਪੱਥਰ ਤੇ ਲੀਕ ਏ। ਬੋਲ ਮਹਿਤਾਬ ਸਿੰਘ ਦੇ ਸਨ।

ਸੁੱਖਾ ਸਿੰਘ ਬੋਲਿਆ—ਰੁੱਕੇ 'ਚ ਲਿਖਿਆ ਸੀ, "ਮੈਂ ਤੁਹਾਡਾ ਭਰਾ ਹਾਂ, ਮੈਂ ਵਿਛੜੇ ਭਰਾਵਾਂ ਦੇ ਗਲ ਲਗਣਾ ਚਾਹੁੰਦਾ ਹਾਂ। ਮੈਂ ਤਨਖਾਹੀਆ ਹਾਂ—ਮੈਨੂੰ ਇਜਾਜ਼ਤ ਦਿਓ। ਮੈਂ ਜੁਆਬ ਦੀ ਇੰਤਜ਼ਾਰ ਨਹੀਂ ਕਰ ਸਕਦਾ। ਹੁਣ ਵਕਤ ਨਹੀਂ। ਮੈਂ ਪੋਹ ਫੁਟਦਿਆਂ, ਸੂਰਜ ਟਿੱਕੀ ਉਗਦਿਆਂ ਇਕ ਹਮਲਾ ਕਰਾਂਗਾ। ਪਹਿਲਾਂ ਤੁਸੀਂ ਮੇਰੇ ਹਮਲੇ ਦੇ ਬੁਥਾੜ ਸੇਕਣੇ। ਮੂੰਹ ਭੰਨਣਾ। ਸਾਡੀ ਵਲੋਂ ਕੋਈ ਵਾਧਾ ਨਹੀਂ ਹੋਵੇਗਾ। ਮੈਂ ਇਹਨਾਂ ਹਾਕਮਾਂ ਦੀਆਂ ਅੱਖਾਂ ਵਿਚ ਘੱਟਾ ਪਾਉਣੈ। ਜਦ ਦੁਆਬੇ ਦੀ ਫ਼ੌਜ ਭੱਜ ਉਠੇ, ਜਦ ਅਸੀਂ ਅਕਾਲ-ਅਕਾਲ ਦਾ ਜੈਕਾਰਾ ਛੱਡੀਏ, ਤਦ ਤੁਸਾਂ ਕਿਲੇ ਦਾ ਫਾਟਕ ਖੋਹਲ ਦੇਣਾ ਤੇ ਆਪਣੇ ਲੜਦੇ ਭਰਾਵਾਂ ਨਾਲ ਆਣ ਮਿਲਣਾ। ਖਾਲਸਾ ਨਿਕਲੇ ਜਿਵੇਂ ਬੇਲੇ 'ਚੋਂ ਸ਼ੇਰ ਨਿਕਲੇ। ਲਾਹੌਰ ਦੀਆਂ ਤੋਪਾਂ ਮੈਂ ਨਾਲ ਲੈ ਕੇ ਆਵਾਂਗਾ। ਤੋਪ ਸੰਭਾਲਣੀ ਤੁਹਾਡਾ ਕੰਮ। ਲੜਦਾ ਜੱਥਾ ਨੱਸ ਕੇ ਕਿਲੇ ਵਿਚ ਆ ਜਾਏ। ਫੇਰ ਮੈਂ ਜਾਣਾ ਤੇ ਮੇਰਾ ਕੰਮ। ਮੇਰੇ ਹਮ ਕੌਰ, ਮੇਰੇ ਬਰਾਦਰੀ ਦੇ ਭਰਾ, ਸਾਰੇ ਗੜ੍ਹੀ ਦੀ ਧੂੜ ਨੂੰ ਮੱਥੇ ਨਾਲ ਲਾਉਣਗੇ ਤੇ ਆਪਣੀਆਂ ਭੁੱਲਾਂ ਬਖਸ਼ਾਉਣਗੇ। ਮੈਨੂੰ ਮਾਫ ਕਰ ਦੇਣ ਗੁਰੂ ਦੀਆਂ ਲਾਡਲੀਆਂ ਫ਼ੌਜਾਂ।"

ਦਿਨੇ ਇਕ ਤਮਾਸ਼ਾ ਹੋਇਆ। ਬਾਜ਼ੀਗਰ ਨੇ ਬਾਜ਼ੀ ਪਾਈ। ਢੋਲ ਖੜਕਿਆ। ਡਮਰੂ ਬੁੜ੍ਹਕਿਆ। ਮਦਾਰੀ ਦੀ ਬੀਨ ਨੇ ਸੱਪ ਕੀਲ ਸੁੱਟੇ। ਜੱਸਾ ਸਿੰਘ ਰਾਮਗੜ੍ਹੀਆ ਗੜ੍ਹੀ ਵਿਚ ਆਣ ਵੜਿਆ। ਸਿੰਘਾਂ ਨੇ ਘੁਟ ਘੁਟ ਜੱਫੀਆਂ ਪਾਈਆਂ। ਖ਼ੂਨ ਦੀ ਇਕ ਛਿੱਟ ਵੀ ਨਾ ਡੁੱਲੀ। ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ।

ਦੁਆਬੇ ਦੀ ਫ਼ੌਜ ਮੂੰਹ ਵੇਖਦੀ ਰਹਿ ਗਈ ਤੇ ਉਹਨਾਂ ਦੇ ਹੱਥਾਂ ਦੇ ਤੋਤੇ ਉਡ ਗਏ। ਨਾਨੀ ਚੇਤੇ ਆ ਗਈ। ਸਿੰਘਾਂ ਦੇ ਕਰਾਰੇ ਹੱਥ ਉਹਨਾਂ ਪੱਲੇ ਬੰਨ੍ਹ ਲਏ ਤੇ ਦੁਆਬੇ ਦੀ ਫ਼ੌਜ ਕੱਛੇ ਜੁੱਤੀਆਂ ਮਾਰਕੇ ਨੱਸ ਉਠੀ। ਮੈਦਾਨ ਸਿੰਘਾਂ ਦੇ ਹੱਥ ਰਿਹਾ।

ਇਕ ਹਾਕਮ ਆਖ ਰਿਹਾ ਸੀ—ਵੇਖਿਆ ਈ ਭਰਾ ਇਸ ਤਰ੍ਹਾਂ ਭਰਾਵਾਂ ਨੂੰ ਮਿਲਦੇ ਹਨ। ਲਹੂ ਇਸ ਤਰ੍ਹਾਂ ਪੰਘਰਦਾ ਏ। ਏਸ ਕੌਮ ਦਾ ਮੁਕਾਬਲਾ ਕਰਨਾ ਬਹੁਤ ਮੁਸ਼ਕਲ ਏ। ਇਹ ਲੋਹੇ ਦੀ ਜਾਨ, ਇਹ ਫਰਿਸ਼ਤੇ, ਮੁਗ਼ਲਾਂ ਕੋਲੋਂ ਨਹੀਂ ਨੱਥੇ ਜਾਣ ਲੱਗੇ। ਅਦੀਨਾ ਬੇਗ ਦਾ ਪਿਓ ਵੀ ਇਹ ਗੜ੍ਹੀ ਫਤਿਹ ਨਹੀਂ ਕਰ ਸਕਦਾ। ਨੱਸੋ ਤੇ ਜਾਨਾਂ ਪਿਆਰੀਆਂ ਕਰੋ। ਇਹਨਾਂ ਬਘਿਆੜਾਂ ਨੇ ਭੇਡਾਂ ਪਾੜ ਛੱਡਣੀਆਂ ਨੇ। ਕੁੱਤੇ ਦੀ ਮੌਤ ਮਰਨ ਨਾਲੋਂ ਆਪਣੇ ਘਰ ਜਾ ਕੇ ਅਰਾਮ ਕਰੋ। ਸਾਨੂੰ ਕੋਈ ਚੌਧਰ ਨਹੀਂ ਮਿਲ ਜਾਣੀ। ਦੁਆਬੇ ਨੂੰ ਲਾਹੌਰ ਵਾਲਿਆਂ ਜੁੱਤੀਆਂ ਈ ਮਾਰਨੀਆਂ ਨੇ। ਉਹਨਾਂ ਦਾ ਕੰਮ ਏ ਜੁੱਤੀਆਂ ਮਾਰਨੀਆਂ ਤੇ ਸਾਡਾ ਕੰਮ ਏ ਜੁੱਤੀਆਂ ਖਾਣੀਆਂ। ਅਸਾਂ ਤੇ ਪ੍ਰਸ਼ਾਦ ਲੈ ਲਿਆ, ਲਾਹੌਰ ਵਾਲੇ ਆਉਣ ਤੇ ਉਹ ਵੀ ਗੱਫੇ ਲੈ ਜਾਣ।

ਆਖਦੇ ਨੇ ਕਿ ਫ਼ੌਜ ਸਾਰੀ ਨੱਸ ਗਈ, ਕਿਤੇ ਬਿੱਲੀ ਦਾ ਬਲੂੰਗੜਾ ਵੀ ਬਾਕੀ ਨਾ ਰਿਹਾ। ਸਿੰਘਾਂ ਨੇ ਗੁਰੂ ਅੱਗੇ ਅਰਦਾਸ ਕੀਤੀ। ਭੱਜੀਆਂ ਬਾਹਾਂ ਗਲ ਨਾਲ ਆਣ ਲੱਗੀਆਂ।

ਜੱਸਾ ਸਿੰਘ ਰਾਮਗੜ੍ਹੀਆ ਨੇ ਆਪਣਾ ਕਲੰਕ ਇਸ ਤਰ੍ਹਾਂ ਧੋਤਾ। ਦੁੱਧ ਨੇ ਦੁੱਧ ਵਰਗਾ ਕਰ ਦਿੱਤਾ ਜੱਸਾ ਤੇ ਖਾਲਸੇ ਨੇ ਉਹਨੂੰ ਰਾਮਗੜ੍ਹੀਆ ਸਰਦਾਰ ਬਣਾ ਦਿੱਤਾ। ਕੱਚੀ ਗੜ੍ਹੀ ਪੱਕੀ ਬਣ ਗਈ। ਬੁੰਗਾ ਉਸਾਰ ਕੇ ਦਮ ਲਿਆ। ਬੁਰਜ ਬਣੇ। ਖਾਈ ਖੋਦੀ ਗਈ। ਏਸ ਗੜ੍ਹੀ ਨੂੰ ਰਾਮਰਾਉਣੀ ਆਖਦੇ ਹਨ। ਇਹ ਅੰਮ੍ਰਿਤਸਰ ਦੀ ਸਰਹੱਦ ਏ।

—ਮੇਰੇ ਬਾਬੇ ਦੀ ਗੱਲ ਮੈਨੂੰ ਅੱਜ ਤੱਕ ਚੇਤੇ ਏ। 'ਜਾਨ ਗੁਰੂ ਦੇ ਲੇਖੇ ਲਾਓ, ਆਪੇ ਗੁਰੂ ਜਾਣੇ ਤੇ ਉਹਦਾ ਕੰਮ।' ਘੋੜੇ ਮਸਤ ਆਪਣੀ ਚਾਲ ਵਿਚ ਜਾ ਰਹੇ ਸਨ, ਜਿੱਦਾਂ ਉਹ ਵੀ ਇਹ ਕਥਾ ਸੁਣ ਰਹੇ ਹੋਣ।

ਵਾਪਸੀ ਸਮੇਂ ਉਸ ਨੇ ਸਰਹੰਦ ਪੁੱਜ ਕੇ ਜਰਨੈਲੀ ਸੜਕ ਛੱਡ ਦਿੱਤੀ। ਸ਼ਿਵਾਲਕ ਦੀਆਂ ਪਹਾੜੀਆਂ ਵਿਚ ਕੰਢੀ ਦੇ ਇਲਾਕੇ ਰਾਹੀਂ ਲੁੱਟ ਮਾਰ ਕਰਨ ਅਤੇ ਵਧੇਰੇ ਧਨ ਇਕੱਠਾ ਕਰਨ ਲਈ ਉਹ ਸਿਆਲਕੋਟ ਵਲ ਟੁਰ ਪਿਆ।

ਨਵਾਬ ਕਪੂਰ ਸਿੰਘ ਅਤੇ ਸ. ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠ ਸਿੱਖਾਂ ਨੇ ਆਪਣੇ ਆਪ ਨੂੰ ਤਾਕਤਵਰ ਬਣਾ ਲਿਆ ਸੀ। ਕੌਮ ਜੱਥੇਬੰਦ ਹੋ ਚੁੱਕੀ ਸੀ। ਗਰਮੀਆਂ ਦੀ ਰੁੱਤ ਸੀ। ਸਮੇਂ ਦੀ ਮੁਗ਼ਲ ਸਰਕਾਰ ਦੇ ਮਾਰੇ ਧਿਰਕਾਰੇ ਅਣਗਿਣਤ ਸਿੱਖ ਆਰਥਕ ਔਕੜਾਂ ਦੇ ਸ਼ਿਕਾਰ ਹੋ ਚੁੱਕੇ ਸਨ। ਉਨ੍ਹਾਂ ਕੋਲੋਂ ਰਸਦ ਪਾਣੀ ਵੀ ਮੁੱਕ ਚੁੱਕਾ ਸੀ। ਉਸ ਸਮੇਂ ਉਨ੍ਹਾਂ ਦਾ ਡੇਰਾ ਮੁਕਤਸਰ (ਫਰੀਦਕੋਟ) ਵਿਚ ਸੀ। ਉਹ ਉਨ੍ਹਾਂ ਲੁਟੇਰਿਆਂ, ਧਾੜਵੀ ਡਾਕੂਆਂ ਨੂੰ ਦੇਖ ਕੇ ਅਤੀ ਦੁਖੀ ਹੋ ਗਏ। ਕਈ ਪਾਸਿਆਂ ਤੋਂ ਛਾਪੇ ਮਾਰ ਕੇ ਨਾਦਰੀ ਸੈਨਾ ਦਾ ਟੁਰਨਾ ਅਤੇ ਲੰਘਣਾ ਵੀ ਔਖਾ ਕਰ ਦਿੱਤਾ। ਸਿੱਖਾਂ ਨੇ ਬਹੁਤ ਸਾਰਾ ਖਜ਼ਾਨਾ ਉਨ੍ਹਾਂ ਕੋਲੋਂ ਖੋਹ ਲਿਆ। ਫਿਰ ਉਹ ਪਹਾੜਾਂ ਵਿਚ ਜਾ ਛੁਪੇ। ਸਿੱਖਾਂ ਦੀ ਮੌਜ ਬਣ ਗਈ। ਸਰਹਿੰਦ ਤੋਂ ਲੈ ਕੇ ਦਰਿਆ ਚਨਾਬ ਤੱਕ ਉਨ੍ਹਾਂ ਨੇ ਨਾਦਰ ਸ਼ਾਹ ਦਾ ਬਹੁਤ ਸਾਰਾ ਭਾਰ ਹੌਲਾ ਕਰ ਦਿੱਤਾ ਸੀ। ਨਾਦਰ ਸ਼ਾਹ ਬਹੁਤ ਪ੍ਰੇਸ਼ਾਨ ਸੀ। ਕਾਫ਼ਲਾ ਬਹੁਤ ਹੀ ਵੱਡਾ ਸੀ। ਉਸ ਦੀ ਕੋਈ ਵੀ ਪੇਸ਼ ਨਹੀਂ ਜਾਂਦੀ ਸੀ। ਤੰਗ ਆ ਕੇ ਨਾਦਰ ਨੇ ਜ਼ਕਰੀਆ ਖ਼ਾਨ ਨੂੰ ਪੁੱਛਿਆ, "ਇਹ ਸਿੱਖ ਲੋਕ ਕੌਣ ਹਨ? ਕਿੱਥੇ ਰਹਿੰਦੇ ਹਨ ਅਤੇ ਕੀ ਕੰਮ ਕਰਦੇ ਹਨ?" ਜ਼ਕਰੀਆ ਖ਼ਾਨ ਨੇ ਉੱਤਰ ਦਿੱਤਾ, ਜੋ ਗਿਆਨੀ ਗਿਆਨ ਸਿੰਘ ਜੀ ਨੇ ਆਪਣੀ ਪੁਸਤਕ 'ਪੰਥ ਪ੍ਰਕਾਸ਼' ਵਿਚ ਸਿੱਖਾਂ ਦੇ ਚਰਿੱਤਰ ਬਾਰੇ ਸੋਹਣੇ ਸ਼ਬਦਾਂ ਵਿਚ ਅੰਕਤ ਕੀਤਾ ਹੈ:—

ਇਹ ਵਿਚਾਰ ਫਿਰ ਖ਼ਾਨ ਬਿਖਾਨੀ, ਕਿਤੇ ਨ ਉਨ ਕੀ ਮੁਲਕ ਨਿਸ਼ਾਨੀ।
ਗਾਮ ਕਿਸੇ ਮੇਂ ਸੋ ਨਾ ਬਸੇ ਹੈਂ, ਰਾਤ ਕਿਤੇ ਦਿਨ ਕਿਤੇ ਥਿਤੇ ਹੈਂ।
ਘਰ ਵਿਚ ਟੱਬਰ ਰਾਖਤ ਨਾ ਵੈ, ਪਲੇ ਪਲਾਏ ਉਨ ਮੇਂ ਆਵੇ।
ਚਾਰੇ ਵਰਨੋਂ ਮੇਂ ਸੇ ਕੋਈ, ਆਵਤ ਹੋਤ ਖਾਲਸਾ ਸੋਈ।
ਜਬ ਕੋਈ ਮਜ਼ਬ ਇਨੋਂ ਕਾ ਗਹਿ ਹੈਂ, ਵਾਹਿਗੁਰੂ ਕੀ ਫ਼ਤਹਿ ਗਜੇ ਹੈ।
ਖ਼ੁਸ਼ ਹੋ ਹਲੂਆ ਬਟਤ ਬਧਾਈ, ਗਾਵਤ ਗੀਤ ਸਭ ਬਲ ਲਾਈ।
ਪਿਛਲਾ ਭੇਸ ਦੇਤ ਉਤਰੇ ਹੈ, ਕਾਛ ਕਰਪਾਨ ਕੇਸ ਰਖਵੇ ਹੈਂ।
ਇਕ ਅਕਾਲ ਕੀ ਕਰਤ ਬੰਦਗੀ, ਸ਼ਸਤਰ ਵਿਦਿਆ ਬਹੁਤ ਪਸੰਦਗੀ।
ਨਾਮ ਸਿੰਘ ਮਜ਼ਹਬ ਖ਼ਾਲਸਾ, ਛੋਡ ਦੇਤ ਸਭ ਜਗਤ ਲਾਲਸਾ।
ਕਰਮ ਜਾਂਘੀਆ ਇਕ ਸਿਰ ਪਟਕਾ, ਭੂਰੇ ਗਿਲਤੀ ਬਾਨਾ ਜਟਕਾ।

ਘਾਸ ਫੂਸ ਫਲ ਮੂਲ ਆਹਾਰ, ਖੈ ਹੈਂ ਕੱਚੇ ਹੀ ਮ੍ਰਿਗ ਮਾਰ।
ਘੋੜਨ ਕੇ ਭੀ ਮਾਸ ਖਲੈ ਹੈਂ, ਸੌ ਸੌ ਕੋਸ ਭਗੈ ਹੀ ਜੈ ਹੈ।
ਪਿਆਰੀ ਔਰੈ ਵਸਤ ਨਾ ਕਾਈ, ਇਕ ਸ਼ਸਤਰ ਇਕ ਚਹਤ ਲੜਾਈ।
ਗਰਮੀ ਸਰਦੀ ਏਕ ਸਮਾਨੈ, ਸਭ ਕਿਛ ਤਿਆਰ ਕਰਤ ਹਿਤ ਖਾਨੈ।
ਦੇਤ ਆਵਾਜ਼, ਹੈ ਭੂਖਾ ਕੋਈ, ਆਓ ਦੇਗ ਤਿਆਰ ਗੁਰ ਹੋਈ।
ਉਸ ਸਮੇਂ ਬੈਰੀ ਜੇ ਆਵੇ, ਪਰਮ ਮੀਤ ਸਮ ਤਹਿ ਛਕਾਵੇ।
ਬਚੇ ਤਾਂ ਪੀਛੇ ਖ਼ੁਦ ਖਾ ਲੇ ਹੈਂ, ਨਹੀ ਤਾਂ ਲੰਗਰ ਮਸਤ ਬਿਤੈ ਹੈਂ।
ਮਾਰਤ ਇਨ ਕੋ ਹਮ ਥਕ ਗਏ, ਇਹ ਨਿਤ ਬਢਤ ਜਾਤ ਹੈਂ ਨਏ।
ਮੁਰਸ਼ਿਦ ਇਨਕੋ ਵਲੀ ਭਿਓ ਹੈ, ਇਨ ਕੋ ਆਬ ਹਯਾਤ ਦਿਓ ਹੈ।
ਐਸੀ ਰਿਜ਼ੇ ਕਲਾਮ ਘਤੇ ਹੈਂ, ਜਿਸ ਸੈ ਸੁਧਾ ਬਿਨਾ ਇਹ ਲੇ ਹੈਂ।
ਸੋ ਪਿਲਾਇ ਲੋਗਨ ਕੇ ਤਾਈਂ, ਯਾਰਨ ਤੇ ਸਿੰਘ ਲੇਤ ਬਨਾਈ।
ਗ਼ਜ਼ਬ ਅਸਰ ਤਿਸ ਕਾ ਹਮ ਦੇਖਾ, ਬੁਜ਼ਦਿਲ ਹੋਵਤ ਸ਼ੇਰ ਬਸੇਖਾ।
ਕਾਣ ਨਾ ਕਾਹੂੰ ਕੀ ਇਹ ਰਾਖਤ, ਸ਼ਹਿਨਸ਼ਾਹ ਖ਼ੁਦ ਹੀ ਕੋ ਲਾਖਤ।
ਔਰ ਸਭਨ ਜੀਵਨ ਚੌਰਾਸੀ, ਮਾਨਤ ਆਪ ਤਾਈਂ ਅਬਨਾਸ਼ੀ।
ਤੱਤ ਖ਼ਾਲਸਾ ਗੁਰ ਕਾ ਜ਼ਾਹਰ, ਕਹਿਤ ਚੁਰਾਸੀ ਤੈ ਹੈ ਬਾਹਰ।
ਹਿੰਦੂ ਅੰਧੇ ਤੁਰਕੂ ਕਾਣੇ, ਸਿੰਘ ਗੁਰੂ ਕੇ ਸਭ ਤੋਂ ਸਿਆਣੇ।
ਪਰ ਤ੍ਰਿਯਾ ਸਮਝ ਮਾਤ ਸਮਾਨੈ, ਚੋਰੀ ਯਾਰੀ ਨਿੰਦ ਨਾ ਠਾਨੈ।
ਦੌਲਤ ਦੁਨੀਆਂ ਇਹ ਨਾ ਚੈ ਹੈਂ, ਮਜ਼ਬ ਧਰਮ ਪਹਿ ਜਾਨਾ ਦੇ ਹੈਂ।
ਜੋ ਕੁਝ ਵਸਤ ਕਿਸੀ ਕੋ ਥਿਆ ਹੈ, ਪੰਥ ਤਾਈਂ ਖ਼ੁਸ਼ ਹੋਤ ਛੁਕਾ ਹੈ।
ਕਾਮ ਆਰੰਭਤ ਜਬ ਕੋਈ ਇਹ ਹੈਂ, ਧੰਨ ਵਾਹਿਗੁਰੂ ਇਹ ਕਹਿ ਲੇ ਹੈਂ।
ਬਾਤ ਬਾਤ ਮੈਂ ਇਹੋ ਅਲੈ ਹੈ, ਜੋ ਗੁਰ ਕਰ ਹੈ ਸੋਈ ਥੈ ਹੈ।
ਦੁਖ ਸੁਖ ਵਾਰ ਨਫ਼ੇ ਨੁਕਸਾਨੈ, ਭਾਣਾ ਗੁਰ ਕਾ ਖ਼ੁਸ਼ ਹੋਏ ਮਾਨੈ।
ਦੁਨੀਆਂਦਾਰ ਨਾ ਇਹ ਫ਼ਕੀਰ, ਬੇ-ਮੁਹਤਾਜ ਸਭ ਸਾਬਰ ਧੀਰ।
ਔਰ ਨੇਕ ਗੁਣ ਸਭ ਇਨ ਮੈ ਹੈਂ, ਔਗਣ ਏਕ, ਹਮ ਕੋ ਦੁੱਖ ਦੇ ਹੈਂ।

ਨਾਦਰ ਸ਼ਾਹ ਸਿੱਖਾਂ ਦਾ ਚਰਿਤਰ ਸੁਣ ਕੇ ਹੈਰਾਨ ਹੋ ਗਿਆ ਤੇ ਉਸ ਨੇ ਭਵਿਖ-ਬਾਣੀ ਕੀਤੀ, "ਅਜ਼ੀ-ਕੌਣ ਬੂਏ ਬਾਦਸ਼ਾਹੀ ਮੈਂ ਆਇਦ।" ਅਰਥਾਤ ਇਸ ਕੌਮ ਵਿਚੋਂ ਬਾਦਸ਼ਾਹੀ ਦੀ ਬੂ ਆਉਂਦੀ ਹੈ। ਉਹ ਸਮਾਂ ਦੂਰ ਨਹੀਂ ਜਦੋਂ ਸਿੱਖ ਦੇਸ਼ ਉੱਤੇ ਰਾਜ ਕਰਨਗੇ। ਇਹ ਸ਼ਬਦ ਕਹਿ ਕੇ ਉਹ ਅਫ਼ਗਾਨਿਸਤਾਨ ਨੂੰ ਵਾਪਸ ਚਲਾ ਗਿਆ। ਜਾਂਦੀ ਵਾਰ ਵੀਹ ਲੱਖ ਰੁਪਏ ਸਲਾਨਾ ਮਾਮਲੇ ਦੇ ਬਦਲੇ ਚਾਰ ਮਹਾਲ ਦੀ ਧਰਤੀ ਜ਼ਕਰੀਆ ਖ਼ਾਨ ਦੇ ਹਵਾਲੇ ਕਰ ਗਿਆ। ਨਾਦਰਸ਼ਾਹ ਜਿਸ ਤਰ੍ਹਾਂ ਖ਼ਾਲੀ ਹੱਥ ਹਿੰਦੋਸਤਾਨ ਵਿਚ ਆਇਆ ਸੀ, ਠੀਕ ਉਸੇ ਤਰ੍ਹਾਂ ਖ਼ਾਲੀ ਹੱਥ ਵਾਪਸ ਈਰਾਨ ਚਲਾ ਗਿਆ। ਆਪਣੇ ਨਾਲ ਬਹੁਤ ਕੁਝ ਨਾ ਲੈ ਜਾ ਸਕਿਆ। ਸਿੱਖਾਂ ਨੇ ਬਹੁਤ ਸਾਰਾ ਮਾਲ ਨਾਦਰ ਲੁਟੇਰੇ ਕੋਲੋਂ ਲੁੱਟ ਲਿਆ ਸੀ।

ਨਾਦਰ ਸ਼ਾਹ ਦੇ ਕਹਿਣ ਉੱਤੇ ਜ਼ਕਰੀਆ ਖ਼ਾਨ ਨੇ ਕਤਲਆਮ ਹੋਰ ਤੇਜ਼ ਕਰ ਦਿੱਤਾ। ਜੰਡਿਆਲੇ ਗੁਰੂ (ਅੰਮ੍ਰਿਤਸਰ) ਦੇ ਹਰਭਗਤ ਨਿਰੰਜਨੀਏ ਨੇ ਉਸ ਵੇਲੇ ਸਿੱਖਾਂ ਨੂੰ ਫੜ-

ਫੜ ਕੇ ਉਨ੍ਹਾਂ ਨੂੰ ਖਾਨ ਕੋਲ ਪੁਚਾਣ ਦੀ ਵਧ ਚੜ੍ਹ ਕੇ ਸੇਵਾ ਕੀਤੀ। ਗਸ਼ਤੀ ਫ਼ੌਜ ਨੇ ਤਾਂ ਸਿੱਖਾਂ ਉੱਤੇ ਹੂੰਝਾ ਹੀ ਫੇਰ ਦਿੱਤਾ। ਇਸ ਵੱਡੀ ਭਾਰੀ ਮੁਸੀਬਤ ਵਿਚ ਵੀ ਖਾਲਸੇ ਨੇ ਹੌਸਲਾ ਨਾ ਛੱਡਿਆ। ਇਸ ਦੀ ਮਾਨਸਕ ਅਵਸਥਾ ਹਮੇਸ਼ਾ ਉਚੇਰੀ ਚੜ੍ਹਦੀ ਕਲਾ ਵਿਚ ਸੀ।

ਅੰਮ੍ਰਿਤਸਰ ਦੇ ਉਤਰ ਪੱਛਮ ਵਲ ਇਕ ਘਣੇ ਜੰਗਲ ਦੇ ਮੱਧ ਵਿਚ ਸ੍ਰ. ਜੱਸਾ ਸਿੰਘ ਆਹਲੂਵਾਲੀਏ ਨੇ ਦਰਿਆ ਰਾਵੀ ਦੇ ਕੰਢੇ ਉੱਤੇ ਡੱਲੇ ਦੇ ਅਸਥਾਨ ਤੇ ਇਕ ਕੱਚੀ ਗੜ੍ਹੀ (ਕਿਲਾ) ਬਣਵਾਈ ਤੇ ਖ਼ਾਲਸਾ ਰਾਜ ਦਾ ਪਹਿਲਾ ਨੀਹ ਪੱਥਰ ਉਸ ਨੇ ਆਪ ਹੀ ਰੱਖਿਆ। ਆਹਲੂਵਾਲੀਆ ਸਰਦਾਰ ਆਪ ਇਥੇ ਹੀ ਰਹਿਣ ਲੱਗ ਪਏ। ਇਹ ਸਥਾਨ ਇਕ ਬੜੇ ਸੋਹਣੇ ਮੌਕੇ ਤੇ ਚੰਗੀ ਅਤੇ ਲਾਹੇਵੰਦੀ ਪਨਾਹਗਾਹ ਸੀ। ਲੁੱਟ ਦਾ ਸਾਰਾ ਮਾਲ ਇਥੇ ਗੁਦਾਮਾਂ ਵਿਚ ਸੁਰਖਿਅਤ ਰੱਖਿਆ ਜਾ ਸਕਦਾ ਸੀ। ਇਸ ਤੋਂ ਪਿਛੋਂ ਆਹਲੂਵਾਲੀਆ ਜੱਥੇਦਾਰ ਜੀ ਹਮੇਸ਼ਾ ਨਵਾਬ ਕਪੂਰ ਸਿੰਘ ਦੇ ਹੁਕਮ ਦੀ ਪਾਲਣਾ ਪਹਿਲਾਂ ਵਾਂਗ ਹੀ ਕਰਦੇ ਰਹੇ ਅਤੇ ਉਨ੍ਹਾਂ ਦੀ ਹਰ ਇਕ ਮੁਹਿੰਮ ਵਿਚ ਉਸ ਨੇ ਉਨ੍ਹਾਂ ਦਾ ਸਾਥ ਦਿੱਤਾ।

40

ਅੰਮ੍ਰਿਤ ਛਕੋ ਪਹਿਲਾਂ

—ਚੌਂਕਿਓਂ ਨਿਕਲੀ ਚੂੜ੍ਹਿਆਂ ਜੋਗੀ।

—ਔਂਤ ਪੁੱਤ ਗਵਾਂਢੀ ਵਰਗਾ।

—ਪੰਥ ਤੋਂ ਛੇਕਿਆ ਘਰ ਵਾਲਿਆਂ ਤਿਆਗਿਆ। ਬਰਾਦਰੀ 'ਚੋਂ ਨਿਕਲਿਆ, ਭਰਾਵਾਂ ਨੇ ਚੌਂਕੇ 'ਚ ਨਾ ਬਹਿਣ ਦਿੱਤਾ। ਫੇਰ ਬੰਦਾ ਜਾਏ ਤੇ ਜਾਏ ਕਿੱਥੇ। ਢਿੱਡ ਤਾਂ ਭਰਨੈ। ਮਗਰ ਮਾਪਿਆਂ ਜਨਾਨੀ ਵੀ ਲਾਈ ਹੋਈ ਸੀ। ਉੱਤੋਂ ਗ੍ਰਹਿਸਥੀ ਦਾ ਖ਼ਰਚ। ਬੰਦੇ ਨੂੰ ਕੁਝ ਨਾ ਕੁਝ ਤੇ ਝੱਖ ਮਾਰਨੀ ਪਏਗੀ। ਦਲ ਵਾਲੇ ਨਾਲ ਨਾ ਖੜਨ। ਪਿੰਡ ਵਿਚ ਕੋਈ ਹਲ ਨਾ ਵਾਹੁਣ ਦੇਵੇ। ਜੇ ਓਸ ਅਦੀਨਾ ਬੇਗ਼ ਦੀ ਨੌਕਰੀ ਕਰ ਲਈ ਤਾਂ ਫੇਰ ਕਿਹੜਾ ਹਨੇਰ ਆ ਗਿਆ। ਹੋਰ ਕੋਈ ਕੰਮ ਤੇ ਆਉਂਦਾ ਨਹੀਂ ਸੀ। ਸਿਰਫ਼ ਤਲਵਾਰ ਵਾਹੁਣੀ ਜਾਣਦਾ ਸੀ।

—ਜੱਸਾ ਸਿੰਘ ਰਾਮਗੜ੍ਹੀਆਂ ਕੁਝ ਗੱਲਾਂ ਵਿਚ ਮਜਬੂਰ ਸੀ। ਮਜਬੂਰੀ ਨੇ ਉਹਦੇ ਹੱਥ ਬੰਨ੍ਹੇ ਹੋਏ ਸਨ। ਅਦੀਨਾ ਬੇਗ਼ ਨੇ ਉਹਦੀ ਬਾਂਹ ਫੜ ਲਈ ਤੇ ਓਸ ਨੌਕਰੀ ਕਬੂਲ ਕਰ ਲਈ, ਜਲੰਧਰ ਦੇ ਹਾਕਮ ਦੀ।

—ਜੱਸਾ ਸਿੰਘ ਰਾਮਗੜ੍ਹੀਆ ਹੁਣ ਜਲੰਧਰ ਦੇ ਹਾਕਮ ਦਾ ਨੌਕਰ ਸੀ। ਪਰ ਓਸ ਧਰਮ ਨਹੀਂ ਸੀ ਤਿਆਗਿਆ, ਕਿਰਤ ਨਹੀਂ ਸੀ ਛੱਡੀ। ਨਿਤਨੇਮ ਰੋਜ਼ ਕਰਦਾ।

—ਮੁਸਲਮਾਨ ਰੋਜ਼ ਨਮਾਜ਼ ਪੜ੍ਹਦੇ, ਪੰਜ ਵਕਤ ਪਰ ਜੱਸਾ ਸਿੰਘ ਰੋਜ਼ ਪੰਜ ਬਾਣੀਆਂ ਦਾ ਪਾਠ ਕਰਦਾ।

—ਗੁਰੂ ਘਰ ਦਾ ਸ਼ਰਧਾਲੂ, ਰਹਿਤ ਮਰਿਆਦਾ ਦਾ ਪੱਕਾ, ਪੂਰਨ ਸਿੱਖ ਸੀ।

—ਗ਼ਲਤੀ ਇਕ ਵਾਰ ਹੋ ਗਈ, ਮਾਫ਼ੀ ਮੰਗ ਲਈ, ਨੱਕ ਰਗੜਿਆ, ਅੱਲ ਪਈ ਖਹਿੜਾ ਨਹੀਂ ਸੀ ਛੱਡਦੀ। ਝੂਰਦਾ ਬਹੁਤ ਸੀ ਪਰ ਹੁਣ ਸੀਨੇ ਤੇ ਪੱਥਰ ਧਰਕੇ ਜਰੀਂ ਜਾ ਰਿਹਾ ਸੀ।

—ਬਹਾਦਰ ਨੂੰ ਉਹ ਗੱਲ ਵਿਚੋਂ ਵਿਚ ਖਾ ਗਈ ਕਿ ਮੈਂ ਸਾਰੀ ਹਯਾਤੀ ਵਿਚ ਭਰਾਵਾਂ ਦੇ ਗੱਲ ਵਿਚ ਬਾਹਵਾਂ ਪਾ ਕੇ ਨਾ ਮਿਲ ਸਕਾਂਗਾ।

—ਕਿ ਮੈਨੂੰ ਭੈਣਾਂ ਰੱਖੜੀ ਬੰਨ੍ਹਣ ਨਾ ਆਇਆ ਕਰਨਗੀਆਂ।

—ਮਾਂ ਮੈਨੂੰ ਕਦੇ ਕਲੇਜੇ ਨਾਲ ਨਾ ਲਾਏਗੀ।

—ਭਾਬੀ ਕਦੀ ਜੱਸਾ ਆਖ ਕੇ ਨਾ ਸੱਦੇਗੀ।

—ਮੇਰੇ ਯਾਰ ਬੇਲੀ ਸਭ ਮੂੰਹ ਫੇਰ ਜਾਣਗੇ। ਮੈਂ ਕੱਲਮਕੱਲਾ ਕਿਸ ਤਰ੍ਹਾਂ ਜਿਉਂ ਸਕਾਂਗਾ।

—ਗੁੱਸੇ ਵਿਚ ਆ ਕੇ ਅਦੀਨਾ ਬੇਗ ਦੀ ਫ਼ੌਜ ਵਿਚ ਨੌਕਰੀ ਕਰ ਲਈ ਤੇ ਹਮਦਰਦੀ ਬਣ ਗਿਆ। ਜ਼ਬਾਨ ਦਾ ਪੱਕਾ ਸੀ। ਲੋਕ ਆਖਦੇ ਸਨ ਕਿ ਅਦੀਨਾ ਬੇਗ਼ ਦਾ ਖ਼ਾਸ ਇਤਬਾਰੀ ਬੰਦਾ ਏ ਜੱਸਾ ਸਿੰਘ ਰਾਮਗੜ੍ਹੀਆ।

ਭਰਾਵਾ ਦਾ ਦੁੱਖ ਵੇਖ-ਵੇਖ ਕੇ ਜ਼ਰ ਨਾ ਸਕਿਆ। ਲਹੂ ਪੰਗਰਿਆ, ਜੋਸ਼ ਮਾਰਿਆ ਖ਼ੂਨ ਨੇ। ਹਥਿਆਰ ਸੁੱਟ ਦਿੱਤੇ। ਕੁਝ ਵੀ ਹੋ ਜਾਏ ਭਰਾਵਾਂ 'ਚ ਜਾ ਮਿਲਣੈ। ਜਾਨ ਤੇ ਖੇਡ ਕੇ ਛਾਲ ਮਾਰ ਕੇ ਰਾਮਰੌਣੀ ਦੇ ਦਰਵਾਜ਼ੇ ਦੇ ਮੂਹਰੇ ਹੋ ਕੇ ਛੜੱਪਾ ਮਾਰ ਕੇ ਭਰਾਵਾਂ 'ਚ ਜਾ ਰਲਿਆ। ਮੌਤ ਸਾਹਮਣੇ ਖੜ੍ਹੀ ਸੀ। ਯੋਧੇ ਨੇ ਪਰਵਾਹ ਨਾ ਕੀਤੀ। ਪਹਿਲਾਂ ਭਰਾ ਤੇ ਪਿੱਛੋਂ ਨੌਕਰੀ . ਦੌਲਤ ਬਾਅਦ ਦੀ ਗੱਲ ਏ। ਜਿਸ ਪੈਦਾ ਕੀਤੈ ਉਹ ਖਾਣ ਨੂੰ ਵੀ ਦੇਵੇਗਾ।

ਜੱਸਾ ਸਿੰਘ ਰਾਮਗੜੀਆ ਰਾਮਰੌਣੀ ਦੇ ਕਿਲੇ ਵਿਚ ਜਾ ਵੜਿਆ। ਸਿੰਘ ਘੂਰੀਆਂ ਵੱਟ ਰਹੇ ਸਨ ਪਰ ਓਸ ਪਹਿਲਾਂ ਜਾਂਦਿਆਂ ਈ ਜੱਸਾ ਸਿੰਘ ਆਹਲੂਵਾਲੀਆ ਦੇ ਪੈਰਾਂ 'ਚ ਸਿਰ ਜਾ ਰੱਖਿਆ।

—ਬਖ਼ਸ਼ ਲੈ ਜੱਥੇਦਾਰਾ, ਮੈਂ ਭਰਾਵਾਂ ਤੋਂ ਬਗ਼ੈਰ ਨਹੀਂ ਜਿਉਂ ਸਕਦਾ। ਮੇਰੀ ਪੱਗ ਦੀ ਲਾਜ ਰੱਖ ਲੈ।

ਗਲ ਨਾਲ ਲਾ ਕੇ ਜੱਥੇਦਾਰ ਨੇ ਇਕ ਵਾਰ ਫੇਰ ਪਿਆਰ ਨਾਲ ਵੇਖਿਆ।

—ਅੱਛਾ ਬੱਚੂ ਜੇ ਤੂੰ ਆ ਗਿਐਂ ਤਾਂ ਸੀਨੇ ਨਾਲ ਲੱਗ ਜਾ। ਖਿਲਕੁਲ ਓਸੇ ਤਰ੍ਹਾਂ ਜਿਸ ਤਰ੍ਹਾਂ ਦਸਮ ਪਾਤਸ਼ਾਹ ਨੇ ਜੈਤੇ ਨੂੰ ਗਲ ਨਾਲ ਲਾਇਆ ਸੀ।

—ਜੱਸਾ ਸਿੰਘ ਤੂੰ ਤੇ ਮੇਰਾ ਸਿਰਨਾਵਾਂ ਏ ਪਰ ਦਲ ਦੀ ਇਕ ਮਰਿਆਦਾ ਏ। ਪਹਿਲਾਂ ਅੰਮ੍ਰਿਤਸਰ ਤਨਖ਼ਾਹ ਲਵਾ ਤੇ ਫੇਰ ਸਾਡੀ ਹਿੱਕ ਤੇ ਲੇਟੀ।

—ਤੂੰ ਸਾਡਾ ਭਰਾ ਏਂ। ਇਹਨਾਂ ਬਹਾਦਰਾਂ ਤੇ ਸਾਡੇ ਚੁੱਲ੍ਹੇ ਨਾ ਝੱਲਣ। ਇਹ ਬਦਕਿਸਮਤੀ ਦੇ ਹਿੰਦੂ ਧਰਮ ਦੀ। ਮਾੜੀ ਜਿਹੀ ਗ਼ਲਤੀ ਤੇ ਉਮਰ ਭਰ ਦਾ ਸੰਤਾਪ।

ਜੱਸਾ ਸਿੰਘ ਆਹਲੂਵਾਲੀਏ ਨੇ ਆਪ ਅੰਮ੍ਰਿਤ ਛਕਾਇਆ ਤੇ ਆਖਿਆ, ਲੈ ਭਰਾ ਅੱਜ ਤੋਂ ਬਾਅਦ ਤੂੰ ਹਰ ਰੰਕੇ ਦਾ ਪ੍ਰਾਹੁਣਾ ਏਂ, ਹਰ ਮਹਿਫਲ ਦਾ ਮੁਖ਼ੀਆ ਏਂ। ਭੈਣਾਂ ਆਪ ਮਿਲਣ ਆਉਣਗੀਆਂ। ਭਰਾ ਖ਼ੁਸ਼ੀ ਦੇ ਅੱਥਰੂ ਵਗਾਉਣਗੇ, ਭਾਬੀਆਂ ਸਰੂ ਦਾ ਬੂਟਾ ਆਖ ਕੇ ਗਲ ਦੇ ਤਵੀਤ ਵੱਲ ਝਾਤੀ ਮਾਰਨਗੀਆਂ। ਮਾਂ ਦੂਰੋਂ ਨੱਸੀ ਆਏਗੀ। ਪਿੰਡ ਦੇ ਸਰਪੰਚ, ਨੰਬਰਦਾਰ ਤੇਰੇ ਅੱਗੇ-ਪਿੱਛੇ ਘੁੰਮਣਗੇ। ਹੁਣ ਤੂੰ ਪੰਥ ਦਾ ਇਕ ਅੰਗ ਬਣ ਗਿਐਂ।

ਤਨਖ਼ਾਹ ਲੱਗੀ, ਤਾਰੀ ਵੀ ਗਈ। ਭਰਾਵਾਂ ਵਿਚ ਫਰਲੇ ਵਾਲੀ ਪੱਗ ਦੂਰੋਂ ਨਜ਼ਰ ਆਉਣ ਲੱਗ ਪਈ।

ਦੁਸ਼ਮਣ ਦਾ ਹਮਲਾ ਬਹੁਤ ਸਖ਼ਤ ਸੀ। ਤੁਹਾਡੇ ਫ਼ਾਟਕ ਨੂੰ ਖੋਲ੍ਹਕੇ ਜਾ ਵੜਿਆ। ਹੁਣ ਸਾਡੀ ਫ਼ਤਿਹ ਦਾ ਮਹੂਰਤ ਨਿਕਲਿਐ। ਬੇਟਾ ਤੂੰ ਪੰਥ ਦੀ ਲਾਜ ਰੱਖ ਲਈ ਏ। ਜੱਸਾ ਸਿੰਹਾਂ ਤੇਰੇ ਵਰਗਾ ਪੁੱਤ ਮਾਵਾਂ ਨੇ ਮੁੜਕੇ ਨਹੀਂ ਜੰਮਣਾ।

—ਪੁੱਤ ਕਦੀ ਕਦਾਈ ਜੰਮਦੇ ਹਨ, ਰੋਜ਼ ਨਹੀਂ ਜੰਮਦੇ। ਜੱਸਾ ਸਿੰਹਾਂ ਤੇਰੀ ਸਾਰੀ ਕੌਮ ਨੂੰ ਤੇਰੇ ਤੇ ਮਾਣ ਏ। ਬੋਲ ਜੱਸਾ ਸਿੰਘ ਆਹਲੂਵਾਲੀਏ ਦੇ ਸਨ।

—ਮੈਂ ਕਾਹਦੇ ਜੋਗਾ ਹਾਂ ਭਰਾਵਾਂ ਤੋਂ ਬਗ਼ੈਰ। ਤੁਸੀਂ ਮੇਰੀ ਪੱਗ ਦੀ ਲਾਜ ਹੋ। ਮੇਰੀਆਂ ਬਾਂਹਵਾਂ ਟੁੱਟ ਗਈਆਂ ਸਨ। ਮੈਂ ਗੁਰੂ ਦੇ ਬਲਿਹਾਰੇ ਜਾਵਾਂ ਜਿਸ ਭੱਜੀਆਂ ਬਾਂਹਵਾਂ ਗੱਲ ਨੂੰ ਲਾ ਦਿੱਤੀਆਂ ਨੇ। ਮੈਂ ਦਲ ਦਾ ਬਹੁਤ ਰਿਣੀ ਹਾਂ। ਜੱਸਾ ਸਿੰਘ ਰਾਮਗੜ੍ਹੀਆ ਬੋਲ ਰਿਹਾ ਸੀ।

—ਜੱਸਾ ਸਿੰਹਾਂ ਸਾਂਭ ਲੈ ਆਪਣਾ ਜੱਥਾ ਤੇ ਅੱਜ ਤੋਂ ਤੂੰ ਜੱਥੇਦਾਰ ਹੋਇਓਂ।

—ਤੁਹਾਡਾ ਜਲਾਲ ਬੁਲੰਦ ਹੋਵੇ। ਨਿਹੰਗ ਬਹੁਤ ਦਿਆਲੂ ਹਨ ਤੇ ਮਿਹਰਬਾਨ ਵੀ।

—ਆਪ ਗਲੇ ਮਿਲ ਪੁਰਾਣਿਆਂ ਸਾਥੀਆਂ ਨੂੰ। ਇਹ ਤੇਰੇ ਭਰਾ ਹਨ।

—ਤੇਰੇ ਤੋਂ ਬਗ਼ੈਰ ਸਾਡਾ ਜੀਅ ਨਹੀਂ ਸੀ ਲਗਦਾ ਜੱਸਾ ਸਿੰਹਾਂ। ਇਕ ਨਿਹੰਗ ਨੇ ਆਖਿਆ।

—ਭਾਬੀਆਂ 'ਚ ਬੈਠਾ ਕਾਹਨ ਜਾਪਦਾ ਏ ਜੱਸਾ। ਸਾਰੇ ਗੁੱਸੇ ਗਿਲੇ ਖ਼ਤਮ ਹੋ ਗਏ।

—ਨੇਜ਼ੇ ਦਾ ਵਾਰ ਕਰਨਾ ਕੋਈ ਤੈਥੋਂ ਸਿੱਖੇ।

—ਥੋੜ੍ਹਾ ਉਦਾਸ ਹੋ ਗਿਆ ਸੀ ਜੱਸਿਆ, ਇਹਦਾ ਮੁੱਖੜਾ ਖਿੜ ਪਿਐ। ਦੂਜੇ ਨਿਹੰਗ ਨੇ ਆਖਿਆ।

—ਯਾਰਾਂ ਨਾਲ ਈ ਬਹਾਰਾਂ ਨੇ। ਜੱਸਿਆ ਤੇਰੇ ਹਾਵੇ ਵਿਚ ਅੱਧੀ ਜਾਨ ਰਹਿ ਗਈ ਸੀ। ਅੱਜ ਚੰਨ ਚੜ੍ਹਿਆ ਵੇਖਿਐ। ਅੱਗੇ ਤਾਂ ਹਨ੍ਹੇਰੇ 'ਚ ਹੱਥ ਮਾਰਦੇ ਸਾਂ।

—ਬਾਣੇ ਬਣਾਉਣੇ ਤੇ ਬਾਣੇ ਪਹਿਨਣੇ ਕੋਈ ਤੈਥੋਂ ਸਿੱਖੇ।

—ਰਣਭੂਮੀ ਵਿਚ ਤੇਰੀ ਦਲੇਰੀ ਦੀ ਗੱਲ ਛੋਹੀ ਜਾਂਦੀ।

—ਤੈਨੂੰ ਸਾਰਾ ਜੱਥਾ ਚੇਤੇ ਕਰਦਾ ਰਿਹੈ। ਅੱਜ ਤੂੰ ਆ ਗਿਐਂ। ਦਿਲ ਬਹੁਤ ਖ਼ੁਸ਼ ਹੋਇਐ। ਤੂੰ ਜਿਉਂ ਉਡਾਰੀ ਮਾਰੀ ਸੀ, ਈਦ ਦਾ ਚੰਦ ਈ ਹੋ ਗਿਆ ਸੈਂ।

—ਸੁਣਾ ਕਿਹੋ ਜਿਹੇ ਦਿਨ ਬੀਤੇ?

—ਐਵੇਂ ਰੰਡੀ ਰੋਣੇ ਨਾਲ ਦਿਨ ਕੱਟੇ। ਭਰਾ ਆਪਣਾ ਘਰ ਆਪਣਾ ਈ ਹੁੰਦੈ। ਪਰਾਇਆ ਘਰ ਆਪਣਾ ਨਹੀਂ ਹੁੰਦਾ।

—ਆਜਾ ਜੱਸਾ ਸਿੰਹਾਂ ਇਕੋ ਥਾਲੀ 'ਚ ਲੰਗਰ ਛੱਕੀਏ, ਆਨੰਦ ਆਏ।

—ਜਿਸ ਸੰਗਤ-ਪੰਗਤ ਪਾ ਲਈ, ਉਹ ਆਪ ਕਿੰਨਾ ਕੁ ਵੱਡਾ ਬਲਵਾਨ ਏ। ਗੁਰੂ ਦੀਆਂ ਬਖ਼ਸ਼ਿਸ਼ਾਂ ਗੁਰੂ ਦੀਆਂ ਅਸੀਸਾਂ, ਜੱਸਾ ਸਿੰਹਾਂ ਤੇਰੇ ਨਾਲ ਹਨ। ਹੁਣ ਤੂੰ ਬੁੱਢੇ ਦਲ ਦੀ ਪੱਗ ਏ।

ਝਾਂਸਾ ਦੇਣਾ

—ਲੈ ਭਈ ਜੱਸਾ ਸਿੰਹਾਂ ਸੁਣ, ਅਹਿਮਦ ਸ਼ਾਹ ਅਬਦਾਲੀ ਸਾਰੇ ਹਿੰਦੁਸਤਾਨ ਦੀ ਦੌਲਤ ਨੂੰ ਬੇਹਕਰ ਨਾਲ ਹੂੰਝਾ ਫੇਰ ਕੇ ਲੈ ਜਾ ਰਿਹੈ। ਉਹ ਆਪਣੇ ਆਪ ਨੂੰ ਖੁਦਾ ਸਮਝਦੈ। ਉਹਦੀ ਖੁਦਾਈ ਤੋੜਨੀ ਏ। ਦੌਲਤ ਵੀ ਲੁੱਟਣੀ ਏ ਤੇ ਘੋੜੇ ਵੀ ਖੋਹਣੇ ਨੇ। ਪਰ ਇਕ ਜ਼ਰੂਰੀ ਤੇ ਅਹਿਮ ਕੰਮ, ਜਿਹੜਾ ਗੁਰੂ ਨੇ ਸਾਡੇ ਜ਼ੁੰਮੇ ਲਾਇਐ, ਉਹ ਵੀ ਕਰਨੈ। ਕਿਸੇ ਦੁਖੀ ਨੂੰ ਸਤਾਉਣਾ ਨਹੀਂ, ਕਿਸੇ ਤੀਵੀਂ ਦੀ ਇੱਜ਼ਤ ਨਹੀਂ ਲੁੱਟਣੀ ਤੇ ਔਰਤ ਦਾ ਜ਼ੇਵਰ ਨਹੀਂ ਖੋਹਣਾ। ਔਰਤ ਤੇ ਜ਼ੁਲਮ ਹੁੰਦਾ ਵੇਖ ਕੇ ਅੱਖਾਂ ਤੇ ਪੱਟੀ ਨਹੀਂ ਬੰਨ੍ਹਣੀ। ਉਹ ਵੇਖਣਾ ਨਹੀਂ ਜਾਨ ਦੇਣੀ ਤੇ ਸ਼ਹੀਦੀ ਪਾ ਜਾਣਾ ਪਰ ਬਰਦਾਸ਼ਤ ਨਹੀਂ ਕਰਨਾ। ਇਕੋ ਝਟਕੇ 'ਚ ਢਾਹ ਸੁੱਟੋ ਓਸ ਜ਼ਾਲਮ ਨੂੰ, ਜਿਹੜਾ ਇਸਤਰੀ ਤੇ ਦਸਤ-ਦਰਾਜ਼ੀ ਕਰੇ। ਹਜ਼ਾਰਾਂ ਦੀ ਤਾਦਾਦ ਵਿਚ ਅਹਿਮਦ ਸ਼ਾਹ ਅਬਦਾਲੀ ਇਸਤਰੀਆਂ ਦੀਆਂ ਕਤਾਰਾਂ ਦੀਆਂ ਕਤਾਰਾਂ ਲਈਂ ਜਾ ਰਿਹੈ, ਭੇਡਾਂ ਦੇ ਇੱਜੜ ਵਾਂਗੂੰ ਤੇ ਆਖਦੈ ਕਿ ਮੈਂ ਹਿੰਦੁਸਤਾਨ ਦੀ ਪੱਗ ਟਕੇ-ਟਕੇ 'ਚ ਵੇਚਾਂਗਾ, ਗਜ਼ਨੀ ਦੇ ਬਾਜ਼ਾਰਾਂ 'ਚ ਜਾ ਕੇ। ਇਕ ਤੇ ਉਨ੍ਹਾਂ ਨੂੰ ਛੁਡਾਉਣੈ। ਵਿਉਂਤ ਬਣਾਓ, ਮੈਂ ਤੁਹਾਡੇ ਨਾਲ ਹਾਂ। ਪਰ ਤੇਰੀ ਸਰਦਾਰੀ ਦੀ ਛਤਰਛਾਇਆ ਵਿਚ। ਆਪਣੇ ਸਾਥੀ ਚੁਣ ਲੈ। ਪੱਤਣ ਗੋਇੰਦਵਾਲ ਦਾ ਲੰਘਣੈਂ ਅਬਦਾਲੀ ਨੇ। ਰਾਤ ਹਨ੍ਹੇਰੀ ਏ ਜੇ ਹੋਰ ਵੀ ਵਾਧੇ ਵਾਲੀ ਗੱਲ ਏ। ਰਾਤ ਦਾ ਲੱਕ ਟੁੱਟੇ, ਅੱਖਾਂ ਵਿਚ ਨੀਂਦ ਸਿਲਾਈਆਂ ਪਾ ਕੇ ਸੁੱਤੀ ਹੋਵੇ, ਕਿਤੇ ਖੜਾਕ ਨਾ ਹੋਵੇ, ਘੋੜਿਆਂ ਦੇ ਮੂੰਹ ਅੱਗੇ ਪੱਟੀ ਬੰਨ੍ਹ ਦਿਓ। ਓਨਾਂ ਚਿਰ ਕੁੱਕੜ ਬਾਂਗ ਨਾ ਦੇਵੇ ਜਦ ਤੱਕ ਤੁਸੀਂ ਆਪਣਾ ਕਾਰਾ ਨਾ ਕਰ ਜਾਵੋ। ਸਾਰੀ ਖਲਕਤ ਸੁੱਤੀ ਰਹੇ। ਤੁਸੀਂ ਔਰਤਾਂ ਦੀ ਹੇੜ੍ਹ, ਘੋੜਿਆਂ ਦੇ ਮਗਰ ਬਿਠਾ ਕੇ ਲੈ ਆਵੋ। ਸਿਰਫ਼ ਇਕੋ ਆਵਾਜ਼ ਸੁਣਾਈ ਦੇਵੇ, ਖ਼ਾਲਸਾ ਹਰਨ ਹੋ ਗਿਐ, ਉਹ ਗਿਆ ਖ਼ਾਲਸਾ, ਓਹ ਗਿਆ ਖ਼ਾਲਸਾ।

ਦੌਲਤ ਦੇ ਖ਼ਜ਼ਾਨਿਆਂ ਦੀ ਭਾਲ ਅਸੀਂ ਕਰਾਂਗੇ ਤੇ ਉਹਦੀ ਲੁੱਟ ਸਾਡੇ ਜ਼ੁੰਮੇ। ਭੰਗੀ ਸਰਦਾਰ, ਨਿਹੰਗ ਸੰਧਾਵਾਲੀਏ ਸਿਰਫ਼ ਘੋੜੇ ਵਿਚ ਜ਼ੋਰ ਮਾਰਨ। ਇੰਨਾ ਭਾਰ ਚੁੱਕ ਕੇ ਕਿਉਂ ਲੈ ਜਾਏ ਲੁਟੇਰਾ। ਸਾਡਾ ਮਾਲ ਏ, ਸਾਨੂੰ ਹਿੱਸਾ ਦੇ ਕੇ ਜਾਏ।

ਅੱਜ ਦਿਨ ਵੀ ਸ਼ੁਭ ਏ ਤੇ ਮਹੂਰਤ ਵੀ ਸ਼ੁਭ ਏ। ਜੱਸਾ ਸਿੰਹਾਂ, ਇਹ ਦਿਨ ਮੁੜ ਕੇ ਨਹੀਂਓ ਆਉਣਾ। ਇਹ ਧਰਮ ਦੀ ਯਾਤਰੈ। ਡੰਡੀ ਚੜ੍ਹ ਜਾ ਸਿੱਧਾ ਸਵਰਗਾਂ 'ਚ ਜਾਏਂਗਾ।

—ਜੱਸਿਆ, ਤੈਨੂੰ ਅਦੀਨਾ ਬੇਗ ਦੀ ਫ਼ੌਜ ਵਿਚ ਕਦੀ ਇੰਨਾ ਪਿਆਰ ਨਹੀਂ ਮਿਲਿਆ ਹੋਣਾ।

—ਜੱਸਾ ਸਿੰਹਾਂ ਭਰਾ ਭਰਾਵਾਂ ਦੀਆਂ ਬਾਹਵਾਂ ਹਨ।

—ਜੱਸਾ ਸਿੰਹਾਂ ਇਕ ਵੀ ਔਰਤ, ਇਕ ਵੀ ਮੁਟਿਆਰ ਭਾਵੇਂ ਕਾਲੀ ਹੋਵੇ ਤੇ ਭਾਵੇਂ ਗੋਰੀ, ਅਬਦਾਲੀ ਦੇ ਕਬਜ਼ੇ 'ਚ ਨਾ ਰਹੇ। ਤੈਨੂੰ ਜਿੰਨੇ ਦਲ ਦੇ ਬਹਾਦਰਾਂ ਦੀ ਲੋੜ ਏ, ਲੈ ਜਾ ਬੁੱਢੇ ਦਲ ਨੇ ਤੇਰੇ ਨਾਂ ਸੇਵਾ ਲਿਖੀ ਏ।

—ਸਾਰੇ ਈ ਮੇਰੇ ਨਾਲ ਹਨ ਜੱਥੇਦਾਰ ਜੀ, ਸਾਰੇ ਈ ਮੇਰੇ ਸਾਥੀ ਹਨ। ਅਸੀਂ

ਮੱਲ ਮਾਰ ਕੇ ਆਵਾਂਗੇ ਤੇ ਤਦ ਮੁਬਾਰਕਾਂ ਦੇਵਾਂਗੇ।

—ਸੁੱਖ ਨਿਧਾਨ ਦਾ ਘੋਟਾ ਲੱਗ ਰਿਹੈ। ਜ਼ਰਾ ਕੁ ਛਕ ਲੈਣ ਦਿਓ। ਜ਼ਰਾ ਕੁ ਨਸ਼ਾ ਖਿੜਨ ਦਿਓ, ਫੇਰ ਤਿਆਰੀ ਕੱਸਾਂਗੇ।

—ਗੁਰੂ ਰਾਖਾ, ਇਹ ਸਿਹਰਾ ਤੇਰੇ ਸਿਰ ਦਾ ਇੰਤਜ਼ਾਰ ਕਰ ਰਿਹੈ।

—ਪਾਨੀਪਤ ਦੇ ਮੈਦਾਨ ਵਿਚ ਮਰਹੱਟਿਆਂ ਦੀ ਸ਼ਿਕੱਸਤ ਨੇ ਲੱਕ ਤੋੜ ਕੇ ਰੱਖ ਦਿੱਤੈ। ਅਬਦਾਲੀ ਹੁਣ ਰੱਬ ਕੋਲੋਂ ਵੀ ਨਹੀਂ ਡਰਦਾ।

ਮੁਗ਼ਲ ਦਰਬਾਰ ਦੇ ਅਹਿਲਕਾਰ ਅਹਿਮਦ ਸ਼ਾਹ ਅਬਦਾਲੀ ਨੂੰ ਸਾਰੇ ਰਾਹ ਦੱਸ ਰਹੇ ਹਨ। ਆਪਣਾ ਝੁੱਗਾ ਤੇ ਉਜਾੜ ਲਿਐ ਤੇ ਦੂਜਿਆਂ ਦੇ ਘਰ ਨੂੰ ਵੀ ਤੀਲੀ ਲਾਈ ਏ। ਚੁਗ਼ਲਖੋਰਾਂ ਦੀ ਚੰਗੀ ਧੌੜੀ ਲਾਹੀ ਅਹਿਮਦ ਸ਼ਾਹ ਅਬਦਾਲੀ ਨੇ ਤੇ ਆਖਣ ਲਗਾ, ਹਰਾਮਜ਼ਾਦਿਓ ਜੇ ਤੁਸੀਂ ਆਪਣੇ ਭਰਾਵਾਂ ਦੇ ਨਹੀਂ ਬਣੇ ਤਾਂ ਮੇਰੇ ਵਫ਼ਾਦਾਰ ਕਿੱਦਾਂ ਰਹੋਗੇ। ਨਮਕ ਹਰਾਮ ਸਿਰਫ਼ ਕਤਲ ਕਰਨ ਦੇ ਕਾਬਿਲ ਹਨ।

ਦਿੱਲੀ ਵਿਚ ਮਨਮਾਨੀਆਂ ਕੀਤੀਆਂ, ਬੇ-ਹਯਾਈ ਦਾ ਨੰਗਾ ਨਾਚ ਕੀਤਾ। ਉਹਦੇ ਪੈਰ ਜ਼ਮੀਨ ਤੋਂ ਗਿੱਠ-ਗਿੱਠ ਉੱਚੇ ਸਨ। ਅਬਦਾਲੀ ਹੁਣ ਏਸ ਤਰ੍ਹਾਂ ਬੁੱਕਦੈ, ਜਿਸ ਤਰ੍ਹਾਂ ਸ਼ੇਰ ਬੇਲੇ ਵਿਚ।

ਅਬਦਾਲੀ ਆਖਦਾ ਸੀ। ਤਖ਼ਤ ਤੇ ਬੈਠ ਕੇ ਮੈਂ ਕੀ ਕਰਨੈ। ਮੈਨੂੰ ਤਖ਼ਤ ਤੇ ਬਹਿਣ ਵਾਲਾ ਕਠਪੁਤਲੀ ਹੋਣਾ ਚਾਹੀਦੈ। ਮੇਰੇ ਇਸ਼ਾਰਿਆਂ ਤੇ ਨੱਚੇ। ਮੈਂ ਇੱਥੇ ਰਹਿਣਾ ਨਹੀਂ।

ਮੈਨੂੰ ਤੇ ਲੁੱਟ ਦਾ ਮਾਲ ਚਾਹੀਦੈ। ਜਦੋਂ ਫੇਰ ਸੱਦੋਗੇ, ਆ ਜਾਵਾਂਗਾ। ਮੇਰੀ ਖੇਤੀ ਇਹੋ ਏ। ਅਸੀਂ ਤੇ ਪਹਾੜ ਦੇ ਲੋਕ ਹਾਂ। ਉੱਥੇ ਨਾ ਕਣਕ ਪੈਦਾ ਹੋਵੇ ਤੇ ਨਾ ਸਬਜ਼ੀਆਂ। ਅਸੀਂ ਤੇ ਹਮੇਸ਼ਾ ਦੇ ਭੁੱਖੇ ਹਾਂ। ਤਖ਼ਤ ਤੇ ਕੋਈ ਬੈਠੇ, ਸਾਨੂੰ ਸਾਡਾ ਲਾਗ ਦੇਵੇ।

—ਇਹ ਹਿੰਦੁਸਤਾਨ ਦੇ ਦੇਵਤੇ ਮੈਂ ਟਕੇ-ਟਕੇ ਨੂੰ ਨਿਲਾਮ ਕਰਾਂਗਾ। ਆਏ ਕੋਈ ਮਰਦ ਛੁਡਾ ਕੇ ਲੈ ਜਾਏ। ਮੈਂ ਤਲਵਾਰ ਦੇ ਜ਼ੋਰ ਨਾਲ ਲੈ ਚੱਲਿਆ ਹਾਂ ਤੁਹਾਡੀ ਦੌਲਤ, ਤੁਹਾਡੀਆਂ ਰੰਨਾਂ, ਭੈਣਾਂ, ਭਰਜਾਈਆਂ।

—ਸ਼ੈਤਾਨ ਖ਼ੁਦਾ ਤੋਂ ਡਰ, ਉਸਦੀ ਲਾਠੀ ਬੇ-ਆਵਾਜ਼ ਏ।

—ਖ਼ੁਦਾ-ਖ਼ੁਦਾ ਕੁਝ ਨਹੀਂ ਸਿਰਫ਼ ਤਲਵਾਰ ਏ ਖ਼ੁਦਾ।

ਸ਼ਾਹ ਆਲਮ ਦੂਸਰੇ ਨੂੰ ਤਖ਼ਤ ਤੇ ਬਿਠਾਇਆ ਤੇ ਫੇਰ ਮਨ ਬੇਈਮਾਨ ਹੋ ਗਿਆ। ਸਾਹਮਣੇ ਭਰਤਪੁਰੀਏ ਨੂੰ ਜਾ ਲੁੱਟਿਆ। ਝੁੱਗੇ 'ਚ ਜੋ ਕੁਝ ਮਿਲਿਆ, ਉਹੋ ਸਹੀ। ਚਲੋ, ਜਾਂਦੇ ਚੋਰ ਦੀ ਲੰਗੋਟੀ ਹੀ ਸਹੀ।

ਘੋੜੇ ਤੇ ਪਲਾਕੀ ਮਾਰੀ। ਜਦ ਗਰਮੀ ਨੇ ਇਕ ਛੜਾਕਾ ਮਾਰਿਆ ਲੂ ਦਾ ਤੇ ਸਾਰੀ ਹੈਂਕੜ ਭੁੱਲ ਗਈ। ਪਸੀਨੇ-ਪਸੀਨੇ ਹੋ ਗਏ। ਪਤਾ ਨਹੀਂ ਇਹ ਹਰਾਮਜ਼ਾਦੇ ਕਿੱਦਾਂ ਰਹਿੰਦੇ ਹਨ ਏਨੀ ਗਰਮੀ ਵਿਚ। ਸਾਡਾ ਤੇ ਗਰਮੀ ਨੇ ਲੂੰ-ਲੂੰ ਸਾੜ ਦਿੱਤੈ।

ਫ਼ੌਜੀ ਗਰਮੀ ਤੋਂ ਡਰਦੇ ਤੇ ਨਾਲੇ ਦਬੀ ਜ਼ਬਾਨ 'ਚ ਅਖਦੇ, ਅੱਲਾ ਈ ਮਾਲਕ ਏ, ਜਿਹੜਾ ਅਬਦਾਲੀ ਨੂੰ ਜਿੱਤ ਦਾ ਮੂੰਹ ਵਿਖਾਉਂਦਾ ਏ। ਵਰਨਾ ਹਿੰਦੁਸਤਾਨੀ ਫ਼ੌਜ ਦਾ ਕੋਈ ਮੁਕਾਬਲਾ ਨਹੀਂ। ਗੱਦਾਰ ਇੱਥੇ ਬਹੁਤ ਜੰਮਦੇ ਹਨ। ਗੱਦਾਰ ਆਪਣਾ ਵੀ ਬੇੜਾ ਡੋਬ ਲੈਂਦੇ ਹਨ ਤੇ ਦੂਜੇ ਦਾ ਵੀ ਨਹੀਂ ਰਹਿਣ ਦੇਂਦੇ। ਘਰ ਦੀ ਸਵਾਣੀ ਚੇਤੇ ਆਉਂਦੀ ਏ। ਵਤਨ ਦੀ ਹਮਦਰਦੀ, ਵਤਨ ਦਾ ਪਿਆਰ ਪ੍ਰਦੇਸ ਵਿਚ, ਪਰ ਕੀ ਕਰੀਏ ਨੌਕਰ ਕੀ ਤੇ ਨਖ਼ਰਾ ਕੀ।

ਪੇਸ਼ ਖ਼ੇਮੇ ਪਹਿਲਾਂ ਤੋਰ ਦਿੱਤੇ। ਲਸ਼ਕਰ ਕੂਚ ਕਰ ਚੁਕਾ ਸੀ। ਸਿਰਫ਼ ਅਹਿਮਦ ਸ਼ਾਹ ਅਬਦਾਲੀ ਦੀ ਖ਼ਾਸ ਫ਼ੌਜ ਉਹਦੇ ਨਾਲ ਸੀ।

ਗੋਇੰਦਵਾਲ ਦਾ ਪੱਤਣ ਤੇ ਅਹਿਮਦ ਸ਼ਾਹ ਅਬਦਾਲੀ ਦੇ ਝੂਲਦੇ ਝੰਡੇ। ਘੋੜਿਆਂ ਦੇ ਫੂੰਕਾਰੇ। ਧਰਤੀ ਵੀ ਡੋਲੇ ਤੇ ਅਸਮਾਨ ਵੀ ਹਿੱਲੇ। ਰਾਤ ਹਨ੍ਹੇਰੀ ਤੇ ਦਲ ਦਾ ਅਹਿਮਦ ਸ਼ਾਹ ਅਬਦਾਲੀ ਤੇ ਹਮਲਾ।

ਥੱਕੀ ਟੁੱਟੀ ਫ਼ੌਜ ਦੀਆਂ ਅੱਖਾਂ ਵਿਚ ਨੀਂਦ ਦੀ ਖ਼ੁਮਾਰੀ ਸੀ। ਸੌਂ ਗਏ ਫ਼ੌਜ ਵਾਲੇ। ਕੁਝ ਕੁਝ ਬੰਦੇ ਜਾਗਦੇ ਸਨ।

ਅੱਧੀ ਰਾਤ। ਹਨ੍ਹੇਰਾ ਘੁੱਪ। ਦਲ ਦੀ ਵਿਓਂਤ ਦਾ ਪਰਦਾਫਾਸ਼ ਹੋ ਗਿਆ। ਅਹਿਮਦ ਸ਼ਾਹ ਅਬਦਾਲੀ ਨੇ ਆਪਣਾ ਰਸਤਾ ਬਦਲ ਲਿਆ। ਅੰਬਾਲੇ ਤੋਂ ਸਰਹੰਦ ਵੱਲ ਆਇਆ। ਜੈਨ ਖ਼ਾਂ ਨੂੰ ਫ਼ੌਜਦਾਰ ਬਣਾ ਦਿੱਤਾ ਅਤੇ ਬਾਬੇ ਆਲਾ ਸਿੰਘ ਨੂੰ ਉਹਦਾ ਜਿੱਥੇ-ਜਿੱਥੇ ਕਬਜ਼ਾ ਸੀ ਜਾਂ ਸਰਦਾਰੀ ਚਲਦੀ ਸੀ, ਓਸ ਇਲਾਕੇ ਦਾ ਹਾਕਮ ਪ੍ਰਵਾਨ ਕਰ ਲਿਆ। ਕੁਝ ਯਾਰ ਬਣਾ ਲਏ ਤੇ ਕੁਝ ਵੈਰੀ।

ਸਿੰਘਾਂ ਨੇ ਵੀ ਦਲ ਦਾ ਰੁਖ਼ ਬਦਲਿਆ ਤੇ ਸਰਹੰਦ ਵੱਲ ਮੂੰਹ ਕਰ ਲਿਆ। ਟੱਕਰ ਕਿੱਥੇ ਹੁੰਦੀ ਏ ਗੁਰੂ ਜਾਣੇ। ਅੱਗੇ-ਅੱਗੇ ਅਹਿਮਦ ਸ਼ਾਹ ਅਬਦਾਲੀ ਤੇ ਪਿੱਛੇ-ਪਿੱਛੇ ਬੁੱਢਾ ਦਲ।

42

ਬੰਦੀ ਛੋੜ

ਡਾਰ ਰੰਨਾਂ ਦੀ ਤੇ ਰਾਖੇ ਮੁਸ਼ਟੰਡੇ। ਇੱਜ਼ਤ ਹਿੰਦੁਸਤਾਨ ਦੀ ਤੇ ਮੁਹਾਫ਼ਜ਼ ਅਫ਼ਗਾਨ। ਲੁੱਚੇ ਸਾਰੇ ਜਹਾਨ ਦੇ। ਮਰਦਾਂ ਦੇ ਹੱਥ ਅਜੇ ਅਬਦਾਲੀ ਨੇ ਵੇਖੇ ਨਹੀਂ ਸਨ। ਅਬਦਾਲੀ ਦੀ ਨੀਯਤ ਫੇਰ ਬਦਲ ਗਈ ਤੇ ਓਸ ਗੋਇੰਦਵਾਲ ਦੇ ਪੱਤਣ ਤੋਂ ਲੰਘਣ ਦਾ ਫ਼ੈਸਲਾ ਕਰ ਲਿਆ। ਉਹ ਝਕਾਨੀਆਂ ਦੇ ਰਿਹਾ ਸੀ ਪਰ ਬੁੱਢੇ ਦਲ ਵਾਲੇ ਵੀ ਉਹਦੇ ਮਗਰ ਚੜ੍ਹੇ ਹੋਏ ਸਨ। ਉਹਨਾਂ ਵੀ ਸੂਹ ਰੱਖੀ ਸੀ। ਚੱਲ ਬੱਚੂ ਕਿੱਧਰ ਚੱਲਨੈਂ। ਅੱਜ ਤੇਰੇ ਨਾਲ ਦੋ ਹੱਥ ਕਰਕੇ ਵੇਖਣੇ ਹਨ।

ਗੋਇੰਦਵਾਲ ਦਾ ਪੱਤਣ ਸਾਰਿਆਂ ਲਈ ਖੁਲ੍ਹੈ। ਕੋਈ ਚੋਰ ਏ ਜਾਂ ਸਾਧ ਏ, ਪੱਤਣ ਨੂੰ ਕੀ। ਬਿਆਸਾ ਵੱਗ ਰਹੀ। ਜ਼ਰਾ ਕੁ ਦੁਖੀ ਹੁੰਦੀ। ਉਹਦੇ ਮਾਲਾ ਦੇ ਮਣਕਿਆਂ ਵਿਚ ਵਿਘਨ ਪੈਂਦਾ। ਸਮਾਧੀ ਵਿਚ ਜ਼ਰਾ ਕੁ ਠਹਿਰਾਅ ਜਿਹਾ ਆਉਂਦਾ। ਪਰ ਉਹ ਫੇਰ ਵੀ ਵਗ ਰਹੀ ਸੀ। ਅਹਿਮਦ ਸ਼ਾਹ ਅਬਦਾਲੀ ਦਾ ਲਸ਼ਕਰ ਬੜੇ ਜਾਹੋ-ਜਲਾਲ, ਸ਼ਾਨੋ-ਸ਼ੌਕਤ, ਧੌਂਸੇ ਵਜਾਉਂਦਾ, ਨੌਬਤਾਂ ਦੀ ਆਵਾਜ਼ ਕਦੀ ਮੱਧਮ ਹੋ ਜਾਂਦੀ ਤੇ ਕਦੀ ਬੱਦਲਾਂ ਵਾਂਗੂੰ ਗੂੰਜਦੀ। ਏਸ ਲਈ ਉਹਨਾਂ ਢੋਲ ਤੋਂ ਕੰਮ ਲਿਆ। ਨਗਾਰੇ ਵੱਜਦੇ ਲੋਕ ਸਹਿਮੇ ਹੋਏ ਸਨ। ਅਹਿਮਦ ਸ਼ਾਹ ਅਬਦਾਲੀ ਫ਼ਤਹਿ ਦੇ ਨਸ਼ੇ ਵਿਚ ਮਗਰੂਰ ਸੀ। ਉਹ ਆਖਦਾ ਸੀ ਏਡੀ ਵੱਡੀ ਹਾਰ ਤੋਂ ਬਾਅਦ ਕੋਈ ਮਾਈ ਕਾ ਲਾਲ ਮੇਰੀ ਫ਼ੌਜ ਦਾ ਪਰਛਾਵਾਂ ਵੀ ਨਹੀਂਓ ਲੰਘ ਸਕਦਾ। ਪਰ ਉਹਨੂੰ ਓਦੋਂ ਪਤਾ ਲੱਗਾ ਜਦ ਖ਼ਾਲਸਾ ਦਲ ਨੇ ਉਹਦੀ

ਫ਼ੌਜ ਦਾ ਇਕ ਹਿੱਸਾ ਏਸ ਜਹਾਨ ਤੋਂ ਚੁੱਕ ਦਿੱਤਾ। ਬਹੁਤ ਬੰਦੇ ਮਰੇ, ਹਜ਼ਾਰਾਂ ਘੋੜੇ ਵਿਹਲੇ ਹੋਏ। ਘੋੜੇ ਜਿੱਧਰ ਬੂਥੀ ਚੁੱਕਦੇ, ਨੱਸ ਉਠਦੇ। ਸਿੰਘਾਂ ਦਾ ਚੰਗਾ ਦਾਅ ਲੱਗਾ। ਘੋੜਾ ਈ ਸਿਪਾਹੀ ਦੀ ਜਾਇਦਾਦ ਏ। ਏਸ ਤੋਂ ਸੋਹਣਾ ਮੌਕਾ ਖ਼ਾਲਸੇ ਨੂੰ ਕਦੀ ਹਯਾਤੀ ਵਿਚ ਵੀ ਨਹੀਂ ਸੀ ਨਸੀਬ ਹੋ ਸਕਦਾ। ਯੋਧਿਆਂ ਨੇ ਘੋੜੇ ਘੇਰੇ ਤੇ ਪਲਾਕੀਆਂ ਮਾਰੀਆਂ। ਹਵਾ ਨਾਲ ਗੱਲਾਂ ਕਰਦੇ ਕਦੀ ਏਧਰ ਨੂੰ ਜਾਂਦੇ ਤੇ ਕਦੀ ਓਧਰ ਨੂੰ। ਉਹਨਾਂ ਆਪਣੇ ਟੱਟੂ ਛੱਡ ਦਿੱਤੇ ਸਨ। ਗੱਲ ਕੀ, ਘੋੜਿਆਂ ਨਾਲ ਦਲ ਦੇ ਸੂਰਮੇ ਸਜ ਗਏ ਸਨ। ਇਕ ਕਮੀ ਪੂਰੀ ਹੋਈ। ਗੋਇੰਦਵਾਲ ਦਾ ਪੱਤਣ ਲਹੂ-ਲੁਹਾਨ ਹੋ ਗਿਆ। ਹਾਏ ਮਰ ਗਏ ਪਾਣੀ ਯਾ ਅੱਲਾ ਰਹਿਮ। ਇਨ੍ਹਾਂ ਬੁਰਛਿਆਂ ਤੋਂ ਬਚਾਓ।

ਅਹਿਮਦ ਸ਼ਾਹ ਅਬਦਾਲੀ ਦੇ ਗੁੱਸੇ ਦੀ ਕੋਈ ਹੱਦ ਨਹੀਂ ਸੀ। ਸਜ਼ਾ ਦਿਓ, ਕਤਲ ਕਰੋ ਇਹਨਾਂ ਕਾਫ਼ਰਾਂ ਨੂੰ। ਇਹ ਧਰਤੀ ਤੇ ਭਾਰ ਨੇ।

ਸ਼ਾਹੀ ਫ਼ੌਜਾਂ ਬੇੜੀਆਂ ਦੇ ਰਸਤੇ ਦਰਿਆ ਪਾਰ ਕਰ ਰਹੀਆਂ ਸਨ ਤੇ ਕਈਆਂ ਘੋੜੇ ਵਗਦੇ ਦਰਿਆ ਵਿਚ ਹੀ ਠੇਲ੍ਹ ਦਿੱਤੇ। ਕਈਆਂ ਗੋਤੇ ਖਾਧੇ, ਡੁੱਬੇ ਵੀ। ਕਈ ਪਾਰ ਲੰਘ ਗਏ।

ਦਲ ਝੱਲਾਂ ਵਿਚ ਲੁਕਿਆ ਹੋਇਆ ਸੀ। ਦਲ ਨਿਕਲਦਾ, ਬੁਥਾੜ ਸੇਕਦਾ ਤੇ ਫੇਰ ਝੱਲ ਵਿਚ ਜਾ ਲੁਕਦਾ। ਕਾਹੀ ਕਾਨਿਆਂ ਦੀ ਬੜੀ ਭਰਮਾਰ ਸੀ। ਦਲ ਦੀ ਇਕ ਟੁਕੜੀ ਹਮਲਾ ਕਰਦੀ ਤੇ ਅੱਗੇ ਨਿਕਲ ਜਾਂਦੀ। ਖੁੰਬਾਂ ਵਾਂਗੂੰ ਦੂਜੀ ਟੁਕੜੀ ਨਿਕਲਦੀ ਫਨੀਅਰ ਸੱਪਾਂ ਵਾਂਗੂੰ, ਹਮਲਾ ਕੀਤਾ ਤੇ ਹਰਨ ਹੋ ਗਏ। ਇਸਤਰੀਆਂ ਦੀਆਂ ਭਰੀਆਂ ਬੇੜੀਆਂ ਬਿਆਸਾ ਵਿਚ ਤਰਦੀਆਂ ਜਾਂਦੀਆਂ। ਮਲਾਹ ਇਮਾਨਦਾਰ ਸਨ। ਉਹ ਪਿਆਰ ਨਾਲ ਹੌਲੀ-ਹੌਲੀ ਬੇੜੀਆਂ ਨੂੰ ਤੋਰਦੇ। ਜਦ ਸਾਹਮਣੇ ਬੁੱਢਾ ਦਲ ਦੀ ਕੋਈ ਟੁਕੜੀ ਨਜ਼ਰ ਆਉਂਦੀ ਤਾਂ ਫੇਰ ਬੇੜੀ ਨੂੰ ਬੰਨੇ ਲਾਉਂਦੇ।

ਗੁਰੂ ਰਕਸ਼ਾ ਕਰੇ, ਫਰਿਆਦ ਸੁਣੀ ਤਾਂ ਗਈ ਪਰ ਫਰਿਆਦਾ ਬੇ-ਆਵਾਜ਼ ਸੀ। ਬੁੱਢੇ ਦਲ ਦਾ ਦੂਜਾ ਦਸਤਾ ਤੇ ਤਰਨਾ ਦਲ ਵਾਲੇ ਵੀ ਆਣ ਰਲੇ। ਸਿਰ ਕੱਢਿਆ। ਉਹਨਾਂ ਦਾ ਕੰਮ ਸੀ ਸਿਰਫ਼ ਦੌਲਤ ਦੇ ਭੰਡਾਰਾਂ ਦੀ ਭਾਲ ਕਰਨੀ ਤੇ ਲੁੱਟ ਕੇ ਹਰਨ ਹੋ ਜਾਣਾ। ਹੋਰ ਕਿਧਰੇ ਵੀ ਨਹੀਂ ਵੇਖਣਾ। ਇਹ ਟੁਕੜੀ ਕੁਝ ਜ਼ਿਆਦਾ ਈ ਖ਼ਤਰਨਾਕ ਸੀ। ਇਹ ਸਿਰਫ਼ ਕਤਲ ਕਰਦੇ। ਲਹੂ ਨਾਲ ਖੇਡਦੇ। ਸਿਰਾਂ ਦੇ ਸੌਦੇ ਹੁੰਦੇ। ਤਲਵਾਰਾਂ ਦੀ ਧਾਰ ਪਰਖੀ ਜਾਂਦੀ। ਲਹੂ ਦਾ ਭਾਅ ਪੁਛਦਾ ਦਲ ਦਾ ਗੱਭਰੂ। ਅਬਦਾਲੀ ਬਹਾਦਰ ਸੀ ਪਰ ਦਿੱਲੀ ਵਿਚ, ਪੰਜਾਬ ਵਿਚ ਨਹੀਂ ਸੀ।

ਇਕ ਦਸਤਾ ਹੋਰ ਆ ਗਿਆ। ਇਹ ਲਸ਼ਕਰ ਵੇਖ-ਵੇਖ ਕੇ ਉਹਦੇ ਇਸ ਹਿੱਸੇ ਤੇ ਹਮਲਾ ਕਰਦਾ। ਉਹਨਾਂ ਦਾ ਕੰਮ ਸੀ ਘੋੜੇ ਫੜਨੇ, ਨਠਾ ਕੇ ਲੈ ਜਾਣੇ।

ਅਹਿਮਦ ਸ਼ਾਹ ਅਬਦਾਲੀ ਨੇ ਸੋਚਿਆ, ਇਹਨਾਂ ਦਾ ਕੋਈ ਅਸੂਲ ਨਹੀਂ, ਕੋਈ ਤਰਤੀਬ ਨਹੀਂ। ਇਹ ਸਿਰਫ਼ ਇਕੋ ਗੱਲ ਜਾਣਦੇ ਹਨ, ਹਮਲਾ ਕਰੋ, ਮਾਰੋ, ਮਰੋ ਤੇ ਹਰਨ ਹੋ ਜਾਵੋ। ਇਹਨਾਂ ਦਾ ਮੁਕਾਬਲਾ ਅਸੀਂ ਨਹੀਂ ਕਰ ਸਕਦੇ।

ਘੋੜੇ, ਦੌਲਤ ਤੇ ਮੁਟਿਆਰਾਂ ਨੂੰ ਸੰਭਾਲ ਸਕਦੇ ਓ ਤਾਂ ਸੰਭਾਲੋ। ਨਹੀਂ ਤੇ ਲੈ ਜਾਣ ਦਿਓ।

ਰਾਤ ਹਨ੍ਹੇਰੀ ਸੀ। ਜਿਹੜੀਆਂ ਹੱਥ ਲਾਇਆ ਮੈਲੀਆਂ ਹੁੰਦੀਆਂ ਸਨ, ਦਲ ਨੇ ਇਕ ਤੰਬੂ ਵਿਚ ਲਿਆ ਡੱਕੀਆਂ। ਜਦ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਹੋਸ਼

ਵਿਚ ਆਈਆਂ। ਉਹਨਾਂ ਸਾਹਮਣੇ ਦਰਿਆ ਸੀ, ਰੇਤ ਸੀ, ਝੱਲ ਸੀ, ਕਾਨੇ ਸਨ, ਸਰਕੜਾ ਸੀ। ਨਾ ਕੋਈ ਬੰਦਾ ਸੀ ਤੇ ਨਾ ਬੰਦੇ ਦੀ ਜ਼ਾਤ। ਦਲ ਆਇਆ ਤੇ ਦਲ ਹਰਨ ਹੋ ਗਿਆ। ਪਰ ਸਾਰੀਆਂ ਜ਼ਨਾਨੀਆਂ ਦਲ ਵਾਲਿਆਂ ਖੋਹ ਲਈਆਂ ਸਨ। ਘੋੜੇ ਵੀ ਖੋਹੇ, ਦੌਲਤ ਵੀ ਲੁੱਟੀ, ਜੀਅ ਭਰ ਗਿਆ ਸੀ ਦਲ ਦਾ। ਚਲੋ ਬਲਾਅ ਟਲੀ। ਅਹਿਮਦ ਸ਼ਾਹ ਅਬਦਾਲੀ ਨੇ ਆਖਿਆ।

ਬਲਾਅ ਟਲੀ ਨਹੀਂ ਸਗੋਂ ਬਲਾਅ ਆ ਗਈ। ਦਲ ਵਾਲੇ ਸਿੰਘਾਂ ਦਾ ਤਰੀਕਾ ਈ ਕੁਝ ਵੱਖਰੈ। ਦਲ ਅਜੇ ਇਨ੍ਹਾਂ ਕਾਨਿਆਂ, ਕਾਈਆਂ, ਝੂਿਝਿਆਂ ਵਿਚ ਈ ਲੁਕਿਆ ਬੈਠੈ। ਇਹ ਬਹੁਤ ਜਲਦੀ ਹਮਲਾ ਕਰੇਗਾ। ਯਕਦਮ ਅਕਾਲ-ਅਕਾਲ ਦੇ ਜੈਕਾਰੇ ਗੂੰਜਣਗੇ।

ਇਕ ਦਸਤਾ ਬੂਝਿਆਂ ਵਿਚੋਂ ਨਿਕਲਿਆ। ਦਰਸ਼ਨ ਹੋਏ ਅਬਦਾਲੀ ਨੂੰ ਬੁੱਢੇ ਦਲ ਦੇ। ਓਸ ਅਬਦਾਲੀ ਦੇ ਹਿਫ਼ਾਜ਼ਤੀ ਦਸਤੇ ਤੇ ਹਮਲਾ ਕੀਤਾ ਤੇ ਦਰ੍ਹਮ-ਬਰ੍ਹਮ ਕਰ ਦਿੱਤਾ। ਲਹੂ ਦੀਆਂ ਛੱਪੜੀਆਂ ਲੱਗ ਗਈਆਂ। ਏਸ ਦਸਤੇ ਵਿਚ ਜੱਸਾ ਸਿੰਘ ਆਹਲੂਵਾਲੀਆ ਵੀ ਸੀ ਅਤੇ ਜੱਸਾ ਸਿੰਘ ਰਾਮਗੜ੍ਹੀਆ ਵੀ। ਦੋਵਾਂ ਨੇ ਭੇਸ ਵਟਾਏ ਹੋਏ ਸਨ।

ਨੱਸ ਗਿਆ ਅਹਿਮਦ ਸ਼ਾਹ ਅਬਦਾਲੀ। ਕਿਸੇ ਦੀ ਨਜ਼ਰੀਂ ਨਾ ਪਿਆ। ਦੂਰ ਹੀ ਦੂਰ ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ ਨੱਸੀ ਜਾ ਰਹੀ ਸੀ। ਫ਼ੌਜ ਵਿਚੋਂ ਆਵਾਜ਼ਾਂ ਆ ਰਹੀਆਂ ਸਨ, ਸ਼ਾਹਕੁਜ਼-ਸ਼ਾਹਕੁਜ਼।

ਦਲ ਵਾਲੇ ਸਭ ਤੋਂ ਪਹਿਲਾਂ ਮੁਟਿਆਰਾਂ ਨੂੰ ਆਪਣੇ ਟਿਕਾਣੇ ਤੇ ਲੈ ਗਏ। ਦੌਲਤ ਦੇ ਸੰਦੂਕ ਪਹਿਲੇ ਦਸਤੇ ਨੇ ਈ ਠਿਕਾਣੇ ਲਾ ਦਿੱਤੇ ਸਨ। ਘੋੜਿਆਂ ਦੀ ਗੱਲ ਇਹ ਸੀ ਕਿ ਉਹ ਬੁੱਢੇ ਦਲ ਨੇ ਕਾਬੂ ਕਰ ਲਏ। ਗੱਭਰੂ ਘੋੜਿਆਂ ਤੇ ਬੈਠੇ ਹੋਏ ਸਨ ਤੇ ਆਪਣੇ ਟੱਟੂ ਛੱਡ ਦਿੱਤੇ ਸਨ। ਹਿੱਕ ਕੇ ਲਈ ਜਾ ਰਹੇ ਸਨ ਨਿਹੰਗ। ਇਕ ਦਸਤਾ ਉਹਦੀ ਹਿਫ਼ਾਜ਼ਤ ਤੇ ਸੀ।

ਦੌਲਤ ਦਾ ਲਾਲਚ ਹੈ ਈ। ਉਹਦੀ ਸੰਭਾਲ ਬਹੁਤ ਜ਼ਰੂਰੀ ਸੀ ਪਰ ਮੁਟਿਆਰਾਂ ਦੀ ਹਿਫ਼ਾਜ਼ਤ ਬਹੁਤ ਜ਼ਰੂਰੀ ਸੀ। ਇਹ ਪੱਗ ਸੀ ਹਿੰਦੁਸਤਾਨ ਦੀ। ਅਣਖ ਸੀ ਪੰਥ ਦੀ। ਜੱਸਾ ਸਿੰਘ ਨੇ ਹੁਕਮ ਦਿੱਤਾ, ਇਕ ਵਾਰ ਫੇਰ ਲੁੱਟੋ। ਹੁਣ ਦੌਲਤ ਦੇ ਬੋਥੇ ਸੰਭਾਲੋ। ਅਬਦਾਲੀ ਦਿਲ ਹਾਰ ਗਿਐ। ਫ਼ੌਜ ਬੇਕਾਬੂ ਹੋ ਗਈ ਏ। ਜਿੰਨਾ ਨੁਕਸਾਨ ਹੋ ਸਕਦੈ, ਅਬਦਾਲੀ ਦੀ ਫ਼ੌਜ ਦਾ ਕਰੋ। ਸਾਮਾਨ ਛੱਡ ਕੇ ਨੱਸ ਜਾਏਗਾ, ਮਗਰ ਨਹੀਂ ਜਾਣਾ।

ਜੱਸਾ ਸਿੰਘ ਆਹਲੂਵਾਲੀਏ ਨੇ ਅਜੇ ਐਲਾਨ ਈ ਕੀਤਾ ਸੀ। ਜੰਗ ਵਿਚ ਫ਼ਤਿਹ ਦੇ ਸੰਖ, ਨਰਸਿੰਘੇ ਵੱਜ ਗਏ। ਬੜੀ ਕੜਿੱਕੀ ਵਿਚ ਫਸਿਆ ਸੀ, ਨੱਸ ਉੱਠਿਆ। ਜੋ ਕੁਝ ਮਿਲਦਾ ਏ, ਲੈ ਕੇ ਨੱਸ ਚੱਲੋ। ਜੋ ਕੁਝ ਲੁੱਟਿਆ ਏ, ਉਹ ਇਹਨਾਂ ਦੇ ਹਿੱਸੇ ਦਾ ਸੀ। ਅਹਿਮਦ ਸ਼ਾਹ ਅਬਦਾਲੀ ਨੇ ਆਖਿਆ।

ਨੱਸ ਗਿਆ, ਨੱਸ ਗਿਆ ਅਬਦਾਲੀ।

ਇਹ ਸਾਰੀ ਕਹਾਣੀ ਹਰਿਮੰਦਰ ਸਾਹਿਬ ਤੋਂ ਚੱਲੀ ਸੀ। ਮੈਂ ਤੇ ਮੇਰੇ ਚਾਰ ਸਾਥੀ ਅਸਾਂ ਪ੍ਰਤਿੱਗਿਆ ਕੀਤੀ ਸੀ ਕਿ ਅਸਾਂ ਏਸ ਵਾਰੀ ਅਹਿਮਦ ਸ਼ਾਹ ਅਬਦਾਲੀ ਨਾਲ ਦਸਤ ਪੰਜਾ ਜ਼ਰੂਰ ਮਿਲਾਉਣਾ ਏ ਤੇ ਉਹਦੇ ਕੈਂਪ ਵਿਚ ਜਾ ਕੇ ਮੁਲਾਕਾਤ ਕਰਨੀ ਏ। ਵੇਖ ਲਵਾਂਗੇ ਉਹਦੀਆਂ ਤਲਵਾਰਾਂ। ਨਿਹੰਗ ਪਾਤਸ਼ਾਹ ਜੱਸਾ ਸਿੰਘ ਦੇ ਨਾਲ ਸਨ।

ਏਸ ਵਾਰੀ ਅੱਗੋਂ ਵਧੇ ਰੋਕੇ ਗਏ। ਅਬਦਾਲੀ ਭੱਜ ਗਿਆ।

ਅਰਦਾਸਾ ਕੀਤਾ। ਤਲਵਾਰ ਗਾਤਰੇ ਵਿਚੋਂ ਕੱਢੀ ਤੇ ਗੁਰ ਚਰਨਾਂ 'ਚ ਰੱਖ ਦਿੱਤੀ। ਆਖਣ ਲੱਗਾ ਜੱਸਾ ਸਿੰਘ, ਹੇ ਦਾਤਾ, ਤੇਰੇ ਨਾਮ ਦਾ ਆਸਰਾ ਲੈ ਕੇ ਤਲਵਾਰ ਨੂੰ ਬੋਸਾ ਦਿੱਤੈ ਤੇ ਇਕੋ ਮੰਗ ਮੰਗੀ ਏ ਕਿ ਅਸੀ ਬਾਈ ਹਜ਼ਾਰ ਕੁੜੀਆਂ ਦਾ ਜੱਥਾ ਛੁਡਾ ਕੇ ਲਿਆਵਾਂਗੇ।

ਜਦ ਤੱਕ ਉਹ ਛੁਡਾ ਨਹੀਂ ਲੈਂਦੇ ਮੂੰਹ ਵਿਚ ਅੰਨ ਦਾ ਭੋਰਾ ਨਹੀਂ ਪਾਵਾਂਗੇ। ਗੁਰੂ ਦੇ ਸਦਕੇ ਕਾਰਜ ਫ਼ਤਿਹ ਹੋ ਗਿਐ।

ਮੈਂ ਭੇਸ ਵਟਾ ਕੇ ਦਲ ਵਿਚ ਰਲਿਆ ਸਾਂ ਪਰ ਅਹਿਮਦ ਸ਼ਾਹ ਅਬਦਾਲੀ ਦੀ ਬੂਥੀ ਨਜ਼ਰ ਨਾ ਆਈ। ਬਥੇਰੇ ਹੱਥ ਪੈਰ ਮਾਰੇ, ਪਰਾਇਆ ਘਰ ਸੀ, ਕੁਝ ਨਾ ਲੱਭਾ।

ਚਲੋ ਫੇਰ ਕਦੀ ਸਹੀ। ਮੇਰੀ ਚੁੱਕੀ ਤਲਵਾਰ ਦੀ ਲਾਜ ਰੱਖ ਲਈ ਏ ਸਤਿਗੁਰ।

ਦੇਗ਼-ਤੇਗ਼ ਫ਼ਤਿਹ।

ਓਸੇ ਦਿਨ ਤੋਂ ਪੰਥ ਨੇ ਉਹਨੂੰ ਬੰਦੀ ਛੋੜ ਦਾ ਮਰਤਬਾ ਦੇ ਦਿੱਤਾ।

43

ਜਜ਼ਬਾਤ

ਚਹਾਰ ਮਹਾਲ ਫ਼ੌਜੀ ਰੁਸਤਮ ਖਾਂ ਤੋਂ ਉਹਦੀ ਨੰਬਰਦਾਰੀ ਖੋਹ ਲਈ। ਅਹਿਮਦ ਸ਼ਾਹ ਅਬਦਾਲੀ ਜਦੋਂ ਗੜਬੜ ਹੋਵੇ, ਜਦੋਂ ਦੂਜਾ ਧੜਾ ਸਿਰ ਕੱਢ ਲਏ ਉਦੋਂ ਹਾਕਮਾਂ ਨੂੰ ਬਦਲ ਦੇਣਾ ਚਾਹੀਦੈ। ਇਹੋ ਅਕਲਮੰਦੀ ਏ। ਬਗ਼ਾਵਤ ਉਭਰ ਰਹੀ ਹੋਵੇ ਤਾਂ ਏਸੇ ਤਰ੍ਹਾਂ ਠੱਲ੍ਹ ਪੈਂਦੀ ਹੈ।

ਓਸ ਥਾਂ ਤੇ ਖ਼ਵਾਜ਼ਾ ਮਿਰਜ਼ਾ ਹਾਕਮ ਮੁਕੱਰਰ ਹੋਇਆ। ਕਲਗੀ ਵਾਲੀ ਪੱਗ ਰੁਸਤਮ ਖਾਂ ਦੇ ਸਿਰ ਤੋਂ ਲਾਹੀ ਤੇ ਖਵਾਜ਼ਾ ਮਿਰਜ਼ਾ ਖਾਂ ਦੇ ਸਿਰ ਤੇ ਰੱਖ ਦਿੱਤੀ।

ਏਨੇ ਨਾਲ ਅਹਿਮਦ ਸ਼ਾਹ ਅਬਦਾਲੀ ਦਾ ਦਿਲ ਨਾ ਭਰਿਆ। ਉਹਨੂੰ ਲਾਹੌਰ ਵਿਚ ਵੀ ਕਮਜ਼ੋਰੀ ਨਜ਼ਰ ਆਈ। ਓਸ ਸਰਬਲੰਦ ਖਾਂ ਦੀ ਥਾਂ ਖਵਾਜ਼ਾ ਉਬੈਦ ਖਾਂ ਨੂੰ ਲਾਹੌਰ ਦੀ ਸੂਬੇਦਾਰੀ ਦੇ ਦਿੱਤੀ ਤੇ ਘਮੰਡ ਚੰਦ ਕਟੋਚੀਏ ਨੂੰ ਜਲੰਧਰ ਦੀ ਫ਼ੌਜ ਦਾ ਨਾਇਬ ਨੀਅਤ ਕਰਕੇ ਆਪਣੇ ਦਿਲ ਦਾ ਗੁਬਾਰ ਕੱਢ ਲਿਆ। ਅਹਿਮਦ ਸ਼ਾਹ ਅਬਦਾਲੀ ਮਿੱਧੇ ਹੋਏ ਦਿਲ ਨਾਲ ਅਫ਼ਗਾਨਿਸਤਾਨ ਨੂੰ ਮੁੜਨਾ ਚਾਹੁੰਦਾ ਸੀ।

ਇਹ ਨਿਹੰਗ ਬਹੁਤ ਜ਼ਾਲਮ ਹਨ, ਬਹਾਦਰ ਵੀ ਹਨ, ਦਲੇਰ ਵੀ ਹਨ। ਦਲ ਦੀ ਰੀੜ੍ਹ ਦੀ ਹੱਡੀ ਆਖ ਲਵੋ, ਇਹਦੇ ਵਿਚ ਕੋਈ ਝੂਠ ਨਹੀਂ।

ਅਹਿਮਦ ਸ਼ਾਹ ਅਬਦਾਲੀ ਨੇ ਘੋੜੇ ਤੇ ਪਲਾਕੀ ਮਾਰੀ। ਅਜੇ ਲਗਾਮ ਨੂੰ ਝੁਣਕਾ ਦੇਣ ਹੀ ਲੱਗਾ ਸੀ ਕਿ:

''ਹੁਣ ਕਦ ਆਉਣੈ, ਕਿਸ ਦਿਨ ਦੀ ਉਡੀਕ ਕੀਤੀ ਜਾਏ ? ਕਿਸ਼ਮਿਸ਼-ਖਰਮਾਨੀ, ਅਖ਼ਰੋਟ, ਬਾਦਾਮ ਲੈ ਕੇ ਆਉਣਾ। ਅਸਾਂ ਅਜੇ ਤੱਕ ਸਵਾਦ ਨਹੀਂ ਵੇਖਿਆ। ਸਿਰਫ਼

ਗੱਲਾਂ ਈ ਸੁਣੀਆਂ ਨੇ। ਇਕ ਨਿਹੰਗ ਨੇ ਜ਼ੋਰ ਨਾਲ ਆਖਿਆ। ਜਿਹੜਾ ਭੇਸ ਵਟਾ ਕੇ ਕੋਲ ਖੜ੍ਹਾ ਸੀ।

—ਫੜ ਲਵੋ, ਤੁਹਾਡੀ ਟੁੱਕੜੀ ਵਿਚ ਖੜ੍ਹੈ ਕੱਲਾ ਜਵਾਨ।

—ਅਜੇ ਕਿਸੇ ਦੀ ਮਾਂ ਨੇ ਪੁੱਤ ਨਹੀਂ ਜੰਮਿਆ ਕਿ ਘੋੜੇ ਚੜ੍ਹੇ ਨਿਹੰਗ ਨੂੰ ਫੜ ਲਵੇ। ਯਾਰ ਜੇ ਤੁਸੀਂ ਸਾਹਮਣੇ ਆ ਜਾਓ, ਬੜੀ ਰੀਝ ਏ ਦੀਦਾਰ ਕਰਨ ਦੀ। ਜ਼ਰਾ ਕੁ ਤਲਵਾਰ ਦੀ ਵੀ ਉੱਲੀ ਲੱਥ ਜਾਊ।

—ਇੰਨੀ ਜੁਰਅਤ ! ਮੇਰੇ ਈ ਕੈਂਪ ਦੇ ਸਾਹਮਣੇ ਮੈਨੂੰ ਈ ਲਲਕਾਰਿਆ ਜਾਵੇ। ਧੰਨ ਹਨ ਇਹ ਨਿਹੰਗ।

—ਸ਼ਾਹ ਤੂੰ ਕਿਸਮਤ ਦਾ ਸਿਕੰਦਰ ਏਂ। ਹਰ ਵਾਰੀ ਬੱਚ ਜਾਂਦਾ ਰਿਹੈਂ। ਤੇਰੀ ਉਮਰ ਬਹੁਤ ਦਰਾਜ਼ ਏ। ਵੇਖੀਂ ਅੱਗੇ ਨਾ ਵਧੀਂ, ਨਿਹੰਗ ਪਾਤਸ਼ਾਹ ਘੋੜੇ ਤੇ ਚੜ੍ਹਿਆ ਹੋਇਐ। ਅੱਛਾ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।

ਤਲਵਾਰਾਂ ਉਠੀਆਂ ਪਰ ਤਲਵਾਰਾਂ ਦੀ ਛਤਰ ਛਾਇਆ ਵਿਚੋਂ ਨਿਕਲ ਗਿਆ ਨਿਹੰਗ ਪਾਤਸ਼ਾਹ।

—ਧੰਨ ਹਨ ਨਿਹੰਗ ਤੇ ਧੰਨ ਏ ਇਹਨਾਂ ਦੀ ਜਨਨੀ। ਇਹਨਾਂ ਤੇ ਫ਼ਤਿਹ ਪਾਉਣੀ ਬਹੁਤ ਮੁਸ਼ਕਿਲ ਏ।

—ਹੁਣ ਮੈਨੂੰ ਕਾਹਨੂੰ ਏ ਫੇਰ ਮਿਲਾਂਗੇ।

—ਚੰਗਾ ਮੈਂ ਵੀ ਤਲਵਾਰ ਨੂੰ ਸਾਨ ਵਿਖਾ ਕੇ ਰੱਖਾਂਗਾ। ਬੋਲ ਸੀ ਨਿਹੰਗ ਦੇ।

ਨਿਹੰਗ ਪਾਤਸ਼ਾਹ ਨੇ ਜ਼ਰਾ ਕੁ ਲਗਾਮ ਨੂੰ ਤੁਣਕਾ ਮਾਰਿਆ, ਘੋੜਾ ਹਵਾ ਵਿਚ ਉਡਿਆ। ਉਸ ਸਾਹ ਆਪਣੇ ਦਲ ਵਿਚ ਆਨ ਕੇ ਲਿਆ।

—ਦੂਰ ਤੋਂ ਚੰਗੀ ਤ੍ਰਾਂ ਨਜ਼ਰ ਨਹੀਂ ਆਇਆ ਅਹਿਮਦ ਸ਼ਾਹ ਅਬਦਾਲੀ ਪਰ ਫੇਰ ਵੀ ਮੈਂ ਪਛਾਣ ਲਿਆ।

—ਓਏ ਤੈਨੂੰ ਕਿਸੇ ਨੇ ਫੜਿਆ ਨਾ। ਉਹਨਾਂ ਦੀ ਫ਼ੌਜ ਦੀ ਟੁਕੜੀ ਵਿਚ ਖੜ੍ਹਾ ਸੈਂ।

—ਮੈਂ ਜੈਕਾਰਾ ਮਾਰਿਆ, ਗਿੱਦੜ ਨੱਸ ਗਏ। ਨਿਹੰਗ ਆ ਗਿਐ।

—ਅਹਿਮਦ ਸ਼ਾਹ ਅਬਦਾਲੀ ਮੇਰੇ ਮੂੰਹ ਨਹੀਂ ਸੀ ਲੱਗਣਾ ਚਾਹੁੰਦਾ। ਨਾਲੇ ਉਹ ਇਕ ਮਾਮੂਲੀ ਨਿਹੰਗ ਦੇ ਮੂੰਹ ਲੱਗ ਕੇ ਆਪਣੀ ਸ਼ਾਨ ਨੂੰ ਵੱਟਾ ਲਗਾ ਲਵੇ ? ਜੱਸਾ ਸਿੰਘ ਆਹਲੂਵਾਲੀਆ ਜੰਗਦਾਰ ਹੁੰਦਾ ਤਾਂ ਦਾਅਵਤ ਤੇ ਜ਼ਰੂਰ ਸੱਦਦਾ। ਮੁਕਾਬਲਾ ਇਕੋ ਜਿਹਾ ਸੀ। ਰੁਤਬਾ ਇਕੋ ਤੁੱਲ ਸੀ।

—ਪਠਾਨ, ਅਫ਼ਗਾਨ, ਦੁਰਾਨੀ, ਬਲੋਚ, ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ 'ਚ ਨੌਕਰ ਸਨ।

ਮਾਂਗਵੀਂ ਧਾੜ ਬੁਜ਼ਦਿਲ ਹੁੰਦੀ ਏ। ਤਲਵਾਰ ਦੇ ਜ਼ੋਰ ਨਾਲ ਲੜ ਰਹੇ ਸਨ ਜਾਂ ਤਨਖ਼ਾਹ ਦੇ ਲਾਲਚ ਵਿਚ ਬਚ-ਬਚ ਕੇ ਲੜਦੇ। ਵੈਸੇ ਜਜ਼ਬਾ ਬਿਲਕੁਲ ਨਹੀਂ ਸੀ, ਖਾਲੀ ਨਾਅਰੇਬਾਜ਼ੀ ਸੀ। ਵੇਖ ਲਈ ਏ ਇਹਨਾਂ ਦੀ ਬਹਾਦਰੀ, ਸੁਣ ਲਏ ਨੇ ਇਨ੍ਹਾਂ ਦੇ ਦਮਗਜੇ। ਦਿੱਲੀ ਜਿੱਤ ਕੀ ਲਈ, ਖੁਦਾ ਬਣ ਗਿਆ। ਮੈਂ ਕੱਲੇ ਨੂੰ ਈ ਲਲਕਾਰਿਆ। ਮੇਰੇ ਸਾਹਮਣੇ ਕੋਈ ਨਾ ਆਇਆ। ਮੈਂ ਘੋੜੇ ਦੀ ਵਾਗ ਨੂੰ ਜ਼ਰਾ ਕੁ ਤੁਣਕਾ ਦਿੱਤਾ, ਘੋੜਾ ਹਰਨ ਹੋ ਗਿਆ। ਪੰਜ ਦਸ ਫ਼ੌਜੀ ਮੇਰੇ ਘੋੜੇ ਥੱਲੇ ਵੀ ਆ ਗਏ। ਹੋ ਸਕਦੈ

ਉਹਦੇ ਵਿਚੋਂ ਕੋਈ ਬੰਦਾ ਦਮ ਵੀ ਤੋੜ ਗਿਆ ਹੋਵੇ। ਜਦੋਂ ਤਕ ਸ਼ਾਹ ਦਾ ਹੁਕਮ ਚੜ੍ਹਿਆ, ਉਦੋਂ ਮੈਂ ਚੰਗੀ ਵਾਟ ਨਿਕਲ ਚੁਕਾ ਸਾਂ। ਮੈਂ ਦਲੇਰੀ, ਹਿੰਮਤ, ਜੋਸ਼ ਵਿਚ ਈ ਨਿਕਲ ਗਿਆ ਸਾਂ। ਐਵੇਂ ਡਰਦੇ ਨੇ ਅਹਿਮਦ ਸ਼ਾਹ ਅਬਦਾਲੀ ਦੇ ਨਾਂ ਤੋਂ। ਸਾਹਮਣੇ ਹੋ ਕੇ ਅਸੀਂ ਵੀ ਨਹੀਂ ਲੜੇ। ਜੇ ਕਦੀ ਮੁਕਾਬਲਾ ਹੋ ਜਾਂਦਾ, ਫੇਰ ਤਾਕਤ ਦੀ ਪਰਖ਼ ਹੁੰਦੀ। ਪਤਾ ਲਗਦਾ ਉਹਦੇ ਜਲਾਲ ਦਾ। ਐਤਕੀਂ ਆਉਣ ਦਿਓ, ਆਹਮਣੇ ਸਾਹਮਣੇ ਦੋ ਹੱਥ ਕਰਾਂਗੇ। ਇਕ ਨਿਹੰਗ ਆਖ ਰਿਹਾ ਸੀ।

ਸਰਕਾਰਾ ਨੇ ਉਦੋਂ ਸੁੱਖ-ਨਿਧਾਨ ਦਾ ਸੇਵਨ ਕੀਤਾ ਹੋਇਆ ਸੀ।

ਉਹ ਤੇ ਖੁਰਾਕ ਏ, ਪਰ ਮੇਰੇ ਤੇ ਸੁੱਖ-ਨਿਧਾਨ ਦਾ ਕੋਈ ਅਸਰ ਨਹੀਂ ਸੀ। ਐਵੇਂ ਮਾੜਾ ਜਿਹਾ ਸਰੂਰ ਸੀ।

—ਅਹਿਮਦ ਸ਼ਾਹ ਅਬਦਾਲੀ ਤਾਕਤਵਰ ਏ, ਦਲੇਰ ਏ, ਖ਼ੂੰਖਾਰ ਏ ਤੇ ਜ਼ਾਲਮ ਏ।

—ਕੁਝ ਵੀ ਹੋਵੇ ਸਾਡਾ ਮੁਕਾਬਲਾ ਨਹੀਂ ਕਰ ਸਕਦਾ। ਆਉਣ ਦਿਓ।

—ਸਾਰੀ ਚੌਧਰ ਪੱਲੇ ਬਨ੍ਹਾਕੇ ਤੋਰਾਂਗੇ। ਨਿਹੰਗ ਦੇ ਬੋਲ ਸਨ।

—ਇਹ ਗੱਲ ਠੀਕ ਏ। ਸਾਡਾ ਉਹਦਾ ਕਦੀ ਟਾਕਰਾ ਨਹੀਂ ਹੋਇਆ। ਅਸਾਂ ਵੀ ਹਮਲਾ ਕੀਤਾ, ਲੁੱਟਮਾਰ ਕੀਤੀ ਤੇ ਹਰਨ ਹੋ ਗਏ।

ਇਕ ਉਹ ਪ੍ਰਦੇਸੀ ਦੂਜਾ ਮੁੱਲ ਦੇ ਸਿਪਾਹੀ ਤੇ ਤੀਜਾ ਡਰ ਬੁੱਢੇ ਦਲ ਦਾ। ਘਬਰਾਹਟ ਤਾਂ ਹੋਈ ਪਰ ਫੇਰ ਵੀ ਧੰਨ ਜਿਗਰਾ ਏ, ਧੰਨ ਹੌਸਲਾ ਏ, ਲੜੀਂ ਆ ਰਿਹੈ।

ਪੰਜ ਹਮਲੇ। ਉਹ ਤਾਂ ਹੁਣ ਗਲੀ-ਗਲੀ ਦਾ ਜਾਣੂ ਹੋ ਗਿਐ। ਸਾਰੇ ਹਿੰਦੁਸਤਾਨ ਨੂੰ ਓਸ ਅੱਗੇ ਲਾ ਲਿਐ। ਦਹਿਸ਼ਤ ਫੈਲਾ ਦਿੱਤੀ ਏ। ਕੋਈ ਉਹਦਾ ਸਾਹਮਣਾ ਨਹੀਂ ਕਰਦਾ। ਮੁਗ਼ਲ ਪੱਗਲ ਹੋ ਚੁੱਕੇ ਹਨ, ਮਰਹੱਟਿਆਂ ਦੀ ਓਸ ਜੜ੍ਹ ਪੁੱਟ ਦਿੱਤੀ ਏ। ਇਕ ਲੱਖ ਬੰਦੇ ਤਹਿਤੇਗ ਕਰ ਦਿੱਤੇ। ਘਰ-ਘਰ ਵਿਚ ਸੋਗ, ਘਰ-ਘਰ ਫੂਹੜੀਆਂ। ਕੋਈ ਘਰ ਖ਼ਾਲੀ ਨਹੀਂ, ਜਿਸਦਾ ਕੋਈ ਬੰਦਾ ਪਾਨੀਪਤ ਦੇ ਮੈਦਾਨ 'ਚ ਸ਼ਹੀਦ ਨਾ ਹੋਇਆ ਹੋਵੇ।

ਅਸੀ ਸਿੰਘ ਆਦੀ ਹੋ ਚੁੱਕੇ ਹਾਂ। ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ। ਏਸੇ ਲਈ ਅਸੀਂ ਹਰ ਮੁਕਾਮ ਤੇ ਚੌਬਾਰਾ ਨਹੀਂ ਪਾਉਂਦੇ। ਬੂਰੀਆਂ ਮਹੀਆਂ ਰਖਦੇ ਹਾਂ, ਲਵੇਰੀਆਂ। ਅਸੀਂ ਪੁੱਤ ਜਵਾਨ ਕਰਦੇ ਹਾਂ। ਗੱਭਰੂ ਤੇ ਸੂਰਮਿਆਂ ਨੂੰ ਜਨਮ ਦੇਂਦੇ ਹਾਂ। ਪਤ ਵਤਨ ਦੀ ਤੇ ਜਾਨ ਕੁਰਬਾਨ ਕਰਨੀ ਏ। ਸਾਡਾ ਤੇ ਹੁਣ ਕਸਬ ਹੋ ਗਿਐ ਲੜਨਾ ਤੇ ਮਰਨਾ। ਰੋਜ਼ ਦੇ ਹਮਲਿਆਂ ਸਾਡੀ ਆਦਤ ਬਣਾ ਦਿੱਤੀ ਏ।

ਉਜੜਨਾ ਫੇਰ ਵੱਸਣਾ, ਤੇ ਫੇਰ ਉਜੜਨਾ। ਚਾਰ ਭਾਂਡੇ ਚੁੱਕੇ ਤੇ ਅਗਲੇ ਪਿੰਡ। ਉੱਥ ਚੱਲੇ ਤੇ ਹੋਰ ਅੱਗੇ। ਸਾਡਾ ਕੋਈ ਜੱਦੀ ਪਿੰਡ ਨਹੀਂ। ਜਿੱਧਰ ਮੂੰਹ ਚੁੱਕਿਆ ਉੱਧਰ ਈ ਨਿਕਲ ਗਏ। ਚਲੋ ਹੱਡ ਪੱਕੇ ਹੋ ਗਏ ਹਨ। ਮੈਂ ਨਿਹੰਗ ਹਾਂ ਘਰ ਦੀ ਖ਼ੇਤੀ ਏ ਪਰ ਚਾਅ ਏ ਵਤਨ ਦੀ ਰਾਖੀ ਕਰਨ ਦਾ। ਅਸੀਂ ਪੰਜਾਬ ਦੇ ਰਾਖ਼ੇ ਹਾਂ, ਕਦੀ ਪੰਜਾਬ ਦੇ ਮਾਲਕ ਵੀ ਬਣਾਂਗੇ।

ਇਹ ਸ਼ਬਦ ਨਿਹੰਗ ਪਾਤਸ਼ਾਹ ਦੇ ਸਨ।

44

ਲਸ਼ਕਰ ਜਾ ਘੇਰਿਆ

ਬੁੱਢੇ ਦਲ ਨੇ ਚੰਗਾ ਭੰਨਿਆ ਸੀ ਅਬਦਾਲੀ ਨੂੰ, ਗੋਇੰਦਵਾਲ ਦੀ ਟੱਕਰ ਵਿਚ। ਅਬਦਾਲੀ ਹੌਸਲਾ ਹਾਰ ਬੈਠਾ ਸੀ ਤੇ ਇੱਧਰ ਉਧਰ ਹੱਥ ਮਾਰ ਰਿਹਾ ਸੀ।

—ਸ਼ਾਹ ਏਨਾ ਉਦਾਸ ਕਿਉਂ ਏ?

—ਮਰਦਾਂ ਨਾਲ ਵਾਸਤਾ ਪਿਐ। ਇਹ ਬਹਾਦਰ ਹਨ। ਕੀ ਇਹ ਵੀ ਪਿੰਜਰੇ ਵਿਚ ਡੱਕੇ ਜਾ ਸਕਦੇ ਹਨ?

—ਹਾਂ, ਮੁਹੱਬਤ, ਪਿਆਰ ਪਾ ਕੇ, ਸਖ਼ਤੀ ਨਾਲ ਨਹੀਂ।

—ਇਹ ਚੰਦਰੇ ਰਿਸ਼ਵਤ ਨਹੀਂ ਲੈਂਦੇ। ਇਹ ਵਿਕਾਊ ਬੰਦੇ ਨਹੀਂ, ਇਹ ਧਰਮ ਦੇ ਨਾਂ ਤੇ ਲੜ ਰਹੇ ਹਨ। ਅਸਾਂ ਗ਼ਲਤੀ ਕੀਤੀ। ਇਹਨਾਂ ਦੇ ਆਬੇ-ਹਯਾਤ ਦੇ ਚਸ਼ਮੇ ਨੂੰ ਪੂਰ ਕੇ ਗ਼ਲਤੀ ਕੀਤੀ। ਵਰਨਾ ਇਹਨਾਂ ਨੂੰ ਮੁਹੱਬਤ ਦੀ ਗੁੜ੍ਹਤੀ ਦੇ ਕੇ ਇਹਨਾਂ ਦੇ ਬੰਦਿਆਂ ਦੇ ਸਾਹਮਣੇ ਖੜ੍ਹਾ ਕੀਤਾ ਜਾ ਸਕਦੈ। ਇਹੋ ਈ ਲੜਨ ਤੇ ਇਹੋ ਈ ਮਰਨ। ਅਸੀਂ ਪਰੇ ਹੋ ਕੇ ਤਮਾਸ਼ਾ ਵੇਖਦੇ।

—ਫ਼ਤਿਹ ਦੇ ਡੰਕੇ, ਜੈਕਾਰੇ ਅਸਾਂ ਮਾਰਨੇ ਸਨ। ਅਹਿਮਦ ਸ਼ਾਹ ਅਬਦਾਲੀ ਦਾ ਇਕ ਯਾਰ ਆਖ ਰਿਹਾ ਸੀ।

—ਇਹ ਸਲਾਹ ਉਦੋਂ ਦੇਣੀ ਸੀ।

—ਨਕਾਰਖ਼ਾਨੇ ਵਿਚ ਤੂਤੀ ਦੀ ਆਵਾਜ਼ ਕੌਣ ਸੁਣਦੈ। ਨਾਲੇ ਖ਼ੁਸ਼ਾਮਦੀਆਂ ਦੀ ਮਹਿਫ਼ਲ ਵਿਚ ਕੋਈ ਕੰਮ ਦੀ ਗੱਲ ਸੁਣਨ ਨੂੰ ਤਿਆਰ ਨਹੀਂ। ਸ਼ਾਹ ਉਦੋਂ ਸਰੂਰ ਵਿਚ ਸੀ। ਅੱਛਾ ਕਦੀ ਵਕਤ ਫੇਰ ਆਇਆ ਤਾਂ ਫੇਰ ਦੱਸਾਂਗੇ।

ਪਹਿਲਾਂ ਗੋਇੰਦਵਾਲ ਦੇ ਪੱਤਣ ਤੇ ਲੁੱਟਿਆ ਤੇ ਫੇਰ ਸਦਾ ਵਾਂਗੂੰ ਸਿੰਘਾਂ ਦਰਿਆ ਦੇ ਕੰਢੇ ਤੇ ਜਾ ਘੇਰਿਆ।

—ਇਹ ਕੀ ਆਫ਼ਤ ਏ, ਕੌਣ ਹਨ ਇਹ ਲੋਕ? ਕੀ ਇਹ ਉਹੋ ਈ ਨਿਹੰਗ ਹਨ? ਅਹਿਮਦ ਸ਼ਾਹ ਅਬਦਾਲੀ ਬੋਲਿਆ।

—ਨਿਹੰਗ, ਰੰਗਰੇਟੇ ਤੇ ਬੁੱਢੇ ਦਲ ਦੇ ਸੇਵਕ।

—ਇਹ ਇੱਥੇ ਵੀ ਪੁੱਜ ਗਏ ਹਨ।

—ਕਿਹੜੀ ਜਗ੍ਹਾ ਏ ਜਿੱਥੇ ਇਹ ਨਹੀਂ ਪੁਜਦੇ। ਅੱਗੇ-ਅੱਗੇ ਸ਼ਾਹ ਤੇ ਮਗਰ-ਮਗਰ ਦਲ ਦੇ ਗੱਭਰੂ।

—ਖ਼ੁਦਾ ਬਚਾਏ ਇਹਨਾਂ ਬਿੱਜਾਂ ਤੋਂ। ਇਹਨਾਂ ਨੂੰ ਅੱਲਾ ਮੌਤ ਵੀ ਨਹੀਂ ਦੇਂਦਾ। ਰੱਬ ਇਹਨਾਂ ਤੇ ਮਿਹਰਬਾਨ ਏ।

—ਹੁਣ ਆ ਈ ਗਏ ਹਾਂ, ਸ਼ਗਨ ਤੇ ਪਾਉਣਾ ਪਵੇਗਾ।

—ਸ਼ਗਨ ਤੇ ਪਾਵਾਂਗੇ ਈ ਜੇ ਅੱਗੋਂ ਨਿਓਦਰਾ ਪਾਉਣ ਵਾਲੇ ਮਿਲ ਗਏ ਤਾਂ ਫੇਰ।

—ਦਰਿਆ ਲੰਘ ਜਾਵਾਂਗੇ। ਫੇਰ ਇਹ ਸਾਡੇ ਮਗਰ ਨਹੀਂ ਆਉਣ ਲੱਗੇ।

ਸਾਮਾਨ, ਬਾਰੂਦ ਤੇ ਭਾਰੀਆਂ ਤੋਪਾਂ ਇਨ੍ਹਾਂ ਨੂੰ ਬਖ਼ਸ਼ ਦਿਓ। ਫੇਰ ਤੁਹਾਡੀ ਵੱਲ

ਇਹਨਾਂ ਨਹੀਂ ਤੱਕਣਾ। ਇਹ ਸਿਰਫ਼ ਸਾਮਾਨ ਦੇ ਮਾਲਕ ਬਣਨਾ ਚਾਹੁੰਦੇ ਹਨ। ਇਹਨਾਂ ਦੀ ਸਾਡੇ ਨਾਲ ਕੋਈ ਦੁਸ਼ਮਨੀ ਨਹੀਂ, ਸਾਊ ਲੋਕ ਹਨ। ਆਪਣਾ ਤੇ ਮਾਲ ਇਹਨਾਂ ਲੈਣਾ ਈ ਹੋਇਆ।

—ਅਸਾਂ ਇਹ ਲੁੱਟ ਦਾ ਮਾਲ ਬੰਦੇ ਮਰਵਾ ਕੇ ਲੁੱਟਿਐ।

—ਇਹਨਾਂ ਵੀ ਬੰਦੇ ਮਰਵਾ ਕੇ ਲੁੱਟ ਕੇ ਲੈ ਜਾਣੈ।

—ਕੀ ਸਾਡੀ ਫ਼ੌਜ ਨਕਾਰੀ ਹੋ ਗਈ ਏ?

—ਨਹੀਂ, ਹੌਸਲਾ ਹਾਰ ਬੈਠੀ ਏ। ਉਸ਼ਕਲ ਦੇਵਾਂਗੇ ਤਾਂ ਫੇਰ ਤਿਆਰ ਹੋ ਜਾਵੇਗੀ।

—ਸਾਮਾਨ ਵੀ ਬੇੜੀਆਂ ਵਿਚ ਲੱਦੋ ਤੇ ਫ਼ੌਜ ਨੂੰ ਵੀ ਚੜ੍ਹਾਓ ਬੇੜੀਆਂ ਵਿਚ। ਜਿੰਨਾ ਮਾਲ ਬਚ ਸਕਦਾ ਏ, ਬਚਾਅ ਲਵੋ। ਸਾਰਾ ਲੁੱਟਦਾ ਵੇਖੀਏ ਤੇ ਅੱਧਾ ਦਈਏ ਲੁਟਾ।

—ਏਸ ਤਰ੍ਹਾਂ ਤਾਂ ਇਹਨਾਂ ਨੂੰ ਮੂੰਹ ਪੈ ਜਾਏਗਾ। ਇਹਨਾਂ ਦਾ ਝਾਕਾ ਲੱਥ ਚੁੱਕੈ।

—ਇਹਨਾਂ ਦਾ ਮਾਲ ਏ ਜੇ ਲੁੱਟ ਕੇ ਲੈ ਜਾਣਗੇ ਤਾਂ ਕੋਈ ਦੁੱਖ ਨਹੀਂ।

—ਚੋਰਾਂ ਨੂੰ ਮੋਰ ਤੇ ਮੋਰਾਂ ਨੂੰ ਕੰਜਾਈ।

—ਸਾਹਮਣੇ ਕੌਣ ਏ, ਕਿਸ ਕਬੀਲੇ ਦਾ ਸਰਦਾਰ ਏ? ਮੈਨੂੰ ਦਲ ਵਾਲੇ ਬੰਦੇ ਨਹੀਂ ਜਾਣਦੇ।

—ਦਲ ਦੀ ਟੁਕੜੀ ਏ। ਇਹ ਅੱਗੇ-ਅੱਗੇ ਆ ਰਹੇ ਹਨ। ਮਗਰ ਦਲ ਛਾਲਾਂ ਮਾਰਦਾ ਅਪੜਨ ਵਾਲਾ ਈ ਏ।

—ਫੇਰ ਵੀ ਕੋਈ ਨਾਂ ਪਤਾ ਤਾਂ ਹੋਵੇਗਾ ਨਾ ਸਰਦਾਰ ਦਾ?

—ਨਾਂ ਕੀ ਦੱਸਾਂ। ਲੋਕ ਆਖਦੇ ਹਨ ਸਰਦਾਰ ਚੜ੍ਹਤ ਸਿੰਘ ਗੁੱਜਰਾਂਵਾਲੇ ਦਾ ਏ।

—ਕੀ ਇਹ ਵੀ ਨਿਹੰਗ ਏ ਜਾਂ ਹੋਰ ਕੋਈ?

—ਨਿਹੰਗ ਤਾਂ ਹੈ ਹੀ, ਬਸ ਸਿੰਘ ਐਵੇਂ ਨਾਂ ਨਾਲ ਜੋੜਿਆ ਹੋਇਐ।

—ਫੇਰ ਕੀ ਦੋਗਲੈ?

—ਨਿਹੰਗ ਏ, ਅੰਮ੍ਰਿਤ ਛਕਿਆ ਹੋਇਐ। ਸਰਦਾਰਾਂ ਦਾ ਪੁੱਤ ਏ। ਜਾਂਬਾਜ਼, ਦਲੇਰ, ਬਹਾਦਰ, ਨਿਡਰ। ਇਸ ਦਲ ਦੀ ਉਡੀਕ ਨਹੀਂ ਕੀਤੀ। ਇਕੱਲੇ ਨੇ ਈ ਘੇਰ ਲਿਐ ਲਸ਼ਕਰ। ਇਹਨੂੰ ਆਪਣੀ ਤਾਕਤ ਤੇ ਮਾਣ ਏ।

—ਕੀ ਚਾਹੁੰਦੈ, ਕੁਝ ਰਿਸ਼ਵਤ ਲੈ ਕੇ ਪਿੱਛੇ ਨਹੀਂ ਮੁੜ ਸਕਦਾ?

—ਰਿਸ਼ਵਤ ਨੂੰ ਤੇ ਜੁੱਤੀ ਵੀ ਨਹੀਂ ਮਾਰਦਾ। ਪਿਆਰ ਦਾ ਵਾਸਤਾ ਪਾ ਕੇ ਵੇਖੋ। ਮੰਨ ਜਾਏਗਾ ਪਰ ਸਾਮਾਨ ਉਹਦੀ ਨਜ਼ਰ ਕਰਨਾ ਪਵੇਗਾ।

—ਕੀ ਇਹ ਰਿਸ਼ਵਤ ਨਹੀਂ?

—ਇਹ ਕਾਹਦੀ ਰਿਸ਼ਵਤ ਏ? ਤੁਸਾਂ ਕਿਸੇ ਨੂੰ ਲੁੱਟਿਐ। ਉਹ ਤੁਹਾਨੂੰ ਲੁੱਟ ਰਿਹੈ। ਇਹ ਤੇ ਬਹਾਦਰੀ ਏ, ਜਵਾਂਮਰਦੀ ਏ।

—ਜਾਨ ਬਚਾਓ, ਸਾਮਾਨ ਜਿੰਨਾ ਸੰਭਾਲ ਸਕੇ ਸਾਂਭ ਲਵੋ ਤੇ ਬਾਕੀ ਜਿੰਨਾ ਇਹ ਲੈ ਜਾਂਦਾ ਏ, ਲੈ ਜਾਣ ਦਿਓ। ਇਹਦੇ ਮਗਰ ਨਾ ਪਓ। ਅਹਿਮਦ ਸ਼ਾਹ ਅਬਦਾਲੀ ਨੇ ਹੁਕਮ ਦਿੱਤਾ।

—ਬਹੁਤ ਤਿੱਖੀਆਂ ਤਲਵਾਰਾਂ ਨੇ ਇਹਨਾਂ ਨਿਹੰਗ ਸਿੰਘਾਂ ਦੀਆਂ। ਬੰਦੇ ਵੀ ਲੋਹੇ ਦੇ ਬਣੇ ਹੋਏ ਹਨ।

—ਅਹਿਮਦ ਸ਼ਾਹ ਅਬਦਾਲੀ ਅੱਖਾਂ ਮੀਟ ਕੇ ਦਰਿਆ ਪਾਰ ਲੰਘ ਗਿਆ। ਡਰ ਸੀ ਕਿਤੇ ਫੇਰ ਹਾਰ ਦਾ ਮੂੰਹ ਨਾ ਵੇਖਣਾ ਪਵੇ। ਐਵੇਂ ਰੋੜੀ ਜਿਹੀ ਝਲਕ ਹੋਈ। ਲਹੂ ਦੀ ਐਵੇਂ ਛੱਪੜੀ ਜਿਹੀ ਭਰੀ, ਅੱਧਾ ਸਾਮਾਨ ਅਬਦਾਲੀ ਸਹੀ ਸਲਾਮਤ ਲੈ ਕੇ ਦਰਿਆ ਟੱਪ ਗਿਆ। ਬਾਕੀ ਇਨ੍ਹਾਂ ਸੂਰਮਿਆਂ ਦੇ ਹੱਥ ਜੋ ਮਾਲ ਲੱਗਾ, ਉਹਨਾਂ ਸੰਭਾਲ ਲਿਆ ਤੇ ਲੱਦ ਲਏ ਗੱਡੇ।

ਚੜ੍ਹਤ ਸਿੰਘ ਬੜੇ ਹੌਸਲੇ ਨਾਲ ਨਗਾਰਾ ਵਜਾਉਂਦਾ ਵਾਪਸ ਮੁੜ ਰਿਹਾ ਸੀ।

ਬੁਰੀਆਂ ਸ਼ਾਮਤਾਂ ਨੂੰ ਚਾਰ ਮਹਿਲ ਦੇ ਦਸਤੇ, ਟੁਕੜੀ ਫ਼ੌਜ ਦੀ ਵਾਲਾ ਫ਼ੌਜਦਾਰ, ਮਿਰਜ਼ਾ ਜਾਨ ਰਾਹ 'ਚ ਮਿਲ ਗਿਆ। ਚੜ੍ਹਤ ਸਿੰਘ ਨੇ ਸੋਚਿਆ, ਦਸਤਪੰਜਾ ਲਿਆ ਜਾਵੇ।

—ਕਿਉਂ ਬਈ ਤੋਰ ਆਇਐਂ ਪ੍ਰਾਹੁਣੇ?

—ਅੱਗੋਂ ਕੋਈ ਜਵਾਬ ਨਾ ਮਿਲਿਆ। ਯਕਦਮ ਹਮਲਾ।

—ਚਲੋ ਚੰਗਾ ਹੋਇਆ, ਪਹਿਲ ਮਿਰਜ਼ਾ ਜਾਨ ਵੱਲੋਂ ਹੋਈ ਏ। ਹੁਣ ਸਾਡੇ ਤੇ ਕੋਈ ਇਲਜ਼ਾਮ ਨਹੀਂ ਆਣ ਲੱਗਾ। ਕੋਈ ਇਹ ਗੱਲ ਨਹੀ ਆਖ ਸਕਦਾ ਕਿ ਅਸਾਂ ਨਿਹੱਥੇ ਬੰਦਿਆਂ ਤੇ ਪਹਿਲਾਂ ਵਾਰ ਕੀਤੇ।

—ਸਰਕਾਰ ਉਹ ਨਿਹੱਥੇ ਕਿੱਦਾਂ ਹੋਏ। ਘੋੜਿਆਂ ਤੇ ਚੜ੍ਹੇ, ਤਲਵਾਰਾਂ ਲਿਸ਼ਕਾਉਂਦੇ ਵਧਦੇ ਆ ਰਹੇ ਹਨ।

—ਮਾਲਕ ਨੂੰ ਤੋਰ ਕੇ ਬੰਦਾ ਨਿਹੱਥਾ ਹੋ ਜਾਂਦੈ।

ਜਦੋਂ ਅੱਗੋਂ ਨਿਹੰਗਾਂ ਦੀਆਂ ਤਲਵਾਰਾਂ ਵੇਖੀਆਂ, ਹਾਰ ਮੰਨ ਲਈ।

ਜਦ ਤਲਵਾਰ ਪੇਸ਼ ਕਰਨ ਦਾ ਵਕਤ ਆਇਆ, ਤਦ ਫ਼ੌਜ ਵਿਚੋਂ ਆਵਾਜ਼ ਉੱਭਰੀ, ਨਜ਼ਰਾਨੇ ਤਿਆਰ ਸਨ। ਕੂਕ ਰਿਹਾ ਸੀ ਇਕ ਬੰਦਾ, ਮਿਰਜ਼ਾ ਜਾਨ ਕੁਜਾ।

—ਹਜ਼ੂਰ ਉਹ ਤੇ ਅੱਲਾ ਨੂੰ ਪਿਆਰਾ ਹੋ ਗਿਐ। ਪਹਿਲੇ ਹਮਲੇ ਵਿਚ ਹੀ ਇਕ ਨਿਹੰਗ ਨੇ ਝਟਕਾ ਸੁੱਟਿਆ।

ਜੰਗ ਦੇ ਮੈਦਾਨ ਵਿਚੋਂ ਸਿਹਰੇ ਬੰਨ੍ਹ ਕੇ ਤੁਰਿਆ ਸਰਦਾਰ ਚੜ੍ਹਤ ਸਿੰਘ।

45

ਮੂਜੀ ਨੱਸ ਗਿਆ

ਬੁਥਾੜਾ ਭੰਨ੍ਹ ਕੇ ਤੋਰਿਆ ਸੀ ਅਬਦਾਲੀ। ਲੱਗੀਆਂ ਸੱਟਾਂ ਨਾਲੇ ਅਬਦਾਲੀ ਵੇਖਦਾ, ਨਾਲੇ ਸੇਕ ਦੇਂਦਾ। ਨਾਲੇ ਯਾਦ ਕਰਦਾ ਨਿਹੰਗ ਸਿੰਘਾਂ ਨੂੰ। ਯਾਰੋ ਇਹ ਵਾਕਈ ਬਹਾਦਰ ਹਨ। ਇਹ ਸੋਧੇ ਨਹੀਂ ਜਾ ਸਕਦੇ। ਲਾਲਚ ਵਿਚ ਇਹ ਰੀਝਦੇ ਨਹੀਂ। ਸਾਡੇ ਦਸਤਰ ਖਾਨ ਤੇ ਬਹਿਣ ਨੂੰ ਤਿਆਰ ਨਹੀਂ। ਰਿਸ਼ਵਤ ਕਬੂਲ ਨਾ ਕਰਨ ਤੇ ਫੇਰ ਫ਼ੌਜੀ ਤਾਕਤ ਹੀ ਇਕ ਗੁਰ ਏ।

—ਸ਼ਾਹ ਨੇ ਤਲਵਾਰਾਂ ਦੀ ਕਾਟ ਵੇਖ ਲਈ ਏ ਤੇ ਇਹਨਾਂ ਦੇ ਹੌਸਲੇ ਵੀ ਪਰਖ ਲਏ ਨੇ। ਤੁਹਾਡੀਆਂ ਤਲਵਾਰਾਂ ਤੋਂ ਇਹ ਡਰਦੇ ਨਹੀਂ। ਇਕ ਵਾਰ ਫੇਰ ਕਿਸਮਤ ਅਜ਼ਮਾ ਕੇ ਵੇਖ ਲਵੋ। ਪਰ ਮੇਰੇ ਖ਼ਿਆਲ ਵਿਚ ਇਹਦਾ ਕੋਈ ਫਾਇਦਾ ਨਹੀਂ। ਇਹਨਾਂ ਕੁਝ ਇਲਾਕੇ ਅੱਗੇ ਈ ਦੱਬੇ ਹਨ। ਇਹੋ ਹੀ ਇਹਨਾਂ ਨੂੰ ਪੱਟਾ ਲਿਖ ਕੇ ਭੇਜ ਦਿਓ। ਤੁਸਾਂ ਕਿਹੜਾ ਆਪਣੇ ਪੱਲਿਓ ਦੇਣੇ ਹਨ। ਸਿਰਫ਼ ਕਾਗਜ਼ੀ ਬਖ਼ਸ਼ਿਸ਼ ਏ।

—ਇਲਾਕੇ ਤਾਂ ਇਹਨਾਂ ਪਹਿਲਾਂ ਈ ਮੱਲੇ ਹੋਏ ਨੇ। ਤੁਸਾਂ ਸਿਰਫ਼ ਐਲਾਨ ਈ ਕਰਨਾ ਏ ਨਾ।

—ਕਿਸ਼ਮਿਸ਼, ਬਾਦਾਮ, ਮੇਵੇ, ਅਖਰੋਟ, ਖ਼ੁਰਮਾਨੀਆਂ ਦੇ ਤੋਹਫ਼ੇ ਭੇਜੇ ਜਾਣ ਤੇ ਨਾਲ ਖ਼ਿਲਤ ਇਕ ਸੁਨਿਹਰੀ ਤਲਵਾਰ ਤੇ ਨਾਲ ਸ਼ਿੰਗਾਰਿਆ ਇਕ ਅਰਬੀ ਘੋੜਾ। ਇਕ ਵਾਰ ਭੇਜੋ ਤੇ ਸਹੀ। ਜੇ ਇਹ ਕਬੂਲ ਨਾ ਕਰਨਗੇ ਤਾਂ ਇਹ ਸਾਰੇ ਮੇਵੇ ਰਲ ਕੇ ਖਾ ਲਵਾਂਗੇ। ਪਰ ਤਲਵਾਰ ਤੇ ਡਾਂਗਾਂ ਖੜ੍ਹਕਣਗੀਆਂ ਜ਼ਰੂਰ। ਸ਼ਾਇਦ ਸਾਡੇ ਝਾਂਸੇ ਵਿਚ ਆ ਜਾਏ ਚੜ੍ਹਤ ਸਿੰਘ। ਜਦ ਇਹ ਆਪਸ 'ਚ ਲੜੇ, ਤਦ ਤੁਹਾਡੀਆਂ ਪੌ-ਬਾਰਾਂ। ਇਹਨਾਂ ਨੂੰ ਦੋਫਾੜ ਕਰੋ ਜਿਸ ਤਰ੍ਹਾਂ ਵੀ ਹੁੰਦੇ ਨੇ। ਇਹ ਪਲ ਵਿਚ ਡਾਂਗੋ-ਡਾਂਗੀ ਹੋ ਜਾਂਦੇ ਹਨ ਆਪਸ ਵਿਚ। ਇਸੇ ਤਰ੍ਹਾਂ ਵੀ ਇਕ ਧੜਾ ਤੁਹਾਡੇ ਨਾਲ ਹੋ ਜਾਵੇ ਤੇ ਦੂਜਾ ਦਲ ਨਾਲ, ਫੇਰ ਤਲਵਾਰਾਂ ਜ਼ਰੂਰ ਖਹਿਣਗੀਆਂ, ਖ਼ੂਨ ਵਗੇਗਾ ਤੇ ਕਤਲ ਹੋਣਗੇ। ਏਸ ਤਰ੍ਹਾਂ ਤਾਕਤ ਕਮਜ਼ੋਰ ਹੋਵੇਗੀ। ਫੇਰ ਤੁਸੀਂ ਦੋਵਾਂ ਦੀ ਗਿੱਚੀ ਨੱਪ ਲੈਣਾ। ਤੁਹਾਡੇ ਸਾਰੇ ਕਾਰਜ ਸਿੱਧ ਹੋ ਜਾਣਗੇ।

—ਇਹ ਘਰਾਨੇ ਵਿਚ ਈ ਗੱਲ ਛੇੜੀ ਜਾ ਸਕਦੀ ਏ।

—ਰਾਹ ਕੱਢੋ, ਅਸੀਂ ਦਿਲ ਖੋਲ੍ਹਕੇ ਇਲਾਕੇ ਵੀ ਦੇਵਾਂਗੇ, ਘੋੜੇ ਤੇ ਖਿਲਅਤਾਂ ਵੀ। ਅਹਿਮਦ ਸ਼ਾਹ ਅਬਦਾਲੀ ਨੇ ਆਪਣਾ ਰਾਹ ਵੱਖਰਾ ਜਿਹਾ ਕਰਕੇ ਹਾਂ ਕਰ ਦਿੱਤੀ। ਚਲੋ ਸੁੱਟ ਕੇ ਤੇ ਵੇਖੋ।

ਦਿਨ ਬੀਤ ਗਿਆ, ਸ਼ਾਮਾਂ ਢਲੀਆਂ, ਸ਼ਰਾਬ ਦੀ ਸੁਰਾਹੀ ਦਾ ਮੂੰਹ ਖੁੱਲ੍ਹਾ। ਜਦ ਜ਼ਰਾ ਕੁ ਜਿੰਨੀ ਅੰਦਰ ਗਈ ਤਾਂ ਸੋਚਣ ਲਗਾ, ਅਹਿਮਦ ਸ਼ਾਹ ਅਬਦਾਲੀ, ਜੇ ਮੈਂ ਇਹਨਾਂ ਯਤੀਮ ਨਿਹੰਗਾਂ ਦੀ ਈਨ ਮੰਨ ਲਈ ਤਾਂ ਫੇਰ ਮੈਨੂੰ ਅਹਿਮਦ ਸ਼ਾਹ ਅਬਦਾਲੀ ਕਿਸੇ ਨਹੀਂ ਕਹਿਣਾ।

—ਸ਼ਾਹ ਐਵੇਂ ਜਜ਼ਬਾਤ ਵਿਚ ਨਾ ਆਏ। ਸਮੇਂ ਦੀ ਨਜ਼ਾਕਤ ਵੇਖ ਕੇ ਰੁਖ ਬਦਲ ਲੈਣਾ ਚਾਹੀਦਾ ਏ।

—ਸ਼ਰਾਬ ਦੇ ਪਿਆਲੇ ਹੋਰ ਬੁੱਲਾਂ ਨੂੰ ਲਾਏ, ਸਰੂਰ ਏਨਾ ਆਇਆ ਨਾ ਜ਼ਮੀਨ ਤੇ ਪੈਰ ਲੱਗਾ ਨਾ ਖ਼ੇਮਾ ਦਿਸੇ ਅਤੇ ਨਾ ਅਸਮਾਨ ਤੇ ਚੜ੍ਹੇ ਤਾਰੇ ਈ ਨਜ਼ਰ ਆਉਣ।

—ਸ਼ਰਾਬ ਪੀਤੀ ਤੇ ਨਸ਼ੇ ਵਿਚ ਈ ਸੌਂ ਗਏ। ਰਾਤ ਦੀ ਗੱਲ ਰਾਤ ਦੀ ਬੁੱਕਲ ਵਿਚ ਈ ਲੁਕ ਗਈ। ਦਿਨੇ ਕੋਈ ਚਿੱਤ ਚੇਤਾ ਨਹੀਂ ਸੀ।

—ਇਹ ਮੁੱਠੀ ਭਰ ਨਿਹੰਗ, ਇਹ ਚਿੜੀ ਦੇ ਬੋਟ, ਇਹ ਕਤੂਰੇ ਜਿਹੇ ਅਹਿਮਦ ਸ਼ਾਹ ਅਬਦਾਲੀ ਦੇ ਸਾਹਮਣੇ ਹੋ ਕੇ ਲਲਕਾਰਨ, ਡੁੱਬ ਮਰੋ। ਤੁਸਾਂ ਸਾਰੇ ਹਿੰਦੁਸਤਾਨ ਤੇ ਹਕੂਮਤ ਕਰਨੀ ਏ। ਮੈਂ ਏਨੀ ਲੁੱਟ ਕੀਤੀ, ਤੁਹਾਡੀਆਂ ਜੱਦਾਂ ਤਾਰ ਦਿੱਤੀਆਂ। ਜਦ ਤੱਕ ਮੇਰੇ ਨਾਂ ਦੀ ਦਹਿਸ਼ਤ ਏ, ਹਿੰਦੁਸਤਾਨ ਮੇਰੀਆਂ ਮੁੱਠੀਆਂ ਭਰੇਗਾ। ਜਦ ਮੈਂ ਇਕ ਵਾਰ ਵੀ ਈਨ ਮੰਨ ਲਈ ਤਾਂ ਫੇਰ ਉਹ ਹਾਰੇ ਹੋਏ ਬੰਦੇ ਵੀ ਮੇਰੇ ਗੱਲ ਪੈਣਗੇ।

—ਸ਼ਾਹ, ਅਸਾਂ ਤੇ ਅੰਬ ਚੂਪਣੇ ਹਨ, ਦਰੱਖਤ ਤੇ ਨਹੀ ਨਾ ਗਿਣਨੇ। ਸਾਨੂੰ ਤੇ ਦੌਲਤ ਚਾਹੀਦੀ ਏ।

—ਉਹ ਤੁਹਾਨੂੰ ਦੌਲਤਾਂ ਦੇ ਢੇਰ ਲਿਆ ਕੇ ਪੇਸ਼ ਕਰਨਗੇ। ਇਹ ਤਾਂ ਉਹਨਾਂ ਨੂੰ ਈ ਪਤੇ ਕਿ ਦੌਲਤ ਕਿੱਥੇ-ਕਿੱਥੇ ਜਮ੍ਹਾਂ ਏ। ਸ਼ਾਹ ਗ਼ਲਤੀ ਨਾ ਕਰੇ ਵਕਤ ਨੂੰ ਵੇਖੇ।

—ਬੁਜ਼ਦਿਲੀ ਤੇ ਹੌਸਲਾ ਹਾਰ ਦੇਣਾ, ਇਹ ਅਹਿਮਦ ਸ਼ਾਹ ਅਬਦਾਲੀ ਦੇ ਹਿੱਸੇ ਨਹੀਂ ਸੀ ਆਇਆ।

ਨੂਰਉਲਦੀਨ ਕਿੱਥੇ ਲੁਕਿਆ ਬੈਠੈ, ਮਾਰੋ। ਹੱਥ ਵਿਖਾਓ। ਉਹਦੀ ਫ਼ੌਜ ਕਿੱਥੇ ਹੈ। ਨਿਹੰਗਾਂ ਦਾ ਖੁਰਾਖੋਜ ਮਿਟਾ ਦਿਓ। ਆਪਣੇ ਸਾਥੀ ਚੁਣ ਲਵੇ। ਜਿਹੜਾ ਉਹਦਾ ਜੀਅ ਕਰੇ। ਪੰਜਾਬ ਨਾ ਸਿੰਘ ਰਹਿਣ ਤੇ ਨਾ ਨਿਹੰਗ। ਜੋ ਕੁਝ ਲੈਣਾ ਏ, ਲੈ ਲਏ। ਬੱਸ ਇਕੋ ਗੱਲ, ਇਹਨਾਂ ਨਿਹੰਗਾਂ ਦੇ ਕੰਨਾਂ ਵਿਚ ਬੁਕਰੀਆਂ ਪਾ ਦਿਓ। ਬਾਰਾਂ ਹਜ਼ਾਰ ਚੋਣਵੇਂ ਜਵਾਨ ਸਿਰਕੱਢ ਜੋਧੇ। ਛਾਂਟ ਲਏ ਸਾਰੀ ਫ਼ੌਜ ਵਿਚੋਂ।

ਭਗਲ ਹੋਏ ਸੂਰਮੇ ਨੂੰ ਸਰੋਪੇ ਦੇ ਕੇ ਤੋਰਿਆ, ਅਹਿਮਦ ਸ਼ਾਹ ਅਬਦਾਲੀ ਨੇ।

ਹੋਰ ਜਰਨੈਲ ਤੇ ਨਾਲ ਨੂਰਉਲਦੀਨ ਬਾਮੇਜ਼ਈ ਨੂੰ ਵੀ ਚੁਣ ਲਿਆ। ਝੰਡੇ ਨਿਕਲੇ, ਢੋਲ ਵੱਜੇ, ਨਗਾਰਿਆਂ ਤੇ ਚੋਟ ਪਈ। ਇਕ ਤੂਫ਼ਾਨ ਡਟਿਆ ਹੋਇਆ ਸੀ ਜਦ ਇਹ ਆਪਣੇ ਜਲਾਲ ਵਿਚ ਆਏ ਤਾਂ ਘੇਰ ਲੈਣਗੇ। ਜਦ ਇਹਨਾਂ ਦਾ ਆਲਮ ਇਹ ਹੈ, ਇਹਨਾਂ ਦੇ ਘੋੜੇ ਧੂੜ ਪੁਟਦੇ ਹਨ ਤਾਂ ਤਦ ਕੀ ਆਲਮ ਹੋਵੇਗਾ।

—ਮੇਰਾ ਨਿਸ਼ਾਨਾ ਸਿਰਫ਼ ਨਿਹੰਗ ਜਾਂ ਸਿੰਘ। ਨਾ ਮੈਂ ਦੌਲਤ ਲੁੱਟਣੀ ਏ ਤੇ ਨਾ ਔਰਤਾਂ ਈ ਲੈ ਕੇ ਆਉਣੀਆਂ ਨੇ। ਮੈਂ ਤਾਂ ਸਿਰਫ਼ ਕਤਲੋ-ਗਾਰਤ ਕਰਾਂਗਾ।

ਸ਼ਾਹ ਬਹੁਤ ਖੁਸ਼ ਹੋਇਆ, ਇਹੋ ਜਿਹੇ ਮੌਕੇ ਕਦੀ ਕਦਾਈ ਮਿਲਦੇ ਹਨ। ਜਾਂ ਪੌ-ਬਾਰਾਂ ਜਾਂ ਤਿੰਨ ਕਾਣੇ।

ਝਨਾਂ ਪਾਰ ਕੀਤੀ। ਖ਼ਬਰਾਂ ਹੋਈਆਂ ਅਹਿਮਦ ਸ਼ਾਹ ਅਬਦਾਲੀ ਚੜ੍ਹਿਆ ਆ ਰਿਹੈ।

ਇਹ ਝਨਾਂ ਦਾ ਕੰਢਾ ਪੰਜਾਬ ਦਾ ਦਿਲ ਏ। ਹੁਣ ਤਲਵਾਰਾਂ ਨੂੰ ਫੁੜਕਨ ਦਾ ਮਜ਼ਾ ਆਏਗਾ ਬਹਾਦਰ-ਬਹਾਦਰ ਨਾਲ ਲੜੇ ਤਾਂ ਹੋਈ ਨਾ ਗੱਲ। ਸੁੱਤੇ ਪਏ ਦਾ ਗਾਟਾ ਵੱਢ ਦੇਣਾ, ਇਹ ਕੋਈ ਬਹਾਦਰੀ ਨਹੀਂ। ਲਲਕਾਰੋ, ਫੇਰ ਵਾਰ ਕਰੋ। ਚੜ੍ਹਤ ਸਿੰਘ ਨੇ ਆਖਿਆ। ਬੁੱਢਾ ਦਲ ਮਾਝੇ ਵਿਚ ਈ ਘੁੰਮ ਰਿਹਾ ਸੀ।

ਚੜ੍ਹਤ ਸਿੰਘ ਨੇ ਦਲ ਨੂੰ ਖ਼ਬਰ ਦੇ ਦਿੱਤੀ ਪਰ ਇੰਤਜ਼ਾਰ ਨਾ ਕੀਤਾ।

—ਆ ਜਾ ਬਈ ਕੇਸਰੀ ਪਲਾਅ ਦੇ ਚੌਲਾਂ ਨੂੰ ਬੁਰਕ ਮਾਰ ਲਈਏ।

ਹਲਕਾਰਿਆਂ ਇਤਲਾਹ ਦਿੱਤੀ, ਬਾਰਾਂ ਹਜ਼ਾਰ ਜਵਾਨ ਹਨ ਤੇ ਦੋ ਭਾਰੀ ਤੋਪਾਂ ਵੀ ਵੇਖੀਆਂ ਨੇ ਪਰ ਅਹਿਮਦ ਸ਼ਾਹ ਅਬਦਾਲੀ ਨਾਲ ਨਹੀਂ। ਜਰਨੈਲ, ਜਿਹੜਾ ਅਹਿਮਦ ਸ਼ਾਹ ਅਬਦਾਲੀ ਦੀ ਅਰਦਲ ਵਿਚ ਸੀ, ਉਹ ਚੜ੍ਹਿਆ ਆ ਰਿਹੈ ਕਸਮ ਖਾ ਕੇ। ਮੈਂ ਬੀ ਨਾਸ ਕਰਨਾ ਏ ਨਿਹੰਗਾਂ ਤੇ ਸਿੰਘਾਂ ਦਾ।

ਬਹੁਤ ਜੋਸ਼-ਖ਼ਰੋਸ਼ ਵਿਚ ਸੀ। ਅਨਾੜੀ ਨਹੀਂ ਸੀ, ਤਜਰਬਾਕਾਰ ਸੀ।

—ਮਜ਼ਾ ਨਹੀਂ ਆਇਆ, ਅਹਿਮਦ ਸ਼ਾਹ ਅਬਦਾਲੀ ਨਾਲ ਦੋ ਹੱਥ ਕਰਨੇ ਸਨ। ਏਸ ਬਲੂੰਗੜੇ ਨੂੰ ਤੁਸਾਂ ਪਹਿਲਾਂ ਈ ਭਜਾ ਦਿੱਤਾ ਏ। ਚੜ੍ਹਤ ਸਿੰਘ ਦੇ ਬੋਲ ਸਨ। ਚੱਲੋ ਬਿੱਲੀ ਦਾ ਬੱਚਾ ਈ ਸਹੀ। ਜੇ ਬਘਿਆੜ ਨਹੀਂ ਤਾਂ ਨਾ ਸਹੀ।

ਫ਼ੌਜਾਂ ਆਹਮੋ-ਸਾਹਮਣੇ ਆਣ ਖੜ੍ਹੀਆਂ ਹੋਈਆਂ।

—ਸਰਕਾਰਾਂ ਕੱਲੀਆਂ ਈ ਆਈਆਂ ਨੇ ? ਚੜ੍ਹਤ ਸਿੰਘ ਦੇ ਬੋਲ ਉੱਭਰੇ।

—ਨੀਂਗਰ ਚੰਦ ਵੀ ਆ ਜਾਊ।

—ਕੀ ਤੁਸੀਂ ਲਾਂਗਰੀ ਹੋ ?

—ਜ਼ੁਬਾਨ ਨੂੰ ਲਗਾਮ ਦਿਓ। ਬਹਾਦਰ ਤਲਵਾਰਾਂ ਨਾਲ ਗੱਲਾਂ ਕਰਦੇ ਹਨ, ਜ਼ੁਬਾਨ ਨਹੀਂ ਚਲਾਉਂਦੇ।

—ਘੋੜੇ ਤੇ ਚੜ੍ਹਿਆ ਨੂਰਉਲਦੀਨ ਤੇ ਸਾਹਮਣੇ ਆਣ ਖਲੋਤਾ ਸ਼ੁਕਰਚੱਕੀਆਂ ਦਾ ਸਰਦਾਰ ਚੜ੍ਹਤ ਸਿੰਘ।

ਮਾੜੀ ਜਿਹੀ ਲੜਾਈ ਹੋਈ, ਨਾ ਨੂਰਉੱਲਦੀਨ ਈ ਮਿਲਿਆ ਤੇ ਨਾ ਈ ਉਹਦਾ ਪਛਾਵਾਂ।

ਜ਼ਮੀਨ ਖਾ ਗਈ ਏ ਜਾਂ ਆਸਮਾਨ ਨਿਗਲ ਗਿਐ ?

ਓਸ ਪੱਠੇ ਨੇ ਘੋੜੇ ਨੂੰ ਅੱਡੀ ਲਾਈ ਵਜ਼ੀਰਾਬਾਦ ਵੱਲ ਮੂੰਹ ਕੀਤਾ ਤੇ ਸਿੱਧਾ ਜਾ ਕੇ ਸਿਆਲਕੋਟ ਦਮ ਮਾਰਿਆ ਤੇ ਕਿਲੇ ਵਿਚ ਬੰਦ ਹੋ ਗਿਆ। ਦਰਵਾਜ਼ੇ ਨੂੰ ਦੋ ਸੇਰ ਦਾ ਜੰਦਰਾ ਵੱਜਾ ਹੋਇਆ ਸੀ।

ਚੜ੍ਹਤ ਸਿੰਘ ਦਾ ਜੋਸ਼ ਉਹਦੀ ਤਲਵਾਰ ਦੀ ਧਾਰ ਵਿਚ ਈ ਖ਼ਤਮ ਹੋ ਗਿਆ।

46

ਸਿਆਲਕੋਟ

ਅੱਗੇ-ਅੱਗੇ ਨੂਰਉਲਦੀਨ ਤੇ ਪਿੱਛੇ-ਪਿੱਛੇ ਸਰਦਾਰ ਚੜ੍ਹਤ ਸਿੰਘ। ਖੁਰਾ ਨੱਪਦਾ ਮਗਰ ਲੱਗਾ ਹੋਇਆ ਸੀ। ਨੂਰਉਲਦੀਨ ਦੀ ਫ਼ੌਜ ਨੂੰ ਜਿੱਧਰ ਰਾਹ ਲੱਭਾ, ਓਸ ਓਧਰ ਈ ਮੂੰਹ ਚੁੱਕ ਲਿਆ। ਅੱਧੀ ਫ਼ੌਜ ਦਾ ਲੱਕ ਟੁੱਟ ਗਿਆ ਸੀ। ਦਰਿਆ ਤੇ ਕੰਢੇ ਤੇ ਖੜ੍ਹੇ ਹੋ ਕੇ ਬੇੜੀਆਂ ਲੱਭਦੇ ਫਿਰਦੇ ਸਨ।

ਸਿਆਲਕੋਟ ਦੇ ਕਿਲੇ ਵਿਚ ਬੰਦ ਨੂਰਉਲਦੀਨ ਸੋਚ ਰਿਹਾ ਸੀ। ਐਵੇਂ ਮੌਤ ਮੁੱਲ ਲੈ ਲਈ ਏ। ਸ਼ੇਖੀ ਵਿਚ ਆ ਗਿਆ ਸਾਂ। ਹੁਣ ਨਾ ਤਖ਼ਤ ਮਿਲਣਾ ਏ ਤੇ ਨਾ ਤਖ਼ਤਾ।

ਸਿਆਲਕੋਟ ਦੇ ਕਿਲੇ ਤੋਂ ਚੜ੍ਹਤ ਸਿੰਘ ਚੰਗਾ ਜਾਣੂ ਸੀ।

—ਕਿਲੇ ਦਾ ਫ਼ਾਟਕ ਨਹੀਂ ਖੁਲ੍ਹਣਾ। ਐਵੇਂ ਟੱਕਰਾਂ ਮਾਰਨ ਦੀ ਕੋਈ ਲੋੜ ਨਹੀਂ। ਉੱਤੇ ਚੜ੍ਹ ਜਾਓ। ਆਪ ਜਾ ਕੇ ਫਾਟਕ ਦੀਆਂ ਚਾਬੀਆਂ ਲੈ ਕੇ ਜੰਦਰਾ ਖੋਲ੍ਹੋ। ਆਪਣੇ ਹੱਥਾਂ ਨਾਲ ਇਹ ਮਹੂਰਤ ਕੱਢੋ।

—ਇਹ ਸੇਵਾ ਸਾਨੂੰ ਬਖ਼ਸ਼ੋ। ਇਕ ਨਿਹੰਗ ਸੂਰਮੇ ਨੇ ਅਰਜ਼ ਕੀਤੀ।

—ਕੰਮ ਮੁਸ਼ਕਲ ਏ ਦਲ ਨੂੰ ਆਣ ਦਿੱਤਾ ਜਾਏ। ਫੇਰ ਸਲਾਹ ਕਰਕੇ ਅੱਗੇ ਵਧਾਂਗੇ।

—ਫੇਰ ਤੁਹਾਡੀ ਬਹਾਦਰੀ ਕਾਹਦੀ। ਕੁੱਕੜ ਖੁੱਡੇ ਵਿਚ ਡਕਿਆ ਹੋਇਐ। ਝਟਕਾ ਦਿਓ ਤਾਂ ਸਰਦਾਰ ਚੜ੍ਹਤ ਸਿੰਘ ਦੀ ਬਹਾਦਰੀ ਗਿਣੀ ਜਾਏਗੀ। ਦਲ ਵਾਲਿਆਂ ਜੇ ਕਿਲਾ ਖੋਲ੍ਹ ਲਿਆ ਤਾਂ ਲੋਕਾਂ ਨੇ ਦਲ ਦਾ ਨਾਂ ਈ ਲੈਣਾ ਏ। ਸਰਦਾਰਾ ਤੇਰੇ

ਨਾਂ ਦੀ ਕੋਈ ਗਿਣਤੀ ਨਹੀਂ ਹੋਣੀ।

—ਇਹ ਸਭ ਕੁਝ ਤਾਂ ਦਲ ਵਾਲਿਆਂ ਦਾ ਈ ਬਖ਼ਸ਼ਿਆ ਹੋਇਆ ਏ।

—ਠੀਕ ਏ, ਤੁਸੀਂ ਸੱਚ ਆਖਦੇ ਹੋ। ਪਰ ਤੁਹਾਡੀਆਂ ਸਰਦਾਰੀਆਂ ਤਦ ਈ ਲੋਕਾਂ ਨੇ ਮੰਨਣੀਆਂ ਨੇ ਜਦ ਤੁਸੀਂ ਕੋਈ ਮਾਅਰਕਾ ਮਾਰੋਗੇ।

—ਮੈਂ ਦਲ ਦੀ ਉਡੀਕ ਨਹੀਂ ਕਰਨੀ। ਮੈਂ ਤਾਂ ਤੋਹਫ਼ੇ ਦੇ ਤੌਰ ਤੇ ਥਾਲੀ ਵਿਚ ਚਾਬੀਆਂ ਪਾ ਕੇ ਜੱਸਾ ਸਿੰਘ ਆਹਲੂਵਾਲੀਆਂ ਨੂੰ ਭੇਟ ਕਰਾਂਗਾ।

—ਤੇ ਫੇਰ ਦੇਰ ਕਿਸ ਗੱਲ ਦੀ ਏ। ਪੰਡਤ ਸੱਦਿਐ ਮਹੂਰਤ ਕੱਢਣ ਨੂੰ।

—ਕੁਝ ਤੁਹਾਡੇ ਬੰਦੇ ਅਤੇ ਕੁਝ ਨਿਹੰਗ ਪਾਤਸ਼ਾਹ ਕਿਲੇ ਤੇ ਚੜ੍ਹਨ ਅਤੇ ਅਸੀਂ ਬਾਹਰ ਵਾਲਿਆਂ ਨੂੰ ਰੋਕਾਂਗੇ। ਲਾਵਾਰਿਸ ਫ਼ੌਜ ਵੀ ਸਬਕ ਸਿੱਖੂ। ਅਸੀਂ ਉਨ੍ਹਾਂ ਦੇ ਕੰਨ ਵਿਚ ਨੱਤੀਆਂ ਵੀ ਪਾਵਾਂਗੇ। ਲੰਗਰ ਵੀ ਛਕਾਵਾਂਗੇ, ਪਾਣੀ ਮੂੰਹ ਵਿਚ ਪਾ-ਪਾ ਕੇ ਤੌਣੀ ਵੀ ਲਾਵਾਂਗੇ, ਚਾਹਟਾ ਵੀ ਛਕਾਵਾਂਗੇ।

—ਨਿਹੰਗਾਂ ਦੇ ਪ੍ਰਾਹੁਣੇ। ਸੇਵਾ ਤੇ ਕਰਨੀ ਪਊ।

ਪਤਾ ਲੱਗਾ ਉਦੋਂ ਜਦੋਂ ਨਿਹੰਗ ਪੌੜੀਆਂ ਚੁੱਕੀ ਆ ਰਹੇ ਸਨ। ਚੜ੍ਹਤ ਸਿੰਘ ਦੀ ਫ਼ੌਜ ਅਜੇ ਦੂਰ ਸੀ, ਸਿਰਫ਼ ਅਬਦਾਲੀ ਦੀ ਫ਼ੌਜ ਵਿਚ ਗਹਿਮਾ ਗਹਿਮੀ ਸੀ।

ਸਰਦਾਰ ਚੜ੍ਹਤ ਸਿੰਘ ਨੇ ਹੁਕਮ ਦਿੱਤਾ, ਚੜ੍ਹ ਜਾਓ ਕਿਲੇ ਤੇ। ਸੋਧ ਦਿਓ ਅਬਦਾਲੀ ਦੇ ਲਾਡਲੇ ਚੁਣੇ ਹੋਏ ਬਹਾਦਰ।

ਇਕ ਭਰਪੂਰ ਹਮਲਾ। ਤਲਵਾਰਾਂ ਤਲਵਾਰਾਂ ਨਾਲ ਖਹੀਆਂ। ਮਾੜੀ ਜਿਹੀ ਲੜਾਈ ਹੋਈ। ਝਰੀਟਾਂ ਈ ਆਈਆਂ, ਪਰ ਕਿਸੇ ਦਾ ਸਿਰ ਨਹੀਂ ਸੀ ਲੱਥਾ।

ਨਿਹੰਗ ਚੜ੍ਹ ਗਏ ਸਿਆਲਕੋਟ ਦੇ ਕਿਲੇ ਤੇ। ਇੱਧਰ ਸਰਦਾਰ ਚੜ੍ਹਤ ਸਿੰਘ ਨੇ ਵਾਢੀ ਪਾ ਦਿੱਤੀ। ਫ਼ੌਜ ਕੁਝ ਕਿੱਧਰ ਨੂੰ ਭੱਜ ਗਈ ਤੇ ਕੁਝ ਕਿੱਧਰ ਨੂੰ। ਹਾਹਾਕਾਰ ਮਚੀ ਹੋਈ ਸੀ। ਇਹ ਇਕ ਪੂਰੀ ਹਾਰ ਦੀ ਨਿਸ਼ਾਨੀ ਸੀ।

ਇਕ ਕਬਰਿਸਤਾਨ ਵਿਚ ਪਈਆਂ ਲਾਸ਼ਾਂ। ਲੋਥਾਂ ਤੇ ਲੋਥਾਂ ਚੜ੍ਹੀਆਂ ਹੋਈਆਂ। ਇਕ ਦੂਜੇ ਤੇ ਮੁਰਦੇ ਰੱਖੇ ਹੋਏ ਸਨ।

ਨੂਰਉਲਦੀਨ ਫੇਰ ਭੀੜ ਵਿਚ ਗਵਾਚ ਗਿਆ। ਸਾਨੂੰ ਓਸ ਕੀ ਭਾਲਣਾ ਸੀ ਉਹਨੂੰ ਘਰ ਦੇ ਬੰਦੇ ਵੀ ਨਾ ਲੱਭ ਸਕੇ, ਗਵਾਚ ਗਿਆ।

ਨੱਸ ਗਿਆ, ਕਤਲ ਹੋ ਗਿਆ, ਗ੍ਰਿਫ਼ਤਾਰ ਤਾਂ ਹੋਇਆ ਨਹੀਂ, ਫੇਰ ਗਿਆ ਕਿੱਥੇ?

—ਮੈਂ ਨੱਸਦੇ ਨੂੰ ਵੇਖਿਆ ਸੀ, ਮੈਨੂੰ ਓਦੋਂ ਸ਼ੱਕ ਪਿਆ ਸੀ ਕਿ ਇਹੋ ਈ ਨੂਰਉਲਦੀਨ ਏ।

—ਘੋੜੇ ਤੇ ਚੜ੍ਹਿਆ ਹੋਵੇ, ਉਹਦੇ ਨਾਲ ਸ਼ਾਹੀ ਝੰਡਾ ਲਹਿਰਾਂ ਮਾਰਦਾ ਹੋਵੇ ਤੇ ਹੋਈ ਨਾ ਇਹ ਨਿਸ਼ਾਨੀ। ਓਦਾਂ ਕੀ ਪਤਾ ਲਗਦੈ ਕਿ ਇਹ ਬੰਦਾ ਕੌਣ ਏ।

ਨੱਸ ਗਿਆ ਬੁਜ਼ਦਿਲ ਮੈਦਾਨ ਛੱਡ ਕੇ। ਅਗਲੇ ਦਿਨ ਖ਼ਬਰ ਆਈ ਕਿ ਨੂਰਉਲਦੀਨ ਜੰਮੂ ਨੂੰ ਤੁਰ ਗਿਐ। ਨੌ-ਦੋ ਗਿਆਰਾਂ ਹੋ ਗਿਐ। ਅੱਲਾ ਦੇ ਰਹਿਮ ਤੇ ਜਾਂ ਨਿਹੰਗਾਂ ਦੇ ਰਹਿਮੋ-ਕਰਮ ਤੇ, ਫ਼ੌਜ ਨੂੰ ਗਵਾਚੇ ਵੱਛੇ ਵਾਂਗੂੰ ਛੱਡ ਨਿਕਲਿਐ ਆਪਣੀ ਜਾਨ ਬਚਾਕੇ।

ਇੱਕੋ ਹੀ ਝਟਕੇ ਨੇ ਸਾਰੀ ਫ਼ੌਜ ਤੋਂ ਹਥਿਆਰ ਸੁਟਵਾ ਲਏ। ਕੁਝ ਫ਼ੌਜ ਨੱਸ ਗਈ।

ਮਾਰੇ ਬਹੁਤੇ ਨਹੀਂ ਸਨ ਗਏ। ਲੜਾਈ ਹੋਈ ਤੇ ਜ਼ਰੂਰ ਸੀ ਪਰ ਉਪਰੀ-ਉਪਰੀ। ਐਵੇਂ ਤਲਵਾਰਾਂ ਨੇ ਜ਼ਰਾ ਕੁ ਘੁੰਨ ਲਾਹੇ ਸਨ।

ਹੁਣ ਆਇਆ ਨਿਹੰਗ ਪਾਤਸ਼ਾਹਾਂ ਦਾ ਇਨਸਾਫ਼। ਇਹ ਦਿਲ ਦੇ ਬੜੇ ਬਾਦਸ਼ਾਹ ਹਨ, ਦਿਆਲੂ ਵੀ।

—ਕਿਉਂ ਬਈ ਕੀ ਚਾਹੁੰਦੇ ਹੋ? ਤੁਹਾਡੇ ਨਾਲ ਤੁਹਾਡੇ ਮਾਲਕਾਂ ਵਰਗਾ ਰਸੂਖ਼ ਕੀਤਾ ਜਾਏ?

—ਨਾ-ਨਾ, ਸਾਨੂੰ ਤੁਸੀਂ ਤਨਖ਼ਾਹ ਲਾਓ। ਗੁਰੂ ਦਾ ਦਰਬਾਰ ਏ, ਇੱਥੇ ਕਿਸੇ ਨੂੰ ਦੁਤਕਾਰਨਾ ਨਹੀਂ ਚਾਹੀਦਾ। ਵੈਸੇ ਤੁਸੀਂ ਮਾਲਕ ਹੋ। ਹਾਰੇ ਹੋਏ ਸਿਪਾਹੀ ਦੀ ਕੋਈ ਔਕਾਤ ਨਹੀਂ।

—ਅੱਛਾ ਸਾਡਾ ਫ਼ੈਸਲਾ ਪਿੱਛੋਂ ਸੁਣਨਾ। ਸਭ ਤੋਂ ਪਹਿਲਾਂ ਹੱਥ-ਮੂੰਹ ਧੋਵੋ। ਅੱਲਾ ਨੂੰ ਯਾਦ ਕਰੋ, ਫੇਰ ਲੰਗਰ ਛੱਕੋ। ਢਿੱਡ ਭਰਿਆ ਹੋਵੇ ਤਾਂ ਸਜ਼ਾ ਦੇਣ ਦਾ ਵੀ ਮਜ਼ਾ ਆਉਂਦੇ ਤੇ ਸੁਣਨ ਵਾਲਾ ਵੀ ਅਨੰਦ ਮਾਣਦਾ ਏ। ਅਸੀਂ ਬਾਦਸ਼ਾਹ ਨਹੀਂ, ਅਸੀਂ ਤੇ ਨਿਹੰਗ ਹਾਂ। ਸਾਡੇ ਫੈਸਲੇ ਵੀ ਇਹੋ ਜਿਹੇ ਈ ਹੁੰਦੇ ਹਨ। ਸਾਡੀ ਤੁਹਾਡੇ ਨਾਲ ਦੁਸ਼ਮਣੀ ਥੋੜੀ ਏ।

—ਤਲਵਾਰਾਂ, ਨੇਜ਼ੇ, ਹਥਿਆਰ, ਘੋੜੇ ਛੱਡ ਦਿਓ, ਇਹ ਸਾਡੇ।

—ਜਿੰਨੀ ਦੌਲਤ ਤੁਹਾਨੂੰ ਚਾਹੀਦੀ ਏ, ਲੈ ਜਾਓ ਤੇ ਬਾਕੀ ਸਾਡੀ।

ਜਿਹੜਾ ਫ਼ੌਜੀ ਕੈਦੀ ਦੇ ਰੂਪ ਵਿਚ ਏ, ਉਹਦਾ ਜਿੱਧਰ ਜੀਅ ਕਰਦੈ, ਉਧਰ ਨੂੰ ਚਲਾ ਜਾਵੇ। ਸਾਡਾ ਕੋਈ ਬਹਾਦਰ ਤੁਹਾਨੂੰ ਨਹੀਂ ਰੋਕੇਗਾ। ਸਾਨੂੰ ਜਿੱਥੇ ਆਖੋ, ਅਸੀਂ ਛੱਡ ਆਉਂਦੇ ਹਾਂ।

—ਘੋੜੇ ਜਿੰਨੇ ਵਾਧੂ ਤੁਹਾਡੇ ਕੋਲ ਹੋਣ, ਸਾਨੂੰ ਦੇ ਦਿਓ। ਅਸੀਂ ਹੋਰ ਕੋਈ ਡੰਨ ਨਹੀਂ ਲਾਉਂਦੇ। ਦੌਲਤ ਕਿੰਨੀ ਮਿਲੀ ਸੀ, ਘੋੜੇ ਮਿਲੇ, ਹਥਿਆਰ ਲੱਭੇ। ਇਕ ਗੱਲ ਜਿਹੜੀ ਚੜ੍ਹਤ ਸਿੰਘ ਲੈ ਕੇ ਆਇਆ ਸੀ ਜੰਗ ਵਿਚੋਂ, ਉਹ ਸੀ ਸਰਦਾਰੀ।

ਅਬਦਾਲੀ ਦੇ ਮੁਸਲਮਾਨ ਸਿਪਾਹੀ ਆਖ ਰਹੇ ਸਨ। ਯਾਰੋ ਇਹੋ ਜਿਹਾ ਇਨਸਾਫ਼। ਦੁਸ਼ਮਣ ਨੂੰ ਕੋਈ ਬਖ਼ਸ਼ਦਾ ਨਹੀਂ। ਇਹਨਾਂ ਕਿਸੇ ਨੂੰ ਹੱਥ ਵੀ ਨਹੀਂ ਲਾਇਆ।

ਪਰ ਧੰਨ ਹਨ ਨਿਹੰਗ ਤੇ ਧੰਨ ਏ ਸਰਦਾਰ ਚੜ੍ਹਤ ਸਿੰਘ।

ਕਿਲੇ ਦੀਆਂ ਚਾਬੀਆਂ ਤਸ਼ਤਰੀ ਵਿਚ ਪਾ ਕੇ ਬੁੱਢੇ ਦਲ ਦੇ ਜੱਥੇਦਾਰ ਦੀ ਝੋਲੀ 'ਚ ਪਾਈਆਂ।

ਜੈਕਾਰੇ ਛੁੱਟੇ, ਅਕਾਲ ਅਕਾਲ ਦੇ।

47

ਖਿੱਜ ਪਈ ਅੱਧੀ ਰਾਤ

ਨੂਰਉਲਦੀਨ ਦੀ ਏਨੀ ਦੁਰਗਤ ਹੋਣ ਦੀ ਖ਼ਬਰ ਜਦ ਲਾਹੌਰ ਦੇ ਹਾਕਮ ਖੁਆਜਾ ਉਬੇਦ ਖਾਂ ਨੂੰ ਲੱਗੀ ਤਾਂ ਮੱਛੀ ਵਾਂਗੂੰ ਤੜਫਿਆ ਤੇ ਆਖਣ ਲਗਾ, ਚੜ੍ਹਤ ਸਿੰਘ ਨੇ

ਸਾਡੀ ਪੱਗ ਨੂੰ ਹੱਥ ਪਾਇਐ ਅਤੇ ਅਸੀਂ ਉਹਦੀ ਧੌਣ ਸਣੇ ਪੱਗ ਦੇ ਲਾਹਾਂਗੇ। ਕੱਲ ਜੰਮੀ ਗਿੱਦੜੀ ਤੇ ਅੱਜ ਉਹਦਾ ਵਿਆਹ। ਜੁੰਮਾਂ-ਜੁੰਮਾਂ ਅੱਠ ਦਿਨ ਤਾਂ ਅਜੇ ਹੁਣੇ ਈ ਈਦ ਦੀਆਂ ਮੁਬਾਰਕਾਂ ਦੇਣ ਲੱਗ ਪਿਐ। ਭੁੱਲ ਗਿਐ ਦਿੱਲੀ ਦੀ ਸ਼ਿਕੱਸਤ ਤੇ ਪੰਜਾਬ ਦਾ ਉਜਾੜਾ।

ਇਹ ਹਕੂਮਤ ਦੀ ਹਾਰ ਏ। ਇਹ ਹਕੂਮਤ ਦਾ ਅਪਮਾਨ ਏ। ਜਦੋਂ ਅਹਿਮਦ ਸ਼ਾਹ ਅਬਦਾਲੀ ਨੂੰ ਇਹਦੀ ਖ਼ਬਰ ਹੋਈ, ਉਸ ਮੇਰੀਆਂ ਬੋਟੀਆਂ ਨੋਚ ਲੈਣੀਐਂ। ਅਸੀ ਬਣੀ-ਬਣਾਈ ਹਕੂਮਤ ਨਹੀਂ ਸੰਭਾਲ ਸਕਦੇ। ਅਸੀ ਕਾਹਦੇ ਹਾਕਮ ਹਾਂ, ਖ਼ੁਆਜ਼ਾ ਏਸ ਤਰ੍ਹਾਂ ਸੋਚ ਰਿਹਾ ਸੀ।

ਖ਼ੁਆਜ਼ਾ ਸਾਹਿਬ ਉਹ ਨਿਹੰਗ ਹਨ। ਉਹ ਆਪਣੇ ਘਰ ਦੀ ਰਾਖੀ ਵਾਸਤੇ ਲੜ ਰਹੇ ਹਨ। ਉਹਨਾਂ ਦਾ ਫ਼ਰਜ਼ ਏ। ਅਸਾਂ ਉਨ੍ਹਾਂ ਦੇ ਘਰ ਖੋਹੇ, ਹਕੂਮਤ ਲਈ, ਕੀ ਉਹ ਲੜਨ ਨਾ ? ਤੁਸੀਂ ਤੇ ਧੱਕੇਜ਼ੋਰੀ ਦੇ ਪ੍ਰਾਹੁਣੇ ਹੋ। ਏਨੇ ਗੁੱਸੇ 'ਚ ਆਉਣ ਦੀ ਜ਼ਰੂਰਤ ਨਹੀਂ। ਪਹਿਲਾਂ ਸਾਰੀ ਵਾਰਦਾਤ ਤੇ ਗੌਰ ਕਰ ਲਵੋ ਤੇ ਫੇਰ ਕੋਈ ਕਦਮ ਚੁੱਕਣਾ। ਧੀ ਦੇ ਮੁੱਲੋਂ ਜਵਾਈ ਮਹਿੰਗਾ ਨਾ ਪਏ। ਮੈਂ ਸੁਣਿਆ ਏ, ਚੜ੍ਹਤ ਸਿੰਘ ਨੇ ਪਹਿਲ ਨਹੀ ਕੀਤੀ ਸਗੋਂ ਸ਼ੇਖੀ 'ਚ ਆਏ ਨੂਰਉਲਦੀਨ ਨੇ ਹਮਲਾ ਕੀਤੈ। ਜਦੋਂ ਤੁਸੀ ਕਿਸੇ ਦਾ ਘਰ ਲੁੱਟਣ ਜਾਓ ਤਾਂ ਫੇਰ ਘਰ ਵਾਲਿਆਂ ਤਾਂ ਆਪਣਾ ਬਚਾਅ ਕਰਨਾ ਈ ਏ।

ਤੇਰੀਆਂ ਸਾਰੀਆਂ ਗੱਲਾਂ ਸੱਚੀਆਂ ਹਨ ਪਰ ਅਸੀਂ ਤਾਂ ਹਮਲਾਵਰ ਹਾਂ। ਅਸਾਂ ਜਿਹੜਾ ਵੀ ਕੰਮ ਕਰਨਾ ਏ, ਉਹ ਜੁੱਤੀ ਦੇ ਜ਼ੋਰ ਨਾਲ। ਅਹਿਮਦ ਸ਼ਾਹ ਅਬਦਾਲੀ ਨੇ ਸਾਡੀ ਪੁੱਠੀ ਖੱਲ ਲੁਹਾ ਦੇਣੀ ਏ। ਆਪਣੇ ਬਚਾਅ ਲਈ ਹਮਲਾ ਕਰਨਾ ਜ਼ਰੂਰੀ ਏ। ਖ਼ੁਆਜ਼ਾ ਨੇ ਫੈਸਲਾ ਦੇ ਦਿੱਤਾ।

—ਹਮਲਾ ਕਰੋ, ਜ਼ਰੂਰ ਕਰੋ ਪਰ ਉਹਦਾ ਨਤੀਜਾ ਵੀ ਸੋਚ ਲਵੋ।

—ਹਮਲਾ ਕਰਨ ਨਾਲ ਸਾਡੀ ਇੱਜ਼ਤ ਤੇ ਬਚ ਸਕਦੀ ਏ। ਅਸੀਂ ਸ਼ਾਹ ਤੋਂ ਸੱਚੇ ਵੀ ਹੋ ਜਾਵਾਂਗੇ।

—ਜੇ ਹਮਲਾ ਦਾਬਾ ਮਾਰਨ ਦੀ ਸ਼ਕਲ 'ਚ ਕੀਤਾ ਜਾਏ, ਨਾ ਨੁਕਸਾਨ ਹੋਵੇ ਤੇ ਨਾ ਜਾਨਾਂ ਹੀ ਜਾਣ। ਐਵੇਂ ਢੋਲ ਵਜਾ ਕੇ ਛਿੰਝ ਕੱਠੀ ਕਰ ਲਈਏ। ਕੰਨ ਲਪੇਟ ਕੇ ਵਾਪਸ ਮੁੜ ਆਈਏ।

—ਦੋਸਤ ਚੜ੍ਹਤ ਸਿੰਘ ਨੇ ਚੂੜੀਆਂ ਨਹੀਂ ਪਾਈਆਂ ਹੋਈਆਂ। ਦਲ ਮਾਝੇ ਵਿਚ ਭੌਂ ਰਿਹੈ। ਕਾਂ ਹੱਥ ਸੁਨੇਹਾ ਭੇਜ ਦਿੱਤਾ, ਦਲ ਨੇ ਆ ਜਾਣੈ। ਚੱਕਰਵਰਤੀ ਦਲ ਕਿਸੇ ਵੇਲੇ ਵੀ ਆਣ ਗੱਜ ਸਕਦੈ। ਚੜ੍ਹਤ ਸਿੰਘ ਦੀ ਗਿੱਚੀ ਨੱਪੀ ਜਾ ਸਕਦੀ ਏ ਜੇ ਉਹ ਕੱਲਾ ਹੋਵੇ ਪਰ ਜੇ ਦਲ ਆ ਗਿਆ, ਫੇਰ ਘਮਾਸਾਨ ਦੀ ਲੜਾਈ ਹੋਵੇਗੀ। ਹਮਲਾ ਕਰਨਾ ਏ ਤਾਂ ਫੇਰ ਉਹ ਹਮਲਾ ਈ ਹੋਏਗਾ, ਫੋਕੀਆਂ ਟਾਹਰਾਂ ਨਹੀਂ ਮਾਰਨੀਆਂ। ਸਿਰ ਤੇ ਮੜਾਸੇ ਬੰਨ੍ਹਕੇ ਚੱਲੋ।

—ਵਿਚਾਰ ਤੇ ਖ਼ੂਬ ਏ। ਇਹਦੇ ਤੇ ਅਮਲ ਕੀਤਾ ਜਾਏ।

—ਬਾਰਾਂ ਹਜ਼ਾਰ ਦੀ ਨਫ਼ਰੀ ਘੋੜ ਚੜ੍ਹੇ ਸਵਾਰ। ਹਾਕਮ ਸੱਦੇ ਯਾਰ-ਦੋਸਤ, ਹਮਦਰਦੀ। ਚਲੋ ਬਈ ਉੱਠੋ ਅੱਲਾ ਦੇ ਨਾਂ ਤੇ ਕਾਫ਼ਰਾਂ ਨੂੰ ਦੋਜ਼ਖ਼ ਵਿਚ ਪੁਚਾਉਣਾ ਏ। ਗੁਜਰਾਂਵਾਲੇ ਦੀ ਇੱਟ ਨਾਲ ਇੱਟ ਵਜਾ ਕੇ ਆਉਣੀ ਏ।

—ਜੇ ਬੁੱਢੇ ਦਲ ਦੇ ਦਰਸ਼ਨ ਹੋ ਗਏ ਤਾਂ ਫ਼ੇਰ ਕਿਹਦੀ ਮਾਂ ਨੂੰ ਮਾਸੀ ਆਖਣਾ ਏ ?

—ਨਫ਼ਰੀ ਹੋਰ ਵਧਾ ਲਵੋ, ਹਮਲਾ ਜ਼ੋਰਦਾਰ ਕੀਤਾ ਜਾਏ।

—ਮੈਦਾਨ-ਏ-ਜੰਗ ਦਾ ਨਕਸ਼ਾ ਕਦ ਅਤੇ ਕਿਸ ਵੇਲੇ ਰੰਗ ਪਲਟ ਲੈਂਦਾ ਏ, ਇਹ ਤੇ ਅੱਲਾ ਈ ਜਾਣਦਾ ਏ।

—ਗਿੱਦੜ ਮਾਰਨ ਚੱਲੇ ਓ ਸ਼ੇਰ ਦੀ ਤਿਆਰੀ ਕਰਕੇ ਘਰੋਂ ਨਿਕਲੋ। ਲਾਹੌਰ ਦੀ ਫ਼ਤਿਹ ਅਬਦਾਲੀ ਦੀ ਫ਼ਤਿਹ। ਲਾਹੌਰ ਦੀ ਹਾਰ ਸ਼ਾਹ ਦੀ ਹਾਰ ਸਮਝੀ ਜਾਣੀ ਏ।

ਕੂਚ ਦਾ ਹੁਕਮ ਦੇ ਦਿੱਤਾ ਫੇਰ ਨਗਾਰੇ ਵੱਜੇ, ਢੋਲ ਬੁੜ੍ਹਕਿਆ, ਨੌਬਤ ਬੋਲੀ, ਸੂਰਮਿਆਂ ਨੇ ਮੁੱਛਾਂ ਨੂੰ ਵੱਟ ਦਿੱਤੇ। ਲਸ਼ਕਰ ਨਿਕਲਿਆ ਅੱਲਾ-ਹੂ-ਅਕਬਰ ਦੇ ਨਾਅਰੇ ਮਾਰਦਾ। ਚੜ੍ਹੇ ਸੂਰਮੇ ਲੜਾਕੇ ਜਵਾਨ ਸਰਦਾਰ ਚੜ੍ਹਤ ਸਿੰਘ ਦੀ ਖੁੰਬ ਠੱਪਣ। ਸਾਰੇ ਇਕ ਤੋਂ ਇਕ ਵੱਧ ਸੂਰਮੇ ਸੀ।

ਪਰ ਧੰਨ ਸੀ ਚੜ੍ਹਤ ਸਿੰਘ। ਕੱਲਾ ਈ ਸ਼ੇਰ ਵਾਂਗੂੰ ਮੈਦਾਨ 'ਚ ਗੱਜ ਰਿਹਾ ਸੀ।

ਖ਼ਬਰਾਂ ਬੁੱਢੇ ਦਲ ਨੂੰ ਵੀ ਪੁੱਜ ਗਈਆਂ।

ਅੱਗੋਂ ਗੱਲ ਸਲਾਵਾਂ ਦੇਣ ਵਾਲਿਆਂ ਦੀ ਢਾਣੀ ਵਿਚ ਪੈ ਗਈ ਸੀ। ਹੁਣ ਤੇ ਲਸ਼ਕਰ ਚੜ੍ਹ ਪਿਆ ਸੀ।

ਇਤਲਾਹ ਦਲ ਨੂੰ ਵੀ ਦੇ ਦਿੱਤੀ ਚੜ੍ਹਤ ਸਿੰਘ ਨੇ ਤੇ ਦਲ ਨੇ ਗੁਰਮਤਾ ਵੀ ਕਰ ਲਿਆ। ਚੜ੍ਹਤ ਸਿੰਘ ਨੇ ਬੇਨਤੀ ਕਰ ਭੇਜੀ ਕਿ ਖ਼ੁਆਜ਼ਾ ਬਹੁਤ ਜਾਹੋ-ਜਲਾਲ ਵਿਚ ਚੜ੍ਹਿਆ ਆ ਰਿਹੈ। ਦਲ ਨੂੰ ਚਾਹੀਦੈ ਕਿ ਮੂੰਹ ਤੋੜ ਜਵਾਬ ਦਿੱਤਾ ਜਾਵੇ। ਹੁਣ ਵਕਤ ਏ ਗਾਟਾ ਲਾਹੁਣ ਦਾ। ਇਕੋ ਵਾਰ ਹੀ ਲਾਹ ਛੱਡੋ। ਅਬਦਾਲੀ ਜਦ ਆਏ, ਸਿਰਫ਼ ਕਬਰਾਂ ਦੇ ਦੀਦਾਰ ਕਰੇ।

ਜੱਸਾ ਸਿੰਘ ਆਹਲੂਵਾਲੀਏ ਨੇ ਏਸ ਮੁਹਿੰਮ ਨੂੰ ਆਪਣੇ ਹੱਥਾਂ 'ਚ ਲੈ ਲਿਆ ਤੇ ਹੁਕਮ ਜਾਰੀ ਕੀਤਾ:

—ਜ਼ੈਲ ਸਿੰਹਾਂ ਨਿੱਤਰ ਮੈਦਾਨ ਵਿਚ ਤੇ ਘੇਰਾ ਪਾ ਲੈ। ਇਕ ਬਾਹੀ ਤੇ ਪੂਰਾ ਜ਼ੋਰ ਹੋਣਾ ਚਾਹੀਦੈ। ਹਮਲਾ ਇਕੋ ਵਾਰ ਈ ਕਰਨੈ। ਜੇ ਲਸ਼ਕਰ ਸਿਰ ਤੇ ਈ ਚੜ੍ਹ ਆਏ ਤਾਂ ਫੇਰ ਬਚਾਅ ਕਰੋ ਤੇ ਆਪਣੇ ਸਾਥੀਆਂ ਦੀ ਉਡੀਕ ਕਰੋ। ਕਨ੍ਹੱਈਆ ਸਰਦਾਰ ਸਾਰਿਆਂ ਦੇ ਅੱਗੇ ਹੁੰਦੇ ਆਏ। ਅੱਜ ਵੀ ਆਪਣੀ ਰਸਮ ਨਾ ਭੁੱਲਣ।

—ਅਸੀਂ ਆਪਣਾ ਫ਼ਰਜ਼ ਜਾਣਦੇ ਹਾਂ। ਜੱਥੇਦਾਰ ਨੂੰ ਸਾਡੇ ਵੱਲੋਂ ਕੋਈ ਸ਼ਿਕਾਇਤ ਨਹੀਂ ਹੋਣ ਲੱਗੀ।

ਹਰੀ ਸਿੰਘ ਭੰਗੀ ਨੇ ਤਲਵਾਰ ਨੂੰ ਹੱਥ ਪਾਇਆ, ਮੇਰੇ ਲਈ ਕੀ ਹੁਕਮ ਏ?

—ਦੂਜੀ ਬਾਹੀ ਤੇਰੇ ਜ਼ਿੰਮੇ। ਜਦ ਬੁੱਢੇ ਦਲ ਦਾ ਨਗਾਰਾ ਵੱਜੇ ਤਦ ਦਰਸ਼ਨ ਹੋਣ ਤੇਰੇ।

ਲਹਿਣਾ ਸਿੰਘ ਆਖਣ ਲਗਾ, ਜਥੇਦਾਰ ਜੀ ਮੈਂ ਆਪਣੀ ਬਾਹੀ ਸੰਭਾਲ ਕੇ ਰੱਖਾਂਗਾ। ਤੁਸੀਂ ਫ਼ਿਕਰ ਨਹੀਂ ਕਰਨੀ।

—ਸ਼ੋਭਾ ਸਿੰਘ ਤੇ ਗੁੱਜਰ ਸਿੰਘ ਪਹਿਲਾਂ ਈ ਆਪਣੀ-ਆਪਣੀ ਬਾਹੀ ਦਾ ਫੈਸਲਾ ਕਰ ਚੁਕੇ ਸਨ।

—ਹਮਲਾ ਪੂਰੇ ਜ਼ੋਰ 'ਚ ਕਰਨਾ, ਰਾਹ ਛੱਡ ਦਿਓ ਖ਼ੁਆਜ਼ੇ ਦਾ। ਉਹਨੂੰ ਆਉਣ ਦਿਓ ਅੱਗੇ। ਅੱਗੇ ਵਧਣ ਦਿਓ ਪਰ ਉਹਨੂੰ ਤੁਹਾਡੀ ਤਾਕਤ ਦਾ ਪਤਾ ਨਾ ਲੱਗੇ। ਜੰਗਲ-ਬੇਲੇ ਤੁਹਾਡੇ ਰਾਖੇ ਹਨ। ਤੁਹਾਡਾ ਤੇ ਤੁਹਾਡੇ ਜਵਾਨਾਂ ਦਾ ਖ਼ੁਆਜ਼ੇ ਨੂੰ ਪਤਾ ਨਹੀਂ

ਲੱਗਣਾ ਚਾਹੀਦਾ ਤੇ ਨਾ ਤੁਹਾਡੀ ਗਿਣਤੀ ਦਾ ਅੰਦਾਜ਼ਾ ਈ ਹੋਏ। ਜਦ ਵੀ ਉਹ ਵੇਖੇ ਤੇ ਉਹਦੇ ਸਾਹਮਣੇ ਚੜ੍ਹਤ ਸਿੰਘ ਦੇ ਜਵਾਨ ਈ ਨਜ਼ਰ ਆਉਣ। ਮੈਂ ਸਰਦਾਰ ਚੜ੍ਹਤ ਸਿੰਘ ਵੱਲ ਹਲਕਾਰਾ ਭੇਜ ਦਿੱਤਾ ਏ। ਦਲ ਪੁੱਜ ਰਿਹੈ।

ਲਸ਼ਕਰ ਮੰਜ਼ਲਾਂ ਮਾਰਦਾ ਆ ਪੁੱਜਾ ਗੁੱਜਰਾਂਵਾਲੇ ਦੇ ਮੈਦਾਨ ਵਿਚ। ਖੁਆਜ਼ਾ ਨੌਬਤਾਂ ਵਜਾ ਰਿਹਾ ਸੀ, ਢੋਲ ਵੱਜ ਰਹੇ ਸਨ।

ਉੱਧਰ ਸਰਦਾਰ ਚੜ੍ਹਤ ਸਿੰਘ ਨੇ ਵੀ ਅਰਦਾਸਾ ਸੋਧ ਲਿਆ। ਦਲ ਪੁੱਜ ਗਿਆ ਤੇ ਉਹ ਆਪਣੇ-ਆਪਣੇ ਟਿਕਾਣੇ ਤੇ ਬੈਠ ਚੁਕਾ ਸੀ।

ਖੁਆਜ਼ਾ ਨਾਲ ਖ਼ਾਲੀ ਦੁਆ ਸਲਾਮ ਹੀ ਲਵੋ। ਦਿਨ ਦੇ ਚਾਨਣ ਵਿਚ ਫੋਕੀਆਂ ਗਿੱਦੜ ਭਬਕੀਆਂ ਦੀਆਂ ਧਮਕੀਆਂ ਦਿਓ ਪਰ ਹਮਲਾ ਖ਼ਾਲਸਾ ਅੱਧੀ ਰਾਤ ਤੋਂ ਬਾਅਦ ਕਰੇਗਾ। ਨਗਾਰੇ ਵੱਜਣਗੇ, ਫੇਰ ਉਦੋਂ ਸਾਹ ਲੈਣਾ ਏ ਜਦੋਂ ਖੁਆਜ਼ਾ ਮੈਦਾਨ ਛੱਡ ਜਾਏ ਜਾਂ ਦਲ ਹਰਨ ਹੋ ਜਾਏ।

ਝਾੜੀਆਂ, ਬੇਲੇ, ਦਰਖ਼ਤ ਖ਼ਾਲਸੇ ਦੇ ਰਾਖੇ ਹਨ। ਜੱਸਾ ਸਿੰਘ ਆਹਲੂਵਾਲੀਏ ਦੀ ਕਮਾਨ ਵਿਚ ਦਲ ਲੜਨ ਆਇਆ ਸੀ।

ਸੁੱਖ ਨਿਧਾਨ ਦੇ ਗੱਫੇ ਲਾਏ ਨਿਹੰਗਾਂ ਨੇ। ਰਗੜੇ ਦੀ ਕੋਈ ਕਸਰ ਨਾ ਛੱਡੀ, ਡਲੇ ਵੀ ਛਕਦੇ ਰਹੇ ਤੇ ਅੱਧੀ ਰਾਤ ਲੰਘ ਚੁੱਕੀ ਸੀ। ਨਿਹੰਗਾਂ ਭਾਣੇ ਅਜੇ ਦਿਨ ਈ ਚੜ੍ਹਿਐ।

ਹਮਲਾ। ਸਿਰਫ਼ ਅਕਾਲ-ਅਕਾਲ ਦੇ ਨਾਅਰੇ। ਅੱਲਾ-ਹੂ-ਅਕਬਰ ਦੀ ਆਵਾਜ਼ ਵਿਚੇ ਦੱਬੀ ਗਈ। ਇਕੋ ਈ ਝੜਪ ਵਿਚ ਲਸ਼ਕਰ ਦੀ ਫਟਕੜੀ ਫੁੱਲ ਹੋ ਗਈ। ਖੁਆਜ਼ਾ ਸਭ ਕੁਝ ਛੱਡ ਕੇ ਲਾਹੌਰ ਭੱਜ ਗਿਆ। ਘੋੜੇ, ਬਾਰੂਦ, ਤੋਪਾਂ ਸਾਰਾ ਦਿਨ ਬੁੱਢੇ ਦਲ ਵਾਲੇ ਉਹ ਮਾਲ ਸੰਭਾਲਦੇ ਰਹੇ। ਲਾਹੌਰ ਜਾ ਕੇ ਦੁਹੱਥੜੀ ਪਿੱਟਿਆ। ਅੰਦਾਜ਼ਾ ਗ਼ਲਤ ਸੀ।

ਜਿੱਤ ਜੱਸਾ ਸਿੰਘ ਆਹਲੂਵਾਲੀਏ ਦੀ ਹੋਈ। ਖ਼ੁਸ਼ੀ 'ਚ ਆਏ ਸਰਦਾਰ ਨੇ ਇਕ ਜੋੜੀ ਕੜਿਆਂ ਦੀ ਸਰੋਪਾ ਤੇ ਇਕ ਸੁਨਹਿਰੀ ਤਲਵਾਰ ਭੇਟ ਕੀਤੀ।

ਖੁਆਜ਼ਾ ਜਦ ਲਾਹੌਰ ਪੁੱਜਾ, ਪੱਗ ਗਲ ਵਿਚ ਪਈ ਹੋਈ। ਸਿੰਘਾਂ ਦਾ ਕੜਾਹ ਪ੍ਰਸ਼ਾਦ ਛਕਿਆ ਤਾਂ ਨਹੀਂ ਸੀ ਪਰ ਉਹਦੀ ਖੁਸ਼ਬੂ ਨੱਕ ਵਿਚ ਆ ਰਹੀ ਸੀ।

48

ਅਰਥੀ ਕੌਣ ਚੁੱਕੇ?

ਦਲ ਦੇ ਚਰਚੇ ਥਾਂ-ਥਾਂ ਹੋਣ ਲੱਗ ਪਏ। ਖੁਆਜ਼ਾ ਦੀ ਹਾਰ ਨਾਲ ਲਾਹੌਰ ਵਾਲਿਆਂ ਦਾ ਦਿਲ ਮੁੱਠੀ ਵਿਚ ਆ ਗਿਆ।

—ਹੁਣ ਕੋਈ ਨਵੀਂ ਆਫ਼ਤ ਆਉਣ ਵਾਲੀ ਏ।

—ਉਹ ਕਿੱਦਾਂ, ਤੁਸੀ ਜੋਤਸ਼ੀ ਹੋ?

—ਅਸਾਰ ਦਸਦੇ ਹਨ ਕਿ ਲਾਹੌਰ ਦੇ ਬਾਜ਼ਾਰਾਂ ਵਿਚ ਲਹੂ ਡੁਲ੍ਹੇਗਾ। ਬੁੱਢੇ ਦਲ ਨੇ

ਆਪਣਾ ਮੂੰਹ ਲਾਹੌਰ ਵੱਲ ਕਰ ਲਿਐ। ਲਾਹੌਰ ਦੀ ਹੁਣ ਖ਼ੈਰ ਨਹੀਂ। ਛਛੂੰਦਰ ਜਿਹੀ ਛੱਡ ਕੇ ਖੁਆਜ਼ਾ ਉਬੈਦ ਖਾਂ ਨੇ ਦਲ ਨਾਲ ਦੁਸ਼ਮਣੀ ਮੁੱਲ ਲੈ ਲਈ ਏ। ਲਾਹੌਰ ਆਰਾਮ ਨਾਲ ਵਸਦਾ ਸੀ। ਹੁਣ ਦਲ ਆ ਗਿਐ ਤਾਂ ਫੇਰ ਲਾਹੌਰ ਦੀ ਬਰਬਾਦੀ ਜ਼ਰੂਰੀ ਏ।

—ਪਰਵਾਹ ਨਹੀਂ, ਦਲ ਆਵੇ ਜੀਅ ਸਦਕੇ, ਧੰਨਭਾਗ। ਸਾਡੇ ਕੋਲ ਵੀ ਤਾਜ਼ਾ ਦਮ ਫ਼ੌਜ ਬਹੁਤ ਏ। ਅਸੀਂ ਵੀ ਦੰਦ ਖੱਟੇ ਕਰਕੇ ਭੇਜਾਂਗੇ।

—ਖੁਆਜ਼ਾ ਸਾਹਿਬ ਅਜੇ ਕੱਲ ਮੌਤ ਦੀ ਘਗਰੀ ਝੁੜਕਦੀ ਵੇਖੀ ਨਹੀਂ। ਫ਼ੌਜੀ ਉਹ ਜਿਨ੍ਹਾਂ ਹਾਰ ਖਾਧੀ ਏ। ਅੱਜ ਤਲਵਾਰਾਂ ਫੇਰ ਚੁੱਕ ਲੈਣਗੇ?

—ਵੀਹ ਹਜ਼ਾਰ ਦੀ ਫ਼ੌਜ ਖੜ੍ਹੀ ਏ, ਸਿਪਾਹੀ ਤਨਖ਼ਾਹ ਈ ਸਿਰਫ਼ ਏਸੇ ਗੱਲ ਦੀ ਲੈਂਦੇ ਹਨ। ਜਵਾਬ ਦੇਣਗੇ ਤਾਂ ਕੱਲ ਈ ਗਰਦਨਜ਼ਨੀ ਦਾ ਹੁਕਮ ਸਾਦਰ ਕਰ ਦਿੱਤਾ ਜਾਏਗਾ।

—ਮੇਰੇ ਖ਼ਿਆਲ ਵਿਚ ਬੁੱਢੇ ਦਲ ਨੂੰ ਅੱਗਲਵੰਡੀ ਜਾ ਕੇ ਕੜਾਹ ਪ੍ਰਸ਼ਾਦ ਦੀ ਰਕਮ ਨਜ਼ਰਾਨੇ ਵਜੋਂ ਸ਼ਾਲਾਮਾਰ ਤੋਂ ਬਾਹਰ ਈ ਨਜ਼ਰਾਨੇ ਸਣੇ ਦੇ ਦੇਣੀ ਚਾਹੀਦੀ ਏ ਤਾਕਿ ਪਿੱਛੇ ਮੁੜ ਜਾਏ ਦਲ। ਲਾਹੌਰ ਦੀ ਖ਼ੂਬੀ ਵੀ ਨਾ ਵੇਖੇ। ਇਹਦੇ ਵਿਚ ਆਪਣੀ ਸ਼ਾਨ ਨਹੀਂ ਘਟਦੀ।

—ਸ਼ਾਹ ਇਹ ਗੱਲ ਕਬੂਲ ਕਰ ਲਊ? ਨਿਹੰਗਾਂ ਨਾਲ ਦੋਸਤੀ।

—ਵਕਤ ਪਏ ਤੇ ਗਧੇ ਨੂੰ ਵੀ ਬਾਪ ਆਖ ਲਈਦੈ।

—ਸ਼ਾਹ ਨੇ ਇਹ ਫ਼ੈਸਲਾ ਆਪਣੀ ਹਤਕ ਮਹਿਸੂਸ ਕਰਨੈ।

—ਲਾਹੌਰ ਦੀ ਬਰਬਾਦੀ ਤੋਂ ਬਚਣ ਦਾ ਇਕੋ ਈ ਰਾਹ ਏ।

—ਅਸੀਂ ਹਾਰ ਨਾਲੋਂ ਡੁੱਬ ਮਰਨਾ ਬਿਹਤਰ ਸਮਝਦੇ ਹਾਂ।

—ਤੇ ਫੇਰ ਮੁਕਾਬਲਾ ਕਰੋ ਤੇ ਪਰਖੋ ਦਲ ਦੀਆਂ ਤਲਵਾਰਾਂ। ਆਪਣੀਆਂ ਤਲਵਾਰਾਂ ਦੇ ਜੌਹਰ ਵਿਖਾਓ।

—ਆਏ ਨੀ ਨਿਹੰਗ। ਇਕ ਜ਼ਨਾਨੀ ਬੋਲੀ।

—ਉਹਨਾਂ ਤੇ ਆਉਣਾ ਸੀ।

—ਰਾਖੀ ਲਈ, ਨਿਹੰਗ ਸਿਰਫ਼ ਰਾਖੀ ਈ ਕਰਨਗੇ ਜਾਂ ਹਮਲਾ?

—ਦੋਵਾਂ ਵਿਚੋਂ ਇਕ ਤੇ ਜ਼ਰੂਰ ਹੋਣੈ। ਵੈਸੇ ਲਾਹੌਰ ਦੀ ਰਾਖੀ ਦੇ ਥਾਣੇ ਜੇ ਇਹਨਾਂ ਦੇ ਕਾਬੂ 'ਚ ਆ ਗਏ ਤਾਂ ਰੋਜ਼ ਦਾ ਰੌਲਾ-ਰੱਪਾ ਮੁੱਕ ਜਾਏਗਾ।

—ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ ਦੀ ਪੱਗ ਚੌਰਾਹੇ 'ਚ ਰੋਲੀ ਏ। ਉਹ ਆਪਣੀ ਪੱਗ ਗਹਿਣੇ ਨਹੀਂ ਪਾਉਣ ਲੱਗਾ ਨਿਹੰਗਾਂ ਕੋਲ।

—ਆਖ਼ਰ ਇਕ ਦਿਨ ਤਾਂ ਪੱਗ ਗਹਿਣੇ ਪਾਉਣੀ ਪਏਗੀ।

—ਅਸੀਂ ਤੇ ਗੁਲਾਮ ਹਾਂ ਹੁਕਮ ਦੇ ਬੱਧੇ। ਦੌਲਤ ਦਾ ਮਾਲਕ ਸ਼ਾਹ, ਅਸੀਂ ਸਿਰਫ਼ ਨੌਕਰ। ਤਨਖ਼ਾਹ ਮਿਲੀ ਤੇ ਘਰਦਿਆਂ ਨੂੰ ਭੇਜ ਦਿੱਤੀ ਨਹੀਂ ਤੇ ਘਰਵਾਲੇ ਪਏ ਉਬਾਸੀਆਂ ਲੈਣ। ਸਿਪਾਹੀ ਦੀ ਜ਼ਿੰਦਗੀ ਕੋਈ ਜ਼ਿੰਦਗੀ ਏ। ਖ਼ੂਨ ਸਾਡੇ ਸਿਰ। ਮਰੀਏ ਤਾਂ ਅਸੀਂ ਤੇ ਨਾਮਣਾ ਖੱਟੇ ਅਹਿਮਦ ਸ਼ਾਹ। ਲੜੇ ਫ਼ੌਜ ਤੇ ਨਾਂ ਜਰਨੈਲ ਦਾ।

ਦਲ ਵੀ ਪੁੱਜ ਗਿਆ ਸ਼ਾਲੀਮਾਰ ਦੇ ਲਾਗੇ, ਹੁਣ ਕੀ ਹੁਕਮ ਏ?

—ਫ਼ੌਜਾਂ ਨੂੰ ਹੁਕਮ ਦਿਓ, ਦਲ ਤੇ ਸਿੰਘਾਂ ਨੂੰ ਤਲਵਾਰਾਂ ਦੀ ਭੇਟ ਚੜ੍ਹਾ ਦਿਓ।

ਇਕ ਵੀ ਨਾ ਬਚੇ ਅਰਥੀ ਚੁੱਕਣ ਵਾਲਾ। ਜਨਾਜ਼ਾ ਚੁੱਕਣ ਵਾਲੇ ਲਾਹੌਰ 'ਚ ਮਿਲ ਜਾਣਗੇ, ਪਰ ਇਹਨਾਂ ਨਿਹੰਗਾਂ ਦੀਆਂ, ਇਹਨਾਂ ਸਰਦਾਰਾਂ ਦੀਆਂ ਅਰਥੀਆਂ ਕੌਣ ਚੁੱਕੂ।

—ਇਹ ਤੇ ਵਕਤ ਈ ਦੱਸੇਗਾ, ਜਨਾਜ਼ਾ ਚੁੱਕਣਾ ਏ ਕਿ ਅਰਥੀ।

—ਦੋਸਤ ਤੂੰ ਤੇ ਯਾਰ ਨਿਹੰਗਾਂ ਕੋਲੋਂ ਕੜਾਹ ਪ੍ਰਸ਼ਾਦ ਦੇ ਗੱਫੇ ਲੈ ਕੇ ਆਇਆ ਜਾਪਦੈਂ। ਹਰ ਗੱਲ ਵਿਚ ਉਹਨਾਂ ਦਾ ਈ ਪੱਖ ਪੂਰਨੈਂ, ਵਕਾਲਤ ਕਰ ਰਿਹੈਂ ਬਗ਼ੈਰ ਪੈਸੇ ਲਿਓ, ਕੀ ਡਿੱਠਾ ਏ ਉਨ੍ਹਾਂ ਦੇ?

—ਕੀ ਮੈਂ ਸਰਕਾਰ ਨੂੰ ਹਨ੍ਹੇਰੇ 'ਚ ਰੱਖਾਂ? ਇਹ ਦੋਸਤੀ ਨਹੀਂ ਦੁਸ਼ਮਣੀ ਏ। ਮੈਂ ਦੁੱਧ ਵਿਚੋਂ ਪਾਣੀ ਨਤਾਰ ਕੇ ਵਿਖਾ ਦਿੱਤੈ। ਹੁਕਮ ਤੁਹਾਡਾ, ਅਸੀਂ ਤੇ ਸਿਰਫ ਹੁਕਮ ਦੀ ਪਾਲਣਾ ਕਰਨੀ ਏ।

ਪਹਿਲੀ ਝੜਪ, ਮਹੂਰਤ ਲੜਾਈ ਦਾ। ਢੋਲ ਵੱਜੇ, ਨਗਾਰੇ ਵੱਜੇ, ਨੌਬਤ ਖੜਕੀ। ਸ਼ਾਲਾਮਾਰ ਬਾਗ਼ ਈ ਜੰਗ ਦਾ ਮੈਦਾਨ ਬਣਿਆ। ਦਲ ਵਾਲੇ ਤੁਲੇ ਹੋਏ ਸਨ। ਖ਼ੁਆਜ਼ਾ ਆਪਣੀ ਜ਼ਿਦ ਤੇ ਅੜਿਆ ਹੋਇਆ ਸੀ। ਨਿਹੰਗਾਂ ਨੇ ਆਪਣੀ ਮਾੜੇ ਜਿਹੇ ਹੱਥ ਵਿਖਾ ਕੇ ਲਹੂ-ਲੁਹਾਨ ਕਰ ਦਿੱਤਾ ਮੈਦਾਨ। ਫ਼ੌਜ ਨੱਸ ਉੱਠੀ ਪਰ ਨਿਹੰਗ ਅਜੇ ਵੀ ਡਟੇ ਹੋਏ ਸਨ। ਕੁਝ ਲਾਹੌਰ ਸ਼ਹਿਰ ਵਿਚ ਜਾ ਲੁਕੇ ਤੇ ਕੁਝ ਰਾਵੀ ਪਾਰ ਜਾ ਬੈਠੇ।

ਜੱਸਾ ਸਿੰਘ ਜਾਣਦਾ ਸੀ। ਓਸ ਇਹੋ ਜਿਹੇ ਮਾਅਰਕੇ ਕਈ ਵੇਖੇ ਸਨ। ਓਸ ਸੋਚਿਆ ਗ਼ਲਤੀ ਖ਼ੁਆਜ਼ੇ ਦੀ ਤੇ ਕਤਲ ਹੋ ਜਾਏ ਆਮ ਜਨਤਾ। ਹਿੰਦੂ ਵੀ ਮਰਨਗੇ ਤੇ ਸਿੱਖ ਵੀ। ਇਹ ਕੋਈ ਚੰਗੀ ਗੱਲ ਨਹੀਂ।

ਖ਼ੁਆਜ਼ਾ ਕਿਲੇ 'ਚ ਬੰਦ ਹੋ ਗਿਐ। ਆਰਾਮ ਕਰਨ ਦਿਓ। ਜਦ ਥੱਕ ਜਾਏਗਾ ਉਦੋਂ ਸਈ। ਸਬਜ਼ੀ ਵੇਚ ਕੇ ਜਿਨ੍ਹਾਂ ਨੇ ਆਪਣਾ ਰਾਤੀ ਚੁੱਲ੍ਹਾ ਗਰਮ ਕਰਨਾ ਸੀ, ਕੋਈ ਲਾਹੌਰ ਦੇ ਬਾਜ਼ਾਰਾਂ ਵਿਚ ਹੋਕਾ ਨਾ ਦੇ ਸਕਦਾ। ਕਿਲੇ ਵਾਲਿਆਂ ਨੂੰ ਇਹ ਸਾਮਾਨ ਕਿੱਥੋਂ ਮਿਲੇਗਾ? ਜੱਸਾ ਸਿੰਘ ਦੇ ਬੰਦਿਆਂ ਕਿਲੇ ਵਿਚ ਜਾਣ ਵਾਲਾ ਪਾਣੀ ਬੰਦ ਕਰ ਦਿੱਤਾ।

'—ਵੇਖ ਲੈ ਚਾਅ ਲਾਹ ਕੇ। ਅਸੀਂ ਡੇਰੇ ਸ਼ਾਲਾਮਾਰ 'ਚ ਈ ਰੱਖੇ। ਜਦੋਂ ਤੋਬਾ ਕਰੇਂਗਾ, ਉਦੋਂ ਈ ਲਾਹੌਰ 'ਚ ਦਾਖ਼ਲ ਹੋਵਾਂਗੇ। ਸਾਨੂੰ ਕੋਈ ਕਾਹਲ ਨਹੀਂ।

ਗੁਪਤਚਰ ਨੇ ਇਤਲਾਹ ਦਿੱਤੀ ਕਿ ਕਿਲੇ ਵਿਚ ਸਿਰਫ਼ ਇਕ ਅਠਵਾਰੇ ਦਾ ਸਾਮਾਨ ਬਾਕੀ ਏ।

ਜੱਸਾ ਸਿੰਘ ਆਹਲੂਵਾਲੀਏ ਨੇ ਹੁਕਮ ਦਿੱਤਾ—ਕੋਈ ਵੀ ਖਾਣ-ਪੀਣ ਵਾਲਾ ਸਾਮਾਨ ਅਕਬਰੀ ਮੰਡੀ ਵਿਚ ਨਾ ਵਿਕੇ। ਜਿਹੜੇ ਰੋਜ਼ ਕਮਾਉਂਦੇ ਤਾਂ ਫੇਰ ਉਹਨਾਂ ਦਾ ਚੁੱਲ੍ਹਾ ਰਾਤੀ ਗਰਮ ਹੁੰਦਾ, ਉਹਨਾਂ ਨੂੰ ਬੁੱਢਾ ਦਲ ਵੱਲੋਂ ਖ਼ਰਚਾ ਦਿੱਤਾ ਜਾਏਗਾ। ਉਹ ਗ਼ਰੀਬ ਭੁੱਖੇ ਕਿਉਂ ਸੌਣ? ਅਸਾਂ ਬਦਦੁਆ ਨਹੀਂ ਲੈਣੀ ਗ਼ਰੀਬਾਂ ਤੋਂ। ਲੜਾਈ ਸਾਡੀ ਏ, ਉਨ੍ਹਾਂ ਕੀ ਲੈਣੈ। ਕਿਲੇਦਾਰ ਮੁਸਲਮਾਨ ਹੋਵੇ ਜਾਂ ਸਿੱਖ, ਉਹਨਾਂ ਨੂੰ ਤਾਂ ਦੋ ਰੋਟੀਆਂ ਦਾ ਮਤਲਬ ਏ।

ਮੈਂ ਲਾਹੌਰ ਵਿਚ ਲਹੂ ਦੀ ਇਕ ਬੂੰਦ ਵੀ ਨਹੀਂ ਡੁੱਲ੍ਹਣ ਦੇਣੀ।

ਈਨ ਮਨਾਉਣੀ ਏ ਭੁੱਖੇ ਰੱਖ ਕੇ। ਭੁੱਖਾ ਸ਼ੇਰ ਆਪੇ ਪਿੰਜਰੇ 'ਚ ਪੈ ਜਾਊ।

ਸੱਦੇ ਧਨਾਢ, ਸ਼ਾਹੂਕਾਰ, ਸਰਪੰਚ। ਸੁਣਾਓ ਕੀ ਸੁਲਹਾ ਕਰਨੀ ਏ?

ਸਿੰਘਾਂ ਲਾਹੌਰ ਦਾ ਚੌਗਿਰਦਾ ਘੇਰਿਆ ਹੋਇਆ ਏ। ਬਿੱਲੀ ਦਾ ਬੱਚਾ ਵੀ ਸ਼ਹਿਰ ਵਿਚ ਦਾਖ਼ਲ ਨਹੀਂ ਹੋ ਸਕਦਾ।

ਕੜਾਹ ਪ੍ਰਸ਼ਾਦ ਦਾ ਨਜ਼ਰਾਨਾ ਸਾਡੇ ਵੱਲੋਂ ਤੇ ਬਾਕੀ ਹਰਜਾਨਾ ਤੇ ਦਲ ਦਾ ਖ਼ਰਚਾ ਖੁਆਜ਼ਾ ਸ਼ਾਹੀ ਖ਼ਜ਼ਾਨੇ ਵਿਚੋਂ ਦੇਵੇ। ਇਹ ਗੱਲ ਸ਼ਹਿਰ ਵਾਲੇ ਆਖ ਰਹੇ ਸਨ।

ਪਰਾਤਾਂ ਭਰਕੇ ਮੋਹਰਾਂ ਦੀਆਂ ਸਿਰ ਤੇ ਚੁੱਕ ਕੇ ਖੁਆਜਾ ਉਬੇਦ ਖ਼ਾਂ ਨੰਗੀ ਪੈਰੀਂ ਜੱਸਾ ਸਿੰਘ ਆਹਲੂਵਾਲੀਏ ਦੇ ਸਾਹਮਣੇ ਪੇਸ਼ ਹੋਇਆ। ਮਾਫ਼ ਕਰ ਦਿੱਤਾ ਜੱਸਾ ਸਿੰਘ ਨੇ, ਬੜਾ ਦਿਆਲੂ ਸੀ। ਨਿਹੰਗਾਂ ਦੇ ਦਮਗਜੇ ਜੇ ਬਹੁਤ ਵੱਡੇ ਹਨ ਤਾਂ ਉਨ੍ਹਾਂ ਦੀਆਂ ਛੋਟਾਂ ਵੀ ਵੱਡੀਆਂ ਹਨ।

ਸੁਲਹਾ ਹੋ ਗਈ। ਦੋਵੇਂ ਧਿਰਾਂ ਖੁਸ਼ ਸਨ।

—ਸੁਣਾਓ ਖ਼ਾਂ ਸਾਹਿਬ ਕੀ ਸੇਵਾ ਕੀਤੀ ਜਾਏ?

—ਬਸ ਬਖ਼ਸ਼ੋ, ਭੁੱਲ ਹੋ ਗਈ। ਜੇ ਤੁਸਾਂ ਨਾ ਬਖ਼ਸ਼ਿਆ, ਅਸੀਂ ਦਰਗਾਹੋਂ ਵੀ ਨਹੀਂ ਬਖ਼ਸ਼ੇ ਜਾਵਾਂਗੇ।

—ਆਹ ਲਓ ਚਾਬੀਆਂ, ਕਿਲੇ ਦੇ ਦਰਵਾਜ਼ੇ ਖੁੱਲ੍ਹੇ ਹਨ।

—ਜਾਓ ਮੌਜਾਂ ਲਵੋ। ਸਾਡੇ ਫ਼ਤਿਹ ਦੇ ਜਸ਼ਨ ਵਿਚ ਤੁਸੀਂ ਸ਼ਾਮਲ ਹੋਣਾ ਏ। ਦੁਸ਼ਮਨੀ ਮੈਦਾਨ ਵਿਚ, ਆਹਮੋ-ਸਾਹਮਣੇ ਬੈਠ ਗਏ ਤਾਂ ਫੇਰ ਕਾਹਦਾ ਵੈਰ।

49

ਫ਼ਤਿਹ ਦਾ ਜਸ਼ਨ

ਅੱਜ ਸਰਘੀ ਵੇਲੇ ਦੀਆਂ ਤਿਆਰੀਆਂ ਹੋ ਰਹੀਆਂ ਨੇ, ਕਿੱਧਰ ਚੱਲੀਆਂ ਨੇ ਸਰਕਾਰਾਂ? ਅਣੋਖੀ ਆਖ਼ਣ ਲਗੀ।

—ਫ਼ਤਿਹ ਦਾ ਇਕੱਠ ਏ ਲਾਹੌਰ ਵਿਚ, ਉੱਥੇ ਮੁਬਾਰਕਾਂ ਦੇਣ ਚੱਲਿਆ ਹਾਂ।

—ਮੈਨੂੰ ਵੀ ਨਾਲ ਲੈ ਚੱਲੋ, ਮੈਂ ਵੀ ਲਾਹੌਰ ਵੇਖ ਆਵਾਂ। ਮੇਰੀ ਉੱਥੇ ਇਕ ਸਹੇਲੀ ਵੀ ਏ ਮੁਰਾਦ ਬੇਗਮ। ਕਹਿੰਦੀ ਸੀ ਕਿ ਲਾਹੌਰ ਆਉਣਾ, ਮੈਂ ਆਪ ਵਿਖਾਵਾਂਗੀ ਲਾਹੌਰ।

ਮਹਿੰਦੀ ਤੇ ਚੁੰਨੀ ਬਦਲਣ ਦਾ ਸਾਕ ਬੜਾ ਗੂੜ੍ਹਾ ਹੁੰਦੈ। ਪਰ ਕਦ ਚੱਕੀਰਾਹ ਵਾਂਗੂੰ ਫਿਰ ਜਾਏ, ਇਹ ਤੂੰ ਨਹੀਂ ਜਾਣਦੀ। ਉਹ ਮੁਰਾਦ ਬੇਗ਼ਮ ਏ। ਪਰ ਇਨ੍ਹਾਂ ਬੇਗ਼ਮਾਂ ਦੀ ਜ਼ਬਾਨ ਦਾ ਕੋਈ ਮੁੱਲ ਹੈ। ਤੈਨੂੰ ਇਤਬਾਰ ਹੈ ਪਰ ਸਾਨੂੰ ਨਹੀਂ।

—ਮੇਰਾ ਤੇ ਅੱਗੇ ਵਾਸਤਾ ਪਿਆ ਨਹੀਂ, ਪਹਿਲੀ ਵਾਰ ਏ। ਮੇਰੀ ਕਿਹੜੀ ਬੇਗ਼ਮ ਨਾਲ ਰਿਸ਼ਤੇਦਾਰੀ ਏ।

—ਚੱਲ ਭਲੀਏ ਲੋਕੇ, ਤੈਨੂੰ ਵੀ ਲਾਹੌਰ ਵਿਖਾ ਲਿਆਵਾਂ। ਆਖੀਂ ਨਾ ਕਿ ਮੈਂ ਲਾਹੌਰ ਨਹੀਂ ਵੇਖਿਆ।

—ਮੈਂ ਕਿਹੜੀ ਅਤਰ ਫੁਲੇਲ ਲਾਉਣਾ ਏ। ਘੱਗਰਾ ਮੋਢੇ ਤੇ ਪਾਇਆ ਤੇ ਤਿਆਰ। ਸਰਦਾਰਾਂ ਦੀ ਤਿਆਰੀ ਤੇ ਵਕਤ ਲਗਦੈ। ਤੁਸਾਂ ਤੇ ਪੱਗ ਦੀਆਂ ਨੁੱਕਰਾਂ ਸਵਾਰਨੀਆਂ ਹੋਈਆਂ।

—ਚੱਲ ਫੇਰ ਜੱਥਾ ਤਿਆਰ ਏ। ਘੋੜਾ ਮੰਗਾਵਾਂ ਜਾਂ ਪਾਲਕੀ। ਕਿਹਦੇ ਤੇ ਬਹਿ ਕੇ ਜਾਣੈ?

—ਅੱਜ ਤੁਹਾਡੇ ਬਰਾਬਰ ਈ ਚੱਲਾਂਗੀ। ਘੋੜੇ ਉੱਤੇ ਪਲਾਕੀ ਮਾਰ ਕੇ।

—ਮੇਰੇ ਬਰਾਬਰ ਚੱਲਣ ਲੱਗਿਆਂ ਦਲ ਵਾਲੇ ਨੱਸ ਗਏ। ਘੋੜ ਸਵਾਰੀ ਜੱਸਾ ਸਿੰਘ ਆਹਲੂਵਾਲੀਏ ਦੇ ਨਾਲ ਦੀ ਕੋਈ ਨਹੀਂ ਕਰ ਸਕਦਾ।

—ਤੁਹਾਡੇ ਨਾਲ ਤੇ ਸਾਵਾਂ ਚੱਲਣ ਵਾਲੇ ਮੈਦਾਨ ਛੱਡ ਗਏ ਪਰ ਮੈਂ ਥੋੜ੍ਹਾ ਛੱਡ ਜਾਣੈ। ਜੇ ਤੁਸਾਂ ਜਲਦੀ ਜਾਣੈ ਤਾਂ ਤੁਸੀਂ ਅੱਗੇ-ਅੱਗੇ ਚੱਲੋ ਮੈਂ ਪਿੱਛੇ ਆਈ। ਮੈਨੂੰ ਹੁਣ ਕਿਹੜਾ ਕਿਸੇ ਖਾੜਕੂ ਦਾ ਡਰ ਏ।

—ਜੱਥੇ ਨਾਲ ਆ ਜਾਵੇਂਗੀ, ਹੁਣ ਤੇ ਖਾੜਕੂਆਂ ਦਾ ਡਰ ਨਹੀਂ। ਦੁਰਾਨੀ ਸਿਪਾਹੀ ਭਾਵੇਂ ਮੁਸ਼ਕਲ ਨਾਲ ਨਜ਼ਰ ਪੈ ਜਾਏ। ਵੈਸੇ ਬੀ ਮਾਰ ਦਿੱਤਾ ਏ ਦੁਰਾਨੀਆਂ ਦਾ ਖ਼ਾਲਸੇ ਨੇ।

—ਫ਼ਤਿਹ ਖ਼ਾਲਸੇ ਦੀ ਜੈਕਾਰੇ ਨਿਹੰਗਾਂ ਦੇ, ਰੰਗਰੇਟਿਆਂ ਦੀ ਤਲਵਾਰ ਦੀ ਕਾਟ। ਅਬਦਾਲੀ ਵੀ ਆਪਣਾ ਸਿੱਕਾ ਮੰਨਦੈ। ਖ਼ਾਲਸਾ ਇਰਾਦੇ ਦਾ ਪੱਕਾ ਏ।

ਆਖਣ ਲਗੀ ਅਣੋਖੀ—ਅੱਜ ਚੱਲੀ ਹਾਂ ਲਾਹੌਰ, ਬਾਦਸ਼ਾਹਾਂ ਦਾ ਸ਼ਹਿਰ ਏ। ਮੁਗ਼ਲਾਂ ਦੀ ਰਾਜਧਾਨੀ ਰਹੀ ਏ। ਬਾਗ਼ਾਂ ਵਾਲਾ ਸ਼ਹਿਰ। ਬਾਗ਼ ਈ ਬਾਗ਼ ਏ, ਫਵਾਰੇ ਚਲਦੇ ਹਨ, ਕੁਦਰਤ ਨੂੰ ਧੋਖਾ ਦੇਂਦੇ ਹਨ। ਬੜੀਆਂ ਰੌਣਕਾਂ ਹਨ, ਜਿੱਦਾਂ ਵਿਸਾਖੀ ਦਾ ਮੇਲਾ ਲੱਗਾ ਹੋਵੇ ਜਾਂ ਮੁਕਤਸਰ ਦੀ ਮੱਸਿਆ।

ਜੱਸਾ ਸਿੰਘ ਆਹਲੂਵਾਲੀਏ ਨੇ ਜਦ ਹੁਕਮ ਸਾਦਰ ਕੀਤਾ। ਮੂੰਹ ਲਾਹੌਰ ਵੱਲ ਸੀ। ਟਾਕਰਾ ਜ਼ਿੱਦੀ ਸਰਹੰਦ ਦਾ ਹੋਵੇ ਤੇ ਚੜ੍ਹਤ ਨਿਹੰਗ ਸਿੰਘਾਂ ਦੀ।

ਪਰ ਜੇ ਮੈਂ ਘੋੜੇ ਤੇ ਚੜ੍ਹੀ ਡਿੱਗ ਪਈ ਤਾਂ ਹਾਸਾ ਬਣ ਜਾਊ। ਤਾਂ ਕੀ ਆਪੇ ਟਕੋਰਾਂ ਕਰਦਾ ਫਿਰੇਗਾ ਮੇਰਾ ਦਿਓਰ। ਏਸੇ ਲਈ ਤਾਂ ਵਿਆਹ ਕਰਵਾਇਆ ਸੀ।

—ਮੇਰੇ ਘੋੜੇ ਦੇ ਮਗਰ ਬਹਿ ਜਾ। ਮੈਂ ਤੈਨੂੰ ਪੁਚਾ ਦੇਵਾਂਗੀ। ਆਖਣ ਵਾਲੀ ਸਹੇਲੀ ਸੀ।

—ਨਵੇਂ ਨਵੇਂ ਰੰਗ-ਬਿਰੰਗੇ ਘੱਗਰੇ ਲੈ ਕੇ ਦੇਵਾਂਗੀ, ਰੇਸ਼ਮ ਦੇ ਪੱਟ ਨਾਲ ਕੱਢੇ। ਦੂਜੀ ਜਣੀ ਨੇ ਆਖਿਆ।

—ਮੈਂ ਤਾਂ ਚੂੜੀਆਂ ਚੜ੍ਹਾਉਣੀਆਂ ਨੇ। ਮੈਂ ਤਾਂ ਸੁਣਿਆ ਏ ਕਿ ਮਹਿੰਦੀ ਕਾਲੇ ਬਾਗ਼ਾਂ ਦੀ ਲਾਹੌਰ 'ਚ ਵਿਕਦੀ ਏ। ਸੁਰਮਾ ਬਰੇਲੀ ਦਾ ਵੀ ਲਾਹੌਰ ਦੀ ਸੌਗਾਤ ਏ, ਸੁਰਮੇਦਾਨੀ, ਉਹਦਾ ਤੇ ਕੋਈ ਮੁਕਾਬਲਾ ਈ ਨਹੀਂ।

—ਨੀ ਏਨੀਆਂ ਸੌਗ਼ਾਤਾਂ ਦੇ ਨਾਂ ਤੈਨੂੰ ਕਿੱਥੋਂ ਆ ਗਏ। ਨਾ ਸਾਡੀ ਭਰਜਾਈ ਨੂੰ ਮਿਲੀਆਂ ਤੇ ਨਾ ਮਾਂ ਨੂੰ। ਅਸਾਂ ਤੇ ਐਵੇਂ ਨਾਂ ਈ ਸੁਣੇ ਨੇ, ਵੇਖੀਆਂ ਥੋੜੀਆਂ ਹਨ ਇਹ ਸੌਗ਼ਾਤਾਂ।

—ਭੈਣ ਮੇਰੀ ਗਵਾਂਢਣ ਦਿੱਲੀ ਦੀ ਰਹਿਣ ਵਾਲੀ ਏ। ਕਿਸੇ ਨਵਾਬ ਦੀ ਬੇਗ਼ਮ ਸੀ। ਨਵਾਬ ਮਰ ਗਿਆ ਤੇ ਦੂਜਾ ਨਿਕਾਹ ਕਰ ਲਿਆ।

ਚੂੜੀਆਂ ਦਾ ਛਣਕਾਰ ਤੇ ਮਹਿੰਦੀ ਦੇ ਰੰਗ ਦੀ ਮਹਿਕ ਤੇ ਉੱਤੋਂ ਲੋਹੜਾ ਸੁਰਮੇ ਦਾ। ਪਟੋਲਾ ਬਣ ਜਾਏਂਗੀ। ਕਿਸੇ ਨੇ ਸਾਰੀ ਨੂੰ ਚੂਪ ਲੈਣਾ ਏ।

ਪਹਿਲਾਂ ਖ਼ਾਲਸੇ ਦੀ ਚੜ੍ਹਤ ਵੇਖਦੇ ਸਾਂ ਤੇ ਅੱਜ ਜਸ਼ਨ ਲਾਹੌਰ ਦੀ ਫ਼ਤਿਹ ਦਾ।

ਘੜੀਆਂ ਸੁੱਖਣਾ ਸੁਖਦਿਆਂ ਇਹ ਦਿਨ ਵੇਖਿਆ ਏ। ਅੱਜ ਦਲ ਵਾਲੇ ਬਹੁਤ ਖੁਸ਼ ਹਨ। ਗੁਰਾਂ ਦੇ ਬਚਨ ਪੂਰੇ ਹੋ ਰਹੇ ਹਨ।

—ਏਸ ਜਸ਼ਨ ਵਿਚ ਹੋਵੇਗਾ ਕੀ? ਘੋੜਿਆਂ ਦੀ ਦੌੜ, ਨੇਜ਼ੇਬਾਜ਼ੀ ਦੇ ਕਰਤਬ, ਤੀਰ ਅੰਦਾਜ਼ੀ ਦੇ ਕਮਾਲ?

—ਹਾਂ ਇਹ ਸਭ ਕੁਝ ਤੇ ਹੋਵੇਗਾ ਈ। ਦਲ ਵਾਲਿਆਂ ਨੇ ਫੈਸਲਾ ਕੀਤਾ ਏ ਇਹਨਾਂ ਬਹਾਦਰਾਂ ਨੂੰ ਸਰੋਪੇ, ਕੜਿਆਂ ਦੀ ਜੋੜੀ ਤੇ ਕਿਸੇ ਨੂੰ ਘੋੜਾ ਸੁਨਹਿਰੀ ਸਾਜ਼ ਵਿਚ ਜੜਿਆ ਹੋਇਆ ਇਨਾਮ ਵਿਚ ਦਿੱਤਾ ਜਾਏਗਾ।

—ਹੋਰ ਕਿਹੜੀ ਵੱਖਰੀ ਗੱਲ ਏ ਜਿਹੜੀ ਸਾਡੇ ਦਲ ਵਿਚ ਨਹੀਂ ਹੁੰਦੀ।

—ਗੱਲਾਂ ਤੇ ਉਹੋ ਈ ਹਨ, ਪਰ ਜਦ ਉਹਦਾ ਹੁਨਰ ਸ਼ਰੀਕਾਂ ਤੱਕ ਪੁੱਜ ਜਾਏਗਾ ਤਦ ਓਸ ਸੂਰਮੇ ਨੂੰ ਪੰਥ ਨਿਵਾਜਦਾ ਏ। ਸਾਰੀ ਜ਼ਿੰਦਗੀ ਦਾ ਮੁੱਲ ਮਿਲ ਜਾਂਦੈ। ਇਹ ਦਾਤ ਕਿਸੇ-ਕਿਸੇ ਨੂੰ ਮਿਲਦੀ ਏ।

—ਪੰਜ ਘੋੜੇ ਤੇ ਛੇ ਜਣੀਆਂ ਨਿਹੰਗਣਾਂ ਨੇ ਗੁਰੂ ਦਾ ਨਾਂ ਲਿਆ, ਅਰਦਾਸਾ ਸੋਧਿਆ ਤੇ ਪਲਾਕੀ ਮਾਰੀ ਘੋੜਿਆਂ ਤੇ। ਅੱਡੀ ਲਾਈ, ਘੋੜੇ ਗੱਲਾਂ ਕਰਨ ਲੱਗ ਪਏ ਹਵਾ ਦੇ ਨਾਲ। ਇਹੋ ਜਿਹਾ ਸਮਾਂ ਅੱਗੇ ਨਹੀਂ ਆਇਆ। ਅੱਜ ਕੁਦਰਤ ਨੇ ਰਹਿਮਤ ਕੀਤੀ ਏ।

ਜੱਥੇ ਅੱਗੇ ਵੀ ਜਾ ਰਹੇ ਸਨ ਤੇ ਜੱਥੇ ਪਿੱਛੇ ਵੀ ਆ ਰਹੇ ਸਨ। ਵਿਚ ਸੀ ਰੂਪਮਤੀਆਂ ਦੀ ਡਾਰ। ਘੋੜੇ ਪੰਜ ਤੇ ਸਵਾਰੀਆਂ ਛੇ।

ਘੋੜੇ ਧੂਮਣੀਆਂ ਪਾਉਂਦੇ ਜਾ ਰਹੇ ਸਨ। ਨੱਚਦੇ। ਲੱਪ-ਲੱਪ ਰੂਪ ਚੜ੍ਹਿਆ ਹੋਇਆ ਸੀ। ਅਕਾਲ-ਅਕਾਲ ਦੇ ਨਾਅਰੇ ਗੂੰਜ ਰਹੇ ਸਨ।

ਦਲ ਦਾ ਪੂਰਾ ਜਲਾਲ ਲੋਕਾਂ ਵੇਖਿਆ। ਦਲ ਵਾਲਿਆਂ ਪੁਰਾਣਾ ਲਾਹੌਰ ਵੀ ਵੇਖਿਆ ਸੀ ਤੇ ਹੁਣ ਨਵਾਂ ਲਾਹੌਰ ਵੀ ਵੇਖਣਗੇ।

ਦਰਬਾਰੇ ਆਮ ਦਲ ਦੀ ਛਤਰਛਾਇਆ ਵਿਚ ਜਸ਼ਨ ਫ਼ਤਿਹ ਦਾ। ਨਗਾਰੇ ਵੱਜੇ, ਨਰਸਿੰਘਿਆਂ ਨੇ ਧਾਕ ਜਮਾਈ, ਢੋਲ ਵੀ ਵੱਜਣ ਦਿੱਤਾ। ਅੱਜ ਜਸ਼ਨ ਏ, ਜੋ ਕਿਸੇ ਦਾ ਜੀਅ ਆਏ, ਵਜਾਏ। ਪੰਜਾਂ ਘੋੜਿਆਂ ਤੋਂ ਸਵਾਰੀਆਂ ਨੂੰ ਉਤਾਰਿਆਂ ਤੇ ਫ਼ਤਿਹ ਗਜਾਈ ਉਨ੍ਹਾਂ ਸਿੰਘਣੀਆਂ ਨੇ ਜੱਸਾ ਸਿੰਘ ਆਹਲੂਵਾਲੀਏ ਨੂੰ।

50

ਸਿੱਕਾ ਆਪਣੇ ਨਾਂ ਦਾ

ਸਿੱਕ ਜ਼ਦ ਦਰ ਜਹਾਂ ਬ-ਫਜ਼ਲਿ ਅਕਾਲ।
ਮੁਲਕਿ ਅਹਿਮਦ ਗਿਰਿਫ਼ਤ ਜੱਸਾ ਕਲਾਲ॥

ਪੰਜਾਬ ਵਾਲੇ ਏਸ ਸਿੱਕੇ ਨੂੰ ਅਕਾਲ ਪੁਰਖ ਦੀ ਦੇਣ ਸਮਝਦੇ ਸਨ ਤੇ ਲੋਕਾਂ ਨੇ ਇਸ ਨੂੰ ਏਸ ਤਰ੍ਹਾਂ ਮੰਨਿਆ। ਸਿੱਕੇ ਤੇ ਜੱਸਾ ਕਲਾਲ ਲਿਖਣ ਦਾ ਮਤਲਬ ਇਹ ਸੀ ਕਿ ਤੂੰ ਬੜਾ ਬਣਿਆ ਫਿਰਦਾ ਏ ਬਾਦਸ਼ਾਹ, ਲੈ ਇਹ ਮਾਮੂਲੀ ਕਲਾਲ ਨੇ ਤੇਰਾ ਸਾਰਾ

ਰਾਜ ਭਾਗ ਖੋਹ ਲਿਐ ਤੇ ਆਪਣੇ ਨਾਂ ਦਾ ਸਿੱਕਾ ਜਾਰੀ ਕਰ ਦਿੱਤੈ। ਇਹ ਸ਼ਰਮ ਦੇਣ ਲਈ, ਤੈਸ਼ ਵਿਚ ਲਿਆਉਣ ਲਈ ਇਹ ਸਿੱਕਾ ਘੜਾਇਆ ਗਿਆ ਸੀ। ਅਸਲ ਸਿੱਕਾ ਦੇਗ-ਤੇਗ ਫ਼ਤਿਹ ਵਾਲਾ ਸੀ।

ਪੰਜ ਬਾਣੀਆਂ ਦਾ ਪਾਠ ਤੇ ਫੇਰ ਅਰਦਾਸ ਸਤਗੁਰਾਂ ਅੱਗੇ। ਪੰਜਾਂ ਪਰਾਤਾਂ ਵਿਚ ਸਿੱਕਾ ਜੱਸਾ ਸਿੰਘ ਆਹਲੂਵਾਲੀਏ ਦੇ ਨਾਂ ਦਾ ਭਰ ਦਿੱਤਾ।

ਸਾਰੇ ਸਰਦਾਰਾਂ-ਜੱਥੇਦਾਰਾਂ ਨੇ ਨੰਗੇ ਪੈਰੀਂ ਇਹ ਪਰਾਤਾਂ ਚੁੱਕੀਆਂ ਤੇ ਲਿਆ ਰੱਖੀਆਂ ਜੱਸਾ ਸਿੰਘ ਆਹਲੂਵਾਲੀਏ ਸਾਹਮਣੇ।

ਸਾਰੇ ਪੰਥ ਨੇ ਜੱਸਾ ਸਿੰਘ ਆਹਲੂਵਾਲੀਏ ਨੂੰ ਨੁਵਾ ਧੁਆ ਕੇ ਨਵਾਂ ਪੋਸ਼ਾਕਾ ਪਵਾਇਆ ਤੇ ਤਖ਼ਤਪੋਸ਼ ਤੇ ਵਿਛੇ ਮਖ਼ਮਲੀ ਚਾਦਰੇ ਤੇ ਲਿਆ ਬਿਠਾਇਆ।

ਇਹ ਗੱਲ ਅਣੋਖੀ ਜਾਣਦੀ ਨਹੀ ਸੀ ਤੇ ਨਾ ਈ ਉਹਨੂੰ ਪਤਾ ਸੀ। ਅਣੋਖੀ ਵੇਖ ਕੇ ਬਾਗ਼-ਬਾਗ਼ ਹੋ ਗਈ। ਮੇਰਾ ਸਰਦਾਰ ਪੰਥ ਦਾ ਜੱਥੇਦਾਰ। ਮੇਰੇ ਸਰਦਾਰ ਦੀ ਏਨੀ ਵੱਡੀ ਇੱਜ਼ਤ। ਸਾਰੀ ਕੌਮ ਸਾਰਾ ਪੰਥ ਮੇਰੇ ਸਰਦਾਰ ਅੱਗੇ ਸਿਰ ਝੁਕਾਏ। ਇਹ ਤਾਂ ਮੈਂ ਜਾਣਦੀ ਨਹੀਂ ਸਾਂ। ਮਿਹਰਾਂ ਸੱਚੇ ਪਾਤਸ਼ਾਹ, ਤੂੰ ਮਿਹਰਬਾਨ ਏਂ। ਆਪਣੇ ਸੇਵਕਾਂ ਨੂੰ ਇਹ ਇਨਾਮ ਬਖ਼ਸ਼ਿਆ ਈ।

—ਭਾਬੀ ਅਣੋਖੀ ਤੂੰ ਬੜੀ ਭਾਗਵਾਨ ਏਂ, ਜਿਹਨੂੰ ਇਹੋ ਜਿਹਾ ਸਰਦਾਰ ਮਿਲਿਐ। ਬੋਲ ਇਕ ਸਹੇਲੀ ਦੇ ਸਨ।

ਇਹ ਸਭ ਪੰਥ ਦੀ ਕਿਰਪਾ ਏ। ਜਿਨ ਹਮਕੀ-ਤੁਮਕੀ ਨੂੰ ਪਾਤਸ਼ਾਹ ਬਣਾ ਦਿੱਤਾ ਏ। ਕਿੱਥੇ ਘੋੜਿਆਂ ਦੀ ਲਿੱਦ ਚੁੱਕਣ ਵਾਲਾ ਤੇ ਕਿੱਥੇ ਸੁਲਤਾਨੁਲ-ਕੌਮ। ਕਿੱਥੇ ਇਕ ਮਾਮੂਲੀ ਜਿਹੀ ਮਾਲਾ ਫੇਰਨ ਵਾਲਾ ਤੇ ਕਿੱਥੇ ਪੁਜਾਰੀ ਮਹਾਂਕਾਲ ਦਾ। ਗੁਰਾਂ ਨੇ ਬਖ਼ਸ਼ਿਸ਼ ਕੀਤੀ ਏ, ਪੰਥ ਨੇ ਚੁਣ ਲਿਆ ਏ ਜੱਸਾ ਸਿੰਘ ਆਹਲੂਵਾਲੀਆ। ਹਰ ਇਕ ਸਰਦਾਰ ਨੇ ਪਹਿਲਾਂ ਸਰਵਾਰਨਾ ਕੀਤਾ ਤੇ ਫੇਰ ਨਜ਼ਰਾਨਾ ਪੇਸ਼ ਕੀਤਾ। ਸਰਵਾਰਨਾ ਕਰਨ ਵਾਲਿਆਂ ਨੇ ਤਾਂ ਹੱਦਾਂ ਈ ਲਾਹ ਦਿੱਤੀਆਂ। ਫੁੱਲਾਂ ਦੇ ਹਾਰ ਏਨੇ ਪਾਏ ਕਿ ਸਰਦਾਰ ਦਾ ਮੁੱਖੜਾ ਈ ਕੀਤੇ ਨਜ਼ਰ ਨਹੀ ਸੀ ਆਉਂਦਾ।

ਵਧਾਈਆਂ ਦੇ ਰਹੀਆਂ ਸਨ ਹਾਨਣਾ, ਸਹੇਲੀਆਂ ਤੇ ਸਰਦਾਰਾਂ ਦੀਆਂ ਘਰਵਾਲੀਆਂ, ਲਕਸ਼ਮੀਆਂ, ਦੇਵੀਆਂ, ਮੈਦਾਨ ਵਿਚ ਰੰਨਚੰਡੀ ਦਾ ਜਲਾਲ ਵਿਖਾਉਣ ਵਾਲੀਆਂ।

ਖ਼ੈਰਾਤ ਅਰੰਭ ਹੋਈ, ਰੁਤਬੇ ਵਡੇ ਕੀਤੇ ਸਰਦਾਰਾਂ ਦੇ। ਇਨਾਮ-ਕਰਾਮ ਵੀ ਵੰਡੇ।

ਸਿੰਧ ਤੋਂ ਲੈ ਕੇ ਸਤਲੁਜ ਤਕ ਦਾ ਇਲਾਕਾ ਖ਼ਾਲਸੇ ਨੇ ਦਲ ਦੀ ਝੋਲੀ 'ਚ ਪਾਇਆ। ਭਾਵੇਂ ਅਹਿਲਕਾਰ ਅਜੇ ਕੁਝ ਅਬਦਾਲੀ ਦੇ ਸਨ ਤੇ ਕੁਝ ਨਵੇਂ ਬੁੱਢੇ ਦਲ ਦੇ ਥਾਪੇ ਸੇਵਕ ਸੂਰਮੇ। ਕੜਿਆਂ ਦੀਆਂ ਜੋੜੀਆਂ ਦੀਆਂ ਜੋੜੀਆਂ ਵੰਡੀਆਂ, ਸਰੋਪੇ ਵੀ ਦਿੱਤੇ, ਜੜਾਊ ਤਲਵਾਰਾਂ ਦੇ ਤੋਹਫ਼ੇ। ਸਾਜ਼ ਸੁਨਿਹਰੀ ਨਾਲ ਮੜ੍ਹੇ ਹੋਏ ਘੋੜੇ। ਸਭ ਕੁਝ ਇਹ ਜੱਸਾ ਸਿੰਘ ਹੱਥੋਂ ਹੋਇਆ। ਅਣੋਖੀ ਦਾ ਲੂੰ-ਲੂੰ ਖਿੜ ਉੱਠਿਆ। ਉਹਦੇ ਪੈਰ ਧਰਤੀ ਤੋਂ ਗਿੱਠ-ਗਿੱਠ ਉੱਚੇ ਸਨ।

ਸੁਲਤਾਨੁਲ ਕੌਮ ਦੀ ਪਦਵੀ ਪੰਜਾਂ ਪਿਆਰਿਆਂ ਨੇ ਭੇਟ ਕੀਤੀ ਤੇ ਨਾਲ ਅਸੀਸ ਵੀ ਦਿੱਤੀ। ਰਾਜ ਦੀ ਨੀਂਹ ਰੱਖੀ ਗਈ ਏ ਹੁਣ ਪੰਜਾਬ ਦਾ ਰਾਜ ਸਾਡੇ ਨਾਂ ਲਿਖਿਆ ਗਿਆ ਏ। ਗੁਰਾਂ ਦੀ ਮਿਹਰ ਸਦਕਾ ਮਹੂਰਤ ਚੰਗਾ ਹੋਇਆ ਏ। ਵਾਹਿਗੁਰੂ ਆਪੇ ਕਾਰਜ ਸਿੱਧ ਕਰੇਗਾ।

ਜੈਕਾਰੇ, ਬੋਲੇ ਸੋ ਨਿਹਾਲ-ਸਤ ਸ੍ਰੀ ਅਕਾਲ ਦੇ ਗੂੰਜੇ। ਫਰਲਿਆਂ ਵਾਲੇ, ਨਿਹੰਗ ਦੂਰ ਲਿਸ਼ਕਾਰੇ ਮਾਰ ਰਹੇ ਸਨ।

ਦਲ ਵਾਲੇ ਪ੍ਰਸੰਨ ਸਨ। ਹੁਣ ਸਾਰਾ ਇੰਤਜ਼ਾਮ ਦਲ ਨੇ ਆਪਣੇ ਹਿਸਾਬ ਨਾਲ ਕਰਨਾ ਸੀ। ਅਜੇ ਅਬਦਾਲੀ ਦੇ ਹਮਦਰਦੀ, ਉਹਦੇ ਹਮਾਇਤੀ ਲਾਹੌਰ 'ਚ ਲੁਕੇ ਬੈਠੇ ਹਨ। ਉਹਨਾਂ ਦਾ ਖ਼ਿਆਲ ਸੀ ਕਿ ਇਹ ਰਾਜ ਕੁਝ ਮਹੀਨਿਆਂ ਦਾ ਏ। ਇਹ ਕਾਗ਼ਜ਼ ਦੀ ਲੰਕਾ ਏ, ਐਵੇਂ ਫੂਕੀ ਜਾਣੀ ਏ। ਚਾਰ ਦਿਨ ਨਿਹੰਗ ਅਤੇ ਸਰਦਾਰ ਨਸ਼ੇ ਦੇ ਹੁਲਾਰੇ ਲੈ ਲੈਣ। ਅਹਿਮਦ ਸ਼ਾਹ ਅਬਦਾਲੀ ਆਇਆ ਤੇ ਇਹਨਾਂ ਨੇ ਨੱਸ-ਭੱਜ ਜਾਣਾ ਏ। ਇਹ ਕੁੱਕੜ ਸਦਾ ਨਹੀਂ ਬੋਲਣੇ।

ਨਾ ਏਥੇ ਹਨ ਮਰਹੱਟੇ ਤੇ ਨਾ ਮੁਗ਼ਲ। ਪੰਜਾਬ ਨੂੰ ਤੇ ਰੱਬ ਦੇ ਆਸਰੇ ਛੱਡ ਦਿੱਤਾ ਏ। ਜੋ ਵਾਹਿਗੁਰੂ ਕਰੇ, ਉਹੋ ਈ ਹੋਣਾ ਏ।

ਪੰਜਾਬ ਦਾ ਰਾਜ-ਭਾਗ ਸੰਭਾਲਣ ਲਈ ਹੋਰ ਕਿੰਨੀਆਂ ਕੁਰਬਾਨੀਆਂ ਦੇਣੀਆਂ ਪੈਣਗੀਆਂ।

ਬੁਰਕੇ ਪਾ ਕੇ ਬਿੜਕਾਂ ਲੈਂਦੇ ਫਿਰਦੇ ਹਨ, ਅਬਦਾਲੀ ਦੇ ਜਾਸੂਸ।

ਬੁੱਢੇ ਦਲ ਦੀ ਜਿੱਤ ਸੀ। ਬੁੱਢੇ ਦਲ ਨੇ ਇਹੋ ਜਿਹੇ ਜ਼ਮਾਨੇ ਅੱਗੇ ਕਈ ਵੇਰਾਂ ਵੇਖੇ ਸਨ। ਲਾਹੌਰ ਵਿਚ ਅਮਨ ਸੀ, ਲੋਕ ਸੁਖੀ ਬੈਠੇ ਸਨ। ਦਲ ਦੇ ਬਲਿਹਾਰੇ ਜਾ ਰਹੇ ਸਨ। ਲਾਹੌਰ ਵਿਚ ਕਿਸੇ ਦਾ ਬੂਹਾ ਤੱਕ ਵੀ ਨਹੀਂ ਸੀ ਖੜਕਿਆ। ਲਾਹੌਰ ਦੀ ਜਨਤਾ ਨੂੰ ਕਿਤੇ ਝਰੀਟ ਵੀ ਨਹੀਂ ਸੀ ਆਈ। ਸਿਰਫ਼ ਕਿਲੇ ਤੇ ਮਾੜੀ ਜਿਹੀ ਘਸੀਟ ਜਿਹੀ ਆਈ। ਉਬੈਦ ਖ਼ਾਂ ਅਜੇ ਵੀ ਕਿਲੇ ਦੇ ਅੰਦਰ ਬੈਠਾ ਹੋਇਆ ਸੀ। ਨੱਸਣ ਨੂੰ ਕੋਈ ਰਾਹ ਨਹੀਂ ਸੀ। ਆਖਦੇ ਹਨ ਕੀ ਉਬੈਦ ਖ਼ਾਂ ਨੇ ਸ਼ਰਮਿੰਦਗੀ ਵਿਚ ਜ਼ਹਿਰ ਖਾ ਲਿਆ। ਜਦ ਕਿਲੇ ਦਾ ਦਰਵਾਜ਼ਾ ਖੋਲ੍ਹਿਆ ਜਨਾਜ਼ਾ ਕੱਢਣ ਲਈ, ਜ਼ਨਾਜ਼ਾ ਤੁਰਿਆ ਜਾ ਰਿਹਾ ਸੀ ਤੇ ਲੋਕ ਆਖ ਰਹੇ ਸਨ, ਇਹ ਜ਼ਨਾਜ਼ਾ ਉਬੈਦ ਖ਼ਾਂ ਦਾ ਏ।

ਵਿਚ-ਵਿਚ ਇਹ ਵੀ ਆਖ ਰਹੇ ਸਨ ਲੋਕ ਕਿ ਉਬੈਦ ਖ਼ਾਂ ਅੱਖ ਬਚਾਅ ਕੇ ਨਿਕਲ ਗਿਐ। ਅੱਖਾਂ 'ਚ ਧੂੜ ਪਾ ਕੇ ਨਿਕਲ ਗਿਆ ਏ। ਇਹ ਜ਼ਨਾਜ਼ਾ ਕਿਸੇ ਹੋਰ ਬੰਦੇ ਦਾ ਏ।

ਉਬੈਦ ਖ਼ਾਂ ਕਿੱਧਰ ਗਿਆ ਏ, ਕੁਝ ਪਤਾ ਨਾ ਲੱਗਾ, ਦੱਸ ਪੁਛ ਨਾ ਪਈ। ਗੱਲ ਰੌਲੇ 'ਚ ਪੈ ਗਈ।

ਖ਼ਾਲਸੇ ਦਾ ਸਿੱਕਾ ਮੰਡੀ ਵਿਚ ਆ ਗਿਆ। ਇਸੇ ਸਿੱਕੇ ਦੀ ਬਦੌਲਤ ਕਾਰਵਿਹਾਰ ਚੱਲਣ ਲੱਗ ਪਿਆ।

ਮੌਲਾਣਿਆਂ ਤੇ ਕਾਜ਼ੀਆਂ ਨੇ ਸੋਚਿਆ ਕਿ ਸਿੰਘਾਂ ਦਾ ਸਿੱਕਾ ਚੱਲ ਪਿਆ ਏ। ਮੁਹੰਮਦ ਸ਼ਾਹੀ ਸਿੱਕਾ ਕਿਤੇ ਨਜ਼ਰ ਨਹੀਂ ਆਉਂਦਾ।

ਦਲ ਦੇ ਸਾਹਮਣੇ ਦਲ ਦੇ ਖ਼ਿਲਾਫ਼ ਕੋਈ ਉਭਾਸਰਦਾ ਨਹੀਂ ਸੀ ਪਰ ਮੌਲਾਣੇ ਨੇ ਇਕ ਚਾਲ ਹੋਰ ਚੱਲੀ। ਇਕ ਸਿੱਕਾ ਹੋਰ ਬਣਾਇਆ ਜਿਹਦੇ ਤੇ ਜੱਸਾ ਕਲਾਲ ਦਾ ਨਾਂ ਉਕਰਿਆ ਹੋਇਆ ਸੀ। ਉਹ ਚੋਰੀ ਅਹਿਮਦ ਸ਼ਾਹ ਅਬਦਾਲੀ ਨੂੰ ਭੇਜ ਦਿੱਤਾ। ਅਹਿਮਦ ਸ਼ਾਹ ਅਬਦਾਲੀ ਬੜਾ ਤੈਸ਼ ਵਿਚ ਆਇਆ।

ਇਕ ਨੇ ਆਖਿਆ, ਸਰਕਾਰ ਹੁਣ ਬੁੱਢੇ ਦਲ ਵਾਲੇ ਲਾਹੌਰ 'ਚ ਪੱਕੀ ਪੈਰੀਂ ਬੈਠ ਗਏ ਹਨ। ਸਿੱਕਾ ਚੱਲ ਗਿਐ, ਲੋਕ ਸਾਰਾ ਕਾਰ-ਵਿਹਾਰ ਸਿੰਘਾਂ ਦੇ ਸਿੱਕੇ ਨਾਲ ਕਰ

ਰਹੇ ਹਨ। ਮੁਹੰਮਦ ਸ਼ਾਹੀ ਸਿੱਕਾ ਸਾਰੀ ਮਾਰਕੀਟ ਵਿਚੋਂ ਗਾਇਬ ਹੋ ਗਿਐ। ਅਕਬਰੀ ਮੰਡੀ ਵਿਚ ਉਹ ਸਿੱਕਾ ਵੇਖਣ ਨੂੰ ਵੀ ਨਹੀਂ ਲਭਦਾ।

ਬੜੀ ਜੁਰਅਤ ਕੀਤੀ ਏ, ਸਿੱਕਾ ਹਕੂਮਤ ਲਈ ਇਕ ਵਾਰਨਿੰਗ ਏ। ਇਹ ਸਿੱਕਾ ਹਜ਼ੂਰ ਨੂੰ ਭੇਜ ਰਹੇ ਹਾਂ, ਸਾਨੂੰ ਕੀ ਹੁਕਮ ਏ?

ਪੰਜ ਪਰਾਤਾਂ ਸਿੱਕੇ ਨਾਲ ਭਰੀਆਂ ਹੋਈਆਂ ਸਨ। ਇਕ ਪਰਾਤ ਚੂਨਾ ਮੰਡੀ ਗੁਰਦਵਾਰੇ ਭੇਜ ਦਿੱਤੀ ਤੇ ਬਾਕੀ ਪਰਾਤਾਂ ਗ਼ਰੀਬਾਂ 'ਚ ਵੰਡੀਆਂ ਗਈਆਂ।

ਸੁਰਖ਼ਰੂ ਹੋ ਗਿਆ ਖ਼ਾਲਸਾ। ਅਹਿਮਦ ਸ਼ਾਹ ਅਬਦਾਲੀ ਦਾ ਸਿੱਕਾ ਮਾਰਕੀਟ ਵਿਚੋਂ ਪਰ ਲਾ ਕੇ ਉੱਡ ਗਿਆ।

ਅਹਿਮਦ ਸ਼ਾਹ ਅਬਦਾਲੀ ਨੇ ਜਦ ਸਿੰਘਾਂ ਦਾ ਸਿੱਕਾ ਵੇਖਿਆ ਤਾਂ ਸੱਤੀ ਕੱਪੜੀ ਅੱਗ ਲੱਗ ਗਈ।

51

ਇਕ ਰਾਤ ਨਿਹੰਗਾਂ ਦੇ ਡੇਰੇ

ਪੰਜ ਕੁੱਜੇ ਮਿਸ਼ਰੀ ਦੇ, ਪੰਜ ਛੁਹਾਰੇ, ਪੰਜ ਇਲਾਚੀਆਂ, ਇਕ ਨਾਰੀਅਲ ਤੇ ਪੰਜ ਜ਼ੈ ਮੋਹਰਾਂ ਨਜ਼ਰਾਨੇ ਦੇ ਤੌਰ ਤੇ। ਮੁਗ਼ਲਾਨੀ ਬੇਗ਼ਮ ਨਾਲ ਲਿਆਈ ਸਹੇਲੀਆਂ ਨਾਲ। ਦਸਤਬਦਸਤਾ ਸਲਾਮਾਂ ਕਰਦੀਆਂ, ਸਿਰ ਝੁਕਾਉਂਦੀਆਂ ਦਰਬਾਰ 'ਚ ਆਨ ਹਾਜ਼ਰ ਹੋਈਆਂ।

—ਕੌਣ ਹਨ ਇਹ ਬੁਰਕਾਪੋਸ਼ ਔਰਤਾਂ। ਜੱਸਾ ਸਿੰਘ ਆਹਲੂਵਾਲੀਆ ਆਖਣ ਲਗਾ।

—ਸਰਕਾਰ ਮੁਗ਼ਲਾਨੀ ਬੇਗ਼ਮ ਹਜ਼ੂਰ ਨੂੰ ਮੁਬਾਰਕਾਂ ਦੇਣ ਆਈ ਏ।

—ਬਹੁਤ ਸ਼ੁਕਰੀਆ।

ਅਸਾਂ ਆਖਿਆ ਸੀ ਨਾ ਕਿ ਅਸੀਂ ਲਾਹੌਰ ਆਣ ਕੇ ਮਿਲਾਂਗੇ, ਮੈਂ ਆ ਗਈ। ਅਣੋਖੀ ਦੀ ਆਵਾਜ਼ ਸੀ।

—ਧੰਨਭਾਗ, ਜੀਅ ਆਇਆਂ ਨੂੰ, ਆਓ ਸਾਡੇ ਵਿਹੜੇ ਖੁੱਲ੍ਹੇ ਹਨ ਤੁਹਾਡੇ ਕਦਮਾਂ ਲਈ। ਭੈਣ ਆਂ ਮੈਂ ਅੱਖਾਂ ਵਿਛਾਵਾਂਗੀ ਤੇਰੇ ਰਾਹ ਵਿਚ।

—ਮਹਿਲ ਵਿਚ ਠਹਿਰਨਾ ਸੀ, ਤੰਬੂ ਵਿਚ ਠਹਿਰਨ ਦੀ ਕੀ ਲੋੜ ਸੀ?

—ਸਾਡੇ ਲਈ ਇਕੋ ਜਿਹੀ ਗੱਲ ਏ। ਜਿਹਾ ਤੰਬੂ ਤਿਹਾ ਮਹਿਲ। ਸਾਨੂੰ ਨਰਮ ਬਿਸਤਰਿਆਂ ਤੇ ਨੀਂਦ ਨਹੀਂ ਆਉਂਦੀ। ਮਹਿਲ ਅਜੇ ਸਾਡੇ ਭਾਗਾਂ ਵਿਚ ਨਹੀਂ। ਜਦ ਕਦੀ ਹੋਣਗੇ ਤਾਂ ਉਨ੍ਹਾਂ ਦਾ ਵੀ ਅਨੰਦ ਮਾਣ ਲਵਾਂਗੇ।

ਮੁਗ਼ਲਾਨੀ ਬੇਗ਼ਮ ਨੇ ਜਦ ਦੀਵਾਨ ਨੂੰ ਅੱਖਾਂ ਵਿਚ ਜਾਚਿਆ। ਆਖਣ ਲਗੀ, ਤੁਸੀਂ ਹੁਣ ਲਾਹੌਰ ਦੇ ਮਾਲਕ ਹੀ ਹੋ। ਐਵੇਂ ਲੋਕ ਕਹਿੰਦੇ ਹਨ ਕਿ ਬੁੱਢੇ ਦਲ ਵਾਲਿਆਂ ਨੂੰ ਰਹਿਣਾ, ਖਾਣਾ ਤੇ ਪਹਿਨਣਾ ਨਹੀਂ ਆਉਂਦਾ, ਗ਼ਲਤ ਏ। ਸਾਨੂੰ ਇਨ੍ਹਾਂ ਤੋਂ ਜਾਚ ਸਿੱਖਣੀ ਚਾਹੀਦੀ ਏ। ਬਹੁਤ-ਬਹੁਤ ਮੁਬਾਰਕਾਂ।

—ਤੁਹਾਨੂੰ ਵੀ ਮੁਬਾਰਕਾਂ। ਸਾਨੂੰ ਜ਼ਰਾ ਬੈਠਣ ਦਿਓ ਤੇ ਫੇਰ ਅਸੀਂ ਦੇਵਾਂਗੇ ਤੇਰੀ ਖੱਸੀ ਹੋਈ ਜਾਗੀਰ। ਅਜੇ ਤੇ ਸਾਨੂੰ ਪੈਰ ਧਰਨ ਦੀ ਜਗ੍ਹਾ ਈ ਮਿਲੀ ਏ। ਪਤਾ ਨਹੀਂ ਕਿੰਨੇ ਦਿਨ ਰਹਿਣੀ ਏ। ਜੇ ਪੰਜਾਬੀ ਇਕੱਠੇ ਹੋ ਕੇ ਇਕਮੁੱਠ ਹੋ ਜਾਣ, ਅਹਿਮਦ ਸ਼ਾਹ ਅਬਦਾਲੀ ਦਾ ਲੱਕ ਇੱਕੋ ਝਟਕੇ 'ਚ ਈ ਟੁੱਟ ਜਾਊ।

—ਚਲੋ ਕੱਲਾ ਦਲ ਈ ਕਾਫੀ ਏ। ਉਬੈਦ ਖ਼ਾਂ ਨੇ ਕੀ ਕਿਲਾ ਛੱਡ ਦਿੱਤਾ ਏ?

—ਨਹੀਂ ਜ਼ਹਿਰ ਖਾ ਕੇ ਮਰ ਗਿਐ। ਜਨਾਜ਼ਾ ਚੁੱਕ ਲੈ ਗਏ ਹਨ ਫ਼ੌਜੀ।

—ਜਨਾਜ਼ਾ ਵੀ ਕੋਈ ਵੇਖਦਾ ਏ?

—ਜਨਾਜ਼ਾ ਇਕ ਬਹਾਨਾ ਸੀ। ਉਹ ਫਰਾਰ ਹੋ ਗਿਆ ਏ। ਜਨਾਜ਼ਾ ਕਿਸੇ ਦੂਜੇ ਬੰਦੇ ਦਾ ਸੀ ਤੇ ਮਸ਼ਹੂਰ ਕਰ ਦਿੱਤਾ ਉਬੈਦ ਖ਼ਾਂ ਫੌਤ ਹੋ ਗਿਐ। ਦਾਅ ਲੱਗ ਗਿਆ, ਝਕਾਨੀ ਦੇ ਕੇ ਰਾਹੇ ਪਿਆ। ਇਕ ਸਹੇਲੀ ਆਖਣ ਲਗੀ।

—ਸਿੰਘ ਬੜੇ ਭੋਲੇ-ਭਾਲੇ ਹਨ। ਧਰਮ ਦੇ ਕੰਮ 'ਚ ਦਖ਼ਲ ਨਹੀਂ ਦੇਂਦੇ, ਭਾਵੇਂ ਕਿੱਡਾ ਵੱਡਾ ਨੁਕਸਾਨ ਕਿਉਂ ਨਾ ਹੋ ਜਾਵੇ।

ਕਿੱਥੇ ਜਾਣਾ ਸੂ। ਉਹ ਉਡੀਕ ਰਿਹੈ ਆਪਣੇ ਖ਼ਸਮ ਨੂੰ ਤੇ ਅਸੀਂ ਵੀ ਓਸੇ ਦੀ ਭਾਲ ਵਿਚ ਆਂ। ਚਲੋ ਇਕੱਠਿਆਂ ਈ ਮੁਲਾਕਾਤ ਹੋ ਜਾਏਗੀ। ਇਕ ਨਾ ਇਕ ਦਿਨ ਮੁੱਠਭੇੜ ਜ਼ਰੂਰ ਹੋਣੀ ਏ।

—ਅਸੀਂ ਵੀ ਉਸੇ ਵੇਲੇ ਦੀ ਇੰਤਜ਼ਾਰ ਵਿਚ ਹਾਂ ਤੇ ਉਹ ਵੀ ਏਸੇ ਤਾਕ ਵਿਚ ਹੈ। ਫੈਸਲਾ ਤਲਵਾਰ ਕਰੇਗੀ ਜਾਂ ਵਾਹਿਗੁਰੂ ਸੱਚੇ ਪਾਤਸ਼ਾਹ।

—ਹੁਣ ਫ਼ਤਿਹ ਤੁਹਾਡੀ ਏ। ਦਿਨ ਪੱਧਰੇ ਆ ਗਏ ਹਨ। ਸਦਾ ਕਿਸੇ ਦੀ ਬਾਦਸ਼ਾਹੀ ਨਹੀਂ ਰਹੀ।

—ਅਹਿਮਦ ਸ਼ਾਹ ਅਬਦਾਲੀ ਪਟਾ ਲਿਖਵਾ ਕੇ ਆਇਆ ਏ। ਉਹਨੂੰ ਪਤਾ ਨਹੀਂ ਦਮ ਕਾ ਕੋਈ ਭਰੋਸਾ ਨਹੀਂ।

—ਬੇਗ਼ਮ ਅਸੀਂ ਵੀ ਬੜੀ ਜੱਦੋ-ਜਹਿਦ ਕੀਤੀ ਏ। ਇਹ ਮੁਲਕ ਸਾਡਾ ਏ। ਅਸੀਂ ਮਾਲਕ ਰਹਿਣਾ ਏ। ਚਾਰ ਦਿਨ ਦਾ ਪ੍ਰਾਹੁਣਾ ਆਇਆ ਏ ਚਲਾ ਜਾਏਗਾ।

—ਇਹ ਗੱਲ ਅਜੇ ਉਹਦੀ ਸਮਝ ਵਿਚ ਨਹੀਂ ਸੀ ਆਉਣੀ। ਅਜੇ ਫ਼ਤਿਹ ਦਾ ਸਰੂਰ ਤੇ ਤਕੱਬਰ ਦਾ ਭੂਤ ਉਹਦੇ ਸਿਰ ਤੇ ਸਵਾਰ ਏ। ਲੱਥ ਜਾਏਗਾ, ਅਜੇ ਦਲ ਨਾਲ ਵਾਸਤਾ ਨਹੀਂ ਪਿਆ।

—ਸਾਡੇ ਭਰਾਵਾਂ ਉਹਨੂੰ ਉਂਗਲੀ ਲਾ ਕੇ ਲਿਆਂਦਾ ਏ ਤੇ ਉਹਨਾਂ ਈ ਸਾਰੇ ਰਾਹ ਦੱਸੇ ਹਨ। ਓਸ ਧਨ ਲੁੱਟਿਆ, ਇੱਜ਼ਤ ਵੀ ਲੁੱਟੀ ਤੇ ਜਾਂਦੀ ਵਾਰੀ ਚੁਗ਼ਲਖ਼ੋਰ ਦੀ ਚੌਰਾਹੇ ਤੇ ਖੜ੍ਹਾ ਕਰਕੇ ਪੱਗ ਵੀ ਲਾਹੀ। ਆਪਣੇ ਦੋਸਤਾਂ ਨੂੰ ਵੀ ਲੁੱਟਿਆ। ਦੂਜੇ ਤੇ ਲੁੱਟਣੇ ਈ ਸਨ। ਮੁਖ਼ਬਰਾਂ ਦੀ ਇਹੋ ਜਿਹੀ ਦੁਰਦਸ਼ਾ ਹੁੰਦੀ ਆਈ।

—ਬੇਗ਼ਮ ਵਕਤ-ਵਕਤ ਦੀਆਂ ਗੱਲਾਂ ਹਨ। ਕਦੀ ਦਾਦੇ ਦੀਆਂ ਤੇ ਕਦੀ ਪੋਤੇ ਦੀਆਂ।

—ਅੱਲਾ ਤੁਹਾਡੇ ਇਰਾਦਿਆਂ ਵਿਚ ਬਰਕਤ ਪਾਏ। ਮੈਂ ਤਾਂ ਲੁੱਟੀ ਗਈ। ਮੇਰਾ ਸਭ ਕੁਝ ਲੁੱਟ ਲਿਆ ਏ। ਰਾਜ ਵੀ ਲੁੱਟਿਆ ਗਿਆ ਤੇ ਦੌਲਤ ਵੀ। ਫ਼ਕੀਰਨੀ ਬਣਾ ਕੇ ਰੱਖ ਦਿੱਤਾ ਏ।

—ਚੱਲ ਭੈਣ ਮੇਰੇ ਮਹਿਲ ਵਿਚ ਤੂੰ ਕਦ-ਕਦ ਆਉਣਾ ਏ। ਮੁਗਲਾਨੀ ਬੇਗ਼ਮ ਆਖਣ ਲਈ।

—ਆਵਾਂਗੀ ਜ਼ਰੂਰ ਆਵਾਂਗੀ। ਅਜੇ ਤਾਂ ਘਰ ਵਿਚ ਪ੍ਰਾਹੁਣਿਆਂ ਦਾ ਇਕੱਠ ਏ। ਉਹਨਾਂ ਨੂੰ ਛੱਡ ਕੇ ਜਾਣਾ ਚੰਗਾ ਨਹੀਂ ਲਗਦਾ। ਕੀ ਆਖਣਗੇ ਕਿ ਅਣੋਖੀ ਮਗ਼ਰੂਰੀ ਗਈ।

—ਬਾਤ ਤੋ ਦਰੁਸਤ ਹੈ। ਮਹਿਮਾਨੋਂ ਕੀ ਖ਼ਿਦਮਤ ਪਹਿਲੇ ਫਿਰ ਦੂਸਰਾ ਕਾਮ।

—ਅੱਜ ਤੁਸੀਂ ਮੇਰੇ ਕੋਲ ਹੀ ਰਹੋ। ਅੱਜ ਦੀ ਦਾਅਵਤ ਵਿਚ ਤੁਸੀਂ ਵੀ ਸ਼ਾਮਲ ਹੋਵੋ। ਰੁੱਖਾ-ਸੁੱਖਾ ਜੋ ਕੁਝ ਹਾਜ਼ਰ ਏ, ਕਬੂਲ ਕਰੋ। ਅਸੀਂ ਨਵਾਬ ਤਾਂ ਹਾਂ ਨਹੀਂ ਪੇਂਡੂ ਜੱਟ ਹਾਂ। ਦਲ ਨੇ ਸਰ੍ਹੋਂ ਦਾ ਸਾਗ ਬਣਾਇਆ ਹੋਇਆ ਏ। ਮੇਰੀਆਂ ਸਹੇਲੀਆਂ ਨਾਲ ਆਈਆਂ ਏ। ਉਹ ਮੱਕੀ ਦੀ ਰੋਟੀ ਬਣਾਉਣਗੀਆਂ। ਅੱਜ ਲੰਗਰ ਦੀ ਸੇਵਾ ਮੇਰੇ ਜ਼ੁੰਮੇ ਐ। ਤੂੰ ਵੀ ਹੱਥ ਸੁੱਚੇ ਕਰ ਲੈ। ਇਹੋ ਜਿਹੇ ਮੌਕੇ ਕਿਸੇ ਭਾਗਾਂ ਵਾਲਿਆਂ ਨੂੰ ਨਸੀਬ ਹੁੰਦੇ ਨੇ।

—ਤੁਹਾਡੀ ਮਰਜ਼ੀ, ਮੈਂ ਤੁਹਾਥੋਂ ਨਾਬਰ ਤਾਂ ਨਹੀਂ। ਚਲੋ ਅੱਜ ਲੰਗਰ ਦਾ ਆਨੰਦ ਮਾਣਿਆ ਜਾਏ।

—ਧੰਨਭਾਗ ਖ਼ਾਲਸੇ ਦੇ, ਲੰਗਰ ਵਿਚ ਬਰਕਤਾਂ ਆਈਆਂ ਨੇ।

—ਬੁਰਕੇ-ਵੁਰਕੇ ਲਾਹ ਦਿਓ, ਸਾਡੇ ਘਰਾਂ ਵਿਚ ਪਰਦੇ ਦਾ ਰਿਵਾਜ਼ ਨਹੀਂ।

—ਜ਼ਰਾ ਵੇਖਣਾ ਸਾਡੇ ਨਿਹੰਗਾਂ ਦੀਆਂ ਨਜ਼ਰਾਂ ਵੱਲ। ਮਜ਼ਾਲ ਏ ਕਿਤੇ ਅੱਖ ਮੈਲੀ ਹੋ ਜਾਏ। ਇਨ੍ਹਾਂ ਲਈ ਸਾਰੀਆਂ ਬੁੱਢੀਆਂ ਹਨ।

—ਉਹ ਤੇ ਮੈਂ ਸੁਣ ਰੱਖਿਆ ਏ। ਅੱਜ ਆਪ ਅੱਖੀਂ ਵੇਖ ਲਵਾਂਗੀ। ਜੂੜਿਆਂ ਵਾਲੇ ਜਵਾਨ ਭਾਵੇਂ ਅੱਧਖੜ ਹੋਵੇ ਤੇ ਭਾਵੇਂ ਭਰ ਜਵਾਨੀ ਵਿਚ, ਉਹ ਸਾਰੀਆਂ ਨੂੰ ਬੁੱਢੀ ਆਖਦੇ ਹਨ।

—ਲੋਕਾਂ ਐਵੇਂ ਨਿਹੰਗ ਬਦਨਾਮ ਕਰ ਰੱਖੇ ਹਨ। ਨਿਹੰਗ ਸੰਤ ਹਨ, ਨਿਹੰਗ ਦੇਵਤੇ ਹਨ, ਨਿਹੰਗ ਪਿਆਰ ਦੇ ਭੁੱਖੇ ਹਨ। ਬੇਗ਼ਮ ਚੱਲ ਸਾਡੇ ਤੰਬੂ ਨੂੰ ਪਵਿੱਤਰ ਕਰ।

—ਨਹੀਂ ਜ਼ਰਾ ਮੈਨੂੰ ਫ਼ਤਿਹ ਦੇ ਜਸ਼ਨ ਦਾ ਨਜ਼ਾਰਾ ਕਰਨ ਦਿਓ। ਮੁਗਲਾਂ ਦੇ ਜਸ਼ਨ ਵੇਖੇ ਹਨ। ਅਹਿਮਦ ਸ਼ਾਹ ਅਬਦਾਲੀ ਦੀ ਮਹਿਫਲ ਵੇਖੀ ਏ। ਲੁਟੇਰਾ ਆਖ਼ਰ ਲੁਟੇਰਾ ਏ। ਖ਼ਾਨਦਾਨੀ ਦੀ ਖੁਸ਼ਬੂ ਕੁਝ ਵੱਖਰੀ ਹੁੰਦੀ ਏ।

ਬੇਗ਼ਮ ਕੁਦਰਤ ਦੇ ਰੰਗ ਨਿਰਾਲੇ ਹਨ। ਕਦੀ ਸੋਚਿਆ ਵੀ ਨਹੀਂ ਸੀ ਜਾ ਸਕਦਾ ਕਿ ਅਸੀਂ ਕਦੀ ਹਯਾਤੀ ਵਿਚ ਨਿਹੰਗਾਂ ਦੀ ਛਾਉਣੀ ਰਹਾਂਗੀਆਂ। ਲੋਕ ਸਾਨੂੰ ਦੁਸ਼ਮਨ ਸਮਝਦੇ ਹਨ। ਹਕੂਮਤ ਦਾ ਨਸ਼ਾ ਈ ਵੱਖਰਾ ਹੁੰਦਾ ਏ। ਪਰ ਜਿਨ੍ਹਾਂ ਨੂੰ ਅਸੀਂ ਵੈਰੀ ਸਮਝਦੇ ਸਾਂ, ਉਹ ਤੇ ਮਿੱਤਰ ਨਿਕਲੇ।

ਦਸਤਰ ਖਾਨ ਤੋਂ ਸਾਰੀ ਰਾਤ ਉੱਠਣ ਨਾ ਦਿੱਤਾ ਕਿਸੇ ਨੂੰ। ਮਿੱਠੇ ਚੌਲ, ਕਿਤੇ ਖ਼ੀਰ, ਪਲਾਵ ਰੰਗ-ਬਿਰੰਗੇ, ਮੁਰਗਿਆਂ ਦੀਆਂ ਖੁਸ਼ਬੋਆਂ ਆ ਰਹੀਆਂ ਸਨ। ਹੌਲੀ-ਹੌਲੀ ਖਾਂਦੇ ਗਏ, ਰਾਤ ਲੰਘ ਗਈ। ਦਿਨ ਚੜ੍ਹਨ ਤੋਂ ਪਹਿਲਾਂ ਈ ਆਸਾ ਦੀ ਵਾਰ ਪਾਠ ਸ਼ੁਰੂ ਹੋ ਗਿਆ। ਇਸ਼ਨਾਨ ਕਰਕੇ ਸਾਰੇ ਦੀਵਾਨ 'ਚ ਸੱਜੇ ਹੋਏ ਸਨ। ਇਕ ਮੇਲਾ ਸੀ, ਵਿਸਾਖੀ ਲੱਗੀ ਹੋਈ ਸੀ ਹੀ। ਸ਼ਾਂਤ ਵਾਤਾਵਰਨ ਸੀ, ਬਿਰਤੀ ਵਾਹਿਗੁਰੂ ਨਾਲ ਜੁੜੀ ਹੋਈ ਸੀ।

—ਕੀ ਜੰਗ ਦੇ ਦਿਨਾਂ ਵਿਚ ਵੀ ਸੰਗਤਾਂ ਏਸੇ ਤਰ੍ਹਾਂ ਜੁੜਦੀਆਂ ਨੇ?

—ਬਿਲਕੁਲ ਏਸੇ ਤਰ੍ਹਾਂ। ਪਹਿਲਾਂ ਨਿਤਨੇਮ ਤੇ ਫੇਰ ਕੁਝ ਮਗਰੋਂ।

ਮੁਗ਼ਲਾਨੀ ਬੇਗ਼ਮ ਨੇ ਗਲੋਂ ਹਾਰ ਲਾਹਿਆ ਤੇ ਅਣੋਖੀ ਦੇ ਗਲ ਵਿਚ ਪਾ ਦਿੱਤਾ।

—ਇਹ ਕੀ?

ਇਹ ਸਾਡੇ ਖ਼ਾਨਦਾਨ ਦਾ ਰਿਵਾਜ਼ ਏ।

ਅਣੋਖੀ ਨੇ ਵੀ ਹੱਥੋਂ ਗੋਖੜੂ ਲਾਹੇ ਤੇ ਪਾਉਣ ਲੱਗੀ ਮੁਗ਼ਲਾਨੀ ਬੇਗ਼ਮ ਦੇ ਹੱਥਾਂ ਵਿਚ।

—ਇਹ ਗੋਖੜੂ ਤਾਂ ਮੈਂ ਹੀ ਦਿੱਤੇ ਸਨ। ਇਕ ਵਾਰ ਦਿੱਤੀ ਸੌਗ਼ਾਤ ਵਾਪਸ ਥੋੜ੍ਹੀ ਲਈ ਜਾਂਦੀ ਏ।

—ਅੱਛਾ ਇਹ ਤੇਰੀ ਅਮਾਨਤ ਏ।

—ਲਿਆਓ ਕੜੇ ਤੇ ਪਾ ਦਿਓ ਬੇਗ਼ਮ ਦੇ ਹੱਥ ਵਿਚ। ਇਹ ਮੇਰੀ ਨਿਸ਼ਾਨੀ ਹੈ।

—ਚੰਗਾ ਭੈਣ ਇਹਦੇ ਵਿਚੋਂ ਸਾਨੂੰ ਮੁਹੱਬਤ ਦੀ ਖੁਸ਼ਬੋ ਆਇਆ ਕਰੇਗੀ।

—ਪਰ ਮੇਰੀ ਸੂਬੇਦਾਰੀ ਕਿੱਥੇ ਗਈ?

—ਅਸੀਂ ਅਹਿਮਦ ਸ਼ਾਹ ਅਬਦਾਲੀ ਵਰਗੀ ਝੂਠੀ ਸੂਬੇਦਾਰੀ ਦੇ ਕਾਗ਼ਜ਼ ਨਹੀਂ ਦੇਣਾ ਚਾਹੁੰਦੇ। ਅਸੀ ਪੱਕੇ ਪੈਰੀਂ ਸੂਬੇਦਾਰੀ ਦੇਵਾਂਗੇ। ਅਜੇ ਤਾਂ ਅਸੀਂ ਆਪ ਮਹਿਮਾਨ ਹਾਂ। ਸਾਡੇ ਪੈਰ ਤਾਂ ਲੱਗਣ ਦੇ।

—ਚੰਗਾ ਖੁਦਾ ਹਾਫ਼ਿਜ਼।

ਸਤਗੁਰ ਰਾਖ਼ਾ! ਦੋਵੇਂ ਜਣੀਆਂ ਗਲੇ ਮਿਲੀਆਂ। ਫੇਰ ਸਹੀ।

52

ਢਲਵਾਇਆ ਸਿੱਕਾ

ਸਿੱਕਾ ਜਦ ਦਰ ਜਹਾਂ ਬ-ਫ਼ਜ਼ੀਲ ਅਕਾਲ।
ਤਖ਼ਤਿ ਅਹਮਦ ਗ੍ਰਿਫ਼ਤ ਜੱਸਾ ਕਲਾਲ।

ਅਸਲ ਸਿੱਕਾ ਇਹ ਸੀ, ਜਿਹਦੇ ਤੇ ਇਹ ਇਬਾਰਤ ਲਿਖੀ ਹੋਈ ਸੀ। ਦੂਸਰਾ ਝੂਠ ਸੀ। ਲੋਕਾਂ ਦੀ ਪਹਿਚਾਨ ਵਿਚ ਨਹੀਂ ਸੀ ਆਉਂਦਾ। ਚੱਲ ਦੋਵੇਂ ਰਹੇ ਸਨ। ਉਹ ਕਾਜ਼ੀਆਂ ਤੇ ਮੌਲਾਣਿਆਂ ਦੀ ਕਾਢ ਸੀ ਤੇ ਅਹਿਮਦ ਸ਼ਾਹ ਅਬਦਲੀ ਨੂੰ ਉਸਕਲ ਦੇਣੀ ਸੀ ਤੇ ਜੋਸ਼ ਦਿਵਾਉਣਾ ਜ਼ਰੂਰੀ ਸੀ। ਤਾਹੀਓ ਉਨ੍ਹਾਂ ਦਾ ਮੌਜ-ਮੇਲਾ ਹੁੰਦਾ ਰਹੇਗਾ, ਹਲਵਾ ਮਾਂਡਾ ਤਾਹੀਓ ਚਲੇਗਾ। ਮੁਖ਼ਬਰੀ ਕੀਤੀ ਏ ਐਸ਼ ਵੀ ਨਾ ਕੀਤੀ, ਲਾਅਨਤ ਏ। ਜੂਠਾ ਮਿੱਠੇ ਦੇ ਲਾਲਚ ਨੂੰ ਖਾਧਾ ਜਾਂਦਾ ਏ। ਕਾਜ਼ੀਆਂ ਤੇ ਮੌਲਾਣਿਆਂ ਦੀ ਅਜੇ ਵੀ ਚਾਂਦੀ ਸੀ। ਉਨ੍ਹਾਂ ਤੋਂ ਬਗ਼ੈਰ ਨਿਕਾਹ ਨਹੀਂ ਪੜ੍ਹਾਇਆ ਜਾ ਸਕਦਾ। ਕਾਜ਼ੀ ਗੁਲਛੱਰੇ ਉਡਾ ਰਹੇ ਸਨ। ਇਨ੍ਹਾਂ ਨੂੰ ਤਾਂ ਵਕਤ ਨਹੀਂ ਮਿਲਿਆ। ਜੇ ਵਕਤ ਮਿਲਦਾ ਤਾਂ ਇਹ ਨਿਹੰਗਾਂ ਦੇ ਜੋੜੇ ਸਾਫ਼ ਕਰਦੇ।

ਬਹੁਤੀ ਪੁੱਛਗਿੱਛ ਮੁਖ਼ਬਰਾਂ ਦੀ ਸੀ ਜਾਂ ਉਨ੍ਹਾਂ ਦਲਾਲਾਂ ਦੀ ਜਾਂ ਹਮਾਇਤੀਆਂ ਦੀ, ਜਿਹੜੇ ਅਹਿਮਦ ਸ਼ਾਹ ਅਬਦਾਲੀ ਦੀ ਬੋਲੀ ਬੋਲਦੇ ਸਨ। ਜਾਂ ਉਹ ਮੌਜ ਵਿਚ ਸਨ ਜਿਹੜੇ ਸੱਦਾ ਪੱਤਰ ਭੇਜਦੇ ਸਨ। ਕੁਝ ਗਸ਼ਤੀਆਂ ਖ਼ੂਬ ਹਰਿਆਲੀ ਖਾ ਰਹੀਆਂ ਸਨ। ਜਿਹੜੀਆਂ ਟਿਕਾਣੇ ਦਸਦੀਆਂ ਅਮੀਰਜ਼ਾਦੀਆਂ ਦੇ। ਭੜੋਲੀਆਂ ਭਰੀ ਹੋਈਆਂ ਸਨ, ਜੇਵਰ, ਮੋਹਰਾਂ ਤੇ ਹੀਰਿਆਂ ਨਾਲ। ਜਾਂ ਉਨ੍ਹਾਂ ਸੋਹਣੀਆਂ ਜਵਾਨ-ਜਹਾਨ ਭਾਵੇਂ ਅੰਗ, ਨਿੱਖਰਿਆ ਰੰਗ। ਦੱਸ ਪਾਈ ਤੇ ਚਾਂਦੀ ਨਾਲ ਝੋਲੀ ਭਰ ਲਈ। ਸੋਨੇ ਦੇ ਕੜੇ ਮਿਲ ਗਏ। ਖੰਡ ਚੌਲ ਉਨ੍ਹਾਂ ਨੂੰ ਰੋਜ਼ ਮਿਲਦੇ। ਅਫ਼ਗਾਨ ਔਰਤਾਂ ਦੇ ਬੜੇ ਸ਼ੌਕੀਨ ਸਨ। ਮੂੰਹ ਮੰਗੇ ਦਾਮ ਮਿਲਦੇ, ਅਤਰੇ-ਹਨਾਅ, ਮੌਲਸਰੀ, ਗੁਲਾਬ, ਚਮੇਲੀ ਦੇ ਅਤਰਾਂ ਦੀ ਉਹਨਾਂ ਦੇ ਜਿਸਮ ਵਿਚੋਂ ਖੁਸ਼ਬੋ ਆਉਂਦੀ। ਜਿੰਨੇ ਦਿਨ ਅਫ਼ਗਾਨ ਹਿੰਦੁਸਤਾਨ 'ਚ ਰਹਿੰਦੇ, ਨਵੀਂ ਰਾਤ ਤੇ ਨਵੀਂ ਰੰਨ।

ਬਨਾਉਟੀ ਸਿੱਕਾ ਲੈ ਗਿਆ ਉਠਨੀ ਦਾ ਸਵਾਰ। ਉਸ ਜਾ ਕੇ ਹਾਜ਼ਰ ਕੀਤਾ। ਇਨਾਮ ਤੇ ਮਿਲਿਆ ਈ ਹੋਣਾ ਏ। ਖ਼ਾਤਰ ਵੀ ਬਹੁਤ ਹੋਈ।

ਸ਼ਾਹ ਦੇ ਤਨ-ਬਦਨ ਨੂੰ ਅੱਗ ਲੱਗ ਗਈ। ਮੇਰਾ ਇਲਾਕਾ, ਮੇਰੇ ਹਾਕਮ ਤੇ ਸਿੱਕਾ ਚੱਲੇ ਜੱਸਾ ਸਿੰਘ ਅਹਲੂਵਾਲੀਏ ਦਾ। ਡੁੱਬ ਮਰਨ ਦਾ ਮੁਕਾਮ ਏ। ਯਾਰੋ ਇਹ ਬੜੇ ਸਖ਼ਤ ਜਾਨ ਹਨ। ਪਾਨੀਪਤ ਦੀ ਹਾਰ ਤੇ ਮੇਰੇ ਦੂਜੇ ਹਮਲਿਆਂ ਵਿਚ ਕਤਲੇਆਮ। ਇਹ ਬੜੇ ਢੀਠ ਹਨ। ਮੈਂ ਨਿੱਠ ਮਾਰਦਾ ਹਾਂ ਤੇ ਕਤਲ ਕਰਦਾ ਹਾਂ ਤੇ ਜਦ ਮੈਂ ਮੁੜਕੇ ਆਉਂਦਾ ਹਾਂ ਤੇ ਇਹ ਪੰਜ ਗੁਣਾਂ ਹੋ ਜਾਂਦੇ ਹਨ। ਇਨ੍ਹਾਂ ਦੀਆਂ ਔਰਤਾਂ ਬਹੁਤ ਜ਼ਰਖ਼ੇਜ਼ ਹਨ। ਹਰ ਸਾਲ ਮੁੰਡੇ ਈ ਜੰਮਦੀਆਂ ਹਨ।

ਇਹ ਪਠਾਣੀਆਂ ਕੁੜੀਆਂ ਘੱਟ ਤੇ ਮੁੰਡੇ ਜ਼ਿਆਦਾ ਜੰਮਦੀਆਂ ਹਨ ਪਰ ਸਾਰੇ ਦੇ ਸਾਰੇ ਨਿਕੰਮੇ। ਕੋਈ-ਕੋਈ ਮਾਂ ਜੰਮਦੀ ਏ ਸ਼ੇਰ ਪੁੱਤ, ਜਿਹਦੇ ਨਾਂ ਤੋਂ ਦੁਨੀਆਂ ਕੰਬੇ। ਇਹ ਭੇਡਾਂ ਚਾਰਦੇ, ਉਨ ਪਾਲਦੇ, ਘੋੜੇ, ਖ਼ਰੀਦਦੇ, ਵੇਚਦੇ। ਏਸ ਤੋਂ ਬਗੈਰ ਇਨ੍ਹਾਂ ਨੂੰ ਹੋਰ ਕੋਈ ਕੰਮ ਨਹੀਂ ਆਉਂਦਾ। ਮਹਾਂਮੂਰਖ਼, ਜਾਹਿਲ।

ਹਿੰਦੁਸਤਾਨੀ ਸਿਰਫ਼ ਫੁੱਟ ਦੇ ਸ਼ਿਕਾਰ ਹਨ ਤੇ ਹਰ ਕੋਈ ਆਪਣੇ ਆਪ ਨੂੰ ਰਾਣੀ ਖ਼ਾਂ ਦਾ ਸਾਲਾ ਸਮਝਦੈ। ਵਰਨਾ ਇਹ ਤਲਵਾਰ ਦੇ ਧਨੀ ਹਨ। ਤੀਰ ਅੰਦਾਜ਼ੀ ਵਿਚ ਇਨ੍ਹਾਂ ਦਾ ਕੋਈ ਮੁਕਾਬਲਾ ਨਹੀਂ।

ਇਨ੍ਹਾਂ ਨਿਹੰਗਾਂ ਤੇ ਰੰਗਰੇਟਿਆਂ ਨੇ ਮੇਰੀ ਜਾਨ ਫਾਹੇ ਲਾ ਛੱਡੀ ਏ। ਨਾ ਇਹ ਮਰਦੇ ਹਨ ਤੇ ਨਾ ਇਹ ਗਲੋਂ ਲੱਥਦੇ ਹਨ। ਅਹਿਮਦ ਸ਼ਾਹ ਅਬਦਾਲੀ ਆਖ ਰਿਹਾ ਸੀ। ਇਹ ਜ਼ਰੂਰ ਇਕ ਦਿਨ ਪੰਜਾਬ ਦੇ ਵਾਰਸ ਬਣਨਗੇ।

ਸਾਡਾ ਇਮਾਨ ਜ਼ਰੂਰ ਪੈਸਾ ਏ। ਸਾਡੀ ਗ਼ਰੀਬੀ ਤਾਹੀਓਂ ਨਿਕਲੇਗੀ ਜੇ ਅਸੀਂ ਹਿੰਦੁਸਤਾਨ ਨੂੰ ਲੁੱਟਾਂਗੇ। ਸਾਡੇ ਕਿਹੜੇ ਹਲ ਵਗਦੇ ਹਨ। ਇਹਨਾਂ ਦੀ ਜ਼ਮੀਨ ਜਰਖ਼ੇਜ਼ ਏ ਤੇ ਸਾਡੀ ਪਥਰੀਲੀ। ਜੋਸ਼ ਵਿਚ ਆਇਆ, ਖ਼ੂਨ ਖੌਲਿਆ, ਅੰਗਿਆਰੇ ਨਿਕਲੇ ਅੱਖਾਂ ਵਿਚੋਂ। ਆਖਣ ਲਗਾ :—

ਇਨ੍ਹਾਂ ਹਰਾਮਜ਼ਾਦਿਆਂ ਨੂੰ ਕਈ ਵੇਰਾਂ ਮੱਤ ਦਿੱਤੀ ਏ। ਘਰ ਸਾੜੇ ਹਨ, ਮਕਾਨ ਉਜਾੜੇ ਹਨ, ਔਰਤਾਂ ਦੀ ਬੇਇੱਜ਼ਤੀ ਕੀਤੀ ਏ ਪਰ ਇਨ੍ਹਾਂ ਬੇਸ਼ਰਮਾਂ ਨੂੰ ਸ਼ਰਮ ਨਾ ਆਈ।

ਸਿਰਫ਼ ਇਕੋ ਇਲਾਜ ਏ ਹਮਲਾ ਤੇ ਬਰਬਾਦੀ। ਸਾਰੀ ਦੁਨੀਆਂ ਡਰਦੀ ਏ ਮੇਰੇ ਨਾਂ ਤੋਂ ਪਰ ਨਹੀਂ ਡਰਦੇ ਤਾਂ ਨਿਹੰਗ, ਰੰਗਰੇਟੇ। ਆਮ ਸਿੱਖ ਤਾਂ ਥਰ-ਥਰ ਕੰਬਦਾ ਏ।

ਕਰਨ ਜਿੰਨੀ ਮਨ-ਮਰਜ਼ੀ ਹੁੰਦੀ ਏ, ਜੋ ਕੁਝ ਇਨ੍ਹਾਂ ਕਰਨਾ ਏ ਉਹ ਕਰ ਲੈਣ, ਮੈਂ ਆ ਰਿਹਾ ਹਾਂ। ਐਤਕੀਂ ਮੇਰਾ ਨਿਸ਼ਾਨਾ ਸਿਰਫ਼ ਇਹ ਨਿਹੰਗ ਹਨ। ਬੁੱਢਾ ਦਲ ਏ।

ਇਹ ਈਨ ਮੰਨ ਲੈਣ, ਸੁਲਹਾ ਕਰ ਲਈਏ। ਜੋ ਮੰਗਣ ਮੈਂ ਦੇਣ ਨੂੰ ਤਿਆਰ ਹਾਂ। ਪਰ ਇਹ ਮਰਦ ਹਨ। ਇਹ ਕਿਸੇ ਗੱਲ ਤੇ ਰਾਜ਼ੀ ਹੁੰਦੇ ਈ ਨਹੀਂ।

ਅਹਿਮਦ ਸ਼ਾਹ ਅਬਦਾਲੀ ਨੇ ਕਾਬਲ ਤੇ ਹੋਰ ਸ਼ਹਿਰਾਂ ਵਿਚ ਢੋਲ ਵਜਾ ਦਿੱਤੇ। ਆਓ ਛੇਤੀ ਆਓ, ਮੇਰੇ ਨਾਲ ਚਲੋ ਮੈਂ ਹਿੰਦੁਸਤਾਨ ਲੁੱਟਣ ਚਲਿਆਂ ਜੇ। ਜਿਨ੍ਹਾਂ ਮੇਰੇ ਨਾਲ ਚੱਲਣਾ ਏ। ਜਿੰਨਾ ਉਹ ਲੁੱਟੇ, ਉਸਦਾ। ਆਓ ਕਿਸੇ ਨੇ ਅਮੀਰ ਬਣਨਾ ਏ ਤਾਂ। ਦੌਲਤਾਂ ਤੁਹਾਡੇ ਬੂਹੇ ਤੱਕ ਆ ਜਾਣਗੀਆਂ। ਢੋਲ ਵੱਜ ਰਿਹਾ ਸੀ।

ਅਹਿਮਦ ਸ਼ਾਹ ਅਬਦਾਲੀ ਨੇ ਤਿਆਰੀ ਕਰ ਦਿੱਤੀ। ਨਵੇਂ ਹਥਿਆਰ ਖ਼ਰੀਦੇ, ਘੋੜੇ ਵੀ ਬਦਲੇ, ਤਲਵਾਰਾਂ ਨੂੰ ਸਾਣ ਵੀ ਵਿਖਾਈ। ਹਰ ਰੋਜ਼ ਨੌਬਤ ਵਜਦੀ, ਜਿਹਦਾ ਮਤਲਬ ਸੀ ਤਿਆਰੀ, ਜੰਗ ਲੜਨ ਜਾਣ ਦੀ। ਜਿਸ ਦਿਨ ਤੋਪ ਚੱਲੇਗੀ, ਅਗਲੇ ਦਿਨ ਕੂਚ।

ਨਵੇਂ-ਨਵੇਂ ਭਾਰੂ, ਨਵੇਂ ਗੱਭਰੂ ਹਿੰਦੁਸਤਾਨ ਵੇਖਣ ਦਾ ਚਾਅ, ਨਾਲ ਤੁਰ ਪੈਂਦੇ। ਕਈ ਤੇ ਵਿਆਹ ਕਰਵਾਉਣ ਲਈ ਜਾਂਦੇ ਸਨ। ਕਾਬਲ ਵਿਚ ਔਰਤਾਂ ਦੀ ਘਾਟ ਸੀ। ਦੋ ਬੰਦਿਆਂ ਦੇ ਹਿੱਸੇ ਇਕ ਤੀਵੀਂ ਆਉਂਦੀ। ਛੜਿਆਂ ਦੀ ਗਿਣਤੀ ਜ਼ਿਆਦਾ ਸੀ, ਵਿਆਹੇ ਘੱਟ ਸਨ।

ਆਖ਼ਰ ਇਕ ਦਿਨ ਤੋਪ ਚੱਲੀ, ਐਲਾਨ ਹੋ ਗਿਆ। ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਘੋੜੇ ਨੂੰ ਥਾਪੀ ਦਿੱਤੀ। ਕਈ ਘੋੜੇ, ਕਈ ਊਠ ਨਿਕਲੇ। ਵਹੀਰ ਕੱਠੀ ਹੋ ਗਈ। ਹਮਲਾ, ਸਿਰਫ਼ ਹਮਲਾ।

ਬਾਂਕੇ ਅਫ਼ਗਾਨ ਸਾਰਿਆਂ ਦੇ ਮੋਹਰੀ ਸਨ। ਫ਼ੌਜ ਸ਼ਿੰਗਾਰੀ ਹੋਈ ਸੀ। ਘੋੜੇ ਭੜਥੂ ਪਾ ਰਹੇ ਸਨ।

ਮੁਖ਼ਬਰੀ ਕਰਨ ਵਾਲਿਆਂ ਸਿੰਘਾਂ ਦੇ ਕੰਨਾਂ ਵਿਚ ਫੂਕ ਜਾ ਮਾਰੀ। ਗਿਣਤੀ ਦੱਸੀ ਤੇ ਪੱਤਣ ਦਾ ਰਾਹ ਮਿਲ ਗਿਆ।

ਵਾਜਿਆਂ ਗਾਜਿਆਂ ਨਾਲ ਚੜ੍ਹਿਆ ਅਹਿਮਦ ਸ਼ਾਹ ਅਬਦਾਲੀ। ਅੱਗੋਂ ਬੁੱਢੇ ਦਲ ਨੇ ਵੀ ਆਪਣੇ ਪੈਂਤੜੇ ਸੰਭਾਲ ਲਏ ਸਨ।

ਮੋਰਚੇ ਬੰਨ੍ਹ ਕੇ ਸਿੰਘ ਕਦੀ ਵੀ ਨਹੀਂ ਸਨ ਲੜੇ। ਉਹ ਤਾਂ ਗੁਰੀਲਾ ਜੰਗ ਕਰਦੇ ਸਨ। ਦਲ ਦਾ ਤਰੀਕਾ ਸਿਰਫ਼ ਦਲ ਨੂੰ ਈ ਆਉਂਦਾ ਸੀ। ਦਲ ਇਸ ਵੇਲੇ ਕਿੱਧਰ ਰਾਹ ਬਦਲ ਜਾਏ। ਹਰਨ ਹੁੰਦੇ-ਹੁੰਦੇ ਕਿੰਨੀ ਕੁ ਵਾਰ ਮੁੜ ਕੇ ਹਮਲਾ ਕਰ ਦੇਵੇ, ਇਹ ਤੇ ਵਾਹਿਗੁਰੂ ਈ ਜਾਣਦਾ ਸੀ।

ਇਹ ਚਿਕਨੇ ਭਾਂਡੇ ਵਾਂਗੂੰ ਰਿੜ੍ਹਨਾ ਜਾਣਦੇ ਸਨ। ਬੇਪੈਂਦੇ ਦਾ ਲੋਟਾ। ਸਾਹਮਣੇ ਟਿਕ ਕੇ ਲੜਨਾ ਇਨ੍ਹਾਂ ਦੀ ਕਿਤਾਬ ਵਿਚ ਨਹੀਂ ਸੀ ਲਿਖਿਆ ਹੋਇਆ।

ਤੇਰੀ ਕਬਰ ਦਾ ਇੰਤਜ਼ਾਰ ਕਰਕੇ ਰੱਖਿਆ ਹੋਇਆ ਏ। ਤੇਰੀ ਲਾਸ਼ ਕਾਬਲ ਨਾ ਗਈ।

ਉਹ ਅੱਲਾ ਬਿਹਤਰ ਜਾਣਦੇ। ਫ਼ਤਹਿ ਸ਼ਿਕਸਤ ਅੱਲਾ ਦੇ ਹੱਥ ਵਿਚ ਏ।

ਆ ਯਾਰ ਆ, ਸਾਡਾ ਜੀਅ ਨਹੀਂ ਲਗਦਾ। ਆਮੀਨ-ਆਮੀਨ।

53

ਜੰਡਿਆਲਾ ਅਜੇ ਦੂਰ ਏ

ਦੁਆਬਾ ਬਿਸਤ ਜਲੰਧਰ ਦੇ ਮਾਲਕ ਬਣੇ ਬੈਠੇ ਸਨ ਅਬਦਾਲੀ ਦੇ ਕਾਰਿੰਦੇ। ਸਆਦਤ ਖ਼ਾਂ ਤੇ ਸਦੀਕ ਬੇਗ਼ ਤਖ਼ਤਪੋਸ਼ ਤੇ ਈਰਾਨੀ ਗਲੀਚੇ ਵਿਛਾ ਕੇ ਬੈਠੇ ਹੋਏ ਸਨ। ਇਲਾਕੇ ਦੇ ਸਰਦਾਰ ਤੇ ਘਮੰਡ ਚੰਦ ਅਹਿਮਦ ਸ਼ਾਹ ਅਬਦਾਲੀ ਦਾ ਹਮਦਰਦੀ ਸੀ, ਚਮਚਾ ਸੀ। ਉਹਨੂੰ ਵੀ ਇਕ ਨਗਰ ਦੀ ਸਰਦਾਰੀ ਦਿੱਤੀ ਹੋਈ ਸੀ। ਸਦੀਕ ਬੇਗ਼ ਤੇ ਸਆਦਤ ਖ਼ਾਂ ਦੀਆਂ ਗਰਾਹੀਆਂ ਸਾਂਝੀਆਂ ਕੀਤੀਆਂ ਹੋਈਆਂ ਸਨ। ਜ਼ਰਾ ਕੁ ਹੁੱਜ ਮਾਰੀ ਨਸਾ ਦਿੱਤਾ ਕਾਫ਼ਰ ਹਿੰਦੂ ਘਮੰਡ ਚੰਦ। ਜ਼ਰਾ ਕੁ ਅੱਖਾਂ ਵੇਖੀਆਂ ਤੇ ਕੰਨੀ ਖਿਸਕਾ ਕੇ ਨੱਸ ਗਿਆ। ਅਜੇ ਕੰਨ ਵਲੇਟਣ ਦੀ ਦੇਰ ਸੀ, ਅਹਿਮਦ ਸ਼ਾਹ ਅਬਦਾਲੀ ਦਾ ਪੈਗ਼ਾਮ ਆ ਗਿਆ। ਮੈਂ ਆ ਰਿਹਾ ਹਾਂ। ਕਟੋਚੀਆ ਪਹਾੜ ਵੱਲ ਆ ਰਿਹਾ ਹਾਂ। ਆਪਣੇ ਘਰ ਵੱਲ ਚਲਾ ਗਿਆ। ਉਤਰਿਆ ਪਹਾੜੀਓ ਤੇ ਲੱਭਦਾ ਫਿਰੇ ਟਿਕਾਣੇ ਪੁਰਾਨੇ ਯਾਰਾਂ ਦੇ ਅੱਡੇ ਤੇ ਦਾਦੂ ਪੰਥੀਆਂ ਦੇ ਡੇਰੇ।

ਜੱਸਾ ਸਿੰਘ ਰਾਮਗੜ੍ਹੀਆ ਦੀ ਬੜੀ ਚੜ੍ਹਤ ਸੀ। ਪਰ ਉਸ ਨੇ ਭਰਾ ਨਾਲ ਬਣਾ ਕੇ ਰੱਖੀ ਨਹੀਂ ਸੀ। ਉਹਦਾ ਤੇ ਪਿਆਰ ਸੀ ਅਹਿਮਦ ਸ਼ਾਹ ਅਬਦਾਲੀ ਨਾਲ। ਘਰ ਦੇ ਪੀਰਾਂ ਨੂੰ ਤੇਲ ਦੇ ਚੂਰਾਂ ਤੇ ਸਰਦਾਰਾਂ ਨਾਲ ਕੋਈ ਗੱਲਬਾਤ ਨਹੀਂ ਤੇ ਅਹਿਮਦ ਸ਼ਾਹ ਅਬਦਾਲੀ ਲਈ ਖ਼ਾਸ ਦਾਅਵਤ। ਸੌ ਤਰ੍ਹਾਂ ਦੀਆਂ ਨਾਜ-ਬਰਦਾਰੀਆਂ ਤੇ ਭਰਾ ਆਪਣੇ ਦੇਸ ਦੇ ਗਵਾਂਢੀ। ਇਨ੍ਹਾਂ ਨਾਲ ਗ਼ੈਰ ਸਾਲੀ ਤੇ ਬੇਗ਼ਾਨਿਆਂ ਨਾਲ ਘਿਓ ਖਿਚੜੀ।

ਚੰਗਾ ਬੱਚੂ ਇਹ ਵੇਖ ਲੈ, ਤੇਰੀਆਂ ਹਰਕਤਾਂ ਅਸੀਂ ਵੇਖ ਰਹੇ ਹਾਂ। ਤੇਰੀ ਅਰਥੀ ਅਹਿਮਦ ਸ਼ਾਹ ਅਬਦਾਲੀ ਈ ਆਨ ਕੇ ਚੁੱਕੇਗਾ। ਕਿਸੇ ਭਰਾ ਨੇ ਅਰਥੀ ਨੂੰ ਮੋਢਾ ਨਹੀਂ ਦੇਣਾ। ਆਪਣੇ ਪਿੱਪਲਾਂ ਦੀ ਛਾਵੇਂ ਬੈਠ ਹਵਾ ਦਾ ਠੰਡਾ ਅਨੰਦ ਮਾਣਿਆ ਜਾ ਸਕਦਾ ਏ। ਬੇਗ਼ਾਨੇ ਪਿੱਪਲ ਦੀ ਛਾਵੇਂ ਬਹਿਣ ਨਹੀਂ ਦੇਂਦੇ ਲੋਕ।

ਅਹਿਮਦ ਸ਼ਾਹ ਅਬਦਾਲੀ ਦੀਆਂ ਧੁੰਮਾਂ ਸਾਰੇ ਪੰਜਾਬ ਚ ਫੈਲ ਗਈਆਂ ਸਨ। ਅਹਿਮਦ ਸ਼ਾਹ ਆ ਰਿਹਾ ਏ, ਕਿਆਮਤ ਸਿਰ ਕੱਢ ਰਹੀ ਏ, ਮੌਤ ਕੂਕ ਰਹੀ ਏ। ਬੇਗੁਨਾਹਾਂ ਦਾ ਖ਼ੂਨ ਖੌਲ ਰਿਹਾ ਸੀ। ਕਸਾਈ ਆ ਰਿਹੈ। ਮਕਾਨ ਦੀਆਂ ਥੰਮੀਆਂ ਕੰਬ ਰਹੀਆਂ ਸਨ। ਮੁਟਿਆਰਾਂ ਲਈ ਲੁੱਕਣ ਲਈ ਛੁਪਣਗਾਹਾਂ ਲੱਭੀਆਂ ਜਾ ਰਹੀਆਂ ਸਨ। ਕਿਸੇ ਦੀ ਇੱਜ਼ਤ ਦਾ ਕੋਈ ਇੰਤਜ਼ਾਮ ਨਹੀਂ ਸੀ। ਕੋਈ ਔਰਤ ਮਹਿਫ਼ੂਜ਼ ਨਹੀਂ ਸੀ। ਅਫ਼ਗਾਨ ਬੁੱਢੀ, ਜਵਾਨ ਤੇ ਅੱਧਖੜ ਵਿਚ ਤਮੀਜ਼ ਨਹੀਂ ਸੀ ਕਰਦਾ।

ਬੁੱਢਾ ਦਲ ਲਾਹੌਰ ਵਿਚ ਕੁਝ ਦਿਨ ਠਹਿਰਿਆ ਤੇ ਫੇਰ ਚੱਕਰਵਰਤੀ ਹੋ ਗਿਆ। ਜੱਥੇਦਾਰ ਆਪਣੇ-ਆਪਣੇ ਟਿਕਾਣਿਆਂ ਤੇ ਜਾ ਪੁੱਜੇ। ਬੁੱਢੇ ਦਲ ਦਾ ਕੰਮ ਏ ਹਮਲਾ ਕਰਨਾ, ਜਿੱਤ ਦੇ ਜੈਕਾਰੇ ਸੁਣਨੇ, ਝੰਡੇ ਚੜ੍ਹਦੇ ਵੇਖਣੇ ਤੇ ਫੇਰ ਰਾਹੇ ਪੈ ਜਾਣਾ।

ਗੱਲਾਂ ਹੋ ਰਹੀਆਂ ਸਨ, ਅਹਿਮਦ ਸ਼ਾਹ ਅਬਦਾਲੀ ਆ ਰਿਹੈ ਮਾਰੋਮਾਰ ਕਰਦਾ।

ਇਕ ਨਿਹੰਗ ਮੌਜ ਵਿਚ ਆਇਆ ਆਖ ਰਿਹਾ ਸੀ, ਧੰਨਭਾਗ ਆਉਣ ਦਿਓ, ਕੁਝ ਦੇ ਕੇ ਈ ਜਾਏਗਾ।

—ਬਾਕੀ ਪੰਜਾਬ ਤਾਂ ਥਰ-ਥਰ ਕੰਬਦਾ ਸੀ।

—ਫ਼ਿਕਰ ਨਾ ਕਰੋ। ਜਿਹੜੇ ਇਲਾਕੇ ਬੁੱਢੇ ਦਲ ਦੀ ਰਾਖੀ ਵਿਚ ਹਨ, ਉਹਨਾਂ ਦੀ ਜ਼ੁੰਮੇਂਦਾਰੀ ਦੇ ਮਾਲਕ ਬੁੱਢੇ ਦਲ ਵਾਲੇ ਹਨ। ਤੁਹਾਡਾ ਸੂਈ ਭਰ ਦਾ ਨੁਕਸਾਨ ਨਹੀਂ ਹੋ ਸਕਦਾ।

—ਓਹ ਆਏ ਨੀ ਨਿਹੰਗ। ਬਸ ਸਮਝੋ ਤੁਹਾਡੀ ਚਿੰਤਾ ਮੁੱਕੀ। ਮੁਖ਼ਬਰਾਂ ਨੇ ਚੰਗੀ ਗੁੱਡੀ ਬੰਨ੍ਹੀ ਹੋਈ ਸੀ ਅਹਿਮਦ ਸ਼ਾਹ ਅਬਦਾਲੀ ਦੀ।

ਕਲਿਆਣ ਦਾਸ ਨਿਰੰਜਣੀਆਂ ਖ਼ੇਸ਼ਮੀ, ਕਸੂਰੀ ਮਲੇਰਕੋਟਲੇ ਦੇ ਅਫ਼ਗਾਨ ਤੇ ਸਰਹੰਦ ਦਾ ਫ਼ੌਜਦਾਰ ਜ਼ੈਨ ਖ਼ਾਂ ਸਾਰਿਆਂ ਨੇ ਸਿਰ ਕੱਢ ਲਿਆ। ਜਿੱਦਾਂ ਚੌਮਾਸੇ ਦੇ ਦਿਨਾਂ ਵਿਚ ਖੁੰਬਾਂ ਨਿਕਲਣ।

ਯਾਰੋ ਕੀੜੀਆਂ ਨੂੰ ਵੀ ਖੰਭ ਨਿਕਲ ਆਏ ਨੇ। ਇਕ ਨਿਹੰਗ ਨੇ ਆਖਿਆ।

ਅਹਿਮਦ ਸ਼ਾਹ ਅਬਦਾਲੀ ਦਾ ਜ਼ਰਖ਼ਰੀਦ ਗੁਲਾਮ ਹਾਕਮ ਸਰਹੰਦ। ਖ਼ਾਨਦਾਨੀ ਸ਼ਾਇਦ ਨਾਤਾ ਹੋਵੇਗਾ। ਵੈਸੇ ਮਲੇਰਕੋਟਲੇ ਵਾਲਿਆਂ ਨਾਲ ਵੀ ਸ਼ਾਹ ਦਾ ਨਸਲੀ ਰਿਸ਼ਤਾ ਸੀ।

ਜਦ ਤੱਕ ਇਹ ਅੱਡੇ ਸਾਫ਼ ਨਹੀਂ ਹੁੰਦੇ, ਉਨਾਂ ਚਿਰ ਤੱਕ ਅਹਿਮਦ ਸ਼ਾਹ ਅਬਦਾਲੀ ਦੀਆਂ ਨਾਸਾਂ ਬੰਦ ਨਹੀਂ ਹੋਣੀਆਂ।

ਚੁੱਕ ਬੁਰੀ ਬਲਾਅ ਏ। ਮੁਖ਼ਬਰੀ ਇਹ ਹੋਰ ਵੀ ਲਾਅਨਤ ਏ।

ਅਬਦਾਲੀ ਦੇ ਘੋੜੇ ਧੂੜ ਪੁਟਦੇ, ਫ਼ਸਲਾਂ ਬਰਬਾਦ ਕਰਦੇ ਦੌੜੇ ਆ ਰਹੇ ਸਨ। ਤਿੱਖੀਆਂ ਤਲਵਾਰਾਂ ਕੱਢੀਆਂ ਸਨ।

ਲਾਹੌਰ ਤੋਂ ਦਲ ਤੇ ਆ ਈ ਗਿਆ ਸੀ। ਅੱਧਾ ਦਲ ਅੰਮ੍ਰਿਤਸਰ ਵਿਚ ਡੇਰੇ ਲਾਈ ਬੈਠਾ ਸੀ ਤੇ ਅੱਧਾ ਚੱਕਰਵਰਤੀ ਸੀ। ਮਾਝੇ ਤੇ ਦੁਆਬੇ ਵਿਚ ਕੁਝ ਜਥੇ ਘੁੰਮ ਰਹੇ ਸਨ।

ਅਹਿਮਦ ਸ਼ਾਹ ਅਬਦਾਲੀ ਦਾ ਮੂੰਹ ਲਾਹੌਰ ਵੱਲ ਸੀ। ਉਹ ਪਹਿਲਾ ਲਾਹੌਰ ਨੂੰ ਸੋਧਣਾ ਚਾਹੁੰਦਾ ਸੀ।

ਸਿੰਘ ਕੌਣ ਹਨ ਲਾਹੌਰ ਤੇ ਹੱਕ ਜਮਾਉਣ ਵਾਲੇ।

ਸਿੰਘ ਨਹੀਂ ਨਿਹੰਗ, ਮਾਲਕ ਹਨ, ਤੂੰ ਕੌਣ ਏਂ ਲੁਟੇਰਾ। ਸਾਡੀ ਮੱਲਗੁਜ਼ਾਰ ਵਿਚ ਆਉਣ ਵਾਲਾ ਤੂੰ ਕੌਣ ਏਂ?

ਬਹੁਤੀਆਂ ਬੜ੍ਹਕਾਂ ਮਾਰਨ ਵਾਲਾ ਅਕਾਲ ਦਾਸ ਸੀ। ਜੰਡਿਆਲੇ ਵਾਲਾ ਨਿਰੰਜਣੀਆਂ। ਦਲ ਸੋਧਣ ਲਈ ਨਿਕਲਿਆ ਸੀ ਜਰਾ ਕੁ ਦਾਅ ਲੱਗਣ ਦੀ ਦੇਰ ਸੀ। ਦਲ ਵਾਲੇ ਉਹਦੇ ਯਾਰ ਦੀਆਂ ਸਾਰੀਆਂ ਉਡੀਕਾਂ ਵੇਖ ਲੈਣਗੇ। ਯਾਰ ਕਿਹੜਾ ਭੁੱਲਿਆ ਹੋਇਆ ਏ।

ਗੁਰਮਤਾ ਹੋ ਗਿਆ। ਜਿਹੜੇ ਦਲ ਦੇ ਵੈਰੀ ਸਨ, ਚੁਗਲਖ਼ੋਰ ਸਨ, ਮੁਖ਼ਬਰ ਸਨ, ਜਿਹੜੇ ਰਾਹ 'ਚ ਸਾਡੇ ਰੋੜਾ ਅਟਕਾ ਰਹੇ ਸਨ, ਉਨ੍ਹਾਂ ਸਾਰਿਆਂ ਨੂੰ ਸੋਧ ਦਿੱਤਾ ਜਾਏਗਾ।

ਪਹਿਲੀ ਬੋਹਣੀ ਜੰਡਿਆਲੇ ਦੀ ਕੀਤੀ ਜਾਏ। ਮਹਿਤਾ ਅਕਾਲ ਦਾਸ ਦੇ ਪੈਰਾਂ ਥੱਲਿਓਂ ਜ਼ਮੀਨ ਸਰਕ ਗਈ।

ਦਲ ਜੇ ਜੰਡਿਆਲੇ ਵਿਚ ਆ ਗਿਆ ਤਾਂ ਕਹਿਰ ਹੋ ਜਾਏਗਾ।

ਦਲ ਨੇ ਸਾਰੀਆਂ ਕਸਰਾਂ ਪੂਰੀਆਂ ਕਰਕੇ ਸਾਹ ਲੈਣਾ ਏ।

—ਦਲ ਹੈ ਕੀ ? ਵਿਹਲੇ, ਅਧਖੜ, ਗੱਭਰੂ, ਲੁਦੋਂ ਮੁੰਡਿਆਂ ਦਾ ਇਕੱਠ। ਨਾ ਇਨ੍ਹਾਂ ਦਾ ਰੰਨ ਨਾ ਇਨ੍ਹਾਂ ਦਾ ਕੰਨ। ਬਦਮਾਸ਼ ਟੋਲੇ ਦਾ ਨਾਂ ਏ ਦਲ।

—ਨਹੀਂ ਮਹੰਤ ਜੀ, ਇਹ ਗੁਰੂਆਂ ਦਾ ਬਖ਼ਸ਼ਿਆ ਜਥਾ ਏ।

—ਮਹੰਤ ਜੀ ਜਦੋਂ ਤੁਹਾਡੀ ਵਾਰੀ ਆਈ ਤਾਂ ਤੁਹਾਡੇ ਮੂੰਹ ਵਿਚ ਕਿਸੇ ਨੇ ਪਾਣੀ ਵੀ ਨਹੀਂ ਪਾਉਣਾ।

—ਤੇ ਤੁਹਾਨੂੰ ਮਾਰਨਾ ਵੀ ਇਹਨਾਂ ਕਾਬਲੀ ਕੁੱਤਿਆਂ ਨੇ ਐ।

—ਪੰਜਾਬ ਅਜੇ ਵੀ ਮਹੰਤਾਂ ਦੇ ਚਰਨ ਪੂਜਦਾ ਏ।

—ਪਤਾ ਨਹੀਂ ਤੁਹਾਡੇ ਢਿੱਡ ਵਿਚੋਂ ਸੂਲ ਕਿਉਂ ਉੱਠ ਰਿਹਾ ਏ। ਮਾਂ ਪਿਓ ਜਾਏ ਭਰਾ ਵੈਰੀ ਤੇ ਦੁਸ਼ਮਨ ਦੇ ਭਰਾ ਯਾਰ।

—ਅਕਾਲ ਦਾਸ ਨੇ ਤੇਜ਼ ਰਫ਼ਤਾਰ ਊਠਨੀ ਲੱਭੀ ਤੇ ਉੱਤੇ ਬਿਠਾਇਆ ਸਵਾਰ। ਰੁੱਕਾ ਉਹਦੇ ਹੱਥ ਵਿਚ ਦਿੱਤਾ ਤੇ ਭੇਜਿਆ ਅਹਿਮਦ ਸ਼ਾਹ ਅਬਦਾਲੀ ਵੱਲ। ਪੰਧ ਮੁਕਾ ਕੇ ਆਉਣਾ ਸੂ। ਹਵਾ ਦੇ ਘੋੜੇ ਚੜ੍ਹ ਆਉਣਾ ਸੂ। ਛੇਤੀ ਆ ਛੇਤੀ ਆ ਸਾਡਾ ਜੀਅ ਨਹੀਂ ਲਗਦਾ। ਦੂਰ ਸੀ ਅਹਿਮਦ ਸ਼ਾਹ ਅਬਦਾਲੀ। ਅਵਾਜ਼ ਨਹੀਂ ਸੀ ਸੁਣਦਾ।

ਲਾਹੌਰ ਵਿਚ ਛਾਉਣੀ ਬਿਠਾ ਦਿੱਤੀ ਨਿਹੰਗਾਂ ਦੀ। ਜੇ ਤੁਸਾਂ ਦੇਰ ਕਰ ਦਿਤੀ ਤਾਂ ਉਹ ਲਾਹੌਰ ਨੂੰ ਫੂਕ ਕੇ ਤਬਾਹ ਕਰ ਦੇਣਗੇ।

ਗੁਰਮਤਾ ਕੀਤਾ। ਜੱਸਾ ਸਿੰਘ ਰਾਮਗੜ੍ਹੀਆ, ਜੱਸਾ ਸਿੰਘ ਆਹਲੂਵਾਲੀਆ ਤੇ ਜੰਡਿਆਲੇ ਦੇ ਮਹੰਤ ਅਕਾਲ ਦਾਸ ਨੂੰ ਵੀ ਇਹ ਚਿੱਠੀ ਘੱਲ ਦਿੱਤੀ। ਨਾਲ ਇਕ ਪਰਚੀ ਵੀ ਲਾ ਦਿੱਤੀ ਤੇ ਨਾਲੇ ਬੇਨਤੀ ਵੀ ਕੀਤੀ ਕਿ ਤੂੰ ਬੁੱਢੇ ਦਲ ਦੀ ਈਨ ਮੰਨ ਲੈ। ਤੂੰ ਵੀ ਸੁਖੀ ਤੇ ਅਸੀਂ ਵੀ ਸੁਖੀ। ਸ਼ਰਨ ਵਿਚ ਆ ਜਾ। ਰਾਖੀ ਸਾਡੀ ਤੇ ਨੰਬਰਦਾਰੀ ਤੇਰੀ। ਜੋ ਮਰਜ਼ੀ ਕਮਾ ਤੇ ਜੋ ਮਰਜ਼ੀ ਖਾਹ। ਸਾਨੂੰ ਰਾਖੀ ਦੇ ਛੱਡਿਆ ਕਰ। ਇਹ ਚਿੱਠੀ ਅਹਿਮਦ ਸ਼ਾਹ ਅਬਦਾਲੀ ਨੂੰ ਰੋਹਤਾਸ ਦੇ ਸਥਾਨ ਤੇ ਮਿਲੀ। ਉਹ ਮੰਜ਼ਲਾਂ ਤੇ ਮੰਜ਼ਲਾਂ ਮਾਰਦਾ ਆ ਰਿਹਾ ਸੀ। ਘਬਰਾਏ ਅਕਾਲ ਦਾਸ ਨੇ ਦੂਜੀ ਚਿੱਠੀ ਵੀ ਮਗਰੇ ਭੇਜ ਦਿੱਤੀ। ਉਹ ਵੀ ਚਿੱਠੀ ਉਹਨੂੰ ਉੱਥੇ ਈ ਮਿਲੀ। ਊਠਨੀ ਸਵਾਰ ਅੱਗੇ-ਪਿੱਛੇ ਦੌੜ ਰਹੇ ਸਨ। ਅਕਾਲ ਦਾਸ ਕੰਬ ਰਿਹਾ ਸੀ। ਰੂਹ ਕਬਜ ਹੋਣ ਵਾਲੀ ਸੀ। ਚਲ ਬੌਚੂ ਕਿੱਧਰ ਜਾਣਾ ਏ। ਤੇਰੀ ਅਰਥੀ ਭਰਾਵਾਂ ਤੋਂ ਬਗ਼ੈਰ ਕਿਸੇ ਨਹੀਂ ਚੁੱਕਣੀ।

54

ਸਤਲੁਜ ਪਾਰ ਹੋਣਾ

ਨਾਨਕਾ ਮੇਲ ਪਹਿਲਾਂ ਆ ਗਿਆ, ਜੰਝ ਵਾਲੇ ਅਜੇ ਪਿੱਛੇ ਵਾਜੇ ਵਜਾਉਂਦੇ ਆ ਰਹੇ ਹਨ।

ਜੱਸਾ ਸਿੰਘ ਆਹਲੂਵਾਲੀਏ ਨੇ ਸਮੇਂ ਦੀ ਨਬਜ਼ ਤੇ ਹੱਥ ਰੱਖਿਆ ਤੇ ਅੰਦਾਜ਼ਾ ਲਾਇਆ।

ਅਹਿਮਦ ਸ਼ਾਹ ਅਬਦਾਲੀ ਦੀ ਨੀਯਤ ਕੀ ਏ। ਅਸੀ ਥੱਕੇ-ਟੁੱਟੇ ਆਏ ਹਾਂ, ਅਜੇ ਲੰਗਰ ਪਾਣੀ ਛੱਕਿਆ ਨਹੀਂ। ਫੇਰ ਘੜੀ ਆਰਾਮ ਵੀ ਕਰਨਾ ਏ। ਏਸ ਲਈ ਇਹ ਸਮਾਂ ਸਾਨੂੰ ਦੇ ਦੇਣਾ ਚਾਹੀਦੈ। ਹਰ ਵੇਲੇ ਦੁਸ਼ਮਣੀ ਨਹੀਂ ਚਾਹੀਦੀ। ਸਿੰਘ ਏਸ ਵੇਲੇ ਹਮਲਾ ਨਹੀਂ ਕਰਦੇ। ਉਨ੍ਹਾਂ ਦਾ ਸਮਾਂ ਨਿਸ਼ਚਿਤ ਏ। ਪਹਿਲਾਂ ਦਮਾਮਾ ਵਜਾਉਣਾ, ਨਗਾਰੇ ਵਜਾਉਣੇ ਤੇ ਫੇਰ ਦਲ ਚੜ੍ਹਿਆ ਘੋੜਿਆਂ ਤੇ। ਉਦੋਂ ਸਮਝ ਲਵੇ ਕਿ ਹਮਲਾ ਕਰਨ ਦੀਆਂ ਤਿਆਰੀਆਂ ਹਨ। ਇਹਦਾ ਮਤਲਬ ਇਹ ਹੈ ਕਿ ਮੈਨੂੰ ਅਹਿਮਦ ਸ਼ਾਹ ਅਬਦਾਲੀ ਦੇ ਰੁਖ਼ ਤੋਂ ਈ ਪਤਾ ਲੱਗੇਗਾ। ਵੈਸੇ ਉਹ ਆਪਣੇ ਦਾਅ ਤੇ ਹੈ ਤੇ ਅਸੀਂ ਆਪਣੇ ਦਾਅ ਤੇ ਹਾਂ। ਸਾਨੂੰ ਜਾਪਦਾ ਏ ਕਿ ਏਸ ਵੇਲੇ ਦੁਸ਼ਮਣ ਅੱਧੀ ਰਾਤ ਤੋਂ ਬਾਅਦ ਹਮਲਾ ਕਰੇਗਾ। ਤਿਸ ਏਸੇ ਵੇਲੇ ਸਾਡੇ ਰਾਹ ਤੇ ਚੱਲਣਾ ਏ। ਹਮਲਾਵਰ ਖ਼ਚਰਾ ਏ, ਉਹ ਧੋਖੇ 'ਚ ਰੱਖੇਗਾ।

—ਮੇਰਾ ਵੀ ਖ਼ਿਆਲ ਇਹੋ ਜਿਹਾ ਈ ਏ। ਜੱਸਾ ਸਿੰਘ ਰਾਮਗੜ੍ਹੀਆ ਬੋਲਿਆ।

—ਸਾਨੂੰ ਏਸ ਗ਼ਲਤਫਹਿਮੀ ਦਾ ਫਾਇਦਾ ਉਠਾਉਣਾ ਚਾਹੀਦੈ। ਸਾਰੇ ਬਾਲ-ਬੱਚੇ, ਬੁੱਢੇ, ਬੁੱਢੀਆਂ ਸਾਰਿਆਂ ਨੂੰ ਦਰਿਆ ਪਾਰ ਕਰਵਾ ਦਿਓ। ਅੱਗੋਂ ਆਪੇ ਸਾਂਭ ਲੈਣਗੇ ਜੱਥੇ ਵਾਲੇ। ਸਤਲੁਜ ਪਾਰ ਕੀਤਾ ਤੇ ਸਾਡੀ ਜ਼ੁੰਮੇਵਾਰੀ ਮੁੱਕੀ।

ਅਹਿਮਦ ਸ਼ਾਹ ਅਬਦਾਲੀ ਦੀਆਂ ਅੱਖਾਂ ਵਿਚ ਮਿਰਚਾਂ ਪਾ ਕੇ ਦਲ ਵਾਲਿਆਂ ਲੰਗਰ 'ਚ ਖ਼ੂਬ ਆਵਾਜਾਈ ਰੱਖੀ। ਗੜਵੇ ਨਾਲ ਗੜਵਾ ਖਹਿ ਰਿਹਾ ਸੀ। ਬਾਟੀਆਂ ਵਿਚ ਸਬਜ਼ੀ ਪ੍ਰਸ਼ਾਦ ਪਾ ਕੇ ਵੰਡ ਰਹੇ ਸਨ। ਲੰਗਰ ਵਿਚ ਰੌਣਕ ਦਾ ਵਾਧੂ ਜਿਹਾ ਪ੍ਰਭਾਵ ਨਜ਼ਰ ਆਉਂਦਾ ਸੀ। ਇਉਂ ਜਾਪਦਾ ਸੀ ਕਿ ਜਿੱਦਾਂ ਦਲ ਵਾਲੇ ਪੂਰੇ ਦੇ ਪੂਰੇ ਆਣ ਉਤਰੇ ਹਨ। ਦਲ ਸਾਰਾ ਇਕੱਠਾ ਹੋ ਗਿਐ। ਇਹ ਉਸਤਾਦੀ ਦਲ ਵਾਲਿਆਂ ਦੀ ਸੀ ਤੇ ਪਿਛਲੇ ਪਾਸਿਓਂ ਦਲ ਵਾਲੇ ਬੁੱਢੇ ਬੱਚਿਆਂ ਨੂੰ ਸਤਲੁਜ ਦਰਿਆ ਪਾਰ ਕਰਾਉਂਦੇ ਗਏ।

ਜਦ ਲੰਗਰ ਖਾਧਾ ਜਾ ਚੁੱਕਾ, ਜੱਥਾ ਤੇ ਦਲ ਵਾਲਿਆਂ ਤਦ ਨਗਾਰਾ ਵਜਾਇਆ। ਇਹਦਾ ਮਤਲਬ ਸੀ ਆਰਾਮ ਕਰੋ। ਦੋਵੇਂ ਧਿਰਾਂ ਆਰਾਮ ਕਰੇ।

ਅਹਿਮਦ ਸ਼ਾਹ ਅਬਦਾਲੀ ਏਦਾਂ ਜਾਪਦਾ ਸੀ, ਜਿੱਦਾਂ ਬੰਦਾ ਬਣ ਗਿਆ ਹੋਵੇ ਵਹਿਸ਼ੀ ਲੜਨਾ ਇਕ ਤਰ੍ਹਾਂ ਦਾ ਹੁਨਰ ਏ, ਇੰਡਸਟਰੀ ਏ। ਹਥਿਆਰ ਚਲਾਉਣਾ, ਤਲਵਾਰ ਵਾਹੁਣੀ। ਦੁਸ਼ਮਨ ਕਿਸੇ ਵੇਲੇ ਵੀ ਆਪਣਾ ਕਾਰਾ ਕਰ ਸਕਦੈ। ਉਹਦੀ ਤਾਰੀਫ਼ ਕਰਨੀ ਚਾਹੀਦੀ ਏ। ਜਿਹਨੂੰ ਰੱਬ ਦਾ ਚੇਤਾ ਆ ਗਿਆ।

ਦਬਦਬਾ ਅਹਿਮਦ ਸ਼ਾਹ ਅਬਦਾਲੀ ਦਾ ਜੰਡਿਆਲੇ ਤੇ ਸੀ, ਲਸ਼ਕਰ ਦੂਰ ਤੱਕ ਖਿਲਰਿਆ ਹੋਇਆ ਸੀ। ਦਲ ਦੀ ਮਜਬੂਰੀ ਸੀ, ਔਰਤਾਂ ਨਾਲ ਸਨ। ਪਰ ਧੰਨ ਹਨ ਦਲ ਵਾਲੇ। ਉਹਨਾਂ ਸਤਲੁਜ ਪਾਰ ਕੀਤਾ, ਚਿੰਤਾ ਮੁੱਕੀ। ਹੁਣ ਲੜਨ ਦਾ ਮਜ਼ਾ ਆਏਗਾ। ਘੋੜੇ ਖੁੱਲੀ ਜਗ੍ਹਾ ਤੇ ਦਿਲ ਖੋਲ੍ਹਕੇ ਨੱਸ ਸਕਣਗੇ।

ਭੈਅ ਖਾ ਗਿਆ ਅਹਿਮਦ ਸ਼ਾਹ ਅਬਦਾਲੀ ਜਾਂ ਦਲ ਵਾਲਿਆਂ ਅਕਲਮੰਦੀ ਕੀਤੀ। ਵਕਤ ਲੰਘਾ ਲਿਆ, ਦਲ ਵਾਲੇ ਥੋੜੀ ਜਿਹੀ ਕਾਹਲ ਵਿਚ ਨੁਕਸਾਨ ਨਹੀਂ ਸੀ ਕਰਨਾ ਚਾਹੁੰਦੇ। ਅਹਿਮਦ ਸ਼ਾਹ ਅਬਦਾਲੀ ਨੇ ਮੁਹਾਸਰਾ ਚੁੱਕ ਲਿਆ ਤੇ ਦਲ ਹਰਨ ਹੋ

ਗਿਆ। ਜੰਡਿਆਲਾ ਨਗਰੀ 'ਚ ਮੈਦਾਨ ਈ ਮੈਦਾਨ ਨਜ਼ਰ ਆਉਂਦਾ ਸੀ। ਸਾਰੇ ਤੰਬੂ, ਛੋਲਦਾਰੀਆਂ, ਕਨਾਤਾਂ ਸਭ ਲਪੇਟ ਲਈਆਂ ਗਈਆਂ। ਕਿਤੇ ਬਿੱਲੀ ਦਾ ਬਲੂੰਗੜਾ ਵੀ ਨਜ਼ਰ ਨਹੀਂ ਸੀ ਆਉਂਦਾ।

ਅਹਿਮਦ ਸ਼ਾਹ ਅਬਦਾਲੀ ਹੁਣ ਕਿਸ ਨੂੰ ਮਾਰੇ ਤੇ ਕਿਹਦੇ ਤੇ ਤਲਵਾਰ ਚੁੱਕੇ।

ਅੰਮ੍ਰਿਤਸਰ ਵਿਚ ਦਿਵਾਲੀ ਦੇ ਮੇਲੇ ਦੇ ਸਿੰਘਾਂ ਦਾ ਇਕੱਠ ਹੋਣਾ ਸ਼ੁਰੂ ਹੋ ਗਿਆ ਸੀ। ਸੰਗਤਾਂ ਹੁਮਹੁਮਾ ਕੇ ਆ ਰਹੀਆਂ ਸਨ।

ਅਹਿਮਦ ਸ਼ਾਹ ਅਬਦਾਲੀ ਵਸਾਹ ਕੇ ਮਾਰਨਾ ਚਾਹੁੰਦਾ ਸੀ। ਸਾਰਾ ਪੰਥ ਅੰਮ੍ਰਿਤਸਰ ਵਿਚ ਇਕੱਠਾ ਹੋ ਰਿਹਾ ਸੀ। ਸਾਰਾ ਜ਼ੋਰ ਲਾਅ ਕੇ ਇਕੋ ਵਾਰੀ ਭਰਪੂਰ ਹਮਲਾ ਕਰੋ। ਰੋਜ਼-ਰੋਜ਼ ਦੀ ਘੈਂਸ ਘੈਂਸ ਮੁਕਾ ਦਿਓ। ਫਾਤਿਆ ਈ ਪੜ੍ਹ ਦਿਓ।

ਦਲ ਵਾਲੇ ਆਪਣੇ ਆਹਰੇ ਲੱਗੇ ਰਹੇ। ਸਤਲੁਜ ਪਾਰ ਕਰ ਲਿਆ ਤੇ ਬਾਕੀ ਜੱਥੇ ਕਦੀ ਇੱਧਰ ਤੇ ਕਦੀ ਉੱਧਰ ਦੀ ਨੁਮਾਇਸ਼ ਕਰ ਰਹੇ ਸਨ। ਅਬਦਾਲੀ ਤੇ ਕਈ ਹੋਰ ਵੀ ਉਹਦੇ ਹਮਦਰਦੀ ਅੰਦਾਜ਼ੇ ਲਾ ਰਹੇ ਸਨ, ਦੂਰ ਬੈਠਿਆਂ ਈ। ਭਾਵੇਂ ਕੋਈ ਵੀ ਚਾਤਰ ਆ ਜਾਂਦਾ, ਉਹ ਦਲ ਵਾਲਿਆਂ ਦੀ ਗਿਣਤੀ ਨਾ ਕਰ ਸਕਦਾ। ਅਬਦਾਲੀ ਨੂੰ ਯਕੀਨ ਹੋ ਗਿਆ ਸੀ ਕਿ ਸਾਰਾ ਦਲ ਈ ਇਕੱਠਾ ਏ। ਮੁਕਾਬਲਾ ਸਖ਼ਤ ਏ।

ਨਿਹੰਗ ਸਿੰਘਾਂ ਦੇ ਮਾੜੇ-ਮੋਟੇ ਜੱਥੇ ਅੰਮ੍ਰਿਤਸਰ ਵੱਲ ਜਾ ਰਹੇ ਸਨ। ਦਲ ਵਾਲਿਆਂ ਦਾ ਇਹ ਖ਼ਿਆਲ ਸੀ ਕਿ ਅਬਦਾਲੀ ਹੁਣ ਖ਼ਿਸਕ ਜਾਏਗਾ। ਕੰਨ ਵਲੇਟ ਕੇ ਲਾਂਭਿਓਂ ਦੀ ਨਿਕਲ ਜਾਏਗਾ। ਪਰ ਅਬਦਾਲੀ ਕਿਸੇ ਮਾਰ ਤੇ ਸੀ। ਅਜੇ ਵੀ ਦਲ ਦੇ ਆਸੇ-ਪਾਸੇ ਘੁੰਮ ਰਿਹਾ ਸੀ। ਦਲ ਦਾ ਰੁਖ ਕਿੱਧਰ ਏ, ਏਸ ਗੱਲ ਦਾ ਫੈਸਲਾ ਅਜੇ ਅਬਦਾਲੀ ਨਹੀਂ ਸੀ ਕਰ ਸਕਿਆ।

ਭੀਖਨ ਖ਼ਾਂ ਮਲੇਰਕੋਟਲੇ ਵਾਲੇ ਨੇ ਆਖਿਆ, ਦਲ ਨੇ ਆਪਣਾ ਰੁਖ਼ ਬਦਲ ਲਿਐ। ਉਹਦਾ ਮੂੰਹ ਹੁਣ ਮਲੇਰਕੋਟਲੇ ਵੱਲ ਏ। ਰਾਇਪੁਰ ਦੀਆਂ ਜੂਹਾਂ ਵਿਚ ਦਲ ਆ ਗਿਐ। ਗੁੱਜਰਵਾਲ ਦੇ ਦੱਖਣ ਤੋਂ ਮਲੇਰਕੋਟਲਾ ਦਸ ਮੀਲ ਦੀ ਵਿੱਥ ਤੇ ਹੈ।

—ਤੁਹਾਨੂੰ ਫ਼ਿਕਰ ਪੈ ਗਿਆ। ਦਲ ਅਜੇ ਝਕਾਨੀਆਂ ਦੇ ਰਿਹੈ। ਭੀਖਨ ਖ਼ਾਂ ਦਾ ਇਕ ਬੰਦਾ ਬੋਲਿਆ।

ਜਦ ਤੱਕ ਝੰਡੇ ਇਕ ਕਤਾਰ ਵਿਚ ਨਹੀਂ ਆ ਜਾਂਦੇ। ਤਦ ਤੱਕ ਇਹ ਫੈਸਲਾ ਕਰਨਾ ਗ਼ਲਤ ਏ। ਦਲ ਅਜੇ ਆਪਣੇ ਟਿਕਾਣੇ ਭਾਲਦਾ ਫਿਰਦੈ। ਪਹਿਲੇ ਬੰਦੇ ਨੇ ਆਪਣਾ ਵਿਚਾਰ ਦਸਿਆ।

—ਦਲ ਦੇ ਟਿਕਾਣੇ ਸਾਰੇ ਪੰਜਾਬ ਵਿਚ ਹਨ। ਇਹੋ ਤੇ ਇਹਨਾਂ ਦੀਆਂ ਜਾਗੀਰਾਂ ਹਨ। ਇਹੋ ਈ ਛੁਪਣਗਾਹਾਂ ਹਨ ਤੇ ਇਹੋ ਈ ਵਾੜਾਂ ਹਨ ਖ਼ਾਲਸੇ ਦੀਆਂ।

—ਦਲ ਨੇ ਜਦ ਤੁਰਨਾ ਏ ਤਾਂ ਫੇਰ ਝਕਾਨੀਆਂ ਨਹੀਂ ਦੇਣੀਆਂ। ਸਿੱਧਾ ਨੱਕ ਦੀ ਸੇਧੇ ਆਏਗਾ ਸ਼ੇਰਾਂ ਦੇ ਪੁੱਤਾਂ ਵਾਂਗੂੰ।

—ਤੁਹਾਡੀਆਂ ਗੱਲਾਂ ਸਾਰੀਆਂ ਸੱਚ ਹਨ ਪਰ ਮੈਨੂੰ ਫ਼ਿਕਰ ਮਲੇਰਕੋਟਲੇ ਦਾ ਏ।

—ਦਲ ਦੇ ਘੋੜੇ ਮੁੜੇ ਤੇ ਭੀਖਣ ਖ਼ਾਂ ਦੀ ਹਵਾ ਸਰਕੀ। ਦਲ ਆ ਰਿਹੈ, ਦਲ ਨੇ ਤਿਆਰੇ ਕੱਸ ਲਏ ਨੇ। ਭੀਖਨ ਖ਼ਾਂ ਨੇ ਘੋੜਾ ਦੌੜਾਇਆ ਤੇ ਉਸਦੇ ਸਾਥੀ ਵੀ ਉਹਦੇ ਨਾਲ ਈ ਦੌੜ ਪਏ। ਉਹਨਾਂ ਆ ਕੇ ਮਲੇਰਕੋਟਲੇ ਦਮ ਲਿਆ।

—ਪਹਿਲਾਂ ਆਪਣੀ ਹਿਫ਼ਾਜ਼ਤ ਦੇ ਸਾਰੇ ਪ੍ਰਬੰਧ ਕੀਤੇ, ਫ਼ੌਜ ਨੂੰ ਤਿਆਰੀ ਦਾ ਹੁਕਮ

ਦੇ ਦਿੱਤਾ। ਮਲੇਰਕੋਟਲੇ ਦੇ ਦਰਵਾਜ਼ੇ ਬੰਦ ਕਰ ਦਿੱਤੇ। ਪਹਿਰਾ ਸਖ਼ਤ ਕਰ ਦਿੱਤਾ। ਆਖਦੇ ਹਨ ਕਿ ਉਸ ਫਸੀਲ ਉੱਤੇ ਦੋ ਤੋਪਾਂ ਗੱਡ ਦਿੱਤੀਆਂ ਸਨ।

—ਆਵਾਜ਼ ਆ ਰਹੀ ਸੀ, ਚਲੋ ਅੱਜ ਰਾਤ ਮਲੇਕੋਟਲੇ ਈ ਆਰਾਮ ਕੀਤਾ ਜਾਏ।

—ਦਲ ਦੀ ਨੀਯਤ ਦਾ ਪਤਾ ਲੱਗ ਗਿਆ। ਵਹੀਰ ਨੇ ਆਪਣਾ ਰੁਖ਼ ਸਿੱਧਾ ਕਰ ਦਿੱਤਾ ਮਲੇਰਕੋਟਲੇ ਵੱਲ। ਦਲ ਦਾ ਮੁਕਾਬਲਾ ਅਸੀਂ ਤਾਂ ਨਹੀਂ ਕਰ ਸਕਦੇ, ਕਿਸੇ ਹਮਾਇਤੀ ਨੂੰ ਸੱਦਾ ਭੇਜਿਆ ਜਾਏ।

—ਤੇਜ਼ ਰਫ਼ਤਾਰ ਊਠਨੀ ਕੱਢੀ ਤੇ ਸਰਹਿੰਦ ਦੇ ਨਵਾਬ ਜ਼ੈਨ ਖ਼ਾਂ ਨੂੰ ਇਹ ਆਖ ਕੇ ਸੱਦਿਆ ਗਿਆ।

—ਤੁਸੀਂ ਜਲਦੀ ਆਓ, ਪੂਰੀ ਤਿਆਰੀ ਕਰਕੇ। ਇਧਰ ਅਹਿਮਦ ਸ਼ਾਹ ਅਬਦਾਲੀ ਨੂੰ ਵੀ ਇਤਲਾਹ ਕਰ ਦਿੱਤੀ। ਤੁਸੀਂ ਛੇਤੀ ਤੋਂ ਛੇਤੀ ਅਪੜੋ। ਮੈਂ ਦਲ ਨਾਲ ਅਜੇ ਹੋਰ ਮੇਲ ਕਰਾਂਗਾ ਤੇ ਤੁਹਾਡੇ ਪੁੱਜਣ ਤੇ ਈ ਗੋਲਾ ਦਾਗ਼ਾਂਗਾ। ਹੁਣ ਵੇਲਾ ਏ ਮਾਰ ਮੁਕਾਉਣ ਦਾ।

—ਕਾਂਬਾ ਛਿੜਿਆ ਹੋਇਆ ਸੀ। ਮੌਤ ਸਾਹਮਣੇ ਭੰਗੜਾ ਪਾ ਰਹੀ ਸੀ।

—ਮੁਕਾਬਲਾ ਸ਼ੇਰ ਨਾਲ ਕਰੋ, ਚੂਹੇ ਨਾਲ ਕੀ ਲੜਨਾ ਹੋਇਆ। ਜੱਸਾ ਸਿੰਘ ਆਹਲੂਵਾਲੀਆ ਆਖਣ ਲਗਾ।

55

ਘੇਰੋ ਤੇ ਮਾਰੋ

ਹੁਕਮ ਚਾੜ੍ਹਿਆ ਅਹਿਮਦ ਸ਼ਾਹ ਅਬਦਾਲੀ ਨੇ ਜ਼ੈਨ ਖ਼ਾਂ ਵੱਲ—ਮੈਂ ਪੰਜ ਫਰਵਰੀ ਨੂੰ ਦਲ ਤੇ ਹਮਲਾ ਕਰਾਂਗਾ। ਤੁਸਾਂ ਵੀ ਪੰਜ ਤਾਰੀਖ਼ ਨੂੰ ਦਲ ਤੇ ਹਮਲਾ ਕਰਨਾ। ਦੋ ਪਾਸੀ ਅਸੀਂ ਹਮਲਾ ਕਰਾਂਗੇ ਤੇ ਤੀਜਾ ਹਮਲਾ ਭੀਖਣ ਖ਼ਾਂ ਕਰੇਗਾ। ਤੁਹਾਡੀ ਮਦਦ ਤੇ ਮੁਰਤਜ਼ਾ ਖ਼ਾਂ ਬਰਾੜ ਵਿਚ, ਕਾਸਮ ਖ਼ਾਂ ਤੇ ਦੀਵਾਨ ਲਕਸ਼ਮੀ ਨਾਰਾਇਣ ਤੁਹਾਡੇ ਨਾਲ ਹੋਣਗੇ। ਮੈਂ ਅੱਜ ਤਿੰਨ ਤਾਰੀਖ਼ ਨੂੰ ਲਾਹੌਰ ਤੋਂ ਤੁਰ ਪਿਆ ਹਾਂ। ਮੈਂ ਠੀਕ ਵਕਤ ਤੇ ਹਮਲਾ ਕਰਾਂਗਾ। ਜੇ ਤੁਸਾਂ ਜ਼ਰਾ ਜਿੰਨੀ ਵੀ ਸੁਸਤੀ ਕੀਤੀ ਤਾਂ ਫੇਰ ਦਲ ਵਾਲੇ ਤੁਹਾਡੇ ਸਿਰ ਤੇ ਚੜ੍ਹ ਜਾਣਗੇ ਤੇ ਜਾਨੀ ਨੁਕਸਾਨ ਵੀ ਬਹੁਤ ਹੋਏਗਾ।

—ਫੈਸਲਾ ਤੇ ਸ਼ਾਹ ਦਾ ਸਾਰਿਆਂ ਧਿਰਾਂ ਨੇ ਸੁਣ ਈ ਲਿਆ ਸੀ। ਤਿਆਰੀਆਂ ਅੱਗੇ ਈ ਹੋ ਰਹੀਆਂ ਸਨ ਪਰ ਹੁਣ ਉਹਦੇ ਵਿਚ ਤੇਜ਼ੀ ਆ ਗਈ।

—ਪਰ ਮੇਰੇ ਮਲੇਰਕੋਟਲੇ ਦਾ ਕੀ ਬਣੇਗਾ? ਮੈਂ ਗ਼ਰੀਬ ਇਹਨਾਂ ਸਾਨ੍ਹਾਂ ਦੇ ਭੇੜ ਵਿਚ ਫਸ ਗਿਆ ਹਾਂ।

—ਫਸੀ ਨੂੰ ਫੜਕਨ ਕੀ। ਜੋ ਅੱਲਾ ਤਾਲਾ ਨੂੰ ਮਨਜ਼ੂਰ ਏ ਉਹ ਹੋ ਕੇ ਈ ਰਹਿਣਾ ਏ। ਮਰਦ ਬਣ, ਹੌਸਲਾ ਰੱਖ ਅਸੀਂ ਤੇਰੇ ਨਾਲ ਹਾਂ। ਮੁਰਤਜ਼ਾ ਖ਼ਾਂ ਨੇ ਤੱਸਲੀ ਦਿੱਤੀ।

—ਜਿਹਦੇ ਨਾਲ ਸ਼ਾਹ ਏ। ਉਹਨੂੰ ਕਾਹਦਾ ਫ਼ਿਕਰ ਏ।

—ਪਰ ਉੱਧਰ ਵੀ ਦਲ ਵਾਲੇ ਹਨ। ਸਿਰਲੱਥ ਬਹਾਦਰ ਸੂਰਮੇ।

—ਜੇ ਬਹੁਤਾ ਈ ਡਰ ਆਉਂਦਾ ਏ ਤਾਂ ਭੜੋਲੀ 'ਚ ਲੁਕ ਜਾ।

—ਯਾਰ ਐਵੇਂ ਟਿਚਕਰਾਂ ਨਾ ਕਰੋ। ਅਸੀਂ ਮੈਦਾਨ 'ਚ ਮਰਾਂਗੇ।

—ਫੇਰ ਡਰਦਾ ਕਿਉਂ ਏਂ, ਕੱਢ ਘੋੜੇ ਅਤੇ ਬੁੱਕ ਮੈਦਾਨ 'ਚ।

—ਕਾਸਮ ਖ਼ਾਂ ਨੇ ਜ਼ਰਾ ਕੁ ਆਪਣੀ ਤਲਵਾਰ ਨੂੰ ਮਿਆਨ 'ਚੋਂ ਕੱਢਿਆ। ਜ਼ਰਾ ਕੁ ਧੁੱਪ ਦਾ ਲਿਸ਼ਕਾਰਾ ਪਿਆ ਤਲਵਾਰ ਚਮਕੀ ਤੇ ਆਖਣ ਲਗਾ—ਅੱਜ ਮੂਜ਼ੀ ਮਾਰ ਕੇ ਦਮ ਲਵਾਂਗੇ।

—ਐਵੇਂ ਦਮਗਜੇ ਮਾਰਨ ਦੀ ਲੋੜ ਨਹੀਂ। ਵਕਤ ਦੱਸੇਗਾ ਤੁਹਾਡੀ ਬਹਾਦਰੀ।

ਅਹਿਮਦ ਸ਼ਾਹ ਅਬਦਾਲੀ ਲਾਹੌਰ ਤੋਂ ਕੂਚ ਕਰ ਚੁੱਕਾ ਸੀ। ਉਹ ਤੇ ਭੁੱਖਾ ਸੀ ਦੌਲਤ ਦਾ। ਅਸਾਂ ਏਥੇ ਰਹਿਣਾ ਏ। ਦੌਲਤ ਜਿੰਨੀ ਹੈ, ਉਸੇ ਤੇ ਗੁਜ਼ਾਰਾ ਕਰਨਾ ਹੈ। ਅਹਿਮਦ ਸ਼ਾਹ ਅਬਦਾਲੀ ਸਾਡੇ ਵੀ ਬੋਝੇ ਝਾੜ ਕੇ ਲੈ ਜਾਣਾ ਚਾਹੁੰਦਾ ਏ।

—ਤੁਸੀਂ ਜਜ਼ੀਆ ਵਸੂਲ ਕਰੋ।

—ਜਜ਼ੀਆ ਕਿਹੜਾ ਆਰਾਮ ਨਾਲ ਮਿਲ ਜਾਂਦੈ। ਸੌ-ਸੌ ਪਾਪੜ ਵੇਲਣੇ ਪੈਂਦੇ ਹਨ। ਜੇ ਅਸਾਂ ਹਾਕਮ ਨੂੰ ਸਖ਼ਤੀ ਨਾਲ ਦਬਾਇਆ ਤਾਂ ਉਹ ਕਦ ਅੱਖਾਂ ਕੱਢੇਗਾ, ਕੌਣ ਜਾਣਦੈ ?

—ਇਹ ਇਲਾਕੇ ਡੰਗ ਟਪਾਊ ਹਨ। ਅਜੇ ਇੱਥੇ ਹਕੂਮਤ ਨਹੀਂ ਬਣੀ। ਪਰਸੋਂ ਜੇ ਦਲ ਵਾਲਿਆਂ ਨੇ ਏਧਰ ਰੁਖ਼ ਕਰ ਦਿੱਤਾ ਤਾਂ ਫੇਰ ਸਾਡਾ ਨਾਂ ਜਿਹੜੀ ਸਲੇਟ ਤੇ ਲਿਖਿਆ ਹੋਇਐ, ਪੂੰਝ ਦਿੱਤਾ ਜਾਏਗਾ। ਸ਼ਾਹ ਤਾਂ ਕਾਬਲ 'ਚ ਜਾ ਬੈਠੇਗਾ। ਅਸਾਂ ਤੇ ਇਨ੍ਹਾਂ ਨਾਲ ਈ ਵਕਤ ਕੱਟਣਾ ਏ। ਤਲਵਾਰ ਦੇ ਜ਼ੋਰ ਨਾਲ ਈ ਜਜ਼ੀਆ ਮਿਲਦਾ ਏ। ਤੇ ਨਾ ਇੱਜ਼ਤ ਈ ਰਹਿੰਦੀ ਏ। ਧੀਰਜ ਨਾਲ ਵਸੂਲ ਕਰੋ ਇਹ ਇੱਜ਼ਤ। ਸਖ਼ਤੀ ਨਾਲ ਬਦਨਾਮੀ ਪੱਲੇ ਪੈਂਦੀ ਏ। ਭੀਖਨ ਸ਼ਾਹ ਦੇ ਬੋਲ ਸਨ।

—ਐਵੇਂ ਮੁੱਛਾਂ ਨੂੰ ਫੋਕੇ ਮਰੋੜੇ ਨਾ ਦਿਓ। ਇਹ ਮਰੋੜੇ ਢਿੱਲੇ ਹੋ ਜਾਣੇ ਹਨ, ਦਲ ਦੇ ਜਦ ਦਰਸ਼ਨ ਹੋਏ।

—ਦਲ ਦਾ ਨਾਂ ਈ ਮੌਤ ਦਾ ਪੈਗ਼ਾਮ ਏ।

—ਤਲਾਅ ਵਿਚ ਰਹਿ ਕੇ ਮਗਰਮੱਛ ਨਾਲ ਵੈਰ ਨਹੀਂ ਛੇੜਿਆ ਜਾ ਸਕਦਾ।

—ਤੇ ਹੱਥ ਜੋੜਿਆਂ ਕੋਈ ਜਿਉਣ ਨਹੀਂ ਦਿੰਦਾ।

—ਇੰਨੀ ਸਾਰੀ ਚਤੁਰਾਈ ਤਾਂ ਵਰਤ ਲਈ ਏ। ਹੁਣ ਕੌਣ ਵਕਤ ਸਿਰ ਪੁੱਜਦਾ ਏ, ਇਹ ਵੇਖਣਾ ਏ। ਜੇ ਉਹਨਾਂ ਦੇਰ ਕਰ ਦਿੱਤੀ ਤਾਂ ਦਲ ਵਾਲਿਆਂ ਸਾਡੀ ਸੰਘੀ ਘੁੱਟ ਦੇਣੀ ਏ ਤੇ ਕਚੂਮਰ ਕੱਢ ਕੇ ਰੱਖ ਦੇਣਾ ਏ। ਭੀਖਣ ਖ਼ਾਂ ਨੇ ਆਖਿਆ।

—ਮਰਦਾ ਨਾ ਜਾ, ਅਸੀਂ ਵੀ ਤੇਰੇ ਨਾਲ ਈ ਮਰਾਂਗੇ।

ਜ਼ੈਨ ਖ਼ਾਂ ਵੀ ਪੁੱਜ ਗਿਆ। ਅਜੇ ਮਲੇਰਕੋਟਲੇ ਤੋਂ ਦੂਰ ਈ ਸੀ, ਸਿਰਫ਼ ਪੈਗ਼ਾਮ ਈ ਆਇਆ ਸੀ। ਦਲ ਵਾਲੇ ਸੂਰਮੇ ਐਵੇਂ ਝੂਠੀ-ਮੂਠੀ ਲੜਾਈ ਲੜਨ ਦੇ ਆਦੀ ਨਹੀਂ ਸਨ। ਦਲ ਦਾ ਅਜੇ ਪਤਾ ਨਹੀਂ ਸੀ ਕਿੱਥੇ ਗੱਫੇ ਲਾ ਰਿਹੈ। ਇਕ ਚੱਕਰਵਿਊ ਜਿਹਾ ਰਚਿਆ ਗਿਆ ਸੀ।

ਅਹਿਮਦ ਸ਼ਾਹ ਅਬਦਾਲੀ ਵੀ ਉਡੀਕ ਕਰ ਰਿਹਾ ਸੀ ਤੇ ਇੱਧਰ ਦਲ ਵਾਲੇ ਵੀ ਉਹਦੇ ਇੰਤਜ਼ਾਰ ਵਿਚ ਸਨ।

ਅੱਧਾ ਦਲ ਜੱਸਾ ਸਿੰਘ ਆਹਲੂਵਾਲੀਏ ਦੀ ਕਮਾਨ ਥੱਲੇ ਸੀ ਤੇ ਕੁਝ ਜੱਥੇ ਦੂਜਿਆਂ

ਸਰਦਾਰਾਂ ਦੇ ਨਾਲ ਸਨ। ਦਲ ਵਾਲੇ ਤੇ ਅਜੇ ਰਗੜੇ ਲਾ ਰਹੇ ਸਨ। ਹਮਲਾ ਤੇ ਉਹਨਾਂ ਨਿਸ਼ਚਿਤ ਵਕਤ ਤੇ ਈ ਕਰਨੈ। ਜਦੋਂ ਉਹ ਚੜ੍ਹੇ ਘੋੜਿਆਂ ਤੇ, ਤਾਂ ਉਹਨਾਂ ਫੇਰ ਅੱਗਾ-ਪਿੱਛਾ ਨਹੀਂ ਵੇਖਣਾ। ਇਕ ਵਾਰ ਅਰਦਾਸਾ ਹੋਇਆ, ਨਗਾਰੇ ਤੇ ਚੋਟ ਪਈ ਤੇ ਫੇਰ ਗੁਰੂ ਦੇ ਜੈਕਾਰੇ ਮਾਰਦੇ ਕੁੱਦ ਪਏ।

ਲਕਸ਼ਮੀ ਨਾਰਾਇਨ ਨੇ ਅਰਜ਼ ਕੀਤੀ ਕਿ ਇਸ ਵਾਰ ਦਲ ਨੂੰ ਕੱਠਾ ਹੋਣ ਦਿਓ। ਤਾਦਾਦ ਦਾ ਵੀ ਪਤਾ ਲੱਗ ਜਾਊ, ਲੜਨ ਦਾ ਵੀ ਮਜ਼ਾ ਆਏਗਾ।

ਇਹ ਜੰਗ ਏ, ਮੌਤ ਦੀ ਖੇਡ ਏ, ਗੱਲਾਂ ਫੋਕੀਆਂ ਨਹੀਂ ਚੱਲਣੀਆਂ। ਦਲ ਵਾਲੇ ਬਹੁਤ ਸਖਤ ਜਾਨ ਹਨ।

ਕਾਸਮ ਖ਼ਾਂ ਨੇ ਆਖਿਆ, ਜੱਸਾ ਸਿੰਘ ਆਹਲੂਵਾਲੀਆ ਕੋਲੋਂ ਤੇ ਰੱਬ ਕੰਬਦੈ।

ਮੁਰਤਜ਼ਾ ਖ਼ਾਂ ਨੇ ਫੈਸਲਾ ਦਿੱਤਾ—ਸਤਲੁਜ ਅਸੀਂ ਵੀ ਪਾਰ ਕਰ ਆਏ ਹਾਂ ਤੇ ਦਲ ਵੀ ਪਾਰ ਉਤਰ ਆਇਐ। ਸ਼ਾਹ ਦੇ ਹਰਾਵਲ ਦਸਤੇ ਵੀ ਪੁੱਜ ਗਏ ਹਨ। ਇਹਨਾਂ ਨੂੰ ਐਤਕੀਂ ਘੇਰ ਕੇ ਮਾਰੋ।

ਭੀਖਨ ਖ਼ਾਂ ਆਖਣ ਲਗਾ, ਸਾਡੀ ਕਿਸੇ ਨੇ ਆਵਾਜ਼ ਨਹੀਂ ਸੁਣਨੀ। ਸ਼ਾਹ ਦੇ ਹੁਕਮ ਦੇ ਮੁਤਾਬਿਕ ਅਸਾਂ ਲੜਨਾ ਏ। ਅਸਾਂ ਏਸ ਵਾਰ ਕਤਲੇਆਮ ਕਰਨੈ। ਭਾਵੇਂ ਕਿੰਨੇ ਗਾਜ਼ੀ ਮਰਵਾਉਣੇ ਪੈਣ।

—ਖ਼ਾਂ ਸਾਹਿਬ ਉਹ ਘਰ ਵਾਲੇ ਹਨ। ਉਹਨਾਂ ਉਨੇ ਚਿਰ ਲੜਦੇ ਰਹਿਣਾ ਏ, ਜਦ ਤੱਕ ਉਹਨਾਂ ਦੀ ਜਾਨ ਵਿਚ ਜਾਨ ਏ। ਘੇਰੋ ਤੇ ਮਾਰੋ, ਅਹਿਮਦ ਸ਼ਾਹ ਅਬਦਾਲੀ ਦਾ ਫ਼ਰਮਾਨ ਸੀ।

—ਜੰਗ ਦਾ ਅਜੇ ਅਰੰਭ ਨਹੀਂ ਸੀ ਹੋਇਆ। ਐਵੇਂ ਫੋਕੀਆਂ ਮਾਰ ਰਹੇ ਸਨ। ਦੋਵੇਂ ਪਾਸੇ ਈ ਹਨ੍ਹੇਰੇ ਵਿਚ ਸਨ। ਕਿਸੇ ਨੂੰ ਸਾਹਮਣੇ ਆ ਰਹੀ ਫ਼ੌਜ ਦਾ ਅੰਦਾਜ਼ਾ ਨਹੀਂ ਸੀ। ਗਿਣਤੀ ਤੋਂ ਬੇਖ਼ਬਰ ਸਨ।

ਭੁਲੇਖੇ 'ਚ ਮਾਰੇ ਨਾ ਜਾਣ ਦੋਵਾਂ ਧਿਰਾਂ ਦੇ ਗੱਭਰੂ। ਏਸ ਤਰ੍ਹਾਂ ਸੋਚ ਰਹੀਆਂ ਸਨ ਦੋਵੇਂ ਧਿਰਾਂ।

56

ਵਹੀਰ

ਤੀਹ ਹਜ਼ਾਰ ਦੀ ਵਹੀਰ ਸੀ ਦਲ ਦੇ ਨਾਲ। ਬੱਚੇ-ਬੁੱਢੇ, ਬੁੱਢੀਆਂ ਠੇਰੀਆਂ ਤੇ ਬਿਰਧ ਸਰੀਰ ਵਾਲੇ ਬਜ਼ੁਰਗ ਕੁਥਾਂਅ ਫਸ ਗਏ। ਦਲ ਵਾਲਿਆਂ ਦਾ ਇਹ ਅੰਦਾਜ਼ਾ ਸੀ ਕਿ ਮਦਦ ਦੇ ਪਾਸਿਓਂ ਇਕੋ ਵੇਲੇ ਕੱਠੀ ਹੋ ਜਾਵੇਗੀ। ਪਰ ਧੰਨ ਸੀ ਖ਼ਾਲਸਾ ਜਿਸ ਦਿਲ ਨਾ ਹਾਰਿਆ।

ਨਿਹੰਗ ਆਖ ਰਹੇ ਸਨ, ਹਰਨ ਹੋਣ ਦਾ ਸਮਾਂ ਨਹੀਂ। ਹੁਣ ਸਿਰਫ਼ ਇਹੋ ਈ ਅਰਦਾਸ ਏ, ਫਸੇ ਹੋ ਤੇ ਲੜੋ, ਸ਼ਹੀਦੀਆਂ ਪਾਓ, ਲਾਜ ਨਾ ਲੱਗੇ ਬੁੱਢੇ ਦਲ ਨੂੰ।

ਦਲ ਵਾਲੇ ਅਜੇ ਸਲਾਹਾਂ ਵਿਚ ਈ ਸਨ ਤੇ ਉਧਰ ਅਹਿਮਦ ਸ਼ਾਹ ਅਬਦਾਲੀ

ਨੇ ਹੁਕਮ ਸਾਦਰ ਕਰ ਦਿੱਤਾ। ਹਮਲਾ ਜ਼ੋਰ ਦਾ ਹਮਲਾ।

ਦਲ ਵਾਲੇ ਭਾਵੇਂ ਹਰ ਵੇਲੇ ਤਿਆਰ-ਬਰ-ਤਿਆਰ ਰਹਿੰਦੇ ਸਨ ਪਰ ਫੇਰ ਵੀ ਕੁਝ ਢਿੱਲ ਜਿਹੀ ਪੈ ਗਈ ਤੇ ਪਹਿਲ ਅਬਦਾਲੀ ਨੇ ਕਰ ਦਿੱਤੀ।

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।

ਜੈਕਾਰੇ, ਧੌਂਸੇ, ਨਗਾਰੇ ਵੱਜੇ। ਘੋੜਿਆਂ ਤੇ ਚੜ੍ਹੇ ਸੂਰਮੇ। ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ ਇਕ ਵਾਰ ਤੇ ਰੁਕੀ। ਅਰਦਾਸਾ ਵੇਖਿਆ ਜਾਏ ਦਲ ਦਾ ਤੇ ਫੇਰ ਹੁਕਮ ਦਿਓ।

ਦਲ ਵਾਲਿਆਂ ਅੱਖ ਨਾ ਝਮਕਣ ਦਿੱਤੀ। ਰਣਚੰਡੀ ਨਾਲ ਸਿਰ ਲਾਹੁਣੇ ਆਰੰਭ ਕਰ ਦਿੱਤੇ। ਲੜਾਈ ਸਿਰ ਤੇ ਆ ਗਈ ਸੀ ਪਰ ਮੁਸ਼ਕਲ ਇਹ ਸੀ ਕਿ ਵਹੀਰ ਵਿਚ ਬੁੱਢੇ, ਬੁੱਢੀਆਂ ਤੇ ਬੱਚਿਆਂ ਦੀ ਹਿਫ਼ਾਜ਼ਤ ਕਰਨੀ ਏ।

ਖ਼ਾਲਸਾ ਹਿੰਮਤ ਹਾਰਨ ਵਾਲੇ ਦਿਨ ਜੰਮਿਆ ਈ ਨਹੀਂ ਸੀ।

ਟੱਕਰ ਹੋਈ ਤਿੰਨ ਫ਼ੌਜਾਂ ਇਕ ਪਾਸੇ ਤੇ ਦਲ ਵਿਚਾਰਾ ਇਕ ਪਾਸੇ। ਲੋਹਾ ਲੋਹੇ ਨਾਲ ਵੱਜਾ। ਆਵਾਜ਼ ਉਭਰੀ, ਘੋੜਿਆਂ ਦੇ ਫੁੰਕਾਰੇ। ਮੌਤ ਦੀ ਰਾਣੀ ਆਣ ਵੜੀ ਰਣਭੂਮੀ ਵਿਚ।

ਘਰਾਂ ਦੇ ਸਾਮਾਨ ਦੀ ਰਾਖੀ, ਲੰਗਰ ਦੇ ਬਰਤਨ ਸੰਭਾਲਣੇ ਬਹੁਤ ਜ਼ਰੂਰੀ ਸਨ। ਭਾਵੇਂ ਇਹ ਭਾਂਡੇ ਕੀਮਤੀ ਨਹੀਂ ਸਨ ਪਰ ਹਰ ਵਕਤ ਵੇਲੇ ਇਹਦੇ ਤੋਂ ਬਗ਼ੈਰ ਕੋਈ ਗੁਜ਼ਾਰਾ ਵੀ ਨਹੀਂ ਸੀ। ਇਹਨਾਂ ਭਾਂਡਿਆਂ ਤੋਂ ਬਿਨਾਂ ਦਲ ਇਕ ਮਿੰਟ ਵੀ ਆਪਣਾ ਲੰਗਰ ਤਿਆਰ ਨਹੀਂ ਸੀ ਕਰ ਸਕਦਾ।

ਅਹਿਮਦ ਸ਼ਾਹ ਅਬਦਾਲੀ ਨੇ ਭਾਂਡਿਆਂ ਵੱਲ ਨਜ਼ਰ ਨਾ ਮਾਰੀ।

ਹਾਂ ਸ਼ਾਹ ਇਹੋ ਈ ਅਕਸੀਰ ਏ। ਇਹ ਭਾਂਡੇ ਈ ਚੁੱਕ ਕੇ ਲੈ ਚੱਲੋ। ਨਾ ਇਹ ਹੋਣਗੇ ਤੇ ਨਾ ਪੇਟ-ਪੂਜਾ ਹੋਵੇਗੀ। ਇੰਨੀ ਜਲਦੀ ਇਹ ਇਕੱਠੇ ਨਹੀਂ ਹੋ ਸਕਦੇ ਤੇ ਨਾ ਈ ਕਿਸੇ ਨੇ ਦੇਣੇ ਹਨ। ਇਹਦੇ ਨਾਲ ਦਲ ਦਾ ਅੱਧਾ ਲੱਕ ਟੁੱਟ ਜਾਏਗਾ।

ਇਹ ਚੁੱਕ ਲਵੋ ਅੱਧੀ ਜੰਗ ਜਿੱਤੀ ਗਈ।

ਨਿਹੰਗ ਸਿੰਘਾਂ ਨੇ ਪਹਿਲਾਂ ਬੱਚੇ, ਬੁੱਢੇ, ਬੁੱਢੀਆਂ ਦੀ ਰਾਖੀ ਕਰਨ ਦੀ ਵਿਉਂਤ ਬਣਾਈ। ਦੁਸ਼ਮਣ ਸਿਰ ਤੇ ਚੜ੍ਹਿਆ ਹੋਇਆ ਸੀ। ਤਲਵਾਰਾਂ ਦੀ ਵਿਸਾਖੀ ਲੱਗੀ ਹੋਈ ਸੀ। ਮੌਤ ਗਿੱਧਾ ਪਾ ਰਹੀ ਸੀ। ਜਵਾਨ ਆਪਣੀਆਂ ਜਾਨਾਂ ਦੀ ਆਹੂਤੀ ਦੇ ਰਹੇ ਸਨ। ਵਹੀਰ ਨੂੰ ਘੇਰੇ ਵਿਚ ਲੈ ਕੇ ਦਲ ਲੜ ਰਿਹਾ ਸੀ। ਦੁਸ਼ਮਣ ਨਾਲ ਲੜਦੇ ਵੀ ਜਾਣਾ ਤੇ ਤੁਰੇ ਵੀ ਜਾਣਾ। ਘੇਰਾ ਮਜ਼ਬੂਤ ਬਣਾਈ ਰੱਖਣਾ ਤੇ ਮੌਤ ਦੀਆਂ ਆਵਾਜ਼ਾਂ ਵੀ ਸੁਣੀ ਜਾਣੀਆਂ। ਧੰਨ ਹਨ ਦਲ ਵਾਲੇ। ਧੰਨ ਸੀ ਉਹਨਾਂ ਦਾ ਜਿਗਰਾ।

ਕੁੱਪ ਰਹੀੜਾਂ ਪਿੰਡ ਦੇ ਲਾਗੇ ਜਾ ਘੇਰਿਆ। ਦਲ ਹੌਲੀ-ਹੌਲੀ ਏਸ ਪਿੰਡ ਵਿਚ ਆਣ ਵੜਿਆ। ਘੇਰਾ ਮਜ਼ਬੂਤ ਸੀ। ਤਲਵਾਰਾਂ ਚੱਲ ਰਹੀਆਂ ਸਨ। ਨੇਜ਼ੇ ਗਿੱਠ-ਗਿੱਠ ਜੀਭਾਂ ਕੱਢੀ ਚਮਕ ਰਹੇ ਸਨ ਧੁੱਪ 'ਚ। ਇਹ ਜੈਨੀ ਸਾਧੂਆਂ ਦਾ ਗੜ੍ਹ ਸੀ ਰਹੀੜਾ। ਮਲੇਰਕੋਟਲੇ ਤੋਂ ਤਿੰਨ ਚਾਰ ਕੋਹ ਦੀ ਵਿੱਥ ਸੀ। ਕਾਇਮ ਖ਼ਾਂ ਨੇ ਹੱਲਾ ਬੋਲ ਦਿੱਤਾ। ਅਜੇ ਅਹਿਮਦ ਸ਼ਾਹ ਦੀਆਂ ਫ਼ੌਜਾਂ ਮੈਦਾਨ 'ਚ ਨਹੀਂ ਸਨ ਆਈਆਂ। ਜ਼ੈਨ ਖ਼ਾਂ ਵੀ ਨਗਾਰੇ ਵਜਾਉਂਦਾ ਆਣ ਨਿਕਲਿਆ। ਹੁਣ ਅਹਿਮਦ ਸ਼ਾਹ ਅਬਦਾਲੀ ਦਾ ਪਾਸਾ ਭਾਰਾ ਸੀ ਤੇ ਦਲ ਵਾਲੇ ਤੇ ਉਹ ਵੀ ਤੀਹ ਹਜ਼ਾਰ ਦੀ ਨਫ਼ਰੀ ਸੀ। ਬਹੁਤ ਮਸੀਬਤ ਦਲ ਨੂੰ ਉਹਨਾਂ ਬੁੱਢਿਆਂ, ਨੇਰ੍ਹਿਆਂ ਤੇ ਔਰਤਾਂ ਦੀ ਸੀ। ਬੱਚਿਆਂ ਦੀ ਰਾਖੀ ਕਰਨੀ। ਤਲਵਾਰਾਂ

ਨਾਲ ਲੜਨਾ, ਚਲਦੇ ਵੀ ਜਾਣਾ। ਇਹ ਇਕ ਕਸਬ ਸੀ, ਹੁਨਰ ਸੀ। ਇਹ ਪਹਿਲੀ ਵਾਰ ਅਹਿਮਦ ਸ਼ਾਹ ਅਬਦਾਲੀ ਨੇ ਵੇਖਿਆ ਸੀ।

ਅਜੇ ਦਲ ਦਾ ਨੀਂਗਰ ਚੰਦ ਨਹੀਂ ਪੁੱਜਾ, ਆਵਾਜ਼ਾਂ ਆ ਰਹੀਆਂ ਸਨ।

ਜੱਸਾ ਸਿੰਘ ਆਹਲੂਵਾਲੀਆ ਆ ਰਿਹੈ। ਹੁਣ ਕੋਈ ਫ਼ਿਕਰ ਨਹੀਂ।

ਸ਼ਾਮ ਸਿੰਘ ਦੇ ਘੋੜੇ ਵੀ ਆ ਗਏ। ਉਹਨਾਂ ਦੇ ਕਦਮ ਥੰਮੇ ਤੇ ਫ਼ਤਹਿ ਬੁਲਾਈ ਜੋਦਾਰਾਂ ਨੂੰ। ਮੈਂ ਵੀ ਆ ਗਿਆ ਹਾਂ। ਚੜ੍ਹਤ ਸਿੰਘ ਨੇ ਜੈਕਾਰਾ ਗਜਾਇਆ ਤੇ ਫ਼ਤਹਿ ਬੁਲਾਈ।

ਵਹੀਰ ਏਸੇ ਤਰ੍ਹਾਂ ਚੱਲੇਗੀ। ਅਸੀਂ ਵਹੀਰ ਦੀ ਰਾਖੀ ਕਰਾਂਗੇ। ਲੜਾਂਗੇ ਵੀ, ਹੌਸਲੇ ਬੁਲੰਦ ਰੱਖੋ। ਵਾਹਿਗੁਰੂ ਫ਼ਤਹਿ ਦੇਊ। ਕਾਇਮ ਖ਼ਾਂ ਆਪਣੀ ਸਾਰੀ ਵਾਹ ਲਾ ਰਿਹਾ ਸੀ। ਸ਼ਾਹ ਦੀਆਂ ਫ਼ੌਜਾਂ ਤੇ ਜ਼ੈਨ ਖ਼ਾਂ ਦੇ ਦਸਤੇ ਵੇਖ ਕੇ ਸੂਰਮਿਆਂ ਨੂੰ ਲਾਲੀਆਂ ਚੜ੍ਹ ਆਈਆਂ।

ਜੰਗ ਵਿਚ ਮੌਤ ਦਾ ਨੰਗਾ ਨਾਚ ਹੋ ਰਿਹਾ ਸੀ। ਜਵਾਨ ਮੌਤ ਦੀ ਘੋੜੀ ਚੜ੍ਹ ਰਹੇ ਸਨ।

ਵਹੀਰ ਦਾ ਏਨਾ ਵੱਡਾ ਘੇਰਾ ਕਾਬੂ 'ਚ ਰੱਖਣਾ ਬਹੁਤ ਮੁਸ਼ਕਲ ਸੀ ਪਰ ਫੇਰ ਵੀ ਦਲ ਵਾਲੇ ਹਿੰਮਤ ਕਰੀ ਆ ਰਹੇ ਸਨ।

ਕੁੱਪ ਰਹੀੜਾ ਦੀ ਧਰਤੀ ਖ਼ੂਨ ਨਾਲ ਲਾਲੋ-ਲਾਲ ਹੋ ਰਹੀ ਸੀ। ਬੁੱਕਾਂ ਨਾਲ ਲਹੂ ਭਰਿਆ ਜਾ ਸਕਦਾ ਸੀ। ਕਿਆਮਤ ਆ ਗਈ ਸੀ।

ਉਜ਼ਬਕ ਦਸਤਿਆਂ ਨੂੰ ਹੁਕਮ ਦੇ ਦਿੱਤਾ। ਜਿੱਥੇ ਵੀ ਕੋਈ ਪੰਜਾਬੀ ਕੱਪੜਿਆਂ ਵਾਲਾ ਮਿਲੇ, ਬਿਨਾਂ ਪੁੱਛੇ ਕਤਲ ਕਰ ਦਿਓ।

ਬਸ ਇਕੋ ਈ ਬੋਲੀ, ਬੋਲੀ ਜਾ ਰਹੀ ਸੀ—ਖ਼ੂਨ, ਕਤਲ, ਮੌਤ ਵਾਛਾਂ ਮਾਰਦੀ।

ਜੀਅ ਭਰ ਕੇ ਅਹਿਮਦ ਸ਼ਾਹ ਅਬਦਾਲੀ ਨੇ ਕਤਲ ਕੀਤੇ ਪਰ ਕਸਰ ਦਲ ਵਾਲਿਆਂ ਵੀ ਨਾ ਛੱਡੀ। ਟੱਕਰ ਬਰਾਬਰ ਦੀ ਸੀ।

ਇਹਦੇ ਵਿਚ ਜ਼ੈਨ ਖ਼ਾਂ ਦੇ ਬੰਦੇ ਵੀ ਮਰਨੇ ਸ਼ੁਰੂ ਹੋ ਗਏ। ਉਹ ਵੀ ਤਾਂ ਸਾਰੇ ਪੰਜਾਬੀ ਸਨ। ਉਹਨਾਂ ਦਾ ਪਹਿਰਾਵਾ ਵੀ ਤੇ ਸਾਰੇ ਪੰਜਾਬੀਆਂ ਵਰਗਾ ਸੀ। ਸਾਰੇ ਈ ਇਕੋ ਜਿਹੇ ਸਨ।

ਇਕ ਕਾਢ ਕੱਢੀ ਕਿ ਜ਼ੈਨ ਖ਼ਾਂ ਦੇ ਫ਼ੌਜੀ ਆਪਣੇ ਸਿਰਾਂ ਤੇ ਦਰਖ਼ਤਾਂ ਦੀਆਂ ਹਰੀਆਂ ਪੱਤੀਆਂ ਵਾਲੀਆਂ ਟਾਹਣੀਆਂ ਜਾਂ ਹਰੇ ਰੰਗ ਦਾ ਘਾਹ ਆਪਣੀਆਂ ਪੱਗਾਂ ਵਿਚ ਟੰਗ ਲੈਣ ਤਾਂ ਕਿ ਪਹਿਚਾਨ ਹੋ ਸਕੇ ਦੁਸ਼ਮਣ ਤੇ ਸੱਜਣ ਦੀ।

ਜੰਗ ਹੋ ਰਹੀ ਸੀ। ਸੂਰਮੇ ਲੜ ਰਹੇ ਸਨ। ਮੌਤ ਵਾਛਾਂ ਮਾਰ ਰਹੀ ਸੀ।

ਧਰਮ ਯੁੱਧ ਵਿਚ ਪੰਜਾਬ ਵਾਲੇ ਆਪਣੀ ਧਰਤੀ ਲਈ ਆਪਣੇ ਭਰਾਵਾਂ ਲਈ ਜੰਗ ਲੜ ਰਹੇ ਸਨ। ਇਹ ਉਹਨਾਂ ਦਾ ਹੱਕ ਸੀ।

ਸਾਡੇ ਘਰ ਸਾਡੀ ਧਰਤੀ। ਵਹੀਰ ਚੱਲ ਰਹੀ ਸੀ।

ਕੁੱਪ ਰਹੀੜਾ ਦਾ ਅਸਥਾਨ ਇਕ ਤੀਰਥ ਨੂੰ ਜਨਮ ਦੇ ਰਿਹਾ ਸੀ। ਮੰਦਰ ਸਿਰ ਕੱਢ ਰਿਹਾ ਸੀ ਕੁੱਪ ਰਹੀੜਾ ਵਿਚੋਂ।

57

ਢੋਲ ਵੱਜਾ

ਭਾਵੇਂ ਸ਼ਹਿ ਅਹਿਮਦ ਸ਼ਾਹ ਅਬਦਾਲੀ ਦੀ ਸੀ ਤੇ ਉਹ ਉਹਨਾਂ ਦੀ ਪਿੱਠ ਪਿੱਛੇ ਸੀ ਪਰ ਲੜਨਾ ਤੇ ਉਨ੍ਹਾਂ ਸੀ ਨਾ। ਤਲਵਾਰ ਅਬਦਾਲੀ ਨੇ ਥੋੜੀ ਫੜਾਉਣੀ ਸੀ।

ਸਰਦਾਰ ਅੱਗੇ ਆ ਗਏ ਮੈਦਾਨ ਵਿਚ। ਵਹੀਰ ਤਾਂ ਚੱਲੀ ਜਾ ਰਹੀ ਸੀ। ਕਾਇਮ ਖ਼ਾਂ ਭਾਵੇਂ ਕਿੰਨਾ ਵੀ ਬਹਾਦਰ ਸੀ ਪਰ ਜੱਸਾ ਸਿੰਘ ਆਹਲੂਵਾਲੀਏ ਦਾ ਨਾਂ ਸੁਣ ਕੇ ਲੱਤਾਂ ਕੰਬਦੀਆਂ। ਮੌਤ ਦਾ ਦੂਜਾ ਨਾਂ ਸੀ ਜੱਸਾ ਸਿੰਘ ਆਹਲੂਵਾਲੀਆ।

ਸਾਨ੍ਹਾਂ ਦੀ ਟੱਕਰ ਹੋ ਰਹੀ ਸੀ। ਲੜਦਿਆਂ ਏਨਾਂ ਥੱਕ ਗਿਆ ਸੀ ਕਾਇਮ ਖ਼ਾਂ ਕਿ ਹਿੰਮਤ ਜਵਾਬ ਦੇ ਚੁਕੀ ਸੀ। ਜਦ ਓਸ ਸ਼ਕਲ ਵੇਖੀ ਤਾਂ ਨੱਸ ਉੱਠਿਆ। ਬਾਂਗਾਂ ਦੇਣ ਲੱਗਾ ਤੇ ਸੇਧ ਰੱਖ ਲਈ ਮਲੇਰਕੋਟਲੇ ਦੀ। ਉੱਥੇ ਜਾ ਕੇ ਦਮ ਲੈਣਾ ਏ। ਛੱਡ ਗਿਆ ਆਪਣੇ ਨਾਂ ਦੇ ਡੰਕੇ ਵਜਦੇ।

ਕਿਉਂ ਬਈ ਨੱਸ ਆਇਐਂ ਮੈਦਾਨ ਛੱਡ ਕੇ ?

—ਮੈਦਾਨ ਵਿਚ ਲਾੜਾ ਜੂ ਆ ਗਿਆ। ਬਰਾਤੀਆਂ ਦੀ ਕਾਹਦੀ ਗਿਣਤੀ।

ਛੜਮਛੜਾ ਕਾਇਮ ਖ਼ਾਂ ਈ ਆਇਆ ਸੀ ਪਰ ਫ਼ੌਜ ਲੜ ਰਹੀ ਸੀ। ਮੌਤ ਉਸੇ ਤਰ੍ਹਾਂ ਘੁੰਡ ਕੱਢੀ ਬੈਠੀ ਸੀ।

ਖ਼ੂਨ ਵੱਗ ਰਿਹਾ ਸੀ ਖ਼ਾਲਸੇ ਦਾ। ਕੋਈ ਗਿਣਤੀ ਨਹੀਂ ਸੀ ਕਿੰਨੇ ਕੁ ਬੰਦੇ ਕਤਲ ਹੋਏ ? ਇਹ ਕਿਹਾ ਨਹੀਂ ਸੀ ਜਾ ਸਕਦਾ ਕਿ ਬੁੱਢੀਆਂ, ਠੇਰੀਆਂ, ਬੱਚੇ, ਕੁਝ ਬਚੇ ਵੀ ਹਨ ਕਿ ਸਾਰੇ ਦੇ ਸਾਰੇ ਤਲਵਾਰ ਦੀ ਭੇਟ ਚੜ੍ਹ ਗਏ।

ਲੜਾਈ ਬੰਦ ਹੋਏਗੀ, ਤਦ ਪਤਾ ਲੱਗੂ।

ਹੋਰ ਕਿੰਨਾ ਕੁ ਚਿਰ ਲੜਨੈ। ਸੂਰਜ ਚੜ੍ਹਿਆਂ ਤਲਵਾਰ ਫੜੀ ਸੀ ਹੁਣ ਤੇ ਸੂਰਜ ਡੁੱਬਣ ਵਾਲਾ ਏ। ਰਹਿਮ ਅੱਲਾ ਤਾਲਾ ਰਹਿਮ। ਇਨ੍ਹਾਂ ਮੂਰਖਾਂ ਨੂੰ ਮੱਤ ਦੇ। ਖੁਦਾ ਦੀ ਖੁਦਾਈ ਤੇ ਇੰਨਾ ਜੁਲਮ! ਕਿੱਥੇ ਹਨ ਅੱਲਾ ਵਾਲੇ? ਕਿੱਥੇ ਹਨ ਗੁਰੂ ਦੇ ਲਾਡਲੇ ?

ਰੱਬ ਹਿੰਦੂ ਹੋ ਗਿਐ ਤੇ ਅੱਲਾ ਮੁਸਲਮਾਨ ਬਣ ਗਿਐ। ਦੋਵਾਂ ਨੇ ਧਰਮ ਛੱਡ ਦਿੱਤੈ। ਇਮਾਨ ਨੂੰ ਛਿੱਕੇ ਟੰਗ ਦਿੱਤੈ। ਸਿਰਫ਼ ਮੁੱਠ ਭਰ ਕੌਡੀਆਂ ਦੇ ਬਦਲੇ। ਉਹ ਤਾਂ ਲੁਟੇਰਾ ਹੈ ਈ। ਭਰਾਵਾਂ ਦਾ ਖ਼ੂਨ, ਪੰਜਾਬੀ-ਪੰਜਾਬੀ ਦੇ ਖ਼ੂਨ ਦਾ ਮੁੱਲ ਕੌਣ ਤਾਰੂ ?

ਕਾਇਮ ਖ਼ਾਂ ਨੇ ਸੁੱਖ ਦਾ ਸਾਹ ਲਿਆ। ਘੜੀ ਦੀ ਸ਼ਰਮ ਤੇ ਜ਼ਿੰਦਗੀ ਭਰ ਦਾ ਸੁੱਖ। ਵਹੀਰ ਚਲਦੀ ਜਾ ਰਹੀ ਸੀ। ਵਹੀਰ ਦੇ ਚੌਗਿਰਦੇ ਗੋਲ ਕਿਲਾ ਬਣਿਆ ਹੋਇਆ ਸੀ। ਬਿਲਕੁਲ ਚੱਕਰਵਿਊ ਵਰਗਾ।

ਕੋਈ ਦਰੋਣਾਚਾਰਿਆ ਜੰਮ ਪਿਆ ਹੋਣੈ।

ਹਰ ਯੁੱਗ ਵਿਚ ਹਰ ਸਮੇਂ ਕੋਈ ਨਾ ਕੋਈ ਦਰੋਣਾਚਾਰਿਆ ਜੰਮ ਪੈਂਦਾ ਏ। ਜਿਹੜੇ ਕਤਲ ਹੋਏ ਸਨ, ਉਹ ਤੇ ਗਏ ਏਸ ਜਹਾਨੋਂ।

—ਤੁਸੀਂ ਵਹੀਰ ਨੂੰ ਮਾਲਵੇ ਵੱਲ ਤੋਰ ਦਿਓ ਤੇ ਅਸੀਂ ਅਹਿਮਦ ਸ਼ਾਹ ਅਬਦਾਲੀ ਦਾ ਰਾਹ ਰੋਕੀ ਰੱਖਾਂਗੇ। ਤੁਸੀਂ ਵਾਟਾਂ ਕੱਢੀ ਜਾਓ, ਪਿੱਛੇ ਮੁੜਕੇ ਨਹੀ ਵੇਖਣਾ। ਨੁਕਸਾਨ

ਹੋਣ ਵਾਲਾ ਹੋ ਗਿਐ, ਇਹਦਾ ਕੋਈ ਇਲਾਜ ਨਹੀਂ। ਅਜੇ ਕਿਹੜੀ ਲੜਾਈ ਬੰਦ ਹੋ ਗਈ ਏ। ਫਰੁਕੜੀ ਫੂੱਲ ਤੇ ਅਫ਼ਗਾਨਾ ਦੀ ਵੀ ਹੋ ਚੁਕੀ ਏ। ਉਹ ਸਾਡੇ ਤੇ ਸਵਾਰ ਹਨ। ਅਸੀਂ ਕਦੀ ਕਿਸੇ ਨੂੰ ਆਪਣੇ ਤੇ ਸਵਾਰ ਨਹੀਂ ਹੋਣ ਦਿੱਤਾ ਪਰ ਹੁਣ ਗੱਲ ਵਕਤ ਦੀ ਏ।

ਕੁੱਪ ਰਹੀੜਾ ਦੀ ਧਰਤੀ ਤੇ ਦਲ ਦੇ ਸੂਰੀਮਿਆਂ ਦਾ ਲਹੂ ਡੁੱਲ੍ਹਾ ਏ। ਪੋਚਾ ਫੇਰ ਕੇ ਸੰਭਾਲ ਕੇ ਰੱਖੋ। ਇਹ ਲਹੂ ਤੁਹਾਡੇ ਕੋਲ ਸਾਡੀ ਅਮਾਨਤ ਏ। ਦਲ ਦੇ ਆਗੂਆਂ ਨੇ ਆਖਿਆ। ਤੁਸੀਂ ਮਹਾਤਮਾ ਹੋ, ਜੈਨ ਧਰਮ ਦੇ, ਲਹੂ ਪਵਿੱਤਰ ਏ, ਸੰਭਾਲੋ।

ਅੱਧਾ ਦਲ ਮੁਕਾਬਲਾ ਕਰ ਰਿਹਾ ਸੀ ਤੇ ਅੱਧਾ ਦਲ ਉਨ੍ਹਾਂ ਬੁੱਢੀਆਂ, ਬੱਚਿਆਂ ਤੇ ਔਰਤਾਂ ਦੇ ਇਕੱਠ ਨੂੰ ਘੇਰੇ 'ਚ ਲੈ ਕੇ ਤੁਰੀਂ ਜਾ ਰਿਹਾ ਸੀ। ਦੋਹਰੀ ਲੜਾਈ ਲੜੀ ਜਾ ਰਹੀ ਸੀ। ਇਕ ਪਾਸੇ ਰਾਖੀ ਤੇ ਦੂਜੇ ਪਾਸੇ ਤਲਵਾਰਾਂ ਨਾਲ ਮੁਕਾਬਲਾ।

ਬਸ ਹੁਣ ਈ ਵੇਲਾ ਏ। ਕਾਫ਼ਰਾਂ ਨੂੰ ਮੌਤ ਦੇ ਘਾਟ ਉਤਾਰ ਦਿਓ। ਇਹ ਵਕਤ ਫੇਰ ਨਹੀਂ ਆਉਣਾ। ਪਰ ਹਿੰਮਤ ਕੌਣ ਕਰੇ। ਅੱਗੋਂ ਵੀ ਸਾਹਮਣੇ ਮੌਤ ਖੜ੍ਹੀ ਸੀ। ਨਿਹੰਗ ਤੇ ਜਾਨ ਦੀ ਬਾਜ਼ੀ ਲਾ ਕੇ ਲੜ ਰਹੇ ਸਨ।

ਦਲ ਦੀਆਂ ਮੁਹਾਰਾਂ ਮੋੜ ਦਿਓ। ਇਹਦਾ ਰੁਖ਼ ਮਾਲਵੇ ਵੱਲ ਕਰ ਲਵੋ। ਮੈਂ ਤੇ ਜੱਸਾ ਸਿੰਘ ਤੇ ਚੜ੍ਹਤ ਸਿੰਘ ਤੁਹਾਡੇ ਨਾਲ ਹਾਂ। ਜਿੱਥੇ ਵੀ ਸਾਡੀ ਲੋੜ ਪਏਗੀ, ਅਸੀਂ ਉੱਥੇ ਈ ਪੁੱਜ ਜਾਵਾਂਗੇ। ਤੁਸਾਂ ਘੇਰੇ ਨੂੰ ਟੁੱਟਣ ਨਹੀਂ ਦੇਣਾ। ਜੱਸਾ ਸਿੰਘ ਆਹਲੂਵਾਲੀਏ ਨੇ ਐਲਾਨ ਕੀਤਾ।

ਵਹੀਰ ਦੀ ਰਾਖੀ ਲਈ ਸਰਦਾਰਾਂ ਦੇ ਜੱਥੇ ਨਾਲ ਜਾ ਰਹੇ ਸਨ। ਵਹੀਰ ਨੂੰ ਕਿਤੇ ਕਦਮ ਨਹੀਂ ਰੋਕਣੇ ਚਾਹੀਦੇ।

ਜਦ ਤੱਕ ਇਨ੍ਹਾਂ ਦਾ ਘੇਰਾ ਨਹੀਂ ਟੁਟਦਾ, ਉਨਾਂ ਚਿਰ ਤੱਕ ਫ਼ਤਹਿ ਹਾਸਲ ਨਹੀਂ ਕਰ ਸਕਦੇ। ਇਹ ਗੱਲ ਅਬਦਾਲੀ ਵੀ ਜਾਣਦਾ ਸੀ।

ਅਸਾਂ ਜ਼ਿਆਦਾ ਤੋਂ ਜ਼ਿਆਦਾ ਬੰਦੇ ਮਾਰਨੇ ਹਨ। ਲੱਕ ਤੋੜਨਾ ਏ ਦਲ ਦਾ। ਇਸ ਵਾਰ ਕੁੰਡਲ ਤੋੜ ਦਿਓ ਤੇ ਆਪਸ 'ਚ ਫੱਸੀਆਂ ਕੁੰਡੀਆਂ ਆਪੇ ਟੁੱਟ ਜਾਣਗੀਆਂ। ਇਹ ਚੱਕਰਵੀਊ ਦਰੋਣਾਚਾਰਿਆ ਦਾ ਰਚਿਆ ਹੋਇਆ ਏ।

ਕੈਥਲ ਤੇ ਵਕੀਲ ਸੰਗੂ ਸਿੰਘ ਤੇ ਬਾਬਾ ਆਲਾ ਸਿੰਘ, ਸ਼ੇਖ਼ ਸਿੰਘ ਤੁਸੀਂ ਵੀ ਦਲ ਦੇ ਨਾਲ ਚੱਲੋ ਤੇ ਦਲ ਦੇ ਬਿਰਧ ਤੇ ਬੇ-ਸਹਾਰੇ ਲੋਕਾਂ ਨੂੰ ਸੁਰੱਖਿਅਤ ਜਗ੍ਹਾ ਤੇ ਲੈ ਚੱਲੋ। ਕੁੰਡਲ ਨਾ ਟੁੱਟੇ ਫੇਰ ਕੋਈ ਫ਼ਿਕਰ ਨਹੀਂ। ਅਸੀਂ ਅਹਿਮਦ ਸ਼ਾਹ ਦੀ ਫ਼ੌਜ ਨਾਲ ਨਿੱਬੜ ਲਵਾਂਗੇ।

ਏਧਰ ਸ਼ਾਹ ਵਲੀ ਖ਼ਾਂ ਨੇ ਜ਼ੋਰ ਦਾ ਹਮਲਾ ਕਰ ਦਿੱਤਾ ਪਰ ਅੱਗੇ ਨਿਹੰਗ ਸਿੰਘਾਂ ਦਾ ਪਹਿਰਾ ਸੀ। ਲੱਖ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਕੁੰਡਲ ਨੂੰ ਨਾ ਤੋੜ ਸਕਿਆ।

ਵਹੀਰ ਚਲਦੀ ਰਹੀ, ਸੂਰਮੇ ਲੜਦੇ ਰਹੇ, ਸੂਰਮੇ ਮਰਦੇ ਰਹੇ, ਕਤਲ ਹੁੰਦੇ ਰਹੇ, ਖ਼ੂਨ ਵਗਦਾ ਰਿਹਾ, ਵਹੀਰ ਚੱਲਦੀ ਰਹੀ।

ਸ਼ਾਹ ਵਲੀ ਖ਼ਾਂ ਥੱਕ-ਟੁੱਟ ਕੇ ਹਾਰ ਗਿਆ। ਲੱਖ ਜ਼ੋਰ ਲਾਇਆ ਕੁੰਡਲ ਨਾ ਤੋੜ ਸਕਿਆ।

ਜਹਾਨ ਖ਼ਾਂ ਨੂੰ ਫ਼ੌਜੀ ਦਸਤੇ ਦੇ ਕੇ ਕੁੰਡਲ ਤੋੜਨ ਲਈ ਭੇਜਿਆ। ਪਰ ਜਹਾਨ ਖ਼ਾਂ ਕੋਲੋਂ ਵੀ ਕੁੰਡਲ ਨਾ ਟੁੱਟਾ, ਸ਼ਰਮ ਨਾਲ ਸਿਰ ਨੀਵਾਂ ਕਰ ਲਿਆ।

ਅਬਦਾਲੀ ਦਾ ਖ਼ਾਸ ਦਸਤਾ ਕੁੰਡਲ ਤੋੜਨ ਲਈ ਅੱਗੇ ਵਧਿਆ ਪਰ ਨਿਹੰਗਾਂ ਨੇ ਉਹਨਾਂ ਨੂੰ ਵੀ ਵਹੀਰ ਤੱਕ ਨਾ ਪੁੱਜਣ ਦਿੱਤਾ।

ਜੱਸਾ ਸਿੰਘ ਆਹਲੂਵਾਲੀਏ ਤੇ ਚੜ੍ਹਤ ਸਿੰਘ ਦੇ ਘੋੜੇ ਵਹੀਰ ਦੀ ਪੂਰੀ ਦੇਖਭਾਲ ਕਰ ਰਹੇ ਸਨ।

ਜ਼ੈਨ ਖ਼ਾਂ ਨੇ ਲਕਸ਼ਮੀ ਨਾਰਾਇਣ ਨੂੰ ਹੁਕਮ ਚਾੜ੍ਹਿਆ ਕਿ ਤੁਸੀ ਵਹੀਰ ਨੂੰ ਅੱਗੇ ਜਾ ਕੇ ਰੋਕੋ। ਵਹੀਰ ਦੀ ਰਫ਼ਤਾਰ ਰੁਕੇਗੀ ਤੇ ਅਸੀਂ ਇਕੋ ਵਾਰ ਵਿਚ ਈ ਕਤਲ ਕਰ ਦੇਵਾਂਗੇ ਤੇ ਰੋਜ਼ ਦੀ ਬੀਮਾਰੀ ਗਲੋਂ ਲੱਥ ਜਾਏਗੀ।

ਜ਼ੈਨ ਖ਼ਾਂ ਨੇ ਕੋਸ਼ਿਸ਼ ਕੀਤੀ ਪਰ ਵਹੀਰ ਦਾ ਕੁਝ ਨਾ ਵਿਗਾੜ ਸਕਿਆ। ਨਿੰਮੋਝੂਣਾ ਜਿਹਾ ਹੋ ਕੇ ਜਵਾਬ ਦਿੱਤਾ।

ਡੁੱਬ ਮਰੋ ਡਰਾਕਲੋ। ਅਹਿਮਦ ਸ਼ਾਹ ਅਬਦਾਲੀ ਸੱਟ ਖਾਧੇ ਸੱਪ ਵਾਂਗੂੰ ਤੜਫਿਆ।

58

ਆਪਣਿਆਂ ਬੂਹੇ ਢੋਅ ਲਏ

ਵਹੀਰ ਦਾ ਆਕਾਰ ਬਹੁਤ ਵੱਡਾ ਸੀ। ਚਾਰ ਮੀਲ ਦੀ ਲੰਬਾਈ ਸੀ ਵਹੀਰ ਸੀ। ਕੁੰਡਲ ਕਦੀ ਜਗ੍ਹਾ ਜਗ੍ਹਾ ਤੋਂ ਟੁੱਟ ਜਾਂਦਾ ਤੇ ਅਹਿਮਦ ਸ਼ਾਹ ਦੇ ਫ਼ੌਜੀ ਵਹੀਰ ਵਿਚ ਘੁੱਸ ਜਾਂਦੇ। ਬਹੁਤ ਨੁਕਸਾਨ ਕਰਦੇ। ਬੰਦੇ ਬੇਸ਼ੁਮਾਰ ਅਬਦਾਲੀ ਦੇ ਵੀ ਮਰੇ। ਵਹੀਰ ਚਲਦਿਆਂ ਨੂੰ ਬਾਰਾਂ ਘੰਟੇ ਹੋ ਗਏ ਸਨ। ਵਹੀਰ ਵੀ ਥੱਕ ਚੁੱਕੀ ਸੀ। ਲੜਾਕੂਆਂ ਵਿਚ ਵੀ ਸਾਹ ਸੱਤ ਨਹੀਂ ਸੀ ਰਿਹਾ। ਪਰ ਸਿਰ ਤੇ ਅਹਿਮਦ ਸ਼ਾਹ ਦਾ ਹੁਕਮ ਸਵਾਰ ਸੀ। ਲੜੋ-ਮਰੋ ਤਨਖ਼ਾਹ ਦਾ ਹੱਕ ਅਦਾ ਕਰੋ। ਇਹੋ ਈ ਇਮਾਨ ਆਖਦੇ।

ਸਿਰਫ਼ ਕਤਲ, ਖ਼ੂਨ, ਲਾਸ਼ਾਂ ਤੜਫਦੇ ਬੰਦੇ। ਨਾ ਦਾਰੂ, ਨਾ ਦਵਾ। ਰੱਬ ਦੇ ਆਸਰੇ ਟੱਕਰ ਲੈ ਰਹੇ ਸਨ। ਵਹੀਰ ਦੀ ਪੋਜੀਸ਼ਨ ਖ਼ਰਾਬ ਸੀ। ਬੁੱਢੇ ਠੇਰੇ ਨਾਲ ਚੱਲ ਨਹੀ ਸਨ ਸਕਦੇ। ਘੋੜਿਆਂ ਦੀਆਂ ਕਾਠੀਆਂ ਤੇ ਬੈਠੇ ਥੱਕ ਗਏ ਸਨ। ਜਿਸਮ ਚੂਰ-ਚੂਰ ਹੋ ਚੁਕਾ ਸੀ। ਭੁੱਖੇ-ਭਾਣੇ ਪਿਆਸੇ ਸਾਹ ਵਰੋਲ ਰਹੇ ਸਨ। ਵਹੀਰ ਦਾ ਘੇਰਾ ਟੁੱਟ ਜਾਂਦਾ। ਇੰਨੇ ਵੱਡੇ ਸਫ਼ਰ ਵਿਚ ਮੁਸਾਫ਼ਰ ਕੀ ਕਰੇ। ਪਰ ਨਿਹੰਗ ਫੇਰ ਵੀ ਸਖ਼ਤਜਾਨ ਸਨ। ਉਨ੍ਹਾਂ ਦੇ ਹੌਸਲੇ ਬੁਲੰਦ ਸਨ। ਪਰ ਆਮ ਬੰਦਾ ਉਹਨਾਂ ਦੀ ਕਾਢ ਨਹੀਂ ਸੀ ਕੱਢ ਸਕਿਆ।

ਦਮ ਲੈਣਾ ਚਾਹੁੰਦੇ ਸਨ ਵਹੀਰ ਵਾਲੇ ਪਰ ਸਾਹਮਣੇ ਮੌਤ ਵਿਖਾਈ ਦੇਂਦੀ ਸੀ। ਓਧਰ ਅਬਦਾਲੀ ਦੇ ਲਸ਼ਕਰ ਦੀ ਫਟਕੜੀ ਫੁੱਲ ਹੋ ਚੁੱਕੀ ਸੀ। ਉਹਨਾਂ ਦੀ ਹਿੰਮਤ ਵੀ ਜਵਾਬ ਦੇ ਚੁੱਕੀ ਸੀ। ਪਰ ਅਹਿਮਦ ਸ਼ਾਹ ਅਬਦਾਲੀ ਦਾ ਹੁਕਮ ਸੀ—ਅੱਜ ਸਾਰੇ ਪੰਥ ਨੂੰ ਖ਼ਤਮ ਕਰਕੇ ਈ ਦਮ ਲੈਣੈ। ਵਹੀਰ ਵਾਲੇ ਤਾਂ ਮਜ਼ਬੂਤ ਸਨ। ਉਨ੍ਹਾਂ ਨੂੰ ਜਾਨਾਂ ਆਪਣੀਆਂ ਏਨੀਆਂ ਪਿਆਰੀਆਂ ਨਹੀਂ ਸਨ ਪਰ ਕੋਈ ਬਿਨਾਂ ਆਈ ਮੌਤ ਤੋਂ ਪਹਿਲਾਂ ਮਰਨਾ ਨਹੀਂ ਸੀ ਚਾਹੁੰਦਾ। ਵਹੀਰ ਦੇ ਘੇਰਿਆਂ ਵਾਲਿਆਂ ਦੀ ਬੜੀ ਹਿੰਮਤ ਸੀ।

—ਹੌਸਲਾ ਰੱਖੋ ਵਹੀਰ ਦੇ ਕੁੰਡਲ ਨੂੰ ਟੁੱਟਣ ਨਾ ਦਿੱਤਾ ਜਾਏ। ਅਸੀਂ ਦੌੜ-ਭੱਜ

ਕਰ ਰਹੇ ਹਾਂ। ਵਾਹਿਗੁਰੂ ਤੁਹਾਡੀ ਮਦਦ ਕਰੇਗਾ। ਬਹਾਦਰੋ ਪੰਥ ਤੁਹਾਡੇ ਰਿਣੀ ਰਹੇਗਾ। ਤੁਹਾਡਾ ਨਾਂ ਇਤਿਹਾਸ ਦੇ ਵਰਕਿਆਂ 'ਚ ਸੁਨਿਹਰੀ ਅੱਖਰਾਂ 'ਚ ਲਿਖਿਆ ਜਾਏਗਾ, ਮਰਨਾ ਤਾਂ ਹੈ ਹੀ, ਮਰਦਾਂ ਦੀ ਮੌਤ ਮਰੋ। ਕੁੱਤਿਆਂ ਦੀ ਮੌਤ ਮਰਨਾ ਸਿੱਖਾਂ ਦੇ ਧਰਮ ਵਿਚ ਗੁਨਾਹ ਏ। ਜੱਸਾ ਸਿੰਘ ਆਹਲੂਵਾਲੀਆ ਗੱਜ-ਗੱਜ ਕੇ ਆਖ ਰਿਹਾ ਸੀ।

—ਹਿੰਮਤ ਨਾ ਹਾਰੋ, ਹੌਸਲਾ ਨਾ ਛੱਡੋ। ਜੱਸਾ ਸਿੰਘ ਰਾਮਗੜ੍ਹੀਏ ਨੇ ਹੌਸਲਾ ਦਿੱਤਾ।

ਚੜ੍ਹਤ ਸਿੰਘ ਸਾਰਿਆਂ ਦੇ ਅੱਗੇ ਸੀ। ਉਹ ਆਖ ਰਿਹਾ ਸੀ—ਦਲ ਆ ਰਿਹਾ ਏ। ਉਨਾ ਚਿਰ ਅਬਦਾਲੀ ਦੀ ਫ਼ੌਜ ਨੂੰ ਨੱਕ ਨਾਲ ਚਣੇ ਚਬਾਈ ਜਾਓ, ਉਹ ਵੀ ਥੱਕ ਗਏ ਹਨ। ਲੜਾਈ ਬੰਦ ਕੀਤਿਆਂ ਨਹੀਂ ਰੁਕਣੀ। ਮਜਬੂਰਨ ਲੜਾਈ ਭਾਵੇਂ ਬੰਦ ਕਰ ਦੇਵੇ। ਜਿਹੜਾ ਮਰ ਗਿਆ ਏ ਉਹ ਸ਼ਹੀਦੀ ਪਾ ਗਿਆ। ਜੰਗ ਖ਼ਤਮ ਹੋਣ ਤੇ ਵੇਖਾਂਗੇ, ਕੌਣ ਸਾਥੀ ਸਾਡੇ ਨਾਲ ਏ।

ਵਹੀਰ ਦਾ ਆਕਾਰ ਵੱਡਾ ਏ, ਏਸ ਲਈ ਸਾਡੇ ਵੱਸ ਤੋਂ ਬਾਹਰ ਏ। ਵਹੀਰ ਜਿਸ ਪਿੰਡ ਵਿਚ ਵੜਦੀ, ਲੋਕ ਘਰਾਂ ਦੇ ਬੂਹੇ ਬੰਦ ਕਰ ਲੈਂਦੇ। ਤਖ਼ਤੇ ਢੋਅ ਲੈਂਦੇ। ਲੋਕਾਂ ਨੂੰ ਅਹਿਮਦ ਸ਼ਾਹ ਅਬਦਾਲੀ ਤੋਂ ਡਰ ਆਉਂਦਾ ਸੀ।

ਸੂਰਜ ਡੁੱਬਿਆ, ਸ਼ਾਮਾਂ ਪੈ ਗਈਆਂ ਪਰ ਵਹੀਰ ਅਜੇ ਵੀ ਚੱਲ ਰਹੀ ਸੀ। ਬ੍ਰਾਹਮਣੀਆਂ ਪਿੰਡ ਤੱਕ ਵਹੀਰ ਪੁੱਜ ਗਈ। ਕੁਤਬਾ ਪਿੰਡ ਤੇ ਨੇੜੇ ਸੀ। ਪਿੰਡ ਵਾਲੇ ਵੈਰੀ ਬਣ ਗਏ ਸਿੱਖਾਂ ਦੇ। ਉਦਾਂ ਵੀ ਤੇ ਸਿੱਖਾਂ ਦਾ ਪੱਤਾ-ਪੱਤਾ ਵੈਰੀ ਸੀ। ਕਿੱਦਾਂ ਦਮ ਲੈਂਦੇ। ਦੁਸ਼ਮਣ ਮਗਰ ਚੜ੍ਹਿਆ ਹੋਇਆ ਸੀ। ਦਲ ਵਾਲੇ ਕੀ ਕਰ ਸਕਦੇ ਸਨ। ਜਦ ਜ਼ਮਾਨਾ ਈ ਦੁਸ਼ਮਣ ਸੀ। ਜਿਹੜੇ ਹਮਦਰਦ ਵੀ ਸਨ ਉਹ ਵੀ ਡਰਦੇ ਸਨ। ਵਹੀਰ ਵਾਲਿਆਂ ਨੂੰ ਪਿੰਡ ਵਾਲਿਆਂ ਪਾਣੀ ਵੀ ਨਾ ਦਿੱਤਾ। ਮਾਂ ਪਿਓ ਜਾਏ ਭਰਾ ਪਿਆਸੇ ਈ ਪਿੰਡ ਚੋਂ ਨਿਕਲੇ।

ਪੰਥ ਨੂੰ ਜਲ ਛਕਾਓ, ਜੋ ਕੁਝ ਹੋਏਗਾ ਦੇਖਿਆ ਜਾਏਗਾ। ਅਹਿਮਦ ਸ਼ਾਹ ਨੇ ਜੋ ਕਹਿਰ ਗੁਜ਼ਾਰਨਾ ਏ ਓਸ ਮੁੜਨਾ ਨਹੀਂ। ਤੁਸੀਂ ਜਲ ਛਕਾਓ ਤੇ ਵਹੀਰ ਦੇ ਨਾਲ ਈ ਮਿਲ ਜਾਓ। ਨਾ ਰਹੇ ਬਾਂਸ ਤੇ ਨਾ ਬਜੇ ਬਾਂਸੁਰੀ। ਆਖਣ ਵਾਲਾ ਇਕ ਅਣਖ਼ੀ ਪਿੰਡ ਦਾ ਬੰਦਾ ਸੀ।

ਕੋਸ਼ਿਸ਼ ਬਹੁਤ ਕੀਤੀ ਗਈ ਪਿੰਡ ਵਾਲਿਆਂ ਵਲੋਂ ਪਰ ਸਾਰੀ ਵਹੀਰ ਨੂੰ ਜਲ ਨਾ ਛਕਾ ਸਕੇ। ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ ਸਿਰ ਤੇ ਆਣ ਗੱਜੀ।

ਕਤਲ ਖ਼ੂਨ, ਮੌਤ, ਲਾਸ਼ਾਂ ਹਾਏ-ਹਾਏ ਦੇ ਆਵਾਜ਼ੇ ਪਿੰਡ ਵਾਲਿਆਂ ਅਫ਼ਗਾਨਾਂ ਦੇ ਵੀ ਸੁਣੇ ਤੇ ਸਿੰਘਾਂ ਦੇ ਵੀ। ਮਲੇਰਕੋਟਲੇ ਵਾਲੇ ਏਸ ਪਿੰਡ ਦੇ ਮਾਲਕ ਸਨ। ਉਹ ਵੀ ਜਾਨ ਦਾ ਖ਼ੌ ਬਣ ਗਏ। ਪਰ ਅਬਦਾਲੀ ਦੀ ਫ਼ੌਜ ਨੇ ਉਹਨਾਂ ਨੂੰ ਵੀ ਝਟਕਾ ਦਿੱਤਾ। ਅਬਦਾਲੀ ਨੇ ਕਿਸੇ ਨੂੰ ਵੀ ਨਾ ਬਖ਼ਸ਼ਿਆ। ਅਫ਼ਗਾਨ ਵੀ ਕਤਲ ਹੋਏ ਤੇ ਵਹੀਰ ਵਾਲੇ ਵੀ।

ਚੜ੍ਹਤ ਸਿੰਘ ਪਿੰਡ ਵਿਚ ਪੁੱਜ ਗਿਆ। ਓਸ ਅੱਗੇ ਲਾ ਲਏ ਪਿੰਡ ਦੇ ਰੰਘੜ, ਪਠਾਨ, ਅਫ਼ਗਾਨ ਪਰ ਚਹੁੰ-ਪਾਸਿਓ ਪਨਾਹ ਦੇ ਆਵਾਜ਼ੇ ਆ ਰਹੇ ਸਨ। ਵਹੀਰ ਵਾਲੇ ਸਾਰੇ ਦੇ ਸਾਰੇ ਲੜਾਕੇ ਨਹੀਂ ਸਨ। ਪਰ ਫੇਰ ਵੀ ਲੜਦੇ-ਭਿੜਦੇ ਉੱਠਦੇ ਮਰਦੇ ਤੁਰੀ ਜਾ ਰਹੇ ਸਨ। ਪਰ ਮੰਜ਼ਲ ਦਾ ਕਿਸੇ ਨੂੰ ਪਤਾ ਨਹੀਂ ਸੀ ਕਿ ਕਿੱਥੇ ਜਾ ਕੇ ਰੁਕਣੀ ਏ ਵਹੀਰ?

ਇਕ ਬੰਦੇ ਨੇ ਦੱਸਿਆ—ਵਹੀਰ ਵਾਲਿਆਂ ਨੂੰ—ਪਿੰਡ ਬਾਹਰ ਮੁੰਨਾ ਕੋਹ ਤੇ ਇਕ ਢਾਬ ਏ, ਦੂਰ ਨਹੀਂ ਨੇੜੇ ਐ।

ਵਹੀਰ ਚੱਲ ਰਹੀ ਸੀ ਪਾਣੀ ਦੀ ਢਾਬ ਆਈ, ਕੁੰਡਲ ਟੁੱਟ ਗਿਆ। ਵਹੀਰ ਵਾਲੇ ਆਪਣੀ ਪਿਆਸ ਬੁਝਾ ਰਹੇ ਸਨ ਤੇ ਅਹਿਮਦ ਸ਼ਾਹ ਅਬਦਾਲੀ ਦੇ ਫ਼ੌਜੀ ਵੀ ਤਲਵਾਰਾਂ ਨੂੰ ਮਿਆਨ 'ਚ ਪਾ ਕੇ ਬੁੱਕਾਂ ਨਾਲ ਪਾਣੀ ਪੀ ਰਹੇ ਸਨ। ਕਿਸੇ ਨੇ ਸ਼ਾਹ ਦੇ ਹੁਕਮ ਦੀ ਪਾਲਣਾ ਨਾ ਕੀਤੀ। ਉਹਨਾਂ ਆਪਣੀ ਪਿਆਸ ਬੁਝਾਈ। ਜੀਵਾਂਗੇ ਤੇ ਫੇਰ ਲੜ ਲਵਾਂਗੇ।

ਸਭ ਭੁੱਲ ਗਏ ਲੜਾਈ। ਪਹਿਲਾਂ ਆਪਣੀ ਜਾਨ ਫੇਰ ਲੜਾਈ। ਪਿਆਸ ਨੇ ਨਿਢਾਲ ਕੀਤਾ ਹੋਇਆ ਸੀ ਸਾਰਿਆਂ ਨੂੰ।

ਲੜਾਈ ਆਪੇ ਈ ਬੰਦ ਹੋ ਗਈ। ਪਾਣੀ ਪੀਣ ਤੋਂ ਬਾਅਦ ਲੜਾਈ ਫੇਰ ਸ਼ੁਰੂ ਨਾ ਹੋ ਸਕੀ।

—ਖ਼ੁਦਾ ਦੇ ਬੰਦਿਓ, ਪਹਿਲਾਂ ਪਾਣੀ ਪੀਓ, ਜਾਨ ਬਚਾਓ ਫੇਰ ਲੜ ਲੈਣਾ। ਲੜਿਆਂ ਤੁਹਾਨੂੰ ਕਿਹੜੀਆਂ ਮੋਹਰਾਂ ਮਿਲ ਚੱਲੀਆਂ ਨੇ। ਇਕ ਫ਼ੌਜੀ ਆਖ ਰਿਹਾ ਸੀ।

—ਪਿਆਸ ਬੁਝਾਓ ਦਲ ਵਾਲੇ ਤੁਹਾਡੇ ਤੇ ਹਮਲਾ ਨਹੀਂ ਕਰਦੇ। ਅੱਲਾ ਇਹਨਾਂ ਨੂੰ ਮੱਤ ਦੇ।

—ਦੁਸ਼ਮਣੀ ਭੁੱਲ ਗਏ ਫ਼ੌਜੀ ਵਹੀਰ ਵਾਲੇ।

—ਹੁਣ ਵਹੀਰ ਇਕੱਠੀ ਹੋ ਰਹੀ ਸੀ। ਤੁਸੀਂ ਨੱਸ ਜਾਓ ਅਸੀਂ ਤੁਹਾਡੇ ਪਿੱਛੇ ਨਹੀਂ ਆਣ ਲੱਗੇ। ਇਹ ਖ਼ਾਲਸੇ ਦਾ ਕੌਲ ਏ, ਖ਼ਾਲਸੇ ਦੀ ਜ਼ੁਬਾਨ ਏ।

—ਜਿਹਨੂੰ ਜਿੱਧਰ ਰਾਹ ਲੱਭਾ, ਓਹ ਓਸੇ ਪਾਸੇ ਨੱਸ ਗਿਆ।

ਵਹੀਰ ਹੁਣ ਆਬਾਦੀ ਵੱਲ ਜਾ ਰਹੀ ਸੀ। ਅਹਿਮਦ ਸ਼ਾਹ ਅਬਦਾਲੀ ਨੇ ਸੋਚਿਆ, ਸਾਰਿਆਂ ਨੂੰ ਵੈਰੀ ਬਣਾ ਲੈਣਾ, ਪਿੰਡ ਵਾਲੇ ਵੀ ਦੁਸ਼ਮਣ ਬਣ ਜਾਣ ਇਹ ਕੋਈ ਅਕਲਮੰਦੀ ਨਹੀਂ। ਰੁਕ ਜਾਓ ਤਲਵਾਰਾਂ ਮਿਆਨ 'ਚ ਪਾ ਲਵੋ।

ਵਹੀਰ ਬਰਨਾਲੇ ਤੱਕ ਪੁੱਜ ਚੁਕੀ ਸੀ। ਅਹਿਮਦ ਸ਼ਾਹ ਅਬਦਾਲੀ ਨੇ ਆਪਣਾ ਰੁਖ਼ ਬਦਲ ਲਿਆ। ਕੁਦਰਤ ਦਾ ਕ੍ਰਿਸ਼ਮਾ ਬਰਨਾਲਾ ਪਟਿਆਲੇ ਵਾਲੇ ਰਾਜ ਦਾ ਪਿੰਡ ਸੀ। ਵਹੀਰ ਦੇ ਭਰਾਵਾਂ ਦਾ ਇਲਾਕਾ ਆ ਗਿਆ। ਖ਼ਤਰਾ ਟਲ ਗਿਆ। ਅਬਦਾਲੀ ਆਪਣੀ ਥਾਂ ਲੁੱਕ ਗਿਆ ਤੇ ਵਹੀਰ ਅੱਗੇ-ਅੱਗੇ ਚਲਦੀ ਰਹੀ। ਵੇਖੋ ਕੁਦਰਤ ਕੀ ਕਰਦੀ ਏ?

59

ਵੇਖੀਂ ਚਾਬੁਕ ਨਾ ਮਾਰੀਂ

ਦੂਜੇ ਦਿਨ ਜਦ ਸੂਰਜ ਚੜ੍ਹਿਆ, ਤਦ ਪਤਾ ਲੱਗਾ ਕਿ ਸੋਲਾਂ ਹਜ਼ਾਰ ਬੰਦੇ ਸ਼ਹੀਦੀਆਂ ਪਾ ਗਏ ਸਨ। ਅਹਿਮਦ ਸ਼ਾਹ ਅਬਦਾਲੀ ਦੇ ਹਿਸਾਬ ਨਾਲ ਪੱਚੀ ਹਜ਼ਾਰ ਬੰਦੇ ਕਤਲ ਹੋਏ। ਅੱਧੇ ਤਾਂ ਅਬਦਾਲੀ ਦੇ ਵੀ ਅੱਲਾ ਨੂੰ ਪਿਆਰੇ ਹੋ ਗਏ ਹੋਣਗੇ। ਮਾਤਮ ਦੋਵਾਂ

ਦਲਾਂ ਵਿਚ ਛਾਇਆ ਹੋਇਆ ਸੀ। ਪਰ ਇਹ ਗੱਲ ਤੇ ਬਿਲਕੁਲ ਸੱਚ ਏ ਕਿ ਦਲ ਵਾਲਿਆਂ ਦਾ ਪਹਿਲਾਂ ਕਦੇ ਏਨਾ ਨੁਕਸਾਨ ਨਹੀਂ ਸੀ ਹੋਇਆ। ਏਨੀਆਂ ਮੌਤਾਂ ਹੋਣ ਦੇ ਬਾਵਜੂਦ ਸਿੰਘ ਚੜ੍ਹਦੀਆਂ ਕਲਾਂ ਵਿਚ ਸੀ। ਉਹਨਾਂ ਦੇ ਚਿਹਰਿਆਂ ਤੇ ਗਿੱਠ-ਗਿੱਠ ਲਾਲੀਆਂ ਚੜ੍ਹੀਆਂ ਹੋਈਆਂ ਸਨ। ਨੁਕਸਾਨ ਹੋਣ ਵਾਲਾ ਹੋ ਗਿਆ, ਇਹ ਘਾਟ ਰਬ ਦੀ ਪੂਰੀ ਕਰੂ ਤੇ ਹੋਣੀ ਏ। ਬੰਦੇ ਦੇ ਵੱਸ ਵਿਚ ਕੁਝ ਨਹੀਂ।

ਇਕ ਨਿਹੰਗ ਆਖ ਰਿਹਾ ਸੀ ਕਿ ਚਲੋ ਕੱਚਾ ਪਿੱਲਾ ਝੜ ਗਿਆ। ਸ਼ੁਧ ਸੋਨਾ ਰਹਿ ਗਿਆ। ਵਾਹਿਗੁਰੂ ਕਰੇ, ਦਲ ਦੇ ਇਕੱਠ ਵਿਚ ਹੋਰ ਭੁਜੰਗੀ ਆ ਜਾਣਗੇ ਤੇ ਦਲ ਵਿਚ ਰੌਣਕਾਂ ਹੋ ਜਾਣਗੀਆਂ।

ਜ਼ਖ਼ਮ ਬਹੁਤ ਜੱਸਾ ਸਿੰਘ ਖਾਏ।
ਤੀਰ ਗੋਲੀ ਔਰ ਤੇਗ ਘਾਇ ਆਏ।
ਆਪ ਪਰੈ ਔ ਉਨ ਕੋ ਝੇਲੈ।
ਸੋਹੇ ਪੈਥੇ ਹੱਥ ਘੋੜੇ ਮੇਲੈ॥
ਜੱਸਾ ਸਿੰਘ ਖਾਏ ਬਾਈ ਘਾਇ।
ਤੇ ਭੀ ਸਿੰਘ ਜੀ ਲੜਤੇ ਜਾਇ॥

ਏਸ ਤਰ੍ਹਾਂ ਹੋਰ ਸਰਦਾਰਾਂ ਨੂੰ ਵੀ ਜ਼ਖ਼ਮ ਆਏ। ਕੋਈ ਐਸਾ ਨਹੀਂ ਸੀ ਜਿਹੜਾ ਜ਼ਖ਼ਮੀ ਨਹੀਂ ਸੀ ਹੋਇਆ। ਪੰਜ ਦਸ ਜ਼ਖ਼ਮ ਤਾਂ ਹਰ ਸਰਦਾਰ ਨੂੰ ਆਏ ਸਨ।

ਪਰ ਧੰਨ ਸੀ ਜੱਸਾ ਸਿੰਘ ਆਹਲੂਵਾਲੀਆ, ਜਿਹਨੂੰ ਕੱਲੇ ਨੂੰ ਬਾਈ ਜ਼ਖ਼ਮ ਲੱਗੇ ਸਨ। ਸਰੀਰ ਨਿਢਾਲ ਸੀ ਪਰ ਜਿਗਰਾ ਸਰਦਾਰ ਦਾ ਪਹਾੜ ਵਰਗਾ ਅਡੋਲ ਸੀ।

ਜੇ ਮੈਂ ਦਰਦ ਮਹਿਸੂਸ ਕਰਨ ਲੱਗ ਪਿਆ ਤਾਂ ਬਾਕੀਆਂ ਨੇ ਢੇਰੀਆਂ ਈ ਢਾਅ ਦੇਣੀਆਂ ਨੇ। ਅਜੇ ਅਬਦਾਲੀ ਸਾਡੇ ਚੌਗਿਰਦੇ ਵਿਚ ਘੁੰਮ ਰਿਹੈ। ਪਤਾ ਨਹੀਂ ਉਹਦੀ ਨੀਯਤ ਕਦ ਬੇਈਮਾਨ ਹੋ ਜਾਏ। ਸਾਨੂੰ ਹਿੰਮਤ ਨਹੀਂ ਹਾਰਨੀ ਚਾਹੀਦੀ। ਦਿਲਾਸੇ ਦੇਣਾ ਸਾਡਾ ਫ਼ਰਜ਼ ਬਣਦੈ। ਆਪਣੇ ਜ਼ਖ਼ਮ ਭੁੱਲ ਜਾਣੇ ਚਾਹੀਦੇ ਹਨ, ਸਾਡੀ ਸਰਦਾਰੀ ਏਸੇ ਵਿਚ ਏ। ਜਿੰਨੇ ਜ਼ਖ਼ਮ ਅਸਾਂ ਸਰੀਰ ਤੇ ਖਾਧੇ ਹਨ, ਪੰਥ ਉਨੇ ਈ ਸਰੋਪੇ ਦੇਵੇਗਾ। ਪੰਥ ਤਦ ਤੱਕ ਈ ਖੜ੍ਹਾ ਏ ਜਦ ਤੱਕ ਅਸੀ ਕਾਇਮ ਹਾਂ। ਅਸਾਂ ਤਲਵਾਰਾਂ ਦੀ ਛਾਂ ਹੇਠਾਂ ਜਨਮ ਲਿਐ ਤੇ ਤਲਵਾਰਾਂ ਦੀ ਛਤਰਛਾਇਆਂ ਵਿਚ ਜਵਾਨ ਹੋਏ ਹਾਂ। ਜਵਾਨੀਆਂ ਕਿਸ ਕੰਮ ਲਈ ਹਨ। ਇਹ ਪੰਥ ਦੀ ਅਮਾਨਤ ਨੇ। ਪੰਥ ਦੇ ਈ ਲੇਖੇ ਲਾਵਾਂਗੇ।

ਅਜੇ ਇਕ ਗੱਲ ਲਕੋ ਗਿਆ ਸੀ ਜੱਸਾ ਸਿੰਘ ਆਹਲੂਵਾਲੀਆ। ਬਹਾਦਰ ਸੀ, ਸੂਝਵਾਨ ਸੀ। ਆਓ ਉਹ ਗੱਲ ਮੈਂ ਤੁਹਾਨੂੰ ਸੁਣਾਉਂਦਾ ਹਾਂ।

ਦੁਸ਼ਮਣ ਮਰੇ ਖੁਸ਼ੀ ਨਾ ਕਰੀਏ, ਸੱਜਣਾਂ ਵੀ ਮਰ ਜਾਣਾ ਏ।

ਜੱਸਾ ਸਿੰਘ ਆਹਲੂਵਾਲੀਆ ਬੜਾ ਨਿਢਾਲ ਸੀ ਪਰ ਸਿਰੜ ਕਰੀ ਬੈਠਾ ਸੀ। ਘੋੜੇ ਥੱਕ-ਟੁੱਟ ਚੁੱਕੇ ਸਨ। ਘੋੜਾ ਅੜ ਗਿਆ ਅੱਗੇ ਕਦਮ ਨਾ ਚੁੱਕੇ। ਨਾਲ ਪਾਲਕ ਸੀ ਗੁਰਮੁਖ ਸਿੰਘ। ਓਸ ਵੇਖਿਆ ਕਿ ਘੋੜਾ ਰੁਕ ਗਿਐ, ਸਾਥ ਛੱਡਣਾ ਚਾਹੁੰਦੈ, ਮਜਬੂਰੀ 'ਚ ਪੈਰ ਥੰਮ ਗਏ ਤੇ ਓਸ ਚਾਬੁਕ ਕੱਢਿਆ ਤੇ ਮਾਰਨ ਲੱਗਾ।

ਜੱਸਾ ਸਿੰਘ ਆਹਲੂਵਾਲੀਆ ਬੋਲ ਉਠਿਆ ਗੁੱਸੇ 'ਚ:

—ਵੇਖੀਂ ਓਏ ਕਿਤੇ ਘੋੜੇ ਨੂੰ ਚਾਬੁਕ ਨਾ ਮਾਰੀਂ। ਮੱਥੇ ਤੇ ਘੂਰੀ ਪਾਈ, ਰੋਕਿਆ ਉਸਨੂੰ।

ਕਿਤੇ ਕੋਈ ਇਹ ਨਾ ਸਮਝ ਲਵੇ ਕਿ ਸਰਦਾਰ ਦਾ ਘੋੜਾ ਕੁਟਵਾ ਕੇ ਭੱਜ ਉਠਿਆ ਏ। ਮੇਰਾ ਘੋੜਾ ਬੁਜ਼ਦਿਲ ਨਹੀਂ। ਘੋੜਾ ਈ ਮੇਰੀ ਸ਼ਾਨ ਏ, ਘੋੜਾ ਈ ਰਾਖੈ। ਇਹ ਮੇਰਾ ਜਿਗਰੀ ਯਾਰ ਏ। ਘੋੜੇ ਤੋਂ ਬਗ਼ੈਰ ਸਰਦਾਰੀ ਕਾਹਦੀ। ਇਨ੍ਹਾਂ ਘੋੜਿਆਂ ਦੇ ਸਦਕੇ ਅਸੀਂ ਅਹਿਮਦ ਸ਼ਾਹ ਅਬਦਾਲੀ ਨਾਲ ਸਿੰਗ ਅੜਾਏ ਨੇ ਤੇ ਲੋਹਾ ਲਿਆ ਏ। ਇਹ ਇਨ੍ਹਾਂ ਘੋੜਿਆਂ ਦੀ ਬਰਕਤ ਏ।

ਚੜ੍ਹਤ ਸਿੰਘ ਮੁਖੋਂ ਨਾ ਬੋਲਿਆ ਪਰ ਜ਼ਖ਼ਮ ਨੇਜ਼ੇ ਦੇ ਉਹਨੂੰ ਵੀ ਲੱਗੇ ਸਨ। ਜ਼ਖ਼ਮਾਂ ਨਾਲ ਨਿਢਾਲ ਸੀ। ਦਰਦ ਹੁੰਦਾ ਸੀ ਪਰ ਦੰਦਾਂ ਥੱਲੇ ਜ਼ਬਾਨ ਰੱਖ ਕੇ ਪੀ ਗਿਆ।

ਸਰਦਾਰ ਸਭੇ ਜ਼ਖ਼ਮੀ ਭਏ ਸਾਬਤ ਰਹਯੋ ਨਾ ਕੋਇ।
ਲਈ ਸ਼ਹੀਦੀ ਬੀ ਘਨਨ ਗਿਣਤੀ ਸਭਨ ਨਾ ਹੋਇ।
ਚੜ੍ਹਤ ਸਿੰਘ ਜ਼ਖ਼ਮ ਤੇ ਗਿਣੇ ਨਾ ਜਾਇ।
ਤੀਰ ਤਲਵਾਰ ਜੋ ਨੇਜ਼ੇ ਪਾਇ।

ਏਨਾ ਨੁਕਸਾਨ ਤੇ ਏਨੀਆਂ ਜਾਨਾਂ ਜਾਣੀਆਂ ਲੱਕ ਤੋੜ ਕੇ ਰੱਖ ਦਿੱਤਾ ਪਰ ਫੌਲਾਦ ਦੇ ਬਣੇ ਨਿਹੰਗ ਤੇ ਦੂਜਿਆਂ ਸੂਰਮਿਆਂ ਨੇ ਦਿਲ ਨੂੰ ਨਾ ਲਾਈ।

ਸਿੰਘਾਂ ਉਹਨੂੰ ਕੁਦਰਤ ਦਾ ਭਾਣਾ ਸਮਝ ਕੇ ਆਹ ਤੱਕ ਨਾ ਭਰੀ ਪਰ ਅੰਦਰੋਂ ਕੂਕ ਉਠੀ ਤਾਂ ਵੱਡਾ ਘੱਲੂਘਾਰਾ ਆਖ ਕੇ ਯਾਦ ਕਰਦੇ ਤੇ ਆਖਦੇ ਕਰਤਾਰ ਭਲੀ ਕਰੂ।

ਹਰ ਰੋਜ਼, ਹਰ ਦੁਪਹਿਰ ਨੂੰ ਤੇ ਰਾਤੀਂ ਏਸ ਘੱਲੂਘਾਰੇ ਨੂੰ ਯਾਦ ਕੀਤਾ ਜਾਂਦਾ। ਪੰਜਾਹ ਸਾਲਾਂ ਵਿਚ ਕਈ ਜਰ੍ਹਾ ਤੇ ਕਤਲੇਆਮ ਹੋਇਆ। ਸੀਨੇ ਤੇ ਪੱਥਰ ਰੱਖ ਕੇ ਝੱਲਿਆ। ਨਿਰਮੋਹ, ਨਿਰਲੇਪ ਨਿਹੰਗ ਸਿੰਘ ਵੀ ਸਪਿਰਿਟ ਨੂੰ ਮੰਨਦਾ ਏ। ਉਸੇ ਦਿਨ ਸ਼ਾਮ ਨੂੰ ਉੱਚੀ-ਉੱਚੀ ਕਹਿ ਰਹੇ ਸਨ:

ਖਾਲਸਾ ਜੀ ਇਹ ਸੱਲ ਤੇ ਸਾਡੇ ਸਤਗੁਰਾਂ ਵੀ ਜਰੇ ਸਨ। ਏਸੇ ਨਾਲ ਈ ਕੌਮਾਂ ਬਲਵਾਨ ਹੁੰਦੀਆਂ ਨੇ।

ਤੱਤ ਖਾਲਸੋ ਸੋ ਰਹਯੋ।
ਗਯੋ ਸੋ ਖੋਟ ਗਵਾਇ।

ਜ਼ਿੰਦਾ ਕੌਮਾਂ ਦਾ ਇਹੋ ਅਕੀਦਾ ਏ, ਇਹੋ ਨਿਸ਼ਚਾ ਏ, ਇਹੋ ਸੂਰਮਤਾਈ ਏ, ਸਤਿਗੁਰ ਭਲੀ ਕਰੂ।

60

ਵਿਚੋਲਾ

ਰੁਖ ਤੇ ਭਾਵੇਂ ਸਰਹੰਦ ਵੱਲ ਸੀ ਪਰ ਨਿਸ਼ਾਨਾ ਲਾਹੌਰ ਵੱਲ ਮਿਥਿਆ ਹੋਇਆ ਸੀ। ਅਹਿਮਦ ਸ਼ਾਹ ਅਬਦਾਲੀ ਕਿਸੇ ਨੂੰ ਇਹ ਨਹੀਂ ਸੀ ਦਸਦਾ ਕਿ ਅਸੀ ਜਾਣਾ ਕਿੱਧਰ ਹੈ ਤੇ ਕਿੱਥੇ ਪੜਾਅ ਕਰਨਾ ਏ। ਉਹਨੂੰ ਕਿਸੇ ਤੇ ਇਤਬਾਰ ਨਹੀਂ ਸੀ। ਉਹ

ਹਰ ਇਕ ਨੂੰ ਆਪਣਾ ਦੁਸ਼ਮਣ ਸਮਝਦਾ ਸੀ। ਉਹ ਭਾਵੇਂ ਸਾਹਮਣੇ ਮੰਨੇ ਤੇ ਭਾਵੇਂ ਨਾ ਮੰਨੇ ਪਰ ਅੰਦਰੋਂ ਖ਼ੁਦਾ ਤੋਂ ਡਰਦਾ ਸੀ। ਮੇਰੇ ਏਨੇ ਗੁਨਾਹ ਹਨ ਕੀ ਇਹ ਬਖਸ਼ੇ ਜਾਣਗੇ ਦਰਗਾਹ ਵਿਚ। ਕੀ ਮੈਂ ਤੜਫ-ਤੜਫ ਕੇ ਮਰਾਂਗਾ, ਕੋਈ ਮੇਰੀ ਖ਼ਬਰ ਨੂੰ ਨਾ ਪਹੁੰਚੇਗਾ। ਮੈਂ ਕਾਹਦੇ ਲਈ ਏਨੀ ਦੌਲਤ ਲੁੱਟੀ ਏ। ਕੀ ਮੈਂ ਇਹ ਸਭ ਆਪਣੇ ਨਾਲ ਲੈ ਜਾਵਾਂਗਾ, ਕਦੀ ਨਹੀਂ। ਕਿਸੇ ਨੇ ਕਦੀ ਨਾਲ ਨਹੀਂ ਖੜੀ। ਮੈਂ ਜਦ ਜਾਣਾ ਏ ਤਾਂ ਮੇਰੀਆਂ ਮੁੱਠੀਆਂ ਖ਼ਾਲੀ ਹੋਣੀਆਂ ਨੇ। ਮੈਂ ਸੂਈ ਭਰ ਤਾਂ ਵਜ਼ਨ ਨਾਲ ਲੈ ਜਾ ਨਹੀਂ ਸਕਣਾ। ਏਨਾਂ ਵੱਡਾ ਬੋਝ ਕੌਣ ਚੁੱਕੇਗਾ? ਦੌਲਤ ਮੇਰੀ ਕਮਜ਼ੋਰੀ ਏ, ਲਾਲਸਾ ਏ, ਮੇਰੀ ਭੁੱਖ ਏ। ਚੱਲੋ ਮੇਰੇ ਘਰ ਵਾਲੇ ਮੌਜ ਲੈਣਗੇ।

—ਜਾ ਓਏ ਪਗਲੇ ਜਿਸ ਨੂੰਹ ਲਈ, ਜਿਸ ਪੁੱਤ ਲਈ ਏਨੀ ਦੌਲਤ ਜਮ੍ਹਾਂ ਕੀਤੀ ਊ, ਜਦ ਦਮ ਨਿਕਲਿਆ ਤਾਂ ਉਹਨਾਂ ਪਲ ਭਰ ਤੈਨੂੰ ਘਰ ਨਹੀਂ ਰੱਖਣਾ। ਆਵਾਜ਼ਾਂ ਆਉਣੀਆਂ ਨੇ ਜਨਾਜ਼ਾ ਤਿਆਰ ਏ, ਚੁੱਕੋ ਤੇ ਲੈ ਜਾਓ ਕਬਰਿਸਤਾਨ। ਲੋਕਾਂ ਨੂੰ ਦੇਰ ਹੋ ਰਹੀ ਏ। ਏਨਾਂ ਈ ਸਾਕ ਏ ਤੇਰਾ, ਏਨੀ ਈ ਰਿਸ਼ਤੇਦਾਰੀ। ਮੂਰਖ ਇਹ ਨਹੀਂ ਸੋਚਦਾ। ਇਕ ਬੁੱਢੀ ਆਖ ਰਹੀ ਸੀ।

—ਤੂੰ ਲੋਕਾਂ ਲਈ ਲੁੱਟਿਆ ਏ ਤੇ ਲੋਕਾਂ ਈ ਖਾਣੈ। ਤੇਰੇ ਕਰਮਾਂ ਵਿਚ ਕੁਝ ਨਹੀਂ। ਉਹੋ ਈ ਦੋ ਰੋਟੀਆਂ ਨੇ। ਇਕ ਫ਼ਕੀਰ ਦਾ ਹੌਕਾ ਸੀ।

—ਅਹਿਮਦ ਸ਼ਾਹ ਅਬਦਾਲੀ ਸਭ ਕੁਝ ਜਾਣਦਿਆਂ ਹੋਇਆਂ ਵੀ ਆਦਤ ਤੋਂ ਮਜਬੂਰ ਸੀ। ਹਿੰਦੁਸਤਾਨ ਦੀ ਦੌਲਤ ਤੇ ਮੇਰਾ ਹੱਕ ਏ।

—ਰਹਿਮ ਦਿਲ, ਬੁਜ਼ਦਿਲ, ਆਲਸੀ, ਆਰਾਮ ਤਲਬ। ਇਹਨਾਂ ਨੂੰ ਤੇ ਲੁੱਟਣਾ ਈ ਸੀ ਲੁਟੇਰਿਆਂ ਨੇ।

ਸਰਹੰਦ ਆ ਗਿਆ, ਕਿਆਮ ਕਰੋ, ਥਕਾਵਟ ਲਾਹੋ।

ਅਹਿਮਦ ਸ਼ਾਹ ਅਬਦਾਲੀ ਸੋਚ ਰਿਹਾ ਸੀ ਕਿ ਕਦ ਤੱਕ ਮੈਂ ਚੰਮ ਦੀਆਂ ਚਲਾਵਾਂਗਾ। ਹੁਣ ਇਹ ਨਾਗ ਜਾਗ ਚੁੱਕੇ ਹਨ। ਇਹ ਮੌਤ ਨੂੰ ਟਿਚਕਰਾਂ ਕਰਨ ਵਾਲੇ ਮੇਰੀਆਂ ਗੱਲਾਂ ਵਿਚ ਨਹੀਂ ਆਉਣ ਵਾਲੇ।

—ਸੁਨੇਹਾ ਭੇਜਿਆ ਅਹਿਮਦ ਸ਼ਾਹ ਅਬਦਾਲੀ ਨੇ ਬਾਬਾ ਆਲਾ ਸਿੰਘ ਨੂੰ। ਮੈਂ ਸਰਹਿੰਦ ਵਿਚ ਹਾਂ, ਹਾਜ਼ਰੀ ਭਰੋ, ਜ਼ਰੂਰੀ ਸਲਾਹ ਮਸ਼ਵਰਾ ਕਰਨਾ ਏ। ਜਲਦੀ ਆਓ, ਮੈਂ ਤੁਹਾਡੀ ਉਡੀਕ ਕਰ ਰਿਹਾ ਹਾਂ।

ਇਹ ਇਕ ਚਾਲ ਸੀ; ਇਕ ਧੋਖਾ ਸੀ, ਇਕ ਫ਼ਰੇਬ ਸੀ। ਅਬਦਾਲੀ ਚਾਹੁੰਦਾ ਸੀ ਕਿ ਬਾਬਾ ਆਲਾ ਸਿੰਘ ਮੇਰਾ ਭੈਅ ਖਾ ਜਾਏ ਤੇ ਮੇਰੀ ਗੱਲ ਸੁਣ ਕੇ ਉਹਦੇ ਤੇ ਅਮਲ ਕਰੇ। ਉਹਦੇ ਮਨ ਵਿਚ ਖੋਟ ਸੀ। ਓਸ ਨਜੀਬੁਲਦੌਲਾ ਰੁਹੇਲੇ ਨੂੰ ਵਿਚ ਵਿਚੋਲਾ ਪਾਇਆ ਤੇ ਪਿਆਰ ਨਾਲ ਸੱਦ ਲਿਆ ਤੇ ਹਿਰਾਸਤ ਵਿਚ ਰੱਖਿਆ ਪਰ ਇਹ ਗੱਲ ਜ਼ਾਹਿਰ ਨਾ ਹੋਣ ਦਿੱਤੀ। ਬਾਬਾ ਆਲਾ ਸਿੰਘ ਨੂੰ ਮਹਿਸੂਸ ਨਾ ਹੋਵੇ। ਪਰ ਬਾਬੇ ਨੇ ਤਾਂ ਜ਼ਮਾਨਾ ਖਾਧਾ ਹੋਇਆ ਸੀ, ਜਾਣ ਗਿਆ। ਅਬਦਾਲੀ ਮੋਮੋਠਗਣੀਆਂ ਗੱਲਾਂ ਕਰ ਰਿਹੈ। ਇਹ ਚਾਹੁੰਦਾ ਕੁਝ ਏ ਤੇ ਆਖ ਕੁਝ ਰਿਹੈ।

—ਕੀ ਹੁਕਮ ਏ ਸਰਕਾਰ ਮੇਰੀ ਕਿਹੜੀ ਲੋੜ ਪੈ ਗਈ ਏ?

—ਤੇਰੇ ਭਰਾ, ਜਿਹਨਾਂ ਨੂੰ ਮੈਂ ਚੰਗੀ ਮਾਰ ਮਾਰੀ ਏ ਪਰ ਮੈਂ ਦਿਲੋਂ ਉਹਨਾਂ ਦੀ ਕਦਰ ਕਰਦਾ ਹਾਂ। ਉਹ ਬਹਾਦਰ ਹਨ, ਦਲੇਰ ਹਨ। ਮੈਂ ਚਾਹੁੰਦਾ ਹਾਂ ਕਿ ਅਸੀਂ ਆਪਸ

ਵਿਚ ਸੁਲਹਾ ਕਰ ਲਈਏ। ਤੂੰ ਸਾਡੀ ਕੀ ਮਦਦ ਕਰ ਸਕਦੈਂ ? ਅਸੀ ਤੈਨੂੰ ਵਿਚੋਲਾ ਮੰਨਦੇ ਹਾਂ। ਦੱਸ ਕੀ ਸਲਾਹ ਏ ?

ਆਲਾ ਸਿੰਘ ਨੇ ਹੱਥ ਜੋੜੇ। ਦਲ ਵਾਲਿਆਂ ਮੇਰੀ ਇਹ ਗੱਲ ਮੰਨਣੀ ਨਹੀਂ। ਉਹਨਾਂ ਈਨ ਨਹੀਂ ਮੰਨਣੀ। ਬਰਬਾਦ ਹੋ ਜਾਣਗੇ, ਟੁੱਟ ਜਾਣਗੇ ਪਰ ਲਿਫਣ ਨਹੀਂ ਲੱਗੇ।

—ਪਰ ਤੂੰ ਕੋਸ਼ਿਸ਼ ਕਰਕੇ ਵੇਖ ਤਾਂ ਸਹੀ। ਉਹ ਜਿੰਨਾ ਇਲਾਕਾ ਚਾਹੁਣ, ਮੈਂ ਪਟਾ ਲਿਖ ਦੇਂਦਾ ਹਾਂ ਤੇ ਹਰ ਤਰ੍ਹਾਂ ਦੀ ਮਦਦ ਵੀ ਕਰਾਂਗਾ। ਦੌਲਤ ਮੂੰਹੋਂ ਮੰਗਣ ? ਓਨੀ ਦੇਵਾਂਗਾ। ਮੈਂ ਨਹੀਂ ਚਾਹੁੰਦਾ ਕਿ ਅਸੀਂ ਆਪਸ 'ਚ ਖ਼ੂਨ-ਖ਼ਰਾਬਾ ਕਰਦੇ ਰਹੀਏ। ਅਹਿਮਦ ਸ਼ਾਹ ਅਬਦਾਲੀ ਦੇ ਬੋਲ ਸਨ।

—ਸ਼ਾਹ ਤਾਂ ਖ਼ਾਬ ਵੇਖਿਐ, ਓਸ ਰੂਹ ਨੂੰ ਨਹੀਂ ਪਰਖਿਆ। ਹਰ ਬੰਦਾ ਪਰਖ ਵੀ ਨਹੀਂ ਸਕਦਾ। ਆਲਾ ਸਿੰਘ ਨੇ ਏਦਾਂ ਸੋਚਿਆ।

ਪਟਿਆਲੇ ਵਿਚ ਦੋ ਦਿਨ ਤਕ ਇੰਤਜ਼ਾਰ ਹੋ ਰਹੀ ਸੀ। ਇਕ ਗੁਪਤਚਰ ਨੇ ਆਣ ਕੇ ਦੱਸਿਆ, ਬਾਬਾ ਆਲਾ ਸਿੰਘ ਦੇ ਘਰ ਵਾਲਿਆਂ ਨੂੰ। ਸ਼ਾਹ ਨੇ ਬਾਬੇ ਨੂੰ ਪਿਆਰ ਨਾਲ ਸੱਦ ਲਿਐ। ਉਹ ਹੁਣ ਹਿਰਾਸਤ ਵਿਚ ਏ। ਦਮੜੇ ਖ਼ਰਚ ਕਰਕੇ ਘਰ ਲੈ ਆਓ ਵਰਨਾ ਸ਼ਾਹ ਦੀ ਨੀਯਤ ਖ਼ਰਾਬ ਏ।

ਵਿਚੋਲੇ ਨਾਲ ਸਲਾਹ ਕਰਨ ਨਾਲ ਵੀ ਗੱਲ ਬਣ ਸਕਦੀ ਏ। ਗੁਪਤਚਰ ਨੇ ਸਲਾਹ ਦਿੱਤੀ।

ਸਵਾ ਛੇ ਲੱਖ ਰੁਪਈਏ ਵਿਚ ਸੌਦਾ ਤੈਅ ਹੋਵੇਗਾ ਪਰ ਦਵਾਵੇ ਕੌਣ।

—ਵਿਚੋਲਾ ਸੱਦੋ, ਉਹ ਦੇਵੇਗਾ। ਸ਼ਾਹ ਉਹਦੇ ਨਾਲ ਬੇ-ਇਨਸਾਫ਼ੀ ਨਹੀਂ ਕਰ ਸਕਦਾ।

ਰਕਮ ਦੀ ਪੰਡ ਬੰਨ੍ਹੀ। ਲੈ ਕੇ ਗਏ ਵਿਚੋਲੇ ਨੂੰ ਨਾਲ ਤੇ ਜਾ ਢੇਰੀ ਕੀਤੀ ਰਕਮ। ਇਹ ਨਜ਼ਰਾਨਾ ਏ, ਮੈਂ ਕਾਹਲੀ 'ਚ ਲਿਆਉਣਾ ਭੁੱਲ ਗਿਆ ਸਾਂ।

ਕਿਸੇ ਨੇ ਗੱਲ ਨਾ ਛੇੜੀ ਤੇ ਨਾ ਛੇੜੀ। ਇਹ ਗੱਲ ਪਰਦੇ 'ਚ ਰਹੀ। ਸ਼ਾਹ ਨੇ ਹੁਕਮ ਸਾਦਰ ਕੀਤਾ। ਜਦ ਰਕਮ ਉਹਦੇ ਸਾਹਮਣੇ ਆ ਗਈ। ਮੈਂ ਬਹੁਤ ਖ਼ੁਸ਼ ਹਾਂ ਸਰਦਾਰ ਨੇ ਮੇਰੀ ਇੱਜ਼ਤ ਰੱਖੀ ਏ। ਮੈਂ ਜਿਹੜੇ ਇਲਾਕੇ ਬਾਬੇ ਨੂੰ ਪਹਿਲਾਂ ਦੇ ਗਿਆ ਸਾਂ, ਉਹਦੇ ਪੱਕੇ ਪਟੇ ਲਿਖਵਾ ਲਵੇ। ਪਰ ਜੇ ਅਜੇ ਵੀ ਮਨ ਨਹੀ ਭਰਿਆ, ਜੋ ਮੰਗੇ ਮਿਲ ਸਕਦੈ। ਯਰਾਨਾ ਏ ਛੋਲਿਆਂ ਦਾ ਵੱਢ ਨਹੀਂ। ਅਸੀ ਯਾਰਾਂ ਨੂੰ ਨਰਾਜ਼ ਨਹੀਂ ਕਰਨਾ। ਮੰਗੋ ਜੋ ਤੁਹਾਡੇ ਦਿਲ ਵਿਚ ਏ ?

ਛੁਟੀ ਦੇ ਦਿੱਤੀ ਅਹਿਮਦ ਸ਼ਾਹ ਅਬਦਾਲੀ ਨੇ ਬਾਬਾ ਆਲਾ ਸਿੰਘ ਨੂੰ। ਓਸ ਆਪਣੇ ਵਕੀਲ ਨਾਨੂ ਸਿੰਘ ਗਰੇਵਾਲ ਨੂੰ ਦਲ ਵਾਲਿਆਂ ਕੋਲ ਭੇਜਿਆ।

—ਸ਼ਾਹ ਤਰਲੇ ਪਾ ਰਿਹੈ ਕਿ ਅਸੀ ਇਕ ਦਸਤਰਖ਼ਾਨ ਤੇ ਬਹਿਣ ਜੋਗੇ ਹੋ ਜਾਈਏ। ਸੁਲਹਾ ਕਰ ਲਈਏ। ਜਿੰਨਾ ਇਲਾਕਾ ਚਾਹੀਦੈ ਮਿਲ ਜਾਏਗਾ।

—ਉਹ ਕੌਣ ਹੁੰਦੈ ਸਾਡੀ ਆਪਣੀ ਜ਼ਮੀਨ ਸਾਨੂੰ ਦੇਣ ਵਾਲਾ।

—ਸਾਨੂੰ ਤੇ ਰਾਜਭਾਗ ਦਸ਼ਮੇਸ਼ ਪਿਤਾ ਨੇ ਬਖ਼ਸ਼ਿਆ ਏ। ਅਸਾਂ ਉਹ ਲੈ ਕੇ ਈ ਰਹਿਣਾ ਏ।

—ਅਸੀ ਗ਼ੈਰ ਦੀ ਹਕੂਮਤ ਬਰਦਾਸ਼ਤ ਨਹੀਂ ਕਰਨੀ। ਬਾਰੂਦ ਤੇ ਅੱਗ ਦਾ ਕਦੀ

ਮੇਲ ਹੋਇਐ ? ਐਵੇਂ ਝੂਠੇ ਪਟੇ ਲਿਖਦਾ ਫਿਰਦਾ ਏ। ਇਹਦੀ ਕੀ ਔਕਾਤ ਏ ਕਾਗਜ਼ ਦਾ ਇਕ ਪੁਰਜ਼ਾ।

ਅਸੀਂ ਜਦੋਂ ਵੀ ਲਵਾਂਗੇ, ਜੁੱਤੀ ਨਾਲ। ਕਦੀ ਖ਼ੈਰਾਤ ਵਿਚ ਰਾਜ ਨਹੀ ਮਿਲਿਆ। ਹਮੇਸ਼ਾਂ ਤਲਵਾਰ ਦੇ ਜ਼ੋਰ ਨਾਲ ਖੋਹਿਆ ਜਾਂਦਾ ਏ।

ਜ਼ੈਨ ਖਾਂ ਨੂੰ ਸਰਹੰਦ ਦਾ ਫ਼ੌਜਦਾਰ ਰਹਿਣ ਦਿੱਤਾ ਤੇ ਸ਼ਾਹ ਨੇ ਕੂਚ ਦਾ ਨਗਾਰਾ ਵਜਾਇਆ। ਹੁਣ ਲਾਹੌਰ ਵਿਚ ਕਿਆਮ ਕਰਨਾ ਸੀ ਤੇ ਸੇਕ ਦੇਣਾ ਸੀ ਜ਼ਖ਼ਮਾਂ ਨੂੰ। ਉਹਨੂੰ ਡਰ ਸੀ ਕਿ ਕਿਤੇ ਮਰਹੱਟੇ ਸਿੰਘਾਂ ਨਾਲ ਨਾ ਗੰਢ ਲੈਣ।

ਸ਼ਾਹ ਨੇ ਮਰਹੱਟਿਆਂ ਨਾਲ ਵੀ ਸੁਲਹਾ ਸਫਾਈ ਦੀ ਗੱਲ ਛੋਹ ਲਈ। ਇੱਟ ਖੂਹ 'ਚ ਸੁੱਟ ਦਿੱਤੀ। ਇਹ ਸੁੱਕੀ ਨਹੀਂ ਨਿਕਲਣੀ, ਗਿੱਲੀ ਹੋ ਕੇ ਨਿਕਲੇਗੀ।

ਇਹ ਸਭ ਫ਼ਰੇਬ ਸੀ, ਧੋਖਾ ਸੀ। ਕਾਗਜ਼ ਦੀ ਬੇੜੀ ਕਦੇ ਨਹੀਂ ਚਲਦੀ। ਮਿੱਟੀ ਦੇ ਘੜੇ ਨੇ ਦਰਿਆ ਪਾਰ ਨਹੀਂ ਕਰਨਾ।

61

ਕਹਿਰ-ਏ-ਖ਼ੁਦਾ

ਬਾਬਾ ਆਲਾ ਸਿੰਘ ਐਵੇਂ ਗੋਗਲੂਆਂ ਤੋਂ ਮਿੱਟੀ ਝਾੜ ਰਿਹਾ ਸੀ। ਉਹ ਜਾਣਦਾ ਸੀ ਕਿ ਅਹਿਮਦ ਸ਼ਾਹ ਅਬਦਾਲੀ ਝੂਠੇ ਪਲਾਲ ਕਰ ਰਿਹੈ। ਪਰ ਇਧਰ ਦਲ ਵਾਲਿਆਂ ਦੇ ਤਿਲਾਂ ਵਿਚ ਵੀ ਤੇਲ ਨਹੀਂ ਸੀ।

ਜ਼ਮੀਨ ਸਾਡੀ, ਧਰਤੀ ਦੇ ਅਸੀਂ ਮਾਲਕ। ਇਹ ਕੌਣ ਹੁੰਦੈ ਏਸ ਵਿਚ ਪੜਊ ਪਿੱਦਾ ਸਾਨੂੰ ਪਟੇ ਲਿਖ ਕੇ ਦੇਣ ਜੋਗਾ। ਇਹ ਪਟੇ ਝੂਠੇ ਹਨ। ਉਹਨੂੰ ਜ਼ਰਾ ਜੇਹਲਮ ਦਰਿਆ ਟੱਪਣ ਤੇ ਦਿਉ ਤੇ ਅਸਾਂ ਸਰਹੰਦ ਵੀ ਲੁੱਟ ਲੈਣੀ ਏ ਤੇ ਲਾਹੌਰ ਵੀ। ਆਪਣਾ ਕੇਸਰੀ ਨਿਸ਼ਾਨ ਝੁਲਾਅ ਦੇਣਾ ਏ। ਫੇਰ ਇਹਨਾਂ ਦੇ ਪਟਿਆਂ ਦਾ ਕੀ ਮੁੱਲ ਹੋਵੇਗਾ ?

ਬਾਬਾ ਆਲਾ ਸਿੰਘ ਵਾਲੀ ਗੱਲ ਤਾਂ ਠੀਕ ਏ। ਅਹਿਮਦ ਸ਼ਾਹ ਨੇ ਆਪਣੀ ਹੱਥੀ ਦੇ ਦਿੱਤੀ ਜਾਗੀਰ, ਕਬਜ਼ਾ ਉਹਦਾ ਹੋ ਗਿਆ। ਅਬਦਾਲੀ ਦੇ ਹਾਕਮ ਖ਼ੌਫ ਖਾਣ ਲੱਗ ਪਏ। ਪਰ ਜਦੋਂ ਉਹ ਵਾਪਸ ਗਿਆ, ਤੇ ਬਾਬੇ ਨੇ ਖੰਡਾ ਧੂਹਿਆ ਤੇ ਆਪਣੀ ਹਕੂਮਤ ਕਾਇਮ ਕਰ ਲਈ। ਦਲ ਵਾਲਿਆਂ ਦਾ ਤਾਂ ਅਜੇ ਲਹੂ ਵੀ ਨਹੀਂ ਸੀ ਸੁੱਕਾ। ਉਹ ਆਪਣੇ ਜ਼ਖ਼ਮਾਂ ਦਾ ਸੁਧਾਰ ਕਰ ਲੈਣ। ਇਹ ਖ਼ਾਲਸੇ ਨੂੰ ਸ਼ੋਭਾ ਨਹੀਂ ਦੇਂਦਾ। ਜੱਸਾ ਸਿੰਘ ਆਹਲੂਵਾਲੀਏ ਨੇ ਆਖਿਆ।

ਕਿੰਨਾ ਫ਼ਰੇਬ ਏ। ਸੁਧਾ ਝੂਠ। ਸੱਚ ਦਾ ਪਾਣੀ ਵੀ ਨਹੀਂ ਚੜ੍ਹਿਆ ਹੋਇਆ। ਝੂਠੀ ਲਫ਼ਾਫੇਬਾਜ਼ੀ। ਸਬਜ਼ਬਾਗ ਵਿਖਾ ਰਿਹਾ ਏ ਸ਼ਾਹ। ਅਸੀਂ ਕੱਚੀਆਂ ਗੋਲੀਆਂ ਨਹੀਂ ਖੇਡੇ ਹੋਏ। ਅਸੀਂ ਅਣਭੋਲ ਫਸ ਗਏ ਸਾਂ ਤੇ ਤੂੰ ਥੜ੍ਹਕਾਂ ਮਾਰਨ ਜੋਗਾ ਹੋ ਗਿਆ ਸੀ। ਜਦ ਕਦੀ ਤੂੰ ਸਾਡੀ ਕੜਿੱਕੀ ਵਿਚ ਆ ਗਿਉਂ ਤਦ ਤੇਰਾ ਜਨਾਜ਼ਾ ਚੁੱਕਣ ਵਾਲਾ ਵੀ ਕੋਈ ਨਜ਼ਰੀ ਨਹੀਂ ਪੈਣਾ।

'ਕੋਈ ਕਿਸੀ ਕੋ ਰਾਜ ਨਾ ਦੇ ਹੈ। ਜੋ ਲੈ ਹੈ ਨਿੱਜ ਬੋਲ ਸੇ ਲੇ ਹੈ।' ਜੱਸਾ ਸਿੰਘ

ਆਹਲੂਵਾਲੀਏ ਨੇ ਆਪਣੇ ਸਰਦਾਰਾਂ ਨਾਲ ਗੱਲ ਕਰਦਿਆਂ ਇਹ ਗੱਲ ਆਖੀ। ਜਿਹੜੀ ਪੱਥਰ ਤੇ ਲੀਕ ਸੀ।

ਅਹਿਮਦ ਸ਼ਾਹ ਅਬਦਾਲੀ ਥੱਕ ਗਿਐ ਪਰ ਉਸਦੀਆਂ ਬੜ੍ਹਕਾਂ ਉਹਦੇ ਤੰਬੂ ਵਿਚ ਈ ਗੂੰਜਦੀਆਂ ਹਨ। ਖੱਚੂ ਦੌਲਤ ਕਿਸੇ ਦੀ ਵੀ ਨਹੀਂ ਬਣੀ। ਇਹ ਸੱਪਣੀ ਏ। ਜਦੋਂ ਵੀ ਮਾਰੇਗੀ ਡੰਗ ਮਾਰੇਗੀ।

ਪੰਜਾਬ ਕਈ ਵੇਰ ਆਇਆ ਏਂ। ਕਿੰਨੇ ਕੁ ਦਲ ਵਾਲੇ ਤੇਰੀ ਸਰਦਲ ਤੇ ਆਣ ਕੇ ਝੁਕੇ ਹਨ। ਕੋਈ ਇਕ ਤੇ ਦੱਸ। ਕਿਸੇ ਇਕ ਦਾ ਨਾਂ ਲੈ। ਇਹ ਦਲ ਵਾਲਿਆਂ ਦੇ ਨੀਲੇ ਵਸਤਰ ਹਨ। ਇਹਨਾਂ ਤੇ ਕੋਈ ਦੂਜਾ ਰੰਗ ਨਹੀਂ ਚੜ੍ਹ ਸਕਦਾ। ਚੱਲ ਤੂੰ ਅੱਗੇ-ਅੱਗੇ, ਤੇਰੇ ਪਿੱਛੇ-ਪਿੱਛੇ ਆ ਰਹੇ ਹਾਂ।

ਜ਼ੈਨ ਖਾਂ ਨੂੰ ਸਰਹੰਦ ਦਾ ਫ਼ੌਜਦਾਰ ਬਣਾ ਦਿੱਤਾ ਏ, ਆਪ ਲਾਹੌਰ ਵੱਲ ਚਾਲੇ ਪੈ ਗਿਐ ਤੇ ਉੱਥੇ ਜਾ ਕੇ ਮਰਹੱਟਿਆਂ ਨਾਲ ਗੱਲਬਾਤ ਸ਼ੁਰੂ ਕੀਤੀ ਊ। ਉੱਥੋਂ ਵੀ ਤਾਂ ਚਿੱਟਾ ਜਵਾਬ ਈ ਮਿਲਿਆ ਏ ਨਾ।

ਮਰਹੱਟੇ ਵੀ ਸੱਟ ਖਾਧੇ ਸੱਪ ਵਾਂਗੂੰ ਫਣ ਖਲੇਰੀ ਬੈਠੇ ਹਨ। ਉਹਨਾਂ ਵੀ ਟਕੇ ਵਰਗਾ ਜਵਾਬ ਦਿੱਤਾ ਤੇ ਔਲੂ ਦੀ ਝੱਗ ਵਾਂਗੂ ਬਹਿ ਗਿਆ ਅਬਦਾਲੀ।

ਅਸੀਂ ਸਿੰਘਾਂ ਨਾਲ ਤਾਂ ਕੋਈ ਸਮਝੌਤਾ ਕਰ ਸਕਦੇ ਹਾਂ ਤੇਰੇ ਨਾਲ ਨਹੀਂ। ਤੇਰੇ ਨਾਲ ਸੁਲਹਾ ਹੋਵੇਗੀ, ਜਦੋਂ ਵੀ ਕਦੀ ਹੋਈ ਰਣਭੂਮੀ ਵਿਚ, ਮੈਦਾਨ-ਏ-ਜੰਗ ਵਿਚ ਤਲਵਾਰਾਂ ਦੀ ਛਾਂ ਹੇਠਾ ਹੋਵੇਗੀ।

ਤਬ ਆਲਾ ਸਿੰਘ ਸ਼ਾਹ ਕਹਯੋ, ਤੂ ਖਾਲਸੇ ਹਮੇ ਮਿਲਾਇ।

ਚੌਪਾਈ

ਆਲਾ ਸਿੰਘ ਤਬ ਬਕੀਲ ਘਲਾਯਾ।
ਸਭ ਖਾਲਸੈ ਪੈ ਸੋ ਚਲ ਆਯਾ।
ਨਾਨੂ ਸਿੰਘ ਥੇ ਗਰੇ ਸੁ ਵਾਲ।
ਜਿਨ ਜਾ ਆਖਯੋ ਸ਼ਾਹ ਜਵਾਬ ॥੬॥
ਤਊਂ ਖਾਲਸੇ ਉੱਤਰ ਦਯੋ।
ਰਾਜ ਮੰਗਯੋ ਕਬ ਕਿਸ ਨੈ ਦਯੋ।
ਤੁਰਕ ਕੇ ਔ ਕਿਆ ਸਿੰਘਨ ਮੇਲ।
ਬਰੂਦ ਅਗਨ ਕੇ ਜਿਮ ਹੈ ਖੇਲ।
ਹਮ ਕੋ ਸਤਿਗੁਰ ਰਾਜ ਲਿਖ ਦੀਆ।
ਖ਼ਾਲਸੇ ਦੇਇ ਭੇਟ ਸਿਰ ਕੋ ਲੀਆ॥ ਪ੍ਰਾਚੀਨ ਪੰਥ ਪ੍ਰਕਾਸ਼, ੪੭੩॥

ਪੰਥ ਪਕਾਸ਼ ਏਨੀਂ ਗੱਲ ਕਹਿ ਕੇ ਖ਼ਾਮੋਸ਼ ਹੋ ਗਿਆ। ਅੱਗੋਂ ਸਿੰਘਾਂ ਦੇ ਭਾਗ।

ਜੱਥੇਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਪੰਥ ਨੇ ਪਾਤਸ਼ਾਹ ਬਣਾ ਦਿੱਤਾ ਸਾਰੇ ਦਲ ਦਾ। ਸਾਰੇ ਦਲ ਵਿਚ ਸੁਲਤਾਨੁਲ ਕੌਮ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਸੀ।

ਅਹਿਮਦ ਸ਼ਾਹ ਅਬਦਾਲੀ ਨੇ ਸੋਚਿਆ, ਮਰਹੱਟੇ ਤੇ ਸਿੰਘਾਂ ਦਾ ਜੇ ਆਪਸ ਵਿਚ ਮੇਲਜੋਲ ਹੋ ਗਿਆ ਤਾਂ ਫੇਰ ਮੇਰੀ ਖ਼ੈਰ ਨਹੀਂ। ਮੈਂ ਵੀ ਅੱਤ ਨੂੰ ਹੱਥ ਲਾਇਆ ਏ। ਪਰ ਜਦੋਂ ਉਹਨਾਂ ਨੂੰ ਯਕੀਨ ਹੋ ਗਿਆ, ਹੁਣ ਤੇ ਮਰਹੱਟੇ ਪੂਨੇ ਤੋਂ ਬਾਹਰ ਨਿਕਲਦਿਆਂ ਥਰਥਰ ਕੰਬਦੇ ਹਨ, ਤਦ ਉਹਨਾਂ ਫ਼ੈਸਲਾ ਕਰ ਈ ਲੈਣਾ ਏ ਕਿ ਇਕ

ਮੌਟ ਹੋਰ ਮਾਰਨੀ ਚਾਹੀਦੀ ਏ ਤਾਕਿ ਇਹ ਮੁੜ ਕੇ ਤੇ ਕਦੀ ਨਾ ਉੱਠਣ।

ਇਹਨਾਂ ਦਾ ਆਬੇ-ਹਯਾਤ ਦਾ ਚਸ਼ਮਾ ਜਦ ਤੱਕ ਪੂਰਿਆ ਨਹੀਂ ਜਾਂਦਾ, ਇਹਨਾਂ ਦੇ ਬੁੰਗੇ ਚੌਕੀਆਂ ਦੀ ਅਲਖ ਮੁਕਾਈ ਨਹੀਂ ਜਾਂਦੀ, ਓਨਾ ਚਿਰ ਇਹ ਕੌਮ ਮਰ ਨਹੀਂ ਸਕਦੀ। ਅਹਿਮਦ ਸ਼ਾਹ ਅਬਦਾਲੀ ਨੇ ਪੱਕਾ ਇਰਾਦਾ ਕਰ ਲਿਆ ਸੀ।

ਇਧਰ ਜੱਸਾ ਸਿੰਘ ਆਹਲੂਵਾਲੀਏ ਨੇ ਵੀ ਗੁਰਮਤਾ ਕਰ ਲਿਆ ਸੀ ਕਿ ਅਸਾਂ ਅਬਦਾਲੀ ਨਾਲ ਇਕ ਟੱਕਰ ਹੋਰ ਲੈਣੀ ਏ। ਕੀ ਹੋਇਆ ਜੋ ਸਾਡੇ ਜ਼ਖ਼ਮ ਅੱਲੇ ਹਨ।

ਇਕ ਅਫ਼ਗਾਨ ਆਖਣ ਲੱਗਾ : ਇਹ ਆਬੇ ਹਯਾਤ ਦਾ ਚਸ਼ਮਾ, ਇਹਦਾ ਖੁਰਾ ਖੋਜ ਮਿਟਾ ਦੇਣਾ ਚਾਹੀਦੈ। ਇਹ ਆਪਣੀ ਮੌਤੇ ਆਪ ਈ ਮਰ ਜਾਣਗੇ। ਫੇਰ ਪੰਥ ਕਦੀ ਨਹੀਂ ਜਾਗਣ ਲੱਗਾ।

—ਇਹ ਖ਼ਾਮਖ਼ਿਆਲੀ ਏ। ਏਨੀ ਮਾਰ ਪਈ ਏ। ਇਹ ਜਨਮ ਭਰ ਕਦੀ ਨਹੀਂ ਸਿਰ ਚੁੱਕਣ ਲੱਗੇ।

—ਸ਼ਾਹ ਇਹ ਮਰਹੱਟੇ ਨਹੀਂ, ਇਹ ਨਿਹੰਗ ਹਨ। ਇਹ ਮਰੇ ਹੋਏ ਵੀ ਉੱਠ ਪੈਂਦੇ ਹਨ।

—ਕੁਝ ਵੀ ਹੋਵੇ ਇਕ-ਇਕ ਝਟਕਾ ਹੋਰ ਜ਼ਰੂਰ ਮਾਰੋ।

—ਸ਼ਾਹ ਦਾ ਇਰਾਦਾ ਨੇਕ ਏ। ਪਰ ਪਹਿਲਾਂ ਆਪਣਾ ਨਫ਼ਾ ਨੁਕਸਾਨ ਸੋਚਣਾ ਬਹੁਤ ਜ਼ਰੂਰੀ ਏ।

—ਦਲ ਅਜੇ ਮਰਹਮ ਪੱਟੀਆਂ ਕਰਨ 'ਚ ਰੁੱਝਿਆ ਹੋਇਆ ਏ। ਇਕੱਠਾ ਨਹੀਂ ਹੋਣ ਲੱਗਾ।

—ਲਾਹੌਰ 'ਚ ਇਹ ਫੈਸਲਾ ਹੋ ਗਿਆ ਸੀ, ਸ਼ਰਾਬ ਦੀ ਮਹਿਫ਼ਲ ਵਿਚ। ਅੰਮ੍ਰਿਤਸਰ ਤੇ ਹਮਲਾ ਕਰ ਦਿਓ।

—ਇਧਰ ਨਿਹੰਗਾਂ ਨੂੰ ਵੀ ਖ਼ਬਰ ਹੋ ਗਈ।

—ਆਉਣ ਦਿਓ ਇਕ ਸੱਪ ਨੂੰ ਕੀਲ ਲਵਾਂਗੇ। ਜੇ ਕੀਲਿਆ ਨਾ ਗਿਆ ਤਾਂ ਫਿਰ ਸਿਰ ਮਿੱਧ ਦੇਵਾਂਗੇ। ਜੱਸਾ ਸਿੰਘ ਆਹਲੂਵਾਲੀਏ ਦਾ ਖ਼ਿਆਲ ਸੀ।

—ਨਹੀਂ ਸਰਦਾਰ ਜੀ, ਚੜ੍ਹਤ ਸਿੰਘ ਆਖਣ ਲੱਗਾ, ਸਾਨੂੰ ਅਜੇ ਬਚ ਕੇ ਰਹਿਣਾ ਚਾਹੀਦੈ। ਟਾਲ-ਮਟੋਲ ਕਰੋ ਸ਼ਾਇਦ ਤੁੱਕਾ ਲਗ ਜਾਏ।

ਰਾਮਗੜ੍ਹੀਆ ਜੱਸਾ ਸਿੰਘ ਨੇ ਆਖਿਆ, ਜੇ ਇਹੋ ਈ ਗੱਲ ਏ ਆਣ ਪਏ ਤੇ ਫੇਰ ਤਾਂ ਵੀ ਸਾਨੂੰ ਵਕਤ ਤੋਂ ਬਚਣਾ ਈ ਚੰਗਾ ਏ।

—ਅੱਛਾ ਹੁਣ ਤੇ ਸਿਰ ਤੇ ਪੱਟੀ ਬੰਨ੍ਹ ਲੈ। ਆਵੇਗਾ ਤੇ ਨਜਿੱਠ ਲਵਾਂਗੇ।

ਸਵਾ ਮਹੀਨਾ ਸੋਚਦਾ ਰਿਹਾ। ਆਖ਼ਰਕਾਰ ਫ਼ੌਜਾਂ ਚੜ੍ਹੀਆਂ ਅੰਮ੍ਰਿਤਸਰ ਦੀ ਬਰਬਾਦੀ ਲਈ।

ਉਡਾ ਦਿਓ ਇਹ ਮਸਜਿਦ। ਝੰਡੇ, ਬੁੰਗੇ ਤਬਾਹ ਕਰ ਦਿਓ। ਬੰਦਾ ਰਹੇ ਨਾ ਬੰਦੇ ਦੀ ਜ਼ਾਤ।

ਇਕ ਗੋਲਾ ਛੁੱਟਿਆ, ਹਰਮੰਦਿਰ ਢਹਿ-ਢੇਰੀ ਹੋ ਗਿਆ। ਇਕ ਇੱਟ ਪੁੱਟੀ ਤਾਂ ਉਹਦਾ ਇਕ ਹਿੱਸਾ ਅਬਦਾਲੀ ਦੇ ਨੱਕ ਤੇ ਆਣ ਪਿਆ। ਜ਼ਖ਼ਮ ਬਹੁਤ ਗਹਿਰਾ ਆਇਆ। ਜਿਉਂ-ਜਿਉਂ ਇਲਾਜ ਕੀਤਾ ਨਾਸੂਰ ਬਣ ਗਿਆ। ਕੋਈ ਦਵਾ ਕਾਰਗਰ ਨਾ ਹੋਈ।

62

ਨੱਕ ਵੱਢੀ ਗਈ

ਦਲ ਵਾਲਿਆਂ ਅੰਮ੍ਰਿਤਸਰ ਵੱਲ ਧਿਆਨ ਵੀ ਨਾ ਕੀਤਾ। ਦਲ ਅਜੇ ਮੁਕਾਬਲਾ ਕਰਨ ਤੋਂ ਕੰਨੀਂ ਕਤਰਾ ਰਿਹਾ ਸੀ। ਦਰਵਾਜ਼ੇ ਖੁੱਲ੍ਹੇ ਸਨ, ਮਨਮਰਜ਼ੀ ਕਰ ਲਵੇ ਅਹਿਮਦ ਸ਼ਾਹ ਅਬਦਾਲੀ।

ਸਾਰਾ ਸਰੋਵਰ ਮਿੱਟੀ-ਘੱਟੇ ਨਾਲ ਭਰ ਦਿੱਤਾ ਤੇ ਉੱਤੇ ਗਊਆਂ ਕਤਲ ਕਰਵਾਈਆਂ। ਮਿੱਟੀ, ਰੋੜੇ, ਪੱਥਰ ਜੋ ਕੁਝ ਲੱਭਾ, ਪੂਰ ਦਿੱਤਾ ਗਿਆ। ਮੈਦਾਨ ਬਣਾ ਦਿੱਤਾ ਬਿਲਕੁਲ ਚਟੀਅਲ ਮੈਦਾਨ, ਹਦਵਾਣੇ ਵਰਗਾ।

ਹੁਣ ਉੱਨ ਕੇ ਵਿਖਾਓ। ਤੁਹਾਡੀ ਕੁੰਡੀ ਮੈਨੂੰ ਲੱਭ ਪਈ ਏ। ਹੁਣ ਕੌਮ ਕਿੱਥੇ ਮੱਥਾ ਟੇਕੇਗੀ? ਕਾਹਦੇ ਜਜ਼ਬੇ ਉੱਭਰਨਗੇ, ਹੁਣ ਕੋਈ ਹੋਰ ਮੱਕਾ ਨਹੀਂ।

ਪੰਥ ਏਸੇ ਹਾਵੇ ਵਿਚ ਈ ਮਰ ਜਾਵੇਗਾ। ਤੇਰੇ ਲਾਈ ਬੈਠਾ ਅਹਿਮਦ ਸ਼ਾਹ ਅਬਦਾਲੀ। ਕਤਲ ਹੋ ਰਹੇ ਸਨ, ਖ਼ੂਨ ਵੱਗ ਰਿਹਾ ਸੀ, ਹਾਹਾਕਾਰ ਮਚੀ ਹੋਈ ਸੀ। ਏਸ ਰੌਲੇ-ਰੱਪੇ ਵਿਚ ਈ ਅਬਦਾਲੀ ਹੁਕਮ ਤੇ ਹੁਕਮ ਚਾੜ੍ਹੀ ਜਾ ਰਿਹਾ ਸੀ। ਜਦ ਥੱਕ ਗਿਆ ਤੇ ਦਿਲ ਤਰ ਗਿਆ ਤਾਂ ਫੇਰ ਨੱਸਣ ਲੱਗਾ ਕਬਰਿਸਤਾਨ ਬਣਾ ਕੇ ਗੁਰੂ ਕੀ ਨਗਰੀ।

ਜੱਸਾ ਸਿੰਘ ਆਹਲੂਵਾਲੀਏ ਨੇ ਪੰਥ ਨੂੰ ਸਮਝਾਇਆ—ਸਾਡਾ ਖ਼ਾਮੋਸ਼ ਰਹਿਣਾ ਈ ਅਕਲਮੰਦੀ ਏ। ਕੌਮ ਮਰ ਮਿਟੀ ਤੇ ਫਿਰ ਨਹੀਂ ਬਣਨੀ। ਹਰਮੰਦਿਰ ਤੇ ਫੇਰ ਉਸਾਰਿਆ ਜਾਊ। ਜਾਣ ਦਿਓ ਅਜੇ ਬਾਂਹ ਸਿਰਹਾਣੇ ਰੱਖ ਕੇ ਸੌਂ ਜਾਓ। ਵਕਤ ਵੇਖੋ ਤੇ ਵਕਤ ਦੀ ਰਫ਼ਤਾਰ ਵੇਖੋ।

ਬੁੱਢਾ ਦਲ ਮਾਲਵੇ ਵਿਚ ਚੱਕਰਵਰਤੀ ਸੀ। ਦਲ ਵਾਲੇ ਵੀ ਤੇ ਹੁਕਮ ਦੇ ਬੱਧੇ ਹੋਏ ਸਨ। ਜੱਸਾ ਸਿੰਘ ਆਹਲੂਵਾਲੀਏ ਦੇ ਹੁਕਮ ਵਿਚ ਸਨ। ਹੁਕਮ ਹੋਵੇ ਤੇ ਫੇਰ ਸੋਧ ਦਿੱਤਾ ਜਾਵੇ।

ਪਰ ਅਜੇ ਸਾਡੀ ਹਾਲਤ ਨਾਜ਼ੁਕ ਏ। ਤੁਹਾਡੇ ਜ਼ਖ਼ਮ ਅੱਲੇ ਹਨ। ਖ਼ੂਨ ਨੁੱਚੜ ਰਿਹੈ। ਅਜੇ ਤੱਕ ਅੰਗੂਰ ਨਹੀਂ ਆਇਆ। ਅਜੇ ਆਰਾਮ ਦੀ ਲੋੜ ਏ। ਅਹਿਮਦ ਸ਼ਾਹ ਅਬਦਾਲੀ ਆਪਣੇ ਵਲੋਂ ਸਾਨੂੰ ਮਾਰ ਮੁਕਾ ਗਿਆ ਏ। ਉਹਨੂੰ ਅੰਦਾਜ਼ਾ ਈ ਨਹੀਂ ਕਿ ਅਸਾਂ ਤਿੰਨਾਂ ਮਹੀਨਿਆਂ 'ਚ ਨੌ-ਬਰ-ਨੌ ਫਿਰ ਹੋ ਜਾਣਾ ਏ।

ਦਲ ਵਿਚ ਨਿਹੰਗ ਘੋੜਿਆਂ ਨੂੰ ਮਾਲਸ਼ਾ ਕਰ ਰਹੇ ਸਨ। ਦਾਣਾ ਚਰਾ ਰਹੇ ਸਨ ਤੇ ਨਿਹਾਰੀ ਦੇ ਰਹੇ ਸਨ।

ਅਹਿਮਦ ਸ਼ਾਹ ਅਬਦਾਲੀ ਅੰਮ੍ਰਿਤਸਰ ਤੋਂ ਲਾਹੌਰ ਜਾਂ ਸਰਹੰਦ ਜਾਣ ਦੀਆਂ ਤਿਆਰੀਆਂ ਕਰ ਰਿਹਾ ਸੀ। ਕਿੱਥੇ ਜਾਣਾ ਏ, ਅਜੇ ਹੁਕਮ ਨਹੀਂ ਮਿਲਿਆ।

ਨਿਹੰਗਾਂ ਤੇ ਸਿੰਘਾਂ ਨੇ ਅੰਮ੍ਰਿਤਸਰ ਵੱਲ ਧਿਆਨ ਈ ਨਾ ਮਾਰਿਆ। ਵੈਸੇ ਨਿਹੰਗਾਂ ਦੇ ਦਿਲਾਂ ਵਿਚ ਭਾਂਬੜ ਮੱਚ ਰਿਹਾ ਸੀ, ਕ੍ਰੋਧਵਾਨ ਸਨ।

ਇਹ ਕਾਫ਼ਰ ਫਿਰ ਜਾਗ ਗਏ ਹਨ।

—ਨਹੀਂ ਬਿਲਕੁਲ ਨਹੀਂ ਪਾਤਸ਼ਾਹ ਉਹ ਡਰਦੇ ਮਾਰੇ ਮਾਲਵੇ 'ਚ ਘੁੰਮ ਰਹੇ ਹਨ।

ਇਹਨਾਂ ਜ਼ਖ਼ਮੀ ਬਹਾਦਰਾਂ ਦੇ ਜ਼ਖ਼ਮਾਂ ਦੀ ਮਰਹਮ ਪੱਟੀ ਹੋ ਰਹੀ ਏ। ਵੈਸੇ ਕਮਰ ਟੁੱਟ ਚੁਕੀ ਏ। ਇਕ ਸਾਲ ਤੱਕ ਇਹ ਦਲ ਉੱਠ ਨਹੀਂ ਸਕਦਾ। ਨਾ ਇਨ੍ਹਾਂ ਕੋਲੋਂ ਹਾੜ੍ਹੀ ਸਾਉਣੀ ਸਾਂਭੀ ਜਾਣੀ ਏ। ਇਹ ਭੁੱਖੇ ਮਰ ਜਾਣਗੇ।

ਜ਼ਰਾ ਹੋਸ਼ ਆਈ, ਭੁੱਖੇ ਸ਼ੇਰਾਂ ਵਾਂਗੂੰ ਇਹਨਾਂ ਸਾਡੇ ਗੱਲ ਪੈ ਜਾਣੈ।

ਫੇਰ ਇਹ ਹੋਰ ਵੀ ਖ਼ਤਰਨਾਕ ਹੋ ਜਾਣਗੇ।

ਭੋਗਲ ਹੋ ਕੇ ਕਿਉਂ ਨੱਸਣ ਲੱਗੈਂ, ਮਰਦ ਬਣ। ਲਾਹੌਰ 'ਚ ਮੌਜਾਂ ਮਾਣੈ। ਇਹ ਨਾ ਕਾਬਲ ਵਿਚ ਲੱਭਣੀਆਂ ਨੇ ਤੇ ਨਾ ਅਫ਼ਗਾਨਿਸਤਾਨ ਵਿਚ। ਹਰਾਮ ਦਾ ਮਾਲ ਪਚਾ, ਇਹ ਮੁਫ਼ਤ ਦਾ ਮਾਲ ਏ। ਮਾਲੇ ਮੁਫ਼ਤ ਤੇ ਦਿਲੇ ਬੇ-ਰਹਿਮ। ਅੱਛਾ ਤੇਰਾ ਵੀ ਖ਼ੁਦਾ ਮਾਲਕ ਏ। ਅਸਾਂ ਤੇ ਗੁਰਾਂ ਤੇ ਡੋਰੀਆਂ ਸੁੱਟੀਆਂ ਹੋਈਆਂ ਸਨ। ਅਸਾਂ ਤੇ ਗੁਰਾਂ ਅੱਗੇ ਸਿਰ ਨਿਵਾਉਣਾ ਏ। ਇਹਨਾਂ ਦੀ ਅਸ਼ੀਰਵਾਦ ਨਾਲ ਫੇਰ ਕਦੀ ਮਿਲਾਂਗੇ ਮੈਦਾਨ-ਏ-ਜੰਗ ਵਿਚ। ਜੱਸਾ ਸਿੰਘ ਆਹਲੂਵਾਲੀਏ ਨੇ ਆਖਿਆ। ਲਾਹੌਰ ਵਿਚ ਜੀਅ ਨਾ ਲੱਗਾ, ਬੇਚੈਨ ਰਹਿਣ ਲੱਗਾ, ਰੁਝੇਵਾਂ ਖ਼ਤਮ ਹੋ ਗਿਆ ਸੀ।

ਮੁਗ਼ਲਾਨੀ ਬੇਗ਼ਮ ਹਾਜ਼ਰੀ ਭਰਦੀ-ਭਰਦੀ ਥੱਕ ਗਈ, ਨਿਰਾਸ਼ ਹੋ ਗਈ। ਅਹਿਮਦ ਸ਼ਾਹ ਅਬਦਾਲੀ ਨੇ ਅੱਖ ਨਾ ਮੇਲੀ। ਐਵੇਂ ਗੇਗਲੂਆਂ ਤੋਂ ਮਿੱਟੀ ਝਾੜਦਾ ਰਿਹਾ।

ਝੂਠੀਆਂ ਤਸੱਲੀਆਂ, "ਬੇਗ਼ਮ ਤੇਰੀ ਹਾਲਤ ਤੋਂ ਮੈਂ ਜਾਣੂ ਹਾਂ, ਫ਼ਿਕਰ ਨਾ ਕਰ, ਤੇਰੀਆਂ ਨਰਦਾਂ ਸਿੱਧੀਆਂ ਪੈਣ ਵਾਲੀਆਂ ਹਨ।"

ਸ਼ਾਹ ਕਲਾਨੌਰ ਚਲਾ ਗਿਆ। ਚਮਾਸਾ ਉਥੇ ਕੱਟਿਆ ਜਾਏ। ਰਾਵੀ ਦਾ ਕੰਢਾ ਏ ਕੁਦਰਤ ਦੀ ਗੁਲਜ਼ਾਰ ਖਿੜੀ ਹੋਈ ਏ। ਜਾਂ ਵਤਨ ਨੂੰ ਜਾਏ ਜਾਂ ਏਥੇ ਗ਼ਰਮੀ ਕੱਟੇ।

ਵੈਸੇ ਸਿੰਘਾਂ ਦਾ ਆਪਣੇ ਵੱਲੋਂ ਬੀ ਨਾਸ਼ ਕਰ ਆਇਆ ਸੀ। ਤਿੰਨ ਮਹੀਨੇ ਬੀਤ ਗਏ ਸਨ। ਵੈਦ, ਹਕੀਮ ਦਲ ਦੇ ਨਾਲ ਸਨ। ਜ਼ਖ਼ਮ ਭਰ ਗਏ ਤੇ ਫੇਰ ਖ਼ਾਲਸਾ ਬੜ੍ਹਕਾਂ ਮਾਰਨ ਲੱਗ ਪਿਆ। ਅਹਿਮਦ ਸ਼ਾਹ ਅਬਦਾਲੀ ਨੂੰ ਕੁਝ ਪਤਾ ਨਹੀਂ ਸੀ ਕਿ ਦਲ ਕਿੱਥੇ ਹੈ। ਗੁਪਤਚਰ ਵੀ ਵਕਤ ਨੂੰ ਧੱਕਾ ਦੇ ਰਹੇ ਸਨ।

ਅਸਾਂ ਤੇ ਹੁਣ ਨੱਸ ਨਹੀਂ ਨਾ ਜਾਣਾ। ਏਥੇ ਈ ਰਹਿਣਾ ਏ। ਸਾਰੀ ਬਰਾਦਰੀ ਤੇ ਇਹ ਬੁੱਢੇ ਦਲ ਵਾਲੇ। ਇਹਨਾਂ ਵਿਚ ਈ ਅਸਾਂ ਦਿਨ ਕੱਟਣੇ ਹਨ। ਹੁਣ ਇਨ੍ਹਾਂ ਨਾਲ ਵਿਗਾੜ ਕਿਉਂ ਪਾਈ ਜਾਏ।

ਲੁਟੇਰਾ ਆਖ਼ਰ ਲੁਟੇਰਾ ਏ। ਕਸਾਈ ਨੂੰ ਕੀ, ਬੱਕਰਾ ਹਿੰਦੂ ਦਾ ਏ ਜਾਂ ਮੁਸਲਮਾਨ ਦਾ। ਜਿਹੜਾ ਆਇਆ ਲਾ ਇਲਾਹ ਇਲਿੱਲਾਹ ਕਰ ਦਿੱਤਾ। ਅਜੇ ਅਸਾਂ ਨਹੀਂ ਜਾਣਾ। ਅੰਮ੍ਰਿਤਸਰ ਚੱਲਾਂਗੇ। ਪਹਿਲਾਂ ਵੇਖ ਲਈਏ ਕਿ ਇਹ ਅਹਿਮਦ ਸ਼ਾਹ ਅਬਦਾਲੀ ਕੀ ਫੁੰਮਣੀਆਂ ਪਾਉਂਦਾ ਏ।

ਕਲਾਨੌਰ ਵਿਚ ਅਹਿਮਦ ਸ਼ਾਹ ਅਬਦਾਲੀ ਪੱਕੇ ਕਿੱਲੇ ਗੱਡੀ ਬੈਠਾ ਸੀ।

ਆਏ ਨੀ ਨਿਹੰਗ। ਸੁਪਨੇ 'ਚ ਬੁੜਬੁੜਾਇਆ, ਆ ਨੀ ਨਿਹੰਗ। ਸਾਰੇ ਕੈਂਪ ਵਾਲੇ ਘਬਰਾ ਗਏ।

ਕਿੱਥੇ ਹਨ ਹਜ਼ੂਰ ਨਿਹੰਗ।

ਆਏ ਨੀ ਨਿਹੰਗ ਓ।

ਕਾਬਲੀ ਕੁੱਤੇ ਤੇਰੀ ਜਾਨ ਸਾਡੇ ਹੱਥੋਂ ਨਿਕਲਣੀ ਏ। ਅਸੀਂ ਆਏ ਹਾਂ। ਤੈਨੂੰ ਨਿਹੰਗ ਈ ਸਿੱਝਣਗੇ।

ਜੱਸਾ ਸਿੰਘ ਆਹਲੂਵਾਲੀਆ ਆਖਣ ਲੱਗਾ :

ਇਕੋ ਈ ਝਟਕਾ ਮਾਰਾਂਗੇ। ਦੂਜੇ ਦੀ ਲੋੜ ਨਹੀਂ ਪੈਣ ਲੱਗੀ।

ਲਾਂਭੇ ਜਿਹੇ ਕਲਾਨੌਰ ਸੀ ਜਰਨੈਲੀ ਸੜਕ ਤੋਂ ਦੂਰ। ਵਕਤ ਲੰਘ ਗਿਆ। ਦਲ ਵਾਲਿਆਂ ਵੀ ਖੁੱਲ੍ਹੀਆਂ ਛੁੱਟੀਆਂ ਦੇ ਦਿੱਤੀਆਂ।

63

ਰੰਗ ਖ਼ਰਬੂਜ਼ੇ ਦਾ

ਜਦ ਚੁੰਨੀ ਵਟਾ ਲਈ ਤਾਂ ਫੇਰ ਕਾਹਦਾ ਪਰਦਾ।

—ਮੈਂ ਹੁਣ ਤੁਹਾਡੇ ਆਸਰੇ ਈ ਜਿਉਂ ਸਕਦੀ ਹਾਂ ਤੇ ਤੁਹਾਡੇ ਜਲਾਲ ਨਾਲ ਈ ਲਾਹੌਰ ਵਿਚ ਰਹਿ ਸਕਦੀ ਹਾਂ। ਵਰਨਾ ਮੈਥੋਂ ਮੇਰੇ ਜਾਟ ਭਰਾਵਾਂ, ਮੇਰੇ ਹਮ ਮਜ਼ਹਬ ਦੂਲੇ ਬਹਾਦਰਾਂ ਤੇ ਅੱਧਰੀਆਂ ਫ਼ੌਜਾਂ ਨੇ ਫੇਰ ਲਾਹੌਰ ਖੋਹ ਲੈਣਾ ਏ। ਮੈਂ ਤੁਹਾਡਾ ਅਹਿਸਾਨ ਨਹੀਂ ਮੰਨਿਆ ਤੇ ਤੁਸਾਂ ਬਖ਼ਸ਼ਿਸ਼ ਵੀ ਕਰ ਦਿੱਤੀ। ਜੇ ਉਹ ਮੇਰੇ ਕੋਲ ਈ ਨਾ ਰਿਹਾ ਤਾਂ ਫੇਰ ਤੁਹਾਡੇ ਦੇਣ ਦਾ ਕੀ ਫਾਇਦਾ। ਮਿੱਠੇ ਦੇ ਲਾਲਚ ਵਿਚ ਜੂਠ ਖਾਧੀ ਜਾਂਦੀ ਹੈ। ਮੈਂ ਤੁਹਾਡੀ ਆਸ ਤੇ ਈ ਵਕਤ ਨੂੰ ਧੱਕਾ ਦੇ ਰਹੀ ਹਾਂ। ਮੇਰੀ ਹਿਫ਼ਾਜ਼ਤ ਖੁਸਰਿਆਂ ਦੀ ਇਕ ਜਮਾਤ ਕਰ ਰਹੀ ਏ। ਬਹਾਦਰ ਹਨ, ਜ਼ਬਾਨ ਦੇ ਪੱਕੇ ਹਨ। ਮੁਸਲਮਾਨ ਇਹਨਾਂ ਨੂੰ ਮਰਦ ਨਹੀਂ ਮੰਨਦੇ। ਨਾ ਇਹ ਮਰਦ ਹਨ ਤੇ ਨਾ ਇਹ ਜ਼ਨਾਨੀਆਂ। ਇਹ ਤੀਜੀ ਜਿਨਸ ਏ ਅੱਲਾ ਤਾਲਾ ਦੀ। ਮੁਗ਼ਲ ਬਾਦਸ਼ਾਹਾਂ ਦੀ ਦੇਣ ਏ। ਦਰਬਾਰੀ ਮੈਨੂੰ ਚਾਹੁੰਦੇ ਹਨ ਪਰ ਸਾਡੇ ਮਗਰ ਇਕ ਤਾਕਤ ਹੋਣੀ ਚਾਹੀਦੀ ਏ। ਹਜ਼ੂਰ ਮੈਂ ਚਿੱਠੀ ਲਿਖ ਕੇ ਭੇਜ ਰਹੀ ਹਾਂ। ਜਦ ਤੁਸੀਂ ਲਾਹੌਰ ਪੁੱਜੇ ਤਾਂ ਤੁਹਾਡਾ ਲਾਹੌਰ ਤੇ ਕਬਜ਼ਾ ਹੋ ਜਾਏ। ਜਦ ਤੁਸੀਂ ਵੰਡੀਆਂ ਪਾਣ ਲੱਗੋ ਤਦ ਮੇਰਾ ਚੇਤਾ ਰੱਖ ਲੈਣਾ। ਤੁਹਾਡਾ ਇਮਾਨ ਏ ਔਰਤ ਜ਼ਾਤ ਦੀ ਮਦਦ ਕਰਨੀ। ਤੁਸਾਂ ਮੇਰੇ ਨਾਲ ਵਾਅਦਾ ਵੀ ਕੀਤਾ ਸੀ। ਨਿਹੰਗ ਪਾਤਸ਼ਾਹ ਜ਼ੁਬਾਨ ਦੇ ਬੜੇ ਪੱਕੇ ਹਨ। ਮੈਂ ਇਕ ਵਾਰ ਪਰਖ਼ ਕੇ ਵੇਖਿਆ ਏ। ਇਹ ਚਿੱਠੀ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਭੇਜੀ ਗਈ ਏ।

—ਇੰਤਜ਼ਾਰ ਕਰ ਵਕਤ ਆਉਣ ਦੇ। ਅਸੀਂ ਨਿਹੰਗ ਹਾਂ। ਅਸੀਂ ਮੱਲਾਂ ਮਾਰਨੀਆਂ ਵੀ ਜਾਣਦੇ ਹਾਂ ਤੇ ਛੋਟਾਂ ਕਰਨੀਆਂ ਵੀ। ਅਸੀਂ ਵੰਡ ਵੇਲੇ ਕਦੀ ਗ਼ਜ਼ ਨਾਲ ਵੱਟਾਂ ਨਹੀਂ ਮਿਣਦੇ। ਨਾ ਧਰਤੀ ਨਾਪਦੇ ਹਾਂ, ਨਾ ਕਿਸੇ ਨੂੰ ਗਿੱਠਾਂ ਮਿਣ ਕੇ ਤੇ ਨਾ ਬੁੱਕਾਂ ਨਾਲ ਦੌਲਤ ਦਿੱਤੀ ਏ ਜਦ ਦੇਣ ਤੇ ਆਏ ਨਿਹੰਗ, ਖੂਬ ਖੁੱਲ੍ਹੇ ਗੱਫੇ। ਇਕ ਵਾਰੀ ਲੈਣ ਵਾਲਾ ਨਿਹਾਲ ਹੋ ਜਾਏ। ਮੁੜ ਕੇ ਮੰਗਣ ਦੀ ਲੋੜ ਈ ਨਾ ਪਏ।

ਅਸੀਂ ਸਰਦਾਰਾਂ ਦੇ ਪੁੱਤ ਹਾਂ। ਦਸਮੇਸ਼ ਪਿਤਾ ਦੇ ਲਾਡਲੇ ਹਾਂ। ਸਾਡਾ ਗੁਰੂ ਵੀ ਜਦ ਬਖ਼ਸ਼ਿਸ਼ਾਂ ਕਰਦਾ ਸੀ ਤਾਂ ਖੁੱਲ੍ਹੇ ਗੱਫੇ ਦੇਂਦਾ ਸੀ। ਧੀਰਜ ਰੱਖ ਜਦੋਂ ਦੇਵਾਂਗੇ ਤੇ

ਜੀਅ ਭਰ ਕੇ, ਤੇਰੀਆਂ ਕੁਲਾਂ ਸੰਵਾਰ ਦੇਵਾਂਗੇ। ਹੁਣ ਅੱਲਾ-ਅੱਲਾ ਕਰ। ਜਦ ਅੱਲਾ ਮਿਹਰਬਾਨ ਹੋਇਆ ਤਾਂ ਫੇਰ ਤੇਰੀ ਹਰ ਮੁਰਾਦ ਪੂਰੀ ਹੋ ਜਾਵੇਗੀ। ਜੱਸਾ ਸਿੰਘ ਆਹਲੂਵਾਲੀਆ ਬੋਲਿਆ।

—ਮੈਂ ਆਪਣੀ ਚੁੰਨੀ ਵਟਾਈ ਭੈਣ ਨੂੰ ਇਕ ਵਾਰ ਮਿਲਣਾ ਚਾਹੁੰਦੀ ਹਾਂ। ਮੈਂ ਕਦ ਆਵਾਂ, ਕਿੱਥੇ ਆਵਾਂ, ਕਦੋਂ ਆਵਾਂ?

—ਮੈਨੂੰ ਮੇਰੀ ਜਾਨ ਦਾ ਖ਼ਤਰਾ ਏ। ਮੇਰਾ ਪੱਤਾ-ਪੱਤਾ ਵੈਰੀ ਏ ਲਾਹੌਰ ਦਾ। ਮੇਰੇ ਹਮਦਰਦੀ ਘੱਟ ਹਨ ਤੇ ਦੁਸ਼ਮਣ ਜ਼ਿਆਦਾ। ਅਬਦਾਲੀ ਮੈਨੂੰ ਮੇਰੇ ਅਹਿਸਾਨਾਂ ਦੇ ਬਦਲੇ ਜ਼ਰੂਰ ਕੁਝ ਦੇਵੇਗਾ। ਮੈਂ ਫੇਰ ਵੀ ਅਰਜ਼ ਕਰ ਰਹੀ ਹਾਂ। ਮੈਨੂੰ ਮਿਲਣ ਦੀ ਆਗਿਆ ਦੇ ਦਿਓ। ਮੁਰਾਦ ਬੇਗ਼ਮ ਬੋਲੀ।

—ਤੁਸੀਂ ਦੋਵੇਂ ਜਣੀਆਂ ਜਦ ਵੀ ਮਿਲਣਾ ਚਾਹੋ ਮਿਲ ਲਵੋ। ਇਹਦੇ ਵਿਚ ਮੇਰੇ ਕੋਲੋਂ ਪੁੱਛਣ ਦੀ ਕੀ ਲੋੜ ਏ। ਤੁਸੀਂ ਦਲ ਵਿਚ ਨਹੀਂ ਮਿਲ ਸਕਦੀਆਂ। ਘਰ ਦੇ ਦਰਵਾਜ਼ੇ ਖੁੱਲ੍ਹੇ ਹਨ। ਜਾਓ ਮੌਜ ਮੇਲਾ ਕਰੋ। ਚਾਰ ਦਿਨ ਜ਼ਿੰਦਗੀ ਦੀਆਂ ਬਹਾਰਾਂ ਮਾਣੋ। ਅਸੀਂ ਤਾਂ ਕੋਈ ਬਾਦਸ਼ਾਹ ਨਹੀਂ ਹਾਂ ਮਾਮੂਲੀ ਬੰਦੇ ਹਾਂ। ਸਾਨੂੰ ਮਿਲਣ ਲਈ ਏਨਾਂ ਤਰੱਦਦ ਕਰਨ ਦੀ ਕੀ ਲੋੜ ਏ। ਜੱਸਾ ਸਿੰਘ ਦਿਲ ਦਾ ਸਾਫ਼ ਸੀ। ਕੋਈ ਮੈਲ ਨਹੀਂ ਸੀ। ਚਿੱਟੀ ਚਾਦਰ ਬਗ਼ੈਰ ਦਾਗ਼ੋਂ। ਬਲੌਰ ਵਰਗਾ ਸਾਫ਼ ਦਿਲ।

—ਜਾਹ ਅਨੋਖੀ ਵੀ ਯਾਦ ਕਰਦੀ ਏ। ਉਹਦਾ ਵੀ ਜੀਅ ਲੱਗ ਜਾਊ। ਖੰਡ, ਚੌਲ ਖਾਓ। ਸਾਨੂੰ ਤੇ ਇਹ ਨਸੀਬ ਨਹੀਂ ਹੁੰਦਾ। ਚਲੋ ਜੇ ਵਕਤ ਲੱਗਾ ਤਾਂ ਕਦੀ ਆ ਗਏ ਤੇ ਅਸੀਂ ਵੀ ਚਾਰ ਬੁਰਕੀਆਂ ਖਾ ਲਵਾਂਗੇ। ਅਸੀਂ ਤਾਂ ਦਲ ਵਿਚ ਮਾਂਹ ਸਾਬਤ ਖਾਂਦੇ ਹਾਂ। ਕਦੀ ਪ੍ਰਸ਼ਾਦੇ, ਕਦੀ ਸੁੱਕੇ ਤੇ ਕਦੀ ਘਿਓ ਵਿਚ ਨੁੱਚੜਦੇ। ਦਾਅਵਤਾਂ ਕਰੋ, ਗੁਲਛੱਰੇ ਉਡਾਓ। ਅਸੀਂ ਨਿਹੰਗ ਪਾਤਸ਼ਾਹ ਹਾਂ। ਸਾਨੂੰ ਲੱਥੀ ਚੜ੍ਹੀ 'ਚ ਕੋਈ ਫ਼ਰਕ ਨਹੀਂ। ਅਸੀਂ ਜੇ ਕਿਸੇ ਦੀ ਪੱਗ ਨੂੰ ਹੱਥ ਪਾਉਂਦੇ ਹਾਂ ਤਾਂ ਆਪਣੀ ਪੱਗ ਨੂੰ ਸੰਭਾਲ ਲੈਂਦੇ ਹਾਂ। ਪੱਗ ਤੇ ਇਕ ਦੀ ਵੀ ਲੱਥੀ ਜੇ ਦੋਵਾਂ ਦੀ ਲੱਥ ਗਈ ਤੇ ਬਰਾਬਰ ਹੋ ਗਏ। ਸਾਡੀ ਸਾਰੀ ਜ਼ਿੰਦਗੀ ਜੰਗਲਾਂ, ਰੇਗਿਸਤਾਨ ਦੀਆਂ ਝੱਲਾਂ ਵਿਚ ਕੱਟ ਗਈ। ਜਾਓ ਤੁਹਾਨੂੰ ਰੱਬ ਨੇ ਵਕਤ ਦਿੱਤੈ। ਇਕੱਠੀਆਂ ਹੋ ਜਾਓ ਤੇ ਗਿੱਧਾ ਪਾਓ। ਦਲ ਮਾਲਵੇ 'ਚ ਘੁੰਮ ਰਿਹੈ। ਕੋਈ ਖ਼ਤਰੇ ਵਾਲੀ ਗੱਲ ਨਹੀਂ। ਅਬਦਾਲੀ ਅਜੇ ਗਿਆ ਈ ਏ, ਸਾਹ ਲਏਗਾ ਤੇ ਲੁੱਟ ਦਾ ਮਾਲ ਖ਼ਰਚ ਕਰੇਗਾ। ਆਪਣੀ ਧਾਂਕ ਜਮਾਏਗਾ। ਖ਼ੈਰਾਇਤ ਦੇਵੇਗਾ। ਲੋਕ ਹਾਤਮਤਾਈ ਆਖਣਗੇ।

ਇਹ ਲੋਕਾਂ ਦੇ ਵਿਚਾਰ ਹਨ। ਮੇਰੇ ਵਿਚਾਰ ਕੁਝ ਤੁਹਾਥੋਂ ਵੱਖਰੇ ਹਨ।

—ਜਿਸ ਮਾਲ ਲੁੱਟਿਆ ਏ ਉਹ ਖ਼ਰਚ ਨਹੀਂ ਕਰ ਸਕਦਾ ਕੰਜੂਸ ਹੁੰਦਾ ਏ। ਪਰ ਵਿਚ ਕਈ ਇਹੋ ਜਿਹੇ ਵੀ ਹੁੰਦੇ ਹਨ, ਮੁਫ਼ਤ ਦਾ ਮਾਲ ਬੇ-ਰਹਿਮੀ ਨਾਲ ਖ਼ਰਚ ਕਰਦੇ ਹਨ। ਪਰ ਅਹਿਮਦ ਸ਼ਾਹ ਅਬਦਾਲੀ ਸੁਲੇਮਾਨ ਬਣਨਾ ਚਾਹੁੰਦੈ। ਸੱਚ ਜਾਣੋ ਆਪਣੇ ਘਰ ਵਿਚ ਈ ਅਬਦਾਲੀ ਨੂੰ ਕੋਈ ਛਿੱਤਰ ਨਾਲ ਵੀ ਨਹੀਂ ਗਿਣਦਾ। ਬਾਹਰ ਵਾਲੇ ਹੀ ਅਬਦਾਲੀ-ਅਬਦਾਲੀ ਆਖਦੇ ਹਨ।

—ਕਾਬਲ, ਕੰਧਾਰ, ਗਜ਼ਨੀ ਵਿਚ ਕਈ ਪਏ ਹਨ ਅਹਿਮਦ ਸ਼ਾਹ ਅਬਦਾਲੀ ਵਰਗੇ। ਉਨ੍ਹਾਂ ਦਾ ਦਾਅ ਨਹੀਂ ਲੱਗਾ। ਉਹਦਾ ਘੁੱਗੂ ਰਿੜ੍ਹ ਗਿਐ, ਰਾਹ ਮਿਲ ਗਿਆ, ਕਿਸਮਤ ਬਲਵਾਨ ਸੀ। ਜੈ-ਜੈਕਾਰ ਹੋ ਗਈ। ਹੁਣ ਮੌਤ ਵੀ ਛੇਤੀ ਆ ਜਾਏਗੀ।

ਖ਼ੁਦਾ ਨੇਕ ਬੰਦਿਆਂ ਦੀਆਂ ਮੁਰਾਦਾਂ ਪੂਰੀਆਂ ਕਰਦਾ ਏ। ਜ਼ਾਲਮ ਤੇ ਕਸਾਈ ਨੂੰ ਕਦੀ ਮਸਜਿਦ ਵਿਚ ਸਜਦਾ ਕਰਦਾ ਵੇਖਿਆ ਏ। ਉਹ ਮੁਨਕਰ ਹੁੰਦਾ ਏ। ਮੈਂ ਖ਼ੁਦਾ ਹਾਂ, ਮੈਂ ਕੀ ਜਾਣਦਾ ਹਾਂ ਖ਼ੁਦਾ ਨੂੰ। ਇਕ ਦਿਨ ਜਦ ਖ਼ੁਦਾ ਨੇ ਜ਼ਰਾ ਕੁ ਮਾੜੀ ਜਿਹੀ ਘੂਰੀ ਵੱਟੀ ਤਾਂ ਫੇਰ ਨਾ ਅਬਦਾਲੀ ਰਿਹਾ ਤੇ ਨਾ ਹਿੰਦੁਸਤਾਨ ਨੂੰ ਫ਼ਤਹਿ ਕਰਨ ਵਾਲਾ ਸੂਰਮਾ।

—ਤੁਸੀ ਦੋਵੇਂ ਜਣੀਆਂ ਇਕੱਠੀਆਂ ਹੋ ਜਾਓ। ਗਵਾਂਢੋਂ ਸਹੇਲੀਆਂ ਵੀ ਸੱਦ ਲਵੋ। ਸਾਰੇ ਪਿੰਡ ਵਿਚ ਹੋਕਾ ਦੇ ਦਿਓ। ਖ਼ਰਚਾ ਪਾਣੀ ਮੈਂ ਭੇਜ ਦੇਂਦਾ ਹਾਂ। ਜੀਅ ਖੋਲ੍ਹ ਕੇ ਖ਼ਰਚ ਕਰੋ।

—ਕੀ ਯਾਦ ਕਰੇਗੀ, ਬੇਗ਼ਮ ਸਰਦਾਰਨੀਆਂ ਨਾਲ ਵਾਸਤਾ ਪਿਆ ਏ। ਅਸਾਂ ਵੀ ਕਿਸੇ ਦਿਨ ਬਾਦਸ਼ਾਹ ਬਣਨਾ ਏ, ਫੇਰ ਘਿਓ ਦੀਆਂ ਕੁਰਲੀਆਂ ਕਰਵਾਵਾਂਗੇ।

—ਵੈਸੇ ਮੈਂ ਮੁਰਾਦ ਬੇਗ਼ਮ ਲਈ ਹਿਫ਼ਾਜ਼ਤੀ ਦਸਤਾ ਭੇਜ ਦਿੱਤੈ। ਸੇਵਾ 'ਚ ਫ਼ਰਕ ਨਹੀਂ ਆਉਣ ਲੱਗਾ। ਬੇਗ਼ਮ ਵੀ ਬੜੀ ਦਿਲਦਾਰ ਏ। ਕਿਸੇ ਦਿਨ ਦੋਵੇਂ ਜਣੀਆਂ ਬੁਰਕਾ ਪਾ ਕੇ ਆ ਜਾਓ ਲਾਹੌਰ। ਬੇਗ਼ਮ ਲਾਹੌਰ ਤੇ ਆਪ ਵਿਖਾ ਦੇਵੇਗੀ। ਮੱਥਾ ਟੇਕਣ ਜਾਣਾ ਏ ਡੇਰੇ ਸਾਹਿਬ। ਸੇਵਾਦਾਰ ਨਾਲ ਜਾਣਗੇ। ਵੈਸੇ ਲਾਹੌਰ ਵੇਖਣ ਵਾਲੀ ਸ਼ੈਅ ਹੈ।

—ਇੱਥੇ ਤਿੰਨ ਸਭਿਆਤਾਵਾਂ ਮਿਲਦੀਆਂ ਹਨ—ਪਠਾਨ, ਪੰਜਾਬੀ ਤੇ ਦਿੱਲੀ ਵਾਲੇ। ਦਿੱਲੀ ਵਾਲਿਆਂ ਦੀ ਨੋਕ-ਝੋਕ, ਜ਼ਬਾਨਦਾਨੀ, ਮਹਿਮਾਨ ਨਿਵਾਜ਼ੀ। ਪੰਜਾਬ ਦਿਲ ਖੋਲ੍ਹ ਕੇ ਆਉਭਗਤ ਕਰਦਾ ਏ ਘਰ ਵਿਚ ਆਏ ਪ੍ਰਾਹੁਣੇ ਦੀ। ਆਪਣੀ ਜਿੰਦ ਗਹਿਣੇ ਪਾ ਕੇ ਵੀ ਪ੍ਰਾਹੁਣੇ ਦੀਆਂ ਦਿਲ ਦੀਆਂ ਰੀਝਾਂ ਲਾਹੁੰਦਾ ਏ।

—ਅਣੋਖੀ ਵੇਖ ਲੈ ਸਾਰਾ ਪੰਜਾਬ ਹੁਣ ਤੈਨੂੰ ਸਾਥ ਵੀ ਚੰਗਾ ਮਿਲ ਗਿਐ। ਬੇਗ਼ਮ ਨੇ ਸਾਰੇ ਪੰਜਾਬ ਦੀ ਪ੍ਰਦੱਖਣਾ ਕੀਤੀ ਹੋਈ ਏ। ਇਹਦੀਆਂ ਹੱਥੀਂ ਛਾਵਾਂ ਹੋਣਗੀਆਂ। ਆਖ਼ਰ ਬੇਗ਼ਮ ਏ, ਕੋਈ ਮਖ਼ੌਲ ਥੋੜ੍ਹਾ ਏ।

—ਜਾਓ ਗੁਰੂ ਰਾਖਾ, ਖ਼ੂਬ ਮੌਜਾਂ ਮਾਣੋ।

ਜੱਸਾ ਸਿੰਘ ਆਹਲੂਵਾਲੀਏ ਨੇ ਚਾਰ ਬੰਦੇ ਮਗਰ ਲਾ ਦਿੱਤੇ ਹਨ। ਦਾਤਾ ਗੰਜ ਬਖ਼ਸ਼ ਦਾ ਦਰਬਾਰ ਵੀ ਵੇਖੋ। ਖੁੱਲ੍ਹੀਆਂ ਡੋਰਾਂ ਛੱਡ ਦਿੱਤੀਆਂ ਦੋਵਾਂ ਜਣੀਆਂ ਦੀਆਂ।

ਬੇਗ਼ਮ ਕਿੱਥੇ-ਕਿੱਥੇ ਜਾਂਦੀ ਏ ਤੇ ਕੀ-ਕੀ ਸਲਾਹਾਂ ਕਰਦੀ ਏ, ਬੇਗ਼ਮ ਹੁਣ ਚਾਹੁੰਦੀ ਕੀ ਏ? ਬੇਗ਼ਮ ਕੀ ਹੁਣ ਸ਼ੀਸ਼ੇ 'ਚ ਮੂੰਹ ਵੇਖਦੀ ਏ।

64

ਹੁਣ ਪੰਜਾਬ ਦਾ ਕੀ ਬਣੂ

ਵਾਹਿਗੁਰੂ ਹੁਣ ਕੀ ਬਣੂ ਪੰਜਾਬ ਦਾ। ਫ਼ਸਲ ਬਰਬਾਦ ਹੋ ਗਈ ਏ। ਦਾਣਾ ਫੱਕਾ ਮੁੱਕ ਗਿਐ। ਮੱਕੀ, ਜਵਾਰ ਤੇ ਛੋਲਿਆਂ ਦੀ ਉਮੀਦ ਮੁੱਕੀ। ਉਜੜੇ ਖੇਤ, ਮਕਾਨ ਸਾੜ ਕੇ ਸਵਾਹ ਕਰ ਦਿੱਤੇ। ਜਿਹੜਾ ਟੇਟੇ ਚੜ੍ਹਿਆ ਤਲਵਾਰ ਦੀ ਭੇਟ ਚੜ੍ਹਾਅ ਦਿੱਤਾ। ਹੁਣ ਕੀ ਬਣੂ ਵਾਹਿਗੁਰੂ।

—ਗੁਰਾਂ ਦਾ ਨਾਂ ਜਪ ਮਾਈ, ਇਹ ਕੋਈ ਨਵੀਂ ਗੱਲ ਨਹੀਂ। ਪੰਜਾਬ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ।

ਦੂਜੀ ਬੁੱਢੀ ਆਖਣ ਲਗੀ, ਓਹ ਵੇਖ, ਓ ਆਏ ਨੀ ਨਿਹੰਗ। ਹੁਣ ਚਿੰਤਾ ਮੁੱਕੀ, ਆਪੇ ਸਾਂਭ ਲੈਣਗੇ।

ਐਵੇਂ ਚੁੱਕ ਕੇ ਲੈ ਆਏ ਨੇ ਹੱਡੀਆਂ ਦੀ ਮੁੱਠ। ਮੇਰੇ ਜਿਊਣ ਤੋਂ ਕੀ ਥੁੜਿਆ ਹੋਇਆ ਸੀ। ਨਿਹੰਗ ਨੇ ਕੁੱਛੜ ਚੁੱਕ ਕੇ ਲਿਆ ਰੱਖਿਆ। ਇਹ ਗਠੜੀ ਹੱਡੀਆਂ ਦੀ ਏ। ਓਸ ਤਾਂ ਅਹਿਮਦ ਸ਼ਾਹ ਅਬਦਾਲੀ ਤੋਂ ਮੇਰੀ ਜਾਨ ਬਚਾਅ ਲਈ ਪਰ ਹੁਣ ਜਿਹੜਾ ਸੰਤਾਪ ਮੈਂ ਭੋਗ ਰਹੀ ਹਾਂ। ਕੋਈ ਪਾਣੀ ਦੇਣ ਵਾਲਾ ਨਹੀਂ। ਇਕ ਜਵਾਨ ਪੁੱਤ ਸੀ, ਓਹ ਕੁੱਪ ਰਹੀੜਾ ਦੇ ਯੁੱਧ ਵਿਚ ਸ਼ਹੀਦੀ ਪਾ ਗਿਆ। ਨੂੰਹ ਦਾ ਪਤਾ ਨਹੀਂ ਕਿੱਥੇ ਹੈ। ਵਾਹਿਗੁਰੂ ਹੁਣ ਚੁੱਕ ਲੈ, ਬੜੀ ਉਮਰ ਭੋਗ ਲਈ ਏ। ਗੁਰੂ ਦੇ ਲੰਗਰ ਵਿਚੋਂ ਪ੍ਰਸ਼ਾਦ ਹੁਣ ਨਹੀਂ ਖਾਧਾ ਜਾਂਦਾ। ਬੁੱਢੀ ਨੇ ਆਖਿਆ।

—ਮਾਂ ਉੱਠ ਹਿੰਮਤ ਕਰ। ਤੂੰ ਤੇ ਸਾਨੂੰ ਦਿਲਾਸੇ ਦੇਣੇ ਸਨ ਤੇ ਤੂੰ ਆਪ ਢੇਰੀਆਂ ਢਾਅ ਬੈਠੀ ਏ। ਅਸਾਂ ਅਜੇ ਅਬਦਾਲੀ ਦੀ ਧੌਣ ਮਰੋੜਨੀ ਏ। ਤੂੰ ਥਾਪੀਆਂ ਦੇ, ਤੇਰੀਆਂ ਅਸੀਸਾਂ ਨਾਲ ਅਸੀਂ ਫਿਰ ਜੁੜ ਰਹੇ ਹਾਂ। ਜਦ ਤੱਕ ਸਾਹ ਵਿਚ ਸਾਹ ਏ ਅਬਦਾਲੀ ਨਾਲ ਦੋ ਹੱਥ ਕਰਨੇ ਈ ਪੈਣਗੇ। ਮਾਂ ਉੱਠ ਚੱਲ ਤੂੰ ਮੇਰੇ ਘਰ ਮੇਰੀ ਮਾਂ ਵੀ ਉਡੀਕਦੀ ਹੋਣੀ ਏ। ਦੋਵੇਂ ਮਾਵਾਂ ਇਕੱਠੀਆਂ ਹੋ ਜਾਓ। ਮਾਲਾ ਫੇਰੋ, ਗੁਰੂ ਭਲੀ ਕਰੂ। ਨਿਹੰਗ ਨੇ ਆਖਿਆ।

—ਪੁੱਤ ਸਾਡੀਆਂ ਅਸੀਸਾਂ ਤੁਹਾਡੇ ਨਾਲ ਹਨ। ਅਸੀਂ ਤੇ ਤੁਹਾਡੇ ਨਾਲ ਸਾਹ ਵਿਚ ਸਾਹ ਲੈਂਦੀਆਂ ਹਾਂ।

ਬੁੱਢੀ ਮਾਈ ਨੂੰ ਕੰਧਾੜੇ ਚੁੱਕ ਕੇ ਲਿਆ ਰੱਖਿਆ ਨਿਹੰਗ ਨੇ। ਨਿਹੰਗਾਂ ਦੀ ਛਾਉਣੀ ਵਿਚ ਬਿਠਾ ਦਿੱਤਾ। ਲੈ ਗੁਰੂ ਦੇ ਘਰ ਵਿਚ ਆ ਗਈ ਏਂ। ਮੈਂ ਆਪਣੀ ਮਾਂ ਨੂੰ ਲੱਭ ਕੇ ਲਿਆਵਾਂ।

—ਚੰਗਾ ਪੁੱਤ ਗੁਰੂ ਤੇਰਾ ਭਲਾ ਕਰੇ। ਗੁਰਾਂ ਦੇ ਨਾਂ ਤੇ ਈ ਪੰਜਾਬ ਜਿਊਂਦਾ ਏ। ਅਹਿਮਦ ਸ਼ਾਹ ਨੂੰ ਕਦੀ ਤੇ ਮੌਤ ਆਵੇਗੀ। ਚੁੱਕੇਗਾ ਰੱਬ ਏਸ ਕਸਾਈ ਨੂੰ।

—ਮਾਂ ਜ਼ਾਲਮ ਆਪਣੀ ਮੌਤੇ ਨਹੀਂ ਮਰਦੇ। ਇਹਨਾਂ ਨੂੰ ਰੱਬ ਵੀ ਚੁਕਦਾ ਨਹੀਂ। ਮਾਰਨੇ ਪੈਂਦੇ ਹਨ। ਆਹ ਲੈ ਮਾਲਾ, ਵਾਹਿਗੁਰੂ-ਵਾਹਿਗੁਰੂ ਕਹਿ। ਕਦੀ ਤੇ ਭਲੇ ਦਿਨ ਆਉਣਗੇ।

ਨਿਹੰਗ ਪਾਤਸ਼ਾਹ ਆਪਣੀ ਮਾਂ ਨੂੰ ਲੱਭਣ ਤੁਰ ਪਿਆ।

ਇਕ ਆਵਾਜ਼ ਹੋਰ ਉੱਭਰੀ, ਆਪ ਤੇ ਸ਼ਹੀਦੀ ਪਾ ਗਿਆ ਤੇ ਮਗਰ ਛੱਡ ਗਿਆ ਟੋਕਰਾ ਨਿਆਣਿਆਂ ਦਾ। ਉਹਨਾਂ ਨੂੰ ਕੌਣ ਪਾਲੂ?

—ਚੱਲ ਜਾਹ, ਗੁਰੂ ਦਾ ਲੰਗਰ ਖਾ ਕੇ ਆਰਾਮ ਕਰ। ਜ਼ਰਾ ਸਾਨੂੰ ਵੀ ਸਾਹ ਆ ਲੈਣ ਦੇ। ਅਸੀਂ ਸਾਰੀਆਂ ਨੱਢੀਆਂ ਜਵਾਨ-ਜਹਾਨ ਬੁੱਢੀਆਂ-ਠੇਰੀਆਂ ਤੇ ਅੱਧਖੜ, ਸਾਰੀਆਂ ਨੂੰ ਸੰਭਾਲ ਲਵਾਂਗੇ। ਮੁਸੀਬਤ ਪਈ ਏ ਹੱਸ ਕੇ ਕੱਟ।

—ਕਿੰਨੇ ਕੁ ਦਿਨ ਪੁੱਤ ਅਹਿਮਦ ਸ਼ਾਹ ਅਬਦਾਲੀ ਦੇ ਕੁੱਕੜ ਬੋਲਦੇ ਰਹਿਣਗੇ। ਬੁੱਢਾ ਦਲ ਇਕੱਠੇ ਕਰ ਰਿਹਾ ਏ, ਜ਼ਖਮੀ, ਫੱਟੜ ਤੇ ਸਹਿਕਦੇ ਜ਼ਖਮੀ। ਗੁਰੂ ਦੀਆਂ ਮਿਹਰਾਂ ਹਨ। ਲੰਗਰ ਛਕੋ ਤੇ ਵਕਤ ਨੂੰ ਧੱਕਾ ਦਿਓ।

—ਮੈਂ ਸੁਣਿਆ ਏ ਕਿ ਅਹਿਮਦ ਸ਼ਾਹ ਅਬਦਾਲੀ ਫੇਰ ਆ ਰਿਹੈ।

—ਆਉਣ ਦੇ, ਅਸੀਂ ਵੀ ਤਿਆਰ-ਬਰ-ਤਿਆਰ ਹਾਂ। ਐਤਕੀਂ ਲੋਹਾ ਲਵਾਂਗੇ। ਹੁਣ ਉਹ ਭੱਜ ਕੇ ਬੱਚ ਗਿਆ ਏ। ਖ਼ਾਲਸਾ ਅਣਭੋਲ ਈ ਮਾਰਿਆ ਗਿਐ। ਅੰਦਾਜ਼ਾ ਗ਼ਲਤ ਨਿਕਲਿਆ। ਸੂਹੀਏ ਗ਼ਲਤੀ ਵਿਚ ਰਹੇ। ਫ਼ੌਜ ਜ਼ਿਆਦਾ ਸੀ, ਉਹਨਾਂ ਘਟ ਦੱਸੀ। ਦਲ ਵਾਲੇ ਏਸੇ ਭੁਲੇਖੇ ਵਿਚ ਮਾਰ ਖਾ ਗਏ। ਮਾਤਾ ਕੁਪ ਰਹੀੜਾ ਦਾ ਮੈਦਾਨ ਸ਼ਹੀਦਗੰਜ ਬਣ ਗਿਐ। ਇਹ ਕਾਸ਼ੀ ਵਾਂਗੂੰ ਪੂਜਿਆ ਜਾਏਗਾ। ਨਿਹੰਗ ਪਾਤਸ਼ਾਹ ਨਗ਼ਮੇ ਦੇ ਰਿਹਾ ਸੀ। ਦਲ ਫੇਰ ਨੌ-ਬਰ-ਨੌ ਹੋ ਗਿਐ। ਕੱਚਾ ਪਿੱਲਾ ਝੜ੍ਹ ਗਿਐ। ਸੁੱਧ ਸੋਨਾ ਰਹਿ ਗਿਐ। ਹੁਣ ਅਸੀਂ ਮਾਰ ਨਹੀਂ ਖਾਣ ਲਗੇ।

—ਪੁੱਤ ਤੁਹਾਡੀਆਂ ਇਹਨਾਂ ਤਸੱਲੀਆਂ ਨੇ ਸਾਨੂੰ ਬਰਬਾਦ ਕੀਤਾ ਏ।

—ਮਾਂ ਕਾਹਦੀ ਬਰਬਾਦੀ, ਇਕ ਲੁਟੇਰਾ ਆਇਆ ਲੁੱਟ ਕੇ ਲੈ ਗਿਆ। ਕਿੰਨੇ ਕੁ ਦਿਨ ਕਸ਼ਟ ਏ। ਫ਼ਸਲ ਆਉਣ ਦੇ, ਫੇਰ ਲਹਿਰਾਂ-ਬਹਿਰਾਂ ਹੋ ਜਾਣਗੀਆਂ।

—ਫ਼ਸਲ ਤੇ ਉੱਜੜ ਗਈ ਏ, ਖੇਤ ਵੀਰਾਨ ਪਏ ਹਨ।

—ਸਾਡੀ ਧਰਤ ਜ਼ਰਖ਼ੇਜ਼ ਏ। ਖੇਤ ਵਾਹੇ, ਦਾਣੇ ਬੀਜੇ ਫੇਰ ਭੜੋਲੀਆਂ ਭਰ ਜਾਣਗੀਆਂ। ਓਨਾ ਚਿਰ ਗੁਰੂ ਦੇ ਲੰਗਰ ਵਿਚੋਂ ਢਿੱਡ ਭਰੋ। ਵਾਹਿਗੁਰੂ ਬੜਾ-ਬੇ-ਨਿਆਜ਼ ਏ। ਛਾਵਣੀ ਵਿਚ ਦਿਨ ਕੱਟੋ।

—ਬੋਲੇ ਸੋ ਨਿਹਾਲ-ਸਤ ਸ੍ਰੀ ਅਕਾਲ। ਮੁੰਡੀਆਂ ਦੀ ਇਕ ਢਾਣੀ ਨਾਅਰੇ ਮਾਰਦੀ ਆ ਰਹੀ ਸੀ। ਇਹ ਕੌਣ ਹਨ, ਮੌਤ ਨੂੰ ਵਾਜਾਂ ਮਾਰਨ ਵਾਲੇ?

—ਭੁਚੰਗੀ, ਨਵੇਂ ਸੱਜੇ ਨਿਹੰਗ। ਤਰਨਾ ਦਲ ਦੇ।

—ਇਹ ਕੀ ਆਖਦੇ ਹਨ?

—ਅਹਿਮਦ ਸ਼ਾਹ ਅਬਦਾਲੀ ਨਾਲ ਟੱਕਰ ਲੈਣੀ ਏ।

—ਇਨ੍ਹਾਂ ਨੂੰ ਕੁਪ ਰਹੀੜਾ ਦਾ ਵਾਕਿਆ ਭੁੱਲ ਗਿਆ ਏ। ਅਜੇ ਤੇ ਸਾਡੇ ਅੱਥਰੂ ਵੀ ਨਹੀਂ ਸੁੱਕੇ।

—ਏਦਾਂ ਤੇ ਅੱਗੇ ਕਈ ਵਾਰ ਹੋਇਐ। ਜੇ ਇਹ ਸੌਂ ਗਏ ਤਾਂ ਫੇਰ ਅਬਦਾਲੀ ਸਾਡੇ ਸਿਰ ਤੇ ਚੜ੍ਹ ਆਏਗਾ।

—ਕੀ ਇਹ ਸੱਪ ਦੀ ਖੁੱਡ ਵਿਚ ਹੱਥ ਪਾਉਣ ਲੱਗਿਆਂ ਡਰਦੇ ਨਹੀਂ?

—ਡਰਨ ਕਿਉਂ? ਇਹ ਦਸ਼ਮੇਸ਼ ਪਿਤਾ ਦੀ ਗੁੜ੍ਹਤੀ ਦਾ ਅਸਰ ਏ।

—ਤਾਂ ਫੇਰ ਇਹ ਪੰਜਾਬ ਨੂੰ ਬਰਬਾਦ ਕਰਕੇ ਦਮ ਲੈਣਗੇ।

—ਨਹੀਂ ਮਾਤਾ ਜੀ, ਅਸੀਂ ਤੇ ਉਦੋਂ ਤੱਕ ਲੜਨਾ ਏ ਜਦ ਤੱਕ ਸਾਡੇ ਦਮ ਵਿਚ ਦਮ ਏ। ਜਦ ਤੱਕ ਸਾਡਾ ਇਕ ਬੱਚਾ ਵੀ ਜਿਉਂਦਾ ਏ।

—ਜਾ ਪੁੱਤ ਇਨ੍ਹਾਂ ਨੂੰ ਚੁੱਪ ਕਰਾ। ਮੈਨੂੰ ਡਰ ਆਉਂਦੈ।

—ਮਾਂ ਜੇ ਤੂੰ ਡਰਨ ਲੱਗ ਪਈ ਤਾਂ ਫੇਰ ਇਹ ਗੱਭਰੂ ਦਿਲ ਛੱਡ ਜਾਣਗੇ। ਦਲ ਅਜੇ ਚੜ੍ਹਦੀਆਂ ਕਲਾਂ ਵਿਚ ਏ। ਇਹ ਤਰਨਾ ਦਲ ਦੇ ਭੁਚੰਗੀ ਕੱਲ ਨੂੰ ਨਿਹੰਗ ਬਣਨਗੇ। ਇਹੋ ਸਾਡੀ ਜਾਇਦਾਦ ਏ, ਇਹੋ ਸਾਡਾ ਵਿਰਸਾ ਏ।

—ਆਵਾਜ਼ ਫੇਰ ਉੱਭਰੀ—ਬੋਲੇ ਸੋ ਨਿਹਾਲ, ਸਤ ਸ੍ਰੀ ਅਕਾਲ।

—ਤੁਹਾਡੀ ਆਵਾਜ਼ ਜੇ ਅਬਦਾਲੀ ਨੇ ਫੇਰ ਸੁਣ ਲਈ ਤਾਂ ਓਸ ਫੇਰ ਏਧਰ ਆ ਜਾਣਾ ਏ। ਫੇਰ ਬਰਬਾਦੀ, ਫੇਰ ਕਤਲ, ਫੇਰ ਖ਼ੂਨ, ਫੇਰ ਅੱਗ ਲੱਗੇਗੀ। ਘਰ ਸੜਨਗੇ।

ਤਰਨਾ ਦਲ ਵਾਲਿਆਂ ਨੇ ਫੇਰ ਤਾਕਤ ਜਮ੍ਹਾ ਕਰਨੀ ਸ਼ੁਰੂ ਕਰ ਦਿੱਤੀ ਏ।

ਨਾ ਪੁੱਤ ਇਨ੍ਹਾਂ ਨੂੰ ਚੁੱਪ ਕਰਾ। ਇਨ੍ਹਾਂ ਦੇ ਮੂੰਹ ਅੱਗੇ ਠੱਪਾ ਦੇ।

—ਮਾਂ ਮੈਂ ਕੀ ਕਰਾਂ, ਤੁਸੀਂ ਈ ਇਨ੍ਹਾਂ ਨੂੰ ਗੁੜ੍ਹਤੀ ਦਿਤੀ ਸੀ। ਲੜਨ-ਮਰਨ ਤੇ ਪੰਜਾਬ ਦੀ ਰਾਖੀ ਕਰਨ। ਉਦੋਂ ਨਹੀਂ ਸੀ ਸੋਚਿਆ।

—ਬੋਲੇ ਸੋ ਨਿਹਾਲ, ਸਤ ਸ੍ਰੀ ਅਕਾਲ। ਦੇਗ਼-ਤੇਗ਼ ਫ਼ਤਹਿ।

65

ਸੁਣੋ ਹਰ ਸਿਆਣੇ ਦੀ ਗੱਲ

—ਇਕ ਵਾਰ ਫੇਰ ਝਕਾਨੀ ਮਾਰ ਜਾਓ। ਅਜੇ ਜ਼ਖ਼ਮ ਅੱਲੇ ਹਨ ਭਰੇ ਨਹੀਂ। ਜ਼ਰਾ ਅੰਗੂਰ ਆਉਣ ਦਿਓ। ਬੁੱਢੀ ਮਾਈ ਨੇ ਇਉਂ ਆਖਿਆ। ਇਹਨਾਂ ਮੁੰਡਿਆਂ ਨੇ ਈ ਰਾਖੀ ਕਰਨੀ ਏ।

—ਮਾਂ ਤੇਰੀ ਗੱਲ ਬਿਲਕੁਲ ਸੱਚ ਏ ਪਰ ਏਨ੍ਹਾਂ ਨੂੰ ਅਵੇਸਲੇ ਨਹੀਂ ਹੋਣਾ ਚਾਹੀਦਾ। ਇਹਨਾਂ ਗੱਭਰੂਆਂ ਨੂੰ ਲਵੇਰੀਆਂ ਚਾਹੀਦੀਆਂ ਹਨ ਚੁੰਘਣ ਨੂੰ। ਦੁੱਧ ਪੀਣ, ਘਿਓ ਖਾਣ ਬਸ ਫੇਰ ਚੜ੍ਹੇ ਜਵਾਨੀ, ਫੇਰ ਲੜਨ, ਮੁਕਾਬਲਾ ਕਰਨ।

—ਮਾਂ ਤੂੰ ਮਹਾਨ ਏਂ।

ਕੁਝ ਦੂਰ ਤੋਂ ਵੈਣ ਪਾਉਣ ਦੀ ਆਵਾਜ਼ ਆਈ।

—ਹਾਏ ਕੁਝ ਨਹੀਂ ਰਿਹਾ। ਉੱਜੜ ਗਿਆ ਝੁੱਗਾ, ਮਰ ਗਏ ਘਰ ਦੇ ਮਾਲਕ। ਇਹ ਰੰਡੀਆਂ ਦੀ ਢਾਣੀ ਕਿੱਦਾਂ ਉਮਰ ਕੱਟੇਗੀ?

—ਕੀ ਹੋਇਆ ਭੈਣਾਂ, ਵੈਣ ਕਿਉਂ ਪਾਉਂਦੀਆਂ ਹੋ?

—ਘਰ ਵਿਚ ਚਾਰ ਪੁੱਤ ਸਨ ਤੇ ਚਾਰੇ ਈ ਨੂੰਹਾਂ ਸਨ। ਘਰ ਵਿਚ ਲਹਿਰਾਂ-ਬਹਿਰਾਂ ਸਨ। ਰੌਣਕ ਸੀ, ਚੁੱਲਾ ਤਪਦਾ ਸੀ, ਲੋਕ ਆਉਂਦੇ ਸਨ, ਜਾਂਦੇ ਸਨ। ਪਰ ਹੁਣ ਕੁਝ ਨਹੀਂ ਰਿਹਾ। ਏਸ ਜੰਗ ਦੀ ਦੇਣ ਏ। ਚਾਰੇ ਜਵਾਨ ਖਾ ਲਏ ਤੇ ਚਾਰੇ ਈ ਸਿਰ ਤੋਂ ਰੰਡੀਆਂ ਹੋ ਗਈਆਂ ਹਨ। ਕੋਈ ਆਸਰਾ ਨਹੀਂ, ਕੋਈ ਠਾਹਰ ਨਹੀਂ।

—ਗੁਰੂ ਦਾ ਆਸਰਾ ਏ, ਜਿਨ ਪਾਈ ਏ ਉਹੋ ਈ ਕੱਟੂ। ਤੁਸੀਂ ਵੀ ਆ ਜਾਓ ਗੁਰੂ ਦੇ ਘਰ। ਘਰ ਵਿਚ ਖਾਓ; ਸੇਵਾ ਕਰੋ। ਪਹਾੜ ਸਿਰ ਤੇ ਡਿੱਗਿਆ ਏ, ਹਟ ਜਾਏਗਾ। ਸਾਰੇ ਪੰਜਾਬ ਵਿਚ ਫੂਹੜੀਆਂ ਵਿਛੀਆਂ ਹੋਈਆਂ ਨੇ। ਕਿਹੜਾ ਘਰ ਐਸਾ ਏ, ਜਿਸ ਘਰ ਵਿਚ ਕੋਈ ਮੁੰਡਾ ਏਸ ਵੱਡੇ ਘੱਲੂਘਾਰੇ ਵਿਚ ਸ਼ਹੀਦ ਨਹੀਂ ਹੋਇਆ। ਸਾਰਿਆਂ ਸੀਨੇ ਤੇ ਪੱਥਰ ਧਰ ਲਿਆ ਏ। ਮੁਟਿਆਰ ਆਖਣ ਲਗੀ, ਮੈਂ ਫੇਰ ਜੰਮਾਂਗੀ ਮੁੰਡਾ ਏਸ ਸਾਲ। ਉਹ ਆਪਣੇ ਬਾਪੂ ਦਾ ਬਦਲਾ ਲਏਗਾ। ਇਹ ਗੱਲ ਤਾਂ ਆਮ ਹੋ ਗਈ ਏ। ਖਾਧਾ ਪੀਤਾ ਲਾਹੇ ਦਾ ਤੇ ਬਾਕੀ ਅਹਿਮਦ ਸ਼ਾਹੇ ਦਾ।

ਨਾ ਸਾਰੇ ਪੰਜਾਬ ਵਿਚ ਚੁਬਾਰਿਆਂ ਵਾਲੇ ਮਕਾਨ ਹਨ ਨਾ ਕਿਸੇ ਦੀ ਛੱਤ ਸਲਾਮਤ ਏ। ਸਿਰਫ਼ ਲਾਹੌਰ 'ਚ ਈ ਵੇਖੇ ਜਾ ਸਕਦੇ ਹਨ। ਪੰਜਾਬ ਮਕਾਨ ਬਣਾਉਣ ਵਿਚ ਇਮਾਨ ਨਹੀਂ ਰਖਦਾ। ਇਹ ਘਰ ਦੇ ਪੁੱਤ ਨੂੰ ਜਵਾਨੀ ਚਾੜ੍ਹਦਾ ਏ। ਪੁੱਤ ਹੋਵੇਗਾ ਤੇ

ਮਕਾਨ ਵੀ ਬਣ ਜਾਣਗੇ। ਮਕਾਨ ਹੋਏ ਤਾਂ ਖ਼ਾਲੀ ਥਾਂ-ਥਾਂ ਕਰਨਗੇ। ਪੁੱਤ ਹੋਣਾ ਚਾਹੀਦੈ, ਕੜੀ ਵਰਗਾ ਜਵਾਨ।

ਪੰਜਾਬ ਸਾਰੇ ਹਿੰਦੁਸਤਾਨ ਦਾ ਦਰਵਾਜ਼ਾ ਏ। ਹਮਲਾਵਾਰ ਨੇ ਆਉਣਾ ਏ ਤਾਂ ਉਹਦਾ ਰਾਹ ਇਕੋ ਈ ਏ। ਪੰਜਾਬ ਜੇ ਲੜੇ ਨਾ ਤਾਂ ਕੀ ਕਰੇ। ਅੱਧੀਆਂ ਤਲਵਾਰਾਂ ਤੋਂ ਪੰਜਾਬ ਵਾਲੇ ਈ ਤੋੜ ਦੇਂਦੇ ਹਨ, ਉਹ ਜਦ ਸਤਲੁਜ ਪਾਰ ਕਰਦੇ ਹਨ ਪਰ ਫੇਰ ਫ਼ੌਜ ਦੇ ਅੱਗੇ ਦਿੱਲੀ ਵਾਲੇ ਅੱਗੋਂ ਨਜ਼ਰਾਨੇ ਲੈ ਕੇ ਮਿਲਦੇ ਹਨ। ਤਲਵਾਰ ਮਿਆਨ ਵਿਚੋਂ ਈ ਨਹੀਂ ਨਿਕਲਦੀ। ਸਲਾਮਾਂ ਕਰੋ ਗੁਲਛੱਰੇ ਉਡਾਓ। ਜੋ ਕੁਝ ਪੱਲੇ ਹੈ ਦਿਓ, ਨਹੀਂ ਤੇ ਜੁੱਤੀ ਨਾਲ ਖੋਹ ਲਵਾਂਗੇ। ਹਕੂਮਤ ਦਾ ਤਖ਼ਤ ਦਿੱਲੀ। ਜਿਹੜਾ ਦਿੱਲੀ ਦਾ ਰਾਜਾ ਏ, ਭਾਰਤਵਰਸ਼ ਦੇ ਸਿਰ ਦਾ ਤਾਜ ਏ।

—ਮਾਂ ਤੂੰ ਸਾਡੇ ਦਲ ਵਿਚ ਆ ਗਈ ਏਂ। ਇਕ-ਇਕ ਬੰਦੇ ਨੂੰ ਥਾਪੀ ਦਿਓ। ਅਜੇ ਤਾਂ ਨਹੀਂ ਮਤੇ ਪਾਸ ਹੋਏ ਪਰ ਫੇਰ ਵੀ ਬੁੱਢਾ ਦਲ ਤਿਆਰੀਆਂ ਕਰ ਰਿਹੈ। ਜੈਕਾਰੇ ਮਾਰ ਰਿਹੈ। ਘੋੜਿਆਂ ਨੂੰ ਥਾਪੀਆਂ ਦੇ ਰਿਹੈ। ਤਲਵਾਰਾਂ ਨੂੰ ਸਾਨ ਵਿਖਾ ਰਿਹੈ। ਨੇਜ਼ੇ ਗਿੱਠ-ਗਿੱਠ ਜੀਭਾਂ ਕਢਦੇ ਹਨ। ਇਹ ਫੇਰ ਲੜਨਗੇ। ਸੁਣਿਆ ਏ ਅਬਦਾਲੀ ਫੇਰ ਆ ਰਿਹੈ। ਬੁੱਢੇ ਦਲ ਵਾਲੇ ਵੀ ਰੋਜ਼ ਅਰਦਾਸੇ ਕਰ ਰਹੇ ਹਨ। ਹੁਣ ਸਿੱਧੀ ਟੱਕਰ ਹੋਣੀ ਏ। ਵਿਚ ਵਿਚੋਲਾ ਕੋਈ ਨਹੀਂ। ਹੁਣ ਉਹਦੀਆਂ ਤਲਵਾਰਾਂ ਤੋਂ ਕੋਈ ਨਹੀਂ ਡਰਦਾ। ਨਿਹੰਗ ਪਾਤਸ਼ਾਹ ਕੁਝ ਸਿਆਣਾ ਵੀ ਹੋ ਗਿਆ ਸੀ।

ਬੁੱਢੇ ਦਲ ਨੇ ਨਵੇਂ ਝੰਡੇ, ਤਲਵਾਰਾਂ, ਨੇਜ਼ੇ ਤੇ ਘੋੜੇ ਵੰਡ ਦਿੱਤੇ। ਜਾਓ ਹੱਥ ਖੋਲ੍ਹੋ। ਘੋੜਿਆਂ ਤੇ ਪਲਾਕੀ ਮਾਰੋ। ਸਾਣ ਨੇ ਤਲਵਾਰਾਂ ਦਾ ਮੂੰਹ ਲਿਸ਼ਕਾ ਦਿੱਤਾ ਏ। ਟੱਕਰ ਲੈਣੀ ਏ। ਅਹਿਮਦ ਸ਼ਾਹ ਅਬਦਾਲੀ ਆ ਰਿਹੈ।

ਹਰ ਚੌਕੇ ਵਿਚ ਹਰ ਵਿਹੜੇ, ਹਰ ਸੱਥ ਵਿਚ ਇਕੋ ਗੱਲ ਛੋਈ ਜਾਂਦੀ। ਘਰ ਵਿਚ ਰਕਾਨਣ ਇੱਥੋ ਈ ਗੱਲ ਛੋਂਹਦੀ। ਜੰਗ, ਯੁੱਧ।

ਡਾਂਗਾਂ ਨੂੰ ਸਰ੍ਹੋਂ ਦੇ ਤੇਲ ਦੀ ਮਾਲਿਸ਼ ਕਰ ਰਹੇ ਸਨ ਗੱਭਰੂ। ਡਾਂਗਾਂ ਨਾਲ ਕੱਦ ਮਾਪਦੇ।

ਭੁੱਖੇ ਰਹਿਣਾ ਵੀ ਸਿਖ ਗਏ ਸਨ। ਮੁੱਠ ਛੋਲਿਆਂ ਦੀ, ਮੰਗਿਆ ਤੇ ਗੁੜ ਮਿਲਿਆ, ਨਹੀਂ ਤੇ ਗੜਵਾ ਪਾਣੀ ਦਾ। ਨਿਹੰਗਾਂ ਦੀ ਛਾਉਣੀ ਵਿਚ ਮਾਂਹ ਸਾਬਤ, ਮੂੰਗੀ ਤੇ ਉਹ ਵੀ ਸਾਬਤ ਤੇ ਕਦੀ-ਕਦੀ ਸਬਜ਼ ਪਲਾਅ। ਵੇਲਾਂ, ਪੱਤੇ ਤੇ ਛਿਲਕੇ, ਘਾਹ ਦਾ ਸਾਗ ਚਾੜ੍ਹਨਾ ਤੇ ਫੇਰ ਦੇਸੀ ਘਿਓ ਕੜਛੇ ਪਾ-ਪਾ ਕੇ ਖਵਾਉਣਾ। ਇਹ ਸਹੂਲਤਾਂ ਸਿਰਫ਼ ਲੰਗਰ ਵਿਚ ਈ ਸੀ। ਲੜਾਈ ਦੇ ਮੈਦਾਨ 'ਚ ਇਹਦਾ ਸੁਪਨਾ ਵੀ ਨਹੀਂ ਸੀ ਵੇਖਿਆ ਜਾ ਸਕਦਾ।

—ਪੰਜਾਬ ਵੱਸ ਰਿਹਾ ਏ। ਪੰਜਾਬ ਏਨੀ ਮਾਰ ਖਾ ਕੇ ਵੀ ਤਿੰਨਾਂ ਮਹੀਨਿਆਂ ਵਿਚ ਫੇਰ ਲਲਕਾਰਨ ਜੋਗਾ ਹੋ ਗਿਆ ਸੀ।

ਅਹਿਮਦ ਸ਼ਾਹ ਅਬਦਾਲੀ ਸੋਚ ਰਿਹਾ ਸੀ। ਜਿੰਨੀ ਮਾਰ ਮੈਂ ਦਿੱਤੀ ਏ, ਇਹ ਹਯਾਤੀ ਵਿਚ ਨਹੀਂ ਉਠ ਸਕਦੇ।

ਮਰਹੱਟੇ ਕਿਸੇ ਹੋਰ ਮਿੱਟੀ ਦੇ ਬਣੇ ਹੋਏ ਸਨ ਪਰ ਪੰਜਾਬੀ ਹੋਰ ਮਿੱਟੀ ਦੇ ਬਣੇ ਹਨ। ਸਿਰਫ਼ ਤਿੰਨ ਮਹੀਨੇ ਈ ਲੰਘੇ। ਜੱਸਾ ਸਿੰਘ ਆਹਲੂਵਾਲੀਏ ਨੇ ਫੇਰ ਢੋਲ ਵਜਾ ਦਿੱਤਾ। ਉੱਠੋ ਬਹਾਦਰੋ ਅਬਦਾਲੀ ਫੇਰ ਆ ਰਿਹੈ।

—ਬੋਲੇ ਸੋ ਨਿਹਾਲ, ਸਤ ਸ੍ਰੀ ਅਕਾਲ। ਇਕ ਜੱਥਾ ਨਾਅਰੇ ਮਾਰਦਾ ਸਿੰਘਾਂ ਦੀ ਛਾਉਣੀ ਵਿਚ ਦਾਖ਼ਲ ਹੋਇਆ।

ਚੜ੍ਹਤ ਸਿੰਘ ਆਖਣ ਲਗਾ—ਅਸਾਂ ਏਸ ਵਾਰੀ ਅਬਦਾਲੀ ਨੂੰ ਸਬਕ ਪੜ੍ਹਾ ਕੇ ਤੋਰਨੈ।

—ਸਰਦਾਰ ਜੀ ਅਜੇ ਤੇ ਤੁਹਾਡੇ ਜ਼ਖ਼ਮ ਵੀ ਅੱਲੇ ਹਨ, ਲਹੂ ਸਿੰਮ ਰਿਹੈ।

ਜੱਸਾ ਸਿੰਘ ਆਹਲੂਵਾਲੀਆ ਸਭ ਤੋਂ ਜ਼ਿਆਦਾ ਜ਼ਖ਼ਮੀ ਸੀ।

—ਜ਼ਖ਼ਮਾਂ ਨੂੰ ਵੇਖਿਆ ਨਹੀਂ ਜਾਂਦਾ। ਪਹਿਲਾਂ ਟੱਕਰ ਅਹਿਮਦ ਸ਼ਾਹ ਅਬਦਾਲੀ ਨਾਲ। ਇਹੋ ਧਰਮ ਏ, ਇਹੋ ਵੀਰਤਾ ਏ, ਇਹੋ ਤਿਆਗ ਏ।

—ਜੈਕਾਰਾ ਇਕ ਵਾਰ ਫੇਰ ਛੁੱਟਿਆ!

ਬੋਲੇ ਸੋ ਨਿਹਾਲ, ਸਤ ਸ੍ਰੀ ਅਕਾਲ।

—ਇਹ ਜੱਥਾ ਵੀ ਤਰਨਾ ਦਲ ਵਾਲਿਆਂ ਦਾ ਸੀ। ਬੁੱਢੇ ਦਲ ਵਾਲਿਆਂ ਨੇ ਥਾਪੀਆਂ ਦਿੱਤੀਆਂ। ਘੋੜੇ, ਝੰਡੇ, ਢੋਲ, ਨਗਾਰੇ ਖੋਹੀਆਂ ਨੌਬਤਾਂ ਵਜਾ ਰਹੇ ਸਨ।

—ਅਸਾਂ ਮਾਰਨਾ ਏ ਇਸ ਵਾਰੀ ਕਾਬਲੀ ਕੁੱਤੇ ਨੂੰ।

—ਐਵੇਂ ਸ਼ੇਖ਼ੀਆਂ ਨਾ ਮਾਰੋ, ਤਿਆਰੇ ਕੱਸੋ।

—ਦੇਗ ਤੇਗ ਫ਼ਤਿਹ, ਗੁਰੂ ਰਾਖਾ।

66

ਦਿਨ ਚੌਮਾਸੇ ਦੇ

ਰਾਵੀ ਦਾ ਕੰਢਾ ਦਿਨ ਚੌਮਾਸੇ ਦੇ। ਕਲਾਨੌਰ ਧੁੱਪ ਨਹੀਂ ਸੀ ਪੈਂਦੀ ਤੇ ਨਾ ਲੋਅ ਈ ਵਗਦੀ। ਮੌਸਮ ਸੁਹਾਣਾ ਰਹਿੰਦਾ, ਗਰਮੀ ਘੱਟ ਲਗਦੀ।

—ਮੇਰੇ ਸਿਪਾਹੀ ਹੌਸਲਾ ਹਾਰ ਚੁੱਕੇ ਨੇ। ਕੜਾਕੇ ਦੀ ਗਰਮੀ ਵਿਚ ਇਹ ਰਹਿ ਨਹੀਂ ਸਕਦੇ। ਠੰਡੇ ਮੁਲਕ ਦੇ ਬਾਸ਼ਿੰਦੇ ਹਨ। ਠੰਡ ਇਨ੍ਹਾਂ ਨੂੰ ਕੁਝ ਨਹੀਂ ਆਖਦੀ।

—ਮੈਂ ਆਪ ਵੀ ਤੇ ਨਹੀਂ ਨਾ ਰਹਿ ਸਕਦਾ। ਮੈਂ ਜ਼ਰਾ ਜਿੰਨਾ ਸਖ਼ਤੀ ਕੀਤੀ ਤਾਂ ਫੇਰ ਕਿਤੇ ਬਗ਼ਾਵਤ ਦੀ ਅੱਗ ਭੜਕ ਗਈ ਤਾਂ ਫੇਰ ਮੇਰੇ ਕਾਬੂ ਤੋਂ ਬਾਹਰ ਹੋ ਜਾਏਗੀ। ਏਸ ਲਈ ਹੁਣ ਵਾਪਸ ਜਾਣਾ ਈ ਬੇਹਤਰ ਏ। ਫੇਰ ਤਾਜ਼ਾ ਦਮ ਹੋ ਕੇ ਆਵਾਂਗੇ। ਫੇਰ ਉਹੋ ਈ ਰੌਲਾ, ਉਹੋ ਈ ਕਹਾਣੀ।

ਨਾ ਕੋਈ ਵਿਚੋਲਾ ਮਿਲਿਆ ਤੇ ਨਾ ਕੋਈ ਰਿਸ਼ਵਤ ਖਾਣ ਵਾਲਾ। ਗੁਰਾਂ ਐਸੀ ਗੁੜ੍ਹਤੀ ਦਿੱਤੀ ਹੋਈ ਸੀ। ਕੋਈ ਵਿਕਾਊ ਬੰਦਾ ਈ ਨਹੀਂ ਸੀ ਲਭਦਾ। ਸਿਰਫ਼ ਇਕੋ ਈ ਲਗਨ ਸੀ ਅਸਾਂ ਪੰਜਾਬ ਵਿਚ ਅਬਦਾਲੀ ਦਾ ਰਾਜ ਨਹੀਂ ਕਬੂਲਣਾ।

ਅਹਿਮਦ ਸ਼ਾਹ ਅਬਦਾਲੀ ਦਾ ਵੀ ਖ਼ਿਆਲ ਨਹੀਂ ਸੀ ਕਿ ਮੈਂ ਪੰਜਾਬ ਤੇ ਰਾਜ ਕਰਾਂ। ਉਹ ਤਾਂ ਸਿਰਫ਼ ਲੁੱਟਣ ਆਇਆ ਸੀ।

ਨਿਹੰਗ ਉਹਦੀ ਜਾਨ ਦੇ ਵੈਰੀ ਹਨ। ਹੁਣ ਹੋਣੇ ਵੀ ਚਾਹੀਦੇ ਹਨ। ਉਹ ਏਸ ਲਈ ਇਮਾਨਦਾਰ ਸਨ, ਨਿਹੰਗ ਤੇ ਸਿੰਘ ਕਿਉਂਕਿ ਉਹ ਭੁੱਖੇ ਸਨ। ਉਹਨਾਂ ਨੂੰ

ਜ਼ਮਾਨੇ ਦੀ ਹਵਾ ਨਹੀਂ ਸੀ ਲੱਗੀ ਹੋਈ। ਉਹ ਬੇਗ਼ਰਜ਼ ਸਨ। ਗੁਰਾਂ ਤੇ ਉਹਨਾਂ ਦਾ ਇਮਾਨ ਸੀ। ਨਾ ਉਹ ਦਿੱਲੀ ਜਾਣ ਤੇ ਨਾ ਲਾਹੌਰ। ਉਹਨਾਂ ਦੀਆਂ ਆਦਤਾਂ ਕਿਸ ਤਰ੍ਹਾਂ ਵਿਗੜਨ।

ਅਹਿਮਦ ਸ਼ਾਹ ਅਬਦਾਲੀ ਕਲਾਨੌਰ 'ਚ ਚੌਮਾਸੇ ਦੇ ਦਿਨ ਕੱਟ ਰਿਹਾ ਸੀ। ਨਿਹੰਗ ਪਾਤਸ਼ਾਹ ਆਪੇ ਈ ਆਪਣੀਆਂ ਮਰਹਮ ਪੱਟੀਆਂ ਕਰ ਰਹੇ ਸਨ। ਦੁੱਧ ਵਿਚ ਘਿਓ ਪਾ ਕੇ ਪੀ ਰਹੇ ਸਨ। ਫਟਕੜੀ ਫੁੱਲ ਹੋਈ ਦੇ ਫੱਕੇ ਮਾਰ ਰਹੇ ਸਨ ਜਾਂ ਕੱਚੀ ਹਲਦੀ ਕੁੱਟ-ਕੁੱਟ ਕੇ ਛਕ ਰਹੇ ਸਨ। ਘੋੜੇ ਵਾਧੂ ਹੋ ਗਏ ਸਨ। ਸੰਭਾਲਣੇ ਮੁਸ਼ਕਿਲ ਸਨ। ਨਵੇਂ ਭੁਜੰਗੀ ਦਲ ਵਿਚ ਆ ਰਹੇ ਸਨ। ਉਨ੍ਹਾਂ ਨੂੰ ਨਵੇਂ ਝੱਗੇ, ਨਵੇਂ ਸ਼ਸਤਰ, ਨੇਜ਼ਿਆਂ ਦੀ ਜੋੜੀ, ਜ਼ਹਿਰ 'ਚ ਭਿੱਜੀ ਹੋਈ ਤਲਵਾਰ ਜੱਥੇ ਵੱਲੋਂ ਮਿਲਦੀ। ਇਕ ਇਕ ਘੋੜੇ ਸਾਂਭ ਲਏ ਦੂਲਿਆਂ ਨੇ।

ਘੋੜਿਆਂ ਨੂੰ ਨਿਹਾਰੀ ਚਾਰਨੀ, ਦਾਣਾ ਪਾਉਣਾ, ਮਾਲਿਸ਼ ਕਰਨੀ, ਘਾਹ ਪੂਰਾ-ਪੂਰਾ, ਉਹਦੀਆਂ ਗਰਾਹੀਆਂ ਦੇਣੀਆਂ। ਨਿਹੰਗ ਪੁੱਤਾਂ ਵਾਂਗੂੰ ਪਾਲਦੇ ਸਨ ਘੋੜੇ।

ਕੁਝ ਮਜਬੂਰੀ ਨਾਲ, ਕੁਝ ਚਾਅ ਨਾਲ ਤੇ ਕੁਝ ਸ਼ਰਧਾ ਨਾਲ ਤੇ ਕੁਝ ਜੋਸ਼ 'ਚ ਆਏ। ਤਰਨਾ ਦਲ ਵਿਚ ਭੀੜ ਲੱਗ ਗਈ।

ਹਥਿਆਰ ਚਲਾਉਣੇ, ਗਤਕਾ ਖੇਡਣਾ, ਤਲਵਾਰਾਂ ਦੇ ਹੱਥ ਦੇ ਭੱਲਥੇ ਮਾਰਨੇ, ਨੇਜ਼ੇਬਾਜ਼ੀ ਕਰਨੀ, ਘੋੜਿਆਂ ਦੀ ਦੌੜ। ਇਹੋ ਕੰਮ ਸੀ ਸਾਰੀ ਦਿਹਾੜੀ ਦਾ।

ਬਾਈ ਜ਼ਖ਼ਮ ਸਨ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਜਿਸਮ ਤੇ। ਛਾਨਣੀ ਛਾਨਣੀ ਹੋਇਆ ਸੀ ਸਰੀਰ ਪਰ ਰੱਤੀ ਭਰ ਵੀ ਪਰਵਾਹ ਨਹੀਂ ਸੀ ਕੀਤੀ।

ਪਿੰਡਾਂ ਵਿਚ ਢੰਡੋਰਾ ਪਿਟਵਾਇਆ ਜਾ ਰਿਹਾ ਸੀ, ਨੌਬਤ ਵਜਾ ਦਿੱਤੀ। ਢੋਲ ਤੇ ਡੱਗਾ ਲਾਇਆ। ਆਓ ਧਰਮ ਯੁੱਧ ਵਿਚ ਜਿਸ ਸ਼ਾਮਲ ਹੋਣਾ ਏ। ਗੁਰਾਂ ਦੀਆਂ ਅਸੀਸਾਂ ਲਵੋ। ਇਹ ਉਹੋ ਈ ਜ਼ਾਲਮ ਲੁਟੇਰਾ ਏ ਜਿਸਨੇ ਸਾਡੇ ਪਵਿੱਤਰ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ ਏ। ਗਊਆਂ ਕਤਲ ਕਰਵਾਈਆਂ ਨੇ। ਕੀ ਨਹੀਂ ਕੀਤਾ।

ਇਹਦੇ ਮੁਕਾਬਲੇ ਲਈ ਬੁੱਢੇ ਦਲ ਨੇ ਜਿਹੜਾ ਬੀੜਾ ਚੁੱਕਿਆ ਏ। ਆਓ ਜਵਾਨੀ ਵਾਰਨ ਦੇ ਦਿਨ ਆਏ ਨੇ। ਸ਼ਹੀਦੀਆਂ ਪਾਉਣ ਦਾ ਮੌਸਮ ਆ ਗਿਐ। ਭੀੜ ਦਿਨ-ਬ-ਦਿਨ ਵਧ ਰਹੀ ਸੀ। ਜਿੱਦਾਂ ਮੱਸਿਆ ਲੱਗੀ ਹੋਵੇ ਮੁਕਤਸਰ ਦੀ।

ਬੜਾ ਉਤਸ਼ਾਹ ਸੀ, ਬੜਾ ਜੋਸ਼ ਸੀ, ਬੜੀ ਸ਼ਰਧਾ ਸੀ। ਕੁਪ ਰਹੀੜਾ ਦਾ ਘਾਟਾ ਦਿਨਾਂ ਵਿਚ ਈ ਪੂਰਾ ਹੋ ਗਿਆ। ਨਫਰੀ ਅੰਦਾਜ਼ੇ ਤੋਂ ਵੱਧ ਇਕੱਠੀ ਹੋ ਗਈ। ਪੰਜਾਬੀਆਂ ਦੇ ਅੱਥਰੂ ਸੁੱਕ ਗਏ ਸਨ। ਉਹਨਾਂ ਕਲੇਜੇ ਤੇ ਪੱਥਰ ਧਰ ਲਿਆ ਸੀ।

ਮੁਟਿਆਰਾਂ ਜਵਾਨ, ਜਿਹਨਾਂ ਦੇ ਖ਼ਸਮ, ਦਿਓਰ, ਜੇਠ ਕੁਪ ਰਹੀੜਾ ਵਿਚ ਸ਼ਹੀਦ ਹੋਏ ਸਨ, ਉਹਨਾਂ ਕਸਮਾਂ ਖਾਧੀਆਂ "ਅਸੀਂ ਪੁੱਤ ਜੰਮਾਂਗੀਆਂ, ਜਿਹੜੇ ਕਾਬਲ ਤੱਕ ਵਾਰਾਂ ਪਾਉਂਦੇ ਜਾਣਗੇ। ਉਹਨਾਂ ਸਾਡੇ ਸੁਹਾਗ ਉਜਾੜੇ ਹਨ। ਅਸੀਂ ਉਹਨਾਂ ਦੀ ਹਿੱਕ ਤੇ ਝੰਡੇ ਗੱਡਾਂਗੇ।"

ਤਿੰਨ ਮਹੀਨੇ ਮਸਾਂ ਈ ਗੁਜਰੇ ਸਨ। ਦਲ ਵਿਚ ਫੇਰ ਗਹਿਮਾ-ਗਹਿਮੀ ਹੋ ਗਈ। ਅਹਿਮਦ ਸ਼ਾਹ ਅਬਦਾਲੀ ਵਾਪਸ ਜਾ ਰਿਹਾ ਸੀ। ਲੋਕ ਆਖ ਰਹੇ ਸਨ। ਦਲ ਤਿਆਰ ਏ। ਵੇਖ ਲਏ ਅਬਦਾਲੀ ਫੇਰ ਦੋ ਹੱਥ ਕਰਕੇ।

ਯਾਰੋ ਧੰਨ ਹਨ, ਤਿੰਨਾਂ ਮਹੀਨਿਆਂ ਵਿਚ ਈ ਤਿਆਰੀ। ਇਹ ਬੰਦੇ ਨਹੀਂ ਫ਼ਰਿਸ਼ਤੇ

ਹਨ। ਜਜ਼ਬਾ ਇਨ੍ਹਾਂ ਦੇ ਅੰਦਰ ਕੰਮ ਕਰ ਰਿਹੈ। ਰੂਹ ਫੂਕ ਦਿੱਤੀ ਏ ਗੁਰੂਆਂ ਨੇ ਇਹਨਾਂ ਅੰਦਰ। ਇਨ੍ਹਾਂ ਸਾਹਮਣੇ ਸਿਰਫ਼ ਇਕੋ ਈ ਨਿਸ਼ਾਨਾ ਏ, ਪੰਜਾਬ ਸਾਡਾ ਏ। ਇਹਦੇ ਤੇ ਕਿਸੇ ਵਿਦੇਸ਼ੀ ਦਾ ਅਸਾਂ ਪਰਛਾਵਾਂ ਨਹੀਂ ਪੈਣ ਦੇਣਾ। ਅਹਿਮਦ ਸ਼ਾਹ ਦਾ ਅਸਾਂ ਬੁਖਾਰ ਭੰਨਣਾ ਹੈ। ਸੰਘ ਵਿਚ ਫਾਨਾ ਠੋਕਣਾ ਏ। ਅਸੀਂ ਤਰਨਾ ਦਲ ਦੇ ਗੱਭਰੂ ਹਾਂ। ਅਸੀਂ ਬੁੱਢੇ ਦਲ ਦੇ ਫਰਲੇ ਉੱਚੇ ਕਰਨੇ ਹਨ। ਸਤਿਗੁਰ ਸਾਨੂੰ ਤੌਫੀਕ ਦੇਵੇ।

ਬੋਲੇ ਸੋ ਨਿਹਾਲ ਸਤ ਸ੍ਰੀ ਅਕਾਲ। ਇਕ ਜੱਥਾ ਕਲਾਨੌਰ ਵਿਚ ਈ ਨਾਅਰੇ ਮਾਰ ਰਿਹਾ ਸੀ।

—ਇਹ ਕੌਣ ਹਨ। ਮੁੰਡੀਰ ਮੁੰਡਿਆਂ ਦੀ।

—ਤਰਨਾ ਦਲ ਦੇ ਭੁਜੰਗੀ, ਨਵੀਂ ਭਰਤੀ।

—ਇਹ ਕੀ ਕਰਨਗੇ ਸਾਡਾ ਮੁਕਾਬਲਾ।

—ਇਹ ਅੱਗ ਦੀਆਂ ਨਾੜਾਂ ਹਨ, ਇਹ ਜ਼ਹਿਰੀਲੇ ਸੱਪ ਹਨ। ਹੁਣ ਪੰਜਾਬ ਜਾਗ ਉੱਠਿਆ ਏ।

—ਹੁਣ ਸਾਨੂੰ ਪੰਜਾਬ ਵੱਲ ਮੂੰਹ ਨਹੀਂ ਕਰਨਾ ਚਾਹੀਦਾ।

—ਦੇਗ-ਤੇਗ ਫ਼ਤਿਹ, ਤਲਵਾਰਾਂ ਇਕ ਵਾਰ ਫੇਰ ਉੱਭਰੀਆਂ।

ਜੱਥੇ ਨਿਕਲਦੇ ਰਹੇ। ਢਾਣੀਆਂ ਬਣਦੀਆਂ ਰਹੀਆਂ। ਅਹਿਮਦ ਸ਼ਾਹ ਅਬਦਾਲੀ ਵੇਖ ਰਿਹਾ ਸੀ, ਸੁਣ ਰਿਹਾ ਸੀ। ਕੋਈ ਕੌਮ ਏਨਾਂ ਨੁਕਸਾਨ ਕਰਾਕੇ ਤਿੰਨਾਂ ਮਹੀਨਿਆਂ ਵਿਚ ਤਿਆਰ ਨਹੀਂ ਹੋ ਸਕਦੀ। ਇਹ ਇਕ ਕ੍ਰਿਸ਼ਮਾ ਏ, ਇਕ ਅਜੂਬਾ ਏ, ਇਕ ਖੁਦਾਈ ਤਾਕਤ ਏ।

67

ਪੰਜਾਹ ਹਜ਼ਾਰ ਨਜ਼ਰਾਨਾ

ਪੰਜਾਹ ਹਜ਼ਾਰ ਨਜ਼ਰਾਨਾ ਦੇਣਾ ਚਾਹੀਦਾ ਸੀ ਨਿਹੰਗਾਂ ਨੂੰ, ਪਰ ਦੇ ਰਿਹਾ ਸੀ ਜ਼ੈਨ ਖ਼ਾਂ। ਗੰਗਾ ਉਲਟੀ ਵਗ ਰਹੀ ਸੀ।

ਅਜੇ ਪੱਟੀਆਂ ਈ ਬੰਨ੍ਹ ਰਹੇ ਸਨ ਨਿਹੰਗ।

ਜ਼ੈਨ ਖ਼ਾਂ ਨੇ ਲਲਕਾਰੇ ਮਾਰੇ। ਮਾਂਗਵੀਂ ਧਾੜ ਦੀ ਸ਼ਹਿ ਤੇ।

—ਬੁੱਢੇ ਦਲ ਵਾਲੇ ਮਰ ਖਪ ਗਏ ਹਨ। ਜਿਹੜੇ ਬਚ ਗਏ ਹਨ, ਉਹ ਉਹਨਾਂ ਦੇ ਸੰਸਕਾਰ ਵਿਚ ਰੁੱਝੇ ਹੋਏ ਹਨ।

ਲਲਕਾਰਾ ਕਿਸ ਭਾਅ ਪਿਆ। ਇਹ ਤੇ ਜ਼ੈਨ ਖ਼ਾਂ ਈ ਜਾਣਦਾ ਏ।

—ਕੁਪ ਰਹੀੜਾ ਦੀ ਜਿੱਤ ਨੇ ਜ਼ੈਨ ਖ਼ਾਂ ਦਾ ਮਿਜ਼ਾਜ਼ ਉੱਚਾ ਕਰ ਦਿੱਤਾ ਸੀ। ਮਗ਼ਰੂਰ ਹੋ ਗਿਆ ਸੀ। ਬੱਕਰੇ ਬੁਲਾਉਂਦਾ ਵਾਪਸ ਆ ਰਿਹਾ ਸੀ ਸਰਹੰਦ ਵੱਲ। ਜਦ ਹਾਕਮ ਈ ਏਨਾਂ ਮੂੰਹ ਜ਼ੋਰ ਹੋ ਜਾਵੇ ਤਾਂ ਫੇਰ ਫ਼ੌਜ ਦੀ ਨਫਰੀ ਕੀ ਚੰਦ ਨਹੀਂ ਚੜ੍ਹਾਏਗੀ।

ਜੈਕਾਰੇ ਤੇ ਮਾਰ ਲਏ ਪਰ ਸੰਭਾਲ ਨਾ ਸਕਿਆ।

ਜੱਸਾ ਸਿੰਘ ਆਹਲੂਵਾਲੀਏ ਨੇ ਆਪ ਈ ਉਹਨਾਂ ਨੂੰ ਖੁੱਲ ਦੇ ਦਿੱਤੀ। ਪਹਿਲਾਂ

ਤਾਂ ਉਨ੍ਹਾਂ ਨੂੰ ਜਾਣ ਦਿੱਤਾ ਪਰ ਜਦੋਂ ਬਹੁਤ ਈ ਹੱਦ ਤੋਂ ਟੱਪ ਗਏ ਤਾਂ ਫੇਰ ਨਿਕਲੇ ਸੂਰਮੇ ਬਿਨਾਂ ਗਿਣਤੀ ਤੋਂ, ਬਿਨਾਂ ਤਾਦਾਦ ਗਿਣਿਆਂ। ਪਤਾ ਨਹੀਂ ਜ਼ੈਨ ਖ਼ਾਂ ਕੋਲ ਕਿੰਨੀ ਨਫ਼ਰੀ ਸੀ ਤੇ ਜੱਸਾ ਸਿੰਘ ਕੋਲ ਕਿੰਨੇਂ ਬੰਦੇ ਸਨ।

ਜਜ਼ਬੇ ਵਿਚ ਈ ਜਾ ਲਲਕਾਰਿਆ। ਇਕ ਈ ਝਪਟ ਮਾਰੀ। ਹਵਾ ਸਰਕ ਗਈ।

—ਕੌਣ, ਜੱਸਾ ਸਿੰਘ ਆਹਲੂਵਾਲੀਆ।

—ਰੂਹ ਕਬਜ਼ ਹੋ ਗਈ। ਹੱਥ ਜੋੜੇ, ਮਾਫ਼ ਕਰ ਦਿਓ ਨਿਹੰਗ ਪਾਤਸ਼ਾਹ, ਸਾਡੇ ਮੁੰਡਿਆਂ ਨੇ ਰਾਤੀਂ ਜ਼ਿਆਦਾ ਪੀ ਲਈ ਸੀ।

—ਇਨ੍ਹਾਂ ਦੇ ਮੂੰਹ ਵਿਚ ਲਗਾਮ ਦੇਣੀ ਸੀ।

—ਗ਼ਲਤੀ ਹੋ ਗਈ, ਬਖ਼ਸ਼ੋ।

—ਅੱਲਾ ਹੂ ਅਕਬਰ।

—ਕੌਣ ਏ? ਜੱਸਾ ਸਿੰਘ ਆਹਲੂਵਾਲੀਏ ਨੇ ਪੁੱਛਿਆ।

—ਅਸਾਂ ਜੱਸਾ ਸਿੰਘ ਦੀ ਧੌਣ ਲਾਹੁਣੀ ਏ।

—ਇਕ ਟੁਕੜੀ ਨੇ ਵਾਹਿਗੁਰੂ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ ਦਾ ਜੈਕਾਰਾ ਛੱਡਿਆ।

ਜ਼ਰਾ ਕੁ ਮੁੱਠਭੇੜ ਹੋ ਗਈ। ਬਿਨਾਂ ਗਿਣਤੀ ਦੇ ਬੰਦੇ ਕਤਲ ਹੋਏ। ਜ਼ੈਨ ਖ਼ਾਂ ਨੱਸ ਉੱਠਿਆ। ਫੜ ਲਿਆ ਨਿਹੰਗਾਂ ਨੇ ਤੇ ਗਲ ਵਿਚ ਰੱਸਾ ਪਾ ਲਿਆ।

ਆਖਣ ਲਗਾ ਜ਼ੈਨ ਖ਼ਾਂ—ਮਾਫ਼ੀ ਦੇ ਦਿਓ ਨਿਹੰਗ ਪਾਤਸ਼ਾਹ। ਤਨਖ਼ਾਹ ਲਾ ਲਵੋ, ਜਾਨ ਬਖ਼ਸ਼ੋ।

—ਇਹ ਤੇ ਅਖ਼ਤਿਆਰ ਸਿਰਫ਼ ਜੱਥੇਦਾਰ ਨੂੰ ਹੈ। ਵਿਚੋਲਾ ਵਿਚ ਪਿਆ ਸੀ ਤਾਂ ਜੱਥੇਦਾਰ ਦੀ ਹਾਜ਼ਰੀ ਭਰੀ।

—ਗੁਸਤਾਖ਼ੀ ਦੀ ਸਜ਼ਾ, ਲੁੱਟ ਦਾ ਮਾਲ ਸਾਡਾ।

—ਹੁਣ ਕੀ ਚਾਹੁੰਦੀਆਂ ਨੇ ਸਰਕਾਰਾਂ।

—ਪੰਜਾਹ ਹਜ਼ਾਰ ਨਜ਼ਰਾਨਾ ਤੇ ਕੜਾਹ ਪ੍ਰਸ਼ਾਦ ਦੀ ਰਕਮ ਵੱਖਰੀ।

ਮਨਜ਼ੂਰ, ਗਿਣਤੀ ਕਰ ਲਵੋ ਰਕਮ।

—ਕੋਈ ਹੱਥ ਨਾ ਲਾਏ, ਜਾਣ ਦਿਓ ਭੱਗਲ ਹੋਏ ਬਹਾਦਰ ਨੂੰ। ਜਾਓ ਸਰਹੰਦ, ਉੱਥੇ ਦੀਦਾਰ ਹੋਣਗੇ।

68

ਬੇਈਮਾਨ

ਸੁਲਹਾ ਤੇ ਹੋ ਗਈ, ਖ਼ਾਲਸੇ ਨੇ ਮਾਫ਼ ਵੀ ਕਰ ਦਿੱਤਾ ਪਰ ਇਮਾਨ ਬਦਲ ਗਿਆ। ਓਸ ਬੇਈਮਾਨ ਨੇ ਛੋਟੇ ਜਿਹੇ ਲਾਲਚ ਵਿਚ ਆ ਕੇ। ਪੱਗ ਨੂੰ ਦਾਗ਼ਦਾਰ ਕਰ ਲਿਆ। ਇਹ ਬੰਦਿਆਂ ਤੇ ਬਹਾਦਰਾਂ ਦਾ ਕੰਮ ਨਹੀਂ।

ਲਕਸ਼ਮੀ ਨਾਰਾਇਣ ਜੁੱਟ ਸੀ ਜ਼ੈਨ ਖ਼ਾਂ ਦਾ। ਕਾਫ਼ੀ ਹਿੱਸਾ ਲੁੱਟ ਲਿਆ ਸੀ, ਜ਼ੈਨ

ਖ਼ਾਂ ਦਾ। ਪਰ ਫੇਰ ਵੀ ਮਾਇਆ ਦਾ ਕੁਝ ਘਾਟਾ ਨਹੀਂ ਸੀ। ਮੋਹਰਾਂ ਦੀਆਂ ਟੋਕਰੀਆਂ ਭਰੀਆਂ ਹੋਈਆਂ ਸਨ। ਨਿਹੰਗਾਂ ਨੇ ਉਸ ਦੀਆਂ ਇਕੋ ਹੀ ਝਟਕੇ ਵਿਚ ਨਾਸਾਂ ਬੰਦ ਕਰ ਦਿੱਤੀਆਂ। ਮਜਬੂਰੀ ਵਿਚ ਇਹ ਰਕਮ ਤਾਰੀ ਸੀ ਤੇ ਆਪਣੀ ਜਾਨ ਬਚਾਈ ਸੀ।

ਮਾੜੀ ਜਿਹੀ ਜ਼ੈਨ ਖ਼ਾਂ ਦੇ ਕੰਨ ਵਿਚ ਫੂਕ ਮਾਰੀ ਸੀ ਲਕਸ਼ਮੀ ਨਾਰਾਇਣ ਨੇ।

—ਪੁਰਾਣੀ ਕਿੜ ਸੀ, ਉਹਨੂੰ ਮੌਕਾ ਮਿਲ ਗਿਆ ਸੀ। ਉਸ ਫੂਕ ਮਾਰੀ ਸਾਡੇ ਕੋਲ ਫ਼ੌਜ ਬਹੁਤ ਏ। ਮੇਰੀ ਫ਼ੌਜ ਵੀ ਆਣ ਰਲੀ ਏ, ਪੰਜਾਹ ਹਜ਼ਾਰ ਨਜ਼ਰਾਨਾ, ਇਹ ਸਿੱਖ ਲੈ ਜਾਣਗੇ।

—ਮਸਤ ਹਾਥੀ ਵਾਂਗੂੰ ਝੂਲਦੇ ਜਾ ਰਹੇ ਸਨ, ਬੇ-ਫ਼ਿਕਰ। ਪਿੱਛੋਂ ਹਮਲਾ ਕਰ ਦਿਓ, ਤਾਂਕਿ ਪੰਜਾਹ ਹਜ਼ਾਰ ਨਜ਼ਰਾਨਾ ਇਹ ਡਕਾਰ ਨਾ ਜਾਣ।

—ਜ਼ੈਨ ਖ਼ਾਂ ਨੇ ਸੋਚਿਆ ਲਕਸ਼ਮੀ ਨਾਰਾਇਣ ਦੀ ਗੱਲ ਤੇ ਸੌਲਾਂ ਆਨੇ ਸੱਚ ਏ। ਇਹ ਗਿੱਝੇ-ਗਿੱਝੇ ਫੇਰ ਆਣ ਧਮਕਣਗੇ ਸਰਹੰਦ ਵਿਚ। ਇਹਨਾਂ ਚੋਰਾਂ ਨੇ ਘਰ ਵੇਖ ਲਿਐ। ਰੋਜ਼ ਲੁੱਟਣਗੇ, ਰੋਜ਼ ਨਜ਼ਰਾਨੇ ਕੌਣ ਦੇਵੇ।

—ਬੱਚੂ ਜੱਸਾ ਸਿੰਘ ਆਹਲੂਵਾਲੀਏ ਦਾ ਨਾਂ ਸੁਣਿਆ ਹੋਇਆ ਏ। ਇਕ ਹਮਦਰਦੀ ਨੇ ਸਲਾਹ ਦਿੱਤੀ।

—ਦਮ ਖੁਸ਼ਕ ਹੋ ਜਾਏਗਾ। ਸ਼ੇਰ ਏ ਬੱਬਰ ਹੈ।

—ਵੇਖ ਲਾਂਗੇ ਜੱਸਾ ਸਿੰਘ ਆਹਲੂਵਾਲੀਆ। ਕੁਪ ਰਹੀੜਾ ਵਿਚ ਕਿੱਥੇ ਗਏ ਸਨ? ਫਿਰ ਟਕੋਰ ਕੌਣ ਕਰੂ?

—ਖ਼ਾਂ ਸਾਹਿਬ ਅਸੀ ਕਿਸ ਮਰਜ਼ ਦੀ ਦਵਾ ਹਾਂ। ਤੇਲ ਤੇ ਪੱਟੀਆਂ ਸਾਡੇ ਕੋਲ ਹਨ।

—ਸਰਹੰਦ ਵਾਲੇ ਜਾਣਦੇ ਸਨ, ਨਿਹੰਗਾਂ ਦੇ ਜੱਥੇਦਾਰ ਦਾ ਸਾਮਾਨ ਲੁੱਟ ਲੈਣਾ ਤੇ ਉਹਨੂੰ ਹਜ਼ਮ ਕਰਨਾ ਅਸਾਂ ਤੇ ਨਜ਼ਰਾਨਾ ਦੇ ਕੇ ਆਪਣੀ ਜਾਨ ਬਚਾਈ ਏ। ਕਿਸੇ ਨੂੰ ਲੜਾਈ ਦਾ ਚਿਤ ਚੇਤਾ ਈ ਨਹੀਂ ਸੀ। ਅਜੇ ਤੇ ਹੁਣੇ ਈ ਪੰਜਾਹ ਹਜ਼ਾਰ ਦਾ ਨਜ਼ਰਾਨਾ ਦੇ ਕੇ ਜਾਨ ਛੁਡਾਈ ਏ। ਹੁਣੇ ਈ ਕਿੱਦਾਂ ਹਮਲਾ ਕਰ ਸਕਦੇ ਹਨ? ਇਹ ਜ਼ਰੂਰ ਕੋਈ ਸਾਜ਼ਿਸ਼ ਏ।

—ਨਿਹੰਗ ਪਾਤਸ਼ਾਹ ਸੁੱਖ ਨਿਧਾਨ ਛਕੇ ਹੋਏ ਸਨ। ਉਹਨਾਂ ਮੁੜ ਕੇ ਵੇਖਿਆ—ਲਕਸ਼ਮੀ ਨਾਰਾਇਣ ਏ ਸਰਹੰਦ ਵਾਲਿਆਂ ਦਾ ਯਾਰ।

—ਕਿਉਂ ਬਈ ਕੀ ਲੈਣ ਆਇਆ ਏ ਹਿੱਸਾ?

—ਹਾਂ ਸਾਰਾ ਮਾਲ ਤੁਸੀ ਹਜ਼ਮ ਕਰ ਜਾਓ ਤੇ ਸਾਨੂੰ ਲਾਗਤ ਵੀ ਨਾ ਦਿਓ।

ਇਕ ਨਿਹੰਗ ਅਸਮਾਨੇ ਚੜ੍ਹਿਆ ਹੋਇਆ ਸੀ। ਉਸ ਤਲਵਾਰ ਦਾ ਹੱਥ ਮਾਰਿਆ ਤੇ ਡਿੱਗ ਪਈ ਦਸਤਾਰ।

—ਲੈ ਬੱਚੂ ਪੰਜਾਹ ਹਜ਼ਾਰ ਦਾ ਵਿਆਜ਼, ਰਕਮ ਗਿਣ ਲੈ।

—ਤੁਸੀ ਕੀ ਲੈਣ ਖੜ੍ਹੇ ਹੋ?

—ਤਮਾਸ਼ਾ ਵੇਖਣ।

—ਤੁਹਾਨੂੰ ਵੀ ਪ੍ਰਸ਼ਾਦ ਦੇ ਦਈਏ।

—ਵਾਹਿਗੁਰੂ ਕਹੋ ਨਿਹੰਗ ਪਾਤਸ਼ਾਹ। ਅਸੀ ਦਲ ਵਿਚ ਨਵੇਂ ਆਏ ਹਾਂ।

—ਲਕਸ਼ਮੀ ਨਾਰਾਇਣ ਨੇ ਆਪਣੀ ਪੱਗ ਵੀ ਲੁਹਾਈ ਤੇ ਨਾਲੇ ਜ਼ੈਨ ਖ਼ਾਂ ਦੀ ਪੱਗ ਵੀ ਰੋਲੀ। ਸ਼ਗਨ ਪਾਇਆ ਬੇਈਮਾਨੀ ਦਾ ਉਹਦੀ ਝੋਲੀ ਵਿਚ।

69

ਆਪੇ ਫਾਥੀਏ ਤੈਨੂੰ ਕੌਣ ਛੁਡਾਏ

ਨਿਹੰਗ ਵੱਡੇ ਤੋਂ ਵੱਡੇ ਗੁਨਾਹ ਮਾਫ਼ ਕਰਦੇ ਆਏ। ਨਿਹੰਗ ਕੈਦੀ ਨੂੰ ਕਤਲ ਨਹੀਂ ਸਨ ਕਰਦੇ। ਮਾੜੀ ਜਿਹੀ ਤਨਖ਼ਾਹ ਲਾ ਕੇ ਛੱਡ ਦੇਂਦੇ। ਇਹੋ ਉਨ੍ਹਾਂ ਦੀ ਦਰਿਆਦਿਲੀ ਸੀ।

ਜ਼ੈਨ ਖ਼ਾਂ ਨੂੰ ਚੁੱਕ ਸੀ ਲਕਸ਼ਮੀ ਨਾਰਾਇਣ ਦੀ। ਆਪਣਾ ਬਚਿਆ ਸਾਮਾਨ ਲੁਟਵਾ ਕੇ ਘਰ ਮੁੜੇ ਜ਼ੈਨ ਖ਼ਾਂ ਨੂੰ ਛੱਡ ਦਿੱਤਾ।

ਜੱਸਾ ਸਿੰਘ ਆਹਲੂਵਾਲੀਆ ਆਖਣ ਲੱਗਾ—ਜਾਣ ਦਿਓ, ਸਰਹੰਦ ਲੁੱਟਾਂਗੇ ਤੇ ਫੇਰ ਜੋ ਕੁਝ ਮਿਲੇਗਾ, ਓਸੇ ਤੇ ਸਬਰ ਕਰਾਂਗੇ। ਇੱਥੇ ਥੋੜ੍ਹੀ ਜਿਹੀ ਝੜਪ ਹੋਈ ਏ ਤੇ ਕੁਝ ਪੱਲੇ ਨਹੀਂ ਪਿਆ। ਚਲੋ ਸਵਾਦ ਚਖਾ ਦਿੱਤਾ ਏ। ਤਾਕਤ ਦਾ ਪਤਾ ਲੱਗ ਗਿਆ ਏ। ਜਾਣ ਦਿਓ ਘਰ ਜਾ ਕੇ ਸਾਹ ਲਵੇ। ਅਸਾਂ ਸਰਹੰਦ ਲੁੱਟਣੀ ਏ ਤੇ ਕੁਪ ਰਹੀੜਾ ਦਾ ਬਦਲਾ ਵੀ ਲੈਣਾ ਏ। ਏਸੇ ਨੇ ਸਾਡਾ ਸਭ ਤੋਂ ਜ਼ਿਆਦਾ ਨੁਕਸਾਨ ਕੀਤਾ ਏ।

—ਤੁਹਾਡੀ ਮਰਜ਼ੀ ਜੱਥੇਦਾਰ ਜੀ। ਇਹ ਬੇਈਮਾਨ ਅਹਿਮਦ ਸ਼ਾਹ ਅਬਦਾਲੀ ਨੂੰ ਵੀ ਚਮਕਾ ਦੇ ਗਿਆ ਸੀ। ਏਸ ਆਲਾ ਸਿੰਘ ਨਾਲ ਗਰਾਹੀਆਂ ਸਾਂਝੀਆਂ ਕੀਤੀਆਂ ਹੋਈਆਂ ਨੇ। ਏਸ ਅਹਿਮਦ ਸ਼ਾਹ ਅਬਦਾਲੀ ਦੀ ਦਾਅਵਤ ਤੇ ਯਰਾਨਾ ਗੰਢਿਆ ਹੋਇਆ ਏ। ਸਾੜੇ ਤੇ ਡੋਰੇ ਪਾ ਰਿਹਾ ਸੀ। ਵਾਹਿਗੁਰੂ ਨੇ ਸਾਨੂੰ ਬਚਾਅ ਲਿਐ। ਬਹਿਰੂਪੀਆ ਆਪੇ ਈ ਨੰਗਾ ਹੋ ਗਿਐ। ਜਾਣ ਦਿਓ ਇਹ ਤੇ ਘੜੇ ਦੀ ਮੱਛੀ ਏ। ਅਬਦਾਲੀ ਨੇ ਇਥੇ ਕਿਹੜਾ ਬਹਿ ਰਹਿਣੈ। ਇਹਨੂੰ ਜਾਣ ਦਿਓ, ਇਹਦੀ ਜੁੱਤੀ ਫੇਰ ਨੱਪ ਲਵਾਂਗੇ। ਬੜੀ ਹੋ ਗਈ ਏ, ਨਜ਼ਰਾਨਾ ਦੇ ਕੇ ਓਸ ਆਪਣਾ ਰਾਹ ਸਾਫ਼ ਕਰ ਲਿਆ। ਲਕਸ਼ਮੀ ਨਾਰਾਇਣ ਕਰਾੜ ਵੀ ਛੁੱਟ ਗਿਆ।

ਚੜ੍ਹਤ ਸਿੰਘ ਆਖਣ ਲਗਾ : ਜ਼ੈਨ ਖ਼ਾਂ ਨੂੰ ਪਹਿਲਾਂ ਮਾਰੋ। ਨਹੀਂ ਏਦਾਂ ਨਹੀਂ, ਪਹਿਲਾਂ ਕਰਾੜ ਨੂੰ ਮਾਰੋ। ਕਰਾੜ ਤੇ ਸੱਪ ਦੋਵੇਂ ਇਕੱਠੇ ਆ ਰਹੇ ਹੋਣ ਤਾਂ ਪਹਿਲਾਂ ਕਰਾੜ ਨੂੰ ਮਾਰੋ ਪਿੱਛੋਂ ਸੱਪ ਨੂੰ ਛੱਡ ਦਿਓ। ਸੱਪ ਤੋਂ ਜ਼ਿਆਦਾ ਜ਼ਹਿਰੀਲਾ ਏ ਕਰਾੜ।

—ਹਰਨ ਹੋ ਚੱਲੋ। ਸੁਣਿਆ ਏ ਅਹਿਮਦ ਸ਼ਾਹ ਅਬਦਾਲੀ ਨੇ ਆਪਣਾ ਰੁਖ਼ ਅੰਮ੍ਰਿਤਸਰ ਵੱਲ ਕਰ ਲਿਐ। ਹੁਣ ਅੰਮ੍ਰਿਤਸਰ ਵਿਚ ਈ ਮੇਲੇ ਹੋਣਗੇ, ਛਿੰਝ ਪੈਣੀ ਏ।

—ਦਲ ਨੇ ਵਹੀਰਾਂ ਅੰਮ੍ਰਿਤਸਰ ਵੱਲ ਮੋੜ ਲਈਆਂ। ਬੁੱਢਾ ਦਲ ਤੇ ਤਰਨਾ ਦਲ ਵਾਲੇ ਇਕੱਠੇ ਹੋ ਰਹੇ ਸਨ।

—ਪਹਿਲਾਂ ਅੰਮ੍ਰਿਤਸਰ ਬਚਾਓ। ਅਹਿਮਦ ਸ਼ਾਹ ਅਬਦਾਲੀ ਦੀ ਨੀਯਤ ਬਦ ਜਾਪਦੀ ਏ।

—ਬੁੱਢੇ ਦਲ ਨੂੰ ਬਚਾਓ, ਦਰਬਾਰ ਸਾਹਿਬ ਬਚ ਜਾਏਗਾ।

—ਦੀਵਾਲੀ ਅੰਮ੍ਰਿਤਸਰ 'ਚ ਮਨਾਈ ਜਾਏਗੀ। ਹਰਮੰਦਰ ਨੂੰ ਪਲੀਤ ਕਰ ਦਿੱਤੈ। ਗੁਰੂ ਪੁਕਾਰ ਰਿਹਾ ਏ। ਬਾਬੇ ਇਕੱਠੇ ਹੋ ਰਹੇ ਸਨ। ਦੀਵਾਲੀ ਆ ਰਹੀ ਏ। ਚਲੋ ਅਬਦਾਲੀ ਦਾ ਪਿੱਛਾ ਕਰੋ, ਖੁਰਾ ਨੱਪੀ ਜਾਓ। ਜੱਸਾ ਸਿੰਘ ਆਹਲੂਵਾਲੀਏ ਨੇ ਸਲਾਹ ਦਿੱਤੀ।

—ਨੱਸ ਗਿਆ ਜ਼ੈਨ ਖ਼ਾਂ ਸਭ ਕੁਝ ਛੱਡ ਕੇ। ਓਸ ਦਮ ਲਿਆ ਜਾ ਕੇ ਸਰਹੰਦ ਵਿਚ। ਦਿਲੋਂ ਹਾਰ ਮੰਨ ਲਈ। ਹਾਰਿਆ ਹੋਇਆ ਜਵਾਰੀਆ ਕੁਝ ਵੀ ਕਰ ਸਕਦੈ।

—ਏਸ ਹਾਰ ਨੇ ਨਿਹੰਗਾਂ ਲਈ ਨਵੇਂ ਰਸਤੇ ਖੋਲ੍ਹ ਦਿੱਤੇ। ਅਹਿਮਦ ਸ਼ਾਹ ਅਬਦਾਲੀ ਚਾਹੁੰਦਾ ਸੀ ਕਿ ਮੇਰੀ ਇਨ੍ਹਾਂ ਨੂੰ ਹਰ ਵੇਲੇ ਲੋੜ ਪਈ ਰਹੇ। ਇਹ ਕੱਲੇ ਆਪਣੇ ਈ ਕੁੱਕੜ ਨਾ ਬੁਲਾਉਂਦੇ ਰਹਿਣ।

ਸਰਦਾਰਾਂ ਨੇ ਆਪਣੇ-ਆਪਣੇ ਰਾਹ ਮੱਲ ਲਏ ਤੇ ਅਬਦਾਲੀ ਲਾਹੌਰ ਜਾ ਬੈਠਾ।

ਕੁਝ ਲੋਕ ਆਖ ਰਹੇ ਸਨ ਕਿ ਅਬਦਾਲੀ ਦੇਸ਼ ਨੂੰ ਮੁੜ ਰਿਹਾ ਏ।

ਕੁਝ ਇਹ ਵੀ ਆਖਦੇ ਕਿ ਅਹਿਮਦ ਸ਼ਾਹ ਅਬਦਾਲੀ ਆਪਣੇ ਵਤਨ ਨੂੰ ਪਰਤਣ ਲਗਾ ਏ ਜਾਂ ਓਸ ਅੰਮ੍ਰਿਤਸਰ ਵੱਲ ਰੁਖ਼ ਕਰ ਲਿਆ ਏ। ਇਹਦੇ ਵਿਚ ਸੱਚ ਕੀ ਏ, ਝੂਠ ਕੀ ਏ? ਇਹ ਤਾਂ ਵਕਤ ਈ ਦੱਸੇਗਾ।

70

ਅੰਮ੍ਰਿਤਸਰ

ਨਿਹੰਗ ਅੰਮ੍ਰਿਤਸਰ ਮੱਥਾ ਟੇਕਣ ਜਾ ਰਹੇ ਸਨ ਤੇ ਅਹਿਮਦ ਸ਼ਾਹ ਅਬਦਾਲੀ ਲੁੱਟਣ ਲਈ ਜਾ ਰਿਹਾ ਸੀ ਜਾਂ ਬੰਦੇ ਝਟਕਾਉਣ। ਉਹ ਇਕ ਮਾਰ ਮਾਰਨੀ ਚਾਹੁੰਦਾ ਸੀ।

ਗੁਪਤਚਰ ਖ਼ਬਰਾਂ ਦੇ ਰਹੇ ਸਨ। ਅਬਦਾਲੀ ਨੇ ਆਪਣਾ ਬੋਰੀਆ ਬਿਸਤਰਾ ਬੰਨ੍ਹ ਲਿਆ ਏ।

ਕੁਝ ਇਹ ਆਖ ਰਹੇ ਸਨ ਕਿ ਅਹਿਮਦ ਸ਼ਾਹ ਅਬਦਾਲੀ ਥੱਕ ਗਿਆ ਏ। ਮੁੜਨ, ਲਗਾ ਏ ਆਪਣੇ ਵਤਨਾਂ ਨੂੰ।

ਰਾਹੂ ਤੇ ਕੇਤੂ ਇਕੱਠੇ ਹੋ ਗਏ ਹਨ। ਧਰਤੀ ਤੇ ਪਾਪ ਵੱਧ ਗਿਐ। ਗ੍ਰਹਿਣ ਲੱਗਣ ਵਾਲਾ ਏ। ਅਬਦਾਲੀ ਦਾ ਕੋਈ ਪਤਾ ਨਹੀਂ ਕਿ ਉਹਦਾ ਰੁਖ਼ ਕਿੱਧਰ ਏ।

ਗੁਪਤਚਰ ਅੰਦਾਜ਼ਾ ਲਾ ਰਹੇ ਸਨ, ਅਬਦਾਲੀ ਦੀ ਨੀਯਤ ਖ਼ਰਾਬ ਏ। ਓਸ ਹੁਕਮ ਸਾਦਰ ਕਰ ਦਿੱਤਾ ਏ। ਜਾਂਦੀ ਵਾਰੀ ਦਾ ਝੂੰਗਾ ਈ ਸਹੀ। ਅੰਮ੍ਰਿਤਸਰ ਨੂੰ ਘੇਰੋ ਤੇ ਥੱਕੇ ਟੁੱਟੇ ਤੇ ਦਿਲ ਹਾਰੇ ਹੋਏ ਨਿਹੰਗਾਂ ਤੇ ਆਖ਼ਰੀ ਸੱਟ ਮਾਰੋ ਤੇ ਆਪਣੇ ਗਲੋਂ ਬਲਾਅ ਲਾਹ ਦਿਓ। ਹੁਣ ਵਕਤ ਏ।

—ਬੁੱਢਾ ਦਲ ਸੋਚ ਵੀ ਨਹੀਂ ਸੀ ਸਕਦਾ ਕਿ ਮੈਂ ਅੰਮ੍ਰਿਤਸਰ ਤੇ ਹਮਲਾ ਕਰਾਂਗਾ। ਮੈਂ ਤੇ ਜਾਣ ਦੀਆਂ ਤਿਆਰੀਆਂ ਵਿਚ ਹਾਂ, ਰੁਖ਼ ਬਦਲ ਦਿਓ।

—ਪਹਿਲਾਂ ਅੰਮ੍ਰਿਤਸਰ ਨੂੰ ਨਿਸ਼ਾਨਾ ਬਣਾਓ ਤੇ ਫੇਰ ਵਤਨ ਚੱਲਾਂਗੇ।

—ਜੇ ਮੈਂ ਹੁਣ ਏਸ ਕੰਮ ਤੋਂ ਖੁੰਝ ਗਿਆ ਤਾਂ ਫੇਰ ਮੇਰੇ ਆਉਣ ਤਕ ਇਹ ਇਕ ਪਹਾੜ ਬਣ ਜਾਣਗੇ, ਫੇਰ ਮੁਸ਼ਕਿਲ ਬਣ ਜਾਏਗੀ। ਫੇਰ ਫ਼ਤਹਿ ਨਾਮੁਮਕਿਨ ਹੋ ਜਾਏਗੀ।

—ਹਮਲਾ ਅੰਮ੍ਰਿਤਸਰ ਤੇ, ਕਤਲੇ-ਆਮ।

—ਨਿਹੰਗ ਇਸ਼ਨਾਨ ਤੇ ਪੂਜਾ ਵਿਚ ਰੁਝੇ ਹੋਏ ਹਨ। ਬੇਖ਼ਬਰ ਹਨ, ਇਕ ਕਰਾਰੀ ਚੋਟ ਮਾਰੋ ਤੇ ਹਮੇਸ਼ਾ ਲਈ ਲਾਅਨਤ ਗਲੋਂ ਲੱਥ ਜਾਏਗੀ।

ਰੁਖ਼ ਬਦਲਿਆ ਲਾਹੌਰ ਤੋਂ ਚੱਲੇ ਅੰਮ੍ਰਿਤਸਰ। ਆਣ ਗੱਜੇ ਖ਼ੂੰਖ਼ਾਰ ਲੁਟੇਰੇ।

—ਓਹ ਧੂੜ ਉੱਡ ਰਹੀ ਏ। ਕੌਣ ਏ ਜਿਹੜਾ ਅੰਮ੍ਰਿਤਸਰ ਵੱਲ ਆ ਰਿਹਾ ਏ?

ਜੱਸਾ ਸਿੰਘ ਆਹਲੂਵਾਲੀਆ ਬੋਲਿਆ—ਅਹਿਮਦ ਸ਼ਾਹ ਅਬਦਾਲੀ ਤੋਂ ਬਗ਼ੈਰ ਹੋਰ ਕੌਣ ਹੋ ਸਕਦੈ? ਛੱਡ ਦਿਓ ਸਾਰੇ ਕੰਮ ਪਹਿਲਾਂ ਨਜਿੱਠ ਲਵੋ ਅਬਦਾਲੀ ਨੂੰ। ਵਜਾਓ ਢੋਲ, ਧੌਂਸੇ ਤੇ ਚੋਟ ਮਾਰੋ। ਤਿੱਕੜੀ ਤਿਆਰੇ ਕੱਸ ਲਏ। ਅਹਿਮਦ ਸ਼ਾਹ ਸਿਰ ਤੇ ਨਾ ਆਣ ਪੁੱਜੇ, ਘੋੜਿਆਂ ਤੇ ਪਲਾਕੀਆਂ ਮਾਰੋ।

—ਝੰਡੇ ਨਿਕਲੇ, ਨਰਸਿੰਘੇ ਵੱਜੇ, ਸ਼ੰਖ ਪੂਰਿਆ ਗਿਆ। ਦਲ ਵਾਲੇ ਹਰਮੰਦਰ ਚੌਗਿਰਦੇ ਵਿਚ ਮੋਰਚੇ ਲਾਈ ਬੈਠੇ ਸਨ। ਬੁੱਢੇ ਦਲ ਵਾਲੇ ਸੂਰਮੇ ਵੀ ਆਣ ਰਲੇ।

—ਅੱਲਾ ਹੂ ਅਕਬਰ, ਹਮਲਾ ਜ਼ਬਰਦਸਤ ਹਮਲਾ। ਇਹ ਆਖ਼ਰੀ ਹਮਲਾ ਹੋਵੇਗਾ।

—ਨਿਹੰਗ ਸਿੰਘਾਂ, ਰੰਗਰੇਟਿਆਂ ਨੇ ਜਾਨ ਜੋਖ਼ਮ ਵਿਚ ਪਾ ਕੇ ਡਟ ਗਏ। ਰੋਕਣ ਹਮਲਾ ਅਹਿਮਦ ਸ਼ਾਹ ਅਬਦਾਲੀ ਦਾ।

ਇਹ ਸੁੱਤੇ ਸ਼ੇਰ ਕਿੱਥੋਂ ਨਿਕਲ ਆਏ? ਇਹ ਮਾਰ ਖਾਧੇ ਨਿਹੰਗ ਕਿੱਧਰੋਂ ਨਿਕਲ ਆਏ?

—ਇਹ ਬਹਾਦਰ ਵਤਨ ਦੇ ਸ਼ੈਦਾਈ, ਮਰਦੇ ਮਰਦੇ ਵੀ ਵਤਨ ਲਈ ਮੁਕਾਬਲਾ ਕਰਨਗੇ। ਅਬਦਾਲੀ ਦਾ ਅੰਦਾਜ਼ਾ ਗ਼ਲਤ ਨਿਕਲਿਆ।

ਅਹਿਮਦ ਸ਼ਾਹ ਅਬਦਾਲੀ ਨੇ ਤੋਪਾਂ ਨਾਲ, ਬੁੰਗੇ ਤੇ ਹਰਮੰਦਰ ਨੂੰ ਨਿਸ਼ਾਨਾ ਬਣਾਇਆ। ਸਭ ਕੁਝ ਢਹਿਢੇਰੀ ਕਰ ਦਿੱਤਾ। ਬਸ ਗੁੱਸਾ ਚੰਡਾਲ ਹੁੰਦਾ ਏ ਨਿਹੰਗਾਂ ਨੇ ਜਾਨ ਦੀ ਪਰਵਾਹ ਨਾ ਕੀਤੀ। ਵਰ੍ਹਦੀਆਂ ਗੋਲੀਆਂ ਵਿਚ ਨਿਕਲੇ ਤੇ ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ ਦਾ ਫਾਇਆ ਕਰਨ ਤੇ ਤੁਲ ਗਏ। ਮੁਕਾਬਲਾ ਸਖ਼ਤ ਸੀ।

—ਪੂਰ ਦਿੱਤਾ ਏ ਸਰੋਵਰ, ਮਿੱਟੀ ਗੰਦ ਗਊ ਦਾ ਕਤਲ ਖ਼ੁਰਾ ਖੋਜ ਈ ਮੁਕਾ ਦਿੱਤਾ ਏ।

—ਨਿਹੰਗਾਂ ਦੇ ਮੁਕਾਬਲੇ ਤੇ ਅਹਿਮਦ ਸ਼ਾਹ ਅਬਦਾਲੀ ਤਾਬ ਨਾ ਲਾ ਸਕਿਆ। ਉਹਦੇ ਪੈਰ ਉੱਖੜ ਗਏ, ਨੱਸ ਉਠਿਆ। ਅੱਗੇ ਲੱਗ ਕੇ ਹਾਰ ਸਾਹਮਣੇ ਆਣ ਖਲੋਤੀ।

ਫ਼ੌਜ ਦੀ ਚੌਥਾਈ ਅੰਮ੍ਰਿਤਸਰ ਦੀ ਭੇਟ ਚੜ੍ਹ ਗਈ। ਨਿਹੰਗਾਂ ਦਾ ਵੀ ਕਾਫ਼ੀ ਨੁਕਸਾਨ ਹੋਇਆ ਪਰ ਦੋਵਾਂ ਨੇ ਮੁੱਛਾਂ ਥੱਲੇ ਨਾ ਕੀਤੀਆਂ। ਜਿੱਤ ਦਾ ਸਿਹਰਾ ਬੁੱਢੇ ਦਲ ਦੇ ਸਿਰ ਬੱਝਾ।

—ਨੱਸ ਗਿਆ ਕਾਬਲੀ ਕੁੱਤਾ, ਨੱਸ ਗਿਆ। ਦੋ ਤੋਪਾਂ ਖ਼ਾਲਸੇ ਦੇ ਹਿੱਸੇ ਆਈਆਂ। ਘੋੜੇ, ਹਥਿਆਰ, ਬਾਰੂਦ ਨਿਹੰਗਾਂ ਨੇ ਸੰਭਾਲ ਲਏ।

—ਓਹ ਗਿਆ, ਓਹ ਗਿਆ।

—ਹਵਾ ਵਾਂਗੂੰ ਆਇਆ ਤੇ ਵਾਅ-ਵਰੋਲੇ ਵਾਂਗੂੰ ਉੱਡ ਗਿਆ।

—ਸਰੋਵਰ ਪੂਰਿਆ ਗਿਆ ਸੀ। ਹਰਮੰਦਿਰ ਦੀ ਇਮਾਰਤ ਖੱਖੜੀ-ਖੱਖੜੀ ਹੋ ਚੁੱਕੀ ਸੀ।

—ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ। ਜੈਕਾਰਾ ਸੀ ਹਲਕਾਰੇ ਵਾਂਗੂੰ ਗੂੰਜਿਆ। ਇਤਲਾਹ ਦਿੱਤੀ ਗੁਪਤਚਰਾਂ ਨੇ। ਅਹਿਮਦ ਸ਼ਾਹ ਅਬਦਾਲੀ ਹਨੇਰੇ ਤੋਂ ਫਾਇਦਾ ਉਠਾ ਕੇ ਪੰਜਾਬ ਦੀ ਹੱਦ ਪਾਰ ਕਰ ਗਿਐ। ਗ੍ਰਹਿਣ ਲੱਗਾ ਹੋਇਆ, ਏ, ਹਨੇਰਾ ਘੁੱਪ ਏ। ਹੱਥ ਨੂੰ ਹੱਥ ਸੁਝਾਈ ਨਹੀਂ ਦੇਂਦਾ। ਗ੍ਰਹਿਣ ਦੀ ਚਾਦਰ ਥੱਲੇ ਨੱਸ ਗਿਆ। ਮਗਰ ਚੜ੍ਹੇ ਹੋਏ ਸਨ ਚੜ੍ਹਤ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ। ਜਿੰਨਾ ਸਾਮਾਨ ਸੰਭਾਲ ਸਕਦੇ ਸਨ, ਚੁੱਕ ਕੇ ਲੈ ਗਏ।

—ਚੋਰਾਂ ਨੂੰ ਮੋਰ ਪੈ ਗਏ।

—ਸਾਧਾਂ ਨੇ ਚੋਰਾਂ ਨੂੰ ਲੁੱਟ ਲਿਆ।

—ਇਹ ਪੰਜਾਬੀ ਸਾਰੇ ਦੇ ਸਾਰੇ ਇਕੋ ਮਿੱਟੀ ਦੇ ਬਣੇ ਹੋਏ ਹਨ। ਭਾਵੇਂ ਕੋਈ ਮੁਸਲਮਾਨ ਏ ਤੇ ਭਾਵੇਂ ਹਿੰਦੂ ਏ ਜਾਂ ਨਿਹੰਗ ਏ। ਪਰ ਨਿਹੰਗ ਸਾਹਮਣੇ ਹੋ ਕੇ ਡਟ ਕੇ ਮੁਕਾਬਲਾ ਕਰਦਾ ਏ ਤੇ ਬਾਕੀ ਲੁਕ ਕੇ ਪਿੱਛੋਂ ਦੀ ਛੁਰਾ ਮਾਰਦੇ ਹਨ।

—ਚੰਠੇ ਖਾਣਪੀਣ ਨੂੰ ਵੱਖਰੇ-ਵੱਖਰੇ ਤੇ ਲੜਨ ਘੁਲਣ ਨੂੰ ਇਕੱਠੇ।

—ਇਹ ਭੇਡਾਂ ਸਾਰੀਆਂ ਮੂੰਹ ਕਾਲੀਆਂ ਹਨ। ਇਹ ਦੁਸ਼ਮਣ ਹਨ, ਸੱਜਣ ਦੇ ਰੂਪ ਵਿਚ। ਇਹਨਾਂ ਦਾ ਦਾਅ ਨਹੀਂ ਲੱਗਿਆ। ਜਦੋਂ ਵੀ ਦਾਅ ਲੱਗਾ, ਇਹਨਾਂ ਮੇਰਿਆਂ ਮੌਰਾਂ ਵਿਚ ਖੰਜਰ ਖੋਭਣਾ ਏ।

—ਇਕ ਫ਼ਕੀਰ ਦਾ ਹੋਕਾ ਸੀ।

—ਨੱਸ ਚੱਲ ਭੋਲਿਆ ਪੰਛੀਆ ਆਪਣੀ ਜਾਨ ਬਚਾਅ।

—ਜੇਹਲਮ ਤੱਕ ਪਿੱਛੇ ਗਏ ਚੜ੍ਹਤ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ।

—ਧੰਨ ਹਨ ਇਹ ਸੂਰਮੇ, ਮਰੇ ਹੋਏ ਵੀ ਕਬਰਾਂ ਵਿਚੋਂ ਉੱਠ ਪੈਂਦੇ ਹਨ।

—ਦਫ਼ਾ ਹੋਇਆ ਲੰਘ ਗਿਆ ਦਰਿਆ, ਹੁਣ ਉਹ ਵਾਪਸ ਨਹੀਂ ਆਣ ਲਗਾ।

—ਜੈਕਾਰਾ, ਵਾਹਿਗੁਰੂ ਜੀ ਕਾ ਖ਼ਾਲਸਾ-ਵਾਹਿਗੁਰੂ ਜੀ ਕੀ ਫ਼ਤਿਹ। ਇਕ ਨਿਹੰਗ ਨੇ ਜੈਕਾਰ ਗਜਾਇਆ ਤੇ ਦੂਜਾ ਵਿਚੇ ਈ ਬੋਲ ਪਿਆ, ਦੇਗ-ਤੇਗ ਫ਼ਤਿਹ।

—ਘੋੜਿਆਂ ਨੇ ਜੇਹਲਮ ਦਾ ਪਾਣੀ ਵੀ ਪੀਤਾ ਤੇ ਸਰੋਵਰ ਦਾ ਵੀ।

—ਬੁੱਢੇ ਦਲ ਵਾਲੇ ਸਰੋਪੇ ਲਈ ਖੜ੍ਹੇ ਸਨ।

—ਜੱਸਾ ਸਿੰਘ ਆਹਲੂਵਾਲੀਏ ਨੇ ਐਲਾਨ ਕੀਤਾ, ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨਾ ਕੋਇ। ਖ਼੍ਵਾਰ ਹੋਏ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ।

—ਹਾਂ ਇਕ ਗੱਲ ਮੈਂ ਭੁੱਲ ਗਿਆ। ਦਿੱਲੀ ਦੇ ਤਖ਼ਤ ਦਾ ਫ਼ੈਸਲਾ ਅਜੇ ਅੜਿਆ

ਹੋਇਆ ਸੀ। ਜਾਂਦੇ ਚੋਰ ਦੀ ਲੰਗੋਟੀ ਈ ਸਹੀ। ਚਾਲੀ ਹਜ਼ਾਰ ਰੁਪਈਆ ਲੈ ਕੇ ਆਏ ਦਿੱਲੀ ਵਾਲੇ।

—ਸ਼ਾਹ ਆਲਮ ਦੂਜੇ ਨੂੰ ਦਿੱਲੀ ਦਾ ਤਖ਼ਤ ਬਖ਼ਸ਼ ਗਿਆ ਜਾਂਦਾ-ਜਾਂਦਾ। ਇਹ ਤਾਂ ਐਵੇਂ ਝੂੰਗਾ ਈ ਸੀ।

71

ਅੱਲਾ ਤੇਰੀ ਗੋਦ ਹਰੀ ਕਰੇ

ਮੁਰਾਦ ਬੇਗ਼ਮ ਆਖ ਰਹੀ ਸੀ, ਅਹਿਮਦ ਸ਼ਾਹ ਅਬਦਾਲੀ ਗੋਗਲੂਆਂ ਤੋਂ ਮਿੱਟੀ ਝਾੜ ਕੇ ਚਲਾ ਗਿਆ।

—ਐਵੇਂ ਝੂਠੀਆਂ ਤਸੱਲੀਆਂ ਦੇ ਕੇ ਅੱਥਰੂ ਪੂੰਝ ਗਿਆ। ਨਾ ਹੁਸਨ ਨੇ ਆਪਣਾ ਜਲਵਾ ਵਿਖਾਇਆ, ਨਾ ਹੁਸਨ ਦਾ ਮੁੱਲ ਈ ਪਿਆ ਤੇ ਨਾ ਏਸ ਗੱਠੇ ਹੋਏ ਸਰੀਰ ਦਾ। ਅੱਖਾਂ ਦੇ ਇਸ਼ਾਰੇ ਭੰਗ ਦੇ ਭਾੜੇ ਈ ਗਏ।

—ਅਹਿਮਦ ਸ਼ਾਹ ਅਬਦਾਲੀ ਦੀ ਸੋਚ ਸੀ, ਸੂਬੇਦਾਰੀ ਇਕ ਘੱਗਰੀ ਨੂੰ, ਜਿਹੜੀ ਤਿੱਲੇ ਨਾਲ ਕੱਢੀ ਹੋਈ ਏ, ਉਹਦੇ ਥੱਲੇ ਘੁੰਗਰੂ ਲੱਗੇ ਹੋਏ ਹਨ। ਬੰਦੇ ਦੀ ਢੋਲਕੀ ਵਜਾਉਣਗੇ। ਖੁਸਰਿਆਂ ਦੀ ਬਰਾਤ ਮੁੰਡਾ ਵਿਆਹ ਕੇ ਨਹੀਂ ਲਿਆ ਸਕਦੀ। ਜਨਖ਼ੇ ਖੁਸਰਿਆਂ ਦੀ ਸੱਥ ਦਾ ਫੈਸਲਾ ਇਕ ਕਮਜ਼ਾਤ ਰੰਨ ਦ ਗੁੱਤ ਨਾਲ ਨਹੀਂ ਬੰਨ੍ਹਿਆ ਜਾ ਸਕਦਾ। ਹਕੂਮਤ ਦਾ ਗੰਢ ਚਤਰਾਵਾ, ਛਨਾਰ ਔਰਤ ਦੀ ਗੁੱਤ ਨਾਲ ਕਿੱਦਾਂ ਬੰਨ੍ਹ ਦੇਈਏ।

—ਰਜ਼ੀਆ ਸੁਲਤਾਨਾ ਹਰ ਔਰਤ ਨਹੀਂ ਹੋ ਸਕਦੀ। ਮੁਗ਼ਲਾਨੀ ਬੇਗ਼ਮ ਦਿਲ ਛੋਟਾ ਨਾ ਕਰ, ਤੂੰ ਬਹੁਤ ਸੋਹਣੀ ਏਂ, ਫੇਰ ਸੋਚਿਆ ਜਾਏਗਾ। ਸਾਡੀ ਤੂੰ ਬੜੀ ਮਦਦ ਕੀਤੀ ਏ, ਛੁਪੇ ਖ਼ਜ਼ਾਨੇ ਦੱਸੇ ਹਨ, ਇਹਦਾ ਇਨਾਮ ਲਾਹੌਰ ਦੀ ਸੂਬੇਦਾਰੀ ਤੋਂ ਘੱਟ ਕੀ ਹੋ ਸਕਦੈ?

—ਇਹੋ ਜਿਹੀਆਂ ਗਸ਼ਤੀਆਂ ਪੰਜਾਹ ਤੁਰੀਆਂ ਫਿਰਦੀਆਂ ਨੇ। ਰੇਖ਼ੜੂਆਂ ਵਿਚ ਜੜੇ ਹੀਰਿਆਂ ਵਿਚੋਂ ਆਪਣਾ ਮੂੰਹ ਵੇਖ। ਜਵਾਬ ਆਪੇ ਮਿਲ ਜਾਏਗਾ। ਇਹ ਖ਼ਤ ਜ਼ੈਨ ਖ਼ਾਂ ਦੇਣ ਆਪ ਆਇਆ। ਉਹਦਾ ਖ਼ਾਸ ਏਲਚੀ ਸੀ ਜਿਹੜਾ ਲਿਆਇਆ ਸੀ ਸ਼ਾਹ ਤੋਂ।

—ਹਥ-ਪੈਰ ਤੇ ਮਾਰਨੇ ਈ ਸਨ, ਮੁਰਾਦ ਬੇਗ਼ਮ ਦਾ ਦਿਲ ਟੁੱਟ ਗਿਆ, ਸ਼ੀਸ਼ੇ ਵਾਂਗੂੰ। ਉਹ ਫੇਰ ਮੁੜ ਬੁਰਕਾ ਪਾਇਆ ਤੇ ਦੰਦਾਸਾ ਮਲਿਆ। ਅਣੋਖੀ ਨੂੰ ਮਿਲਣ ਦਾ ਬਹਾਨਾ ਲੱਭਿਆ। ਹਾਜ਼ਰੀ ਭਰੀ ਜੱਸਾ ਸਿੰਘ ਆਹਲੂਵਾਲੀਏ ਦੇ ਦਰਬਾਰ ਵਿਚ।

—ਬੇਗ਼ਮ ਮੈਂ ਜਾਣ ਗਿਆ ਹਾਂ ਕਿ ਤੂੰ ਕਿੱਧਰ ਆਈ ਏਂ। ਅਸੀਂ ਨਿਹੰਗ ਹਮੇਸ਼ਾ ਸੱਚ ਬੋਲਦੇ ਹਾਂ। ਸਾਡੇ ਅੰਦਰ ਕੋਈ ਖੋਟ ਨਹੀਂ। ਅਸਾਂ ਤੈਨੂੰ ਲਾਰਿਆਂ ਵਿਚ ਨਹੀਂ ਰੱਖਣਾ।

—ਅਸੀਂ ਤੈਨੂੰ ਝੂਠੀ ਤੇ ਕੱਚੀ ਸੂਬੇਦਾਰੀ ਦਾ ਪਟਾ ਨਹੀਂ ਲਿਖ ਕੇ ਦੇਣਾ

ਚਾਹੁੰਦੇ। ਕੋਰੇ ਕਾਗਜ਼ ਤੇ ਜੇ ਮੋਹਰ ਲੱਗ ਜਾਏ ਬੁੱਢੇ ਦਲ ਦੀ ਤਾਂ ਨਿਹਾਲ ਹੋ ਗਿਆ ਫਰਿਆਦੀ। ਇਹ ਤੇ ਉਦੋਂ ਈ ਲੱਗੇਗੀ, ਜਦੋਂ ਲਾਹੌਰ ਸਾਡੇ ਕਬਜ਼ੇ ਵਿਚ ਆਏਗਾ।

—ਕੁਝ ਦਿਨਾਂ ਲਈ ਲਾਹੌਰ ਤਾਂ ਅੱਧੇ ਹਿੱਸੇ ਦੀ ਰਾਖੀ ਵਿਚ ਆ ਗਿਆ। ਪਰ ਅਹਿਮਦ ਸ਼ਾਹ ਅਬਦਾਲੀ ਜਦੋਂ ਫੇਰ ਆਇਆ, ਫੇਰ ਓਸ ਧੱਕੇ ਨਾਲ ਖੋਹ ਲੈਣਾ ਏ। ਏਸ ਲਈ ਸਬਰ ਕਰ, ਦੁਆ ਕਰ ਅੱਲਾ ਤਾਲਾ ਕੋਲ। ਰਹਿਮਤ ਕਰੇ, ਤੇਰੀਆਂ ਮੁਰਾਦਾਂ ਪੂਰੀਆਂ ਹੋ ਜਾਣ। ਫੈਸਲਾ ਤੇ ਲਾਹੌਰ ਦਾ ਤਖ਼ਤ ਕਰੇਗਾ। ਇਹ ਆਰਜ਼ੀ, ਆਤਿਸ਼ਬਾਜ਼ੀ ਪਤਾ ਨਹੀਂ ਕਦ ਭੰਬੂਕੇ ਦੇ ਗੋਲੇ ਨਾਲ ਸੜ ਕੇ ਸਵਾਹ ਹੋ ਜਾਏ। ਇਹ ਕਾਗਜ਼ ਦੀ ਲੰਕਾ ਕਦ ਕੋਲੇ ਹੋ ਜਾਂਦੀ ਏ, ਇਹਦਾ ਅਸੀਂ ਅਜੇ ਤੱਕ ਭੇਦ ਨਹੀਂ ਪਾਇਆ। ਫ਼ਰਜ਼ੀ ਤੇ ਬੇਬੁਨਿਆਦ ਫੈਸਲੇ ਨਿਹੰਗਾਂ ਨਹੀਂ ਕਰਨੇ। ਅਸੀਂ ਤੈਨੂੰ ਜੇ ਪੀੜ੍ਹੀ ਤੇ ਵੀ ਬਿਠਾਵਾਂਗੇ ਤਾਂ ਤਾਂ ਵੀ ਤੇਰੀ ਪਿੱਠ ਤੇ ਹੱਥ ਰੱਖਾਂਗੇ। ਇਹ ਸਾਰਾ ਕੁਝ ਜੱਸਾ ਸਿੰਘ ਆਹਲੂਵਾਲੀਏ ਨੇ ਆਖਿਆ।

—ਗੱਲ ਹੋਈ ਨਾ ਮਰਦਾਂ ਵਾਲੀ।

—ਅੱਛਾ ਪਾਤਸ਼ਾਹੋ, ਅੱਲਾ ਤੁਹਾਡੀਆਂ ਆਸਾਂ ਪੂਰੀਆਂ ਕਰੇ। ਮੈਂ ਵੀ ਕਦੀ ਮੁਗ਼ਲਾਨੀ ਬੇਗ਼ਮ ਬਣਾਂਗੀ।

—ਬੁੱਢੇ ਦਲ ਨੇ ਘੋੜੇ, ਜੋੜੇ ਤੇ ਕੰਗਣਾਂ ਦੀ ਜੋੜੀ ਦੇ ਕੇ ਤੋਰਿਆ।

—ਜਾਂਦੀ ਵਾਰ ਆਖਣ ਲਗੀ, ਦੋਵੇਂ ਹੱਥ ਬੁਰਕੇ ਵਿਚ ਕੱਢ ਕੇ ਦੁਆ ਕੀਤੀ : ਭਾਬੀ ਅੱਲਾ ਤੇਰੀ ਗੋਦ ਹਰੀ ਕਰੇ।

ਇਹ ਵੀ ਇਕ ਰਾਜਨੀਤੀ ਸੀ।

72

ਗਵਾਹੀ ਪੰਥ ਪ੍ਰਕਾਸ਼ ਦੀ

ਗੱਲ ਦੁਸ਼ਮਣ ਕਰੇ ਤਾਂ ਉਹਦਾ ਮੁੱਲ ਏ। ਕੋਈ ਭੈਅ ਖਾ ਕੇ ਕੋਈ ਖੁਸ਼ਾਮਦੀ ਤਾਰੀਫ਼ ਕਰਦਾ ਏ ਜਾਂ ਆਪਣੀ ਬਰਾਦਰੀ ਦਾ ਝੰਡਾ ਚੁੱਕੇ ਤੇ ਵਾਹ-ਵਾਹ, ਪਰ ਇਹ ਕੁਝ ਦਿਨਾਂ ਦੀ ਹੁੰਦੀ ਏ।

—ਦੁਸ਼ਮਣ ਜਾਨ ਦਾ ਵੈਰੀ, ਜਦ ਇਹ ਆਖੇ ਭਰੀ ਮਹਿਫ਼ਲ ਵਿਚ, ਉਹ ਗੱਲ ਸੱਚ ਹੁੰਦੀ ਏ।

—ਇਹ ਪੰਥ ਪ੍ਰਕਾਸ਼ ਨੇ ਇਉਂ ਆਖੀ ਏ : ਸੁਣੋ, ਨਿਹੰਗਾਂ ਦਾ ਫ਼ਰਲਾ ਤਾਂਹੀਓਂ ਉੱਚਾ ਏ। ਪੰਜਾਬ ਦਾ ਚਿਹਰਾ ਮੋਹਰਾ ਹਨ ਨਿਹੰਗ, ਪੰਜਾਬ ਦੀ ਸ਼ਾਨ ਹਨ ਨਿਹੰਗ, ਪੰਜਾਬ ਦਾ ਜਿਗਰ ਹਨ ਨਿਹੰਗ, ਨਿਹੰਗ ਪੰਜਾਬ ਦੀ ਪੱਗ ਨੇ।

ਸਾਹਿ ਮੁੜਯੋ ਬਡ ਨਮੋਸ਼ੀ ਪਾਇ।
ਇਸ ਆਵਨ ਦੇ ਬਹੁ ਪਛੁਤਾਇ।

ਕਹਿ ਚਿੜੀਅਨ ਹਮ ਬਾਜ ਦੁਏ ਗਾਰ,
ਕਰੇ ਛੇਲੁਅਨੇ ਹਮ ਸ਼ੇਰ ਖੁਾਰ।
ਇਨ ਕੀ ਮਦਦ ਆਪ ਖੁਦਾਇ,
ਪੁਜਯੋ ਨ ਬਲ ਹਮ ਇਨ ਪਰ ਕਾਇ।
ਇਨ ਮੈਂ ਸ਼ਕਤ ਦਿਛ ਆਹਿ ਕਰੀਮ,
ਕਰ ਦੇਖਯੋ ਹਮ ਬਹੁਤ ਫਹੀਮ।
ਅਬ ਜੋ ਮੇਰੋ ਇਤ ਦੇਸ ਆਉਗੇ,
ਜੋ ਆਉਗ ਸੋ ਪੱਛੇਤਾਉਗੇ।
ਇਸੀ ਅਫਸੋਸੈ ਸੈ ਮਰ ਗਯੋ,
ਪੁਜਯੋ ਨ ਕਾਬਲ ਰਾਹਿ ਸੁ ਮੁਯੋ।

—ਪੰਥ ਪ੍ਰਕਾਸ਼

ਰਾਜ ਕਰੇਗਾ ਖਾਲਸਾ

ਦੂਜਾ ਚਰਨ

73

ਪੁਕਾਰ ਇਕ ਬ੍ਰਾਹਮਣ ਦੀ

ਅਹਿਮਦ ਸ਼ਾਹ ਅਬਦਾਲੀ ਲੁੱਟ-ਪੁੱਟ ਕੇ ਆਪਣੇ ਦੇਸ਼ ਚਲਾ ਗਿਆ।

ਇਹ ਗੱਲ ਆਖ ਕੇ ਕਿ,—ਮੈਂ ਤੁਹਾਡੀ ਕਣਕ ਪੱਕਣ ਤੱਕ ਫੇਰ ਆ ਰਿਹਾ ਹਾਂ। ਕਣਕਾਂ ਦੀਆਂ ਭੜੋਲੀਆਂ ਭਰੋ ਤੇ ਦਮੜੇ ਤੇ ਦਮੜੇ ਵੱਟੋ। ਉਹਦੇ ਵਿਚੋਂ ਹਿੱਸਾ ਮੈਨੂੰ ਵੀ ਦਿਓ ਤੇ ਆਪ ਵੀ ਖਾਓ। ਮੈਂ ਪੰਜਾਬ ਵਿਚ ਫ਼ੌਜੀ ਤਾਕਤ ਇਸਤੇਮਾਲ ਨਹੀਂ ਕਰਨ ਲੱਗਾ। ਤੁਸੀਂ ਸਾਡੀ ਰਾਇਆ ਹੋ। ਨਾ ਤੁਸੀਂ ਮੁਗ਼ਲਾਂ ਵੱਲ ਵੇਖੋ ਤੇ ਨਾ ਨਿਹੰਗਾਂ ਵੱਲ। ਮੈਂ ਈ ਤੁਹਾਡਾ ਬਾਦਸ਼ਾਹ ਹਾਂ। ਤੁਹਾਡਾ ਮੇਰਾ ਪਿਓ-ਪੁੱਤ ਦਾ ਰਿਸ਼ਤਾ ਹੈ। ਬੜਾ ਚਿਰ ਖ਼ੂਨ-ਖ਼ਰਾਬਾ ਕਰਕੇ ਵੇਖ ਲਿਆ। ਹੁਣ ਅਮਨ ਦੀ ਜ਼ਿੰਦਗੀ ਕੱਟਣ ਦੇ ਦਿਨ ਹਨ। ਇਹ ਗੱਲਾਂ ਅਹਿਮਦ ਸ਼ਾਹ ਅਬਦਾਲੀ ਦੇ ਚਿਮਚੇ ਕਰ ਰਹੇ ਸਨ।

ਮੁਰਾਦ ਬੇਗ਼ਮ ਨਾ ਤਿੰਨਾਂ ਵਿਚੋਂ ਸੀ ਤੇ ਨਾ ਤੇਰ੍ਹਾਂ ਵਿਚੋਂ, ਪਰ ਉਹ ਧੱਕੇ ਨਾਲ ਲੱਤਾਂ ਅੜਾ ਰਹੀ ਸੀ। ਮੁਗ਼ਲਾਨੀ ਬੇਗ਼ਮ ਦੇ ਆਪਣੇ ਆਦਮੀ ਸਨ। ਲਾਹੌਰ ਵਿਚ ਉਨ੍ਹਾਂ ਦਾ ਜਾਹੋ-ਜਲਾਲ ਸੀ। ਪਰ ਇਹ ਚੰਟ ਔਰਤ ਬੜੀ ਹੁਸ਼ਿਆਰ ਸੀ। ਦੂਜਾ ਰੂਪ ਦਾ ਵੀ ਜਲਵਾ ਸੀ। ਨਿਹੰਗ ਸਿੰਘਾਂ ਤੇ ਪੱਟੂ ਵੀ ਪਾ ਲਿਆ ਸੀ। ਰਿਸ਼ਤੇਦਾਰੀ ਵੀ ਗੰਢ ਲਈ ਸੀ। ਚੁੰਨੀ ਵਟਾ ਕੇ ਗੋਖੜੂ ਦੇ ਕੇ ਤੇ ਕੜਿਆਂ ਦੀ ਝਲਕ ਵਿਖਾ ਕੇ ਲਾਹੌਰ ਤੇ ਅੱਖਾਂ ਲਾਈ ਬੈਠੀ ਸੀ। ਪੰਜਾਬ ਦੀ ਪੱਗ ਲਾਹੌਰ ਨੂੰ ਆਖਿਆ ਜਾ ਸਕਦਾ ਸੀ ਤੇ ਹੈ ਵੀ ਸੀ।

ਨਿਹੰਗਾਂ ਨੇ ਘੁੱਪ ਕਾਫੀ ਨੁਕਸਾਨ ਉਠਾਇਆ ਸੀ। ਪਰ ਗੁਰੂ ਦੀ ਕ੍ਰਿਪਾ ਨਾਲ ਉਨ੍ਹਾਂ ਆਪਣਾ ਘਾਟਾ ਤਿੰਨਾਂ ਮਹੀਨਿਆਂ 'ਚ ਪੂਰਾ ਕਰ ਲਿਆ। ਹੁਣ ਉਹ ਬੱਕਰੇ ਬੁਲਾ ਰਹੇ ਸਨ ਖੰਘੂਰੇ ਮਾਰਦੇ, ਮੁੱਛਾਂ ਨੂੰ ਵੱਟ ਦੇਂਦੇ। ਪੁਰਾਣੇ ਕਬਜ਼ੇ ਜਿਹੜੇ ਛੁੱਟ ਗਏ ਸਨ ਜਾਂ ਅਹਿਮਦ ਸ਼ਾਹ ਅਬਦਾਲੀ ਨੇ ਖੋਹ ਲਏ ਸਨ, ਉਨ੍ਹਾਂ ਉੱਤੇ ਫੇਰ ਧਰਨਾ ਮਾਰ ਕੇ ਬਹਿ ਗਏ। ਜੇ ਇਓਂ ਆਖ ਲਵੋ ਕਿ ਖ਼ਾਲਸਾ ਸਾਰੇ ਪੰਜਾਬ ਦਾ ਮਾਲਕ ਬਣ ਗਿਐ ਤਾਂ ਇਹਦੇ ਵਿਚ ਰੱਤੀ ਭਰ ਝੂਠ ਨਹੀਂ।

ਕੁਝ ਮੁਗ਼ਲ ਚੌਧਰੀ, ਖੜਪੈਂਚ ਤੇ ਨੰਬਰਦਾਰ ਆਪਣੀ ਚੌਧਰ ਵਿਖਾ ਰਹੇ ਸਨ। ਕੁਝ ਅਹਿਮਦ ਸ਼ਾਹ ਅਬਦਾਲੀ ਦੇ ਦਿੱਤੇ ਖ਼ੈਰਾਇਤ ਦੇ ਇਲਾਕਿਆਂ ਤੇ ਉਹ ਆਪਣੀ ਮਾਲਕੀ ਜਤਾ ਰਹੇ ਸਨ।

ਮੁਗ਼ਲਾਂ ਦਾ ਤੇ ਪੰਜਾਬ ਵਿਚ ਬੀ ਈ ਨਾਸ ਹੋ ਗਿਆ ਸੀ। ਮੁਗ਼ਲ ਨਾ ਖੁੱਲ੍ਹ ਕੇ ਗੱਲ ਕਰ ਸਕਦੇ ਤੇ ਨਾ ਹੀ ਧੱਕੇਸ਼ਾਹੀ ਨਾਲ ਆਪਣੇ ਝੰਡੇ ਲਹਿਰਾ ਸਕਦੇ। ਗੱਲ ਕੀ ਪੰਜਾਬ ਵਾਲੇ ਦੋ ਪੁੜਾਂ ਵਿਚ ਪਿਸ ਰਹੇ ਸਨ।

ਕੁਝ ਰੁਹੇਲੇ ਮੂੰਹ ਮਾਰ ਰਹੇ ਸਨ। ਛਾਉਣੀਆਂ ਵਿਚ ਫ਼ੌਜੀ ਆਪਣੀਆਂ ਮਨਮਾਨੀਆਂ

ਕਰਦੇ। ਪੰਜਾਬ ਨੂੰ ਸਿਰਫ਼ ਇਕੋ ਈ ਦੁੱਖ ਸੀ ਕਿ ਉਹਨਾਂ ਦੀਆਂ ਜਵਾਨ-ਜਹਾਨ ਕੁੜੀਆਂ ਉਹ ਜ਼ਬਰਦਸਤੀ ਚੁੱਕ ਕੇ ਲੈ ਜਾਂਦੇ। ਉਨ੍ਹਾਂ ਦੀ ਕੋਈ ਬਾਂਹ ਫੜਨ ਵਾਲਾ ਨਹੀਂ ਸੀ। ਆਮ ਬੰਦਾ ਉਨ੍ਹਾਂ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ। ਹੰਨੇ-ਹੰਨੇ ਰਾਜ ਸੀ। ਰੰਗ-ਬਿਰੰਗੇ ਕੁੱਕੜ ਬੋਲ ਰਹੇ ਸਨ। ਫ਼ੌਜੀ ਵੀ ਈਦਾਂ ਮਨਾਉਂਦੇ ਤੇ ਮੌਜ-ਮੇਲੇ ਕਰਦੇ। ਕਈ ਝੜੀਆਂ ਲੱਗੀਆਂ, ਬਹਾਰ ਆਈ, ਪਰ ਉਹ ਕੁਝ ਆਪਣੀਆਂ ਈ ਬੋਲੀਆਂ ਬੋਲ ਰਹੇ ਸਨ। ਤਿੱਤਰ ਕੇ ਉਹ ਵੀ ਮੁਕਾਬਲਾ ਨਹੀਂ ਸਨ ਕਰ ਸਕਦੇ। ਰੋਜ਼ ਮੁਰਗੇ ਖਾਂਦੇ ਤੇ ਉਨ੍ਹਾਂ ਦੀ ਜ਼ਬਾਨ ਤੇ ਛਾਲੇ ਪੈ ਗਏ ਸਨ। ਹੁਣ ਕਦੀ-ਕਦਾਈਂ ਮਲਾਈ ਮਿਲ ਜਾਂਦੀ ਤੇ ਬੜੇ ਚਾਅ ਨਾਲ ਖਾਂਦੇ।

ਏਸੇ ਲਈ ਪੰਜਾਬ 'ਚ ਹੀ ਬਚਪਨ 'ਚ ਵਿਆਹ ਕਰਨ ਦਾ ਰਿਵਾਜ ਪੈ ਗਿਆ ਸੀ। ਬੁਰਕਿਆਂ ਰਾਹ ਵਿਚ ਰੁਕਾਵਟ ਤੇ ਪਾਈ। ਹਿੰਦੂ ਕੁੜੀਆਂ ਘੁੰਡ ਕੱਢਣ ਲੱਗ ਪਈਆਂ। ਪਰਦੇ ਦਾ ਆਮ ਰਿਵਾਜ ਹੋ ਗਿਆ।

ਮੁਖ਼ਬਰ, ਦਲਾਲ ਤੇ ਗੁਮਾਸ਼ਤੇ ਚੌਧਰੀਆਂ ਦੇ ਵੱਸ ਵਿਚ ਸਨ। ਫਲਾਣੇ ਦੀ ਛੋਕਰੀ ਫਲਾਣੇ ਦੀ ਧੀ ਹਾਣ-ਪ੍ਰਵਾਨ ਹੋ ਗਈ ਏ। ਰੂਪ ਦਾ ਚੰਦਰਮਾ-ਚੜ੍ਹਿਆ ਹੋਇਆ ਏ ਉਹਦੇ ਚਿਹਰੇ ਤੇ। ਪਹਿਲਾਂ ਲਾਲਚ ਦੇਂਦੇ ਪਿਆਰ ਕਰਦੇ। ਜੇ ਉਹ ਨਾ ਮੰਨੇ ਤੇ ਫੇਰ ਧੱਕੇਸ਼ਾਹੀ। ਤਲਵਾਰ ਦੀ ਧਾਰ ਵੀ ਵਿਖਾਉਂਦੇ। ਕੁੜੀ ਚੁੱਕੀ ਰਾਤੀਂ, ਰਾਤ ਕੱਟੀ ਤੇ ਦਿਨੇ ਉਨ੍ਹਾਂ ਦੇ ਬੂਹੇ ਤੇ ਛੱਡ ਆਏ। ਗ਼ੈਰਤ ਵਾਲੇ ਬੰਦੇ ਘੱਟ ਸਨ। ਇੰਜ ਜਦੋਂ ਔਰਤਾਂ ਬਦਨਾਮ ਹੋ ਜਾਂਦੀਆਂ ਤਾਂ ਫੇਰ ਜਾਂ ਉਹ ਖੂਹ 'ਚ ਡੁੱਬ ਜਾਂਦੀਆਂ ਜਾਂ ਉਹ ਪੇਸ਼ੇਵਰ ਬਣ ਜਾਂਦੀਆਂ।

ਜਿਹੜੇ ਇਲਾਕੇ ਸਿੰਘਾਂ ਦੀ ਰਾਖੀ ਵਿਚ ਆ ਗਏ ਸਨ, ਉਥੇ ਕੋਈ ਖੰਘ ਨਹੀਂ ਸੀ ਸਕਦਾ। ਨਿਹੰਗ ਤੇ ਗੁਰੂ ਦੇ ਸਿੰਘ ਸਨ। ਉਹ ਇਨ੍ਹਾਂ ਗੱਲਾਂ ਤੋਂ ਬਹੁਤ ਦੂਰ ਸਨ। ਉਹ ਹਰ ਇਕ ਜਵਾਨ-ਅੱਧਖੜ ਤੇ ਭਰ ਜੋਬਨ ਆਈ ਕੁੜੀ ਨੂੰ ਮੱਥਾ ਟੇਕਦੇ ਤੇ ਧੁੱਧੀ ਆਖਦੇ। ਜੇ ਕਿਸੇ ਨੇ ਜੱਥੇ 'ਚ ਆ ਕੇ ਸ਼ਿਕਾਇਤ ਕਰ ਦਿੱਤੀ ਬਸ ਫੇਰ ਉਸ ਜ਼ਾਲਮ ਨੂੰ ਚੁਰਾਹੇ ਤੇ ਨੰਗਾ ਕਰਕੇ ਜੁੱਤੀਆਂ ਦੀ ਮਾਲਸ਼ ਕਰਦੇ। ਲੋਕ ਸਿਰਫ਼ ਨਿਹੰਗਾਂ ਤੋਂ ਈ ਡਰਦੇ ਸਨ। ਬਾਕੀ ਐਵੇਂ ਤੁਰੇ-ਫਿਰਦੇ ਬੰਦੇ ਸਨ।

ਸਿਰਫ਼ ਅਹਿਮਦ ਸ਼ਾਹ ਅਬਦਾਲੀ ਦੇ ਲਾਕੜੀ, ਚਿਮਚੇ, ਦਲਾਲ ਧੱਕੇਸ਼ਾਹੀ ਕਰ ਲੈਂਦੇ। ਇਹ ਗੱਲ ਤੇ ਰੋਜ਼ ਈ ਵਾਪਰਦੀ। ਮੁਗ਼ਲ ਵਿਚਾਰੇ ਆਪਣੇ ਬੀਤੇ ਹੋਏ ਸਮੇਂ ਨੂੰ ਯਾਦ ਕਰ-ਕਰਕੇ ਢਾਈਂ ਮਾਰਦੇ। ਉਨ੍ਹਾਂ ਦੀਆਂ ਤਲਵਾਰਾਂ ਖੁੰਢੀਆਂ ਹੋ ਚੁੱਕੀਆਂ ਸਨ। ਉਨ੍ਹਾਂ ਦਾ ਮੱਚ ਮਰ ਚੁੱਕਾ ਸੀ। ਮੁਸਲਮਾਨ ਤੇ ਹਿੰਦੂ ਦੋਵੇਂ ਦੁਖੀ ਸਨ। ਕੁੜੀਆਂ ਚੁੱਕਣ ਵੇਲੇ ਜ਼ਾਤ ਨਹੀਂ ਸੀ ਪੁੱਛੀ ਜਾਂਦੀ। ਸਿਰਫ਼ ਰੰਗ ਵੇਖਿਆ ਜਾਂਦਾ ਸੀ ਜਾਂ ਜਵਾਨੀ।

ਵੈਸਾਖੀ ਆ ਰਹੀ ਸੀ, ਮੇਲੇ ਲੱਗਣੇ ਸਨ, ਭੰਗੜੇ ਵੀ ਪੈਂਦੇ ਤੇ ਗਿੱਧਾ ਵੀ। ਸੰਗਰਾਂਦ ਵਿਚ ਵੀ ਰੌਣਕਾਂ ਹੁੰਦੀਆਂ। ਅੰਮ੍ਰਿਤਸਰ ਰੌਣਕਾਂ ਦਾ ਗੜ੍ਹ ਸੀ। ਦਰਬਾਰ ਸਾਹਿਬ ਦਾ ਸਰੋਵਰ ਪੂਰਿਆ ਹੋਇਆ ਸੀ। ਪਰਿਕਰਮਾ ਵਿਚ ਜਥੇਦਾਰ ਆਸਣ ਲਾਈ ਬੈਠੇ ਸਨ। ਸਾਰੀ ਦੁਸ਼ਮਨੀ ਨੂੰ ਭੁੱਲ ਕੇ ਉਹ ਅਕਾਲ ਤਖ਼ਤ ਦੇ ਵਿਹੜੇ 'ਚ ਬੈਠ ਗਏ। ਇਹ ਸਾਰੇ ਗੁਰੂ ਦੇ ਦੁਲਾਰੇ ਸਨ। ਮਿਸਲਾਂ ਹੌਲੀ-ਹੌਲੀ ਹੋਂਦ ਵਿਚ ਆ ਚੁਕੀਆਂ ਸਨ। ਹਰ ਇਕ ਮਿਸਲ ਦਾ ਜਥੇਦਾਰ ਵੱਖਰਾ ਹੁੰਦਾ।

ਸਾਰੇ ਸਾਲ ਦੇ ਮਤੇ, ਸਾਰੇ ਸਾਲ ਦੀਆਂ ਸ਼ਿਕਾਇਤਾਂ, ਦੁੱਖ-ਦਰਦ, ਝਗੜੇ, ਦੁਸ਼ਮਨੀ

ਦੀਆਂ ਸਾਰੀਆਂ ਸ਼ਿਕਾਇਤਾਂ ਸੁਣੀਆਂ ਜਾਂਦੀਆਂ। ਦੰਡ ਵੀ ਦਿੱਤਾ ਜਾਂਦਾ ਤੇ ਜੱਫੀਆਂ ਵੀ ਪਵਾਈਆਂ ਜਾਂਦੀਆਂ। ਭਰਾ-ਭਰਾ ਇਥੇ ਆਣ ਕੇ ਮਿਲਦਾ। ਜਥੇ ਵਾਲੇ ਇਕ ਥਾਲੀ 'ਚ ਪ੍ਰਸ਼ਾਦ ਛਕਾਉਂਦੇ। ਭਰਾ ਭਰਾਵਾਂ ਨੂੰ ਮਿਲਦੇ। ਦਿਲ ਦੇ ਗੁਬਾਰ ਇਕੋ ਵੇਰਾਂ ਕੱਢ ਦਿੱਤੇ ਜਾਂਦੇ। ਬਿਲਕੁਲ ਬਲੌਰ ਵਰਗਾ ਦਿਲ ਸਾਫ਼ ਹੋ ਜਾਂਦਾ ਦਰਬਾਰ ਸਾਹਿਬ ਵਿਚ ਆ ਕੇ। ਜੁੜੀ ਸੰਥ, ਮੌਜ 'ਚ ਬੈਠੇ ਮਿਸਲਦਾਰ, ਇਹ ਪੰਚਾਇਤ ਗੁਰੂ ਘਰ ਦੀ ਏ।

ਪਹਿਲਾਂ ਜੱਸਾ ਸਿੰਘ ਆਹਲੂਵਾਲੀਆ ਬੋਲਿਆ—ਅਸਾਂ ਸਿਰਫ਼ ਦੋ ਗੱਲਾਂ ਈ ਕਰਨੀਆਂ ਨੇ ਤੇ ਉਨ੍ਹਾਂ ਤੇ ਵਿਚਾਰ ਕਰਨੀ ਏ।

—ਪਹਿਲੀ ਗੱਲ ਸਰੋਵਰ ਨੂੰ ਸਾਫ਼ ਕਰੋ, ਹਰਿਮੰਦਰ ਦੀ ਮੁਰੰਮਤ ਕਰਨੀ। ਜੇ ਨਵਾਂ ਬਣਾਉਣਾ ਏ ਉਹਦੇ ਬਾਰੇ ਮਤਾ ਕਰਨਾ। ਇਹ ਗੱਲ ਖ਼ਾਲਸਾ ਪੰਥ ਲਈ ਬਹੁਤ ਜ਼ਰੂਰੀ ਏ।

—ਦੂਜਾ ਇਹ ਮਾਰੀਆਂ ਹੋਈਆਂ ਮੱਲਾਂ ਨੂੰ ਮੁੜ ਪੱਕਾ ਕਰੀਏ। ਤੁਸੀਂ ਸੁਖ ਨਾਲ ਮਾਝੇ, ਮਾਲਵੇ, ਦੁਆਬੇ ਦੇ ਸਿਰਕੱਢ ਖਾੜਕੂ ਚੌਧਰੀ ਬੈਠੇ ਹੋਏ ਹੋ। ਸੱਥ ਨੇ ਅੱਜ ਫੈਸਲਾ ਕਰਕੇ ਉਠਣੈ। ਫੇਰ ਜਦੋਂ ਅਹਿਮਦ ਸ਼ਾਹ ਅਬਦਾਲੀ ਆਏਗਾ ਤਾਂ ਵੇਖੀ ਜਾਊ। ਅੰਮ੍ਰਿਤਸਰ ਦੀ ਧਰਤੀ ਤੇ ਹੁਣ ਅਹਿਮਦ ਸ਼ਾਹ ਅਬਦਾਲੀ ਦੇ ਨਾਪਾਕ ਪੈਰ ਨਹੀਂ ਪੈਣਗੇ।

—ਮੈਂ ਜੱਸਾ ਸਿੰਘ ਆਹਲੂ ਾਲੀਆ ਪੰਥ ਦਾ ਥਾਪਿਆ ਹੋਇਆ ਜਥੇਦਾਰ ਪ੍ਰਤਿੱਗਿਆ ਕਰਦਾ ਹਾਂ ਕਿ ਮੈਂ ਤੁਹਾਡੇ ਨ ਲ ਸਭ ਤੋਂ ਪਹਿਲਾਂ ਖੜ੍ਹਾ ਹੋਵਾਂਗਾ। ਓਸ ਕ੍ਰਿਪਾਨ ਕੱਢੀ ਤੇ ਮੈਦਾਨ 'ਚ ਰੱਖ ਦਿੱਤੀ।

ਸਿੰਘਪੁਰੀਏ ਡੱਲੇਵਾਲੀਏ, ਇਨ੍ਹਾਂ ਨੇ ਵੀ ਕਮਰਕੱਸੇ ਕਰ ਲਏ ਹਨ।

—ਕਰੋੜ ਸਿੰਘੀਏ, ਨਿਸ਼ਾਨਾਂ ਵਾਲੇ ਇਹ ਸ਼ਹੀਦ ਸਿੰਘ ਸੂਰਮੇ ਟੋਕਰੀਆਂ ਕਹੀਆਂ ਲਈ ਖੜ੍ਹੇ ਸਨ। ਮਾਝੇ ਤੇ ਰਿਆੜਕੀ ਵਾਲੇ ਸਰਦਾਰ ਰਾਮਗੜ੍ਹੀਏ ਸਾਰੇ ਅੰਮ੍ਰਿਤਸਰ ਦੀ ਹਿਫ਼ਾਜ਼ਤ ਕਰਨਗੇ। ਅਸੀਂ ਵੀ ਤੁਹਾਡੇ ਨਾਲ ਸਾਂਵੀਂ ਸੇਵਾ ਕਰਾਂਗੇ।

ਕਨ੍ਹੀਏ ਤੇ ਸ਼ੁਕਰਚੱਕੀਏ, ਭੰਗੀ, ਨਕਈ ਅੰਮ੍ਰਿਤਸਰ ਵਿਚ ਟਿਕੇ ਰਹਿਣਗੇ। ਲੰਗਰ ਦਾ ਇੰਤਜ਼ਾਮ ਕਰਨਗੇ। ਰੰਗ-ਬਿਰੰਗੀਆਂ ਪੱਗਾਂ ਵਾਲੇ ਸਰਦਾਰ ਇਕ ਤੋਂ ਇਕ ਦੀ ਚੜ੍ਹਤ ਵੱਖਰੀ ਸੀ। ਮੁੱਛਾਂ ਨੂੰ ਵੱਟ ਦੇ ਰਹੇ ਸਨ।

—ਅਹਿਮਦ ਸ਼ਾਹ ਅਬਦਾਲੀ ਨੂੰ ਐਸ ਵੇਰੀ ਸੁੱਕਾ ਨਹੀ ਜਾਣ ਦੇਣਾ। ਜਨਾਜ਼ਾ ਚੁੱਕ ਕੇ ਲੈ ਜਾਣ ਉਹਦੇ ਬੰਦੇ। ਅਸਾਂ ਉਹਦੀ ਲਾਸ਼ ਨੂੰ ਵੀ ਹੱਥ ਨਹੀ ਲਾਉਣਾ।

ਬੁੱਢੇ ਦਲ ਨੇ ਮੁਹਾਰਾਂ ਮੋੜ ਲਈਆਂ। ਏਸ ਇਕੱਠ ਵਿਚ ਮੌਤ ਕੂਕਦੀ ਸੀ। ਗੁੱਸਾ ਆਪਣਾ ਜਲਾਲ ਵਿਖਾ ਰਿਹਾ ਸੀ।

—ਅਬਦਾਲੀ ਦੇ ਮੂੰਹ ਨੂੰ ਲਹੂ ਲੱਗ ਗਿਐ, ਉਹ ਪੰਜਾਬ ਨਹੀਂ ਛੱਡ ਸਕਦਾ ਹੋਰ ਰਾਹ ਵੀ ਕਿਹੜੇ। ਵਿਚਾਰਾ ਜਾਏ ਵੀ ਕਿੱਧਰ ਕਿੰਨਾ ਕੁ ਵਲਾ ਪਾ ਕੇ ਖ਼ਾਲਸੇ ਤੋਂ ਬਚੇ?

—ਪਹਿਲਾਂ ਸੋਧੋ ਉਨ੍ਹਾਂ ਬੰਦਿਆਂ ਨੂੰ ਜਿਹੜੇ ਚਿੱਠੀਆਂ ਪਾ-ਪਾ ਸੱਦਦੇ ਹਨ ਆਪਣੇ ਖ਼ਸਮ ਨੂੰ। ਸਾਡੇ ਵਿਚੋਂ ਈ ਭਰਾ ਸੱਦਦੇ ਹਨ, ਪਹਿਲਾਂ ਇਨ੍ਹਾਂ ਨੂੰ ਸੋਧੋ। ਨਾਂ ਪੁੱਛਣ ਦੀ ਲੋੜ ਨਹੀ।

—ਜਿੰਨਾ ਨੁਕਸਾਨ ਦਲ ਦਾ ਹੋਇਆ ਏ, ਇਹ ਪੂਰਾ ਕਦ ਹੋਏਗਾ ?

—ਇਕ ਵਾਰ ਸਾਰੇ ਜਣੇ ਰਲ ਕੇ ਗਲ ਪੈ ਜਾਵੇ ਤੇ ਫਾਤਿਆ ਪੜ੍ਹ ਦਿਓ।

—ਵੱਖਰੇ-ਵੱਖਰੇ ਪਾਸਿਓਂ ਸੱਟ ਮਾਰੋ। ਇਕ ਸੰਭਲੇ ਨਾ ਦੂਜਾ ਆਣ ਗੱਜੇ। ਉਹ ਅਜੇ ਸੁਰਤ ਵੀ ਨਾ ਸੰਭਾਲੇ ਤੀਜਾ ਆਣ ਗੱਜੇ। ਬਸ ਉਹਦਾ ਇਹੋ ਈ ਇਲਾਜ ਏ।

—ਉਹ ਗਿੱਝਾ-ਗਿੱਝਾ ਮਾਲ ਲੁੱਟਣ ਲੱਗ ਪੈਂਦਾ ਏ। ਲੁੱਟਿਆ ਧਨ-ਮਾਲ ਸਾਰਾ ਈ ਖੋਹ ਲਵੋ। ਖਾਲੀ ਹੱਥ ਜਾਏ ਡੰਡੇ ਵਜਾਉਂਦਾ।

—ਸਿੰਘ ਜੀ ਕਦੀ ਉਹ ਵੀ ਦਿਨ ਆਉਣਗੇ। ਪਹਿਲਾਂ ਸਰੋਵਰ ਨੂੰ ਸਾਫ਼ ਕਰੋ। ਕੂੜਾ-ਕਰਕਟ ਕਢਾਓ ਤੇ ਫੇਰ ਹਰਿਮੰਦਰ ਵੱਲ ਰੁਖ ਮੋੜਾਂਗੇ।

ਵਿਚੇ ਈ ਇਕ ਬੰਦਾ ਬਾਂਹ ਸਿਰ ਤੇ ਰੱਖੀ ਢਾਈਂ ਮਾਰਦਾ ਆ ਗਿਆ।

—ਹਾਏ ਓ ਲੋਕੋ ਮੈਂ ਲੁੱਟਿਆ ਗਿਆ। ਮੇਰੀ ਪੱਗ ਲੀਰਾਂ-ਲੀਰਾਂ ਕਰ ਦਿੱਤੀ। ਮੇਰੀ ਇੱਜ਼ਤ ਚੁਰਾਹੇ ਤੇ ਨੀਲਾਮ ਹੋ ਗਈ। ਜ਼ਬਰਦਸਤੀ ਚਿੱਟੇ ਦਿਨ ਮੇਰਾ ਝੁੱਗਾ ਲੁੱਟਿਆ ਗਿਆ। ਕਿੱਥੇ ਗਈਆਂ ਤੁਹਾਡੀਆਂ ਸਰਦਾਰੀਆਂ। ਮੈਂ ਮਰ ਗਿਆ ਗਰੀਬ ਬ੍ਰਾਹਮਣ।

—ਕੌਣ ਏ ਉਹਦਾ ਨਾਂ ਦੱਸੋ, ਕੀ ਕੀਤਾ ਏ ਓਸ ? ਹਰੀ ਸਿੰਘ ਭੰਗੀ ਆਖਣ ਲੱਗਾ।

—ਉਸਮਾਨ ਖ਼ਾਂ ਕਸੂਰੀਏ ਨੇ ਮੇਰੀ ਔਰਤ ਨੂੰ ਗੁੱਤੋਂ ਫੜਿਆ ਤੇ ਘਸੀਟਦਾ ਲੈ ਗਿਆ ਆਪਣੇ ਨਾਲ। ਮੇਰੇ ਮੁਹੱਲੇ ਵਾਲੇ ਵੀ ਖ਼ਾਮੋਸ਼ ਰਹੇ। ਮੈਂ ਤੇ ਕੁਝ ਕਰ ਨਹੀਂ ਸਾਂ ਸਕਦਾ। ਸਿੰਘ ਜੀ ਮੇਰੀ ਔਰਤ ਦੇ ਚੂੜੇ ਦਾ ਰੰਗ ਮੈਲਾ ਨਹੀਂ ਹੋਇਆ। ਉਹਦੀ ਮਹਿੰਦੀ ਦਾ ਰੰਗ ਮੱਠਾ ਨਹੀਂ ਪਿਆ। ਉਹ ਮੇਰਾ ਘਰ ਉਜਾੜ ਕੇ ਚਲਾ ਗਿਆ। ਚੀਕਾਂ ਮਾਰਦੀ ਨੂੰ ਧੂਹ ਕੇ ਲੈ ਗਿਆ। ਸਾਰੇ ਪਿੰਡ ਨੂੰ ਦੰਦਲ ਪੈ ਗਈ। ਕੋਈ ਮਰਦ ਨਾ ਨਿੱਤਰਿਆ।

—ਬਸ ਬ੍ਰਾਹਮਣ ਦੇਵਤਾ ਚੁੱਪ ਕਰ ਜਾ ਤੂੰ ਗੁਰੂ ਦੇ ਘਰ ਆ ਗਿਐਂ। ਹੁਣ ਅਸੀ ਜਾਣੀਏ ਜਾਂ ਉਹ। ਘਰ ਬੈਠ, ਕੱਲ੍ਹ ਸੂਰਜ ਡੁੱਬਣ ਤੋਂ ਪਹਿਲਾਂ ਤੇਰੀ ਜ਼ਨਾਨੀ ਤੇਰੇ ਘਰ ਹੋਵੇਗੀ। ਆਖਣ ਲੱਗਾ ਹਰੀ ਸਿੰਘ ਭੰਗੀ।

ਲਾਗੇ ਜੱਸਾ ਸਿੰਘ ਰਾਮਗੜ੍ਹੀਆ ਜੱਸਾ ਸਿੰਘ ਬੈਠਾ ਹੋਇਆ ਸੀ,—ਯਾਰ ਤੂੰ ਸ਼ੇਖੀ ਵਿਚ ਬਹੁਤ ਜਲਦੀ ਆ ਜਾਨੈ। ਨਵਾਬ ਕਸੂਰ ਵਾਲੇ ਕੋਲ ਫ਼ੌਜੀ ਤਾਕਤ ਜ਼ਿਆਦਾ ਏ। ਜਥੇਦਾਰ ਨਾਲ ਗੱਲ ਕਰ ਲੈਣੀ ਸੀ।

—ਸਿੰਘ ਜੇ ਫ਼ੌਜ ਦੀ ਗਿਣਤੀ ਤੋਂ ਡਰ ਗਏ ਤੇ ਫੇਰ ਕਾਹਦੇ ਸਿੰਘ ਹੋਏ ?

ਨਿਹੰਗਾਂ ਵਿਚੋਂ ਇਕ ਜਥੇਦਾਰ ਦੇ ਬੋਲ ਉਭਰੇ,—ਮੈਂ ਵੀ ਚੱਲਾਂਗਾ ਤੁਹਾਡੇ ਨਾਲ।

—ਮੈਂ ਪਹਿਲਾਂ ਸੁਣਿਆ, ਮੇਰਾ ਫ਼ਰਜ਼ ਬਣਦੈ ਕਿ ਮੈਂ ਗੁਰੂ ਦੇ ਸੇਵਕ ਦੀ ਮਦਦ ਕਰਾਂ।

—ਕਸੂਰ ਵਾਲਿਆਂ ਦੀ ਨਫ਼ਰੀ ਜ਼ਿਆਦਾ ਏ। ਕਿਸੇ ਹੋਰ ਸਾਥੀ ਨੂੰ ਵੀ ਨਾਲ ਰਲਾ ਲੈ ਸਰਦਾਰਾ।

ਚੜ੍ਹਤ ਸਿੰਘ ਨੂੰ ਲਾਲੀਆਂ ਚੜ੍ਹ ਆਈਆਂ। ਆਖਣ ਲੱਗਾ,—ਤੁਸੀਂ ਆਰਾਮ ਕਰੋ ਇਹ ਸੇਵਾ ਮੈਨੂੰ ਬਖ਼ਸ਼ੋ।

—ਆਗਿਆ ਲੈ ਲੈਣੀ ਚਾਹੀਦੀ ਏ ਜਥੇਦਾਰ ਕੋਲੋਂ।

—ਸਾਰਾ ਦਲ ਏਥੇ ਬੈਠਾ ਏ ਲੋੜ ਪਈ ਤੇ ਸੱਦ ਲਵਾਂਗੇ। ਕਸੂਰ ਕਿਹੜਾ ਸਾਡੇ ਤੋਂ ਦੂਰ ਹੈ।

—ਮੇਰੇ ਹੁੰਦਿਆਂ ਹਰੀ ਸਿੰਘ ਨੂੰ ਅਸਾਂ ਕਸ਼ਟ ਨਹੀ ਦੇਣਾ।

—ਸਿੰਘ ਜੀ ਸਾਨੂੰ ਵੀ ਹੱਥ ਸੁੱਚੇ ਕਰ ਲੈਣ ਦਿਓ।

—ਬ੍ਰਾਹਮਣ ਦੇਵਤਾ ਤੁਸੀਂ ਆਰਾਮ ਕਰੋ, ਘਰ ਜਾਵੋ, ਪ੍ਰਸ਼ਾਦ ਛਕ ਕੇ ਸੂਰਜ ਡੁੱਬਣ ਤਕ ਮੋਹਲਤ ਦਿਓ।

ਹਰੀ ਸਿੰਘ ਭੰਗੀ ਨੇ ਕ੍ਰਿਪਾਨ ਕੱਢ ਲਈ ਭਾਵੇਂ ਉਹ ਆਕਾਰ ਵਿਚ ਛੋਟੀ ਸੀ।

—ਮੈਂ ਜਾਵਾਂਗਾ ਤੁਸੀਂ ਅਸ਼ੀਰਵਾਦ ਦਿਓ। ਮੈਂ ਨਜਿੱਠ ਲਵਾਂਗਾ ਉਨ੍ਹਾਂ ਦੀ ਫ਼ੌਜ ਨਾਲ।

ਪਰਿਕਰਮਾ ਵਿਚੋਂ ਬਾਹਰ ਆਇਆ ਭੰਗੀ ਹਰੀ ਸਿੰਘ। ਉਸ ਪਹਿਲਾਂ ਤਲਵਾਰ ਨੂੰ ਬੋਸਾ ਦਿੱਤਾ ਤੇ ਗੁਰੂ ਦੀ ਚਰਨੀਂ ਸੀਸ ਨਿਵਾਇਆ। ਮਿਆਨ 'ਚੋਂ ਕੱਢੀ ਤਲਵਾਰ ਦਾ ਲਿਸ਼ਕਾਰਾ ਪਿਆ। ਮੁੱਖ ਤੋਂ ਉਚਾਰਿਆ:

—ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।

74

ਹੱਥ ਨਾ ਲਾਈਂ ਕਸੁੰਭੜੇ

—ਵਾਕ ਲੈ ਕੇ ਚੱਲੋ ਸਿੰਘ ਜੀ ਹੁਕਮ ਗੁਰੂ ਦਾ ਜ਼ਰੂਰੀ ਏ। ਮੱਥਾ ਟੇਕਿਆ ਵਾਕ ਆਇਆ।

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ।
ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ।
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ।
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ।
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ।

(ਬਸੰਤ ਕੀ ਵਾਰ)

—ਮੈਨੂੰ ਵੀ ਨਾਲ ਲੈ ਕੇ ਚੱਲੀਂ ਹਰੀ ਸਿੰਹਾਂ, ਮੱਸੇ ਦਾ ਸਿਰ ਵੱਢਣ ਗਿਆ ਸੀ ਸੁੱਖਾ ਸਿੰਘ ਤੇ ਉਸ ਆਪਣੇ ਸਾਥੀ ਮਹਿਤਾਬ ਸਿੰਘ ਨੂੰ ਵੀ ਨਾਲ ਲੈ ਲਿਆ ਸੀ। ਬੋਲਿਆ ਚੜ੍ਹਤ ਸਿੰਘ ਸਰਦਾਰ।

—ਉਹ ਤੇ ਵੱਡਾ ਯੁੱਧ ਸੀ। ਇਹ ਤੇ ਐਵੇਂ ਜੁੱਤੀ ਮਾਰ ਕੇ ਮਾਅਰਕਾ ਮਾਰ ਆਵਾਂਗੇ। ਹਰੀ ਸਿੰਘ ਦੇ ਬੋਲ ਸਨ।

—ਦੁਸ਼ਮਨ ਨੂੰ ਕਮਜ਼ੋਰ ਨਹੀਂ ਸਮਝੀਦਾ। ਉਹਨੂੰ ਵੀ ਆਪਣੀਆਂ ਬਾਹਵਾਂ ਤੇ ਮਾਣ ਏ।

—ਅਸੀਂ ਵੀ ਬੁੱਢੇ ਦਲ ਦੀ ਛਤਰ ਛਾਂ ਵਿਚ ਪਲੇ ਹਾਂ। ਲੋੜ ਪਈ ਤੇ ਭਲਾ ਦਲ ਨੱਸਿਆ ਹੋਇਐ?

—ਹਰੀ ਸਿੰਹਾਂ ਅੱਜ ਤੇਰੇ ਇਮਤਿਹਾਨ ਦਾ ਦਿਨ ਏ।

—ਸਰਦਾਰਾਂ ਤੋਂ ਥਾਪੀ ਲੈ ਤੇ ਫੇਰ ਗੁਰੂ ਨੇ ਚਾਹਿਆ ਤੇ ਕੰਮ ਫ਼ਤਹਿ। ਅੱਜ ਈ ਉਹਦੀ ਲਲਾ-ਲਲਾ ਵੇਖ ਲੈ। ਆਉਂਦੇ ਕੱਲ੍ਹ ਨੂੰ ਦਲ ਨੇ ਵੀ ਸੋਧਣਾ ਏ। ਇਹ ਲਗਰਾਂ ਝਾੜ ਦਿਓ ਤੇ ਕੱਲ੍ਹ ਮੁਸ਼ਕਲ ਨਹੀਂ ਹੋਏਗੀ।

—ਨਾ ਲਲਕਾਰਾ ਈ ਮਾਰਨਾ ਤੇ ਨਾ ਨਗਾਰਾ ਈ ਵਜਾਉਣਾ। ਚੁਪ-ਚੁਪੀਤੇ ਜਾ ਪੈਣਾ।

ਦਿਨ ਰੋਜ਼ਿਆਂ ਦੇ ਸਨ ਅੰਤ ਦੀ ਗਰਮੀ ਸੀ। ਨਵਾਬ ਆਪਣੇ ਸਰਦਖਾਨਿਆਂ ਵਿਚ ਆਰਾਮ ਕਰ ਰਹੇ ਸਨ। ਬ੍ਰਾਹਮਣੀ ਸਜਾਈ ਜਾ ਰਹੀ ਸੀ। ਮਹਿੰਦੀ ਦਾ ਰੰਗ ਨਿਖਰਿਆ ਹੋਇਆ ਸੀ। ਇਕੋ ਵਾਰ ਗਹਿਣਿਆਂ ਨਾਲ ਭਰ ਦਿੱਤੀ—ਮੌਜ ਕਰ, ਬੇਗ਼ਮ ਬਣ ਕੇ ਰਹੁ, ਕਿਉਂ ਭੁੱਖਾਂ ਕੱਟਣ ਤੇ ਬੈਠੀ ਹੋਈ ਏਂ ਰਾਜ ਭੋਗ। ਇਹ ਮੌਜਾਂ ਕਿਸਮਤ ਵਾਲਿਆਂ ਨੂੰ ਮਿਲਦੀਆਂ ਨੇ। ਮੰਗਖਾਣੀ ਜ਼ਾਤ ਤੈਨੂੰ ਕੀ ਦੇਵੇਗੀ? ਆਪਣੇ ਹੁਸਨ ਦਾ ਮੁੱਲ ਵੱਟ ਇਹ ਸਦਾ ਨਹੀਉਂ ਰਹਿਣਾ। ਨਵਾਬ ਅੱਜ ਬਹੁਤ ਖ਼ੁਸ਼ ਏ ਮੰਗ ਲੈ ਚਾਰ ਪੰਜ ਪਿੰਡ, ਗੱਲ ਤੇ ਇਕ ਰਾਤ ਦੀ ਏ ਨਾ।

—ਨਵਾਬ ਸਾਹਬ ਮੈਂ ਤੁਹਾਡੀਆਂ ਬੇਟੀਆਂ ਵਰਗੀ ਹਾਂ।

—ਫੇਰ ਕੀ ਹੋਇਆ ਔਰਤ ਤੇ ਹੈਂ ਨਾ। ਰੋਜ਼ਿਆਂ ਦੇ ਦਿਨ ਹਨ, ਰੋਜ਼ਿਆਂ ਦੇ ਦਿਨ ਵਿਚ ਸਵਾਬ ਏ। ਈਦ ਆਉਣ ਤੇ ਤੇਰੀਆਂ ਮੁਰਾਦਾਂ ਪੂਰੀਆਂ ਕਰ ਦੇਵਾਂਗੇ। ਹਿੰਦੂ ਔਰਤਾਂ ਖੀਰ ਵਰਗੀਆਂ ਮਿੱਠੀਆਂ ਹੁੰਦੀਆਂ ਨੇ। ਖੰਡ ਫੱਕਣ ਦੀ ਲੋੜ ਨਹੀ ਪੈਂਦੀ। ਇਹ ਸਰਦਖਾਨੇ, ਇਹ ਕਮਖ਼ਾਬ ਦੇ ਬਿਸਤਰੇ, ਇਹ ਅਤਰ, ਇਹ ਸਭ ਤੇਰੀ ਖ਼ਾਤਰ ਲਿਆਂਦੇ ਨੇ।

—ਰਹਿਮ, ਨਵਾਬ ਸਾਹਬ ਜ਼ਰਾ ਉਮਰ ਦਾ ਲਿਹਾਜ਼ ਕੀਤਾ ਜਾਏ।

—ਜਵਾਨੀ ਏ ਇਹਦੇ ਵਿਚ ਉਮਰ ਦਾ ਕੀ ਵਾਸਤਾ।

—ਰਹਿਮ ਅੱਲਾ ਤੋਂ ਡਰੋ।

—ਏਸ ਵੇਲੇ ਅੱਲਾ ਨੂੰ ਕਿਉਂ ਵਿਚ ਲੈ ਆਈ ਏਂ। ਮੂੰਹੋਂ ਮੰਗ ਏਸ ਵੇਲੇ ਮੰਗਣ ਦਾ ਵੇਲਾ ਏ। ਸਰਦਖਾਨਿਆਂ ਦੀ ਹਵਾ ਕਿਸਮਤ ਵਾਲੀਆਂ ਨੂੰ ਨਸੀਬ ਹੁੰਦੀ ਏ।

ਇਹ ਕਿਸੇ ਨੂੰ ਚਿਤਚੇਤਾ ਨਹੀਂ ਸੀ ਕਿ ਨਿਹੰਗ ਆਣ ਪੈਣਗੇ। ਸੋਚਿਆ ਵੀ ਨਹੀਂ ਸੀ ਜਾ ਸਕਦਾ। ਪਠਾਣ ਗਰਮੀ ਦੇ ਝੁਲਸੇ ਹੋਏ ਗਿੱਠ-ਗਿੱਠ ਜੀਭ ਨਿਕਲੇ। ਲੁਕੇ ਹੋਏ ਕਿਲ੍ਹੇ ਦੇ ਸਰਦਖਾਨਿਆਂ ਵਿਚ ਮੌਜਾਂ ਮਾਣ ਰਹੇ ਸਨ।

ਬਿੱਜ ਪਈ ਨਿਹੰਗਾਂ ਦਾ ਜੱਥਾ ਜਿਸ ਪਹਿਲੀ ਵਾਰੀ ਪੰਜਾਹ ਸੱਠ ਰਖਵਾਲੇ ਇਕੋ ਝਟਕੇ ਵਿਚ ਝਟਕਾ ਸੁੱਟੇ। ਹਾਹਾਕਾਰ ਮੱਚ ਗਈ।

—ਹਾਏ ਨੀ ਨਿਹੰਗ ਸਿੰਘ ਆ ਗਏ। ਹਾਏ ਅੱਲਾ-ਹਾਏ ਅੱਲਾ।

—ਇਹ ਕੀ ਕਹਿਰ ਹੋਇਆ? ਅਸਾਂ ਇਨ੍ਹਾਂ ਦਾ ਕੀ ਵਿਗਾੜਿਆ ਏ?

—ਇਹ ਬਿਨਾਂ ਜ਼ਾਲਮ ਦੇ ਕਿਸੇ ਦੀਆਂ ਬਰੂਹਾਂ ਵੀ ਨਹੀਂ ਦੇਖਦੇ। ਜ਼ਰੂਰ ਕਿਸੇ ਨੇ ਕਿਸੇ ਦੀ ਗ਼ੈਰਤ ਲੁੱਟੀ ਹੋਣੀ ਏ। ਫ਼ਰਿਆਦ ਕੀਤੀ ਹੋਣੀ ਏ ਤੇ ਨਿਹੰਗ ਆ ਗਏ। ਇਨ੍ਹਾਂ ਦੀ ਕਿਹੜੀ ਉਖਲੀ 'ਚ ਬਾਂਹ ਆਈ ਹੋਈ ਸੀ?

—ਕੌਣ ਹੋ ਸਕਦਾ ਏ?

ਜਾਂ ਨਵਾਬ ਸਾਹਿਬ, ਜਾਂ ਉਹਦਾ ਸਾਹਿਬਜ਼ਾਦਾ, ਜਾਂ ਕੋਈ ਗੁਮਾਸ਼ਤਾ।

ਇਕ ਰੋਂਦੀ ਧੋਂਦੀ ਕੁੜੀ ਨੂੰ ਅਹਿਲਕਾਰ ਲਈ ਜਾਂਦੇ ਸਨ ਬੁਰਕੇ 'ਚ ਲਪੇਟੀ ਨੂੰ

ਤੇ ਉਹਦੀ ਸਜ਼ਾ ਕਸੂਰ ਵਾਲਿਆਂ ਨੂੰ ਕਿਉਂ। ਕਰੇ ਕੋਈ ਤੇ ਭਰੇ ਕੋਈ।

ਜਾਂਦਿਆਂ ਕਿਲ੍ਹਾ ਘੇਰ ਲਿਆ ਤੇ ਫਾਟਕ ਤੋੜ ਸੁੱਟਿਆ। ਪਹਿਰੇਦਾਰ ਕੁਝ ਨੱਸ ਗਏ ਤੇ ਕੁਝ ਤਲਵਾਰ ਦੀ ਬਲੀ ਚੜ੍ਹ ਗਏ।

ਨਵਾਬ ਸਾਹਿਬ ਨੇ ਕੁੜੀ ਦੀ ਬਾਂਹ ਈ ਅਜੇ ਮਰੋੜੀ ਸੀ।

—ਰਹਿਮ ਨਵਾਬ ਸਾਹਿਬ ਰਹਿਮ। ਹੇ ਭਗਵਾਨ ਅੱਜ ਤੂੰ ਕਿੱਥੇ ਐਂ। ਜੇ ਮੇਰੀ ਰਕਸ਼ਾ ਨਾ ਹੋਈ ਤੇ ਲੋਕ ਤੇਰਾ ਨਾਂ ਲੈਣਾ ਭੁੱਲ ਜਾਣਗੇ।

ਇਕ ਜਥੇ ਨੇ ਕਿਲ੍ਹਾ ਘੇਰ ਲਿਆ ਤੇ ਇਕ ਜਥਾ ਸ਼ਾਹੀ ਹਰਮ ਦੀ ਤਲਾਸ਼ੀ ਵੱਲ ਵਧਿਆ ਤੇ ਤੀਜਾ ਜਥਾ ਕਸੂਰ ਦੇ ਬਾਜ਼ਾਰਾਂ 'ਚ ਜਾ ਵੜਿਆ ਖੂਬ ਲੁੱਟਿਆ। ਏਨਾ ਲੁੱਟਿਆ ਕਿ ਓਸ ਲੁੱਟ ਨੂੰ ਚੁੱਕ ਕੇ ਲਿਆਉਣਾ ਇਕ ਮੁਸ਼ਕਲ ਬਣ ਗਈ।

ਤਿੰਨ ਚਾਰ ਜਥੇ ਘੇਰੀ ਬੈਠੇ ਸਨ ਕਸੂਰ ਨੂੰ।

ਹਰੀ ਸਿੰਘ ਭੰਗੀ ਦਾ ਨਿਸ਼ਾਨਾ ਸੀ ਬ੍ਰਾਹਮਣੀ। ਬਿਨਾਂ ਕਿਸੇ ਦਾਗ਼ ਲੱਗੇ ਲਿਆਉਣੀ ਏ। ਆਵਾਜ਼ ਆਈ ਸਰਦਖਾਨੇ ਦੇ ਦਰਵਾਜ਼ੇ ਤੋਂ—ਹਾਏ-ਹਾਏ ਰੱਬਾ ਮੈਂ ਮਰ ਗਈ।

ਜਥੇਦਾਰ ਨੇ ਲਲਕਾਰਿਆ,—ਠਹਿਰ ਓਏ ਹੱਥ ਨਾ ਲਾਈਂ। ਖ਼ਾਲਸਾ ਬਾਂਹ ਵੱਢ ਦਿਊਗਾ। ਛੱਡ ਦੇ ਏਸ ਮਾਂ ਨੂੰ, ਏਸ ਕੂੰਜ ਨੂੰ, ਸ਼ਰਮ ਕਰ ਇਹ ਤੇਰੀ ਧੀ ਦੀ ਉਮਰ ਦੀ ਏ। ਸਾਡੇ ਹਵਾਲੇ ਕਰ ਦੇ ਜੇ ਖ਼ੈਰ ਚਾਹੁੰਦਾ ਏਂ।

—ਇਹ ਪਵਿੱਤਰ ਗੰਗਾ ਜਲ ਵਰਗੀ ਏ, ਨਾਪਾਕ ਨਾ ਕਰ।

—ਤੁਸੀ ਕੌਣ ਹੋ ਬੇਵਕਤ ਸਾਡੇ ਹਰਮ ਵਿਚ ਖਲਲ ਪਾਉਣ ਵਾਲੇ।

—ਨਿਹੰਗ, ਤੇਰੀ ਮੌਤ ਦੇ ਫ਼ਰਿਸ਼ਤੇ।

—ਮੂੰਹ ਮੰਗੀ ਦੌਲਤ ਲੈ ਜਾਓ ਤੇ ਰਹਿਣ ਦਿਓ ਏਸ ਬ੍ਰਾਹਮਣੀ ਨੂੰ।

—ਅਸੀਂ ਨਿਹੰਗ ਸੌਦੇਬਾਜ਼ੀ ਨਹੀਂ ਕਰਦੇ।

—ਨਿਹੰਗ ਪਾਤਸ਼ਾਹ ਮੈਂ ਛੱਡੀ ਮੇਰੀ ਜਾਨ ਬਖ਼ਸ਼ੋ।

—ਇਹ ਫ਼ੈਸਲਾ ਜਥੇਦਾਰ ਕੋਲ ਏ। ਆ ਬੀਬੀ ਅਸੀਂ ਤੇਰੇ ਭਰਾ ਹਾਂ। ਓਸ ਸਾਰੇ ਗਹਿਣੇ ਲਾਹ ਕੇ ਢੇਰੀ ਕਰ ਦਿੱਤੇ।

—ਮੇਰੇ ਤੇ ਕ੍ਰਿਸ਼ਨ ਭਗਵਾਨ ਬਹੁੜੇ ਨੇ।

ਘੋੜੇ ਤੇ ਬਿਠਾਈ ਬ੍ਰਾਹਮਣੀ ਤੇ ਸਿੰਘ ਹਰਨ ਹੋ ਗਏ।

—ਲੈ ਬਈ ਅਸਾਂ ਤੇਰੀ ਜਾਨ ਬਖਸ਼ ਦਿੱਤੀ ਏ। ਹੁਣ ਤੂੰ ਜਾਣ ਤੇ ਸਾਡਾ ਜੱਥੇਦਾਰ। ਅਸੀਂ ਤੈਨੂੰ ਜਥੇਦਾਰ ਦੇ ਰੂਬਰੂ ਪੇਸ਼ ਕਰ ਦੇਣਾ ਏ।

75

ਰਿੱਛ ਨੱਚਿਆ

ਨਿਹਾਲ ਹੋ ਗਏ ਸਰਦਾਰ। ਲੁੱਟ ਦਾ ਏਨਾ ਮਾਲ ਸੀ ਕਿ ਸੰਭਾਲ ਨਾ ਸਕੇ। ਲੁੱਟ ਤੇ ਪਈ ਸਾਰੀ ਕਸੂਰ ਵਿਚ। ਖੂਬ ਹੱਥ ਰੰਗੇ ਮਿਸਲਦਾਰ ਤੇ ਨਿਹੰਗਾਂ ਨੇ। ਪੰਡਾਂ ਬੰਨ੍ਹ ਕੇ ਦੌਲਤ ਇਕੱਠੀ ਕੀਤੀ ਹੁਣ ਵਾਲੀ ਕਸੂਰ ਦੇ ਧਨਾਢ ਸ਼ਾਹੂਕਾਰਾਂ ਦੀ। ਦੀਵਾਨ

ਦਿਲਾ ਰਾਮ ਦੇ ਪੁੱਤ ਹਿਰਦੇ ਰਾਮ ਦੇ ਘਰਾਂ ਦੇ ਸਾਹਮਣੇ ਦੀ ਲੰਘੇ ਨਿਹੰਗ ਪਾਤਸ਼ਾਹ।

—ਇਹ ਕਿਹਦਾ ਘਰ ਏ? ਇਕ ਨਿਹੰਗ ਬੋਲਿਆ।

—ਹਿਰਦੇ ਰਾਮ ਕਸੂਰ ਦੇ ਸ਼ਾਹੂਕਾਰ ਦਾ। ਤੁਸੀਂ ਨਹੀਂ ਜਾਣਦੇ?

—ਜਾਣ ਲੈਂਦੇ ਹਾਂ। ਕਿਉਂ ਬਈ ਸਿੰਘ ਪ੍ਰਾਹੁਣੇ ਆਏ ਨੇ।

ਅਜੇ ਗੱਲਾਂ ਈ ਹੋ ਰਹੀਆਂ ਸਨ। ਜਥੇ ਨੇ ਲੁੱਟਮਾਰ ਕਰ ਦਿੱਤੀ। ਖੂਬ ਲੁੱਟਿਆ। ਕੀਮਤੀ ਮੋਤੀ, ਹੀਰੇ, ਸੋਨੇ, ਜਵਾਹਰਾਤ ਦਾ ਢੇਰ ਲਾ ਦਿੱਤਾ। ਜਥੇਦਾਰ ਨੇ ਜੱਸਾ ਸਿੰਘ ਰਾਮਗੜ੍ਹੀਏ ਦੇ ਅੱਗੇ ਲਿਆ ਰੱਖੇ।

—ਮੈਂ ਕੌਡੀ-ਕੌਡੀ ਜੋੜੀ ਏ ਮੈਂ ਤੁਹਾਡਾ ਭਰਾ ਹਾਂ।

—ਓਏ ਸਹੁਰਿਆ ਰਿਸ਼ਤੇਦਾਰੀ ਵੀ ਅੱਜ ਈ ਬਣਾਉਣੀ ਸੀ।

—ਨਵਾਬਾਂ ਦੀਆਂ ਦੌਲਤਾਂ ਤੇਰੇ ਕੋਲ, ਇਹ ਪੰਜਾਬ ਦਾ ਸਾਰਾ ਮਾਲ ਏ। ਪੰਜਾਬ ਨੂੰ ਦੇ ਦਿਓ। ਅਸਾਂ ਅਹਿਮਦ ਸ਼ਾਹ ਅਬਦਾਲੀ ਨਾਲ ਟੱਕਰ ਲੈਣੀ ਏ।

ਜੈ ਸਿੰਘ ਕਨ੍ਹਈਆ ਨੇ ਸਾਰਾ ਲੁੱਟ ਦਾ ਮਾਲ ਇਕੱਠਾ ਕਰਵਾ ਲਿਆ।

ਮਾਲੀ ਸਿੰਘ ਦੀ ਹਿੱਸੇਦਾਰੀ ਸੀ ਭਰਾ ਜੱਸਾ ਸਿੰਘ ਰਾਮਗੜ੍ਹੀਏ ਨਾਲ। ਜੱਸਾ ਸਿੰਘ ਰਾਮਗੜ੍ਹੀਆ ਮੁੱਛਾਂ ਨੂੰ ਮਰੋੜੇ ਦੇ ਰਿਹਾ ਸੀ,—ਅਸਾਂ ਲੁੱਟ ਕੇ ਲਿਆਂਦੀ ਏ ਐਨੀ ਦੌਲਤ।

ਹਰੀ ਸਿੰਘ ਭੰਗੀ ਤੇ ਬ੍ਰਾਹਮਣੀ ਨੂੰ ਲੈ ਕੇ ਰਫੂਚੱਕਰ ਹੋ ਗਿਆ, ਤੇ ਸਾਹਿਬ ਦੀ ਹਜ਼ੂਰੀ ਵਿਚ ਜਾ ਕੇ ਬ੍ਰਾਹਮਣੀ ਉਨ੍ਹਾਂ ਦੇ ਹੱਥ ਫੜਾ ਦਿੱਤੀ।

—ਭਗਵਾਨ ਤੁਹਾਡਾ ਭਲਾ ਕਰੇ। ਭਗਵਾਨ ਤੁਹਾਨੂੰ ਜਿੱਤਾਂ ਪ੍ਰਾਪਤ ਕਰਾਵੇ। ਜੁੱਗ-ਜੁੱਗ ਜੀਵੋ ਚੜ੍ਹਦੀਆਂ ਕਲਾਂ ਵਿਚ ਰੱਖੇ ਵਾਹਿਗੁਰੂ।

ਹਰੀ ਸਿੰਘ ਭੰਗੀ ਨਿਹਾਲ ਹੋ ਗਿਆ। ਗੁਰੂ ਨੇ ਮੇਰੀ ਪ੍ਰਤਿਗਿਆ ਪੂਰੀ ਕਰ ਦਿੱਤੀ।

ਏਧਰ ਕਸੂਰ ਵਿਚ ਤੇ ਡਾਂਗ ਖੜਕ ਪਈ। ਕਸੂਰ ਦਾ ਨਵਾਬ ਏਸੇ ਹੌਕੇ ਵਿਚ ਮਰ ਗਿਆ। ਮੇਰੀ ਸਾਰੀ ਉਮਰ ਦੀ ਇਕੱਠੀ ਕੀਤੀ ਦੌਲਤ ਹਿਰਦੇ ਰਾਮ ਦੇ ਕੋਲ ਰਖਵਾਈ ਸੀ। ਹਿਸਾਬ-ਕਿਤਾਬ ਹਿਰਦੇ ਰਾਮ ਦੇ ਜ਼ੁੰਮੇਂ ਸੀ। ਹਿਫ਼ਾਜ਼ਤ ਨਵਾਬ ਦੀ ਸੀ ਤੇ ਘਰ ਹਿਰਦੇ ਰਾਮ ਦਾ ਸੀ।

ਇਕ ਹਟਕੋਰਾ ਵੀ ਨਾ ਲਿਆ ਨਵਾਬ ਨੇ। ਖੂਬ ਰਿੱਛ ਨੱਚਿਆ ਕਿਲ੍ਹੇ ਵਿਚ। ਡਾਂਗ ਖੜਕਾਈ। ਕੋਈ ਜੇ ਬੇਈਮਾਨ ਹੋ ਜਾਏ ਤੇ ਫੇਰ ਉਹਦਾ ਕੀ ਇਲਾਜ ਏ।

ਇਹ ਗੱਲ ਕਦੀ ਸੁਣੀ ਨਹੀਂ ਸੀ। ਮਾਲੀ ਸਿੰਘਾਂ ਜ਼ੋਰਾਂ ਵਿਚ ਸੀ। ਓਸ ਭਰਾ ਨੂੰ ਠੂਠ ਵਿਖਾ ਦਿੱਤਾ। ਜੈ ਸਿੰਘ ਕਨ੍ਹਈਏ ਨੂੰ ਆਖਣ ਲੱਗਾ,—ਸਰਦਾਰਾਂ ਨਾਲ ਬਰਾਬਰੀ। ਐਵੇਂ ਮਾੜੀ-ਮੋਟੀ ਤਲਵਾਰ ਚਲਾ ਕੇ ਐਨੀ ਵੱਡੀ ਦੌਲਤ ਦਾ ਮਾਲਕ ਬਣਨਾ ਚਾਹੁੰਦੈਂ।

ਜੈ ਸਿੰਘ ਕਨ੍ਹਈਆ ਆਖਣ ਲੱਗਾ,—ਸ਼ਰਮ ਕਰ ਗੁਰੂ ਤੋਂ ਬੇਮੁੱਖ ਨਾ ਹੋ, ਹਿੱਸਾ ਦੇ।

—ਕਾਹਦਾ ਹਿੱਸਾ, ਤੂੰ ਕਿਹੜੀ ਲੱਤ ਫੇਰਦਾ ਰਿਹੈਂ?

—ਤੀਜਾ ਹਿੱਸਾ ਮਾਲੀ ਸਿੰਹਾਂ, ਅਸਾਂ ਅਜੇ ਬਹੁਤ ਕੰਮ ਕਰਨੇ ਨੇ। ਤੂੰ ਹੁਣੇ ਈ ਹੋਛੇ ਹਥਿਆਰਾਂ ਤੇ ਆ ਗਿਐਂ?

—ਜਾਓ-ਜਾਓ ਮੇਰੀ ਲੱਤ ਭੰਨ ਦਿਓ ਮੈਂ ਵੇਖ ਲਵਾਂਗਾ।

—ਮਾਲੀ ਸਿੰਘ ਵਰਗਾ ਕੋਈ ਮਾਂ ਮੁੜ ਕੇ ਨਹੀਂ ਜੰਮਣ ਲੱਗੀ।

76

ਕਾਠਗੜ੍ਹ ਤੇ ਗੜ੍ਹਸ਼ੰਕਰ

ਗੌਲੇ ਖਾਂ ਨਵਾਂ-ਨਵਾਂ ਬਦਮਾਸ਼ ਬਣਿਆ ਸੀ। ਨਿਹੰਗਾਂ ਦੇ ਉਸ ਦਰਸ਼ਨ ਨਹੀਂ ਸਨ ਕੀਤੇ। ਸੰਗਤਾਂ ਅਨੰਦਪੁਰ ਦੇ ਦਰਸ਼ਨਾਂ ਨੂੰ ਆਉਂਦੀਆਂ ਸਾਰੇ ਪੰਜਾਬ ਵਿਚੋਂ ਤੇ ਉਨ੍ਹਾਂ ਕੋਲ ਗੁਰੂ ਦੀ ਦਸਵੰਧ ਹੁੰਦੀ। ਬੜੀ ਮੁਸ਼ਕਲ ਤੇ ਸ਼ਰਧਾ ਨਾਲ ਲੈ ਕੇ ਆਉਂਦੀ ਸੰਗਤ ਉਹ ਮਾਇਆ। ਜੇ ਉਹ ਖੁੱਸ ਜਾਏ, ਲੁੱਟੀ ਜਾਏ ਤੇ ਉਨ੍ਹਾਂ ਦੇ ਹਿਰਦੇ ਨੂੰ ਠੇਸ ਪੁੱਜਦੀ। ਸ਼ਰਧਾ ਵਿਚ ਤਰੇੜ ਆਉਂਦੀ। ਮੌਲਵੀਆਂ ਦੀ ਵਾਹਿਦ ਸੁਣ ਕੇ ਹਿੰਦੂ ਕਾਫ਼ਰ ਹਨ, ਇਸਲਾਮ ਵਿਚ ਸਵਾਬ ਏ ਕਾਫ਼ਰਾਂ ਦਾ ਮਾਲ ਲੁੱਟਣਾ। ਰੰਘੜ ਤੇ ਅੱਗੇ ਈ ਭੁੱਖੇ ਸਨ। ਉਨ੍ਹਾਂ ਦਾ ਤੇ ਪੇਸ਼ਾ ਈ ਸੀ ਲੁੱਟਮਾਰ ਕਰਨੀ।

ਅਹਿਮਦ ਸ਼ਾਹ ਅਬਦਾਲੀ ਦੀ ਸ਼ਹਿ ਤੇ ਉਨ੍ਹਾਂ ਦੇ ਹੌਸਲੇ ਬੁਲੰਦ ਸਨ। ਗੜ੍ਹਸ਼ੰਕਰ ਦੇ ਰਾਹ ਈ ਲੋਕ ਅਨੰਦਪੁਰ ਦੀ ਯਾਤਰਾ ਕਰਦੇ।

ਸ਼ਬਦ ਪੜ੍ਹਦੀਆਂ ਸੰਗਤਾਂ ਕੋਲ ਨਾ ਤਲਵਾਰਾਂ ਈ ਸਨ ਤੇ ਨਾ ਲਾਠੀਆਂ। ਇਹ ਸ਼ਰਮ ਦੀ ਗੱਲ ਸੀ ਕਿ ਸੰਗਤਾਂ ਦੇ ਜਥੇ ਮਾਲਵੇ ਵਿਚ ਫਸੇ ਹੋਣ ਤੇ ਗੁਰੂ ਦੀਆਂ ਸੰਗਤਾਂ ਨੂੰ ਲੁੱਟ ਲੈਣ ਰੰਗੜ।

—ਕਾਕਾ ਹੁਣ ਇਹ ਕੰਮ ਛੱਡ ਦੇ। ਤੈਨੂੰ ਕਈ ਵਾਰ ਮੋੜਿਆ ਏ। ਜੇ ਕਿਸੇ ਨਿਹੰਗ ਦੇ ਟੇਟੇ ਚੜ੍ਹ ਗਿਓਂ ਤੇ ਨਾਨੀ ਚੇਤੇ ਆ ਜਾਇਗੀ।

—ਬਾਪੂ ਉਹ ਦਿਨ ਹਵਾ ਹੋ ਗਏ। ਜਦ ਖ਼ਲੀਲ ਖ਼ਾਂ ਛਾਕਤਾ ਉਡਾਇਆ ਕਰਦੇ ਸਨ। ਹੁਣ ਕਿਥੇ ਹਨ ਗੁਰੂ ਮਰ ਖਪ ਗਏ—ਕਿਲ੍ਹੇ ਵੀਰਾਨ ਹੋ ਗਏ। ਉਜਾੜ ਪਈ ਹੋਈ ਏ ਅਨੰਦਪੁਰ ਵਿਚ।

—ਸਿਆਣਿਆਂ ਦੀ ਗੱਲ ਦਾ ਪਿੱਛੋਂ ਪਤਾ ਲੱਗਦੈ। ਔਲੇ ਦਾ ਸਵਾਦ ਬਾਅਦ 'ਚ ਮਜ਼ਾ ਦੇਂਦੈ।

—ਕਾਠਗੜ੍ਹ ਵਾਲੇ ਵੀ ਇਹੋ ਈ ਧੰਦਾ ਕਰਦੇ ਸਨ।

—ਮਾੜਾ ਕਰਦੇ ਓ ਤੁਸੀ ਜਿਨ੍ਹਾਂ ਦੀ ਸ਼ਹਿ ਤੇ ਡਾਂਗਾਂ ਚੁੱਕਦੇ ਹੋ ਉਹ ਤੇ ਚਲਿਆਂ ਗਿਆ। ਜਦੋਂ ਆਏਗਾ ਵੇਖੀ ਜਾਊ। ਬੱਚੂ ਅਸਾਂ ਤੇ ਏਥੇ ਈ ਵੱਸਣਾ ਏ। ਨਾ ਪੰਜਾਬ ਹਿੰਦੂਆਂ ਛੱਡਣਾ ਏ ਤੇ ਨਾ ਮੁਸਲਮਾਨਾਂ। ਨਾ ਮੁਸਲਮਾਨਾਂ ਈ ਹੋਰ ਕੋਈ ਦਵਾਰਾ ਵੇਖਣਾ। ਬੇਗਾਨੀ ਸ਼ਹਿ ਤੇ ਮੁੱਛਾਂ ਨਹੀਂ ਮੁਨਵਾਈ ਦੀਆਂ।

—ਬਾਪੂ ਜਿੰਨੇ ਦਿਨ ਮੌਜ-ਮੇਲਾ ਚਲਦਾ ਏ ਸਾਨੂੰ ਮੌਜ ਲੈਣ ਦਿਓ।

—ਬੱਚੂ ਤੁਸਾਂ ਨਿਹੰਗਾਂ ਦੇ ਹੱਥ ਨਹੀਂ ਵੇਖੇ। ਉਹ ਪਹਿਲਾਂ ਧੌਣ ਲਾਹੁੰਦੇ ਹਨ ਤੇ ਪਿੱਛੋਂ ਨਾਂ ਪੁੱਛਦੇ ਹਨ।

—ਪੁਜਾਰੀ, ਸ਼ਰਧਾਲੂ ਤੇ ਸੇਵਕ ਸਿੰਘ ਜਨਤਾ ਗੁਰਾਂ ਦੇ ਨਾਂ ਤੇ ਮਰਦੀ ਏ।

ਜੱਸਾ ਸਿੰਘ ਆਹਲੂਵਾਲੀਏ ਨੂੰ ਜਦ ਇਹ ਖ਼ਬਰ ਹੋਈ ਕਿ ਸੰਤਾਂ ਦੀਆਂ ਟੋਲੀਆਂ ਜਾਂਦੀਆਂ ਨੇ ਤੇ ਲੁੱਟੀਆਂ ਜਾਂਦੀਆਂ ਨੇ ਤਾਂ ਉਸਨੂੰ ਸਾਰੀ ਰਾਤ ਨੀਂਦ ਨਾ ਆਈ। ਸੂਰਜ

ਦੀ ਟਿੱਕੀ ਪੁੰਗਰਨ ਤੋਂ ਪਹਿਲਾਂ ਈ ਜੱਸਾ ਸਿੰਘ ਕਾਠਗੜ੍ਹ ਪੁੱਜ ਗਿਆ ਤੇ ਸਾਰਾ ਪਿੰਡ ਬੰਨ੍ਹ ਕੇ ਬਿਠਾ ਲਿਆ। ਗੋਲੇ ਖ਼ਾਂ ਦੀਆਂ ਮੁਸ਼ਕਾਂ ਬੰਨ੍ਹੀਆਂ ਹੋਈਆਂ ਸਨ ਤੇ ਜੁੱਤੀਆਂ ਨਾਲ ਝਾਸ ਹੋ ਰਹੀ ਸੀ।

—ਲੈ ਬਈ ਚੌਧਰੀ ਇਹ ਈ ਤੇਰਾ ਲਾਡਲਾ। ਤੂੰ ਈ ਦੱਸ ਇਹਦੇ ਨਾਲ ਕੀ ਸਲੂਕ ਕੀਤਾ ਜਾਏ?

—ਸਰਤਾਜ ਇਕ ਵਾਰ ਮਾਫ਼ ਕਰ ਦਿਓ।

—ਜ਼ਿੰਮੇਵਾਰੀ ਕੌਣ ਦਿਊ?

—ਸਾਰਾ ਪਿੰਡ। ਮੈਂ ਤੇ ਪੱਕਾ ਜ਼ਾਮਨ ਹਾਂ।

—ਚੱਲ ਛੱਡਿਆ, ਚੱਲ ਬੱਚੂ ਕਿੱਥੇ ਹਨ ਤੇਰੇ ਜੋਟੀਦਾਰ ਰੰਘੜ?

ਗੜ੍ਹਸ਼ੰਕਰ ਨੂੰ ਘੇਰਾ ਜਾ ਪਾਇਆ ਜੱਸਾ ਸਿੰਘ ਆਹਲੂਵਾਲੀਏ ਨੇ।

ਪੰਜ-ਸੱਤ ਗੱਭਰੂ ਨਿਹੰਗਾਂ ਅੱਗੇ ਲਾਏ ਹੋਏ ਸਨ।

—ਜਥੇਦਾਰ ਜੀ ਇਨ੍ਹਾਂ ਦਾ ਨਾਂ ਬੋਲਦਾ ਏ ਪਿੰਡ ਵਿਚ।

—ਜੁੱਤੀਆਂ ਮਾਰੋ, ਜ਼ਰਾ ਹੌਲੀ-ਹੌਲੀ ਮਾਰਨਾ। ਤੁਹਾਡੇ ਪਿੰਡ ਦੇ ਮੁੰਡੇ ਹਨ।

—ਨਹੀਂ ਜਥੇਦਾਰ ਜੀ, ਇਨ੍ਹਾਂ ਸਾਡੇ ਧੌਲੇ ਪੁੱਟ ਦਿੱਤੇ ਹਨ। ਸਾਡੀਆਂ ਦਾੜ੍ਹੀਆਂ ਰੋਲ ਦਿੱਤੀਆਂ ਨੇ। ਇਹ ਚੁੱਕ ਤੇ ਚੜ੍ਹੇ ਹੋਏ ਹਨ।

—ਇਨ੍ਹਾਂ ਨੂੰ ਵੀ ਕੁਣਕਾ ਛਕਾਓ ਨਿਹੰਗ ਪਾਤਸ਼ਾਹੋ।

ਬਸ ਲੰਮੇ ਪਾ ਲਿਆ ਤੇ ਜੁੱਤੀਆਂ ਦੀ ਛਤਰੌਲ ਕੀਤੀ।

ਪਨਾਹ-ਪਨਾਹ ਮੰਨ ਗਏ,—ਬੱਚੂ ਕਦੇ ਜੇ ਮੁੜ ਕੇ ਗੜ੍ਹਸ਼ੰਕਰ ਦੀ ਹੱਦ ਟੱਪੀ ਤਾਂ ਸਾਥੋਂ ਬੁਰਾ ਕੋਈ ਨਹੀਂ।

—ਜਾਓ ਪਿੰਡ ਵਿਚੋਂ ਨਿਕਲ ਜਾਓ ਤੁਹਾਡੀ ਇਹੋ ਸਜ਼ਾ ਏ। ਅਸਾਂ ਚਾਹਟਾ ਛਕਾਉਣਾ ਸੀ, ਪਰ ਤੁਹਾਡੇ ਬਜ਼ੁਰਗ ਅੱਬਾ ਤੇ ਰਹਿਮ ਆ ਗਿਆ।

—ਬੱਚੂ ਤੁਸਾਂ ਅਰਬ ਵਿਚ ਜਾ ਕੇ ਨਹੀਂ ਵੱਸਣਾ। ਏਥੇ ਈ ਰਹਿਣੈ, ਇਥੇ ਈ ਤੁਹਾਡੇ ਤੀਰਥ ਹਨ, ਏਥੇ ਈ ਖ਼ਾਨਗਾਹਾਂ ਹਨ। ਮਕਬਰੇ ਤੇ ਉਹ ਵੀ ਏਥੇ ਈ ਹਨ।

ਜੱਸਾ ਸਿੰਘ ਆਹਲੂਵਾਲੀਏ ਨੇ ਐਵੇਂ ਮਾੜੀ ਜਿਹੀ ਝਾਸ ਕੀਤੀ ਤੇ ਬੰਦੇ ਦੇ ਪੁੱਤ ਬਣਾ ਦਿੱਤੇ। ਉਹ ਹੁਣ ਨਿਹੰਗਾਂ ਦੇ ਪਰਛਾਵੇਂ ਤੋਂ ਵੀ ਡਰਦੇ ਸਨ।

ਰਾਹ ਸਾਫ਼ ਹੋ ਗਿਆ। ਚੋਰੀ-ਚਕਾਰੀ ਮੁੱਕ ਗਈ। ਕੋਈ ਖ਼ਤਰਾ ਨਹੀਂ ਸੀ, ਕੋਈ ਡਰ ਨਹੀਂ ਸੀ। ਗੋਲੇ ਖ਼ਾਂ ਤੇ ਫ਼ਕੀਰ ਹੋ ਗਿਆ। ਪਿੰਡ ਛੱਡ ਗਿਆ ਤੇ ਰੰਘੜ ਔਲੂ ਦੀ ਝੱਗ ਵਾਂਗੂੰ ਬਹਿ ਗਏ।

ਨਿਹੰਗ ਰਹਿਮ ਦਿਲ ਵੀ ਬਹੁਤ ਸਨ ਜਦੋਂ ਰੋਹ ਵਿਚ ਆ ਜਾਂਦੇ ਤੇ ਫੇਰ ਵਾਹਿਗੁਰੂ ਰਾਖਾ ਸੀ।

ਸੰਗਤਾਂ ਆਉਂਦੀਆਂ, ਸੰਗਤਾਂ ਜਾਂਦੀਆਂ, ਸ਼ਬਦ ਪੜ੍ਹਦੇ, ਕੀਰਤਨ ਕਰਦੇ ਗੁਰੂ ਕੇ ਲਾਲ ਅਨੰਦਪੁਰ ਆ ਰਹੇ ਸਨ, ਜਾ ਰਹੇ ਸਨ।

ਰੰਘੜ ਤਾਂ ਹੁਣ ਕੰਨ 'ਚ ਪਾਇਆਂ ਨਹੀਂ ਸਨ ਦੁਖਦੇ।

—ਜੁੱਤੀ 'ਚ ਬੜੀ ਤਾਕਤ ਏ। ਡੰਡਾ ਵਿਗੜਿਆਂ-ਤਿਗੜਿਆਂ ਦਾ ਪੀਰ ਏ।

ਨਿਹੰਗਾਂ ਦਾ ਜਥਾ ਹਰ ਮਹੀਨੇ ਦੀ ਮੱਸਿਆ-ਸੰਗਰਾਂਦ ਇਕ ਵਾਰ ਤੇ ਜ਼ਰੂਰ ਲੰਘਦਾ, ਤੇ ਸਾਰਾਂ ਮਹੀਨਾ ਕੋਈ ਖੰਘ ਕੇ ਨਾ ਵੇਖਦਾ।

ਰਾਖੀ ਦੇ ਪਿੰਡ ਮਿਸਲਦਾਰਾਂ ਨੇ ਸਵਰਗ ਬਣਾ ਦਿੱਤੇ ਹਨ। ਰਾਖੀ ਤੇ ਉਹ ਵੀ ਸਰਦਾਰਾਂ ਦੀ।

ਰਾਖੀ ਵਿਚ ਆਓ ਤੇ ਆਰਾਮ ਦੀ ਨੀਂਦ ਸੌਂ ਜਾਓ। ਪਹਿਰੇਦਾਰੀ ਮੁੱਕੀ। ਆਪੇ ਈ ਜਥੇ ਤੁਹਾਡੀ ਦੇਖਭਾਲ ਕਰਨਗੇ।

ਰਾਖੀ ਸਿਸਟਮ ਇਕ ਤਰ੍ਹਾਂ ਦਾ ਪੰਚਾਇਤੀ ਰਾਜ ਸੀ।

77

ਘੜੇ ਦੀਆਂ ਮੱਛੀਆਂ

–ਮਲੇਰਕੋਟਲੇ ਨਾਲ ਸਾਡੀ ਜ਼ਾਤੀ ਦੁਸ਼ਮਨੀ ਤੇ ਨਹੀਂ। ਅਸੀਂ ਤੇ ਉਨ੍ਹਾਂ ਦੇ ਰਿਣੀ ਹਾਂ। ਉਨ੍ਹਾਂ ਦੇ ਬਜ਼ੁਰਗ ਸ਼ੇਰ ਖ਼ਾਂ ਨੇ ਸਰਹੰਦ ਦੇ ਭਰੇ ਦਰਬਾਰ ਵਿਚ ਹਾਅ ਦਾ ਨਾਅਰਾ ਮਾਰਿਆ ਸੀ। ਏਸੇ ਲਈ ਸਿੰਘਾਂ ਦਾ ਸਿਰ ਝੁਕਦਾ ਏ। ਪਰ ਜਦੋਂ ਦੇ ਉਨ੍ਹਾਂ ਦੇ ਪੁੱਤ-ਪੋਤਰੇ ਜਵਾਨ ਹੋ ਗਏ ਨੇ, ਮੂੰਹ ਜ਼ੋਰ ਛੜਾਂ ਮਾਰਦੇ ਹਨ ਫੇਰ ਤੇ ਉਨ੍ਹਾਂ ਨੂੰ ਨਿਆਣਾ ਪਾਉਣਾ ਈ ਪਊ। ਰੱਸੇ ਵਿਚ ਜੁੜਨਾ ਈ ਪਏਗਾ।

–ਮਲੇਰਕੋਟਲੇ ਦੇ ਸ਼ਹਿਜ਼ਾਦੇ ਮੂੰਹ ਸਲੂਣਾ ਕਰਨ ਲਈ ਸਰਹੰਦ ਜਾਂਦੇ ਹਨ, ਮੁਰਗੇ ਖਾਂਦੇ ਹਨ ਤੇ ਫੜ੍ਹਾਂ ਮਾਰਦੇ ਹਨ। ਉਨ੍ਹਾਂ ਦੇ ਆਖੇ ਲੱਗਿਆ ਅਹਿਮਦ ਸ਼ਾਹ ਅਬਦਾਲੀ ਤੇ ਹਾਂ ਕਰ ਦਿੱਤੀ। ਜੈਨ ਖ਼ਾਂ ਨੇ ਨੰਗਾ ਹੋ ਕੇ ਨੱਚਣਾ ਸੀ, ਪਰ ਖ਼ਾਲਸੇ ਨੇ ਅਜੇ ਸੋਧਿਆ ਨਹੀਂ ਸੀ। ਸਿੰਘ ਆਖਦੇ ਹਨ ਇਹਦੀ ਧੌਣ ਮੋਟੀ ਹੋ ਜਾਏ ਤੇ ਫੇਰ ਕੁੱਕੜ ਝਟਕਾਉਣ ਦਾ ਮਜ਼ਾ ਆਊ।

ਪਟਿਆਲੇ ਵਾਲੇ ਭਾਵੇਂ ਜ਼ੋਰਾਂ ਵਿਚ ਸਨ। ਪਰ ਜੱਸਾ ਸਿੰਘ ਆਹਲੂਵਾਲੀਏ ਤੋਂ ਬਗ਼ੈਰ ਉਨ੍ਹਾਂ ਦਾ ਕੌਡੀ ਮੁੱਲ ਨਹੀਂ ਸੀ ਪੈਂਦਾ। ਆਲਾ ਸਿੰਘ ਨੇ ਅਹਿਮਦ ਸ਼ਾਹ ਅਬਦਾਲੀ ਨਾਲ ਗਰਾਹੀਆਂ ਸਾਂਝੀਆਂ ਕਰ ਲਈਆਂ ਸਨ। ਉਹ ਨਿਹੰਗ ਸੀ, ਸਰਦਾਰ ਸੀ, ਸਿਆਸਤਦਾਨ ਸੀ। ਉਹ ਸੌਦਾ ਕਰਨਾ ਜਾਣਦਾ ਸੀ। ਏਸੇ ਦੀ ਬਰਕਤ 'ਚ ਮਾਲਵੇ 'ਚ ਐਨੀ ਜਾਗੀਰ ਬਣਾ ਲਈ। ਅਜੇ ਦਲ ਵਾਲਿਆਂ ਦੇ ਜਥੇ ਈ ਆਉਂਦੇ ਸਨ। ਜ਼ਮੀਨ ਤੇ ਥਾਣੇ ਬਣਾ ਲੈਂਦੇ। ਕੋਈ ਜਾਗੀਰ ਨਹੀਂ ਸੀ ਦਲ ਵਾਲਿਆਂ ਕੋਲ। ਜਿਥੇ ਬੈਠੇ ਓਸੇ ਨੂੰ ਜਾਗੀਰ ਮੰਨ ਲਿਆ ਟੱਪਰੀਵਾਸਾਂ ਵਾਂਗੂੰ ਰਾਤਾਂ ਕੱਟੀਆਂ। ਤਾਕਤਵਰ ਸਨ, ਅੱਥਰੇ ਵੀ ਸਨ। ਜਿਹਦਾ ਅਰਦਾਸਾ ਕਰ ਲੈਂਦੇ ਇਕ ਵਾਰ ਫੇਰ ਨਫ਼ਾ ਨੁਕਸਾਨ ਨਹੀਂ ਸਨ ਵੇਖਦੇ।

ਦਲ ਮਾਲਵੇ ਵਿਚ ਆਪਣੇ ਜੈਕਾਰੇ ਲਾ ਰਿਹਾ ਸੀ। ਰਾਸ਼ਨ ਪਾਣੀ ਬਹੁਤ ਸੀ। ਇਕ ਇਕੱਠ ਵਿਚ ਜੱਸਾ ਸਿੰਘ ਆਹਲੂਵਾਲੀਆ ਬੋਲ ਉਠਿਆ।

–ਸਾਨੂੰ ਹੁਣ ਆਪਣੇ ਟਿਕਾਣੇ ਬਣਾਉਣੇ ਚਾਹੀਦੇ ਹਨ। ਲੰਡੀ-ਬੁੱਚੀ ਸਾਰੀ ਝਾੜ ਦੇਣੀ ਚਾਹੀਦੀ ਏ।

ਭਾਈ ਕਿਆਂ ਦੀ ਇੱਜ਼ਤ ਤਲਵਾਰ ਦੇ ਜ਼ੋਰ ਨਾਲ ਨਹੀਂ ਸੀ। ਮਾਲਾ ਤੇ ਭਗਤੀ ਦੇ ਕਾਰਨ ਦਲ ਵਾਲੇ ਸਿਰ ਝੁਕਾਉਂਦੇ ਸਨ। ਭਾਵੇਂ ਨਿਹੰਗ ਬਹੁਤ ਅੜਬ ਸਨ, ਪਰ ਧਰਮ ਅੱਗੇ ਸਿਰ ਨਹੀਂ ਸਨ ਚੁੱਕਦੇ।

—ਮਲੇਰਕੋਟਲੇ ਵਾਲਿਆਂ ਨੂੰ ਇਕ ਵਾਰ ਤੇ ਚਾਹਟਾ ਜ਼ਰੂਰ ਛਕਾਉਣਾ ਪਏਗਾ।

—ਹਾਂ ਮਲੇਰਕੋਟਲੇ ਵਾਲਿਆਂ ਨੂੰ ਜੈਨ ਖ਼ਾਂ ਦੀ ਚੁੱਕ ਏ। ਓਸ ਚੁੱਕ ਨੇ ਸਾਡਾ ਬਹੁਤ ਨੁਕਸਾਨ ਕੀਤਾ ਏ। ਹਜ਼ਾਰਾਂ ਜਾਨਾਂ ਬਰਬਾਦ ਹੋ ਗਈਆਂ ਨੇ।

ਜੈਨ ਖ਼ਾਂ ਨੇ ਵੀ ਆਪਣੀ ਸਾਰੀ ਵਾਹ ਲਾਈ ਤੇ ਖ਼ਾਲਸੇ ਦਾ ਸਾਰਾ ਖੋਟ ਕੱਢ ਦਿੱਤਾ।

—ਸਾਡਾ ਨਿਸ਼ਾਨਾ ਪਹਿਲਾਂ ਮਲੇਰਕੋਟਲਾ ਤੇ ਫੇਰ ਸਰਹੰਦ।

—ਆਲਾ ਸਿੰਘ ਨੂੰ ਤਨਖ਼ਾਹ ਲਾਉਣੀ ਏ। ਊਹ ਭਾਵੇਂ ਚੰਗਾ ਏ ਤੇ ਭਾਵੇਂ ਮੰਦਾ ਏ ਸਾਡਾ ਭਰਾ ਏ। ਪੰਥ ਤੋਂ ਨਾਬਰ ਨਹੀਂ।

—ਸਰਹੰਦ ਦਾ ਗੜ੍ਹ ਤੋੜਨਾ ਪਏਗਾ ਇਕ ਵਾਰ। ਇਕ ਵਾਰ ਬਚ ਗਿਆ ਜਹਾਨ ਖ਼ਾਂ ਨੱਸ ਗਿਆ ਧੋਖਾ ਦੇ ਕੇ ਅਫ਼ਵਾਹ ਫੈਲਾ ਦਿੱਤੀ ਏ। ਜਹਾਨਾ ਮਾਰ ਲਿਆ ਪਰ ਊਹ ਤੇ ਤੋਤਾ ਸੀ ਬਾਜ਼ ਬਣ ਕੇ ਉੱਡ ਗਿਆ। ਨਿਹੰਗ ਪਾਤਸ਼ਾਹ ਨੂੰ ਕੀ ਪਤਾ ਸੀ ਕਿ ਇਹ ਜੰਗ ਦੇ ਪੈਂਤੜੇ ਹਨ।

ਜਨਾਜ਼ਾ ਚੁੱਕ ਕੇ ਲੈ ਗਏ, ਮੋਢਾ ਦੇਣ ਵਾਲਾ ਵੀ ਜਹਾਨ ਖ਼ਾਂ ਈ ਸੀ। ਖ਼ਾਲੀ ਸਰੂਪ ਬਦਲਿਆ ਹੋਇਆ ਸੀ। ਆਪੇ ਚੁੱਕਣ ਵਾਲਾ ਤੇ ਆਪਣਾ ਈ ਜਨਾਜ਼ਾ।

ਭਾਈ ਕੇ ਵਾਲੇ ਬੋਲੇ। ਮਲੇਰਕੋਟਲੇ ਤੇ ਹਮਲਾ ਜ਼ਰੂਰ ਕਰੋ ਪਰ ਲੁੱਟ ਨਾ ਹੋਵੇ। ਘਰ ਕੋਈ ਉਜੜੇ ਨਾ। ਮੁਸਲਮਾਨਾਂ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ। ਉਨ੍ਹਾਂ ਦੇ ਲਹੂ ਵਿਚ ਸਿੰਘਾਂ ਲਈ ਨਫ਼ਰਤ ਨਹੀਂ।

ਜੱਸਾ ਸਿੰਘ ਆਹਲੂਵਾਲੀਏ ਨੇ ਮੰਨ ਲਈ ਭਾਈ ਕਿਆਂ ਦੀ ਗੱਲ।

—ਆਲਾ ਸਿੰਘ ਦੇ ਇਲਾਕੇ ਵਿਚ ਦਲ ਵਾਲਿਆਂ ਨੂੰ ਜਾਣ ਦਿੱਤਾ ਜਾਏ।

—ਹਾਂ ਜ਼ਰੂਰੀ ਏ, ਭਾਵੇਂ ਆਲਾ ਸਿੰਘ ਸਾਥੋਂ ਨਾਬਰ ਨਹੀਂ ਹੋ ਸਕਦਾ, ਪਰ ਫੇਰ ਵੀ ਡਰ ਬਣਿਆ ਰਹਿਣਾ ਚਾਹੀਦਾ ਏ। ਕਿਸੇ ਵੇਲੇ ਵੀ ਊਹ ਅਹਿਮਦ ਸ਼ਾਹ ਅਬਦਾਲੀ ਦੀ ਝੋਲੀ 'ਚ ਜਾ ਕੇ ਬੈਠ ਸਕਦਾ ਏ। ਜੀ ਹਜ਼ੂਰੀ ਕਰਦਾ ਬੰਦਾ ਕਿਸੇ ਵੇਲੇ ਵੀ ਦਲ ਦਾ ਨੁਕਸਾਨ ਕਰ ਸਕਦਾ ਏ।

ਸੁਲ੍ਹਾ ਦੀਆਂ ਗੱਲਾਂ ਚੱਲੀਆਂ ਪਰ ਵਿਚੇ ਈ ਰਹਿ ਗਈਆਂ। ਅਬਦਾਲੀ ਥੱਕ ਗਿਐ। ਊਹਨੂੰ ਪਤਾ ਏ ਕਿ ਇਹ ਦੁੱਲੇ ਕਿਸੇ ਕੀਮਤ ਤੇ ਵੀ ਆਪਣੇ ਬਚਨ ਦੀ ਕੀਮਤ ਨਹੀਂ ਲੈ ਸਕਦੇ। ਪੰਜਾਬ ਇਨ੍ਹਾਂ ਦਾ ਏ ਤੇ ਇਨ੍ਹਾਂ ਲੈ ਕੇ ਰਹਿਣਾ ਏ। ਚਾਰ ਦਿਨ ਈਦ ਦਾ ਜਸ਼ਨ ਮਨਾ ਲਵੇ।

—ਭਾਈ ਕਿਆਂ ਨੇ ਸਿਰਫ਼ ਪ੍ਰਚਾਰ ਈ ਕਰਨਾ ਏ ਸਿੱਖੀ ਦਾ ਤੇ ਮਾਲਾ ਫੇਰਨ ਦੀ ਜਾਚ ਦੱਸਣੀ ਏ।

ਯਕਦਮ ਫੈਸਲਾ। ਘੋੜੇ ਤਿਆਰ ਸਨ ਚਲੇ ਪਹਿਲਾਂ ਸਰਹੰਦ ਵੱਲ।

—ਨਹੀਂ ਸਰਹੰਦ ਵੱਲ ਨਹੀਂ। ਮਲੇਰਕੋਟਲੇ ਵੱਲ ਮੂੰਹ ਕਰ ਲਵੋ ਅੱਗੇ ਜੋ ਕਰੂ ਕਰਤਾਰ। ਜਹਾਨ ਖ਼ਾਂ ਨੂੰ ਆਪਣੇ ਟਿਕਾਣੇ ਬੈਠਣ ਦਿਓ ਫੇਰ ਸੋਧਾਂਗੇ।

—ਭੀਖਨ ਖ਼ਾਂ ਤੇ ਇਕ ਝੜਪ ਵੀ ਮਾਰੀ ਗਈ ਤੇ ਡੋਲ ਜਾਏਗਾ। ਮਲੇਰਕੋਟਲਾ ਨੂੰ ਮਦਰਸਾ ਬਣਨ ਦਿਓ, ਜਾਵਾਂਗੇ ਤੇ ਬੱਤੀ ਦੇ ਬੱਤੀ ਦੰਦ ਕੱਢ ਕੇ ਵਿਖਾਵਾਂਗੇ।

ਘੋੜੇ ਚੜ੍ਹੇ, ਨਗਾਰੇ ਵੱਜੇ, ਝੰਡੇ ਨਿਕਲੇ ਤੇ ਉਨ੍ਹਾਂ ਜਾ ਸੋਧਿਆ ਮਲੇਰਕੋਟਲਾ। ਸਿਰਫ਼ ਨਵਾਬ ਦੇ ਮਹਲ ਦੀ ਤਲਾਸ਼ੀ ਲਈ ਬਾਕੀ ਕਿਸੇ ਨੂੰ ਹੱਥ ਨਾ ਲਾਇਆ।

ਕੜਾਹ ਪ੍ਰਸ਼ਾਦ ਦੀ ਮਾਇਆ ਸਿੰਘਾਂ ਨੇ ਮਹਿਲ 'ਚੋਂ ਈ ਇਕੱਠੀ ਕਰ ਲਈ।

ਬੇਗ਼ਮ ਗਲ 'ਚ ਪੱਲਾ ਪਾ ਕੇ ਜੱਸਾ ਸਿੰਘ ਆਹਲੂਵਾਲੀਏ ਦੇ ਹਜ਼ੂਰ ਪੇਸ਼ ਹੋਈ।

—ਰਹਿਮ, ਅਸੀਂ ਵੀ ਤੁਹਾਡੀਆਂ ਭੈਣਾਂ ਹਾਂ।

—ਪਰ ਇਹ ਮੁਸਟੰਡੇ ਮੁੰਡੇ ਜਿਨ੍ਹਾਂ ਦੀਆਂ ਖਾਖਾਂ, ਵਰਾਛਾਂ ਵੀ ਪਾਟੀਆਂ ਹੋਈਆਂ ਨੇ ਇਨ੍ਹਾਂ ਦਾ ਕੀ ਇਲਾਜ ਏ? ਜੁੱਤੀਆਂ ਮਾਰੋ ਤੇ ਸਿੱਧੇ ਹੋ ਜਾਣਗੇ। ਭਾਂਡੇ ਮਾਂਜਣ ਦਲ ਵਾਲਿਆਂ ਦੇ ਤੇ ਅਕਲ ਟਿਕਾਣੇ ਆ ਜਾਏਗੀ।

ਬਸ ਏਨੀ ਕੁ ਨਿੱਕੀ ਜਿਹੀ ਝੜਪ ਸੀ। ਜੱਸਾ ਸਿੰਘ ਆਹਲੂਵਾਲੀਏ ਨੇ ਫੈਸਲਾ ਦੇ ਦਿੱਤਾ। ਦਲ ਵਾਲੇ ਦੁਆਬੇ ਵੱਲ ਚਲੇ ਗਏ ਤੇ ਫੇਰ ਹੌਲੀ-ਹੌਲੀ ਅੰਮ੍ਰਿਤਸਰ ਵੱਲ ਮੂੰਹ ਕਰ ਲਿਆ। ਦੀਵਾਲੀ ਆ ਰਹੀ ਏ ਦੀਵਾਲੀ ਉਥੇ ਮਨਾਈ ਜਾਏਗੀ।

—ਜਹਾਨ ਖ਼ਾਂ ਤੇ ਕਰੜੀ ਨਜ਼ਰ ਰੱਖੀ ਜਾਏ।

—ਗੁਰੂ ਕ੍ਰਿਪਾ ਕਰੇ ਦਲ ਨੂੰ ਹੁਣ ਪੱਕੇ ਟਿਕਾਣੇ ਕਰ ਲੈਣੇ ਚਾਹੀਦੇ ਹਨ। ਇਹ ਤੇ ਸਭ ਘੜੇ ਦੀਆਂ ਮੱਛੀਆਂ ਹਨ। ਹੁਣ ਦੇਰ ਨਾ ਕਰੋ ਤੇ ਆਪਣੇ ਪੈਰ ਪੱਕੇ ਕਰ ਲਵੋ।

78

ਸੀੜ ਦੇ ਰੱਸੇ

ਰੰਘੜ ਨੇ ਸ਼ਰਾਬ ਪੀਤੀ ਹੋਈ ਸੀ। ਧੁੱਤ ਬਣਿਆ ਹੋਇਆ ਸੀ ਬਾਦਸ਼ਾਹ ਓਸ ਵੇਲੇ ਦਾ।

ਆਖਣ ਲੱਗਾ—ਸੀੜ ਦੇ ਰੱਸੇ ਪੁਰਾਣੇ ਹੋ ਗਏ ਨੇ। ਅਸਾਂ ਸਿੰਘਾਂ ਦੇ ਕੇਸਾਂ ਦੇ ਰੱਸੇ ਵੱਟਣੇ ਹਨ। ਉਹ ਮਜ਼ਬੂਤ ਵੀ ਬਹੁਤ ਹੁੰਦੇ ਨੇ ਤੇ ਖ਼ੂਬਸੂਰਤ ਵੀ ਬਹੁਤ ਲੱਗਦੇ ਹਨ, ਹੱਥਾਂ ਦੀ ਸ਼ੋਭਾ ਏ।

ਅੱਗੇ ਇਕ ਨਿਹੰਗ ਭੇਸ ਵਟਾਈ ਖੜ੍ਹਾ ਸੀ। ਆਖਣ ਲੱਗਾ:

—ਕਿੱਥੇ ਸਿੰਘਾਂ ਦੇ ਸਿਰ ਮੁੰਨੇਂਗਾ ਬਾਬਾ, ਜਾਹ ਜਾ ਕੇ ਸੌਂ, ਨਸ਼ਾ ਉਤਰ ਜਾਏਗਾ।

ਪਰ ਉਹ ਤੇ ਘੋੜੇ ਚੜ੍ਹਿਆ ਹੋਇਆ ਸੀ, ਬੋਲੀ ਜਾਏ।

ਨਿਹੰਗ ਨੇ ਓਸੇ ਦੇ ਇਕ ਅਹਿਲਕਾਰ ਦੀ ਤਲਵਾਰ ਧੂਹ ਲਈ ਤੇ ਇਕੋ ਝਟਕੇ 'ਚ ਧੌਣ ਲਾਹ ਸੁੱਟੀ। ਬੱਕਰੇ ਵਾਂਗੂ ਤੜਫਦਾ ਜ਼ਮੀਨ ਤੇ ਠੰਢਾ ਹੋ ਗਿਆ। ਬਾਕੀ ਦੀ ਧਾੜ ਭੱਜ ਗਈ।

ਜ਼ਬਾਨ ਦਾ ਸਵਾਦ ਏ ਚਸਕਾ ਜ਼ਬਾਨ ਦਾ, ਜ਼ਬਾਨ ਨੂੰ ਲਗਾਮ ਦੇਣੀ ਚਾਹੀਦੀ ਏ। ਜ਼ਬਾਨ ਕਈ ਤਰ੍ਹਾਂ ਦੇ ਪਵਾੜੇ ਪਾ ਦੇਂਦੀ ਏ। ਜ਼ਬਾਨ ਧੌਣ ਵੀ ਲੁਹਾ ਦੇਂਦੀ ਏ।

ਜਹਾਨ ਖ਼ਾਂ ਸਿਆਲਕੋਟ ਤੋਂ ਨੱਸਿਆ। ਆਖਦਾ ਕਿ ਦਲ ਵਾਲੇ ਸਾਡੇ ਵਿਚ ਈ ਨੇ। ਦਲ ਸਾਡੇ ਆਲੇ-ਦੁਆਲੇ ਭੌਂ ਰਿਹਾ ਏ। ਸਾਨੂੰ ਆਪਣੀ ਜਾਨ ਬਚਾਉਣੀ ਚਾਹੀਦੀ ਏ।

ਅਟਕ ਤੋਂ ਲੰਘੇ ਤੇ ਫੇਰ ਝਨਾ ਆਈ, ਉਹ ਪਾਰ ਕੀਤੀ। ਜੰਮੂ ਦੇ ਰਾਜੇ ਰਣਜੀਤ

ਸਿੰਘ ਨੇ ਹਾਂ ਕਰ ਦਿੱਤੀ ਕਿ ਮੈਂ ਤੇਰੀ ਮਦਦ ਕਰਾਂਗਾ ਤੂੰ ਫ਼ਿਕਰ ਨਾ ਕਰ ਘਬਰਾ ਨਾ। ਯਾਰ ਈ ਯਾਰ ਦੀ ਮਦਦ ਕਰਦੇ ਆਏ।

ਪਰ ਜਦੋਂ ਚੜ੍ਹਤ ਸਿੰਘ ਦਾ ਨਾਂ ਸੁਣਿਆ ਰਣਜੀਤ ਸਿੰਘ ਰਾਜਾ ਜੰਮੂ ਦੇ ਪਹਾੜ ਦੀ ਕਿਸੇ ਖੁੰਦਰ ਵਿਚ ਜਾ ਲੁਕਿਆ। ਵਿਚਾਰਾ ਜਹਾਨ ਖ਼ਾਂ ਫੇਰ ਰਹਿ ਗਿਆ ਕੱਲੇ ਦਾ ਕੱਲਾ। ਕੋਈ ਮਦਦਗਾਰ ਨਹੀਂ ਸੀ। ਕੋਈ ਹਮਦਰਦੀ ਵੀ ਨਾ ਲੱਭਾ। ਧਿਆ ਪੱਖੀ ਵਾਂਗੂੰ ਡੋਲਦਾ ਫਿਰੇ।

—ਇਕ ਵਾਰ ਸਰਹੰਦ ਪੁੱਜ ਜਾਈਏ ਫੇਰ ਕੋਈ ਡਰ ਨਹੀਂ, ਕੋਈ ਖ਼ਤਰਾ ਨਹੀਂ।

ਪਰ ਸਿੰਘਾਂ ਦੇ ਹੁੰਦਿਆਂ ਸਰਹੰਦ ਪੁੱਜ ਜਾਣਾ ਕੋਹਿਤੂਰ ਤੇ ਚੜ੍ਹਨ ਵਾਲੀ ਗੱਲ ਸੀ।

ਜਥੇ ਸ਼ਿਕਾਰ ਲੱਭਦੇ ਫਿਰਦੇ ਸਨ ਘੋੜਿਆਂ ਦੀਆਂ ਟਾਪਾਂ ਸੁਣਾਈ ਦੇ ਰਹੀਆਂ ਸਨ। ਨਗਾਰੇ ਵੱਜ ਰਹੇ ਸਨ, ਝੰਡੇ ਬੁਲੰਦ ਸਨ।

ਜਹਾਨ ਖ਼ਾਂ ਦਾ ਦਾਅ ਲੱਗ ਗਿਆ ਨੱਸ ਗਿਆ। ਰਾਹ ਦੇ ਦਿੱਤਾ ਕੁਦਰਤ ਨੇ। ਵਿਚਾਰਾ ਭਰਿਆ ਮੇਲਾ ਈ ਛੱਡ ਕੇ ਨੱਸਿਆ ਸੀ। ਅਜੇ ਮੇਲੇ ਵਿਚੋਂ ਜਲੇਬੀਆਂ ਵੀ ਨਹੀਂ ਸਨ ਖਾਧੀਆਂ।

ਭਾਵੇਂ ਰੌਲਾ ਪੈ ਗਿਆ ਸੀ ਕਿ ਜਹਾਨ ਮਾਰ ਲਿਆ, ਪਰ ਇਹ ਅਫ਼ਵਾਹ ਸੀ। ਕੁਤਾਸਗੜ੍ਹ ਤੋਂ ਲੁਕਦਾ-ਛਿਪਦਾ ਜਹਾਨ ਖ਼ਾਂ ਆਪਣੀ ਜਾਨ ਬਚਾਈ ਰੋਪੜ ਵੱਲ ਜਾ ਰਿਹਾ ਸੀ। ਚੜ੍ਹਤ ਸਿੰਘ ਨੇ ਚੰਗੀ ਖੁੰਬ ਠੱਪੀ, ਝੰਡਾ ਸਿੰਘ ਤੇ ਗੁੱਜਰ ਸਿੰਘ ਭੰਗੀ ਜਦ ਪੁੱਜੇ ਤੇ ਮੈਦਾਨ ਖ਼ਾਲੀ ਸੀ। ਜਹਾਨ ਖ਼ਾਂ ਦਾ ਕਿਤੇ ਨਾਂ ਨਿਸ਼ਾਨ ਨਹੀਂ ਸੀ। ਉਹਦਾ ਪਰਛਾਵਾਂ ਵੀ ਕਿਤੇ ਨਜ਼ਰ ਨਹੀਂ ਸੀ ਆਉਂਦਾ।

ਜੱਸਾ ਸਿੰਘ ਆਹਲੂਵਾਲੀਏ ਨੇ ਆਖਿਆ—ਮਗਰ ਜਾਣਾ ਬੁਜ਼ਦਿਲਾਂ ਦਾ ਕੰਮ ਏ। ਕਿੱਥੇ ਜਾਏਗਾ ਦਲ ਤੋਂ ਨੱਸ ਕੇ?

—ਜਾਓ ਦੀਵਾਲੀ ਦਾ ਮੇਲਾ ਵੇਖੋ, ਗੁਰੂ ਦੇ ਦਰਸ਼ਨ ਕਰੋ।

—ਇਕ ਗੱਲ ਚੇਤੇ ਰੱਖੋ। ਜਹਾਨ ਖ਼ਾਂ ਨੂੰ ਸਰਹੰਦ ਨਹੀਂ ਪੁੱਜਣ ਦੇਣਾ। ਰਾਹ ਵਿਚ ਈ ਝਟਕਾ ਦੇਣੈ।

—ਜਥੇਦਾਰ ਜੀ, ਤੁਸੀਂ ਤਸੱਲੀ ਰੱਖੋ। ਸਰਹੰਦ ਅਜੇ ਬਹੁਤ ਦੂਰ ਏ। ਅਸਾਂ ਗਿਣ-ਗਿਣ ਕੇ ਬਦਲੇ ਲੈਣੇ ਨੇ। ਇਹ ਸੂਰ ਕਦ ਤਕ ਕਮਾਦ ਵਿਚ ਲੁਕਿਆ ਰਹੇਗਾ?

—ਸਾਡਾ ਵਾਰ ਖ਼ਾਲੀ ਗਿਆ। ਸ਼ਿਕਾਰ ਨਜ਼ਰੀ ਚੜ੍ਹਿਆ ਸੀ ਨਿਕਲ ਗਿਆ। ਚੜ੍ਹਤ ਸਿੰਘ ਕਚੀਚੀਆਂ ਵੱਟ ਰਿਹਾ ਸੀ। ਭੱਜ ਗਿਆ ਬੁਜ਼ਦਿਲ, ਭਗੌੜਾ ਹੋ ਗਿਆ।

ਜੇਹਾ ਬੀਜੇ ਸੋ ਲੁਣੇ ਕਰਮਾ ਸੰਦੜਾ ਖੇਤ।

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ।

ਕਾਬਲੀ ਮੱਲ ਕੋਲ ਬਹੁਤ ਫ਼ੌਜ ਨਹੀਂ ਸੀ। ਉਹ ਆਪ ਕੰਬਦਾ ਫਿਰਦਾ ਸੀ। ਜੈਨ ਖ਼ਾਂ ਨੇ ਸਾਰੇ ਇਲਾਕੇ ਦੇ ਘਰਾਂ ਵਿਚ ਹੂੰਝਾ ਫੇਰ ਦਿੱਤਾ। ਲੋਕ ਤਰਾਹ-ਤਰਾਹ ਕਰ ਉੱਠੇ। ਬਦਨਾਮ ਹੋ ਗਿਆ ਸੀ।

ਜਹਾਨ ਖ਼ਾਂ ਤੂਤ ਦੀ ਛਿਟੀ ਵਾਂਗੂੰ ਡੋਲਦਾ ਤੇ ਟਿਕਾਣਾ ਭਾਲਦਾ ਫਿਰਦਾ ਸੀ। ਦਲ ਵਾਲੇ ਮਗਰ ਚੜ੍ਹੇ ਹੋਏ ਸਨ।

ਅਹਿਮਦ ਸ਼ਾਹ ਅਬਦਾਲੀ ਦਾ ਸੂਬੇਦਾਰ ਸਆਦਤ ਖ਼ਾਂ ਡਰਦਾ ਜਲੰਧਰ ਤੋਂ ਬਾਹਰ

ਨਹੀਂ ਸੀ ਨਿਕਲਦਾ। ਜਹਾਨ ਖ਼ਾਂ ਆਪਣੀ ਜਾਨ ਲਕੋਈ ਬੈਠਾ ਸੀ। ਦਲ ਵਾਲੇ ਹਰਲ ਹਰਲ ਕਰਦੇ ਫਿਰਦੇ ਸਨ।

ਜਹਾਨ ਖ਼ਾਂ ਤੇ ਜੈਲ ਖ਼ਾਂ ਸਰਹੰਦ ਨਾ ਪੁੱਜਣ। ਦਲ ਵਾਲੇ ਘੇਰਾ ਪਾਉਣ ਦੀ ਕੋਸ਼ਿਸ਼ ਕਰਦੇ ਪਰ ਉਹ ਕਿਧਰੇ ਨਾ ਕਿਧਰੇ ਦਾਅ ਮਾਰ ਜਾਂਦੇ।

ਸਰਹੰਦ ਤੇ ਦਲ ਵਾਲਿਆਂ ਦਾ ਇਕ ਵਾਰ ਨਗਾਰਾ ਵੱਜ ਗਿਆ ਤੇ ਫੇਰ ਸਮਝੋ ਸਾਰਾ ਮਾਲਵਾ ਦਲ ਦੀ ਰਾਖੀ ਥੱਲੇ ਆ ਜਾਏਗਾ।

—ਜੈਲ ਖ਼ਾਂ ਕਿੰਨੇ ਕੁ ਦਿਨ ਬਚੇਗਾ। ਬੱਕਰੇ ਦੀ ਮਾਂ ਕਦ ਤਕ ਖ਼ੈਰ ਮਨਾਏਗੀ। ਨਜ਼ਰਾਂ ਦਲ ਦੀਆਂ ਜੈਲ ਖ਼ਾਂ ਤੇ ਵੀ ਸਨ। ਕਿੰਨੇ ਕੁ ਦਿਨ ਡੁੱਬਲ ਮਾਰ ਕੇ ਬੈਠਾ ਰਹੂਗਾ। ਜਦੋਂ ਅੰਨਦਾਣਾ ਮੁੱਕਿਆ ਆਪੇ ਨਿਕਲ ਆਏਗਾ।

ਇਕ ਰਾਤ ਸਾਰੀ ਇਕ ਲੱਤ ਤੇ ਖੜ੍ਹਾ ਰਿਹਾ ਜੈਲ ਖ਼ਾਂ ਤੇ ਦਲ ਵਾਲਿਆਂ ਦੀ ਅੱਖ ਝਮਕ ਕੇ ਨਾ ਵੇਖੀ।

ਉਹ ਵੀ ਸਰਹੰਦ ਪੁੱਜਣਾ ਚਾਹੁੰਦਾ ਸੀ ਤੇ ਦਲ ਵਾਲੇ ਸਾਰੇ ਰਾਹ ਰੋਕ ਕੇ ਖੜ੍ਹੇ ਸਨ। ਉਹਨਾਂ ਉਹਨੂੰ ਉਥੇ ਜਾਣ ਨਹੀਂ ਸੀ ਦੇਣਾ। ਉਨ੍ਹਾਂ ਵੀ ਸਹੁੰ ਖਾਧੀ ਹੋਈ ਸੀ।

ਸਾਰੀ ਰਾਤ ਹੌਲੀ-ਹੌਲੀ ਗੋਲੇ ਚਲਦੇ ਰਹੇ ਤੇ ਕਦੀ-ਕਦੀ ਅੱਲਾ ਹੂ ਅਕਬਰ ਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਵੀ ਬੋਲਦੇ ਰਹੇ।

ਜੇ ਹੁਣ ਕੜਿੱਕੀ 'ਚ ਫਸਿਆ ਜੈਲ ਖ਼ਾਂ ਨਿਕਲ ਗਿਆ ਤੇ ਫੇਰ ਅਸੀਂ ਪਿੰਜਰੇ 'ਚ ਨਹੀਂ ਪਾ ਸਕਦੇ। ਦੋ ਬੱਕਰੇ ਹਨ ਇਕ ਜੈਲ ਖ਼ਾਂ ਤੇ ਇਕ ਜਹਾਨ ਖ਼ਾਂ। ਦੋਹਾਂ 'ਚ ਇਕ ਨੂੰ ਤੇ ਕਾਬੂ ਕਰੋ।

ਘੇਰਾ ਹੌਲੀ-ਹੌਲੀ ਸੌੜਾ ਕਰਦੇ ਜਾਓ। ਏਸੇ ਘੇਰੇ ਵਿਚ ਜੈਲ ਖ਼ਾਂ ਏ ਤੇ ਏਸੇ ਵਿਚ ਈ ਜਹਾਨ ਖ਼ਾਂ। ਇਕਦਮ ਹਮਲਾ ਹੋਇਆ। ਉਹਦੇ ਵਿਚ ਜਹਾਨ ਖ਼ਾਂ ਸੀ। ਸਰਹੰਦ ਬਹੁਤ ਦੂਰ ਸੀ। ਹਮਲੇ 'ਚ ਜੈਲ ਖ਼ਾਂ ਦੇ ਘੋੜੇ ਨੂੰ ਡੱਕ ਲਿਆ। ਇਹ ਸਿਰਫ਼ ਮਜ਼ਬੂਤ ਸਿੰਘ ਜਾਂ ਜੱਸਾ ਸਿੰਘ ਆਹਲੂਵਾਲੀਏ ਦੀ ਤਲਵਾਰ ਦਾ ਕ੍ਰਿਸ਼ਮਾ ਸੀ। ਜ਼ਖ਼ਮੀ ਹੋਇਆ ਜੈਲ ਖ਼ਾਂ ਘੋੜੇ ਤੋਂ ਡਿੱਗਾ। ਹੁਣ ਦਲੇਰੀ ਵੇਖੋ ਮਾੜੀ ਕੇ ਸਰਦਾਰ ਤਾਰਾ ਸਿੰਘ ਦੀ। ਓਸ ਸ਼ਮਸ਼ੀਰ ਖਿੱਚੀ ਤੇ ਲਲਕਾਰਿਆ। ਇਕ ਵਾਰ ਕੀਤਾ। ਜ਼ਖ਼ਮ ਗਹਿਰਾ ਸੀ। ਖ਼ਾਂ ਸਾਹਿਬ ਮੈਂ ਤੇ ਸਿਰਫ਼ ਤਲਵਾਰ ਦਾ ਲਿਸ਼ਕਾਰਾ ਦਿਖਾਉਣ ਆਇਆ ਹਾਂ।

—ਸਿੰਘ ਸਾਹਿਬ, ਪਾਰ ਬੁਲਾ ਦਿਓ। ਇਹ ਤੇਰੀ ਰਹਿਮਤ ਏ। ਹੁਣ ਦੂਰ-ਪੁਣੀ ਝੱਲੀ ਨਹੀਂ ਜਾਂਦੀ।

ਇਕ ਝਟਕਾ ਤਲਵਾਰ ਦਾ ਗੁਰੂ ਦਾ ਨਾਂ ਲੈ ਕੇ ਮਾਰਿਆ। ਧੌਣ ਪਰੇ ਜਾ ਡਿੱਗੀ।

—ਮਾਰ ਲਿਆ ਜਹਾਨਾ ਵੀ ਮਾਰ ਲਿਆ, ਤਾਰਾ ਸਿੰਘ ਆਖ ਰਿਹਾ ਸੀ।

—ਬੱਚੂ ਤੈਨੂੰ ਸਰਹੰਦ ਦੀ ਮਿੱਟੀ ਰਾਸ ਨਹੀਂ ਆਈ। ਤੇਰੇ ਕਰਮਾਂ ਵਿਚ ਉਸ ਦੀ ਮਿੱਟੀ ਨਹੀਂ ਸੀ। ਚੱਲੋ ਸਾਰੀਆਂ ਜਗ੍ਹਾ ਦੀ ਮਿੱਟੀ ਇਕੋ ਜਿਹੀ ਹੁੰਦੀ ਏ। ਬੰਦੇ ਨੇ ਤੇ ਮਿੱਟੀ ਵਿਚ ਈ ਰਲਨੈ।

ਹਲ ਵਾਹੁਣਾ ਨਾਲ ਖੋਤਿਆਂ

ਰੰਡੀ ਹੋ ਗਈ ਸਰਹੰਦ, ਸੁਹਾਗਣ ਕਦੋਂ ਸੀ? ਜਿੰਨੇ ਦਿਨ ਅਹਿਮਦ ਸ਼ਾਹ ਅਬਦਾਲੀ ਰਿਹਾ ਜਾਂ ਮੁਗ਼ਲ ਹਕੂਮਤ ਦੇ ਸੂਬੇਦਾਰ ਨਿਹੰਗ ਉਨ੍ਹਾਂ ਨੂੰ ਕਦੇ ਵੀ ਸੁਹਾਗਣ ਨਹੀਂ ਸਨ ਬਣਨ ਦੇਣਾ ਚਾਹੁੰਦੇ। ਇਹ ਗੁਰੂ ਮਾਰੀ ਸਰਹੰਦ, ਇਹ ਬੱਚੇਖਾਣੀ ਸਰਹੰਦ, ਇਹ ਡੈਣ, ਕਲਜੋਗਨ ਅਜੇ ਵੀ ਜੀਊਂਦੀ ਏ। ਸਰਹੰਦ ਦੀ ਇਕ-ਇਕ ਇੱਟ ਵੱਡੀ ਜਾਏਗੀ। ਇਕ-ਇਕ ਕੰਧ ਉਧੇੜ ਸੁਟਣਗੇ। ਇਹ ਕਈ ਵਾਰ ਵੱਸੇਗੀ ਤੇ ਕਈ ਵਾਰ ਉਜੜੇਗੀ। ਸਾਰੀ ਕੌਮ ਦੀਆਂ ਲਾਹਨਤਾਂ ਸਰਹੰਦ ਦੀ ਝੋਲੀ ਵਿਚ ਪਾਈਆਂ ਹੋਈਆਂ ਸਨ ਗੁਰੂ ਕੇ ਲਾਲਾਂ ਨੇ।

ਨਿਹੰਗਾਂ ਦੀਆਂ ਅੱਖਾਂ ਵਿਚੋਂ ਲਹੂ ਉਤਰ ਆਉਂਦਾ। ਖ਼ੂਨ ਖੌਲ ਪੈਂਦਾ ਜਦ ਕੋਈ ਸਰਹੰਦ ਦਾ ਨਾਂ ਲੈਂਦਾ। ਸ਼ੀਸ਼ ਮਹਿਲ ਵੇਖਣੇ ਹੋਣ ਤੇ ਸਰਹੰਦ ਆਓ।

ਬਗ਼ੀਚੇ, ਬਾਗ਼ਾਂ ਦਾ ਜਲਵਾ ਵੇਖਣਾ ਏ ਤੇ ਸਰਹੰਦ ਵਿਚ ਵੇਖੋ। ਮਸਜਿਦਾਂ ਇਕ ਤੋਂ ਇਕ ਵੱਧ। ਬਾਰਾਂਦਰੀਆਂ ਹੱਥ ਲਾਇਆਂ ਮੈਲੀਆਂ ਹੁੰਦੀਆਂ। ਮਕਬਰੇ ਸੰਗਮਰਮਰ ਵਿਚ ਜੜੇ ਹੋਏ।

—ਕਿੰਨੇ ਕੁ ਦਿਨ ਇਹ ਦੀਵਾਨ ਜੁੜਨਗੇ? ਕਿੰਨੇ ਕੁ ਦਿਨ ਇਹ ਜ਼ੁਲਮ ਹੋਵੇਗਾ? ਅੰਤ ਤੇ ਰੱਬ ਦਾ ਵੈਰ ਏ। ਦਸਮੇਸ਼ ਪਿਤਾ ਨੇ ਫਰਮਾਇਆ ਸੀ—ਸਰਹੰਦ ਨੇ ਪੰਥ ਦੇ ਬੱਚੇ ਨੀਹਾਂ ਵਿਚ ਚਿਣਵਾਏ। ਤਦ ਨਾ ਇਹ ਬੋਲੀ ਫੱਫੇ ਕੁੱਟਣ ਸਰਹੰਦ। ਠੰਢੇ ਬੁਰਜ ਵਿਚੋਂ ਜਦ ਮਾਤਾ ਦੀਆਂ ਚੀਕਾਂ ਸੁਣੀਆਂ ਤਦ ਕਿੱਥੇ ਸੀ ਇਹ ਸਰਹੰਦ? ਨਵਾਬਾਂ ਦੀਆਂ ਵਿਆਹੀਆਂ ਆਈਆਂ ਬੇਗਮਾਂ ਦੇ ਡੋਲੇ ਆਏ ਤੇ ਝੱਟ ਮੁਬਾਰਕਾਂ ਦੇਣ ਚਲੀ ਗਈ ਸੈਂ। ਉਦੋਂ ਤੈਨੂੰ ਲਾਜ ਨਾ ਆਈ। ਤੂੰ ਸੱਕੀ ਸੈਂ, ਇਸਲਾਮ ਦੇ ਬੰਦਿਆਂ ਦੀ। ਅਸੀਂ ਹਿੰਦੂ ਏਸ ਵਤਨ ਦੇ ਕੁਝ ਨਹੀਂ ਲੱਗਦੇ? ਜ਼ੁਲਮ ਸਹਿਣਾ ਸਿਰਫ਼ ਸਾਡੇ ਹਿੱਸੇ ਈ ਆਇਐ। ਜਦ ਗੁਰੂ ਮਾਰੀ ਸਰਹੰਦ ਦੇ ਅਸੀ ਕੱਖ ਚੁਣਨ ਤੇ ਲੱਕ ਬੰਨ੍ਹ ਲਿਆ ਫੇਰ ਤੇਰੀ ਇਹ ਇਕ-ਇਕ ਇੱਟ ਬੋਲੇਗੀ। ਤੇਰੀਆਂ ਹਵੇਲੀਆਂ, ਬਾਰਾਂਦਰੀਆਂ, ਸ਼ੀਸ਼ ਮਹਲ ਸਾਰੇ ਦੇ ਸਾਰੇ ਮਿੱਟੀ ਦਾ ਢੇਰ ਬਣ ਜਾਣਗੇ। ਮੇਰਾ ਹਰ ਸੇਵਕ, ਮੇਰਾ ਹਰ ਸ਼ਰਧਾਲੂ, ਮੇਰਾ ਹਰ ਸਿੰਘ ਜਦੋਂ ਤੇਰੀ ਹੱਦ ਵਿਚੋਂ ਨਿਕਲੇਗਾ ਤੇਰੀ ਇਕ ਇਕ ਇੱਟ ਚੁੱਕ ਕੇ ਲੈ ਜਾਏਗਾ ਤੇ ਸਤਲੁਜ 'ਚ ਜਾ ਸੁੱਟੇਗਾ। ਇਕ ਦਿਨ ਆਏਗਾ ਸਾਰੀ ਸਰਹੰਦ ਵਿਚ ਕੋਈ ਇੱਟ ਬਾਕੀ ਨਾ ਰਹੇਗੀ। ਮਿੱਟੀ ਦੇ ਢੇਰਾਂ ਦੇ ਢੇਰ ਈ ਨਜ਼ਰ ਪੈਣਗੇ।

ਏਸ ਦੇ ਨਾਲ ਸਿੰਘਾਂ ਇਹ ਵੀ ਗੱਲ ਜੋੜ ਦਿੱਤੀ ਹਲ ਵਗਣਗੇ ਤੇਰੀ ਧਰਤੀ ਤੇ। ਮੇਰੇ ਸਿੰਘ ਤੇਰਾ ਖੋਜਖੁਰਾ ਮਿਟਾ ਦੇਣਗੇ।

ਅੱਗੋਂ ਧਰਤੀ ਬੋਲੀ—ਇਹਦੇ 'ਚ ਮੇਰਾ ਕੀ ਕਸੂਰ ਏ। ਜਿਹਦਾ ਹਾਕਮ ਜ਼ਾਲਮ ਏ ਸਜ਼ਾ ਉਹਨੂੰ ਦਿਓ, ਮੈਂ ਤਾਂ ਬੇਜ਼ੁਬਾਨ ਹਾਂ। ਮੇਰੀ ਕੌਣ ਸੁਣਦੈ?

—ਇੰਨਾ ਹਨੇਰ ਹੋਇਆ ਤੇਰੀ ਅੱਖ ਵਿਚੋਂ ਇਕ ਅੱਥਰ ਨਾ ਕਿਰੀ?

—ਸਤਿਗੁਰ ਮੈਂ ਬੇਜ਼ੁਬਾਨ ਸਾਂ, ਬੇਵੱਸ ਸਾਂ ਮੈਨੂੰ ਇੰਨੀ ਵੱਡੀ ਸਜ਼ਾ ਨਾ ਦਿਓ।

ਜੱਸਾ ਸਿੰਘ ਆਹਲੂਵਾਲੀਏ ਨੇ ਹੁਕਮ ਦਿੱਤਾ—ਖੋਤੇ ਕਿਰਾਏ ਤੇ ਲੈ ਆਓ। ਖਰੀਦ

ਲਵੋ ਜਾਂ ਮੁਫ਼ਤ ਕਿਸੇ ਦੇ ਮਾਂਗਵੇ ਇਲਾਕੇ ਵਿਚੋਂ ਲੈ ਆਓ ਭਾੜੇ ਤੇ ਖੋਤੇ ਜਿੰਨੇ ਲੱਭਦੇ ਹਨ।

—ਜਥੇਦਾਰ ਜੀ ਕੀ ਅਸਾਂ ਖੋਤਿਆਂ ਦੀ ਨੁਮਾਇਸ਼ ਲਾਉਣੀ ਏ। ਘੋੜਿਆਂ ਦਾ ਹੁਕਮ ਦੇਂਦੇ ਤੇ ਉਹ ਦਲ ਦੇ ਕੰਮ ਆ ਜਾਂਦੇ।

—ਨਹੀਂ ਮੈਂ ਆਪਣੇ ਸੱਚੇ ਪਾਤਸ਼ਾਹ ਦੀ ਗੱਲ ਵਿਆਹੁਣ ਲੱਗਾ ਹਾਂ। ਹਲ ਵਾਹ ਦਿਓ ਸਾਰੀ ਸਰਹੰਦ ਵਿਚ ਤੇ ਹਲ ਖੋਤਿਆਂ ਨਾਲ ਵਾਹਿਆ ਜਾਏ।

—ਇਹ ਗੱਲ ਤੇ ਨਵੀਂ ਏ ਸਰਕਾਰ। ਹਲ ਤੇ ਵਾਹਿਆ ਜਾਂਦਾ ਏ ਬਲਦਾਂ ਨਾਲ। ਅੱਜ ਤਕ ਕਿਸੇ ਨੇ ਖੋਤਿਆਂ ਨਾਲ ਹਲ ਨਹੀਂ ਵਾਹਿਆ। ਜਦੋਂ ਕੋਈ ਗੱਲ ਕਰੇਗਾ ਤੇ ਆਖੇਗਾ ਨਾ ਜੇ ਬਦਲਾ ਲਿਆ ਤੇ ਬੜੀ ਸ਼ਾਨ ਨਾਲ ਲਵੇ। ਹਲ ਖੋਤਿਆਂ ਨਾਲ ਈ ਵਾਹੁਣਾ ਏ ਭਾਵੇਂ ਕਿੰਨੇ ਪੈਸੇ ਲਾਉਣੇ ਪੈਣ।

ਪਰ ਜੱਸਾ ਸਿੰਘ ਆਹਲੂਵਾਲੀਏ ਨੇ ਇਕ ਨਾ ਸੁਣੀ ਤੇ ਸਾਰੇ ਇਲਾਕੇ 'ਚੋਂ ਖੋਤੇ ਜਮ੍ਹਾਂ ਕਰ ਲਏ, ਹਲ ਅੱਗੇ ਜੋਤੇ ਗਏ। ਮਗਰ ਸਿੰਘਾਂ ਦੀਆਂ ਜੋੜੀਆਂ ਸਨ। ਹੱਥ ਵਿਚ ਸੋਟਾ ਤੇ ਠਾਹ ਮਾਰਿਆ। ਹਲ ਦੇ ਫਾਲੇ ਨੂੰ ਡੂੰਘਾ ਕਰਨ ਲਈ ਹੱਥਾਂ ਨੂੰ ਜ਼ਰਾ ਕੁ ਦਬਾਇਆ।

ਖੋਤਿਆਂ ਦੀਆਂ ਹਿਣਕਨ ਦੀਆਂ ਆਵਾਜ਼ਾਂ ਦੂਰ-ਦੂਰ ਤਕ ਸੁਣਾਈ ਦੇ ਰਹੀਆਂ ਸਨ। ਇਹ ਇਕ ਨਵੀਂ ਰੀਤ ਸੀ। ਪਠਾਣ ਮੂੰਹ 'ਚ ਉਂਗਲਾਂ ਪਾ ਰਹੇ ਸਨ। ਅਹਿਮਦ ਸ਼ਾਹ ਅਬਦਾਲੀ ਨੇ ਜਦ ਸੁਣਿਆ ਸਿਰ ਤੇ ਬਾਂਹ ਰੱਖ ਕੇ ਰੋਇਆ। ਧੰਨ ਹਨ ਨਿਹੰਗ ਪਾਤਸ਼ਾਹ। ਜੁੱਤੀਆਂ ਵੀ ਮਾਰੀਆਂ ਤੇ ਪਾਣੀ 'ਚ ਭਿਉਂ-ਭਿਉਂ ਕੇ। ਇਸ ਤੋਂ ਵੱਡੀ ਹੋਰ ਬੇਇਜ਼ਤੀ ਕੋਈ ਨਹੀਂ ਸੀ ਹੋ ਸਕਦੀ।

—ਡੁੱਬ ਮਰੋ ਤਲਵਾਰ ਦੇ ਧਨੀਓ। ਨਿਹੰਗਾਂ ਨੇ ਭਾਜੀ ਪਾ ਦਿੱਤੀ ਏ। ਜੇ ਹਿੰਮਤ ਹੈ ਤੇ ਨਿਉਂਦਰਾ ਪਾ ਕੇ ਵਿਖਾਓ।

—ਪੰਜਾਬ 'ਚ ਕੋਈ ਨਹੀਂ ਜੰਮਿਆ ਨਿਹੰਗਾਂ ਨੂੰ ਨਿਉਂਦਰਾ ਪਾਉਣ ਵਾਲਾ। ਹਾਂ ਸ਼ਗਨ ਪਾਓ, ਝੋਲੀ ਅੱਡ ਕੇ ਲਵਾਂਗੇ।

ਜੱਸਾ ਸਿੰਘ ਆਹਲੂਵਾਲੀਏ ਦੇ ਹੁਕਮ ਨਾਲ ਸਾਰੀ ਸਰਹੰਦ ਵਿਚ ਖੋਤਿਆਂ ਨਾਲ ਹਲ ਵਾਹ ਦਿੱਤਾ ਗਿਆ।

ਸਰਹੰਦ ਉਜੜੀ, ਫੇਰ ਵੱਸੀ, ਫੇਰ ਉਜੜੀ ਫੇਰ ਵੱਸੀ। ਇਹ ਕਈ ਵਾਰ ਰੰਡੀ ਹੋਈ ਤੇ ਕਈ ਵਾਰ ਸੁਹਾਗਣ।

ਪੰਜਾਬ ਵਿਚ ਲਾਹੌਰ ਪਹਿਲੀ ਛਾਉਣੀ ਤੇ ਫੇਰ ਜਲੰਧਰ, ਫੇਰ ਲੋਕੀ ਸਰਹੰਦ ਦਾ ਨਾਂ ਲੈਂਦੇ, ਅਖੀਰ ਵਿਚ ਦਿੱਲੀ। ਸਰਹੰਦ ਇਕ ਪਾਸੇ ਸੀ, ਜਿੰਨੀ ਦੌਲਤ ਲੁੱਟ ਦੀ ਆਉਂਦੀ ਸਾਰੀ ਦੀ ਸਾਰੀ ਸਰਹੰਦ ਵਿਚ ਖਰਚ ਹੁੰਦੀ। ਹਰ ਨਵਾਬ ਦੀ ਸਰਹੰਦ ਵਿਚ ਆਪਣੀ ਬਾਰਾਂਦਰੀ ਸੀ। ਆਪਣਾ ਮਹਲ, ਆਪਣੀਆਂ ਹਵੇਲੀਆਂ ਸਨ। ਸੂਬੇਦਾਰ ਇਹਨੂੰ ਸਭ ਤੋਂ ਜ਼ਿਆਦਾ ਅਹਿਮੀਅਤ ਦਿੰਦੇ। ਸਰਹੰਦ ਵਿਚ ਹਰ ਵੇਲੇ ਦਸ-ਵੀਹ ਨਵਾਬ ਜ਼ਰੂਰ ਰਹਿੰਦੇ। ਛੁੱਟੀਆਂ ਕੱਟਣ ਏਥੇ ਈ ਆਉਂਦੇ। ਆਰਾਮਗਾਹ ਸਰਹੰਦ ਵਿਚ, ਇਹਦੀਆਂ ਥਾਂ-ਥਾਂ ਗੱਲਾਂ ਹੁੰਦੀਆਂ।

ਪੰਜਾਬੀਆਂ ਸਰਹੰਦ ਲੁੱਟੀ, ਬਰਬਾਦ ਵੀ ਕੀਤੀ, ਪਰ ਫੇਰ ਵਸਾਈ ਵੀ। ਆਖਿਰ ਤੇ ਏਥੇ ਕਿਸੇ ਨੇ ਰਹਿਣਾ ਈ ਏ।

ਪਰ ਖੋਤਿਆਂ ਨਾਲ ਜਿਹੜਾ ਹਲ ਵਾਹਿਆ ਇਹਦਾ ਕੋਈ ਜਵਾਬ ਨਹੀਂ। ਇਹ ਸਾਰੇ ਇਤਿਹਾਸ ਵਿਚ ਵੱਖਰੀ ਗੱਲ ਸੀ। ਯਾਦ ਰੱਖਣਗੇ ਸਰਹੰਦ ਵਾਲੇ।

ਜੱਸਾ ਸਿੰਘ ਆਹਲੂਵਾਲੀਏ ਦੇ ਸੀਨੇ ਠੰਢ ਪਈ। ਗੁਰੂ ਦੇ ਵਾਕ ਪੂਰੇ ਹੋ ਗਏ। ਵਿਆਹ ਸੀ ਤੇ ਬਾਰਾਤ ਸੀ ਖੋਤਿਆਂ ਤੇ ਆਈ, ਰੰਗ ਬੱਝਾ, ਮੇਲਾ ਲੱਗਾ, ਵੇਖਣ ਵਾਲੇ ਵੀ ਖੋਤਿਆਂ ਤੇ ਸਵਾਰ ਸਨ, ਮੇਲਾ ਲਾਉਣ ਵਾਲੇ ਵੀ ਖੋਤਿਆਂ ਤੇ, ਤੇ ਮੇਲੇ 'ਚ ਭੀੜ ਲਾਉਣ ਵਾਲੇ ਵੀ ਖੋਤੇ।

—ਚਲੋ ਚੱਲੀਏ, ਲੁੱਟੀ ਸਰਹੰਦ ਨੂੰ ਕੀ ਲੁੱਟਣਾ।

ਜੈਕਾਰਾ ਛੱਡਿਆ—ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।

ਉੱਜੜੀ ਸਰਹੰਦ ਤੇ ਝੰਡੇ ਝੂਲਦੇ ਰਹੇ, ਕੇਸਰੀ ਨਿਸ਼ਾਨ।

ਖੋਤਿਆਂ ਦੀ ਮੰਡੀ ਲੱਗੀ ਹੋਇਆ ਸੀ ਹਿਣਕ ਰਹੇ ਸਨ ਖੋਤੇ।

ਜੱਸਾ ਸਿੰਘ ਆਹਲੂਵਾਲੀਆ ਬਹੁਤ ਖੁਸ਼ ਸੀ, ਚਿਹਰਾ ਦਗ-ਦਗ ਕਰ ਰਿਹ ਸੀ। ਅਸੀਂ ਤੇ ਨਿਓਂਦਰਾ ਪਾ ਚੱਲੇ ਹਾਂ ਤੁਸੀਂ ਭਾਜੀ ਭੇਜਣਾ।

80

ਵੰਡ ਸਰਹੰਦ ਦੀ

ਅਹਿਮਦ ਸ਼ਾਹ ਅਬਦਾਲੀ ਦੇ ਜੂਲੇ ਥੱਲਿਓਂ ਕੱਢਿਆ ਇਲਾਕਾ ਸਰਹੰਦ ਦਾ। ਹੁਣ ਸਾਰੇ ਦਾ ਸਾਰਾ ਨਿਹੰਗਾਂ ਦੇ ਕਬਜ਼ੇ ਵਿਚ ਆ ਗਿਆ ਸੀ। ਨਾ ਕੋਈ ਪਟਾ ਸੀ ਤੇ ਨਾ ਕੋਈ ਰਜਿਸਟਰੀ। ਇਹ ਜੁੱਤੀ ਨਾਲ ਈ ਖੋਹਿਆ ਹੋਇਆ ਇਲਾਕਾ ਸੀ। ਹੁਣ ਸਾਡਾ ਏ, ਜਦੋਂ ਅਹਿਮਦ ਸ਼ਾਹ ਅਬਦਾਲੀ ਆਏਗਾ ਫੇਰ ਵੇਖਾਂਗੇ ਕਿ ਕਿਹਦੀ ਜੁੱਤੀ ਵਿਚ ਜ਼ੋਰ ਏ। ਵੈਸੇ ਸਿੰਘ ਪੱਕੇ ਪੈਰੀਂ ਬੈਠੇ ਹੋਏ ਸਨ। ਨਿਹੰਗਾਂ ਵੀ ਡੇਰੇ ਲਾਏ ਹੋਏ ਸਨ। ਬੱਕਰਾ ਰੋਜ਼ ਝਟਕਾਉਂਦੇ ਤੇ ਰੋਜ਼ ਛਕਦੇ।

ਇਹ ਦਮਗਜੇ ਸਨ, ਫੋਕੀਆਂ ਗਿੱਦੜ ਭਬਕੀਆਂ ਸਨ। ਰਾਖੀ ਥੱਲੇ ਆ ਗਏ ਸਨ। ਰੋਜ਼ ਦੇ ਝਗੜੇ, ਕਤਲ, ਖ਼ੂਨ, ਉਜਾੜੇ ਤੋਂ ਬਚਣ ਲਈ ਲੋਕਾਂ ਨੇ ਸਿੰਘਾਂ ਦੀ ਰਾਖੀ ਕਬੂਲ ਕਰ ਲਈ ਸੀ। ਲੋਕ ਆਰਾਮ ਨਾਲ ਲੱਤ ਤੇ ਲੱਤ ਧਰ ਕੇ ਸੌਂਦੇ। ਕੋਈ ਫ਼ਿਕਰ ਫਾਕਾ ਨਹੀਂ ਸੀ। ਅਹਿਮਦ ਸ਼ਾਹ ਅਬਦਾਲੀ ਆਏਗਾ ਤੇ ਉਹ ਕੀ ਕਰਦਾ ਏ ਵੇਖਾਂਗੇ ਤੇ ਫੇਰ ਅਸੀਂ ਵੀ ਆਪਣਾ ਜ਼ੋਰ ਮਾਰਾਂਗੇ। ਜਿੰਨਾ ਚਿਰ ਸਿੰਘਾਂ ਨਾਲ ਚਲਦੀ ਏ ਚਲਾਈ ਜਾਓ। ਵੈਸੇ ਰਾਖੀ ਵਾਲੇ ਇਲਾਕੇ ਬਹੁਤ ਖੁਸ਼ ਸਨ। ਹੌਲੀ-ਹੌਲੀ ਛਾਉਣੀਆਂ ਬਣਾ ਰਹੇ ਸਨ ਜਿਹਨੂੰ ਥਾਣਾ ਵੀ ਆਖਿਆ ਜਾ ਸਕਦੈ। ਅੱਗੇ ਕੱਚੀਆਂ ਸਨ ਹੁਣ ਪੱਕੀਆਂ ਬਣ ਰਹੀਆਂ ਸਨ ਛਾਉਣੀਆਂ। ਰਾਜ ਦੀ ਨੀਂਹ ਰੱਖੀ ਜਾ ਰਹੀ ਸੀ।

ਰਾਖੀ ਇਕ ਤਰ੍ਹਾਂ ਦੀ ਹਕੂਮਤ ਏ। ਰਾਖੀ ਨਾਲ ਹਮਦਰਦੀ ਪੈਦਾ ਹੁੰਦੀ ਏ। ਪਿਆਰ ਵਧਦਾ, ਲੋਕ ਇਤਬਾਰ ਕਰਨ ਲੱਗ ਪਏ ਸਨ ਇਕ ਦੂਜੇ ਉੱਤੇ।

ਫ਼ਸਲ ਦੀ ਰਾਖੀ, ਜਾਨ ਦੀ ਰਾਖੀ। ਘਰ, ਮਕਾਨ, ਗਹਿਣੇ ਗੱਟੇ ਤੇ ਨਿਗਾਹ ਰੱਖਣੀ, ਕਣਕ ਭੜੋਲੀਆਂ 'ਚ ਪੈ ਜਾਏ ਉਥੋਂ ਤਕ ਦੀ ਰਾਖੀ। ਛੱਲੇ ਆਏ ਮੱਕੀ ਆਈ ਜਿੰਨੀ

ਲੋੜ ਹੁੰਦੀ ਰੱਖ ਲੈਂਦੇ। ਬਾਕੀ ਰਾਖੀ ਵਾਲਿਆਂ ਨੂੰ ਦੇ ਦਿੱਤੀ। ਫੇਰ ਵੀ ਬਚ ਗਈ ਤੇ ਬਾਜ਼ਾਰ 'ਚ ਵੇਚ ਲਈ। ਇਸ ਤਰ੍ਹਾਂ ਜ਼ਿੰਦਗੀ ਚਲਦੀ। ਨਾ ਮੋਹਰਾਂ ਆਉਂਦੀਆਂ ਤੇ ਨਾ ਮੋਹਰਾਂ ਵਿਚ ਖਰਚ ਈ ਕੀਤਾ ਜਾਂਦਾ। ਸਿਰਫ ਫਸਲ ਤੇ ਸਾਰਾ ਕਾਰ-ਵਿਹਾਰ ਹੁੰਦਾ।

ਸਰਹੰਦ ਫਤਹਿ ਤੇ ਕਰ ਲਈ, ਪਰ ਇਕ ਵੀ ਮਿਸਲਦਾਰ ਨਿੱਤਰ ਕੇ ਮੈਦਾਨ 'ਚ ਨਾ ਆਇਆ ਕਿ ਮੈਂ ਲੈਂਦਾ ਹਾਂ ਸਰਹੰਦ ਦਾ ਇਲਾਕਾ। ਕੋਈ ਤਿਆਰ ਨਹੀ ਸੀ। ਪਰ ਇਹਦੀ ਵੰਡ ਪਾਉਣੀ ਬਹੁਤ ਜ਼ਰੂਰੀ ਸੀ।

ਦੋ ਸੌ ਵੀਹ ਮੀਲ ਲੰਬਾਈ ਤੇ ਚੌੜਾਈ ਇਕ ਸੌ ਸੱਠ ਮੀਲ। ਇਕ ਪਾਸਿਓਂ ਸਤਲੁਜ ਦੀ ਨਦੀ ਲੱਗੇ ਤੇ ਨਾਲ ਲੱਗੇ ਕਰਨਾਲ, ਰੋਹਤਕ ਤੇ ਚੜ੍ਹਦੇ ਵਲ ਜਮੁਨਾ, ਬਹਾਵਲਪੁਰ ਦਾ ਇਲਾਕਾ। ਸਰਹੰਦ ਤੇ ਡੱਬੀ ਵਿਚ ਲੁਕਿਆ ਹੋਇਆ ਸੀ। ਨੰਗਾ ਪਿਆ ਸ਼ੁਕਰਚੱਕੀਏ ਸਰਦਾਰ ਦਾ। ਕਨ੍ਹਈਆ, ਰਾਮਗੜ੍ਹੀਏ ਦਾ ਬਹੁਤਾ ਧਿਆਨ ਜਲੰਧਰ ਵੱਲ ਸੀ। ਇਹ ਤੇ ਐਵੇਂ ਝੂੰਗੇ 'ਚ ਮਿਲ ਰਹੀ ਸੀ। ਵੰਡ ਤੇ ਹੋ ਕੇ ਰਹਿਣੀ ਸੀ, ਵੰਡ ਹੋ ਗਈ। ਇਕ ਪਾਸੇ ਹਰ ਮਿਸਲ ਨੇ ਕੁਝ ਨਾ ਕੁਝ ਪ੍ਰਸ਼ਾਦ ਵਾਂਗੂੰ ਜਿਹੜਾ ਇਲਾਕਾ ਮਿਲਿਆ ਉਨ੍ਹਾਂ ਝੋਲੀ 'ਚ ਪਾ ਲਿਆ। ਵੰਡੀਆਂ ਪਾਉਣ ਲੱਗਿਆਂ ਇਨ੍ਹਾਂ ਗਜ਼ ਡਾਂਗਾਂ ਦੇ ਵਰਤੇ। ਮੁਫ਼ਤ ਦਾ ਮਾਲ ਤੇ ਫੇਰ ਵੰਡ ਦਲ ਵਾਲਿਆਂ ਦੀ, ਏਸ ਤਰ੍ਹਾਂ ਝਗੜਾ ਘੱਟ ਹੁੰਦਾ। ਕੋਈ ਚਾਰ ਕਰੂ ਜ਼ਿਆਦਾ ਲੈ ਲਏ ਸਾਨੂੰ ਚਾਰ ਕਰੂ ਘੱਟ ਈ ਸਹੀ।

ਵੰਡੀਆਂ ਤੇ ਪਾਉਣੀਆਂ ਈ ਸਨ ਇਲਾਕੇ ਦੀ ਸੰਭਾਲ ਲਈ। ਹੁਣ ਤੇ ਸਾਂਭੋ ਜਦ ਅਹਿਮਦ ਸ਼ਾਹ ਅਬਦਾਲੀ ਆਏਗਾ ਫੇਰ ਵੇਖਾਂਗੇ।

ਸਾਰੇ ਇਲਾਕੇ ਦੀ ਰਾਖੀ ਬੁੱਢੇ ਦਲ ਕੋਲ ਸੀ। ਤਰਨਾ ਦਲ ਵਾਲੇ ਤੇ ਵਿਚਾਰੇ ਚਕਰਵਰਤੀ ਸਨ। ਇੰਤਜ਼ਾਮ ਬਹੁਤ ਅੱਛਾ ਸੀ।

ਅਹਿਮਦ ਸ਼ਾਹ ਅਬਦਾਲੀ ਦੇ ਪਟੇ ਸਾਰੇ ਦੇ ਸਾਰੇ ਲੋਕਾਂ ਨੇ ਚੁੱਲ੍ਹੇ ਵਿਚ ਸਾੜ ਦਿੱਤੇ। ਝੂਠੇ ਪਟੇ ਤੇ ਫੋਕੀਆਂ ਨੰਬਰਦਾਰੀਆਂ।

ਹਿੱਸੇ ਤੇ ਮਿਸਲਦਾਰਾਂ ਪੁਆ ਲਏ। ਪਰ ਲੋਕਾਂ ਨਾਲ ਜਾਣੂ ਹੋਣਾ ਬਹੁਤ ਜ਼ਰੂਰੀ ਸੀ। ਪਿੰਡ ਦਾ ਚੌਧਰੀ, ਨੰਬਰਦਾਰ, ਸਰਪੰਚ ਇਹ ਸਾਰੇ ਦਲ ਦੀ ਰਾਖੀ ਥੱਲੇ ਸਨ। ਚੌਧਰੀ ਕਣਕ ਦਾ ਹਿੱਸਾ ਦੇ ਕੇ ਜਾਨ ਛੁਡਾ ਲੈਂਦਾ। ਪਰ ਜਿਹੜੇ ਕਾਮੇ ਸਨ, ਮਜ਼ਦੂਰ ਸਨ ਜਾਂ ਕੰਮੀ ਕਮੀਨ ਸਨ, ਉਹ ਵਿਚਾਰੇ ਰਾਖੀ ਕਿੱਦਾਂ ਦੇ ਸਕਦੇ ਸਨ।

ਉਨ੍ਹਾਂ ਲਈ ਖੁਲ੍ਹੀਆਂ ਛੋਟਾਂ ਸਨ। ਸਾਰੇ ਸਾਲ ਦਾ ਸਵਾ ਰੁਪਈਆ ਤੇ ਇਕ ਗੁੜ ਦੀ ਥੋੜ੍ਹੀ ਬਸ ਇਕ ਸਾਲ ਬੰਨੇ। ਇੰਨਾ ਤੇ ਨਿਹੰਗ ਸਿੰਘਾਂ ਨੂੰ ਸ਼ਗਨ ਈ ਪਾ ਲੈਂਦੇ। ਕਿਸੇ ਕੁੜੀ ਦਾ ਵਿਆਹ ਏ, ਕਿਸੇ ਦੇ ਮੁੰਡੇ ਦਾ ਵਿਆਹ ਏ, ਉਥੇ ਬਾਬੇ ਜਾਂਦੇ ਸਨ, ਅਸ਼ੀਰਵਾਦ ਦੇਣਾ, ਪਿਆਰ ਦੇਣਾ, ਇਹਦੇ ਨਾਲ ਲੋਕਾਂ ਦੀ ਸ਼ਰਧਾ ਵਧਦੀ, ਤੇ ਛਾਉਣੀ ਦੇ ਗੁਰਦੁਆਰੇ ਵਿਚ ਰੌਣਕਾਂ ਲੱਗ ਗਈਆਂ। ਨਿਹੰਗ ਬਾਬਿਆਂ ਦਾ ਬੜਾ ਜਲਾਲ ਸੀ, ਲੋਕ ਬਹੁਤ ਸਰਧਾਲੂ ਸਨ।

ਰਾਖੀ ਇਕ ਬਹੁਤ ਖ਼ੂਬਸੂਰਤ ਕਾਢ ਸੀ।

ਸਿਰੋਪੇ ਦਿੰਦੇ ਬਾਬੇ, ਗੁਰੂਆਂ ਵਾਂਗੂੰ ਪੂਜਦੇ ਲੋਕ। ਨਿਹੰਗ ਝੂਠ ਘੱਟ ਬੋਲਦਾ। ਨਿਹੰਗਾਂ ਦੀ ਨਾ ਰੰਨ ਨਾ ਕੰਨ। ਛੜੇ ਸਾਰੇ ਜਹਾਨ ਤੋਂ ਨਿਆਰੇ। ਸਰਹੰਦ ਦੇ ਟੋਟੇ-ਟੋਟੇ ਹੋ ਗਏ। ਇਕ-ਇਕ ਇੰਚ ਦੀ ਜਗ੍ਹਾ ਵੰਡੀ ਗਈ। ਹੁਣ ਕੋਈ ਸਰਹੰਦ

ਦੀ ਮਰਿਆਦਾ ਨਹੀ ਸੀ ਰਹਿ ਗਈ। ਫੀਤੀ-ਫੀਤੀ ਹੋ ਗਿਆ ਸਾਰਾ ਕਾਨੂੰਨ।

ਚੜ੍ਹਤ ਸਿੰਘ ਆਖਣ ਲੱਗਾ—ਜਥੇਦਾਰ ਜੀ, ਸਾਰਿਆਂ ਆਪੋ-ਆਪਣਾ ਹਿੱਸਾ ਲੈ ਲਿਆ, ਪਰ ਤੁਸਾਂ ਕੁਝ ਨਹੀਂ ਮੰਗਿਆ।

—ਵਾਹ ਬਈ ਚੜ੍ਹਤ ਸਿੰਹਾਂ ਮੈਂ ਤੇ ਆਪ ਦੇਣ ਵਾਲਾ ਹਾਂ ਮੈਂ ਕੀ ਕਰਨੈ, ਇਹ ਸਾਰਾ ਪੰਜਾਬ ਮੇਰੀ ਜਾਗੀਰ ਏ। ਤੁਸੀਂ ਇਲਾਕੇ ਲਵੋ ਮੈਂ ਬਹੁਤ ਖੁਸ਼ ਹਾਂ।

ਜੱਸਾ ਸਿੰਘ ਨੂੰ ਐਵੇਂ ਨਾਂ-ਮਾਤਰ ਪੰਜ ਪਿੰਡ ਪੰਥ ਨੇ ਦਿੱਤੇ।

ਨਾਰਾਇਨ ਗੜ੍ਹ, ਭੜੋਗ, ਖਰਵਾਲੀਆ, ਜਗਰਾਓ, ਫਤਿਹਗੜ੍ਹ।

ਜੱਸਾ ਸਿੰਘ ਆਹਲੂਵਾਲੀਏ ਨੇ ਆਪਣੀ ਰਾਖੀ ਥੱਲੇ ਕੋਈ ਇਲਾਕਾ ਨਹੀ ਸੀ ਰੱਖਿਆ। ਉਹ ਆਖਿਆ ਕਰਦਾ ਸੀ ਕਿ—ਸਾਰਾ ਪੰਜਾਬ ਈ ਮੇਰੀ ਰਾਖੀ ਥੱਲੇ ਹੈ। ਮੇਰਾ ਢਿੱਡ ਜੇ ਸੁਲਤਾਨੁਲ ਕੌਮ ਬਣ ਕੇ ਨਹੀਂ ਭਰਿਆ ਤੇ ਚਾਰ ਪਿੰਡ ਜ਼ਿਆਦਾ ਲੈ ਕੇ ਮੇਰੀਆਂ ਭੜੋਲੀਆਂ ਥੋੜ੍ਹੀਆਂ ਭਰ ਚੱਲੀਆਂ ਨੇ।

—ਮੇਰੇ ਤੇ ਗੁਰੂ ਦੀਆਂ ਰਹਿਮਤਾਂ ਨੇ, ਗੁਰੂ ਮਿਹਰਬਾਨ। ਤੁਹਾਡੇ ਸਦਕੇ ਜੋੜਿਆਂ ਦੀ ਧੂੜ ਏਡਾ ਵੱਡਾ ਮਰਤਬਾ ਬਖਸ਼ਿਆ ਸੀ।

ਧੰਨ ਗੁਰੂ ਏ। ਧੰਨ ਬਾਬਾ ਨਾਨਕ।

ਧੰਨ ਜੱਸਾ ਸਿੰਘ ਆਹਲੂਵਾਲੀਆ, ਆਖਣ ਵਾਲੇ ਰਾਮਗੜ੍ਹੀਏ, ਸ਼ੁਕਰਚੱਕੀਏ ਤੇ ਹੋਰ ਸਰਦਾਰ। ਸਾਰਾ ਪੰਜਾਬ ਬੁੱਢੇ ਦਲ ਦੀ ਰਾਖੀ ਥੱਲੇ ਸੀ।

81

ਪੱਲਾ ਫੜ ਲਿਆ

ਬਾਕੀ ਇਲਾਕੇ ਨੂੰ ਕੋਈ ਜਥੇਦਾਰ ਮਿਸਲ ਵਾਲਾ ਲੈਣ ਨੂੰ ਤਿਆਰ ਨਹੀ ਸੀ। ਇਲਾਕੇ ਦੀ ਰਾਖੀ ਬਹੁਤ ਜ਼ਰੂਰੀ ਸੀ। ਖਾਲੀ ਇਲਾਕੇ ਦਾ ਕੋਈ ਨਾ ਕੋਈ ਤੇ ਵਾਰਿਸ ਤਾਂ ਹੋਣਾ ਹੀ ਚਾਹੀਦੈ।

ਪੱਲਾ ਫੜਿਆ ਗਿਆ, ਭਾਈ ਬੁੱਢੇ ਸਿੰਘਾਂ ਦਾ ਤੇ ਦੂਜਾ ਭਾਈ ਕਿਆਂ ਦੇ ਨਾਂ ਦਾ। ਫਾਲ ਪਾਈ ਗਈ। ਇਹ ਦੋਵੇਂ ਧਰਮੀ ਲੋਕ ਸਨ। ਬਹੁਤੇ ਲੋਕ ਤਾਂ ਇਹ ਪਾਪਾਂ ਦੀ ਧਰਤੀ ਨੂੰ ਲੈਣ ਲਈ ਤਿਆਰ ਹੀ ਨਾ ਹੋਏ। ਜਿਹੜੇ ਮੰਨ ਵੀ ਗਏ ਘਰ ਵਾਲਿਆਂ ਨੇ ਖੂਬ ਸਿਆਪਾ ਕੀਤਾ। ਉਹ ਭਰੇ ਦੀਵਾਨ ਵਿਚ ਨਾਂਹ ਕਰ ਗਏ।

ਆਖਿਰਕਾਰ ਨਿੱਤਰਿਆ ਬਾਬਾ ਆਲਾ ਸਿੰਘ ਜਾਂ ਫਤਿਹ ਕੌਰ ਜਿਹੜੀ ਮਾਈ ਫੱਤੋ ਦੇ ਨਾਂ ਨਾਲ ਮਸ਼ਹੂਰ ਸੀ।

—ਇਹ ਇਲਾਕਾ ਤੁਸੀਂ ਮੇਰੇ ਪੇਟੇ ਪਾ ਦਿਓ। ਮੈਂ ਸਾਰੀ ਆਮਦਨ ਨਾਲ ਲੰਗਰ ਚਲਾਵਾਂਗੀ। ਜਿਨ੍ਹਾਂ ਨੂੰ ਇਹ ਇਲਾਕਾ ਮਿਲਿਆ ਏ, ਉਹ ਸਾਰੇ ਪਟਿਆਲੇ ਵਿਚ ਆ ਜਾਣ। ਜ਼ਮੀਨ ਮੈਥੋਂ ਲੈਣ, ਸਾਮਾਨ ਮੈਥੋਂ ਲੈਣ, ਮਕਾਨ ਬਣਾਉਣ ਤੇ ਰਹਿਣ, ਮੇਰੀ ਨੌਕਰੀ ਕਰਨ ਤੇ ਰਾਖੀ ਦੀ ਮਜ਼ਦੂਰੀ ਹਰ ਸਾਲ ਮੈਂ ਦੇਵਾਂਗੀ, ਰੋਟੀ ਦਾ ਖਰਚ ਵੱਖਰਾ।

ਲੋਕ ਰਾਜ਼ੀ ਹੋ ਗਏ, ਉਹਦੇ ਨਿਸ਼ਾਨ ਅਜੇ ਵੀ ਪਟਿਆਲੇ 'ਚ ਨਜ਼ਰ ਆਉਂਦੇ ਹਨ। ਸਰਹੰਦ ਬਾਜ਼ਾਰ, ਮੁਹੱਲਾ, ਸਰਹੰਦ ਵਾਲਿਆਂ ਦਾ, ਇਹ ਸਲਾਹ ਸਾਰਿਆਂ ਨੂੰ ਪਸੰਦ ਆਈ।

ਆਬਾਦੀ ਸਰਹੰਦ ਵਾਲਿਆਂ ਦੀ ਮਹਿਲਾਂ ਦੇ ਲਾਗੇ, ਧਰਮੀ ਲੋਕ ਪਾਪ ਦੀ ਕਮਾਈ ਆਪਣੇ ਪੁੱਤਰਾਂ ਨੂੰ ਨਹੀ ਖਵਾਂਦੇ, ਭੁੱਖੇ ਰਹਿ ਜਾਣਗੇ, ਪਾਪੀ ਧਰਤੀ ਨੂੰ ਕੌਣ ਕਬੂਲੇ।

ਬਸ ਫੈਸਲਾ ਹੋ ਗਿਆ। ਬਾਬਾ ਆਲਾ ਸਿੰਘ ਨੇ ਐਲਾਨ ਕੀਤਾ, ਸਰਹੰਦ ਆਉਣ ਵਾਲੇ ਲੋਕ ਗੱਡੇ, ਊਠ, ਘੋੜੇ ਸਾਰੇ ਸਾਥੋਂ ਲੈਣ। ਆਪਣਾ ਸਾਰਾ ਸਮਾਨ ਲੈ ਆਉਣ ਸਰਹੰਦ ਵਿਚੋਂ। ਉਹ ਮੌਜ ਨਾਲ ਬਿਨਾਂ ਡਰ ਤੋਂ ਰਹਿਣ, ਉਹ ਜਗ੍ਹਾ ਉਨ੍ਹਾਂ ਦੀ ਆਪਣੀ ਮਲਕੀਅਤ ਏ। ਹਕੂਮਤ ਤੁਹਾਡੇ ਨਾਲ ਭਰਾਵਾਂ ਵਾਲਾ ਸਲੂਕ ਕਰੇਗੀ।

ਨਾ ਡਾਂਗ ਖੜਕੀ, ਨਾ ਝਗੜਾ ਹੋਇਆ ਤੇ ਨਾ ਤਲਵਾਰਾਂ ਈ ਨਿਕਲੀਆਂ। ਵਰਨਾ ਵੰਡ ਸਮੇਂ ਕਤਲ ਹੋਣੇ ਤੇ ਝਗੜੇ ਹੋਣੇ ਇਹ ਸ਼ਗਨ ਮੰਨਿਆ ਜਾਂਦਾ ਸੀ। ਬਾਬਾ ਆਲਾ ਸਿੰਘ ਬੜਾ ਨੀਤੀਵਾਨ ਸੀ। ਰਾਜ ਬਣਨ ਦਿਓ ਤੁਸਾਂ ਏਸੇ ਇਲਾਕੇ ਵਾਸਤੇ ਤਲਵਾਰਾਂ ਕੱਢਣੀਆਂ ਨੇ। ਜ਼ਰਾ ਕੁ ਰੌਣਕ ਹੋਈ। ਜਿਹੜੇ ਅੱਜ ਲੈਣ ਨੂੰ ਤਿਆਰ ਨਹੀ ਫੇਰ ਉਨ੍ਹਾਂ ਲਿਲੜੀਆਂ ਕੱਢਣੀਆਂ ਨੇ। ਵਕਤ-ਵਕਤ ਦੀ ਗੱਲ ਏ ਜ਼ਮੀਨ ਆਪਣਾ ਮੁੱਲ ਆਪ ਪਵਾਉਂਦੀ ਏ।

—ਜੇ ਅਹਿਮਦ ਸ਼ਾਹ ਅਬਦਾਲੀ ਲੈ ਸਕਦਾ ਏ ਤੇ ਤੁਹਾਨੂੰ ਦੰਦੀ ਵੱਢਦੀ ਏ ਜ਼ਮੀਨ। ਇਹ ਧਰਤੀ ਰੱਬ ਦੀ ਬਣਾਈ ਹੋਈ ਏ। ਇਹਦਾ ਕੀ ਕਸੂਰ ? ਹਾਕਮ ਜ਼ਾਲਮ ਸਨ। ਇਸ ਲਈ ਧਰਤੀ ਬਦਨਾਮ ਹੋ ਗਈ।

—ਸਾਰੀ ਬਦਨਾਮੀ, ਸਾਰੇ ਪਾਪ ਤੁਸੀਂ ਮੇਰੀ ਝੋਲੀ 'ਚ ਪਾ ਦਿਓ। ਮੈਂ ਜਰ ਲਵਾਂਗਾ। ਗੁਰੂ ਮੇਰੀ ਲਾਜ ਰੱਖੇ।

ਆਲਾ ਸਿੰਘ ਵੀ ਮਹਾਨ ਸੀ, ਪਰ ਜੱਸਾ ਸਿੰਘ ਆਹਲੂਵਾਲੀਆ ਦੇਵਤਾ ਸੀ।

—ਲੈ ਬਾਬਾ ਸੰਭਾਲ ਇਹ ਧਰਤੀ ਤੇ ਇਥੋਂ ਦੇ ਲੋਕਾਂ ਨੂੰ। ਇਹਨਾਂ ਨੂੰ ਸਰਹੰਦ ਵਿਚ ਵਸਾ ਜਾਂ ਪਟਿਆਲੇ। ਗੁਰੂ ਤੇਰੇ ਤੇ ਮਿਹਰਬਾਨ ਹੋਵੇਗਾ।

82

ਦਰਿਆਦਿਲੀ

ਇਕ ਹਾਅ ਦਾ ਨਾਅਰਾ ਮਾਰਿਆ ਤੇ ਭਰੀ ਕਚਹਿਰੀ ਵਿਚੋਂ ਉੱਠ ਆਇਆ ਸ਼ੇਰ ਮੁਹੰਮਦ ਖ਼ਾਂ। ਉਹਦੀ ਸਜ਼ਾ ਮੌਤ ਸੀ। ਓਸ ਕਚਹਿਰੀ ਦੀ ਨਿਰਾਦਰੀ ਕੀਤੀ। ਓਸ ਸੂਬੇਦਾਰ ਦੀ ਪੱਗ ਨੂੰ ਹੱਥ ਪਾਇਆ, ਪਰ ਸ਼ੇਰ ਦੇ ਪੁੱਤ ਨੇ ਜਾਨ ਦੀ ਪਵਾਹ ਨਾ ਕੀਤੀ। ਇਹ ਸਿੱਧੀ ਟੱਕਰ ਸੀ ਹਕੂਮਤ ਨਾਲ, ਹਕੂਮਤ ਦਾ ਅਪਮਾਨ ਸੀ।

ਸਿੱਖਾਂ ਕਦੀ ਮਲੇਰਕੋਟਲੇ ਨੂੰ ਤੱਤੀ ਹਵਾ ਨਹੀਂ ਲੱਗਣ ਦਿੱਤੀ। ਪਟਿਆਲੇ ਵਾਲੇ ਦੀਆਂ ਫ਼ੌਜਾਂ ਰਾਖੀ ਤੇ ਹਰ ਵਕਤ ਖੜ੍ਹੀਆਂ ਰਹਿੰਦੀਆਂ।

ਇਕ ਗੱਲ ਦਾ ਮੁੱਲ ਸਾਰੀ ਜ਼ਿੰਦਗੀ ਦਾ ਸੁਖ। ਮਲੇਰਕੋਟਲੇ ਵਾਲੇ ਨੇ ਜਾਨ ਤੇ ਖੇਡ ਕੇ ਆਪਣਾ ਇਲਾਕਾ ਮੁਤਬਰਕ ਬਣਾ ਲਿਆ।

ਰਾਏਕੋਟ ਦੇ ਰਾਏ ਅਲਿਆਸ ਵਲੋਂ ਜਾਨ ਜੋਖਮ 'ਚ ਪਾ ਕੇ ਸਰਹੰਦ ਜਾਣਾ ਤੇ ਸਾਰੇ ਮਾਲਵੇ ਦੀ ਸੂਹ ਕੱਢ ਕੇ ਲਿਆਉਣੀ ਇਹ ਕੋਈ ਮਜ਼ਾਕ ਨਹੀਂ ਸੀ। ਨੂਰੂ ਤਲੀ ਤੇ ਜਾਨ ਰੱਖ ਕੇ ਗਿਆ ਤੇ ਆਣ ਕੇ ਅੱਥਰੂਆਂ ਭਰੀ ਚਾਦਰ ਵਿਛਾ ਦਿੱਤੀ। ਦੋ ਦਿਨ ਨੂਰੂ ਦੀ ਜ਼ਬਾਨ ਤੋਂ ਕੁਝ ਨਾ ਨਿਕਲਿਆ। ਸਤਿਗੁਰਾਂ ਨੇ ਬੜੇ ਦਿਲਾਸੇ ਦਿੱਤੇ ਕਿ—ਅਸੀਂ ਸਭ ਕੁਝ ਜਾਣਦੇ ਹਾਂ ਨੂਰੂ ਤੂੰ ਮਰਦ ਦਾ ਪੁੱਤ ਏਂ ਸ਼ੇਰ ਬਣ।

ਆਖਣ ਲੱਗਾ—ਕੁਝ ਨਹੀਂ ਰਿਹਾ ਸਤਿਗੁਰ ਸਾਰਾ ਝੁੱਗਾ ਚੌੜ ਹੋ ਗਿਆ। ਮਾਤਾ ਜੀ ਨੇ ਸਿਸਕੀਆਂ ਲੈ-ਲੈ ਕੇ ਪ੍ਰਾਣ ਤਿਆਗ ਦਿੱਤੇ।

—ਸਾਹਿਬਜ਼ਾਦੇ ਦੀਵਾਰਾਂ 'ਚ ਚਿਨਵਾ ਦਿੱਤੇ ਗਏ ਹਨ, ਪਰ ਉਨ੍ਹਾਂ ਨੇ ਇਸਲਾਮ ਨਹੀਂ ਕਬੂਲਿਆ। ਵਜ਼ੀਰ ਖ਼ਾਂ ਅਸ਼-ਅਸ਼ ਕਰ ਉੱਠਿਆ। ਆਖਣ ਲੱਗਾ ਧੰਨ ਏਂ ਤੂੰ ਗੁਰੂ ਤੂੰ ਵੀ ਧੰਨ ਏਂ ਤੇਰੇ ਸਾਹਿਬਜ਼ਾਦੇ ਤੈਥੋਂ ਵੀ ਧੰਨ ਹਨ। ਤੂੰ ਸੱਚਾ ਏਂ ਤੇ ਅਸੀਂ ਝੂਠੇ ਹਾਂ। ਬਖ਼ਸ਼ ਦੇ ਮੈਥੋਂ ਭੁੱਲ ਹੋ ਗਈ। ਮੇਰੀ ਰੂਹ ਤੜਫਦੀ ਏ ਸ਼ਾਂਤੀ ਦੇਹ। ਹੋਣ ਵਾਲੀ ਗੱਲ ਹੋ ਗਈ। ਉਹ ਹੱਥ ਨਹੀਂ ਆਉਣੀ। ਹੁਣ ਬਖ਼ਸ਼ ਦੇ ਤੂੰ ਬਖਸ਼ਣਹਾਰ ਏਂ।

ਜਗਰਾਓਂ ਦਾ ਇਲਾਕਾ ਪਹਿਲਾਂ ਈ ਮੁਸਲਮਾਨਾਂ ਕੋਲ ਸੀ। ਉਹ ਹਮੇਸ਼ਾ ਪੰਜਾਬ ਦੇ ਨਾਲ ਸਨ। ਸਿੰਘਾਂ ਦੇ ਜਿਗਰੀ ਦੋਸਤ। ਉਹ ਬਾਬਰ ਨਾਲ ਨਹੀਂ ਸਨ ਆਏ। ਉਹ ਜੱਦੀ ਇਥੋਂ ਦੇ ਰਹਿਣ ਵਾਲੇ ਸਨ। ਉਨ੍ਹਾਂ ਦੇ ਰਸਮੋ-ਰਿਵਾਜ ਬਿਲਕੁਲ ਹਿੰਦੂਆਂ ਨਾਲ ਮਿਲਦੇ ਸਨ। ਵਿਆਹ-ਸ਼ਾਦੀ ਵਿਚ ਕੱਚੀ ਰਸਦ ਦੇ ਲੈਣ-ਦੇਣ ਦਾ ਆਮ ਰਿਵਾਜ ਸੀ।

ਦਲ ਤੇ ਚੜ੍ਹਿਆ ਹੋਇਆ ਸੀ ਹਰਨਾਂ ਦੀ ਸਿੰਘੀ। ਘੋੜੇ ਫੁੰਕਾਰੇ ਮਾਰਦੇ। ਉਹਨਾਂ ਸਾਹਮਣੇ ਜੋ ਆਇਆ ਉਨ੍ਹਾਂ ਸੋਧ ਦਿੱਤਾ।

ਪਰ ਮਲੇਰਕੋਟਲੇ ਵਾਲੇ ਰਾਏਕੋਟ ਤੇ ਜਗਰਾਓਂ ਤੇ ਆਣ ਕੇ ਉਨ੍ਹਾਂ ਦੇ ਪੈਰ ਰੁਕ ਜਾਂਦੇ। ਇਹ ਲੜਾਈ ਹਿੰਦੂ, ਮੁਸਲਮਾਨਾਂ ਦੀ ਨਹੀਂ ਸੀ ਸਿਆਸੀ ਸੀ। ਅਹਿਮਦ ਸ਼ਾਹ ਅਬਦਾਲੀ ਦੀ ਤੇ ਨਿਹੰਗਾਂ ਤੇ ਸਿੰਘਾਂ ਦੀ। ਤਲਵਾਰ ਨਾਲ ਈ ਫੈਸਲਾ ਹੋਣਾ ਸੀ। ਉਹ ਚਾਹੁੰਦਾ ਸੀ ਕਿ ਪੰਜਾਬ 'ਚ ਮੇਰਾ ਰਾਜ ਰਹੇ, ਪਰ ਨਿਹੰਗ ਆਖਦੇ ਸਨ ਕਿ—ਘਰ ਸਾਡਾ ਤੇ ਚਾਬੀਆਂ ਤੇਰੇ ਕੋਲ? ਸਿਰਫ਼ ਏਸੇ ਗੱਲ ਦੀ ਲੜਾਈ ਸੀ।

ਪੰਜਾਬ ਪੰਜ ਦਰਿਆ, ਸਾਡਾ ਹਰਿਮੰਦਰ, ਸਾਡੇ ਗੁਰੂ, ਸਾਡੇ ਗੁਰਦੁਆਰੇ ਏਥੇ ਤੇ ਅਸੀਂ ਛੱਡ ਕੇ ਬਾਹਰ ਕਿੱਦਾਂ ਚਲੇ ਜਾਈਏ। ਸਿਰਫ਼ ਝਗੜਾ ਇਹੋ ਈ ਸੀ।

ਜੱਸਾ ਸਿੰਘ ਆਹਲੂਵਾਲੀਏ ਨੇ ਆਖ ਦਿੱਤਾ ਸੀ ਕਿ—ਇਕ ਮਿਆਨ 'ਚ ਦੋ ਤਲਵਾਰਾਂ ਨਹੀਂ ਰਹਿ ਸਕਦੀਆਂ। ਇਕ ਜੰਗਲ 'ਚ ਦੋ ਸ਼ੇਰ ਕਿੱਦਾਂ ਰਹਿ ਸਕਦੇ ਨੇ?

—ਜਾਹ ਬਥੇਰਾ ਲੁੱਟ ਲਿਆ ਈ। ਹੁਣ ਤੇ ਸ਼ਰਮ ਕਰ। ਸਾਡੇ ਜੋਗਾ ਵੀ ਕੁਝ ਰਹਿਣ ਦੇ। ਅਸਾਂ ਵੀ ਰੋਟੀ ਖਾਣੀ ਏ। ਵਰਨਾ ਭੁੱਖਾ ਰੰਗੜ ਤੇ ਰੱਜਿਆ ਰਾਜਪੂਤ।

ਗੁਰੂ ਕੀ ਚਾਦਰ

ਕਚਹਿਰੀ ਗੁਰੂ ਦੀ, ਅਕਾਲ ਤਖ਼ਤ ਦਾ ਵਿਹੜਾ ਤੇ ਸੰਗਤ ਦਾ ਇਕੱਠ। ਗੁਰੂ ਨਗਰੀ ਅੰਮ੍ਰਿਤਸਰ ਵਿਚ, ਦਹਿਲੀਜ਼ ਹਰਿਮੰਦਰ ਸਾਹਿਬ ਦੀ, ਧੂੰਆਖਿਆ ਹੋਇਆ ਕਲਸ, ਤਰੇੜਾਂ ਆਈਆਂ ਹੋਈਆਂ ਤੇ ਪੂਰਿਆ ਹੋਇਆ ਸਰੋਵਰ, ਹੱਡੀਆਂ, ਕੂੜਾ-ਕਰਕਟ, ਇੱਟਾਂ-ਰੋੜੇ, ਜੋ ਵੀ ਕਿਸੇ ਦੇ ਹੱਥ ਆਇਆ ਓਸ ਉਹ ਈ ਭੇਟਾ ਕਰ ਦਿੱਤਾ ਸਰੋਵਰ ਨੂੰ। ਨਾ ਜਲ ਤੇ ਨਾ ਹਰਿਮੰਦਰ ਦੀ ਹਾਲਤ ਈ ਕੁਝ ਚੰਗੀ ਰਹਿਣ ਦਿੱਤੀ ਸੀ। ਬੜੇ ਸ਼ਰਮ ਦਾ ਮੁਕਾਮ ਸੀ ਮੁੱਛਾਂ ਨੂੰ ਮਰੋੜਾ ਦੇਣ ਵਾਲੇ ਸਰਦਾਰਾਂ ਲਈ। ਲੰਮੀਆਂ-ਲੰਮੀਆਂ ਦਾੜ੍ਹੀਆਂ, ਗੁਰਮੁਖ ਸਿੰਘ, ਗੁਰਮੁਮ ਯੋਧੇ, ਬਹਾਦਰ, ਦਲੇਰ, ਅਣਖੀਲੇ ਗੱਭਰੂ ਸਾਰੇ ਦੇ ਸਾਰੇ ਜੁੜੇ ਬੈਠੇ ਸਨ. ਪਾਠ ਹੋ ਰਿਹਾ ਸੀ, ਪਰ ਗੁਰੂ ਦੀ ਬਾਣੀ 'ਚ ਸਰੂਰ ਨਹੀਂ ਸੀ ਤੇ ਨਾ ਈ ਉਹ ਆਤਮਾ ਨੂੰ ਟੁੰਬਦੀ। ਐਵੇਂ ਗੁਜ਼ਾਰਾ ਕਰ ਰਹੇ ਸਨ ਸਿੰਘ ਸਰਦਾਰ। ਬੜੀ ਸ਼ਰਮ ਆਈ। ਨਾਂ ਦਾ ਸੁਲਤਾਨੁਲ ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਕੌਮ ਨੇ ਬਣਾ ਦਿੱਤਾ। ਉੱਠਿਆ ਤੇ ਮੱਥਾ ਟੇਕਿਆ ਹਰਿਮੰਦਰ ਵੱਲ ਮੂੰਹ ਕਰਕੇ।

—ਭਰਾਵੋ, ਮੇਰੇ ਸਾਥੀਓ, ਮੇਰੇ ਦਲੇਰ ਵੀਰੋ, ਅੱਜ ਮੈਂ ਜ਼ਬਾਨ ਖੋਲ੍ਹਣ ਲੱਗਾ ਹਾਂ। ਬੜੇ ਚਿਰ ਦੀ ਜ਼ਬਾਨ ਬੰਦ ਸੀ। ਤਾਲਾ ਲੱਗਾ ਹੋਇਆ ਸੀ। ਅੱਜ ਮੈਂ ਜੰਦਰਾ ਖੋਲ੍ਹਣ ਲੱਗਾ ਹਾਂ। ਬੜੀ ਸ਼ਰਮ ਤੇ ਬੁਜ਼ਦਿਲੀ ਦੀ ਗੱਲ ਏ। ਅਸਾਂ ਅਹਿਮਦ ਸ਼ਾਹ ਅਬਦਾਲੀ ਦੀਆਂ ਨਾਸਾਂ ਬੰਦ ਕੀਤੀਆਂ, ਬੁਥਾੜ ਭੰਨੇ ਕਈ ਵਾਰ। ਲਾਹੌਰ ਕਈ ਵਾਰ ਲਿਆ ਤੇ ਕਈ ਵਾਰ ਖੁਹਾਇਆ। ਤੇ ਕਈ ਵਾਰ ਵਿਚਾਰੀ ਸਰਹੰਦ ਅਸਾਂ ਲੁੱਟੀ। ਅਸਾਂ ਕਈ ਮਾਅਰਕੇ ਮਾਰੇ, ਪਰ ਅਫਸੋਸ ਅਸਾਂ ਆਪਣਾ ਝੁੱਗਾ ਚੁੱਕ ਕੇ ਨਹੀਂ ਵੇਖਿਆ। ਸਰੋਵਰ ਨੂੰ ਪੂਰ ਕੇ ਸਾਡੇ ਧੌਲੇ ਭੰਡ ਦਿੱਤੇ ਅਹਿਮਦ ਸ਼ਾਹ ਅਬਦਾਲੀ ਨੇ। ਠੱਪਾ ਲਾ ਦਿੱਤਾ ਸਾਡੀ ਗ਼ੈਰਤ ਨੂੰ।

—ਜਾਓ ਬਣੇ ਫਿਰਦੇ ਓ ਸੂਰਮੇ। ਤੁਹਾਥੋਂ ਸਰੋਵਰ ਦੀ ਮਿੱਟੀ ਵੀ ਨਾ ਕੱਢੀ ਗਈ। ਜਿੰਨਾ ਚਿਰ ਮੈਂ ਜੀਊਂਦਾ ਹਾਂ ਤੁਹਾਡਾ ਆਬੇ-ਹਯਾਤ ਦਾ ਚਸ਼ਮਾ ਕਦੀ ਵੀ ਆਪਣੇ ਅਸਲੀ ਰੂਪ ਵਿਚ ਸਾਹਮਣੇ ਨਹੀਂ ਆਉਣ ਲੱਗਾ।

—ਬਦਕਿਸਮਤੀ ਨਾਲ ਤੁਹਾਡੀ ਇਹ ਮਸਜਿਦ ਮੈਥੋਂ ਬਚ ਗਈ ਏ। ਜੇ ਮੈਂ ਇਕ ਵਾਰ ਫੇਰ ਅੰਮ੍ਰਿਤਸਰ ਆਇਆ ਤੇ ਓਦੋਂ ਇਹਦਾ ਵੀ ਖੋਜਖੁਰਾ ਮਿਟਾ ਦੇਵਾਂਗਾ। ਇਹ ਜੰਨਤ ਦੀ ਟੁਕੜੀ ਦਾ ਨਾਮੋ-ਨਿਸ਼ਾਨ ਮਿਟਾ ਦੇਵਾਂਗਾ ਜਹਾਨ ਤੋਂ। ਮੈਂ ਪੰਜਾਬ ਤੇ ਹਕੂਮਤ ਕਰਨੀ ਏ। ਮੈਂ ਕਾਫ਼ਰਾਂ ਦੀ ਮਸਜਿਦ ਕਦੀ ਵੀ ਬਰਦਾਸ਼ਤ ਨਹੀਂ ਕਰ ਸਕਦਾ। ਅਹਿਮਦ ਸ਼ਾਹ ਅਬਦਾਲੀ ਹਿੱਕ ਤੇ ਹੱਥ ਮਾਰ ਕੇ ਆਖ ਰਿਹਾ ਸੀ।

—ਆਓ ਜ਼ਰਾ ਅਸੀਂ ਏਸ ਸਰੋਵਰ ਵੱਲ ਵੇਖੀਏ। ਹਰਿਮੰਦਰ ਦੇ ਵਿਗੜੇ ਸਰੂਪ ਵੱਲ ਝਾਤੀ ਮਾਰੀਏ। ਸ਼ਰਮ ਨਾਲ ਸਾਡੀਆਂ ਅੱਖਾਂ ਨੀਵੀਆਂ ਹੋ ਜਾਣਗੀਆਂ। ਪਰ ਅਸੀਂ ਹਰਿਮੰਦਰ ਦੀ ਇਹ ਦੁਰਦਸ਼ਾ ਬਰਦਾਸ਼ਤ ਨਹੀਂ ਕਰ ਸਕਦੇ। ਅੱਜ ਮੈਂ ਇਹ ਪ੍ਰਤਿੱਗਿਆ ਕਰਕੇ ਆਇਆ ਹਾਂ ਜਾਂ ਮੈਦਾਨ 'ਚ ਪ੍ਰਾਣ ਦੇਵਾਂਗਾ ਜਾਂ ਸਰੋਵਰ ਨੂੰ ਸਾਫ਼ ਕਰਕੇ ਸਾਹ

ਲਵਾਂਗਾ। ਤੇ ਜੇ ਨਾ ਕਰ ਸਕਿਆ ਤੇ ਅਹਿਮਦ ਸ਼ਾਹ ਅਬਦਾਲੀ ਦੀ ਤਲਵਾਰ ਦੀ ਭੇਟ ਚੜ੍ਹ ਜਾਵਾਂਗਾ।

—ਸਾਰੀਆਂ ਮਿਸਲਾਂ ਦੇ ਸਰਦਾਰ ਏਥੇ ਬਿਰਾਜਮਾਨ ਹਨ। ਨਿੱਤਰੋ ਕੋਈ ਹੈ ਗੁਰੂ ਦਾ ਲਾਲ ਜਿਹੜਾ ਇਹ ਗੱਲ ਆਖੇ ਕਿ ਮੈਂ ਆਪਣੀ ਜਾਨ ਜ਼ੋਖਮ ਵਿਚ ਪਾ ਕੇ ਸਰੋਵਰ ਤੇ ਹਰਿਮੰਦਰ ਨੂੰ ਉਸੇ ਸਰੂਪ 'ਚ ਬਣਾ ਕੇ ਦਮ ਲਵਾਂਗਾ?

ਜੋਸ਼ ਸਰਦਾਰਾਂ ਵਿਚ ਸੀ ਬੜਾ। ਸ਼ਰਮ ਨਾਲ ਸਿਰ ਉੱਚਾ ਨਹੀਂ ਸੀ ਹੁੰਦਾ ਪਰ ਮਜਬੂਰੀ। ਵਕਤ ਨਹੀਂ ਸੀ ਮਿਲਿਆ। ਛਿੜੀਆਂ ਜੰਗਾਂ ਤੇ ਹਮਲੇ ਰੋਜ ਅਬਾਦਲੀ ਦੇ ਲੈ ਬੈਠੇ। ਨਾ ਸਵਾਦ ਦੀ ਰੋਟੀ ਖਾਧੀ ਤੇ ਨਾ ਆਰਾਮ ਦੀ ਨੀਂਦ ਈ ਸੁੱਤੇ। ਅਜ ਅਸੀਂ ਬਹੁਤ ਦੁਖੀ ਹਾਂ। ਜਥੇਦਾਰ ਅੱਗ ਬਬੂਲਾ ਹੋਇਆ ਫਿਰਦਾ ਸੀ।

ਆਖਰ ਜੱਸਾ ਸਿੰਘ ਆਹਲੂਵਾਲੀਏ ਨੇ ਉੱਦਮ ਤੇ ਹੌਸਲਾ ਕੀਤਾ। ਸੀਨੇ ਤੇ ਪੱਥਰ ਧਰ ਕੇ ਆਖਣ ਲੱਗਾ—ਮੈਂ ਹੁਣ ਸਿਰਫ਼ ਇਕੋ ਈ ਅਰਜ਼ ਕਰਨੀ ਏ। ਪਹਿਲਾਂ ਸਰੋਵਰ ਨੂੰ ਪਵਿੱਤਰ ਬਣਾਵੋ ਤੇ ਮਗਰੋਂ ਤਲਵਾਰ ਫੜਨੀ। ਜੇ ਅਹਿਮਦ ਸ਼ਾਹ ਅਬਦਾਲੀ ਅੰਮ੍ਰਿਤਸਰ ਆ ਗਿਆ ਤੇ ਫੇਰ ਏਥੇ ਈ ਸ਼ਹਾਦਤ ਦੇ ਦੇਣੀ।

—ਮੈਂ ਗੁਰੂ ਦੇ ਨਾਂ ਦੀ ਚਾਦਰ ਵਿਛਾ ਰਿਹਾ ਹਾਂ। ਹੁਣੇ-ਹੁਣੇ ਤੁਸਾਂ ਸਰਹਿੰਦ ਲੁੱਟੀ ਏ। ਬੇਹਿਸਾਬੀ ਦੌਲਤ ਤੁਹਾਨੂੰ ਮਿਲੀ ਏ ਹਿੱਸੇ ਵਿਚ। ਗੁਰੂ ਦੇ ਲਾਡਲਿਓ ਗੁਰੂ ਦਾ ਦਸਵੰਧ ਕੱਢੋ ਤਾਂ ਸਰੋਵਰ ਨੂੰ ਸਾਫ਼ ਕਰ ਦਿਓ। ਪਹਿਲਾਂ ਮੈਂ ਕਰਦਾ ਹਾਂ। ਮੈਨੂੰ ਤੇ ਹਰ ਬੰਦੇ ਨੂੰ ਜੋ ਹਿੱਸੇ 'ਚ ਆਇਐ ਮੇਰੇ ਹਿੱਸੇ ਨੌਂ ਲੱਖ ਰੁਪਈਆ ਮਿਲਿਆ ਏ। ਉਹ ਸਾਰੀ ਦੀ ਸਾਰੀ ਰਕਮ ਮੈਂ ਏਸੇ ਕਾਰਜ ਵਿਚ ਖਰਚ ਕਰਨ ਨੂੰ ਦੇ ਰਿਹਾ ਹਾਂ। ਆਓ ਬਾਕੀ ਸਰਦਾਰ ਵੀ ਨਿੱਤਰੋ ਗੁਰੂ ਦੇ ਕੰਮ ਲਈ।

ਹਰ ਮਿਸਲਦਾਰ, ਹਰ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਵਰਗਾ ਨਾ ਦਾਨੀ ਸੀ ਤੇ ਨਾ ਦਲੇਰ ਸੀ। ਲੁੱਟ ਦਾ ਮਾਲ ਸੰਭਾਲ ਲਿਆ ਜਾਂਦਾ, ਪਰ ਉਹਨੂੰ ਦਾਨ ਦੇਣਾ ਮੁਸ਼ਕਲ ਬਣ ਜਾਂਦਾ। ਹਰ ਬੰਦਾ ਦਾਨ ਨਹੀਂ ਸੀ ਦੇ ਸਕਦਾ। ਇਕ ਰੁਪਈਆ ਮੱਥਾ ਟੇਕ ਕੇ ਲੱਖਾਂ ਦੀ ਫਰਮਾਇਸ਼ ਕਰਦੇ, ਗੁਰੂ ਕੇ ਲਾਡਲੇ। ਇਹ ਸਭ ਕੁਝ ਗੁਰੂ ਨੇ ਦਿੱਤੈ। ਇਹ ਸਭ ਕੁਝ ਉਸੇ ਦੀ ਬਖਸ਼ਿਸ਼ ਏ, ਅਮਾਨਤ ਏ।

ਪੰਜ ਲੱਖ ਰੁਪਈਆ ਬਾਕੀ ਸਰਦਾਰਾਂ ਨੇ ਇਕੱਠਾ ਕੀਤਾ ਤੇ ਉਹ ਗੁਰੂ ਕੀ ਚਾਦਰ ਤੇ ਧਰ ਦਿੱਤਾ।

ਚਲੋ ਰੁਪਈਆਂ ਦੀ ਥੋੜ ਤੇ ਨਹੀਂ ਆਉਣ ਲੱਗੀ, ਕੰਮ ਆਰੰਭ ਕੀਤਾ ਜਾਏ। ਹਰ ਸਰਦਾਰ ਹਰ ਦਲ ਦਾ ਬੰਦਾ ਭਾਵੇਂ ਉਹ ਜਥੇਦਾਰ ਏ ਤੇ ਭਾਵੇਂ ਘੋੜ ਚੜ੍ਹਿਆ ਸਰਦਾਰ, ਪੰਜ-ਪੰਜ ਟੋਕਰੀਆਂ ਸਿਰ ਤੇ ਚੁੱਕ ਕੇ ਕੂੜਾ ਬਾਹਰ ਸੁੱਟੇ ਤੇ ਹਰਿਮੰਦਰ ਦੀ ਸੇਵਾ ਕਰੇ। ਜੇ ਅਸੀਂ ਇਹ ਸੇਵਾ ਨਹੀਂ ਕਰ ਸਕਦੇ ਤੇ ਮਜ਼ਦੂਰ ਸੱਦੋ।

—ਰੁਪਈਆ ਤੇ ਆ ਗਿਐ, ਪਰ ਅਜੇ ਇਕ ਮੁਸ਼ਕਲ ਹੋਰ ਬਾਕੀ ਏ। ਉਹ ਬੰਦਾ ਨਿਤਰਨਾ ਚਾਹੀਦਾ ਏ ਜਿਹੜਾ ਏਸ ਕੰਮ ਨੂੰ ਸੰਪੂਰਨ ਕਰੇ।

ਭਾਈ ਦੇਸ ਰਾਜ ਬੇਦੀ ਇਸ ਤਰ੍ਹਾਂ ਉਭਰ ਕੇ ਸਾਹਮਣੇ ਆਇਆ ਜਿਸ ਤਰ੍ਹਾਂ ਅੰਮ੍ਰਿਤ ਦੀ ਦਾਤ ਵੰਡਣ ਵੇਲੇ ਦਸਮੇਸ਼ ਪਿਤਾ ਨੇ ਇਕ ਸਿਰ ਮੰਗਿਆ ਸੀ ਤੇ ਪੰਜ ਹਾਜ਼ਰ ਹੋਏ।

—ਲੈ ਬਈ ਅੱਡ ਝੋਲੀ ਤੇ ਸੰਭਾਲ ਦੌਲਤ ਨੂੰ। ਅਸਾਂ ਦੀਵਾਲੀ ਤਕ ਸਾਰਾ ਕਾਰਜ ਪੂਰਾ ਕਰਨੈ।

—ਜੱਥੇਦਾਰਾ ਇਹ ਗੁਰੂ ਕੀ ਚਾਦਰ ਯੁੱਗਾਂ-ਯੁੱਗਾਂ ਤਕ ਯਾਦ ਰਹੇਗੀ।

ਜੱਸਾ ਸਿੰਘ ਆਹਲੂਵਾਲੀਏ ਦਾ ਉੱਦਮ। ਕੌਮ ਵਿਚ ਇਕ ਤਰ੍ਹਾਂ ਦੀ ਜਾਗ੍ਰਿਤੀ ਆ ਗਈ।

ਜੱਥੇਦਾਰ ਅੱਜ ਤੂੰ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ ਨੇ। ਗੁਰੂ ਸਾਥੋਂ ਰੁੱਸ ਗਿਆ ਸੀ ਅੱਜ ਤੂੰ ਮਨਾ ਲਿਐ। ਸਰੋਵਰ ਕੀ ਅੰਮ੍ਰਿਤਸਰ ਦੀ ਕਾਇਆ ਪਲਟ ਦੇਵਾਂਗੇ।

ਸਭ ਤੋਂ ਅੱਗੇ ਨਿਹੰਗ ਸਨ ਤੇ ਨਾਲ ਰਲ ਗਏ ਰੰਘਰੇਟੇ। ਭੋਲੇ ਪਾਤਸ਼ਾਹ।

ਉੱਦਮ ਜੱਸਾ ਸਿੰਘ ਆਹਲੂਵਾਲੀਏ ਦਾ ਤੇ ਸੇਵਾ ਬੁੱਢੇ ਦਲ ਦੀ।

84

ਹਲਕਾਰੇ

ਨਜ਼ੀਬੁਲਦੌਲਾ ਅਹਿਮਦ ਸ਼ਾਹ ਅਬਦਾਲੀ ਦਾ ਸਭ ਤੋਂ ਵੱਡਾ ਹਮਾਇਤੀ ਸੀ। ਦਿੱਲੀ ਸਰਕਾਰ ਉਹਦੇ ਇਸ਼ਾਰਿਆਂ ਤੇ ਨੱਚਦੀ ਸੀ। ਇਹ ਰੁਹੇਲੇ ਇੰਨੇ ਮੂੰਹਜ਼ੋਰ ਹੋ ਚੁਕੇ ਸਨ ਕਿ ਸ਼ਹਿਨਸ਼ਾਹ ਦਿੱਲੀ ਨੂੰ ਛਿੱਬੀਆਂ ਦਿੰਦੇ ਤੇ ਆਖਦੇ—ਅਸੀਂ ਮੁਗ਼ਲ ਸ਼ਹਿਜ਼ਾਦਿਆਂ ਨੂੰ ਭਾਵੇਂ ਕੋਈ ਅੰਨ੍ਹਾ ਹੋਵੇ ਜਾਂ ਕਾਣਾ, ਲੂਲ੍ਹਾ ਹੋਵੇ ਜਾਂ ਲੰਙਾ ਜਿਹਨੂੰ ਜੀਅ ਕਰੀਏ ਬਾਦਸ਼ਾਹ ਬਣਾ ਦਈਏ। ਜਿਹਦੇ ਸਿਰ ਤੇ ਜੁੱਤੀ ਘਸਾ ਦਈਏ ਉਹ ਬਾਦਸ਼ਾਹ ਬਣ ਗਿਆ। ਸਾਡੀ ਜੁੱਤੀ 'ਚ ਇੰਨੀ ਤਾਕਤ ਏ। ਬਾਦਸ਼ਾਹ ਬਣਾਉਣਾ ਤੇ ਬਾਦਸ਼ਾਹ ਨੂੰ ਦਰ-ਦਰ ਦੀਆਂ ਠੋਕਰਾਂ ਮਰਵਾਉਣੀਆਂ ਸਾਨੂੰ ਕੁਦਰਤ ਨੇ ਬਖਸ਼ੀਆਂ ਨੇ। ਸਾਡੀ ਪਿੱਠ ਪਿੱਛੇ ਅਹਿਮਦ ਸ਼ਾਹ ਅਬਦਾਲੀ ਦਾ ਹੱਥ ਏ। ਦਿੱਲੀ ਸਰਕਾਰ ਜਣੇ-ਖਣੇ ਦੀ ਭਾਬੀ ਬਣ ਚੁਕੀ ਸੀ। ਕਠਪੁਤਲੀ ਬਣ ਚੁਕੀ ਸੀ ਸਰਕਾਰ।

—ਮੁਗ਼ਲ ਨਾਲਾਇਕ, ਬੁਜ਼ਦਿਲ ਤੇ ਨਿਕੰਮੇ ਹੋ ਚੁਕੇ ਸਨ। ਨਜ਼ੀਬੁਲਦੌਲਾ ਦੀ ਤੂਤੀ ਬੋਲਦੀ ਸੀ। ਆਪਣੀ ਹਕੂਮਤ, ਆਪਣੀ ਜਾਗੀਰ ਬਣਾਈ ਬੈਠੇ ਸਨ ਰੁਹੇਲੇ।

ਦਿੱਲੀ ਰੋਜ਼ ਲੁੱਟੀ ਜਾਂਦੀ ਤੇ ਨਾਲ ਲੱਗਦੇ ਇਲਾਕੇ ਵੀ ਲੁੱਟ ਦੀ ਜ਼ੱਦ ਵਿਚ ਆ ਜਾਂਦੇ। ਭਰਤਪੁਰ ਜੱਟਾਂ ਦਾ ਰਾਜ ਸੀ, ਹਿੰਮਤ ਵਾਲੇ ਤੇ ਸਨ, ਪਰ ਰੁਹੇਲੇ ਇਨ੍ਹਾਂ ਤੋਂ ਜ਼ਿਆਦਾ ਤਾਕਤਵਰ ਸਨ।

ਰਾਜਾ ਸੂਰਜਮੱਲ ਲੜਦਾ-ਲੜਦਾ ਮੈਦਾਨ 'ਚ ਕਤਲ ਹੋ ਗਿਆ।

ਜਵਾਹਰ ਸਿੰਘ ਦਾ ਰਾਜ ਪ੍ਰਬੰਧ ਨਵਾਂ-ਨਵਾਂ ਸੀ। ਅਜੇ ਓਸ ਗੱਦੀ ਦੀ ਖ਼ੁਸ਼ਬੂ ਈ ਸੁੰਘੀ ਸੀ।

ਸਿੰਘਾਂ ਨੇ ਅਜੇ ਹੁਣੇ-ਹੁਣੇ ਜੈਨ ਖ਼ਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਸ਼ਾਹੀ ਹਰਮ ਵੀ ਨਜ਼ੀਬੁਲਦੌਲਾ ਦੀ ਨਿਗਰਾਨੀ ਵਿਚ ਸਨ। ਬਹੁਤ ਦੁਖੀ ਸੀ ਭਰਤਪੁਰ। ਉਨ੍ਹਾਂ ਇਕ ਏਲਚੀ ਬੁੱਢੇ ਦਲ ਦੀ ਹਜ਼ੂਰੀ 'ਚ ਭੇਜਿਆ ਤੇ ਨਾਲ ਨਜ਼ਰਾਨੇ, ਤੋਹਫ਼ੇ ਤੇ ਨਾਲ ਹੱਥ ਬੰਨ੍ਹ ਕੇ ਅਰਜ਼ ਕੀਤੀ ਕਿ ਨਜ਼ੀਬੁਲਦੌਲਾ ਹੁਣ ਸਾਡੇ ਰਾਣੀਵਾਸ ਵਿਚ ਵੀ ਦਖ਼ਲ ਦੇਣ ਲੱਗ ਪਿਐ। ਮਰਹੱਟੇ ਤੇ ਮਰ-ਖਪ ਗਏ ਹਨ। ਤੁਹਾਥੋਂ ਬਗ਼ੈਰ ਹੋਰ ਸਾਡੀ ਕੋਈ ਬਾਂਹ ਨਹੀਂ ਫੜ ਸਕਦਾ। ਅਸੀਂ ਦੋਵੇਂ ਜਣੇ ਰਲ ਜਾਈਏ ਤੇ ਨਜ਼ੀਬੁਲਦੌਲਾ ਦੀਆਂ

ਨਾਸਾਂ ਬੰਦ ਕਰ ਦਿਆਂਗੇ। ਅਹਿਮਦ ਸ਼ਾਹ ਅਬਦਾਲੀ ਨੂੰ ਚੋਰ ਲਾ ਕੇ ਧੱਕ ਦੇਵਾਂਗੇ। ਰਾਜਪੂਤ ਦਲੇਰ ਤੇ ਹਨ ਪਰ ਹੌਸਲਾ ਛੱਡ ਬੈਠੇ ਹਨ। ਵੰਗਾਰਿਆ ਜਾਏ ਤੇ ਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜਨਗੇ। ਇਕ ਦਿਨ ਤੇ ਸਾਨੂੰ ਮੁਕਾਬਲਾ ਕਰਨਾ ਈ ਪਏਗਾ। ਤੁਸੀਂ ਸਾਡੀ ਅਰਜ਼ ਮੰਨ ਲਵੋ। ਪਹਿਲਾਂ ਨਜ਼ੀਬੁਲਦੌਲਾ ਦੇ ਸੰਘ 'ਚ ਅੰਗੂਠਾ ਦਿਓ, ਤੇ ਦੋਵੇਂ ਜਣੇ ਰਲ ਕੇ ਉਹਨੂੰ ਢਾਹ ਲਈਏ। ਦਿੱਲੀ ਵੀ ਤੁਹਾਡੀ ਤੇ ਪੰਜਾਬ ਵੀ ਤੁਹਾਡਾ। ਮੈਂ ਕਸਮ ਖਾਂਦਾ ਹਾਂ ਕਿ ਮੈਂ ਤੁਹਾਡਾ ਸਾਥ ਨਾ ਛੱਡਾਂਗਾ। ਮਰਾਂਗੇ ਤੇ ਇਕੱਠੇ ਤੇ ਜੇ ਮੌਜਾਂ ਲਵਾਂਗੇ ਤੇ ਰਲ ਕੇ।

ਤੁਸੀਂ ਪ੍ਰਵਾਨ ਕਰੋ ਸਾਡੀ ਅਰਜ਼, ਭਗਵਾਨ ਸਾਡੀ ਜ਼ਰੂਰ ਬਾਂਹ ਫੜੇਗਾ। ਮੈਂ ਚਾਹੁੰਦਾ ਹਾਂ ਕਿ ਦਲ ਦਾ ਇਕ ਵਾਰ ਕੇਸਰੀ ਝੰਡਾ ਲਹਿਰਾਇਆ ਜਾਏ ਦਿੱਲੀ ਦੇ ਕਿਲ੍ਹੇ ਤੇ। ਮੇਰਾ ਵਕੀਲ ਤੁਹਾਡੀ ਸਰਦਲ ਤੇ ਸੱਜਦਾ ਕਰਨ ਆ ਰਿਹੈ।

ਮਾਲਵੇ 'ਚ ਅਬਦਾਲੀ ਦਾ ਗੜ੍ਹ ਟੁੱਟ ਗਿਐ। ਹੁਣ ਅਹਿਮਦ ਸ਼ਾਹ ਅਬਦਾਲੀ ਵਾਅ-ਵਰੋਲੇ ਵਾਂਗੂੰ ਆਇਆ ਤੇ ਆਏਗਾ। ਉਹਦੇ ਪੈਰ ਉੱਖੜ ਗਏ ਹਨ। ਹੁਣ ਐਵੇਂ ਬੜ੍ਹਕਾਂ ਈ ਬੜ੍ਹਕਾਂ ਹਨ।

ਗੁਰੂ ਘਰ ਵਿਚ ਮੈਂ ਅਰਦਾਸ ਕਰਨ ਆਇਆ ਹਾਂ। ਸਾਡੀ ਬਾਂਹ ਫੜੋ। ਫੇਰ ਢੋਲ ਵਜਾਓ ਫੇਰ ਵੱਜਣ ਨਰਸਿੰਘੇ, ਨਗਾਰਿਆਂ ਦੀ ਗੂੰਜ ਪਵੇ, ਝੰਡੇ ਝੂੱਲਣ, ਫਿਰ ਹਿੰਦੁਸਤਾਨ ਦੀ ਜੈ-ਜੈਕਾਰ ਹੋਵੇ।

ਲਾਲ ਕਿਲ੍ਹੇ ਵਿਚ ਸਿਰਫ਼ ਨਾਂ ਦੇ ਬਾਦਸ਼ਾਹ ਹਨ। ਕਬੂਤਰ ਉਡਾ ਰਹੇ ਹਨ। ਸ਼ਰਾਬ ਦੀ ਚੁਸਕੀ ਲੈਂਦੇ ਏਸੇ ਤਰ੍ਹਾਂ ਦਿਨ ਲੰਘਦਾ ਏ, ਏਸੇ ਤਰ੍ਹਾਂ ਰਾਤ ਕੱਟਦੀ ਏ। ਨਜ਼ੀਬੁਲਦੌਲਾ ਦੀ ਜੀਅ ਹਜ਼ੂਰੀ ਕਰਕੇ ਆਪਣੇ ਵਕਤ ਨੂੰ ਧੱਕਾ ਦੇ ਰਹੇ ਹਨ।

ਜੱਸਾ ਸਿੰਘ ਆਹਲੂਵਾਲੀਆ ਨੇ ਹਾਂ ਕਰ ਦਿੱਤੀ—ਤੁਸੀਂ ਜਾਓ ਤੇ ਰਾਜਾ ਜੀ ਨੂੰ ਤਸੱਲੀ ਦਿਓ। ਬੁੱਢਾ ਦਲ ਤੁਹਾਡੀ ਮਦਦ ਕਰੇਗਾ। ਸਿੰਘਾਂ ਦੇ ਬਚਨ ਪੱਥਰ ਦੀ ਲੀਕ ਵਾਂਗੂੰ ਅਟੱਲ ਹਨ। ਅਸੀਂ ਤੁਹਾਡੀ ਮਦਦ ਕਰਾਂਗੇ।

ਸਿੱਧੀ ਟੱਕਰ ਅਜੇ ਨਹੀਂ ਲਈ ਜਾ ਸਕਦੀ। ਅਸੀਂ ਪਹਿਲਾਂ ਦੁਆਬੇ ਤੇ ਹਮਲਾ ਕਰਾਂਗੇ। ਪਹਿਲਾਂ ਉਹਦਾ ਘਰ ਲੁੱਟਾਂਗੇ ਤੇ ਉਹਦੇ ਇਲਾਕੇ 'ਚ ਹਿਲਜੁਲ ਮਚਾਵਾਂਗੇ। ਜਦ ਉਹਦੇ ਘਰ ਵਿਚੋਂ ਚੀਕਾਂ ਨਿਕਲਣਗੀਆਂ ਤੇ ਉਹ ਫੇਰ ਭੱਜੇਗਾ ਮੈਦਾਨ ਛੱਡ ਕੇ। ਤੁਸੀਂ ਉਨ੍ਹਾਂ ਦੇ ਮੋਢਿਆਂ ਤੇ ਚੜ੍ਹੇ ਰਹੋ। ਉਹ ਪਿੱਛੋਂ ਦੌੜੇਗਾ ਤੇ ਤੁਸੀਂ ਉਹਦਾ ਖੁਰਾ ਨੱਪੀ ਜਾਓ। ਦਿੱਲੀ ਆ ਕੇ ਦਮ ਤੋੜੇਗਾ ਤੇ ਸਾਡਾ ਅਕੀਦਾ ਪੂਰਾ ਹੋ ਜਾਏਗਾ। ਸਹਾਰਨਪੁਰ ਤੇ ਹੋਰ ਉਹਦੇ ਇਲਾਕਿਆਂ ਵਿਚ ਕਤਲੇ-ਆਮ ਕਰਾਂਗੇ। ਇਹ ਗੱਲ ਤੁਹਾਨੂੰ ਮਨਜ਼ੂਰ ਏ ਤੇ ਅਸੀਂ ਆਏ। ਤੁਸਾਂ ਉਹਦੀ ਈਨ ਨਹੀਂ ਮੰਨਣੀ। ਉਹਦੇ ਉੱਤੇ ਚੜ੍ਹੇ ਰਹੋ ਤੇ ਅਸੀਂ ਉਨ੍ਹਾਂ ਦਾ ਕਾਫੀਆ ਤੰਗ ਕਰ ਦਿਆਂਗੇ।

ਬੁੱਢੇ ਦਲ ਵਿਚ ਮਤਾ ਹੋ ਗਿਆ ਪ੍ਰਵਾਨਗੀ ਮਿਲ ਗਈ, ਲੱਡੂ ਵੰਡੋ ਹੁਣ ਤੁਹਾਡੀਆਂ ਚਾਰ ਬਾਹਵਾਂ ਹੋ ਗਈਆਂ ਹਨ। ਦਿੱਲੀ ਨੂੰ ਨਹੀਂ ਛੇੜਨਾ। ਉਹਨੂੰ ਉਹਦੇ ਘਰ ਵਿਚ ਈ ਡੱਕ ਕੇ ਮਾਰਾਂਗੇ। ਅਹਿਮਦ ਸ਼ਾਹ ਅਬਦਾਲੀ ਹੁਣੇ ਈ ਗਿਐ ਹੁਣ ਨਹੀਂ ਆਉਣ ਲੱਗਾ।

—ਅੱਗਾ ਦੌੜ ਤੇ ਪਿੱਛਾ ਚੌੜ। ਅਸੀਂ ਆਏ ਤੁਸੀਂ ਡਟ ਕੇ ਮੁਕਾਬਲਾ ਕਰੋ ਤੇ ਸਾਰਿਆਂ ਨਾਲ ਤਾਲਮੇਲ ਬਣਾਈ ਰੱਖੋ।

—ਅੱਧਾ ਦਲ ਪੰਜਾਬ ਦੀ ਰਾਖੀ ਕਰੇ ਤੇ ਅੱਧਾ ਦਲ ਭਰਤਪੁਰੀਆਂ ਦੀ ਮਦਦ ਤੇ ਜਾਏ। ਨਾਲੇ ਦੇਵੀ ਦੇ ਦਰਸ਼ਨ ਤੇ ਨਾਲ ਵੰਗਾਂ ਦਾ ਵਪਾਰ।

—ਸਾਰੇ ਨਿਹੰਗ, ਰੰਘਰੇਟੇ ਮੇਰੀ ਕਮਾਨ ਤੇ ਰਹਿਣਗੇ। ਦਲ ਦਾ ਇਮਤਿਹਾਨ ਏ। ਗੁਰੂ ਪੂਰੀਆਂ ਪਾਏ। ਜੈਕਾਰੇ ਛੱਡੋ, ਦਿੱਲੀ ਵੇਖਣ ਚਲੋ ਕਦੀ ਅਸੀਂ ਵੀ ਦਿੱਲੀ ਵਾਲੇ ਬਣਨਾ ਏ। ਗੁਰਦਵਾਰਿਆਂ ਦੇ ਦਰਸ਼ਨ ਤੇ ਸ਼ਾਹੀ ਮਹਿਲਾਂ ਦੇ ਖਵਾਬ ਪੂਰੇ ਹੋ ਜਾਣਗੇ। ਇਕ ਵਾਰ ਵੇਖ ਤੇ ਲਈਏ ਸ਼ਾਹੀ ਮਹੱਲ ਕਿਹੋ ਜਿਹੇ ਹੁੰਦੇ ਹਨ।

—ਦਿੱਲੀ ਦਾ ਬਾਦਸ਼ਾਹ ਵੀ ਤੁਹਾਡੀ ਚੌਖਟ ਤੇ ਆਏਗਾ। ਨਜ਼ੀਬੁਲਦੌਲਾ ਨੂੰ ਜੁੱਤੀ ਨਾਲ ਝੁਕਾਵਾਂਗੇ। ਸਿੰਘਾਂ ਦੇ ਇਨ੍ਹਾਂ ਹੱਥ ਨਹੀਂ ਵੇਖੇ। ਅਹਿਮਦ ਸ਼ਾਹ ਅਬਦਾਲੀ ਵਿਚ ਵੀ ਹੁਣ ਉਹ ਜਲਾਲ ਨਹੀਂ ਰਿਹਾ ਥੱਕ ਗਿਐ। ਸਾਡੇ ਨਾਲ ਸਿੱਧਾਂ ਮੁਕਾਬਲਾ ਨਹੀਂ ਹੋਇਆ। ਇਕੋ ਮੁਕਾਬਲੇ 'ਚ ਟੁਕੜੇ ਥੈਂ ਕਰ ਦਿਆਂਗੇ। ਹੁਣ ਨਾ ਘੋੜਿਆਂ ਦੀ ਘਾਟ ਏ ਤੇ ਨਾ ਲੰਗਰ ਮਸਤਾਨਾ ਹੋਣ ਦਾ ਡਰ ਏ। ਗੁਰੂ ਦੀਆਂ ਮਿਹਰਾਂ ਹਨ। ਚਲੋ ਨਜ਼ੀਬਾਬਾਦ ਦੀ ਨਗਰੀ ਵੇਖੀਏ। ਮਾਂਹ ਦੀ ਦਾਲ ਬਹੁਤ ਖਾਧੀ ਏ, ਹੁਣ ਅਰਹਰ ਦੀ ਦਾਲ ਦਾ ਸਵਾਦ ਵੀ ਵੇਖੋ।

—ਚੜ੍ਹਤ ਸਿੰਹਾਂ ਚੱਲ ਆਪਣੇ ਇਲਾਕੇ ਵਿਚ। ਗੜ੍ਹੀਆਂ ਬਣਾ ਭਾਵੇਂ ਕੱਚੀਆਂ ਈ ਕਿਉਂ ਨਾ ਹੋਣ।

—ਝੰਡਾ ਸਿੰਘ ਤੇ ਗੰਡਾ ਸਿੰਘ ਮੇਰੀਆਂ ਬਾਹਵਾਂ ਹਨ। ਭੰਗੀ ਸਰਦਾਰਾਂ ਤੇ ਸਾਨੂੰ ਸਦਾ ਮਾਣ ਰਿਹਾ ਏ। ਪੱਕੇ ਟਿਕਾਣੇ ਬਣਾਓ ਤੇ ਛਾਉਣੀਆਂ ਦੀ ਉਸਾਰੀ ਅਰੰਭ ਕਰ ਦਿਓ। ਥਾਣੇ ਹਰ ਪਿੰਡ ਵਿਚ ਹੋਣ।

—ਸਰਦਾਰ ਤਾਰਾ ਸਿੰਘ ਤੂੰ ਤੇ ਮੇਰੀ ਪੱਗ ਦਾ ਰਾਖਾ ਏਂ। ਤਰਨਾ ਦਲ ਦੀ ਗਿਣਤੀ ਵਧਾ। ਨੱਕਈ ਡੱਲੇ ਵਾਲਿਆਂ ਦੀਆਂ ਅੱਗੇ ਹੀ ਧੁੰਮਾਂ ਬਹੁਤ ਹਨ।

—ਸਾਰਿਆਂ ਨੂੰ ਚਿੱਠੀਆਂ ਲਿਖ ਭੇਜੀਆਂ ਨੇ। ਆਪਣੇ ਇਲਾਕੇ ਦੇ ਕਬਜ਼ੇ ਪੱਕੇ ਕਰੋ। ਅਸੀਂ ਆਏ, ਜ਼ਰਾ ਭਿਣਕ ਵੀ ਪੈ ਗਈ ਕਿ ਅਹਿਮਦ ਸ਼ਾਹ ਅਬਦਾਲੀ ਆ ਰਿਹੈ ਤੇ ਝੱਟ ਊਠਨੀ ਸਵਾਰ ਭੇਜੋ। ਅਸੀਂ ਦੂਰ ਨਹੀਂ। ਚਲੋ ਭਰਤਪੁਰੀਓ ਤੁਸੀਂ ਰੁਹੇਲਿਆਂ ਨੂੰ ਰੋਕੋ ਤੇ ਅਸੀਂ ਉਨ੍ਹਾਂ ਦੇ ਘਰ ਉਜਾੜਦੇ ਹਾਂ। ਅਸੀਂ ਉਨ੍ਹਾਂ ਨੂੰ ਸਾਹ ਨਹੀਂ ਲੈਣ ਦੇਂਦੇ।

ਮਤਾ ਪ੍ਰਵਾਨ ਹੋਇਆ, ਜੈਕਾਰੇ ਛੁੱਟੇ,—ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ।

85

ਗਿਆਰਾਂ ਲੱਖ ਨਜ਼ਰਾਨਾ

ਚੋਰਾਂ ਨੂੰ ਮੋਰ ਤੇ ਮੋਰਾਂ ਨੂੰ ਕਜ਼ਾਈ।

ਜਵਾਹਰ ਸਿੰਘ ਦੇ ਕੁਝ ਰਿਸ਼ਤੇਦਾਰ ਰਾਜਪੂਤਾਨੇ ਵਿਚ ਵੀ ਰਹਿੰਦੇ ਸਨ। ਉਨ੍ਹਾਂ ਨੂੰ ਵੀ ਸੁਨੇਹਾ ਭੇਜ ਦਿੱਤਾ ਉਹ ਵੀ ਆ ਗਏ। ਲੁੱਟੇ ਤੇ ਉੱਜੜੇ ਪਠਾਣ ਵੀ ਉਨ੍ਹਾਂ ਨਾਲ ਰਲ ਗਏ। ਅੱਜ ਮੂਜ਼ੀ ਮਾਰ ਕੇ ਦਮ ਲੈਣੈ।

ਉਹ ਧੱਕ ਰਹੇ ਸਨ ਦਿੱਲੀ ਵੱਲ ਤਾਂ ਕਿ ਹਾਹਾਕਾਰ ਮੱਚੇ ਦਿੱਲੀ 'ਚ।

ਨਜ਼ੀਬੁਲਦੌਲਾ ਨੇ ਸੋਚਿਆ ਕਿ ਜੱਟ ਕਿਹਦੀ ਸ਼ਹਿ ਤੇ ਇੰਨੇ ਦਲੇਰ ਹੋ ਗਏ ਹਨ। ਇਹ ਸੋਚਦੇ ਈ ਨਹੀਂ ਕਿ ਅਸੀਂ ਦੁਸ਼ਮਨਾਂ ਦੇ ਘਰ ਜਾ ਰਹੇ ਹਾਂ। ਉਥੋਂ ਬਚ ਕੇ ਆਉਣਾ ਮੁਸ਼ਕਲ ਏ। ਕੀ ਇਹ ਦਿੱਲੀ ਵੇਖਣ ਜਾ ਰਹੇ ਹਨ, ਜਾਂ ਕਿਸੇ ਹੋਰ ਮਾਰ ਤੇ ? ਮੁਗ਼ਲਾਂ 'ਚ ਦਮ ਨਹੀਂ, ਰੁਹੇਲੇ ਮੇਰੇ ਨਾਲ ਹਨ। ਇਹ ਮੂਰਖ ਕਿਉਂ ਮੌਤ ਨੂੰ ਜੱਫੀਆਂ ਪਾਉਣ ਜਾ ਰਹੇ ਹਨ?

—ਕਿਥੇ ਚੱਲੇ ਓ ਜਾਟ ਭਾਈਓ ?

—ਗੜ੍ਹ ਮੁਕਤੇਸ਼ਵਰ ਨਹਾਉਣ।

—ਅੱਗੇ ਨਹਾ ਕੇ ਆਏ ਸਨ ਮਰਹੱਟੇ ਤੇ ਵੇਖਿਆ ਸੀ ਨਾ ਉਨ੍ਹਾਂ ਦਾ ਹਸ਼ਰ ?

—ਉਹ ਜ਼ਮਾਨੇ ਲੱਦ ਗਏ। ਅਸੀਂ ਹੁਣ ਰੁਹੇਲਿਆਂ ਦੀਆਂ ਦਾਅਵਤਾਂ ਖਾਣ ਜਾ ਰਹੇ ਹਾਂ।

—ਤੁਹਾਨੂੰ ਭਾਜੀ ਆਈ ਹੋਣੀ ਏ ਕਿਸੇ ਲਾਗੀ ਦੇ ਹੱਥ ?

—ਨਜ਼ੀਬੁਲਦੌਲਾ ਨਵਾਂ ਵਿਆਹ ਕਰਵਾ ਰਿਹੈ, ਦਾਅਵਤ ਨਹੀਂ ਸੀ ਦੇਣੀ।

—ਤਾਂ ਤੇ ਤੁਸੀਂ ਬਰਾਤੀ ਹੋਏ ਨਾ।

—ਜੱਟ ਮੂਰਖ, ਲਾਈਲੱਗ, ਇਨ੍ਹਾਂ ਨੂੰ ਮੌਤ ਨੇ ਸੱਦਾ ਦਿੱਤੈ।

—ਸ਼ਗਨ ਪਾਉਣ ਚੱਲੇ ਹਾਂ। ਨਾਲੇ ਜਲਵਾ ਵੇਖਾਂਗੇ ਤੇ ਨਾਲੇ ਦਾਅਵਤਾਂ ਵੀ ਖਾਵਾਂਗੇ।

—ਜਵਾਹਰ ਸਿੰਘ ਦੀ ਨਜ਼ੀਬੁਲਦੌਲਾ ਨਾਲ ਸੁਲਾਹ ਹੋ ਗਈ ਏ।

—ਸ਼ੇਰ ਤੇ ਬੱਕਰੀ ਦਾ ਕਦੀ ਸਾਥ ਨਹੀਂ ਹੋਇਆ। ਉਹ ਇਕ ਜਗ੍ਹਾ ਤੇ ਇਕੱਠਿਆਂ ਨਹੀਂ ਰਹਿ ਸਕਦੇ। ਕੁਦਰਤ ਦੀ ਰਹਿਮਤ ਏ ਰੁਹੇਲੇ ਵੀ ਲੁਟੇਰੇ ਤੇ ਅੱਗੋਂ ਟੱਕਰੇ ਜਾਟ ਉਹ ਵੀ ਸਿਖਰ ਦੇ ਡਾਕੂ।

—ਅੱਧਾ-ਅੱਧਾ ਹਿੱਸਾ ਜੋ ਕੁਝ ਮਿਲੇ। ਵੈਸੇ ਪਾਣੀ ਬਦਲਣ ਚੱਲੇ ਹਾਂ ਦਿੱਲੀ। ਆਂਹਦੇ ਹਨ ਕਿ ਉਥੋਂ ਦਾ ਪਾਣੀ ਬੜਾ ਮਿੱਠੈ।

ਏਸੇ ਭੁਲੇਖੇ 'ਚ ਈ ਤਲਵਾਰਾਂ ਮਿਆਨ 'ਚ ਪਈਆਂ ਰਹੀਆਂ। ਫ਼ੌਜ ਪਿੱਛੇ ਹਟਦੀ ਰਹੀ ਤੇ ਜਾਟ ਦਿੱਲੀ ਵੱਲ ਵਧੀ ਜਾ ਰਹੇ ਸਨ।

ਦਿੱਲੀ ਪੁੱਜ ਗਈ ਫ਼ੌਜ ਤੇ ਨਜ਼ੀਬੁਲਦੌਲਾ ਨੇ ਸੋਚਿਆ।

—ਇਹ ਬਰਾਤੀ, ਇਹ ਜੰਞ ਕਿਧਰੋਂ ਆ ਰਹੀ ਏ। ਜਵਾਹਰ ਸਿੰਘ ਬੜੀਆਂ ਮੱਲਾਂ ਮਾਰਦਾ ਅੱਗੇ ਵਧ ਰਿਹਾ ਸੀ।

ਯਕਦਮ ਇਕ ਊਠਨੀ ਸਵਾਰ ਆਇਆ ਤੇ ਬੋਲਿਆ—ਗ਼ਜ਼ਬ ਹੋ ਗਿਆ ਬੁੱਢੇ ਦਲ ਵਾਲੇ ਸ਼ੇਰ ਸਿੰਘਾਂ ਨੇ ਸਾਡਾ ਇਲਾਕਾ ਬਰਬਾਦ ਕਰ ਦਿੱਤਾ ਏ ਤੇ ਕਈ ਇਲਾਕੇ ਵੀ ਉਗਰਾਹ ਲਏ ਹਨ ਤੇ ਉਨ੍ਹਾਂ ਆਪਣੀ ਰਾਖੀ ਦੀ ਮੋਹਰ ਲਾ ਦਿੱਤੀ ਏ। ਨਜ਼ੀਬਾਬਾਦ ਵਿਚ ਅੱਗ ਦੇ ਸ਼ੋਅਲੇ ਨਿਕਲ ਰਹੇ ਸਨ। ਸੜ ਰਿਹਾ ਏ ਸ਼ਹਿਰ, ਹਵੇਲੀਆਂ ਬਰਬਾਦ ਹੋ ਚੁੱਕੀਆਂ ਹਨ। ਭੁੱਬਲ ਬਣ ਗਿਆ ਏ ਸਾਰਾ ਮਹਿਲ। ਬੇਗ਼ਮ ਦੇ ਪਰਦੇ ਭੰਗ ਹੋ ਗਏ ਹਨ। ਪਰ ਇਕ ਗੱਲ ਹਜ਼ੂਰ ਨੇ ਇਹ ਵੇਖੀ ਏ ਬੁੱਢੇ ਦਲ ਵਿਚ ਕਿ ਉਨ੍ਹਾਂ ਕੋਈ ਹਰਮ ਨਹੀਂ ਲੁੱਟਿਆ। ਕਿਸੇ ਬੇਗ਼ਮ ਦੇ ਚੋਵਰ ਨੂੰ ਹੱਥ ਨਹੀਂ ਲਾਇਆ। ਇਹ ਲੁੱਟ ਸਾਡੇ ਆਪਣੇ ਆਦਮੀ ਈ ਕਰ ਰਹੇ ਹਨ ਬਦਨਾਮ ਵਿਚਾਰਾ ਬੁੱਢਾ ਦਲ ਹੋ ਰਿਹੈ।

ਸਿਰਫ਼ ਦੂਰ ਤੋਂ ਭੱਜੇ ਜਾਂਦੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਦਰਸ਼ਨ ਕੀਤੇ। ਬੜਾ ਜਲਾਲ ਸੀ ਉਹਦੇ ਮੁੱਖੜੇ ਤੇ। ਉਹ ਬੰਦਾ ਨਹੀ ਫ਼ਰਿਸ਼ਤਾ ਏ, ਬਹੁਤ ਰਹਿਮ ਦਿਲ ਏ। ਹਜ਼ੂਰ ਮਲਕਾ-ਏ-ਆਲੀਆ ਨੇ ਅਰਜ਼ ਕੀਤੀ ਕਿ ਜੱਸਾ ਸਿੰਘ ਸਾਡੀ ਇੱਜ਼ਤ ਦਾ ਰਾਖਾ ਏ।

—ਅੰਮਾਂ ਜਾਨ, ਮੈਂ ਜ਼ਿੰਮੇਦਾਰ ਹਾਂ, ਮੈਂ ਆਪ ਹਾਜ਼ਰੀ ਭਰਨ ਆਇਆ ਹਾਂ। ਲੱਖ ਵਾਰ ਮੇਰੇ ਸਾਥੀ ਇਹ ਰੁਹੇਲੇ, ਬਦਮਾਸ਼ ਤੇ ਧੋਖੇਬਾਜ਼ ਹਨ। ਇਹੋ ਵੀ ਲੁੱਟ ਰਹੇ ਹਨ। ਹਜ਼ੂਰ ਨੂੰ ਸੱਦ ਕੇ ਕੈਦ ਕਰਨਗੇ।

—ਉਹ ਮਾਂ ਅਜੇ ਨਹੀਂ ਜੰਮੀ ਜਿਹੜੀ ਮੇਰੇ ਵਰਗਾ ਸੂਰਮਾ ਪੈਦਾ ਕਰੇ। ਮੇਰੇ ਤੇ ਗੁਰੂ ਦੀਆਂ ਮਿਹਰਾਂ ਹਨ। ਮੈਂ ਜ਼ੁਲਮ ਕਰਨਾ ਨਹੀਂ ਜਾਣਦਾ। ਮੈਂ ਚੱਲਿਆ ਹਾਂ।

—ਕਿੱਥੇ ਸਰਦਾਰ, ਮਹਿਲਾਂ ਵਿਚ ਨਹੀਂ ਜਾਣਾ।

—ਮੈਨੂੰ ਬੇਗਮ ਨੇ ਸੱਦਿਆ ਏ। ਮੈਂ ਸਲਾਮ ਕਰਨ ਜਾ ਰਿਹਾ ਹਾਂ।

—ਬੇਟਾ, ਸਾਡੀ ਇੱਜ਼ਤ ਦਾ ਕੌਣ ਰਾਖਾ ਏ?

—ਮਾਤਾ ਜੀ, ਮੈਂ ਤੇ ਮੇਰੇ ਸਾਥੀ ਤੇਰੀ ਇੱਜ਼ਤ ਦੇ ਜ਼ਿੰਮੇਵਾਰ ਹਨ। ਤੇਰਾ ਮਹਿਲ ਤੇਰੀਆਂ ਹਵੇਲੀਆਂ ਵਿਚ ਕੋਈ ਮੇਰਾ ਸਿੰਘ ਨਹੀਂ ਜਾਏਗਾ। ਜਿਹੜਾ ਜਾਏਗਾ ਉਹ ਤੇਰਾ ਬਚੜਾ ਹੋਵੇਗਾ। ਹਰਮ ਦੇ ਜ਼ੇਵਰ, ਹਰਮ ਵਿਚ ਖਜ਼ਾਨਾ ਸਭ ਕੁਝ ਤੇਰਾ ਏ। ਸਾਡੀ ਲੜਾਈ ਸਿਰਫ਼ ਨਜ਼ੀਬੁਲਦੌਲਾ ਨਾਲ ਏ। ਅੱਲਾ ਦਾ ਨਾਂ ਲੈ ਮਾਤਾ ਫ਼ਿਕਰ ਨਾ ਕਰ। ਮੈਂ ਤੇਰੀ ਰਾਖੀ ਕਰਾਂਗਾ। ਜਦ ਮਰਜ਼ੀ ਆਵਾਜ਼ ਮਾਰੀਂ ਮੈਂ ਪਹਿਰੇ ਤੇ ਖੜ੍ਹਾ ਹੋਵਾਂਗਾ।

—ਸਰਦਾਰ ਤੇ ਪਹਿਰੇ ਤੇ?

—ਹਾਂ ਅੰਮਾਂ, ਇਹ ਮੇਰੀ ਜ਼ਿੰਮੇਦਾਰੀ ਏ। ਮੈਂ ਇਹ ਸੇਵਾ ਆਪਣੇ ਜ਼ਿੰਮੇ ਲਈ ਏ।

—ਸਿੱਖ ਇੰਨੇ ਰਹਿਮਦਿਲ ਹੁੰਦੇ ਹਨ। ਇਨ੍ਹਾਂ ਦਾ ਗੁਰੂਆਂ ਤੇ ਭਰੋਸਾ ਏ।

—ਕਿਉਂ ਮਾਤਾ ਤੇਰਾ ਦਿਲ ਏਨਾ ਬਦਜ਼ਨ ਕਿਉਂ ਏ? ਸਿੰਘ ਕੀ ਬੰਦੇ ਨਹੀਂ?

—ਅਸਾਂ ਤੇ ਸੁਣਿਆ ਏ ਸਿੰਘ ਬਹੁਤ ਜ਼ਾਲਮ ਹਨ, ਖ਼ੂੰਖਾਰ ਲੁਟੇਰੇ ਹਨ।

—ਹਾਂ! ਮਾਂ! ਅਹਿਮਦ ਸ਼ਾਹ ਅਬਦਾਲੀ ਤੋਂ ਲੁੱਟ ਦਾ ਮਾਲ ਖੋਹਣਾ। ਸਾਡੇ ਮੁਲਕ ਦੀ ਦੌਲਤ ਉਹ ਲੈ ਜਾਏ ਅਸੀਂ ਭੁੱਖੇ ਕੀ ਢਿੱਡ ਵਜਾਈਏ? ਏਸ ਲਈ ਉਨ੍ਹਾਂ ਵਾਸਤੇ ਜ਼ਾਲਮ ਹਾਂ। ਆਰਾਮ ਕਰ ਮਾਤਾ। ਤੇਰੇ ਪੁੱਤ ਨੇ ਅਹਿਮਦ ਸ਼ਾਹ ਅਬਦਾਲੀ ਨਾਲ ਗਰਾਹੀਆਂ ਸਾਂਝੀਆਂ ਕੀਤੀਆਂ ਹੋਈਆਂ ਨੇ। ਉਹ ਸਵਾਦ ਤੇ ਵੇਖਣਾ ਈ ਪਵੇਗਾ।

—ਅੱਜ ਮੈਂ ਕੁਝ ਸਮਝੀ। ਅੱਜ ਮੈਂ ਜਾਣੀ ਹਾਂ ਇਹ ਸਾਰਾ ਸੰਸਾਰ ਇਕ ਏ। ਹਰ ਕੌਮ 'ਚ ਹਰ ਤਰ੍ਹਾਂ ਦਾ ਬਸ਼ਰ ਜੰਮਦਾ ਏ, ਪਰ ਇਹ ਸਿੱਖ ਵਾਕਿਆ ਈ ਗੁਰੂ ਦੇ ਪਿਆਰੇ ਹਨ।

—ਜਾ ਮੈਂ ਤੈਨੂੰ ਵਚਨ ਦੇਂਦੀ ਹਾਂ। ਮੇਰਾ ਪੁੱਤ ਹੁਣ ਕਦੀ ਅਹਿਮਦ ਸ਼ਾਹ ਅਬਦਾਲੀ ਦਾ ਸਾਥ ਨਹੀਂ ਦਏਗਾ।

—ਮਾਂ! ਉਸ ਤੇਰੀ ਜ਼ਬਾਨ ਦੀ ਲਾਜ ਨਹੀਂ ਰੱਖਣੀ।

—ਮੈਂ ਉਹਨੂੰ ਪੰਜ ਧਾਰਾਂ ਨਹੀਂ ਬਖਸ਼ਾਂਗੀ। ਮੈਂ ਵੀ ਮਾਂ ਹਾਂ। ਸ਼ਹਿਰ ਦੀ ਲੁੱਟ, ਗ਼ਰੀਬਾਂ ਦੀ ਹਾਹਾਕਾਰ ਬੰਦ ਕਰ ਬੇਟਾ। ਇਹ ਵੀ ਕਿਸੇ ਦੀਆਂ ਮਾਵਾਂ, ਭੈਣਾਂ ਹਨ।

—ਅਸੀ ਸਿਰਫ਼ ਧਨਾਢ, ਸਾਹੂਕਾਰ ਤੇ ਅਮੀਰ ਤੇ ਨਵਾਬਾਂ ਦੇ ਘਰ ਈ ਲੁੱਟ ਰਹੇ ਹਾਂ। ਫ਼ੌਜ ਦਾ ਖਰਚਾ, ਦੂਜਾ ਪ੍ਰਦੇਸ, ਜੇ ਲੁੱਟ ਨਾ ਕਰੀਏ ਤੇ ਉਹ ਖਾਣਗੇ ਕੀ?

—ਬੰਦ ਕਰ ਇਹ ਲੁੱਟਮਾਰ ਆਹ ਲੈ ਮੋਹਰਾਂ ਦਾ ਸੰਦੂਕ।

—ਮਾਂ ਅਸੀ ਕਿਸੇ ਔਰਤ ਦੀ ਦੌਲਤ ਨੂੰ ਹੱਥ ਨਹੀ ਲਾਉਂਦੇ।

—ਬੇਟਾ, ਤੈਨੂੰ ਤੇਰੀ ਮਾਂ ਦੇ ਰਹੀ ਏ। ਜਾਓ ਖੂਬ ਖਾਓ ਤੇ ਰਹਿਮ ਕਰੋ ਲੋਕਾਂ ਤੇ। ਮੈਂ ਹੁਣ ਬਰਦਾਸ਼ਤ ਨਹੀਂ ਕਰ ਸਕਦੀ। ਇਹ ਅੱਗ, ਇਹ ਸ਼ੋਅਲੇ, ਇਹ ਆਹਾਂ, ਇਹ ਚੀਕਾਂ, ਇਹ ਵੈਣ ਮੈਥੋਂ ਸਹਾਰੇ ਨਹੀਂ ਜਾਂਦੇ।

—ਮਾਂ ਤੇਰੇ ਪੁੱਤ ਦੀ ਜ਼ਬਾਨ ਬੜੀ ਗੰਦੀ ਏ। ਵੇਖੀਂ ਤੇਰੀ ਜ਼ਬਾਨ ਖਾਲੀ ਨਾ ਜਾਏ। ਤੇਰੀ ਇੱਜ਼ਤ 'ਚ ਫ਼ਰਕ ਨਾ ਪਏ।

—ਮੈਂ ਜਾਣਦੀ ਹਾਂ ਆਪਣੇ ਪੁੱਤ ਨੂੰ। ਮੈਂ ਤੁਹਾਡੀ ਸੁਲਾਹ ਕਰਾਵਾਂਗੀ। ਤੁਸੀਂ ਦੋਵੇਂ ਜੱਫੀਆਂ ਪਾ ਕੇ ਮਿਲੋ। ਇਹ ਦੇਸ਼ ਸਾਡਾ ਏ। ਦੋਵੇਂ ਤਲਵਾਰਾਂ ਹੁਣ ਇਕੱਠੀਆਂ ਉੱਠਣਗੀਆਂ ਅਹਿਮਦ ਸ਼ਾਹ ਅਬਦਾਲੀ ਦੇ ਖਿਲਾਫ਼। ਯਾਅ ਅੱਲਾ ਰਹਿਮ।

ਸਿਰ ਝੁਕਾਅ ਦਿੱਤਾ ਜੱਸਾ ਸਿੰਘ ਆਹਲੂਵਾਲੀਏ ਨੇ ਨਜ਼ੀਬੁਲਦੌਲਾ ਦੀ ਮਾਂ ਅੱਗੇ।

86

ਮਾਂ ਦੀਆਂ ਆਂਦਰਾਂ

ਊਠਨੀ ਸਵਾਰ ਨੇ ਤੇ ਇਕ ਵਾਰ ਭੁੰਜੇ ਲਾਹ ਦਿੱਤਾ ਨਜ਼ੀਬੁਲਦੌਲੇ ਨੂੰ। ਸਾਰਾ ਸ਼ਹਿਰ ਸੜ੍ਹ ਕੇ ਸਵਾਹ ਹੋ ਗਿਆ। ਬੇਗਮਾਂ ਦੀ ਕੁਰਲਾਹਟ ਵੇਖੀ ਨਹੀਂ ਜਾਂਦੀ। ਸ਼ਾਹੀ ਮਹਿਲ ਅੱਗ ਦੇ ਸ਼ੋਅਲਿਆਂ ਵਿਚ ਭੁੰਜ ਰਿਹਾ ਏ। ਲਾਅਨਤ ਏ ਰੁਹੇਲੇ ਸਰਦਾਰਾਂ ਨੂੰ। ਮੱਛੀ ਵਾਂਗੂੰ ਤੜਫਦੇ ਲੋਕ। ਸਾਰੀ ਸ਼ੇਖ਼ੀ ਜਾਂਦੀ ਰਹੀ। ਅਸੀਂ ਚੋਰ ਤੇ ਮੋਰ ਪੈ ਗਏ ਸਾਡੇ ਘਰ। ਅਸਾਂ ਇਨ੍ਹਾਂ ਸਿੱਖਾਂ ਦਾ ਕੀ ਵਿਗਾੜਿਆ ਸੀ? ਨਾ ਸਾਡੀ ਦੁਸ਼ਮਨੀ, ਨਾ ਦੋਸਤੀ, ਨਾ ਭਾਜੀ, ਨਾ ਲੈਣ-ਦੇਣ ਫਿਰ ਇਹ ਕਿਉਂ ਲੁੱਟਣ ਆਣ ਪਏ?

ਜਦ ਨਜ਼ੀਬੁਲਦੌਲਾ ਪੁੱਜਾ ਤਦ ਸ਼ਹਿਰ ਸੜ ਕੇ ਸਵਾਹ ਦੀ ਢੇਰੀ ਹੋ ਚੁੱਕਾ ਸੀ। ਸਿਰ ਤੇ ਬਾਂਹਵਾਂ ਰੱਖ ਕੇ ਦੁਹਾਈ ਦਿੱਤੀ। ਕੌਣ ਸੁਣਦਾ ਸੀ ਨਗਾਰਖਾਨੇ ਵਿਚ ਤੂਤੀ ਦੀ ਆਵਾਜ਼।

—ਵੇਖੀ ਊ ਬਰਬਾਦੀ? ਅੱਜ ਢਿੱਡ ਨੂੰ ਹੱਥ ਪਿਆ ਈ ਤੇ ਪਤਾ ਲੱਗੈ। ਜਦ ਤੂੰ ਸ਼ਹਿਰ ਬਰਬਾਦ ਕਰਦਾ ਸੈਂ ਤਦ ਇਹੋ ਹਾਲ ਹੁੰਦਾ ਸੀ ਇਨ੍ਹਾਂ ਗਰੀਬ ਲੋਕਾਂ ਦਾ। ਅਕਲ ਆਈ ਊ? ਇਹ ਹੈ ਖ਼ੁਦਾ ਦੀ ਲਾਠੀ, ਕਿਤੇ ਖੜਾਕ ਸੁਣਿਆ ਈ? ਇਹ ਬੇ-ਆਵਾਜ਼ ਹੁੰਦੀ ਏ।

ਮੇਰੀ ਅੰਮਾ ਜਾਨ, ਮੇਰੀਆਂ ਬੇਗਮਾਂ, ਮੇਰੀਆਂ ਸਾਹਿਬਜ਼ਾਦੀਆਂ, ਮਹਿਲ ਸੜ ਚੁਕਾ ਏ। ਉਹ ਵੀ ਸੜ ਕੇ ਸਵਾਹ ਹੋ ਗਈਆਂ ਹੋਣਗੀਆਂ?

—ਨਹੀਂ ਸਰਕਾਰ ਉਨ੍ਹਾਂ ਨੂੰ ਕਿਤੇ ਅਜ਼ਾਅ ਵੀ ਨਹੀਂ ਆਈ।

—ਇਹ ਕੀ ਕਰਿਸ਼ਮਾ ਏ, ਇਹ ਕੁਦਰਤ ਦੀ ਰਹਿਮਤ ਏ ਜਾਂ ਅਹਿਸਾਨ ਏ ਕਿਸੇ ਫਰਿਸ਼ਤੇ ਦਾ?

ਘੋੜੇ ਸਿੱਧੇ ਪੁੱਜੇ ਸ਼ਾਹੀ ਮਹਿਲ ਦੇ ਅੱਗੇ ਤੇ ਉਤਰਿਆ ਨਜ਼ੀਬੁਲਦੌਲਾ।

—ਰੋਕੋ, ਕੌਣ ਹਨ ਇਹ ਸਵਾਰ?

—ਮੈਂ ਮਹਿਲ ਦਾ ਮਾਲਕ ਨਜ਼ੀਬੁਲਦੌਲਾ।

—ਇਜਾਜ਼ਤ ਲਿਆਂਦੀ ਊ? ਕੋਈ ਚਿੜੀ ਦਾ ਬੱਚਾ ਅੰਦਰ ਨਹੀਂ ਜਾ ਸਕਦਾ।

—ਆਪਣੇ ਘਰ 'ਚ ਜਾਣ ਲਈ ਇਜਾਜ਼ਤ? ਇਹ ਕਿਧਰ ਦਾ ਇਨਸਾਫ ਏ?

—ਸਾਡੇ ਸਰਦਾਰ ਦਾ ਹੁਕਮ ਏ।

—ਕੌਣ ਏ ਤੁਹਾਡਾ ਸਰਦਾਰ?

—ਜੱਸਾ ਸਿੰਘ ਆਹਲੂਵਾਲੀਆ, ਜਥੇਦਾਰ ਬੁੱਢਾ ਦਲ ਦਾ।

—ਕਿੱਥੇ ਐ ਤੁਹਾਡਾ ਸਰਦਾਰ?

—ਓਹ ਸਾਹਮਣੇ ਮਹਿਲ ਦੇ ਦਰਵਾਜ਼ੇ ਤੇ ਪਹਿਰਾ ਦੇ ਰਿਹੈ। ਨਿਗਰਾਨੀ ਕਰ ਰਿਹੈ ਚੌਕੀਦਾਰਾਂ ਦੀ।

—ਪਹਿਰੇ ਤੇ ਖੜ੍ਹਾ ਏ?

—ਹੈਂ ਉਹੋ ਸਰਦਾਰ ਜਿਨ ਸਾਡਾ ਸਭ ਕੁਝ ਲੁੱਟ ਲਿਐ। ਕਤਲ ਕਰ ਦਿੱਤਾ ਏ ਇਲਾਕਾ ਤੇ ਪਹਿਰੇ ਤੇ ਖੜ੍ਹਾ ਏ। ਹੈਰਾਨ ਹੋਇਆ ਨਜ਼ੀਬੁਲਦੌਲਾ।

—ਹਾਂ! ਬੇਗਮਾਂ ਦਾ ਮਹਿਲ ਏ। ਸਿੰਘ ਬੇਗਮਾਂ ਦੇ ਮਹਿਲ ਵਿਚ ਲੁੱਟ ਨਹੀਂ ਕਰਦੇ। ਹਿਫ਼ਾਜ਼ਤ ਕਰਦੇ ਹਨ। ਇਹ ਸਾਡੀਆਂ ਬੁੱਢੀਆਂ ਹਨ।

—ਤਦ ਉਹ ਲੁਟੇਰੇ ਕੌਣ ਹਨ? ਤੁਸੀਂ ਤੇ ਫਰਿਸ਼ਤੇ ਜਾਪਦੇ ਹੋ। ਯਾਅ ਅੱਲਾ ਮੈਂ ਕੀ ਸੁਣ ਰਿਹਾ ਹਾਂ।

—ਸਿੰਘ ਤੇ ਏਨੇ ਰਹਿਮ ਦਿਲ, ਮੈਂ ਤੇ ਅੱਜ ਈ ਸੁਣੇ ਹਨ ਤੇ ਅੱਜ ਈ ਦਰਸ਼ਨ ਕੀਤੇ ਹਨ।

—ਮੈਂ ਮਿਲਣਾ ਏ ਤੁਹਾਡੇ ਸਰਦਾਰ ਨੂੰ।

—ਹਾਂ ਜਾਓ, ਘੋੜਾ ਮੇਰੀ ਸਪੁਰਦਗੀ ਵਿਚ ਦੇ ਦਿਓ ਤੇ ਤਲਵਾਰ ਮੈਨੂੰ ਫੜਾ ਦਿਓ। ਕੱਲੇ ਜਾਓ, ਮੈਂ ਤੁਹਾਡੀ ਜਾਨ ਦਾ ਜ਼ਾਮਨ ਹਾਂ।

ਨੰਗੀਂ ਪੈਰੀਂ ਨਜ਼ੀਬੁਲਦੌਲਾ ਅੱਗੇ ਵਧਿਆ।

—ਸਲਾਮ ਜਥੇਦਾਰ ਜੀ ਬਹੁਤ ਮਿਹਰਬਾਨੀ, ਮੈਂ ਆਪਣੀ ਅੰਮਾ ਜਾਨ ਨੂੰ ਮਿਲਣਾ ਏ।

—ਤੂੰ ਕੌਣ ਏਂ ਬਲਦੀ ਅੱਗ ਵਿਚ ਛਾਲ ਮਾਰਨ ਵਾਲਾ?

—ਮੈਂ ਰੁਹੇਲਾ, ਬਦਨਸੀਬ ਨਜ਼ੀਬੁਲਦੌਲਾ, ਜਥੇਦਾਰ ਜੀ ਮੇਰੀ ਪੱਤ ਰੱਖੋ। ਇਹੋ ਜਿਹੇ ਬੰਦੇ ਵੀ ਹਨ ਜਹਾਨ ਵਿਚ।

—ਕੀ ਚਾਹੁੰਦਾ ਏਂ ਤੂੰ?

—ਸਿਰਫ ਦੀਦਾਰ ਆਪਣੀ ਅੰਮਾ ਦੇ। ਮੇਰੀਆਂ ਬੇਗਮਾਂ, ਸਾਹਿਬਜ਼ਾਦੀਆਂ ਕਿੱਥੇ ਹਨ?

—ਸਭ ਜ਼ਿੰਦਾ ਹਨ, ਸੱਜਣਾ ਮੈਂ ਪਹਿਰੇ ਤੇ ਖੜ੍ਹਾ ਹਾਂ ਇਥੇ ਮੱਖੀ ਪਰ ਨਹੀਂ ਮਾਰ ਸਕਦੀ।

—ਤੁਸੀਂ ਬੰਦੇ ਨਹੀਂ ਫਰਿਸ਼ਤੇ ਹੋ। ਅੱਜ ਪਤਾ ਲੱਗਾ ਏ ਸਿੰਘ ਕੌਣ ਹਨ? ਸਾਨੂੰ ਜਿਸ ਵੀ ਦੱਸਿਐ ਗ਼ਲਤ ਦੱਸਿਐ ਕਿ ਸਿੰਘ ਖ਼ੂੰਖਾਰ ਦਰਿੰਦੇ ਹਨ।

—ਲਓ ਸੰਭਾਲੋ ਨਵਾਬ ਸਾਹਬ ਆਪਣੀ ਅਮਾਨਤ ਅਸੀਂ ਚੱਲੇ ਆਪਣੇ ਜਥੇ ਵਿਚ।

—ਨਾ-ਨਾ ਪ੍ਰਾਹੁਣਾ ਘਰ ਆਏ ਤੇ ਖਾਲੀ ਚਲਿਆ ਜਾਏ। ਇਹ ਸ਼ਾਹੀ ਮਹਿਲ ਏ। ਇੰਨੀ ਬੇਰੁਖੀ।

ਮਹੱਲ ਉਤੋਂ ਆਵਾਜ਼ ਆਈ—ਨਜੀਬ ਇਹ ਤੇਰਾ ਭਰਾ ਏ। ਤੂੰ ਭਰਾਵਾਂ ਨੂੰ ਤਰਸਦਾ ਸੈਂ ਨਾ। ਇਹ ਤੇਰਾ ਹਕੀਕੀ ਭਰਾ ਏ। ਏਸੇ ਨੇ ਸਾਡੀ ਜਾਨ ਬਚਾਈ ਏ।

ਬੇਗਮ ਆ ਗਈ ਨੰਗੀਂ ਪੈਰੀਂ

—ਇਹ ਮਾਂ ਮੈਂ ਬਰਦਾਸ਼ਤ ਨਹੀਂ ਕਰ ਸਕਦਾ। ਜਾਹ ਪਹਿਲਾਂ ਜੁੱਤੀ ਪਾ ਕੇ ਆ। ਜੇ ਕੋਈ ਤੇਰਾ ਪੁੱਤ ਗੁਸਤਾਖ਼ੀ ਕਰੇ ਤੇ ਪੰਜ ਜੁੱਤੀਆਂ ਮਾਰ। ਤੂੰ ਮਾਂ ਏ, ਕੌਣ ਗ਼ਲਤੀ ਕਰਦਾ ਏ? ਹੁਕਮ ਦੇਹ?

ਬਾਂਦੀ ਜੁੱਤੀ ਲੈ ਆਈ,—ਪੁੱਤ ਅੱਜ ਤੂੰ ਮੇਰੀ ਲਾਜ ਰੱਖ ਲਈ ਏ। ਮੇਰਾ ਤੂੰ ਪੁੱਤ ਏਂ।

—ਨਜੀਬ ਪੈਰਾਂ ਤੇ ਸਿਰ ਰੱਖ। ਇਹੋ ਜਿਹੇ ਫਰਿਸ਼ਤੇ ਕਦੀ ਨਹੀ ਆਉਂਦੇ ਮਿਲਣ।

—ਭਰਾ ਜੀ ਬੰਦ ਕਰੋ ਇਹ ਲੁੱਟਮਾਰ, ਇਹ ਸਭ ਕੁਝ ਤੁਹਾਡਾ ਏ।

ਗਲੇ ਮਿਲ ਗਏ ਰਾਮ ਤੇ ਰਹੀਮ।

ਬੁੱਢੇ ਦਲ ਦੀਆਂ ਧੁੰਮਾਂ ਪੈ ਗਈਆਂ ਸਨ। ਗ੍ਰੰਥੀ ਗੁਰਬਾਣੀ ਪੜ੍ਹ ਰਿਹਾ ਸੀ।

—ਜਥੇਦਾਰ ਜੀ ਅੱਜ ਦੀ ਦਾਅਵਤ ਸਾਡੇ ਜ਼ਿੰਮੇਂ।

—ਨਹੀਂ, ਅੱਜ ਗੁਰੂ ਦੇ ਲੰਗਰ 'ਚ ਪ੍ਰਸ਼ਾਦ ਛਕਣ। ਬੇਗਮਾਂ, ਬੇਟੀਆਂ ਤੇ ਅੰਮਾ ਜਾਨ ਵੀ। ਆਉਣ ਪਰਦੇ ਤੋਂ ਬਗ਼ੈਰ। ਇਹ ਗੁਰ ਮਰਿਆਦਾ ਏ। ਬੰਦੇ ਦਾ ਬੰਦੇ ਕੋਲੋਂ ਕਾਹਦਾ ਪਰਦਾ।

ਲੰਗਰ ਛਕਾਇਆ ਖਾਲਸੇ ਨੇ ਸਾਰੇ ਮਹਿਲ ਨੂੰ। ਨਿਹੰਗਾਂ ਦੇ ਚਿਹਰੇ ਤੋਂ ਖੌਫ਼ ਆਉਂਦਾ ਸੀ। ਸ਼ਕਲ ਵਲੋਂ ਡਰਾਉਣੇ ਹਨ ਵੈਸੇ ਬਹੁਤ ਨੇਕ ਦਿਲ ਹਨ।

ਅੱਜ ਮਿਲਿਆ ਏ ਵਲੀ ਅੱਲਾ। ਅੱਜ ਰਹਿਮਤ ਹੋਈ ਏ। ਅੱਜ ਭਰਾ ਮਿਲੇ ਹਨ।

—ਭਰਾ ਤੁਸੀਂ ਸੱਚੇ ਤੇ ਮੈਂ ਝੂਠਾ। ਮੇਰੀਆਂ ਅੱਖਾਂ ਬੰਦ ਸਨ, ਪੱਟੀ ਬੱਧੀ ਹੋਈ ਸੀ ਮੇਰਿਆਂ ਦੀਦਿਆਂ ਤੇ। ਅਹਿਮਦ ਸ਼ਾਹ ਅਬਦਾਲੀ ਸਾਡੇ ਦੋਵਾਂ ਦਾ ਦੁਸ਼ਮਨ ਏ।

ਜਦ ਤਲਵਾਰ ਧੂਈ ਸਿੰਘਾਂ ਤਦ ਸ਼ਾਮਲੀ, ਕਾਬਲਾ, ਅੰਬਲੀ, ਮੀਰਪੁਰ, ਦਿਓਬੰਦ, ਮੁਜ਼ਫਰਨਗਰ, ਜਵਾਲਾਪੁਰ, ਕਨਖੜ੍ਹ, ਲੰਢੌਰਾ, ਨਜ਼ੀਬਾਬਾਦ ਆਪਣੀ ਰਾਖੀ 'ਚ ਲੈ ਲਏ।

ਲੰਗਰ ਛਕਣ ਨਾਲ ਨਜ਼ੀਬੁਲਦੌਲਾ ਦਾ ਹਿਰਦਾ ਪਵਿੱਤਰ ਹੋ ਗਿਆ।

ਗਿਆਰਾਂ ਲੱਖ ਰੁਪਈਆ ਨਜ਼ਰਾਨੇ ਵਾਸਤੇ।

—ਇਹ ਕੀ?

—ਨਜ਼ਰਾਨਾ ਛੋਟੇ ਭਰਾ ਵਲੋਂ।

—ਹਾਂ ਪੁੱਤ ਮੇਰੀਆਂ ਅਸੀਸਾਂ ਤੁਹਾਡੇ ਨਾਲ ਹਨ। ਲੈ-ਲੈ ਭਰਾ ਦਿੰਦੈ।

—ਚਾਹੀਦਾ ਤੇ ਨਹੀਂ ਕਿ ਨਜ਼ਰਾਨਾ ਲਵਾਂ, ਪਰ ਮਾਂ ਦੇਂਦੀ ਏ, ਇਹ ਅਸੀਸ ਏ।

—ਜਾਹ ਭਰਾ ਸਾਰਾ ਇਲਾਕਾ ਛੱਡਿਆ ਤੇ ਅਸੀਂ ਚੱਲੇ ਆਪਣੇ ਦੇਸ਼। ਸੰਭਾਲ ਤੇ ਖ਼ੁਦਾ ਦੀ ਖ਼ੁਦਾਈ ਤੇ ਰਹਿਮ ਕਰ। ਚਾਰ ਦਿਨ ਮਹਿਲ ਵਿਚ ਗੁਰੂ ਕਾ ਲੰਗਰ ਚੱਲਿਆ। ਬੇਗਮਾਂ ਵੀ ਨਿਹਾਲ ਹੋ ਗਈਆਂ ਤੇ ਅੰਮਾ ਜਾਨ ਵੀ। ਇਹੋ ਜਿਹਾ ਮਜ਼ਾ ਕਦੀ ਦਾਅਵਤਾਂ ਵਿਚ ਨਹੀਂ ਆਇਆ।

—ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।

ਬੇਗਮ ਅੰਮਾ ਜਾਨ ਨੇ ਗਲ ਤੋਂ ਹਾਰ ਲਾਹ ਕੇ ਦਿੱਤਾ,—ਪੁੱਤ ਇਹ ਮੇਰੀ ਨੂੰਹ ਦੇ ਗਲ ਪਾ ਦੇਵੀਂ। ਇਹ ਮੇਰੀ ਨਿਸ਼ਾਨੀ ਏ।

ਨਾ ਘੋੜੇ, ਨਾ ਗੱਡੇ ਤੇ ਨਾ ਨਗਾਰੇ ਈ ਨਜ਼ਰ ਆਏ। ਚੁੱਪ-ਚੁਪੀਤੇ ਸਿੰਘ ਆਏ ਸਨ ਤੇ ਚੁੱਪ-ਚੁਪੀਤੇ ਚਲੇ ਗਏ।

87

ਅਹੁ ਗਏ ਸੱਜਣ ਅਹੁ ਗਏ

—ਮੁਸਲਮਾਨ ਵੀ ਭਰਾ ਬਣ ਸਕਦੈ ?

—ਕਿਉਂ ਨਹੀਂ ਪਰ ਜੇ ਸੱਚਾ ਮੁਸਲਮਾਨ ਹੋਵੇ ਤੇ।

ਬਸ ਏਨੇ ਨਾਲ ਨਜ਼ੀਬੁਲਦੌਲਾ ਦੇ ਹੌਸਲੇ ਪਸਤ ਹੋ ਗਏ। ਜਵਾਹਰ ਸਿੰਘ ਭਰਤਪੁਰੀਆ ਝੰਡੇ ਬੁਲੰਦ ਕਰਦਾ ਢੋਲ-ਢਮੱਕਿਆਂ ਨਾਲ ਨਗਾਰੇ ਵਜਾਉਂਦਾ ਭਰਤਪੁਰ ਪੁੱਜਾ।

ਸੱਪ ਵੀ ਮਰ ਗਿਆ ਤੇ ਲਾਠੀ ਵੀ ਨਾ ਟੁੱਟੀ।

ਦਿਮਾਗ ਦੇ ਕਿਵਾੜ ਖੁਲ੍ਹ ਗਏ ਨਜ਼ੀਬੁਲਦੌਲਾ ਦੇ। ਸਿੰਘ ਬਹਾਦਰ ਹਨ, ਰਹਿਮ ਦਿਲ ਵੀ ਹਨ, ਭਰਾ ਹਨ। ਅਸੀਂ ਐਵੇਂ ਭੁੱਲੇ ਰਹੇ।

ਦੂਜੀ ਵਾਰ ਫੇਰ ਜਥੇਦਾਰ ਆਹਲੂਵਾਲੀਏ ਨੂੰ ਕੜਾਹ ਪ੍ਰਸ਼ਾਦ ਦੀ ਰਕਮ ਭੇਜੀ ਮਾਲਵੇ, ਨਜ਼ੀਬੁਲਦੌਲਾ ਨੇ।

—ਇਹ ਧਰਮ ਦੇ ਪੁਜਾਰੀ ਨੇ, ਇਹ ਗੁਰੂ ਕੇ ਲਾਲ, ਇਹ ਲਾਡਲੇ ਗੁਰੂ ਦੇ। ਜੇ ਇਹ ਆਪਣੇ ਵਤਨ ਵਾਸਤੇ ਮਰਦੇ ਹਨ, ਲੜਦੇ ਹਨ ਤੇ ਇਹ ਇਨ੍ਹਾਂ ਦਾ ਹੱਕ ਬਣਦਾ ਏ।

—ਅਸੀਂ ਤੇ ਸਾਰੇ ਝੂਠੇ ਹਾਂ, ਜਿਹੜੇ ਅਹਿਮਦ ਸ਼ਾਹ ਅਬਦਾਲੀ ਦਾ ਸਾਥ ਦੇਂਦੇ ਹਾਂ। ਓਸ ਦਿੱਲੀ ਵੀ ਲੁਟੀ ਸਾਨੂੰ ਵੀ ਲੁੱਟਿਆ ਤੇ ਜਾਂਦਾ ਠੁੱਠ ਵਿਖਾ ਗਿਆ।

—ਮੈਂ ਆ ਰਿਹਾ ਹਾਂ, ਮੈਂ ਤੈਨੂੰ ਦਿੱਲੀ ਦੇ ਤਖ਼ਤ ਤੇ ਬਿਠਾਵਾਂਗਾ।

ਉਹਦੇ ਲਾਰੇ ਤੇ ਵਿਆਹੇ ਵੀ ਰਹੇ ਕੁਆਰੇ।

ਨਾਨੀ ਨੇ ਖ਼ਸਮ ਕੀਤਾ ਸੱਚ, ਨਾਨੀ ਨੇ ਖੂਹ ਲਵਾਇਆ ਝੂਠ।

ਆਖਦੇ ਹਨ ਲੋਕ ਕਿ ਨਜ਼ੀਬੁਲਦੌਲਾ ਦੀ ਦੁਨੀਆਂ ਈ ਬਦਲ ਗਈ। ਅੱਲਾ-ਅੱਲਾ ਜਪਦਾ ਫਿਰੇ।

ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ। ਬੱਚੂ ਭਰਾ ਮਰਵਾ ਕੇ ਦਿੱਲੀ ਦਾ ਤਖ਼ਤ

ਲੈਣਾ ਈ ? ਨਾਮੁਮਕਿਨ। ਕਦੀ ਸੁਪਨੇ ਵਿਚ ਵੀ ਨਾ ਸੋਚੀਂ। ਉਹ ਲੁਟੇਰਾ ਏ, ਉਹਨੂੰ ਦੌਲਤ ਚਾਹੀਦੀ ਏ, ਹਮਦਰਦੀ ਨਹੀਂ।

ਭਰਤਪੁਰੀਏ ਨੂੰ ਸੁਨੇਹਾ ਭੇਜਿਆ, ਆਪਣਾ ਇਲਾਕਾ ਸੰਭਾਲੋ। ਮੈਂ ਖਾਲੀ ਕਰਨ ਦਾ ਹੁਕਮ ਦੇ ਦਿੱਤੈ। ਮੇਰੇ ਸੂਬੇਦਾਰ ਤੁਹਾਡੀ ਅਰਦਲ 'ਚ ਰਹਿਣਗੇ। ਜੇ ਰੱਖਣੇ ਹਨ ਤੇ ਰੱਖੋ ਵਰਨਾ ਇਹ ਵੀ ਜ਼ਰੂਰੀ ਨਹੀਂ।

—ਪਹਿਲਾਂ ਅਹਿਮਦ ਸ਼ਾਹ ਅਬਦਾਲੀ ਨੂੰ ਮਾਰੋ ਤੇ ਫੇਰ ਭਰਾ-ਭਰਾ ਲੜਾਂਗੇ।

ਜਵਾਹਰ ਸਿੰਘ ਭਰਤਪੁਰੀਏ ਨੇ ਨਜ਼ਰਾਨੇ ਦੇ ਤੌਰ ਤੇ ਬਹੁਤ ਗੱਫੇ ਭੇਜੇ ਨਜ਼ੀਬੁਲਦੌਲਾ ਨੂੰ। ਰੁਹੇਲੇ ਬੜੇ ਖ਼ੁਸ਼ ਸਨ।

ਚਲੋ ਰੋਜ਼-ਰੋਜ਼ ਦੀ ਲੜਾਈ ਚੰਗੀ ਨਹੀਂ।

ਭਰਾ-ਭਰਾ ਦਾ ਖ਼ੂਨ ਕਰੇ ਤੇ ਗੁਨਾਹ ਏ। ਇਹ ਸਭ ਕੁਝ ਨਜ਼ੀਬੁਲਦੌਲਾ ਦੀ ਮਾਂ ਦੀ ਕਰਾਮਾਤ ਸੀ।

ਬੁੱਢਾ ਦਲ ਆਇਆ ਵੀ ਤੇ ਖਾਲੀ ਹੱਥ ਗਿਆ ਸਿਰਫ਼ ਮੁਹੱਬਤ ਦਾ ਤੋਹਫਾ ਲੈ ਕੇ।

ਅਬਾਦੀ ਫੇਰ ਵਸਾਓ, ਫੇਰ ਮਹਿਲ ਦੀਆਂ ਬਾਰਾਂਦਰੀਆਂ ਵਿਚ ਰੰਗ-ਰੋਗਨ, ਫਿਰ ਸ਼ਾਦੀਆਂ, ਦਾਅਵਤਾਂ, ਲਖਨਊ ਦੇ ਨਵਾਬਾਂ ਨਾਲ ਪੁਰਾਣਾ ਯਰਾਨਾ।

—ਕਾਫਰਾਂ ਨਾਲ ਦੋਸਤੀ ਪਾਈ ਊ ਨਾ, ਆਖਣ ਲੱਗਾ ਇਕ ਨਵਾਬ ਲਖਨਊ ਦਾ।

—ਉਹ ਕਾਫਰ ਨਹੀਂ ਫਰਿਸ਼ਤੇ ਹਨ, ਮੇਰੀ ਅੰਮਾ ਜਾਨ ਤੋਂ ਪੁੱਛ ਲੈ।

—ਉਹ ਕੀ ਜਾਣੇ ਸਿਆਸਤ ਨੂੰ ?

ਮਾਂ ਉੱਤੋਂ ਆ ਗਈ,—ਬੇਟਾ ਮੇਰੀ ਬਹੂਰਾਣੀ ਲਈ ਇਹ ਤੋਹਫੇ ਭੇਜ ਤੇ ਅਰਜ਼ ਕਰ ਸਾਡੇ ਘਰ ਆਇਓ ਸਾਡਾ ਮਹਿਲ ਪਵਿੱਤਰ ਕਰਨ। ਮੇਰੀ ਵੱਡੀ ਨੂੰਹ, ਮੇਰੇ ਵਲੋਂ ਟਿੱਕਾ ਦੇਵੀਂ। ਜੱਸਾ ਸਿੰਘ ਆਹਲੂਵਾਲੀਆ ਨੂੰ ਮੇਰਾ ਪਿਆਰ ਆਖੀਂ। ਹੁਣ ਮੈਂ ਦੋ ਪੁੱਤਾ ਦੀ ਮਾਂ ਹਾਂ।

ਜੱਸਾ ਸਿੰਘ ਆਹਲੂਵਾਲੀਆ ਘੋੜੇ ਤੇ ਸਵਾਰ ਸੀ, ਜਥਾ ਜਾ ਰਿਹਾ ਸੀ ਸਭ ਕੁਝ ਜਿੱਤਿਆ ਛੱਡ ਕੇ।

—ਅੱਜ ਮੈਨੂੰ ਮੇਰੀ ਮਾਂ ਚੇਤੇ ਆ ਰਹੀ ਏ। ਮਾਂ ਨਾ ਤੇਰੇ ਭਾਗਾਂ ਵਿਚ ਕੁਝ ਸੀ ਤੇ ਨਾ ਮੇਰੇ ਭਾਗਾਂ ਵਿਚ। ਰੋਜ਼ ਜੰਗ, ਰੋਜ਼ ਲੜਾਈ, ਰੋਜ਼ ਕਤਲ। ਅਸੀਂ ਤੇ ਕਸਾਈ ਬਣ ਗਏ ਸਾਂ। ਕਦੀ ਨਾ ਪਿਆਰ ਦਾ ਨਿੱਘ ਵੇਖਿਆ ਤੇ ਨਾ ਈ ਪਿਆਰ ਦੀਆਂ ਗੱਲਾਂ ਕੀਤੀਆਂ। ਸਾਨੂੰ ਤਲਵਾਰਾਂ ਵਾਹੁਣ ਤੋਂ ਫੁਰਸਤ ਹੀ ਨਾ ਮਿਲੀ।

—ਮਾਵਾਂ ਠੰਢੀਆਂ ਛਾਵਾਂ, ਅੱਜ ਜ਼ਰਾ ਕੁ ਮਹਿਸੂਸ ਹੋਇਐ।

ਸਾਰੇ ਪੰਜਾਬ ਨੂੰ ਇਹ ਦੁਖਾਂਤ ਭੋਗਣਾ ਪਿਆ। ਹਰ ਵੇਲੇ ਸਿਰ ਤੇ ਕੂਕੇ ਜੰਗ। ਅਹਿਮਦ ਸ਼ਾਹ ਅਬਦਾਲੀ ਆ ਗਿਆ ਏ। ਏਸ ਬਹੁਕਰ ਦੇ ਕੇ ਘਰ ਹੂੰਝ ਲੈਣਾ ਏ। ਭਲਿਆ ਲੋਕਾ ਅਸੀਂ ਕੀ ਖਾਵਾਂਗੇ, ਤੇਰਾ ਸਿਰ। ਕੁਝ ਤੇ ਛੱਡ ਜਾ।

—ਇਹ ਭੁੱਖ, ਇਹ ਕਮਜ਼ੋਰ ਬੰਦੇ ਜਦ ਖ਼ੁਦਾ ਦੀ ਖ਼ੁਦਾਈ ਵਿਚ ਪੁਕਾਰ ਕਰਨਗੇ ਤਦ ਇਨ੍ਹਾਂ ਦੀ ਬਦਦੁਆ ਵੀ ਰੰਗ ਲਿਆਏਗੀ।

—ਅੱਜ ਬੜੇ ਦਿਨਾਂ ਤੋਂ ਬਾਅਦ ਅੰਮਾ ਜਾਨ ਦੇ ਮਹਿਲ ਅੱਗੇ ਪਹਿਰਾ ਦੇਣ ਦਾ ਮਜ਼ਾ ਆਇਆ ਏ। ਜ਼ਿਮੇਦਾਰੀ ਦੁਸ਼ਮਨ ਦੇ ਘਰ ਵਿਚ।

—ਚੰਗੇ ਲੋਕ ਹਨ ਪਰ ਸੋਹਬਤ ਭੈੜੀ 'ਚ ਬੈਠ ਗਏ।

—ਹਿੰਦੂ ਕਮਜ਼ੋਰ ਏ, ਸਿੱਖ ਜ਼ਾਲਮ ਏ। ਭਾਈ ਵਾਹ ਪਿਆ ਜਾਣੀਏ ਜਾਂ ਰਾਹ ਪਿਆ।

—ਗੁਰੂਆਂ ਦੀ ਬਾਣੀ ਵਿਚ ਸ਼ਕਤੀ ਏ। ਬੰਦਾ ਦੇਵਤਾ ਬਣ ਜਾਂਦੈ। ਜੱਸਾ ਸਿੰਹਾਂ ਕਦੀ ਤੇਰਾ ਕਰਜ਼ ਉਤਾਰਾਂਗੇ। ਤੇਰੇ ਅਹਿਸਾਨ ਦੇ ਬੋਝ 'ਚ ਦੱਬ ਗਏ ਹਾਂ। ਯਾਰ ਜੇ ਕਦੀ ਸਾਡੇ ਤੇ ਜਲਾਲ ਆਇਆ ਤਦ ਤੇਰੀ ਖ਼ਿਦਮਤ ਕਰਕੇ ਵਿਖਾਵਾਂਗੇ।

—ਰੀਝ ਨਹੀਂ ਲੱਥੀ। ਅੱਲਾ ਕਦੀ ਫੇਰ ਮੌਕਾ ਦੇ।

—ਰੁਹੇਲੇ ਵੀ ਖ਼ੂੰਖਾਰ ਹਨ, ਜ਼ਾਲਮ ਹਨ। ਇਹ ਸਿਰਫ ਅਹਿਮਦ ਸ਼ਾਹ ਅਬਦਾਲੀ ਨੇ ਦੱਸਿਆ। ਤੁਸੀਂ ਕਾਫਰਾਂ ਨੂੰ ਮਾਰੋ। ਇਹ ਸਵਾਬ ਏ।

—ਇਕ ਵਾਰ ਜੇ ਦਿੱਲੀ 'ਚ ਮੇਲ ਹੋ ਜਾਏ ਫੇਰ ਸ਼ਾਹੀ ਦਾਅਵਤ ਦਿੱਤੀ ਜਾਏ।

—ਹੁਣ ਤੂੰ ਸਾਡਾ ਜਿਗਰੀ ਯਾਰ ਬਣ ਗਿਆ ਏਂ।

—ਬੜੇ ਕਤਲ ਕੀਤੇ ਹਨ, ਘਰਾਂ ਦੇ ਘਰ ਉਜਾੜ ਦਿੱਤੇ ਹਨ ਇਸ, ਲੁਟੇਰੇ ਲਈ, ਸਾਨੂੰ ਕੀ ਮਿਲਿਆ ਬਦਨਾਮੀ!

—ਸਿਆਣੇ ਆਖਦੇ ਸਨ ਅਸਾਂ ਨਾ ਮੰਨੀ।

—ਸਿਆਣੇ ਦਾ ਆਖਿਆ ਤੇ ਔਲੇ ਦਾ ਖਾਧਾ ਪਿੱਛੋਂ ਪਤਾ ਲੱਗਦੈ।

88

ਦੋ ਬੇੜੀਆਂ ਤੇ ਪੈਰ

ਜਵਾਹਰ ਸਿੰਘ ਦੇ ਅੰਦਰ ਭਾਂਬੜ ਮੱਚ ਰਹੇ ਸਨ। ਉਹਦੀਆਂ ਅੱਖਾਂ ਸਾਹਮਣੇ ਉਹਦੇ ਪਿਤਾ ਰਾਜਾ ਸੂਰਜਮੱਲ ਦੀਆਂ ਬੋਟੀਆਂ-ਬੋਟੀਆਂ ਉਡਾ ਦਿੱਤੀਆਂ ਸਨ ਨਜ਼ੀਬੁਲਦੌਲਾ ਨੇ।

—ਤੇ ਆਖਿਆ ਸੀ ਬੱਚੂ ਜੇ ਮੁੜ ਕੇ ਕਦੀ ਵੀ ਦਿੱਲੀ ਵੱਲ ਨਜ਼ਰ ਕੀਤੀ ਤੇ ਅੱਖਾਂ ਕੱਢ ਲਾਵਾਂਗਾ। ਅਜੇ ਕੱਲ ਜੰਮੀਂ ਗਿੱਦੜੀ ਤੇ ਅੱਜ ਉਹਦਾ ਵਿਆਹ। ਜ਼ੁਮਾ-ਜ਼ੁਮਾ ਅੱਠ ਰੋਜ਼ ਹੋਏ ਇਸ ਰਿਆਸਤ ਨੂੰ ਬਣਾਇਆਂ। ਜੱਟਾਂ 'ਚ ਕੁਝ ਗੱਭਰੂ ਜੰਮ ਪਏ, ਦਲੇਰੀ ਵਿਰਸੇ 'ਚੋਂ ਮਿਲ ਗਈ ਤੇ ਉਨ੍ਹਾਂ ਤਲਵਾਰਾਂ ਫੜਨ ਦੀ ਜਾਚ ਸਿਖ ਲਈ। ਕੁਦਰਤ ਨੇ ਰਹਿਮਤ ਕੀਤੀ ਜੱਟਾਂ ਦਾ ਦਾਅ ਲੱਗ ਗਿਆ ਤੇ ਛੋਟੀ ਜਿਹੀ ਟੁਕੜੀ ਤੇ ਕਾਬਜ਼ ਹੋ ਗਏ। ਬਣ ਗਏ ਜੱਟਾਂ ਤੋਂ ਰਾਜੇ। ਇਥੇ ਤੇ ਸ਼ਾਹ ਆਲਮ ਦੂਜੇ ਨੂੰ ਕੋਈ ਨਹੀਂ ਪੁੱਛਦਾ ਤੇ ਤੂੰ ਕਿੱਧਰ ਦਾ ਪਾਣੀਹਾਰ ਏਂ?

ਸੂਰਜ ਮੱਲ ਨੇ ਏਸ ਇਲਾਕੇ ਵਿਚ ਜਾਗ੍ਰਿਤੀ ਪੈਦਾ ਕੀਤੀ ਤੇ ਕੁਝ ਹਮਦਰਦੀ ਮਿਲ ਗਏ। ਝੰਡੇ ਬੁਲੰਦ ਕੀਤੇ ਅੱਲਾ ਨੇ ਬਾਂਹ ਫੜ ਲਈ। ਤੁਸੀਂ ਆਪਣੀ ਔਕਾਤ ਵਿਚ ਰਵ੍ਹੋ। ਸਾਡੇ ਨਾਲ ਟੱਕਰ ਨਹੀਂ ਲੈਣੀ। ਅਸੀ ਤੈਨੂੰ ਛੇੜਦੇ ਨਹੀ।

ਅਹਿਲਕਾਰ ਨੇ ਇਕ ਫੂਕ ਏਧਰ ਵੀ ਮਾਰ ਦਿੱਤੀ।

—ਇਹ ਤੇ ਘੜੇ ਦੀ ਮੱਛੀ ਹਨ। ਚਾਰ ਦਿਨ ਇਨ੍ਹਾਂ ਨੂੰ ਵੀ ਮੌਜ ਲੈਣ ਦਿਓ।

—ਹਜ਼ੂਰ ਇਹ ਖੁੱਡੇ ਵਿਚ ਤੜੇ ਕੁੱਕੜ ਬਾਂਗਾਂ ਦੇਣ ਲੱਗ ਪਏ ਹਨ।

—ਉਮਰ ਥੋੜ੍ਹੀ ਏ। ਕੁੱਤੇ ਦੀ ਮੌਤ ਆਉਂਦੀ ਏ ਤੇ ਮਸੀਤੀਂ ਚੜ੍ਹ ਕੇ ਮੂਤਦਾ ਏ।

—ਅਜੇ ਅਸਾਂ ਏਧਰ ਝਾਤੀ ਨਹੀਂ ਮਾਰੀ। ਜ਼ਰਾ ਕੁ ਐਵੇਂ ਸਵਾਦ ਵਿਖਾਇਆ ਸੀ ਤੇ ਝਟਕੇ ਵਿਚ ਈ ਰਾਜਾ ਸੂਰਜ ਮੱਲ ਜ਼ਮੀਨ ਤੇ ਤੜਫਦਾ-ਤੜਫਦਾ ਪ੍ਰਾਣ ਦੇ ਗਿਆ।

—ਬੁੱਢੇ ਦਲ ਦਾ ਸਾਥ ਏ ਹੁਣ ਤੇ ਭਾਵੇਂ ਦਿੱਲੀ ਲੁੱਟ ਲਵੇ।

—ਅਹਿਮਦ ਸ਼ਾਹ ਅਬਦਾਲੀ ਆ ਰਿਹੈ। ਬੁੱਢਾ ਦਲ ਪਹਿਲਾਂ ਅਬਦਾਲੀ ਨੂੰ ਵੇਖੂ ਜਾਂ ਭਰਤਪੁਰ ਨੂੰ।

—ਉਸ ਮਰਹੱਟਿਆਂ ਨਾਲ ਗੰਢ-ਤੁਪ ਕਰ ਲਈ। ਮਲਹਾਰ ਰਾਓ ਹੁਲਕਰ ਨਾਲ ਦਸਤਪੰਜਾ ਲੈ ਲਿਆ। ਪਰ ਜਵਾਹਰ ਸਿੰਘ ਦਾ ਦਿਲ ਸ਼ਾਹਦੀ ਨਹੀਂ ਸੀ ਭਰਦਾ। ਉਸ ਸੁਣਿਆ ਹੋਇਆ ਸੀ ਕਿ ਹੁਲਕਰ ਕੱਚੀ ਜ਼ਬਾਨ ਦਾ ਬੰਦਾ ਏ। ਵੇਲੇ ਸਿਰ ਧੋਖਾ ਦੇ ਜਾਏਗਾ। ਜਿੰਨੀ ਰਕਮ ਮੰਗੀ ਓਨੀਂ ਮੰਨ ਲਈ। ਫ਼ੌਜਾਂ ਵੀ ਆਈਆਂ ਲੰਗਰ ਦਾ ਖਰਚ ਵੀ ਮੰਨ ਲਿਆ ਮਰਹੱਟਿਆਂ ਦਾ। ਇਨ੍ਹਾਂ ਦੀ ਹਰ ਗੱਲ ਵੱਖਰੀ ਸੀ। ਮਰਹੱਟੇ ਤੇ ਜੱਟ ਇਕੱਠੇ ਨਹੀਂ ਸਨ ਬਹਿੰਦੇ। ਦੋਵੇਂ ਸ਼ਰਾਬੀ ਸ਼ਰਾਬ ਤੇ ਚਾਅ-ਚਾਅ 'ਚ ਪੀ ਲੈਂਦੇ ਤੇ ਮਗਰੋਂ ਲੜਦੇ। ਇਹ ਕੌਮ ਖ਼ਤਰਨਾਕ ਸੀ। ਉਖਲੀ 'ਚ ਸਿਰ ਦੇ ਦਿੱਤਾ ਤੇ ਫੇਰ ਮੋਹਲਿਆਂ ਤੋਂ ਕੀ ਡਰ। ਜਵਾਹਰ ਸਿੰਘ ਨੂੰ ਜਾਪਦਾ ਸੀ ਤੇ ਕੁਝ ਆਸਾਰ ਵੀ ਨਜ਼ਰ ਆਉਂਦੇ ਸਨ। ਮਲਹਾਰ ਰਾਓ ਹੁਲਕਰ ਵਕਤ ਸਿਰ ਧੋਖਾ ਦੇ ਜਾਏਗਾ। ਮੁਕਾਬਲਾ ਦਿੱਲੀ ਸਰਕਾਰ ਤੇ ਨਜ਼ੀਬੁਲਦੌਲਾ ਨਾਲ ਸੀ।

ਰੁਹੇਲੇ ਫ਼ੌਜੀ ਮੂੰਹ-ਜ਼ੋਰ ਹੋ ਚੁੱਕੇ ਸਨ ਤੇ ਨਜ਼ੀਬੁਲਦੌਲਾ ਨਜ਼ੀਬਾਬਾਦ ਵਿਚ ਆਪਣੇ ਮਹਿਲ ਦੀ ਬੁਥੀ ਸਵਾਰ ਰਿਹਾ ਸੀ।

ਜਵਾਹਰ ਸਿੰਘ ਦੀ ਕੜਿੱਕੀ 'ਚ ਫਸੀ ਜਾਨ ਇਹ ਵੇਖ ਰਹੀ ਸੀ। ਐਵੇਂ ਕਿਸੇ ਦੀ ਸ਼ਹਿ ਤੇ ਮੁੱਛਾਂ ਮੁਨਵਾ ਲਈਆਂ ਨੇ।

ਏਧਰ ਇਹ ਅਫ਼ਵਾਹ ਆਮ ਫੈਲ ਗਈ ਸੀ ਕਿ ਅਹਿਮਦ ਸ਼ਾਹ ਅਬਦਾਲੀ ਐਵੇਂ ਲੁੱਟਣ ਆ ਰਿਹੈ। ਉਹਦੇ ਘੋੜੇ ਅਜੇ ਜੇਹਲਮ ਤਕ ਨਹੀਂ ਪੁੱਜੇ।

ਫ਼ੌਜਾਂ ਭਿੜ ਗਈਆਂ। ਰੁਹੇਲੇ ਬਿਨਾਂ ਸਰਦਾਰ ਦੇ ਈ ਲੜ ਰਹੇ ਸਨ। ਮੁਕਾਬਲਾ ਪੈਰ-ਪੈਰ ਤੇ ਸਖ਼ਤ ਹੁੰਦਾ ਜਾ ਰਿਹਾ ਸੀ। ਰੱਬ ਨੇ ਬਾਂਹ ਫੜੀ ਜੱਟ ਲਲਾ-ਲਲਾ ਕਰਦੇ ਸ਼ਾਹੀ ਫ਼ੌਜ ਤੇ ਜਾ ਚੜ੍ਹੇ। ਫ਼ੌਜ ਤੇ ਨੱਸ ਗਈ ਮਲਹਾਰ ਰਾਓ ਹੁਲਕਰ ਖੜ੍ਹਾ ਤਮਾਸ਼ਾ ਵੇਖਦਾ ਰਿਹਾ ਹੱਸਦਾ। ਮਾਂਗਵੀਂ ਧਾੜ ਵੀ ਨੱਸ ਗਈ।

ਆਪਣੀ ਹਿੰਮਤ ਤੇ ਹੌਸਲੇ ਨਾਲ ਜਵਾਹਰ ਸਿੰਘ ਭਰਤਪੁਰ ਪੁੱਜਾ। ਮਰਹੱਟਿਆਂ ਨੇ ਤੇ ਨਾ ਪੱਟੀਆਂ ਈ ਕਰਵਾਈਆਂ ਤੇ ਨਾ ਸੁੱਖ-ਸਾਂਦ ਈ ਪੁੱਛੀ।

—ਕੋਈ ਲੜਾਈ ਹੁੰਦੀ, ਕੋਈ ਮੈਦਾਨ ਪੈਂਦਾ ਤੇ ਅੱਗੇ ਵਧ ਕੇ ਲੜਨ ਨੂੰ ਜੀਅ ਕਰਦਾ। ਇਹ ਤੇ ਬੱਚਿਆਂ ਦੀ ਖੇਡ ਸੀ।

—ਏਸ ਲੜਾਈ 'ਚ ਕੁੱਦਣਾ ਮੇਰੀ ਸ਼ਾਨ ਨੂੰ ਵੱਟਾ ਲੱਗਦਾ ਸੀ। ਲੋਕ ਕੀ ਆਖਣਗੇ ਮਦਾਰੀਆਂ ਦੇ ਤਮਾਸ਼ੇ 'ਚ ਮਲਹਾਰ ਰਾਓ ਹੁਲਕਰ ਆ ਗਿਐ।

—ਮੁਬਾਰਕ ਹੋ ਜਵਾਹਰ ਸਿੰਘ ਜਾਨ ਬਚੀ ਲਾਖੋਂ ਪਾਏ। ਜਿੱਤ ਮੁਬਾਰਕ।

—ਕਾਹਦੀ ਜਿੱਤ? ਮਰਦਾਂ ਨਾਲ ਗਏ ਸਾਂ, ਪਰ ਮਰਦ ਹੀਜੜੇ ਨਿਕਲੇ। ਚੰਗਾ

ਰਾਮ-ਰਾਮ। ਜਵਾਹਰ ਸਿੰਘ ਭਰਤਪੁਰ ਆ ਗਿਆ ਤੇ ਮਰਹੱਟੇ ਪਤਾ ਨਹੀਂ ਕਿਹੜੀ ਖੁੱਡ 'ਚ ਜਾ ਲੁਕੇ।

ਨਜ਼ੀਬੁਲਦੌਲਾ ਨੂੰ ਪਤਾ ਲੱਗਾ ਤੇ ਬਹੁਤ ਦੁਖੀ ਹੋਇਆ। ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ?

ਬੂਥੀ ਭੁਆ ਕੇ ਆ ਗਏ ਰੁਹੇਲੇ। ਦਿੱਲੀ ਸਰਕਾਰ ਵੀ ਸ਼ੀਸ਼ਿਆਂ ਵਿਚੋਂ ਮੂੰਹ ਵੇਖਦੀ ਰਹਿ ਗਈ। ਜਵਾਹਰ ਸਿੰਘ ਨੇ ਦੰਦਾਂ ਥੱਲੇ ਜੀਭ ਰੱਖੀ ਤੇ ਆਖਿਆ, ਚਲੋ ਜਿੱਥੇ ਗਈਆਂ ਬੇੜੀਆਂ ਉਥੇ ਗਏ ਮਲਾਹ।

ਘਰੋਂ ਘਰ ਗਵਾਇਆ ਤੇ ਬਾਹਰੋਂ ਭੜੂਆ ਅਖਵਾਇਆ।

ਜਿੰਨੀ ਰਕਮ ਸੀ ਦੇ ਕੇ ਗਲੋਂ ਬਲਾ ਲਾਹੀ। ਮਲਹਾਰ ਰਾਓ ਲਾਲਚੀ ਸੀ, ਟਕੇ ਗਿਣ ਕੇ ਲੈ ਗਿਆ। ਫ਼ੌਜ ਪਹਿਲਾਂ ਈ ਪੱਤਰਾ ਵਾਚ ਗਈ ਸੀ।

—ਜਦ ਲੋੜ ਪਈ ਫੇਰ ਸੱਦ ਲੈਣਾ। ਤੁਹਾਡਾ ਪਿਓ ਫੇਰ ਆ ਰਿਹੈ।

ਮਰਹੱਟਿਆਂ ਨੇ ਤੇ ਗੱਲ ਈ ਗਾਲ ਸੁੱਟੀ ਸੀ। ਅਹਿਮਦ ਸ਼ਾਹ ਅਬਦਾਲੀ ਦਾ ਨਾਂ ਸੁਣ ਕੇ ਲੱਤਾਂ ਕੰਬਦੀਆਂ।

—ਜਾਓ ਸਰਕਾਰ ਪੂਨੇ ਤੁਹਾਡੀਆਂ ਸਵਾਣੀਆਂ ਤੇਲ ਚੋਣ ਨੂੰ ਖੜ੍ਹੀਆਂ ਇੰਤਜ਼ਾਰ ਕਰ ਰਹੀਆਂ ਨੇ।

—ਜਵਾਹਰ ਸਿੰਹਾਂ ਅਸਾਂ ਈ ਤੇਰੀ ਮਦਦ ਕਰਨੀ ਏ।

ਪੁਰਾਣੇ ਯਾਰਾਂ ਨੂੰ ਫੇਰ ਸੱਦਾ ਭੇਜਿਆ, ਬੁੱਢੇ ਦਲ ਦੇ ਜਥੇਦਾਰ ਨੂੰ। ਉਹ ਵਿਚਾਰੇ ਭੋਲੇ-ਭਾਲੇ, ਉਨ੍ਹਾਂ ਫੇਰ ਹਾਂ ਕਰ ਦਿੱਤੀ। ਬਹਾੜੀ ਘਾਟ ਤੋਂ ਦਰਿਆ ਟੱਪੇ ਤੇ ਜਵਾਹਰ ਸਿੰਘ ਜਮੁਨਾ ਪਾਰ ਕਰਕੇ ਆਣ ਮਿਲਿਆ। ਖ਼ਾਲਸਾ ਦਲ ਬਹੁਤ ਖੁਸ਼ ਹੋਇਆ।

ਜਵਾਹਰ ਸਿੰਘ ਨੇ ਹੱਥ ਜੋੜੇ ਤੇ ਆਖਣ ਲੱਗਾ, ਮੈਨੂੰ ਵੀ ਸਿੰਘ ਸਜਾ ਲਵੋ।

ਗੁਰੂ ਦਾ ਦਰ ਹਰ ਪ੍ਰਾਣੀ ਲਈ ਖੁੱਲ੍ਹੈ। ਏਥੇ ਫਰੇਬ, ਧੋਖਾ ਨਹੀਂ ਚੱਲਣਾ। ਦਿਲ ਸਾਫ ਕਰਕੇ ਆਓ, ਨੀਯਤ ਸੁੱਚੀ ਅਸੀਂ ਤੁਹਾਨੂੰ ਗਲ ਨਾਲ ਲਾਵਾਂਗੇ।

—ਮੇਰੇ ਨਾਲ ਪੰਦਰਾਂ ਹਜ਼ਾਰ ਸਵਾਰਾਂ ਦੀ ਨਫਰੀ ਏ। ਦਿੱਲੀ ਦੀ ਫ਼ੌਜ ਨੂੰ ਮੈਂ ਕੱਲਾ ਈ ਖਾ ਜਾਵਾਂਗਾ।

—ਫੇਰ ਰੁਹੇਲਿਆਂ ਨਾਲ ਕੌਣ ਸਿੱਝੇਗਾ।

ਨਜ਼ੀਬੁਲਦੌਲਾ ਫ਼ੌਜ ਦੀ ਕਮਾਨ ਕਰ ਰਿਹਾ ਸੀ।

ਨਹੀਂ ਉਹ ਤੇ ਆਪਣੇ ਢੱਠੇ ਮਕਾਨਾਂ ਦੀ ਮੁਰੰਮਤ ਕਰਵਾ ਰਿਹਾ ਏ।

—ਊਠਨੀ ਸਵਾਰ ਭੇਜੋ ਨਜ਼ੀਬੁਲਦੌਲਾ ਵੱਲ ਤੇ ਆਖੋ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਯਾਦ ਕੀਤਾ ਏ। ਅੱਜ ਭਰਤਪੁਰ ਤੇ ਮੁਸੀਬਤ ਦੇ ਪਹਾੜ ਟੁੱਟੇ ਹਨ। ਆ ਮਿਲਣ ਨੂੰ ਜੀਅ ਕਰਦਾ ਏ। ਮੂੰਹ ਜ਼ੋਰ ਰੁਹੇਲੇ ਐਵੇਂ ਬੜ੍ਹਕਾਂ ਮਾਰ ਰਹੇ ਸਨ।

—ਝੰਡੇ ਕੱਢੋ, ਢੋਲ ਵਜਾਓ, ਨਗਾਰੇ ਵੱਜਣ, ਆਖੋ ਬੁੱਢਾ ਦਲ ਦਾ ਜਥੇਦਾਰ ਦਿੱਲੀ ਦੇ ਦੀਦਾਰ ਕਰਨ ਆ ਰਿਹੈ। ਬਸ ਫੇਰ ਗੁਰਾਂ ਦਾ ਕਰਿਸ਼ਮਾ ਦੇਖੋ।

ਨਜ਼ੀਬੁਲਦੌਲਾ ਆਪ ਤੇ ਨਾ ਆਇਆ। ਊਠਨੀ ਸਵਾਰ ਹਾਜ਼ਰ ਹੋਇਆ ਤੇ ਬੋਲਿਆ—ਮੈਂ ਫ਼ੌਜ ਦੀ ਕਮਾਨ ਨਹੀਂ ਕਰ ਰਿਹਾ। ਮੈਂ ਫ਼ੌਜ ਦੇ ਨਾਲ ਨਹੀਂ ਆਵਾਂਗਾ, ਮੈਂ ਹਜ਼ੂਰ ਦੇ ਇਕੱਲੇ ਦਰਸ਼ਨ ਕਰਾਂਗਾ। ਦਿੱਲੀ 'ਚ ਟਾਕਰੇ ਹੋਣਗੇ।

ਖੁਰਕ ਦਿੱਲੀ ਵਾਲੇ ਨੂੰ ਵੀ ਹੋ ਰਹੀ ਸੀ ਤੇ ਮੇਰੇ ਬਾਗ਼ੀ ਸਰਦਾਰ ਵੀ ਬੁਰਕ ਮਾਰ ਰਹੇ ਹਨ, ਮੂਰਖ ਹਨ।

—ਬਿਨਾਂ ਸਰਦਾਰ ਦੇ ਫ਼ੌਜਾਂ ਨਹੀਂ ਲੜਦੀਆਂ, ਹਾਰ ਖਾ ਜਾਂਦੀਆਂ ਨੇ।

—ਤੁਸੀਂ ਇਕ ਵਾਰ ਪੱਲਾ ਫੇਰ ਦਿਓ ਆਪੇ ਨੱਸ ਜਾਣਗੇ। ਭਰਿਆ ਮੇਲਾ ਉਜੜ ਜਾਏਗਾ। ਵਾਹਿਗੁਰੂ ਤੁਹਾਨੂੰ ਫਤਿਹ ਨਸੀਬ ਕਰੇ। ਮੈਂ ਖ਼ੁਦਾ ਦੀ ਬਾਰਗਾਹ ਵਿਚ ਦੁਆ ਕਰ ਰਿਹਾ ਹਾਂ। ਦਿੱਲੀ ਜ਼ਰੂਰ ਆਵਾਂਗਾ, ਜ਼ਰੂਰ ਮਿਲਾਂਗਾ ਪਰ ਵਕਤ ਘੱਟ ਏ। ਸੁਣਿਆ ਏ ਕਿ ਅਹਿਮਦ ਸ਼ਾਹ ਅਬਦਾਲੀ ਜੇਹਲਮ ਪੁੱਜਣ ਵਾਲਾ ਏ।

—ਤਦ ਅਸਾਂ ਵੀ ਦਰਸ਼ਨ ਮੇਲੇ ਕਰਨ ਜਾਣਾ ਏ। ਮੈਂ ਰਾਜਾ ਭਰਤਪੁਰ ਦਾ ਮਹਿਮਾਨ ਹਾਂ। ਪਹਿਲਾਂ ਅਹਿਮਦ ਸ਼ਾਹ ਅਬਦਾਲੀ ਤੇ ਫੇਰ ਮੁਗ਼ਲਾਂ ਨਾਲ ਦਸਤਪੰਜਾ ਲਾਵਾਂਗੇ। ਰੁਹੇਲਿਆਂ ਦੇ ਤੇ ਅਸੀਂ ਹੁਣ ਪ੍ਰਾਹੁਣੇ ਹਾਂ, ਦਾਅਵਤ ਖਾਣ ਆਵਾਂਗੇ। ਤਲਵਾਰਾਂ ਕਿੱਲੀਆਂ ਨਾਲ ਟੰਗ ਕੇ।

—ਰੁਹੇਲੇ ਕਿਸੇ ਦੇ ਮਿੱਤ ਨਹੀਂ।

—ਪ੍ਰਵਾਹ ਨਹੀਂ, ਅਸੀਂ ਵੀ ਕਿਸੇ ਦੇ ਮਿੱਤ ਨਹੀਂ। ਅਸੀਂ ਯਾਰਾਂ ਦੇ ਯਾਰ ਹਾਂ ਤੇ ਦੁਸ਼ਮਨ ਲਈ ਮੌਤ ਦੇ ਫਰਿਸ਼ਤੇ ਹਾਂ।

ਜ਼ਰਾ ਟਾਕਰਾ ਹੋਇਆ। ਬੰਦੇ ਬਹੁਤੇ ਨਹੀਂ ਸਨ ਮਰੇ। ਐਵੇਂ ਤਮਾਸ਼ਾ ਜਿਹਾ ਹੋਇਆ। ਮੁਗ਼ਲਾਂ ਨੂੰ ਜਦ ਪਤਾ ਲੱਗਾ ਕਿ ਬੁੱਢਾ ਦਲ ਆ ਗਿਆ ਏ ਤੇ ਉਹ ਆਪਣੇ ਹਰਮਾਂ ਵਿਚ ਜਾ ਲੁਕੇ ਤੇ ਜ਼ਨਾਨੀਆਂ ਦੇ ਘੱਗਰੇ ਪਾ ਲਏ।

ਜਵਾਹਰ ਸਿੰਘ ਅਜੇ ਖੜ੍ਹਾ ਤਮਾਸ਼ਾ ਵੇਖ ਈ ਰਿਹਾ ਸੀ। ਰਾਸ ਪੈਣ ਵਾਲੀ ਸੀ।

ਭੱਜ ਗਏ ਜਿਹੜੇ ਕਹਿੰਦੇ ਸਨ ਨਾਲ ਮਰਾਂਗੇ।

ਜਵਾਹਰ ਸਿੰਘ ਨੇ ਜੱਸਾ ਸਿੰਘ ਨੂੰ ਹੱਥ ਜੋੜ ਕੇ ਅਰਜ਼ ਕੀਤੀ—ਮੈਨੂੰ ਵੀ ਗੁਰੂ ਦਾ ਸਿੱਖ ਬਣਾ ਲਵੋ।

ਸਾਰੇ ਪੰਥ ਨੇ ਇਜਾਜ਼ਤ ਦੇ ਦਿੱਤੀ। ਚਲੋ ਇਕ ਹੋਰ ਵਾਧਾ ਹੋਇਆ। ਇਹ ਸਾਰੇ ਜੱਟ ਸਿੰਘਾਂ ਦੀ ਪਊਨ ਛਕਣਗੇ। ਗੁਰੂ ਇਨ੍ਹਾਂ ਤੇ ਆਪਣਾ ਮਿਹਰ ਭਰਿਆ ਹੱਥ ਰੱਖੇ।

—ਚੰਗਾ ਮਹਾਰਾਜ ਕਲ੍ਹ ਸਵੇਰੇ ਕੁੱਕੜ ਬੋਲਣ ਤੋਂ ਪਹਿਲਾਂ ਸਰਘੀ ਵੇਲੇ ਜਦ ਖ਼ਲਕਤ ਸੁੱਤੀ ਹੋਵੇ, ਜਦ ਆਸਾ ਦੀ ਵਾਰ ਲੱਗੀ ਹੋਵੇ, ਦਿਲ ਮਜ਼ਬੂਤ ਕਰਕੇ ਆਉਣ ਭੁਜੰਗੀ। ਸਿੰਘ ਸਜਾਵਾਂਗੇ। ਇਹ ਲੋਹੇ ਦੇ ਚਨੇ ਚਬਾਉਣ ਵਾਲੀ ਗੱਲ ਏ।

ਸਿੰਘ ਸਜ ਗਏ ਭਰਤਪੁਰੀਏ।

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।

89

ਦੁਮਾਲੇ

ਰਾਜੇ ਜਵਾਹਰ ਸਿੰਘ ਨੇ ਖ਼ਾਹਿਸ਼ ਪ੍ਰਗਟ ਕੀਤੀ—ਜਥੇਦਾਰ ਜੀ ਮੈਨੂੰ ਸਿੰਘ ਸਜਾ ਲਵੋ ਜਾਂ ਮੇਰੇ ਪੁੱਤ ਨੂੰ।

—ਜਾਨ ਤਲੀ ਤੇ ਰੱਖਣੀ ਪੈਂਦੀ ਏ, ਸਿਰ ਕਟਵਾਉਣਾ ਪੈਂਦਾ ਏ। ਜੇ ਜ਼ਰੂਰਤ ਪਵੇ ਤੇ ਸ਼ਹਾਦਤ ਵੀ ਦੇਣੀ ਪੈਂਦੀ ਏ!

—ਰਾਜਾ ਜੀ ਦੋ ਪੁੱਤ ਹੋਣ ਤੇ ਇਕ ਪੁੱਤ ਨੂੰ ਸਿੰਘ ਬਣਾਉਣਾ।

—ਬੜਾ ਅਨੰਦ ਏ ਤੇ ਦੁੱਖ ਵੀ ਬੜੇ ਹਨ। ਛੋਟਾ ਪੁੱਤ ਰਾਜਾ ਤੇ ਵੱਡਾ ਫਕੀਰ। ਮਨਜ਼ੂਰ ਏ, ਸਿੱਖੀ ਐਵੇਂ ਨਹੀਂ ਮਿਲਦੀ।

ਨਿਹੰਗ ਪਾਤਸ਼ਾਹ ਆ ਗਏ ਭੁਚੰਗੀ ਸਿੰਘ ਸਜਣ ਲੱਗਾ।

ਭੁਚੰਗੀ ਨਹੀਂ ਰਾਜਾ ਭਰਤਪੁਰ ਵਾਲਾ। ਲੋਕਾਂ ਨੇ ਆਖਣੈ ਕਿ ਅੰਮ੍ਰਿਤ ਰਾਜੇ ਨੇ ਛਕਿਆ। ਪੁੱਤਾਂ ਦਾ ਕਿਸੇ ਨੇ ਜ਼ਿਕਰ ਨਹੀਂ ਕਰਨਾ।

—ਰਹਿਤ ਵਿਚ ਰਹਿਣਾ ਪਏਗਾ। ਹੁੱਕਾ, ਤੰਬਾਕੂ ਨੂੰ ਤਿਆਗਣਾ, ਤੁਰਕਨੀ ਨਾਲ ਯੁੱਧ ਨਹੀਂ ਕਰਨਾ, ਹਲਾਲ ਕੁੱਠਾ ਨਹੀਂ ਖਾਣਾ। ਕੇਸ ਤੇ ਦਾੜ੍ਹੀ ਨਹੀਂ ਕਟਾਉਣੀ।

—ਸਿੱਖੀ ਦੂਰ ਵੀ ਬੜੀ ਏ ਤੇ ਆਨੰਦ ਵੀ ਬੜਾ ਏ।

ਜਥੇਦਾਰ ਨੇ ਅੰਮ੍ਰਿਤ ਤਿਆਰ ਕਰਵਾਇਆ ਤੇ ਨਾਲ ਹੋਰ ਸਾਥੀ ਵੀ ਤਿਆਰ ਹੋ ਗਏ।

ਅੰਮ੍ਰਿਤ ਛਕਾ ਦਿੱਤਾ ਰਾਜੇ ਜਵਾਹਰ ਸਿੰਘ ਦੇ ਮੁੰਡੇ ਨੂੰ। ਮਰਿਆਦਾ ਵਿਚ ਆਉਣ ਲਈ ਬੜਾ ਦੁਖੀ ਹੋਇਆ ਚਾਰ ਦਿਨ। ਫੇਰ ਆਦਤ ਪੈ ਗਈ ਹੌਲੀ-ਹੌਲੀ। ਪੂਰਨ ਸਿੰਘ ਸਜ ਗਿਆ।

—ਕਾਕਾ ਲੈ ਬਈ ਅੱਜ ਤੋਂ ਤੇਰਾ ਘਰ ਸਿੰਘਾਂ ਦਾ ਘਰ ਬਣ ਗਿਆ।

ਇਧਰ ਨਜੀਬੁਲਦੌਲਾ ਦੀ ਜਾਨ ਬੜੀ ਕੁੜਿੱਕੀ 'ਚ ਆ ਗਈ।

ਜੱਸਾ ਸਿੰਘ ਆਹਲੂਵਾਲੀਏ ਨੂੰ ਇਕ ਪਾਸੇ ਭਰਾ ਬਣਾ ਲਿਆ ਤੇ ਦੂਜੇ ਪਾਸੇ ਯਰਾਨਾ ਅਹਿਮਦ ਸ਼ਾਹ ਅਬਦਾਲੀ ਨਾਲ ਉਸਨੂੰ ਉਹ ਯਕਦਮ ਛੱਡ ਨਹੀਂ ਸੀ ਸਕਦਾ। ਦੋ ਬੇੜੀਆਂ 'ਚ ਪੈਰ ਹਨ।

ਅਹਿਮਦ ਸ਼ਾਹ ਅਬਦਾਲੀ ਦੇ ਉਠਨੀ ਸਵਾਰ ਆ ਗਏ ਤੇ ਨਾਲ ਹੁਕਮਨਾਮਾ। ਲਿਖਿਆ ਹੋਇਆ ਸੀ ਕਿ ਅਸੀਂ ਜਲਦੀ ਤੋਂ ਜਲਦੀ ਆ ਰਹੇ ਹਾਂ। ਏਸ ਵੇਲੇ ਮੇਰਾ ਨਿਸ਼ਾਨਾ ਸਿਰਫ ਸਿੱਖਾਂ ਤੇ ਹੈ। ਇਹ ਹਰ ਵੇਲੇ ਮੈਨੂੰ ਲੁੱਟਦੇ ਹਨ। ਸਾਰੀ ਦੁਨੀਆ ਨੇ ਈਨ ਮੰਨ ਲਈ ਪਰ ਇਹ ਲੋਹੇ ਦੀ ਲੱਠ ਬਣ ਕੇ ਬਹਿ ਗਿਆ। ਮੈਂ ਸੁਲਾਹ ਦੀ ਗੱਲ ਛੇੜੀ। ਇਨ੍ਹਾਂ ਮਜ਼ਾਕ 'ਚ ਉਡਾ ਦਿੱਤੀ।

ਇਕ ਨਿਹੰਗ ਆਖਣ ਲੱਗਾ—ਜਾਗੀਰਾਂ ਕੌਣ ਦੇਵੇਗਾ। ਇਲਾਕੇ ਦੇ ਪਟੇ ਕੌਣ ਲਿਖੇਗਾ। ਅਹਿਮਦ ਸ਼ਾਹ ਅਬਦਾਲੀ ਕੌਣ ਹੁੰਦਾ ਏ। ਜ਼ਮੀਨ ਸਾਡੀ, ਰਾਜ ਸਾਡਾ, ਮਾਲਕ ਅਸੀਂ। ਇਕ ਪ੍ਰਦੇਸੀ ਚਾਰ ਦਿਨ ਥੱਕਰੇ ਬੁਲਾ ਕੇ ਚਲਾ ਜਾਏਗਾ ਝੂਠੇ ਪਟੇ ਲਿਖ ਕੇ। ਜੇਹਲਮ ਟੱਪਿਆ ਤੇ ਫੇਰ ਪਟਿਆਂ ਦੇ ਸਿਰ ਤੇ ਕਿਸੇ ਨੇ ਜੁੱਤੀਆਂ ਵੀ ਨਹੀਂ ਮਾਰਨੀਆਂ। ਅਸੀ ਆਪ ਲਵਾਂਗੇ ਆਪਣਾ ਰਾਜ ਤਲਵਾਰ ਦੇ ਜ਼ੋਰ ਨਾਲ ਤੇ ਆਪ ਦੇਵਾਂਗੇ ਪਟੇ ਲਿਖ-ਲਿਖ ਕੇ ਸਰਦਾਰਾਂ ਨੂੰ।

ਸ਼ਾਹ ਨੇ ਸੁਲਾਹ ਦੀ ਗੱਲ ਛੇੜੀ। ਕੋਰਾ ਜਵਾਬ ਮਿਲਿਆ ਟਕੇ ਵਰਗਾ।

—ਇਲਾਕੇ ਲੈ ਲਵੋ ਜਿੰਨੇ ਚਾਹੀਦੇ ਹਨ, ਦੌਲਤ ਮੂੰਹੋਂ ਮੰਗੀ ਮਿਲੂ, ਮੇਰਾ ਰਾਹ ਛੱਡ ਦਿਓ।

—ਅਸਾਂ ਤੇਰਾ ਰਾਹ ਰੋਕਣਾ ਏ। ਅਸਾਂ ਤੇਰੀ ਦੌਲਤ ਖੋਹਣੀ ਏ ਉਹ ਸਾਡੀ

ਏ। ਚੋਰ ਚੋਰੀ ਕਰਕੇ ਮਾਲ ਲੈ ਜਾਏ, ਘਰ ਵਾਲੇ ਜਾਗ ਪਏ ਹੋਣ, ਫੇਰ ਕਦੀ ਨਹੀਂ ਹੋ ਸਕਦਾ ਚੋਰ ਮਾਲ ਚੁੱਕ ਕੇ ਲੈ ਜਾਏ, ਚੋਰ ਨੂੰ ਰਾਹ ਨਹੀਂ ਲੱਭਣਾ ਨੱਸਦੇ ਨੂੰ।

ਨਜ਼ੀਬੁਲਦੌਲਾ ਮਜਬੂਰ ਸੀ। ਉਹ ਅਹਿਮਦ ਸ਼ਾਹ ਅਬਦਾਲੀ ਨੂੰ ਕਿਸੇ ਕੀਮਤ ਤੇ ਨਹੀਂ ਸੀ ਛੱਡ ਸਕਦਾ।

—ਮੈਂ ਵਾਅਦਾ ਕਰਦਾ ਹਾਂ ਮੇਰੇ ਹੱਥੋਂ ਮੇਰੇ ਸਾਹਮਣੇ ਸਿੰਘਾਂ ਦਾ ਨੁਕਸਾਨ ਨਹੀਂ ਹੋਣ ਦੇਵਾਂਗਾ। ਮੈਂ ਵਿਚੋਂ ਤੁਹਾਡੇ ਨਾਲ ਹਾਂ। ਕਸਮ ਖਾਂਦਾ ਹਾਂ ਅੱਲਾ ਪਾਕ ਦੀ। ਉਤੋਂ ਅਹਿਮਦ ਸ਼ਾਹ ਦਾ ਗੁਮਾਸ਼ਤਾ ਹਾਂ। ਮੈਂ ਦੱਸਾਂਗਾ ਅਹਿਮਦ ਸ਼ਾਹ ਅਬਦਾਲੀ ਦੇ ਟਿਕਾਣੇ ਜਿੱਥੇ ਦੌਲਤ ਇਕੱਠੀ ਹੁੰਦੀ ਏ। ਅਬਦਾਲੀ ਦੇ ਲਸ਼ਕਰ ਦੀ ਪਲ-ਪਲ ਦੀ ਖ਼ਬਰ, ਪਰ ਮੇਰੀ ਮਜਬੂਰੀ ਏ। ਮੈਂ ਅਬਦਾਲੀ ਅੱਗੇ ਝੂਠ ਨਹੀਂ ਬੋਲ ਸਕਦਾ। ਮੈਂ ਹੋਰ ਰਾਹ ਕੱਢਾਂਗਾ ਦੋਸਤ ਬਣ ਕੇ। ਇਹ ਸੱਪ ਬਹੁਤ ਜ਼ਹਿਰੀਲਾ ਏ। ਏਸ ਸੱਟ ਨਹੀਂ ਖਾਣੀ।

ਮੈਂ ਜਾਣ ਬੁੱਝ ਕੇ ਆਪਣੀ ਮੂੰਹਜ਼ੋਰ ਫ਼ੌਜ ਦੀ ਕਮਾਨ ਨਹੀਂ ਕੀਤੀ। ਮੈਨੂੰ ਹਾਰ ਦੀਆਂ ਨਿਸ਼ਾਨੀਆਂ ਪਹਿਲਾਂ ਈ ਨਜ਼ਰ ਆਉਂਦੀਆਂ ਸਨ। ਮਰਹੱਟੇ ਜੰਮ ਕੇ ਨਹੀਂ ਲੜ ਸਕਦੇ। ਅਹਿਮਦ ਸ਼ਾਹ ਅਬਦਾਲੀ ਨੇ ਐਸਾ ਹਊਆ ਬਿਠਾ ਦਿੱਤਾ ਏ। ਮੁਗ਼ਲ ਫ਼ੌਜਾਂ ਨੇ ਕੀ ਲੜਨਾ ਏ। ਜਿਹੜੇ ਸੁਰਮੇਦਾਨੀਆਂ ਹੱਥ ਵਿਚ ਫੜੀ ਫਿਰਦੇ ਹਨ ਤੇ ਬਾਕੀ ਰਹਿ ਗਏ ਰੁਹੇਲੇ ਤੇ ਪੰਜਾਬ ਤੋਂ ਆਏ ਬੁੱਢੇ ਦਲ ਦੇ ਸੂਰਮੇ। ਕਮਾਂਡਰ ਤੋਂ ਬਿਨਾਂ ਫ਼ੌਜ ਰੰਡੀ ਹੁੰਦੀ ਏ ਫੇਰ ਫ਼ਤਹਿ ਦਾ ਖ਼ਵਾਬ ਵੀ ਨਹੀਂ ਵੇਖਿਆ ਜਾ ਸਕਦਾ।

ਸਿੰਘਾਂ ਦੇ ਇਕ ਜੈਕਾਰੇ ਨੇ ਰੁਹੇਲਿਆਂ ਦੇ ਪੈਰ ਥਿੜਕਾ ਦਿੱਤੇ ਸਨ। ਹੋਣੀ ਤੇ ਸੁਲਾਹ ਈ ਸੀ, ਪਰ ਉਹਦੇ ਵਸੀਲੇ ਲੱਭਣੇ ਪੈਣਗੇ। ਬੰਦੇ ਤੋਰਨੇ ਹੋਣਗੇ ਤੇ ਫੇਰ ਕੁਝ ਰਾਹ ਦਿੱਸੇਗਾ ਤੇ ਕੁਝ ਅਸੀਂ ਬਹਾਨੇ ਬਣਾਵਾਂਗੇ ਤੇ ਕੋਈ ਆਪਣੀ ਮਜਬੂਰੀ ਦੱਸੂ।

ਜਵਾਹਰ ਸਿੰਘ ਦਾ ਖ਼ਿਆਲ ਸੀ ਸਬਜ਼ਮੰਡੀ ਦੀ ਬਾਹੀ ਵਲੋਂ ਨਿਹੰਗ ਯੋਧੇ ਹਮਲਾ ਕਰਨ ਤੇ ਨਜ਼ੀਬੁਲਦੌਲਾ ਦਾ ਸਾਰਾ ਇਲਾਕਾ ਭੁੰਨ ਕੇ ਰੱਖ ਦੇਣ। ਇਹਦੇ ਨਾਲ ਰੁਹੇਲੇ ਤੜਫਣਗੇ, ਆਂਦਰਾਂ ਨੂੰ ਹੱਥ ਪਊ। ਨਕਾਸ ਵਾਲੇ ਪਾਸਿਓਂ ਇਕ ਤਗੜੀ ਝੜਪ ਹੋਵੇ। ਇਹ ਭੋਲੇ ਭਾਅ ਈ ਫ਼ੌਜੀਆਂ ਵਿਚ ਭਾਜੜਾਂ ਪੈ ਜਾਣ। ਰੁਹੇਲੇ ਵੇਂਹਦੇ ਰਹਿ ਜਾਣ। ਉਹ ਕਿੰਨੇ ਵੀ ਤਗੜੇ ਹਨ ਪਰ ਜਦੋਂ ਸਾਹਮਣੇ ਬੁਥਾੜ ਭੰਨਣ ਵਾਲੇ ਮਿਲ ਗਏ ਤੇ ਹਾਰ ਨੇ ਉਨ੍ਹਾਂ ਵਿਚ ਦਾਣਾ ਸੁੱਟ ਦਿੱਤਾ ਫੇਰ ਭੱਜ ਉੱਠੇ ਜੁੱਤੀਆਂ ਛੱਡ ਕੇ। ਹੁਣ ਸੁਲਾਹ ਦੀ ਗੱਲ ਤੁਰੀ। ਉਮਾਦੁੱਲ ਮੁਲਖ਼, ਗਾਜ਼ੀ ਉੱਲਦੀਨ ਲਖਨਊ ਤੋਂ ਆਇਆ ਹੋਇਆ ਸੀ। ਬੜੀਆਂ ਬੜ੍ਹਕਾਂ ਮਾਰਦਾ, ਪਰ ਹਮਲੇ ਦੀ ਤਾਬ ਨਾ ਝੱਲ ਸਕਿਆ। ਖ਼ਾਲਸੇ ਨੂੰ ਲੜਨਾ ਆਉਂਦਾ ਏ ਉਨ੍ਹਾਂ ਦੀਆਂ ਤਲਵਾਰਾਂ ਤਿੱਖੀਆਂ ਹਨ। ਮਲਹਾਰ ਰਾਓ ਹੁਲਕਰ ਤਮਾਸ਼ਬੀਨਾਂ ਵਾਂਗੂੰ ਤਮਾਸ਼ਾ ਵੇਖਦਾ ਰਿਹਾ। ਪੜਊ ਪਿੰਦਾ ਜੂ ਨੀ।

ਉਹਦੀ ਨੀਯਤ ਖ਼ਰਾਬ ਸੀ। ਉਹ ਭਰਤਪੁਰੀਆਂ ਨੂੰ ਦੰਦਾਂ ਥੱਲੇ ਚਿੱਥ ਦੇਣਾ ਚਾਹੁੰਦਾ ਸੀ। ਇਹ ਰਲੀ-ਮਿਲੀ ਫ਼ੌਜ ਕੁਝ ਫੈਸਲਾ ਨਾ ਕਰ ਸਕੀ।

ਅਹਿਮਦ ਸ਼ਾਹ ਅਬਦਾਲੀ ਦਾ ਨਾਂ ਲੈ ਕੇ ਰੁਹੇਲਿਆਂ ਝੰਡੇ ਬੁਲੰਦ ਕਰ ਦਿੱਤੇ। ਅੱਗੋਂ ਕਰਾਰੀ ਚਪੇੜ ਪਈ ਨੱਸ ਉੱਠੇ। ਆਖ਼ਰ ਫ਼ੈਸਲਾ ਸੁਲਾਹ ਤੇ ਮੁੱਕਾ। ਜਵਾਹਰ ਸਿੰਘ ਇਹਦੇ ਹੱਕ ਵਿਚ ਨਹੀਂ ਸੀ।

ਮਲਹਾਰ ਰਾਓ ਹੁਲਕਰ ਸ਼ਾਹੀ ਫ਼ੌਜ ਵੱਲ ਝੁਕ ਗਿਆ। ਉੱਧਰੋਂ ਦਮੜੇ ਮਿਲ ਗਏ।

ਅੰਦਰਖਾਤੇ ਸਾਰੀ ਗੱਲ ਮਿੱਥੀ ਗਈ, ਪਰ ਜਦੋਂ ਸਿੰਘਾਂ ਨੂੰ ਪਤਾ ਲੱਗਾ ਸਾਰਾ ਫ਼ੈਸਲਾ ਹੋ ਚੁੱਕਾ ਸੀ। ਆਖ਼ਰਕਾਰ ਸਫ਼ੈਦ ਝੰਡੇ ਨਿਕਲੇ। ਸਾਰੇ ਆਪਣੀ-ਆਪਣੀ ਹੱਦ ਵਿਚ ਆ ਗਏ। ਖ਼ਾਮੋਸ਼ੀ ਮੈਦਾਨ 'ਚ ਛਾਈ ਹੋਈ ਸੀ ਜਿੰਦਾਂ ਦੇਅ ਫਿਰ ਗਿਆ ਹੋਵੇ।

ਬੁੱਢੇ ਦਲ ਵਾਲਿਆਂ ਫ਼ੈਸਲਾ ਕਰ ਲਿਆ। ਇਨ੍ਹਾਂ ਬੇਜ਼ੁਬਾਨਾਂ ਨਾਲ ਕਾਹਦੀ ਦੋਸਤੀ।

ਜੱਸਾ ਸਿੰਘ ਆਹਲੂਵਾਲੀਆ ਨੇ ਆਖਿਆ—ਹੁਣ ਤੇ ਬਲਾਅ ਟਲ ਗਈ ਏ। ਮਾਂਗਵੀ ਧਾੜ ਕਦੀ ਨਹੀਂ ਲੜਦੀ। ਅਹਿਮਦ ਸ਼ਾਹ ਅਬਦਾਲੀ ਜੇਹਲਮ ਟੱਪ ਗਿਆ ਏ। ਸਾਡਾ ਪੰਜਾਬ ਵਿਚ ਹੋਣਾ ਬਹੁਤ ਜ਼ਰੂਰੀ ਏ।

ਕੜਾਹ ਪ੍ਰਸ਼ਾਦ ਦੀ ਮਾਇਆ, ਲੰਗਰ ਪਾਣੀ ਦਾ ਖਰਚਾ, ਸੁੱਖ ਨਿਦਾਨ ਦੇ ਗੱਫੇ, ਸਾਰਾ ਖਰਚਾ ਲੈ ਕੇ ਬੁੱਢੇ ਦਲ ਵਾਲੇ ਮਾਰੋ-ਮਾਰ ਕਰਦੇ ਮਾਲਵੇ 'ਚ ਪੁੱਜ ਗਏ।

—ਜਦ ਲੋੜ ਪਵੇ ਸਾਨੂੰ ਸੁਨੇਹਾ ਭੇਜ ਦਿਓ। ਅਸੀਂ ਹਾਜ਼ਰ ਹੋ ਜਾਵਾਂਗੇ।

ਘੋੜੇ ਨਿਕਲੇ ਕੂਚ ਦਾ ਹੁਕਮ ਹੋਇਆ। ਸਿੰਘ ਖ਼ਾਲੀ ਹੱਥ ਗਏ ਸਨ ਖ਼ਾਲੀ ਹੱਥ ਆਏ।

ਬੁੱਢੇ ਦਲ ਨੂੰ ਸੌਦਾ ਕਰਨਾ ਨਹੀਂ ਸੀ ਆਉਂਦਾ। ਦੁਮਾਲੇ ਸਜਾਈ ਖੜ੍ਹਾ ਸੀ ਜਵਾਹਰ ਸਿੰਘ ਦਾ ਪੁੱਤ।

—ਇਹ ਨਵਾਂ ਨਿਹੰਗ ਕਿਥੋਂ ਜੰਮ ਪਿਐ?

90

ਈਨ ਮੰਨੀ ਗਈ

ਜਗਾਤ ਉਗਰਾਹ ਰਹੇ ਸਨ ਸਰਦਾਰ ਲਾਹੌਰ ਦੀ ਮੱਲ ਗੁਜ਼ਾਰ ਵਿਚ।

ਫ਼ੌਜਦਾਰ ਸੁਆਦਤ ਖ਼ਾਂ ਕੁੱਕੜੀ ਬਣਿਆ ਬੈਠਾ ਸੀ ਸਰਹੰਦ ਵਿਚ। ਜੈਨ ਖ਼ਾਂ ਦੀ ਹਾਰ ਤੇ ਮੌਤ ਨੇ ਸੁਆਦਤ ਖ਼ਾਂ ਦਾ ਕਲੇਜਾ ਹਿਲਾ ਦਿੱਤਾ। ਡਰ ਗਿਆ। ਘਬਰਾਇਆ, ਕੰਨ ਲਪੇਟ ਕੇ ਖਿਸਕ ਗਿਆ। ਹੁਣ ਸਰਹੰਦ ਖ਼ਾਲੀ ਸੀ। ਦੁਆਬਾ ਸੌਖੇ ਈ, ਖਾਲਸੇ ਦੇ ਹੱਥ ਆ ਗਿਆ।

ਸਿਰਫ਼ ਮਾਰੀਆਂ ਹੋਈਆਂ ਮੱਲਾਂ ਨੂੰ ਪੱਕਾ ਕੀਤਾ ਜਾ ਰਿਹਾ ਸੀ। ਛੋਟੇ ਠਾਣੇ ਬਣਾਏ ਜਾ ਰਹੇ ਸਨ। ਅਹਿਮਦ ਸ਼ਾਹ ਅਬਦਾਲੀ ਦੇ ਆਉਣ ਦਾ ਰੌਲਾ ਸੀ। ਕੋਈ ਜਗ੍ਹਾ ਐਸੀ ਨਹੀਂ ਸੀ ਜਿਥੇ ਖ਼ਾਲਸੇ ਦੇ ਨਗਾਰੇ ਨਾ ਵੱਜੇ। ਕਾਬਲੀ ਮੱਲ ਹਾਕਮ ਸੀ, ਖ਼ਾਲਸੇ ਦੀ ਪਹਿਲੀ ਟੱਕਰ ਉਬੇਦ ਖ਼ਾਂ ਨਾਲ ਹੋ ਗਈ। ਇਕ ਝਟਕੇ 'ਚ ਝਟਕਾ ਦਿੱਤਾ। ਉਹਦੀ ਲਾਸ਼ ਚੁੱਕਣ ਵੀ ਕੋਈ ਨਾ ਆਇਆ। ਹੁਣ ਕਾਬਲੀ ਮੱਲ ਦੇ ਦੁਆਲੇ ਹੋ ਗਏ ਸਨ ਲਾਹੌਰ ਵਾਲੇ।

ਜਥੇਦਾਰ ਨੇ ਲਾਹੌਰ ਦੇ ਕਸਾਈਆਂ ਨੂੰ ਸਜ਼ਾ ਦੇਣ ਲਈ ਆਖਿਆ, ਪਰ ਡਰਦਾ ਕਾਬਲੀ ਮੱਲ ਕੋਈ ਹੁਕਮ ਜਾਰੀ ਨਾ ਕਰ ਸਕਿਆ। ਬੁੱਚੜਾਂ ਦਸ-ਵੀਹ ਗਊਆਂ ਕਤਲ ਕਰ ਦਿੱਤੀਆਂ ਤੇ ਹੱਡ ਹਿੰਦੂਆਂ ਦੇ ਦਰਵਾਜ਼ਿਆਂ ਅੱਗੇ ਸੁੱਟ ਦਿੱਤੇ। ਖ਼ਾਲਸੇ ਨੂੰ ਬੜਾ

ਰੋਹ ਚੜ੍ਹਿਆ। ਸਿਰਫ਼ ਤਿੰਨ-ਚਾਰ ਕਸਾਈ ਹੱਥ ਲੱਗੇ। ਉਹ ਕਤਲ ਕਰ ਦਿੱਤੇ ਗਏ ਸਰੇ-ਬਾਜ਼ਾਰ। ਕਾਬਲੀ ਮੱਲ ਦੀ ਜਾਨ ਬੜੀ ਕੁੜਿੱਕੀ 'ਚ ਫਸੀ ਹੋਈ ਸੀ। ਸੱਪ ਦੇ ਮੂੰਹ ਕੋਹੜ ਕਿਰਲੀ ਸੀ। ਖਾਵੇ ਤੇ ਕੋਹੜੀ ਹੋਵੇ ਛੱਡੇ ਤੇ ਲਾਜ ਲੱਗੇ।

ਕੁਝ ਕਸਾਈਆਂ ਦੇ ਨੱਕ ਤੇ ਕੰਨ ਵੱਢ ਦਿੱਤੇ। ਇਹਦੇ ਨਾਲ ਖ਼ਾਲਸੇ ਦਾ ਗੁੱਸਾ ਕੁਝ ਘੱਟ ਹੋਇਆ।

ਸਰਦਾਰ ਹਰੀ ਸਿੰਘ ਦੇ ਵਕੀਲ ਟੇਕ ਚੰਦ ਨੂੰ ਆਪਣੇ ਪਾਸ ਰੱਖ ਲਿਆ ਤੇ ਦਸ ਰੁਪਈਏ ਰੋਜ਼ ਦਾ ਖਰਚਾ ਬੰਨ੍ਹ ਦਿੱਤਾ। ਨਜ਼ਰਾਨੇ ਲੈ ਕੇ ਸਿੰਘ ਚੁੱਪ ਹੋ ਗਏ। ਸਾਰੀ ਰਾਜਧਾਨੀ ਨੇ ਪਹਿਲੀ ਵਾਰ ਖ਼ਾਲਸੇ ਦੀ ਈਨ ਮੰਨ ਲਈ।

ਨਿਆਜ਼ ਬੇਗ ਤੇ ਵਿਚ ਸੋਭਾ ਸਿੰਘ ਰਲ ਗਏ ਤਾਂ ਉਨ੍ਹਾਂ ਆਪਣੇ ਕਿੱਲੇ ਗੱਡੇ ਹੋਏ ਸਨ। ਉਹ ਜਗਾਤ ਵੀ ਵਸੂਲ ਕਰ ਰਹੇ ਸਨ। ਹਿੱਸਾ ਚੰਗੀ ਤਰ੍ਹਾਂ ਨਹੀਂ ਸੀ ਮਿਲਦਾ। ਏਸ ਲਈ ਕਾਬਲੀ ਮੱਲ ਨੇ ਦਲ ਦੇ ਇਕ ਬੰਦੇ ਨੂੰ ਵਿਚ ਬਿਠਾਇਆ ਹੋਇਆ ਸੀ। ਪਾਈ-ਪਾਈ ਵੰਡੀ ਜਾਂਦੀ। ਹੁਣ ਕੋਈ ਝਗੜਾ ਨਹੀਂ ਸੀ। ਜਗਾਤ ਸਿਰਫ਼ ਇਕੋ ਈ ਬੰਦਾ ਵਸੂਲ ਕਰਦਾ।

ਅਹਿਮਦ ਸ਼ਾਹ ਅਬਦਾਲੀ ਦਾ ਲਾਹੌਰ ਵਿਚ ਸਿਰਫ਼ ਕਿਲ੍ਹੇ ਤੇ ਈ ਕਬਜ਼ਾ ਸੀ ਤੇ ਉਹਦੇ ਅੰਦਰ ਈ ਹਕੂਮਤ ਸੀ ਜਾਂ ਥੋੜ੍ਹੀ-ਥੋੜ੍ਹੀ ਕਿਲ੍ਹੇ ਦੇ ਬਾਹਰ ਦੇ ਇਲਾਕਿਆਂ ਵਿਚ। ਮਾੜਾ-ਮੋਟਾ ਹੁਕਮ ਚਲਦਾ। ਬਾਕੀ ਲਾਹੌਰ ਦੇ ਸਾਰੇ ਦਰਵਾਜ਼ੇ ਬੁੱਢੇ ਦਲ ਦੇ ਕਬਜ਼ੇ ਵਿਚ ਸਨ।

ਝਨਾਅ ਦਾ ਆਲਾ-ਦੁਆਲਾ, ਜੇਹਲਮ ਤੇ ਮੁਲਤਾਨ ਸਰਦਾਰ ਚੜ੍ਹਤ ਸਿੰਘ ਤੇ ਭੰਗੀ ਸਰਦਾਰਾਂ ਨੇ ਮੱਲਾਂ ਮਾਰੀਆਂ ਹੋਈਆਂ ਸਨ ਤੇ ਡਟੇ ਬੈਠੇ ਹੋਏ ਸਨ। ਅਹਿਮਦ ਸ਼ਾਹ ਅਬਦਾਲੀ ਅਜੇ ਜੇਹਲਮ ਤਕ ਨਹੀਂ ਸੀ ਪੁੱਜਾ। ਐਵੇਂ ਰੌਲਾ ਈ ਸੀ ਕਿ ਸ਼ਾਹ ਆ ਰਿਹਾ ਏ।

ਲਾਹੌਰ ਵਿਚ ਬੁੱਢੇ ਦਲ ਦੇ ਸੂਰਮੇ ਛਾਤੀਆਂ ਤਾਣ ਕੇ ਫਿਰ ਰਹੇ ਸਨ।

ਖੁੱਡੇ ਵਿਚ ਡੱਕੇ ਹੋਏ ਸਨ ਅਹਿਮਦ ਸ਼ਾਹ ਅਬਦਾਲੀ ਦੇ ਕੁੱਕੜ, ਬਾਂਗ ਦੇਣ ਤੋਂ ਵੀ ਡਰਦੇ ਸਨ। ਵਿਸ਼ਵਨਾਥ ਤੇ ਇਹ ਊਜ ਲਾਈ ਗਈ ਕਿ ਅਸਾਂ ਚੜ੍ਹਤ ਸਿੰਘ ਵਲੋਂ ਆਪਣਾ ਬੰਦਾ ਭੇਜ ਕੇ ਮੰਗਵਾਇਐ ਕਾਹਨੂੰਗੋ। ਉਹਨੂੰ ਆਉਂਦੇ ਨੂੰ ਈ ਜੇਲ੍ਹ 'ਚ ਡੱਕ ਦਿੱਤਾ।

ਸਰ ਬੁਲੰਦ ਖ਼ਾਂ ਫ਼ੌਜਦਾਰ ਨੇ ਜੇਹਲਮ ਨਦੀ ਟੱਪ ਕੇ ਗੁਜਰਾਤ ਤੇ ਕਬਜ਼ਾ ਕਰ ਲਿਆ। ਹੁਣ ਇਹ ਜ਼ਰੂਰੀ ਹੋ ਗਿਆ ਖ਼ਾਲਸਾ ਕਾਹਨੂੰਗੋ ਨੂੰ ਵੀ ਛੁਡਾਵੇ ਤੇ ਵਿਸ਼ਵਨਾਥ ਦੇ ਬੰਦਿਆਂ ਦੀ ਵੀ ਖ਼ਲਾਸੀ ਹੋਵੇ।

ਦੂਲੇ ਜੱਟ, ਇਕ ਚੜ੍ਹਤ ਸਿੰਘ ਦੂਜਾ ਗੁੱਜਰ ਸਿੰਘ ਭੰਗੀ ਨੇ ਘੋੜੇ ਕੱਢੇ ਤੇ ਰੁਤਾਸ ਦਾ ਕਿਲ੍ਹਾ ਜਾ ਘੇਰਿਆ। ਚਾਰ ਮਹੀਨੇ ਕਿਲ੍ਹਾ ਘੇਰੀ ਬੈਠੇ ਰਹੇ ਕੋਈ ਨਤੀਜਾ ਨਾ ਨਿਕਲਿਆ।

ਸਾਰਿਆਂ ਸਲਾਹ ਕੀਤੀ ਤੇ ਮੁਹਾਸਰਾ ਚੁੱਕ ਲਿਆ। ਓਸ ਸਮਝਿਆ ਕਿ ਸਿੰਘ ਡਰ ਗਏ ਹਨ। ਫ਼ੌਜਾਂ ਵਾਪਸ ਆ ਰਹੀਆਂ ਸਨ। ਕਿਲ੍ਹੇ ਵਿਚੋਂ ਸਰ ਬੁਲੰਦ ਖ਼ਾਂ ਨਿਕਲਿਆ। ਸਿੰਘਾਂ ਦਾ ਪਰਛਾਵਾਂ ਵੀ ਨਹੀਂ ਸੀ ਦਿੱਸਦਾ। ਕਿਧਰ ਛੂਈ-ਮੂਈ ਹੋ ਗਏ।

ਆਵਾਜ਼ਾਂ ਆਈਆਂ ਹਾਰ ਗਏ ਓ ਹਾਰ ਗਏ। ਖ਼ਾਲਸਾ ਹਰਨ ਹੋ ਗਿਆ। ਸਰ ਬੁਲੰਦ ਖਾਂ ਸਮਝਿਆ ਮੱਲ ਮਾਰ ਲਈ। ਪਰ ਉਹ ਖ਼ਾਲਸੇ ਦੇ ਹੁਨਰ ਤੋਂ ਵਾਕਫ਼ ਨਹੀਂ ਸਨ। ਖ਼ਾਲਸਾ ਹਰਨ ਹੋਇਆ ਵੀ ਬੁਰਾ ਤੇ ਮੈਦਾਨ 'ਚ ਡਟਿਆ ਵੀ ਬੁਰਾ। ਇਹ ਦਮੂੰਹੀ ਸੱਪ ਵਰਗੇ ਹਨ।

ਕਿਲ੍ਹੇ ਦੇ ਫਾਟਕ ਖੁਲ੍ਹ ਗਏ ਸਨ। ਸਰ ਬੁਲੰਦ ਖ਼ਾਂ ਇਹ ਸਮਝ ਬੈਠਾ ਸੀ ਕਿ ਹੁਣ ਕੋਈ ਖ਼ਤਰਾ ਨਹੀਂ, ਪਰ ਖ਼ਾਲਸੇ ਨੇ ਯਕਦਮ ਘੋੜੇ ਰੋਕੇ। ਸਾਰਾ ਜਥਾ ਇਕੋ ਪੈਰ ਤੇ ਖੜ੍ਹਾ ਹੋ ਗਿਆ। ਘੋੜਿਆਂ ਨੇ ਮੂੰਹ ਭੁਆਇਆ।

ਸਰ ਬੁਲੰਦ ਖ਼ਾਂ ਅਜੇ ਦਾਅਵਤ ਦੀਆਂ ਤਿਆਰੀਆਂ ਵਿਚ ਸੀ। ਯਕਦਮ ਨਗਾਰੇ ਵੱਜੇ ਜੈਕਾਰੇ ਛੁੱਟੇ ਬੋਲੇ ਸੋ ਨਿਹਾਲ। ਅੱਗੋਂ ਆਵਾਜ਼ ਆਈ, ਸਤਿ ਸ੍ਰੀ ਅਕਾਲ।

ਦਿਲ ਧੜਕਿਆ ਜਾਨ ਹਵਾ ਹੋਈ। ਸਰ ਬੁਲੰਦ ਖ਼ਾਂ ਆਖਣ ਲੱਗਾ—ਦਗ਼ਾ ਹੋ ਗਿਆ, ਦਲ ਫੇਰ ਕਿਥੋਂ ਨਿਕਲ ਆਇਆ?

—ਹਜ਼ੂਰ ਝਾੜੀਆਂ, ਕਾਹੀਆਂ, ਕਾਨਿਆਂ ਵਿਚੋਂ ਸਿਰ ਕੱਢ ਲਿਆ ਏ ਜਥੇ ਨੇ।

—ਫਾਟਕ ਬੰਦ ਕਰ ਦਿਓ।

—ਹੁਣ ਕਿੱਥੇ, ਨਿਹੰਗ ਤੇ ਤੁਹਾਡੀ ਮੋਰੀ ਚੜ੍ਹ ਆਏ ਨੇ। ਹੁਣ ਮੁਕਾਬਲਾ ਜਾਂ ਸੁਲਾਹ, ਤੀਜਾ ਰਸਤਾ ਕੋਈ ਨਹੀਂ।

—ਇਨ੍ਹਾਂ ਬੜ੍ਹਕਾਂ ਮਾਰਨ ਵਾਲਿਆਂ ਨੂੰ ਜੀਊਂਦੇ ਫੜ ਲਵੋ। ਕੀ ਯਾਦ ਕਰਨਗੇ ਖ਼ਾਲਸੇ ਨੂੰ।

ਘੋੜਾ ਗਿੱਚੀ ਤੋਂ ਜਾ ਫੜਿਆ। ਘੇਰਾ ਪਾ ਲਿਆ, ਉਨ੍ਹਾਂ ਦੇ ਜਾਲ ਵਿਚ ਬਟੇਰੇ ਫਸ ਗਏ।

ਸਰ ਬੁਲੰਦ ਖ਼ਾਂ ਪੇਸ਼ ਹੋਇਆ ਸਰਦਾਰ ਚੜ੍ਹਤ ਸਿੰਘ ਦੀ ਕਚਹਿਰੀ।

—ਹਜ਼ੂਰ ਆ ਗਏ, ਬੜੀ ਦੇਰ ਕਰ ਦਿੱਤੀ ਏ। ਬੜੀ ਇੰਤਜ਼ਾਰ ਕਰਨੀ ਪਈ। ਪਹਿਲਾ ਕੋਈ ਨਾਸ਼ਤਾ, ਲੰਗਰ ਪਾਣੀ ਤਿਆਰ ਏ ਤੇ ਫੇਰ ਕੋਈ ਹੋਰ ਗੱਲ, ਕਾਹਲ ਨਹੀਂ। ਘਰ ਵਿਚ ਈ ਬੈਠੇ ਹਾਂ। ਨਵਾਬ ਖ਼ਾਂ ਲਈ ਦਸਤਰ ਖ਼ਾਨ ਸਜਾਓ ਪ੍ਰਾਹੁਣਾ ਆਇਆ ਏ।

ਚੜ੍ਹਤ ਸਿੰਘ ਨੇ ਆਖਿਆ,—ਲਾਹੌਰ ਚੱਲਣਾ ਏ।

—ਸਾਨੂੰ ਕੌਣ ਲਾਹੌਰ ਵੜਨ ਦਿੰਦਾ ਏ। ਲਾਹੌਰ ਤੇ ਵੱਡਿਆਂ ਬੰਦਿਆਂ ਲਈ ਏ। ਉਚੇ ਬੁਰਜ ਲਾਹੌਰ ਦੇ ਤੇ ਹੇਠ ਵਗੇ ਦਰਿਆ।

—ਤਸੱਲੀ ਨਾਲ ਪੇਟ ਭਰ ਕੇ ਖਾਓ ਫੇਰ ਕਰਾਂਗੇ ਗੱਲਾਂ। ਨਵਾਬ ਨੂੰ ਕੈਦ ਵਿਚ ਨਹੀਂ ਸੀ ਰੱਖਿਆ ਸਗੋਂ ਚੌਕੇ 'ਚ ਲਿਆ ਬਿਠਾਇਆ ਸੀ।

—ਮੰਗ ਕੀ ਚਾਹੀਦਾ ਈ ਮੁਰਗਾ, ਬਰਿਆਨੀ ਜਾਂ ਕੜਾਹ ਪ੍ਰਸ਼ਾਦ।

—ਸਰਦਾਰ ਜੀ ਮੈਂ ਲਾਡਾਂ 'ਚ ਪਲਿਆ ਹਾਂ। ਮੈਂ ਕਸ਼ਟ ਨਹੀਂ ਸਹਿ ਸਕਦਾ। ਨਮੋਸ਼ੀ ਮੈਥੋਂ ਬਰਦਾਸ਼ਤ ਨਹੀਂ ਹੋਣੀ। ਗਰਦਨ ਲਾਹ ਦਿਓ।

—ਕਿਹੋ ਜਿਹੀਆਂ ਗੱਲਾਂ ਕਰਦਾ ਏਂ, ਤੂੰ ਸਾਡਾ ਮਹਿਮਾਨ ਏਂ, ਐਸ਼ ਕਰ।

ਇਕ ਦਿਨ ਸਰ ਬੁਲੰਦ ਖ਼ਾਂ ਮੌਜ 'ਚ ਆਇਆ ਆਖਣ ਲੱਗਾ—

—ਸਰਦਾਰ ਚੜ੍ਹਤ ਸਿੰਹਾਂ ਜੇ ਸਾਡੀ ਕਿਸਮਤ ਸਾਥ ਦੇਵੇ ਤੇ ਤੂੰ ਬਾਦਸ਼ਾਹ ਬਣ ਜਾਏਂ ਤੇ ਅੱਲਾ ਕਸਮ ਮੈਂ ਸਾਰੀ ਉਮਰ ਤੇਰੀ ਫ਼ੌਜਦਾਰੀ ਵਿਚ ਗੁਜ਼ਾਰਾਂਗਾ।

—ਮੈਂ ਈਨ ਮੰਨ ਲਈ, ਮੈਂ ਅੱਜ ਤੋਂ ਤੇਰਾ ਗ਼ੁਲਾਮ, ਜ਼ੁਬਾਨ ਦੇ ਰਿਹਾ ਹਾਂ। ਪਠਾਣ ਮਰ ਜਾਏ ਜ਼ੁਬਾਨ ਤੋਂ ਨਹੀਂ ਫਿਰਦਾ। ਕਿਲ੍ਹਾ ਵੀ ਤੇਰਾ ਤੇ ਸ਼ਹਿਰ ਵੀ ਤੇਰਾ।

—ਮੈਨੂੰ ਅੱਜ ਤੋਂ ਬਾਅਦ ਸੇਵਕ ਸਮਝ ਕੇ ਰੱਖ ਲੈ। ਤੇਰੇ ਜੂਠੇ ਭਾਂਡੇ ਮਾਂਜਾਂਗਾ।

ਚੜ੍ਹਤ ਸਿੰਘ ਬਹੁਤ ਖ਼ੁਸ਼ ਹੋਇਆ।

ਜੰਜੀਰ ਤੇ ਓਹ ਵੀ ਸੋਨੇ ਦੀ ਪਿੰਜਰਾ ਤੇ ਓਹ ਵੀ ਚਾਂਦੀ ਦਾ—ਜਾਹ ਖ਼ਾਨ ਮੌਜ ਕਰ, ਸਾਡੀ ਟੱਕਰ ਤੇ ਅਬਦਾਲੀ ਨਾਲ ਏ।

91

ਡੇਰਾ ਗਾਜ਼ੀ ਖਾਂ

—ਪਾਤਸ਼ਾਹੀ ਤੇ ਵਾਹਿਗੁਰੂ ਨੇ ਸਾਨੂੰ ਪਹਿਲਾਂ ਈ ਬਖ਼ਸ਼ੀ ਹੋਈ ਏ। ਤੇਰੀ ਜ਼ਬਾਨ ਮੁਬਾਰਕ ਹੋਵੇ।

—ਮੈਂ ਵਿਖਾਵੇ ਲਈ ਤੈਨੂੰ ਬੇੜੀਆਂ ਪਾਵਾਂਗਾ ਸੋਨੇ ਦੀਆਂ। ਕਿਸੇ ਨੂੰ ਗੁਸਤਾਖ਼ੀ ਨਹੀ ਕਰਨ ਦਿੰਦਾ। ਮੈਂ ਹਿੱਕ ਤੇ ਹੱਥ ਮਾਰ ਕੇ ਇਹ ਤੇ ਆਖ ਸਕਾਂਗਾ ਕਿ ਅਹਿਮਦ ਸ਼ਾਹ ਅਬਦਾਲੀ ਦੇ ਚਾਚੇ ਨੂੰ ਫੜਿਐ। ਇਹਦੇ ਨਾਲ ਅਸੀਂ ਇਲਾਕੇ ਦੇ ਮਾਲਕ ਹੋ ਜਾਵਾਂਗੇ ਤੇ ਤੈਨੂੰ ਵੀ ਨਿਹਾਲ ਕਰ ਦੇਵਾਂਗੇ।

—ਅਹਿਮਦ ਸ਼ਾਹ ਅਬਦਾਲੀ ਹੁਣ ਬੁੱਢਾ ਹੋ ਚੁੱਕਾ ਏ। ਹੁਣ ਉਹਨੂੰ ਤੌਬਾ ਕਰ ਲੈਣੀ ਚਾਹੀਦੀ ਏ।

—ਫੜ ਲੈਣਾ ਕੋਈ ਬਹਾਦਰੀ ਨਹੀ, ਪਰ ਜੇ ਮੇਰੇ ਕੈਦ ਕਰਨ ਨਾਲ ਤੇਰੀ ਪੱਗ ਨੂੰ ਕਲਗੀ ਲੱਗਦੀ ਏ ਤੇ ਠੀਕ ਜੇ ਤੂੰ ਛੱਡ ਦੇਵੇਂ ਤੇ ਤੇਰੇ ਨਾਂ ਦੇ ਨਗਾਰੇ ਵੱਜਣਗੇ। ਚਾਚੇ ਨੂੰ ਫੜ ਲਿਆ ਤੇ ਫੇਰ ਛੱਡ ਦਿੱਤਾ। ਤੇਰੀ ਜੈ-ਜੈਕਾਰ ਹੋ ਜਾਏਗੀ।

ਸਰਦਾਰ ਚੜ੍ਹਤ ਸਿੰਘ ਦੇ ਇਹ ਗੱਲ ਮਨ ਲੱਗੀ।

—ਜਾਓ ਖ਼ਾਨ ਬਹਾਦਰ ਤੁਸੀਂ ਆਜ਼ਾਦ ਹੋ। ਫੇਰ ਕਦੀ ਮਿਲਾਂਗੇ।

ਸਰ ਬੁਲੰਦ ਖ਼ਾਂ ਨੇ ਘੋੜਾ ਮੰਗਵਾਇਆ ਤੇ ਪਲਾਕੀ ਮਾਰੀ। ਸਲਾਮਾਂ ਕਰਦਾ ਜਾ ਰਿਹਾ ਸੀ।

ਵਾਕਿਆ ਈ ਇਹ ਸਰਦਾਰ ਪੰਜਾਬ ਦੇ ਮਾਲਕ ਹਨ। ਇਹ ਰਾਜ ਕਰਨਗੇ। ਰਾਜ ਕਰਨ ਦੀ ਖ਼ੁਸ਼ਬੂ ਇਨ੍ਹਾਂ ਦੇ ਅੰਦਰੋਂ ਆ ਰਹੀ ਏ।

ਸਰ ਬੁਲੰਦ ਖ਼ਾਂ ਬਹੁਤ ਪ੍ਰਸੰਨ ਹੋਇਆ। ਦਲੇਰ ਤੇ ਰਹਿਮਦਿਲ, ਇਹ ਤੇ ਵਾਕਿਆ ਈ ਗੁਰੂ ਦੇ ਲਾਲ ਹਨ। ਅੱਛਾ ਜੇ ਕਦੀ ਵਕਤ ਆਇਆ ਤੇ ਫੇਰ ਅਹਿਸਾਨ ਉਤਾਰਿਆ ਜਾਏਗਾ। ਜੇਹਲਮ ਤੇ ਸਿੰਧ ਦੇ ਇਲਾਕੇ ਵਿਚ ਸਰਦਾਰ ਚੜ੍ਹਤ ਸਿੰਘ ਤੇ ਭੰਗੀ ਸਰਦਾਰਾਂ ਦਾ ਹੁਕਮ ਚਲਦਾ ਸੀ। ਅਹਿਮਦ ਸ਼ਾਹ ਅਬਦਾਲੀ ਦੇ ਚਰਚੇ ਘਰ-ਘਰ ਸਨ। ਮੁਟਿਆਰਾਂ ਡੋਲਿਆਂ ਵਿਚ ਪਾ ਦਿੱਤੀਆਂ ਪੰਜਾਬ ਵਾਲਿਆਂ। ਬੂਰੀਆਂ ਮੱਝਾਂ ਦਾ ਦੁੱਧ ਪੀਓ। ਜਵਾਨ ਬਣੋ ਅਹਿਮਦ ਸ਼ਾਹ ਅਬਦਾਲੀ ਆ ਗਿਐ ਤੇ ਓਸ ਹੂੰਝਾ ਫੇਰ ਦੇਣੈ।

ਖਾਧਾ ਪੀਤਾ ਲਾਹੇ ਦਾ ਤੇ ਬਾਕੀ ਅਹਿਮਦ ਸ਼ਾਹੇ ਦਾ।

—ਉਹ ਮਾਂ ਮਰ ਗਈ ਜਿਹੜੀ ਦਹੀਂ ਨਾਲ ਟੁੱਕ ਦਿੰਦੀ ਸੀ। ਹੁਣ ਸਿੰਘ ਤਾਕਤਵਰ ਹੋ ਚੁਕੇ ਹਨ। ਅੱਗੇ ਤੇ ਘੋੜਿਆਂ ਦੀ ਵੀ ਮੁਥਾਜੀ ਸੀ, ਪਰ ਹੁਣ ਵਾਧੂ ਹਨ ਘੋੜੇ। ਅਹਿਮਦ ਸ਼ਾਹ ਅਬਦਾਲੀ ਦੇ ਹੱਥਾਂ ਵਿਚ ਗੱਫੇ ਹਨ। ਆ ਰਿਹਾ ਏ ਆਉਣ ਦਿਓ। ਇਕ ਜਵਾਨ ਮੁੰਡਾ ਆਖਣ ਲੱਗਾ :

—ਆਵੇ ਅਹਿਮਦ ਸ਼ਾਹ ਅਬਦਾਲੀ, ਸਾਡੇ ਲਈ ਕੋਈ ਨਵਾਂ ਨਹੀਂ ਤੇ ਅਸੀਂ ਉਹਦੇ ਲਈ ਕੁਝ ਨਵੇਂ ਭਾਰੂ ਨਹੀਂ। ਹੁਣ ਪੰਜਾਬ ਉਹਦੇ ਤੋਂ ਨਹੀਂ ਡਰਦਾ।

ਆ ਰਿਹਾ ਏ, ਲੋਕ ਆਖਦੇ ਸਨ।

ਚੜ੍ਹਤ ਸਿੰਘ ਤੇ ਭੰਗੀ ਸਰਦਾਰਾਂ ਨੇ ਆਪਸ ਵਿਚ ਇਲਾਕੇ ਵੰਡ ਲਏ ਸਨ। ਚੜ੍ਹਤ ਸਿੰਘ ਤੇ ਗੁੱਜਰ ਸਿੰਘ ਤੇ ਸਰ ਬੁਲੰਦ ਖ਼ਾਂ ਰੁਹਤਾਸ ਵਿਚ ਉਲਝੇ ਹੋਏ ਸਨ। ਸਰਦਾਰ ਹਰੀ ਸਿੰਘ ਭੰਗੀ, ਝੰਡਾ ਸਿੰਘ ਤੇ ਗੰਡਾ ਸਿੰਘ, ਹਰੀ ਸਿੰਘ ਨੱਕਈ ਨੇ ਮੁਲਤਾਨ ਪਾਰ ਕੀਤਾ ਤੇ ਡੇਰਾ ਗਾਜ਼ੀ ਖ਼ਾਂ, ਡੇਰਾ ਇਸਮਾਇਲ ਖ਼ਾਂ 'ਚ ਲੁੱਟਮਾਰ ਕਰਨ ਗਏ। ਡੇਰੇ ਵਾਲਿਆਂ ਝੱਟ ਈ ਸਲਾਮਾਂ ਕਰ ਦਿੱਤੀਆਂ।

ਕਾਜ਼ੀ ਨੂਰਉੱਲਦੀਨ ਆਖਦਾ ਏ—ਕਾਫ਼ਰ ਸਿੱਖ ਲਾਹੌਰ ਤੇ ਮੁਲਤਾਨ ਦੇ ਇਲਾਕੇ ਵਿਚ ਪੁੱਜ ਚੁਕੇ ਸਨ। ਉਨ੍ਹਾਂ ਨੇ ਲਾਹੌਰ ਤੋਂ ਲੈ ਕੇ ਡੇਰੇ ਤਕ ਹਮਲੇ ਕੀਤੇ। ਉਨ੍ਹਾਂ ਦੇ ਦੀਨਦਾਰਾਂ ਨੇ ਜ਼ੋਰ ਪਾਇਆ ਤੇ ਮੁਲਤਾਨ ਦਾ ਸਾਰਾ ਇਲਾਕਾ ਉਗਰਾਹ ਲਿਆ।

92

ਜਹਾਦ

ਜਹਾਦ ਕਰਨਾ ਆਖ਼ਰੀ ਹਥਿਆਰ ਸੀ। ਅਹਿਮਦ ਸ਼ਾਹ ਅਬਦਾਲੀ ਨੇ ਉਹ ਵੀ ਵਰਤ ਲਿਆ। ਡਰਿਆ ਹੋਇਆ ਸੀ, ਪਰ ਆਪਣੀ ਆਦਤ ਕਿੱਦਾਂ ਛੱਡ ਦੇਵੇ? ਠੂਹਾਂ ਡੰਗ ਮਾਰਨੋਂ ਨਹੀਂ ਮੁੜਦਾ। ਇਹੋ ਉਹਦੀ ਖ਼ਸਲਤ ਵਿਚ ਸ਼ਾਮਲ ਏ। ਓਸ ਡੰਗ ਤੇ ਮਾਰਨਾ ਈ ਏ ਭਾਵੇਂ ਦੁੱਧ ਪਿਆਵੋ ਤੇ ਭਾਵੇਂ ਮਲਾਈਆਂ।

ਸੱਪਾਂ ਨੂੰ ਕਟੋਰੇ ਦੁੱਧ ਦੇ ਭਰ-ਭਰ ਪਿਆਓ ਕਦੀ ਮਿੱਤ ਨਹੀਂ ਬਣਦੇ।

ਓਸ ਕਤਲੇ-ਆਮ ਕੀਤਾ, ਸਾਰਾ ਪੰਜਾਬ ਲੁੱਟਿਆ, ਘਰ ਫੋਲੇ। ਕੁੜੀਆਂ ਚੁੱਕ ਕੇ ਲੈ ਗਏ। ਕਿਹੜੀ ਸਜ਼ਾ ਸੀ ਜਿਹੜੀ ਉਹਨਾਂ ਵਰਤੀ ਨਹੀਂ। ਝੂਠੇ ਦਿਲਾਸੇ, ਝੂਠੀਆਂ ਤਸੱਲੀਆਂ, ਸਬਜ਼ਬਾਗ਼ ਵਿਖਾਏ, ਝਾਂਸੇ ਦਿੱਤੇ ਤੇ ਰਾਹੇ ਪਏ। ਪੰਜਾਬ ਵਾਲੇ ਜਬਰ ਜਾਲਦੇ ਰਹੇ। ਉਨ੍ਹਾਂ ਨਾ ਘਰ ਬਣਾਇਆ ਤੇ ਨਾ ਬੂਹੇ ਈ ਰੋਗਨ ਕੀਤੇ। ਕਿਸੇ ਨੇ ਚੰਗਾ ਕਪੜਾ ਪਾ ਕੇ ਨਹੀਂ ਸੀ ਵੇਖਿਆ। ਨੰਗੀ ਪੈਰੀਂ, ਨੰਗਾ ਪਿੰਡਾ ਹੰਢਾਉਂਦੇ ਰਹੇ।

ਨਿਹੰਗ, ਜਿਹੜੇ ਜੰਮੇ ਈ ਮਰਨ ਲਈ ਸਨ। ਸਾਰੀ ਉਮਰ ਮੁਸੀਬਤਾਂ ਝੱਲਦੇ ਰਹੇ। ਅਫ਼ਗਾਨਿਸਤਾਨ ਵਿਚ ਵੀ ਉਹਦੇ ਕੰਨੀਂ ਵਾਲਾ ਪਾਉਣ ਵਾਲਿਆਂ ਖ਼ਬਰਾਂ ਭੇਜੀਆਂ ਕਿ ਖ਼ਾਲਸੇ ਨੇ ਸਾਰੇ ਪੰਜਾਬ ਵਿਚੋਂ ਅਹਿਮਦ ਸ਼ਾਹ ਅਬਦਾਲੀ ਦੀ ਸੱਫ਼ ਲਪੇਟ ਸੁੱਟੀ ਏ। ਜੈਨ ਖ਼ਾਂ ਨੂੰ ਮਾਰ ਕੇ ਸਰਹਿੰਦ ਤੇ ਆਪਣਾ ਹੱਕ ਜਮਾ ਲਿਆ ਏ।

ਸੁਆਦਤ ਖ਼ਾਂ ਡਰਦਾ ਜਲੰਧਰ ਨੱਸ ਗਿਆ ਏ। ਲਾਹੌਰ ਵਿਚ ਕਾਬਲੀ ਮੱਲ ਨੇ

ਖ਼ਾਲਸੇ ਦੀ ਈਨ ਮੰਨ ਲਈ। ਜਹਾਨ ਖ਼ਾਂ ਤੇ ਸਰ ਬੁਲੰਦ ਖ਼ਾਂ ਸਿਆਲਕੋਟ ਰੁਹਤਾਸ ਵਿਚੋਂ ਮਾਰ ਖਾ ਕੇ ਦੌੜੇ ਫਿਰਦੇ ਹਨ। ਦੁੜਕੀ ਪਏ ਕਿਤੇ ਸਾਹ ਨਹੀਂ ਕੱਢਿਆ ਤੇ ਹੁਣ ਨਵਾਂ ਚੰਨ੍ਹ ਚੜ੍ਹਿਆ ਏ। ਸਿੰਘਾਂ ਮੁਲਤਾਨ ਵੀ ਮਾਰ ਲਿਆ। ਸਿੰਘਾਂ ਦਰਿਆ ਪਾਰ ਕਰਕੇ ਡੇਰਾ ਗਾਜ਼ੀ ਖ਼ਾਂ, ਡੇਰਾ ਇਸਮਾਇਲ ਤੇ ਝੰਡੇ ਗੱਡ ਦਿੱਤੇ ਹਨ। ਇਨ੍ਹਾਂ ਦੀਆਂ ਹੱਦਾਂ ਅਫ਼ਗਾਨਿਸਤਾਨ ਨਾਲ ਲਗਦੀਆਂ ਹਨ। ਉਹ ਬੜਾ ਕੁਰਲਾਇਆ ਨਾਮੀ-ਗਰਾਮੀ ਜਰਨੈਲ ਮੇਰੀ ਫ਼ੌਜ ਦੇ ਥੰਮ੍ਹ। ਜਹਾਨ ਖ਼ਾਂ, ਸਰ ਬੁਲੰਦ ਖ਼ਾਂ, ਸਰ ਮਰਹਾਜ਼, ਮੁਰਾਦ ਖ਼ਾਂ, ਸੁਆਦਤ ਖ਼ਾਂ ਸਿੱਖਾਂ ਅੱਗੇ ਨਹੀਂ ਟਿਕ ਸਕੇ। ਜਾਨ ਲੁਕਾਉਂਦੇ ਫਿਰਦੇ ਨੇ। ਸ਼ਾਹ ਨੇ ਸੋਚਿਆ।

ਕਲਾਤ ਦੇ ਬਲੋਚ ਹਾਕਮ ਮੀਰ ਨਸੀਰ ਖ਼ਾਂ ਨੂੰ ਚਿੱਠੀ ਲਿਖੀ ਕਿ ਏਸ ਵੇਲੇ ਮੱਕੇ ਜਾਣ ਦਾ ਇਰਾਦਾ ਛੱਡ ਦੇਵੇ ਤੇ ਆਪਣੀ ਪੂਰੀ ਫ਼ੌਜ ਲੈ ਕੇ ਇਨ੍ਹਾਂ ਦੇ ਖ਼ਿਲਾਫ਼ ਜਹਾਦ ਕਰੇ। ਪੰਜਾਬ ਵਿਚ ਚੱਲੇ ਹਮ-ਨਕਾਬ ਹੋ ਕੇ। ਇਹ ਹੱਜੇ ਅਕਬਰ ਏ।

ਮੀਰ ਨਸੀਰ ਖ਼ਾਂ ਨੇ ਵੀ ਮੁਲਤਾਨ ਦੀਆਂ ਖ਼ਬਰਾਂ ਸੁਣ ਰੱਖੀਆਂ ਸਨ। ਉਹਨੂੰ ਆਪਣੇ ਇਲਾਕੇ ਦਾ ਫ਼ਿਕਰ ਪੈ ਗਿਆ ਸੀ। ਜੇ ਅਸੀਂ ਉਨ੍ਹ ਦਾ ਇਲਾਕਾ ਲੁੱਟ ਸਕਦੇ ਹਾਂ ਤੇ ਉਹ ਵੀ ਸਾਡੇ ਘਰ ਫੋਲ ਸਕਦੇ ਹਨ।

ਉਨ੍ਹਾਂ ਓਸ ਮੁਲਤਾਨ ਦੀ ਧੂੜ-ਪੁੱਟੀ ਜਿੱਥੇ ਪੀਰਾਂ, ਫ਼ਕੀਰਾਂ ਦੀਆਂ ਖ਼ਾਨਗਾਹਾਂ ਨੇ, ਜ਼ਿਆਰਤ ਗਾਹਾਂ ਨੇ, ਮਕਬਰੇ ਹਨ।

ਓਸ ਨੂੰ ਵੀ ਚਾਅ ਚੜ੍ਹ ਗਿਆ। ਮੌਲਾਣੇ ਸੱਦੇ ਫ਼ਤਵਾ ਲਿਆ ਤੇ ਆਗਿਆ ਮੰਗੀ ਬਾਦਸ਼ਾਹ ਕੋਲੋਂ। ਸਾਰਿਆਂ ਹਾਮੀ ਭਰੀ।

ਬਲੋਚ ਤੇ ਪਠਾਨ ਚੜ੍ਹੇ ਨਾਲ ਅਹਿਮਦ ਸ਼ਾਹ ਅਬਦਾਲੀ ਦੇ। ਸ਼ੇਰ ਹੋ ਗਿਆ ਅਹਿਮਦ ਸ਼ਾਹ। ਓਸ ਦੂਣੀ ਤਲਬ ਦੇਣ ਦਾ ਵਾਅਦਾ ਕੀਤਾ। ਜਹਾਦ ਸਿੱਖਾਂ ਦੇ ਖਿਲਾਫ਼ ਜਾਂ ਤਖ਼ਤ ਜਾਂ ਤਖ਼ਤਾ। ਅੱਲਾ ਦੀ ਰਾਹ ਤੇ ਸ਼ਹਾਦਤ ਪਾਉਣ ਵਾਲਾ ਸਿੱਧਾ ਬਹਿਸ਼ਤ ਵਿਚ ਜਾਏਗਾ। ਮੀਰ ਨਸੀਰੁੱਲ ਖ਼ਾਨ ਬਲੋਚ ਆਖਣ ਲੱਗਾ। ਪੰਜਾਬ ਦੀਆਂ ਧੁੰਮਾਂ ਬਹੁਤ ਸੁਣੀਆਂ ਨੇ ਚਲੋ ਜ਼ਿਆਰਤ ਕਰ ਆਉਂਦੇ ਹਾਂ।

ਸਿੰਘਾਂ ਦੇ ਖਿਲਾਫ਼ ਅਹਿਮਦ ਸ਼ਾਹ ਅਬਦਾਲੀ ਨੇ ਬਹੁਤ ਜ਼ਹਿਰ ਉਗਲਿਆ। ਉਹ ਗਲਤ ਏ। ਲੋਕ ਆਖਦੇ ਹਨ ਉਹ ਫ਼ਰਿਸ਼ਤੇ ਹਨ। ਜਿਹਦਾ ਘਰ ਲੁੱਟੀਏ, ਓਸ ਆਪਣੀ ਹਿਫ਼ਾਜ਼ਤ ਵੀ ਕਰਨੀ ਏ। ਬਲੋਚ ਖ਼ੂੰਖਾਰ ਹਨ। ਇਹ ਵੀ ਇਕ ਇਮਤਿਹਾਨ ਏ।

ਚੜ੍ਹੇ ਸੂਰਮੇ ਦਲੇਰ ਬਾਂਕੇ, ਤਲਵਾਰਾਂ ਹੱਥਾਂ ਵਿਚ ਤੋਲੀਆਂ। ਅਠਾਰਾਂ ਹਜ਼ਾਰ ਦੁਰਾਨੀ ਤੇ ਬਾਰਾਂ ਹਜ਼ਾਰ ਬਲੋਚ। ਦੋਵੇਂ ਫ਼ੌਜਾਂ ਇਕੱਠੀਆਂ ਹੋ ਗਈਆਂ। ਗੁੰਜਾਬੇ ਦਾ ਕਾਜ਼ੀ ਨੂਰ ਮੁਹੰਮਦ ਵੀ ਉਨ੍ਹਾਂ ਦੀ ਫ਼ੌਜ ਦੇ ਨਾਲ ਆਣ ਰਲਿਆ। ਉਹਦਾ ਚਾਅ ਸੀ, ਇਸ਼ਕ ਸੀ ਪੰਜਾਬ ਵੇਖਣਾ। ਪੰਜਾਬ ਦੀ ਧਰਤੀ ਜਿਥੇ ਮੋਤੀਆਂ ਵਰਗੀ ਕਣਕ ਹੋਵੇ। ਸਰਦੀ, ਗਰਮੀ ਇਕੋ ਜਿਹੀ ਲੋਹੜੇ ਦੀ ਪੈਂਦੀ ਤੇ ਕੜਾਕੇ ਕਢਦੀ। ਬਹਾਰ, ਮੌਸਮ ਦੀਆਂ ਬਹਾਰਾਂ। ਸੁਣਿਆ ਏ ਕਿ ਪਤਝੜ ਵੀ ਖ਼ੁਦਾਈ ਨਿਹਮਤ ਏ। ਇਹ ਕਿਸੇ ਇਲਾਕੇ ਨੂੰ ਨਸੀਬ ਨਹੀਂ। ਇਹ ਕੁਦਰਤ ਦੀ ਰਹਿਮਤ ਏ।

—ਅਸੀ ਧਰਮ ਯੁੱਧ ਵੇਖਣ ਜਾ ਰਹੇ ਹਾਂ। ਵਾਪਸੀ ਤੇ ਜੇ ਅੱਲਾ ਤਾਲਾ ਨੇ ਸਾਨੂੰ ਫ਼ਤਹਿ ਬਖਸ਼ੀ ਖ਼ਾਂ ਸਾਹਬ ਜੇ ਅਹਿਮਦ ਸ਼ਾਹ ਅਬਦਾਲੀ ਨੇ ਤੁਹਾਨੂੰ ਡੇਰੇ ਤੇ ਸ਼ਿਕਾਰਪੁਰ ਦਾ ਇਲਾਕਾ ਇਨਾਮ 'ਚ ਦੇ ਦਿੱਤਾ ਤੇ ਤੁਸੀਂ ਮੈਨੂੰ ਉਥੋਂ ਦਾ ਕਾਜ਼ੀ ਬਣਾ ਦੇਣਾ।

—ਜਦੋਂ ਤਲਵਾਰਾਂ ਚਲਦੀਆਂ ਵੇਖੀਆਂ, ਮੌਤ ਦਾ ਨੰਗਾ ਨਾਚ, ਤਦ ਕੀ ਬਣੂ। ਕਲਮ ਚਲਾਉਣ ਵਾਲੇ ਮੌਤ ਦੀ ਕੁਰਲਾਹਟ ਨਹੀਂ ਵੇਖ ਸਕਦੇ। ਮੈਂ ਤੁਹਾਡੇ ਨਾਲ ਹਮ-ਰਕਾਬ ਰਹਾਂਗਾ ਤੇ ਜੰਗ ਦਾ ਹਾਲ ਲਿਖਾਂਗਾ।

ਨਸੀਰ ਖ਼ਾਂ ਨੇ ਇਹ ਗੱਲ ਪ੍ਰਵਾਨ ਕਰ ਲਈ ਕਿ ਅਹਿਮਦ ਸ਼ਾਹ ਅਬਦਾਲੀ ਤੇ ਵਹਿਸ਼ੀ ਸੀ ਉਹਨੂੰ ਕੀ ਪਤਾ ਸੀ ਕਿ ਤਾਰੀਖ਼ ਕੀ ਹੁੰਦੀ ਏ।

—ਚੱਲ ਨੂਰ ਮੁਹੰਮਦ ਚੱਲ। ਤੇਰੀ ਸੋਹਬਤ ਦਾ ਮਜ਼ਾ ਲਿਆ ਕਰਾਂਗੇ।

ਨੂਰ ਮੁਹੰਮਦ ਕਮਾਲ ਦਾ ਬੰਦਾ ਸੀ, ਪਰ ਡਰ ਜਾਂਦਾ ਜਦ ਅਹਿਮਦ ਸ਼ਾਹ ਅਬਦਾਲੀ ਦੀ ਸ਼ਕਲ ਵੇਖਦਾ। ਡਰਿਆ ਹੋਇਆ ਵੀ ਸੱਚ ਬੋਲ ਜਾਂਦਾ। ਭਾਵੇਂ ਤਾਰੀਖ਼ਦਾਨ ਕਿੰਨਾ ਵੀ ਝੂਠ ਬੋਲਣ ਸੱਚ ਉਨ੍ਹਾਂ ਦੀ ਕਲਮ 'ਚੋਂ ਜ਼ਰੂਰ ਨਿਕਲ ਪੈਂਦਾ ਏ।

ਪੰਦਰਾਂ ਹਜ਼ਾਰ ਨਿਹੰਗ ਲੈ ਕੇ ਜਵਾਹਰ ਸਿੰਘ ਭਰਤਪੁਰੀਏ ਦੀ ਮਦਦ ਨੂੰ ਆ ਗਿਆ। ਹੁਣ ਕੋਈ ਫ਼ਿਕਰ ਨਹੀਂ।

ਭੰਗੀ ਸਰਦਾਰ ਸਾਂਦਲਬਾਰ ਵਿਚ ਗੁਲਛੱਰੇ ਉਡਾ ਰਹੇ ਸਨ। ਉਹ ਵੀ ਦਲ ਵਿਚ ਆਣ ਰਲੇ।

ਬਾਰੀ ਦੁਆਬ ਦੇ ਇਲਾਕੇ ਵਿਚ 'ਕੱਲਾ ਸ਼ੇਰ ਗੱਜ ਰਿਹਾ ਸੀ ਸਰਦਾਰ ਚੜ੍ਹਤ ਸਿੰਘ। ਸਾਰੀਆਂ ਸੰਗਤਾਂ ਲਾਹੌਰ ਪੁੱਜ ਗਈਆਂ। ਵੈਸਾਖੀ ਲੱਗੀ ਹੋਈ ਸੀ। ਲਾਹੌਰ ਛਿੜ ਪੈਣ ਵਾਲੀ ਸੀ। ਸ਼ਾਹ ਨੱਕ ਦੀ ਸੇਧ ਤੇ ਲਾਹੌਰ ਪੁੱਜ ਗਿਆ। ਸਿੰਘਾਂ ਦਾ ਕਿਤੇ ਨਾਂ ਨਿਸ਼ਾਨ ਨਹੀਂ ਸੀ। ਹਰਨ ਹੋ ਗਿਆ ਦਲ।

ਸਰਦਾਰ ਇਕੱਠੇ ਕੀਤੇ—ਦੱਸੋ ਕੀ ਕੀਤਾ ਜਾਏ?

ਇਹ ਨਵੀਂ ਚਾਲ ਏ। ਸਿੰਘਾਂ ਲਾਹੌਰ ਛੱਡ ਦਿੱਤਾ ਏ। ਲਾਗੇ ਬੰਨੇ ਛੁਪੇ ਬੈਠੇ ਹਨ। ਮਗਰੋਂ ਪੈਣਗੇ। ਇਨ੍ਹਾਂ ਦਾ ਕੋਈ ਅਸੂਲ ਨਹੀਂ। ਗਿਰਝਾਂ ਵਾਂਗੂੰ ਆਣ ਪਏ ਅਕਾਲ-ਅਕਾਲ ਕੂਕਦੇ।

93

ਮੂੰਹ ਵਿਖਾਈ

ਜਿਸ ਜਗ੍ਹਾ ਤੇ ਬਿੱਲੀ ਦਾ ਬੱਚਾ ਵੀ ਨਜ਼ਰ ਨਹੀਂ ਸੀ ਆਉਂਦਾ, ਉਥੇ ਯਕਦਮ ਸਿੰਘਾਂ ਦੇ ਜਥੇ ਆਣ ਗੱਜੇ।

—ਸਾਹਮਣੇ ਲੜਨਾ ਏ ਜਾਂ ਨੱਸ-ਭੱਜ ਕੇ ਚੜ੍ਹਤ ਸਿੰਘ ਬੋਲਿਆ।

ਜਿੱਦਾਂ ਤੇਰੀ ਮਰਜ਼ੀ। ਅਜੇ ਮੇਰੀਆਂ ਸੱਟਾਂ ਤੇ ਅੰਗੂਰ ਨਹੀਂ ਆਇਆ।

—ਸਿੰਘਾਂ ਨੇ ਕਦੀ ਅੰਗੂਰ ਆਉਣ ਵੱਲ ਨਹੀਂ ਵੇਖਿਆ। ਫੱਟ ਲੱਗਦੇ ਹਨ, ਫੱਟ ਮਿਲ ਜਾਂਦੇ ਹਨ। ਅਸੀਂ ਤਲਵਾਰ ਨੂੰ ਸਾਨ ਲਾ ਰੱਖੀ ਏ। ਅੱਜ ਪਰਖਣੀ ਏ ਧਾਰ। ਚੱਲ ਵਾਰ ਕਰ, ਪਹਿਲ ਤੇਰੀ।

—ਨਹੀਂ ਅਸੀਂ ਵਾਰ ਰੋਕਾਂਗੇ, ਚੜ੍ਹਤ ਸਿੰਘ ਬੋਲਿਆ।

ਇਕ ਪਾਸਿਓਂ ਵਾਛੜ ਆਈ ਬੰਦੂਕਾਂ ਦੀਆਂ ਗੋਲੀਆਂ ਦੀ। ਦੂਜੇ ਪਾਸਿਓਂ ਦੂਜੀ

ਵਾਛੜ, ਤੀਜੇ ਪਾਸਿਓ ਮੀਂਹ ਵੀ ਵਰ੍ਹਨ ਲੱਗ ਪਿਆ। ਗੋਲੀਆਂ ਭਰਨ ਵਿਚ ਸਿਰਫ਼ ਅੱਖ ਝਮਕਣ ਦੀ ਦੇਰ ਲੱਗਦੀ। ਅਹਿਮਦ ਸ਼ਾਹ ਅਬਦਾਲੀ ਘੋੜੇ ਤੇ ਸਵਾਰ ਸੀ ਤੇ ਚੜ੍ਹਤ ਸਿੰਘ ਨੇ ਵੀ ਘੋੜੇ ਦੀਆਂ ਲਗਾਮਾਂ ਥੰਮ੍ਹੀਆਂ ਹੋਈਆਂ ਸਨ।

ਗੋਲੀਆਂ ਚੱਲ ਰਹੀਆਂ ਸਨ। ਮੀਂਹ ਵਰ੍ਹ ਰਿਹਾ ਸੀ।

ਅਹਿਮਦ ਖ਼ਾਂ ਤੇ ਉਹਦਾ ਪੁੱਤ ਗੋਲੀਆਂ ਦੀ ਵਾਛੜ ਵਿਚ ਈ ਅੱਲਾ ਨੂੰ ਪਿਆਰੇ ਹੋ ਗਏ।

ਮਾਰਿਆ ਗਿਆ ਬਲੋਚ ਭੰਗ ਦੇ ਭਾੜੇ।

ਬਲੋਚ ਹੈਰਾਨ ਸਨ ਕਿ ਇਹ ਜੰਗ ਏ ਜਾਂ ਤਮਾਸ਼ਾ ਮਦਾਰੀ ਦਾ!

—ਹਮਲਾ, ਜ਼ੋਰ ਦਾ ਹਮਲਾ, ਅਹਿਮਦ ਸ਼ਾਹ ਅਬਦਾਲੀ ਦੀ ਆਵਾਜ਼ ਸੀ।

—ਖ਼ਾਲਸਾ ਹਰਨ ਹੋ ਜਾਏ, ਚੜ੍ਹਤ ਸਿੰਘ ਦੀ ਆਵਾਜ਼ ਸੀ। ਮੈਂ ਖੜ੍ਹਾ ਹਾਂ।

—ਖ਼ਾਲਸੇ ਨੇ ਅਹਿਮਦ ਸ਼ਾਹ ਅਬਦਾਲੀ ਦੇ ਚੰਗੇ ਬੁਥਾੜ ਭੰਨੇ। ਜਥੇ ਵਾਲਿਆਂ ਚੰਗੀ ਤਲਵਾਰ ਵਾਹੀ ਤੇ ਢੇਰ ਲਾ ਦਿੱਤੇ ਲਾਸ਼ਾਂ ਦੇ। ਖ਼ਾਲਸਾ ਹਰਨ ਵੀ ਹੋ ਰਿਹਾ ਸੀ ਤੇ ਕਤਲ ਵੀ ਕਰੀ ਜਾ ਰਿਹਾ ਸੀ। ਬਲੋਚ ਝਟਕਾ ਦਿੱਤੇ ਮੈਦਾਨ ਫਿਰ ਖ਼ਾਲੀ ਸੀ।

—ਆ ਅੱਜ ਅਸੀਂ ਦੋ ਹੱਥ ਕਰ ਲਈਏ। ਅਹਿਮਦ ਸ਼ਾਹ ਅਬਦਾਲੀ ਆਖਣ ਲੱਗਾ।

—ਅਜੇ ਫ਼ੌਜਾਂ ਦੀਆਂ ਅੱਖਾਂ 'ਚ ਚੜ੍ਹਿਆ ਖ਼ੂਨ ਉਤਰ ਜਾਏ। ਜ਼ਰਾ ਜੋਸ਼ ਮੱਠਾ ਪੈ ਜਾਏ ਤੇ ਫੇਰ ਅਸੀਂ ਵੀ ਚਾਅ ਲਾਹ ਲਵਾਂਗੇ।

—ਅਸਾਂ ਲਾਹੌਰ ਦੇ ਚਾਰ ਬੁਰਜ ਮੱਲੇ ਹੋਏ ਨੇ। ਸਾਰਾ ਬੁੱਢਾ ਦਲ ਅਸਾਂ ਝੋਕ ਦਿੱਤਾ ਏ। ਲਾਹੌਰ 'ਚ ਅਸੀਂ ਤੇਰੇ ਪੈਰ ਨਹੀਂ ਲੱਗਣ ਦੇਣੇ। ਅਸਾਂ ਛਾਉਣੀਆਂ ਪੱਕੀਆਂ ਬਣਾ ਲਈਆਂ ਨੇ ਤੇ ਥਾਣੇ ਵੀ ਪੱਕੇ। ਤੇਰੇ ਸਾਰੇ ਜਰਨੈਲਾਂ ਦੇ ਨੱਕ 'ਚ ਨਕੇਲ ਪਾ ਲਈ ਏ। ਇਕੋ ਰਿੱਛ ਰਹਿੰਦਾ ਏ ਰੱਸਾ ਪਾਉਣ ਵਾਲਾ। ਤੇਰੇ ਯਾਰ ਦਿੱਲੀ 'ਚ ਉਡੀਕ ਰਹੇ ਸਨ। ਜਾਹ ਸਾਨੂੰ ਵੀ ਚਾਰ ਦਿਨ ਰਾਜ ਕਰਕੇ ਵੇਖ ਲੈਣ ਦੇ।

—ਲਾਹੌਰ ਤੇ ਅਹਿਮਦ ਸ਼ਾਹ ਅਬਦਾਲੀ ਦੇ ਸਾਹਮਣੇ ਸਿੰਘ ਤਖ਼ਤਪੋਸ਼ ਵਿਛਾ ਕੇ ਬੈਠ ਜਾਣ। ਤੇ ਮੈਂ ਇਥੇ ਫੇਰ ਕੀ ਲੈਣ ਆਇਆ ਹਾਂ।

ਦੁਰਾਨੀ ਤੇ ਬਲੋਚ ਏਸ ਖ਼ੁਸ਼ੀ ਵਿਚ ਸਨ ਕਿ ਅਸਾਂ ਮੈਦਾਨ ਮਾਰ ਲਿਐ।

ਹਰਨ ਹੋਇਆ ਜਥਾ ਫੇਰ ਪਿੱਛੇ ਮੁੜਿਆ ਤੇ ਉਨ੍ਹਾਂ ਤਲਵਾਰਾਂ ਦੇ ਘੁੰਡ ਲਾਹ ਦਿੱਤੇ। ਬੰਦੂਕਾਂ ਚੱਲੀਆਂ ਅੱਧੀ ਨਫ਼ਰੀ ਭੰਨ ਸੁੱਟੀ। ਚੜ੍ਹਤ ਸਿੰਘ ਨੇ ਆਪਣੀਆਂ ਅੱਖਾਂ ਸਾਹਮਣੇ ਤੜਫਦੀ ਖ਼ਲਕਤ ਵੇਖੀ।

ਬਲੋਚ ਆਖ ਰਹੇ ਸਨ, ਸਿੰਘ ਵਾਕਿਆ ਈ ਬਹਾਦਰ ਹਨ।

ਦੁਰਾਨੀ ਵੀ ਪਨਾਹ ਮੰਗ ਗਏ। ਨਾ ਅਹਿਮਦ ਸ਼ਾਹ ਦੇ ਘੋੜੇ ਨੇ ਸੁੰਮ ਚੁੱਕਿਆ ਤੇ ਨਾ ਚੜ੍ਹਤ ਸਿੰਘ ਦਾ ਘੋੜਾ ਈ ਹਿੱਲਿਆ।

ਰੁਹੇਲੇ ਦਸਤਿਆਂ ਦੀਆਂ ਕਤਾਰਾਂ ਵੀ ਮਦਦ ਨੂੰ ਪੁੱਜੀਆਂ। ਅਬਦੁਲਾ ਨਬੀ, ਅਸੀਰ ਖ਼ਾਂ, ਜਥੇ ਆਉਂਦੇ, ਹਮਲਾ ਕਰਦੇ ਤੇ ਹਰਨ ਹੋ ਜਾਂਦੇ।

ਬਲੋਚ ਖ਼ੂਬ ਮਰੇ। ਦੁਰਾਨੀਆਂ ਦੀ ਵੀ ਗਿਣਤੀ ਘੱਟ ਨਹੀਂ ਸੀ। ਸਿੰਘਾਂ ਦੇ ਬੰਦੇ ਤੇ ਮਰਨੇ ਈ ਸਨ, ਪਰ ਅਬਦੁੱਲਾ ਨਬੀ ਤੇ ਨਸੀਬ ਖ਼ਾਂ ਮੂੰਹ 'ਚ ਉਂਗਲਾਂ ਪਾ ਰਹੇ ਸਨ।

ਜੰਗ ਅਜੇ ਮੁੱਕੀ ਨਹੀਂ ਸ਼ੁਰੂ ਹੋਈ ਏ।

ਹਥਿਆਰ ਉਹ ਜਿਹੜਾ ਵੇਲੇ ਸਿਰ ਕੰਮ ਆ ਆਏ।

ਸਿੰਘ ਤਲਵਾਰ ਚੁੱਕਣ ਨਹੀਂ ਸਨ ਦਿੰਦੇ ਪਹਿਲਾਂ ਈ ਦੋ ਟੋਟੇ ਕਰ ਦਿੰਦੇ ਸਨ।

—ਇਹ ਬੰਦੇ ਹਨ ਜਾਂ ਖੂੰਖਾਰ ਭੇੜੀਏ ? ਮੌਤ ਇਨ੍ਹਾਂ ਦੀਆਂ ਛਾਉਣੀਆਂ ਵਿਚ ਨੱਚਦੀ ਰਹਿੰਦੀ ਏ।

—ਅਹਿਮਦ ਸ਼ਾਹ ਸਾਡਾ ਜਥੇਦਾਰ ਪਿੱਛੇ ਖੜ੍ਹਾ ਏ। ਓਸ ਇਕ ਬਾਲਕੇ ਨੂੰ ਭੇਜਿਆ।

—ਇਹ ਲੜਾਈ ਸਾਰਾ ਦਿਨ ਚੱਲਣੀ ਏ। ਮੇਰਾ ਖ਼ਿਆਲ ਏ ਤੁਸੀਂ ਦੋਵੇਂ ਜਣੇ ਆਪਣੇ ਪੁੱਤਰਾਂ ਦੇ ਕਮਾਲ ਵੇਖੋ। ਸਿੱਖ ਤੇ ਅੱਗੇ ਈ ਆਦੀ ਹਨ ਆਪਣੇ ਪੁੱਤਰ ਸ਼ਹੀਦ ਕਰਾਉਣ ਵਿਚ ਤੇ ਖਿੜੇ ਮੱਥੇ ਆਖਦੇ ਹਨ ਵਾਹਿਗੁਰੂ ਤੇਰੀ ਅਮਾਨਤ ਤੈਨੂੰ ਦੇ ਕੇ ਅਸੀਂ ਸੁਰਖ਼ਰੂ ਹੋ ਗਏ। ਬੜੇ ਨਿਹਾਲ ਹਾਂ।

ਅਹਿਮਦ ਸ਼ਾਹ ਇਨ੍ਹਾਂ ਬਹਾਦਰਾਂ ਨੂੰ ਜਿੱਤ ਨਹੀਂ ਸਕਦਾ।

ਅਹਿਮਦ ਸ਼ਾਹ ਅਬਦਾਲੀ ਨੇ ਇਕ ਵਾਰ ਘੋੜਾ ਕੱਢਿਆ ਤੇ ਚੜ੍ਹਤ ਸਿੰਘ ਨੇ ਮਗਰੇ ਲਾਇਆ ਘੋੜਾ। ਨੇਜ਼ਾ ਮਾਰਿਆ ਬਾਂਹ ਵਿੰਨ੍ਹ ਕੇ ਰੱਖ ਦਿੱਤੀ।

ਤਲਵਾਰ ਐਵੇਂ ਓਪਰੀ ਜਿਹੀ ਛੁਹਾਈ ਗਈ। ਤਲਵਾਰ ਦਾ ਖੜਾਕ ਵੀ ਨਹੀਂ ਹੋਇਆ। ਲਹੂ ਦੀਆਂ ਛੱਪੜੀਆਂ ਲੱਗ ਗਈਆਂ। ਏਸੇ ਝੜਪ ਵਿਚ ਨਸੀਰ ਖ਼ਾਂ ਦਾ ਘੋੜਾ ਮਾਰਿਆ ਗਿਆ। ਕੋਈ ਜ਼ਖ਼ਮ ਨਹੀਂ ਹੋਇਆ। ਐਵੇਂ ਝਰੀਟਾਂ ਜਿਹੀਆਂ ਆਈਆਂ ਹਨ।

ਨਸੀਰ ਖ਼ਾਂ ਛੋਹਲਾ ਸੀ। ਤੇਜ਼ ਹਮਲਾ ਕੀਤਾ, ਵਿਚਾਰੇ ਦਾ ਜਿਸਮ ਜ਼ਖ਼ਮੀ ਹੋ ਗਿਆ। ਕੱਪੜੇ ਲਹੂ-ਲੁਹਾਨ ਹੋ ਗਏ। ਅਜੇ ਤੇ ਸਿੱਖਾਂ ਦੀ ਇਹ ਪਹਿਲੀ ਦੇਣ ਸੀ।

ਸਾਰਾ ਦਿਨ ਲੜਾਈ ਪੂਰੇ ਜੋਬਨ ਤੇ ਰਹੀ।

ਕਿੰਨੇ ਮਰੇ ਤੇ ਕਿੰਨੇ ਜ਼ਖ਼ਮੀ ਹੋਏ ਇਹ ਤੇ ਖ਼ੁਦਾ ਈ ਜਾਣਦੈ, ਪਰ ਬਲੋਚ ਇਕੋ ਦਿਨ ਵਿਚ ਈ ਦਿਲ ਛੱਡ ਗਏ।

ਸੂਰਜ ਡੁੱਬਿਆ ਨਹੀਂ ਸੀ, ਪਰ ਲੜਾਈ ਵੀ ਬੰਦ ਨਹੀਂ ਸੀ ਹੋਈ। ਥੱਕੇ ਜਵਾਨ ਘਬਰਾਏ ਗੱਭਰੂ ਤੇ ਉਨ੍ਹਾਂ ਆਪਣੀਆਂ ਤਲਵਾਰਾਂ ਨੂੰ ਥੰਮ੍ਹ ਲਿਆ।

ਅਹਿਮਦ ਸ਼ਾਹ ਅਬਦਾਲੀ ਆਪਣੀ ਛਾਉਣੀ ਵਿਚ ਚਲਾ ਗਿਆ ਤੇ ਸਰਦਾਰ ਚੜ੍ਹਤ ਸਿੰਘ ਜ਼ਖ਼ਮੀਆਂ ਦੀ ਮਰਹਮ ਪੱਟੀ ਕਰ ਰਿਹਾ ਸੀ।

—ਹੁਣ ਸਾਡੇ ਮੁੰਡੇ ਜਵਾਨ ਹੋ ਗਏ ਹਨ। ਅਬਦਾਲੀ ਓਹ ਦਿਨ ਹਵਾ ਹੋ ਗਏ ਹੁਣ ਬਰਾਬਰ ਦੀ ਟੱਕਰ ਏ।

ਸਾਰੀ ਰਾਤ ਕਿਸੇ ਨੂੰ ਸੁਰਤ ਨਾ ਆਈ ਤੇ ਰਾਤ ਦੇ ਹਨੇਰੇ ਵਿਚ ਈ ਅਹਿਮਦ ਸ਼ਾਹ ਅਬਦਾਲੀ ਗੁੰਮ ਹੋ ਗਿਆ।

ਸਾਰੀ ਫ਼ੌਜ ਨੂੰ ਖ਼ੁਦਾ ਦੇ ਸਹਾਰੇ ਛੱਡ ਕੇ।

ਬਲੋਚ ਵੇਖ ਰਹੇ ਸਨ ਸਿੰਘਾਂ ਦੇ ਜਲਾਲ। ਜਿਨ੍ਹਾਂ ਦੇ ਅੰਦਰ ਏਨਾ ਜਜ਼ਬਾ ਏ ਜਹਾਦ ਉਥੇ ਕੀ ਖੋਹਣ ਖੋਹ ?

ਗੁਰੂ ਕੀ ਨਗਰੀ

ਲਾਹੌਰ ਵਿਚ ਦਾਲ ਨਾ ਗਲੀ। ਅਹਿਮਦ ਸ਼ਾਹ ਅਬਦਾਲੀ ਦਾ ਸਾਰਾ ਗੁੱਮਾ ਲੱਥ ਗਿਆ। ਠੰਢਾ ਹੋ ਕੇ ਬਹਿ ਗਿਆ। ਸਿੰਘ ਆਏ ਵੀ ਤੇ ਚਲੇ ਵੀ ਗਏ। ਕਿਧਰ ਨੂੰ ਹਰਨ ਹੋਏ ਹਨ? ਇਹ ਕੋਈ ਨਹੀਂ ਸੀ ਦੱਸ ਸਕਦਾ। ਕੀ ਇਹ ਸਾਰੇ ਮੇਰੇ ਦੁਸ਼ਮਨ ਹੋ ਗਏ ਹਨ। ਮੇਰੇ ਯਾਰ, ਮੇਰੇ ਦੋਸਤ ਕਿਧਰ ਗਏ। ਸਿੰਘ ਖ਼ੂਬ ਲੜੇ ਪਰ ਹਰਨ ਹੋ ਗਏ ਤੇ ਪਤਾ ਵੀ ਨਾ ਲੱਗਾ। ਨਸੀਰ ਖ਼ਾਂ ਆਖਣ ਲੱਗਾ—ਇਹ ਕਿਹੋ ਜਿਹੀ ਜੰਗ ਏ। ਅੱਧ ਵਿਚ ਛੱਡ ਜਾਣਾ ਕੋਈ ਮਰਦਾਨਗੀ ਏ।

—ਖ਼ਾਨ ਬਹਾਦਰ ਇਹ ਸਿੱਖ ਹਨ। ਇਨ੍ਹਾਂ ਦਾ ਕਿਸੇ ਨੇ ਪਾਰਾਵਾਰ ਨਹੀਂ ਪਾਇਆ। ਇਹ ਆਉਂਦੇ ਨਜ਼ਰੀਂ ਪੈਂਦੇ ਹਨ ਜਾਂਦੇ ਕਿਸੇ ਨੇ ਨਹੀਂ ਵੇਖੇ। ਧੀਰਜ ਨਾਲ, ਬੜੀ ਕਾਹਲੀ ਕਰੋਗੇ ਤੇ ਮਾਰ ਖਾ ਜਾਓਗੇ। ਇਹ ਤਲਵਾਰ ਦੇ ਧਨੀ ਹਨ ਕੀ ਪਤਾ ਕਿਸੇ ਗੁੱਠੋਂ ਫਿਰ ਉੱਠ ਪੈਣ।

—ਮੈਂ ਹੁਣ ਏਥੇ ਕੀ ਕਬੂਤਰ ਉਡਾਵਾਂ? ਲਾਹੌਰ ਨੂੰ ਲੁੱਟਣਾ ਕੋਈ ਅਕਲਮੰਦੀ ਨਹੀਂ। ਇਹ ਸਾਡੀ ਰਾਜਧਾਨੀ ਏ। ਅੱਜ ਸਿੱਖਾਂ ਦੀ ਅਰਦਲ ਵਿਚ ਏ, ਕੱਲ੍ਹ ਅਸੀਂ ਮਾਲਕ ਹੋਵਾਂਗੇ। ਸਾਡਾ ਪਾਣੀ ਭਰਨਗੇ ਲਾਹੌਰ ਦੇ ਹਾਕਮ।

—ਨਜ਼ੀਬੁਲਦੌਲਾ ਆਪਣਾ ਯਾਰ ਏ, ਹਮਦਰਦ ਏ ਤੇ ਦਿੱਲੀ ਦੇ ਤਖ਼ਤ ਦੇ ਖ਼ਾਬ ਵੀ ਵੇਖ ਰਿਹਾ ਏ। ਮੁਗ਼ਲ ਬਾਦਸ਼ਾਹ ਤੇ ਐਵੇਂ ਮਿੱਟੀ ਦੇ ਮਾਧੋ ਹਨ। ਰਾਜ ਤੇ ਰੁਹੇਲਿਆਂ ਦਾ ਏ। ਮਰਹੱਟੇ ਜ਼ਿੰਦਗੀ ਭਰ ਦਿੱਲੀ ਵੱਲ ਵੇਖ ਵੀ ਨਹੀਂ ਸਕਦੇ। ਸਾਡੀ ਦਿੱਲੀ ਵਿਚ 'ਤੇ ਨਜ਼ਰ ਏ। ਅਜੇ ਬੜੀਆਂ ਹਵੇਲੀਆਂ, ਮਹਿਲ ਤੇ ਵਪਾਰੀ ਬਾਕੀ ਹਨ। ਆਸੇ-ਪਾਸੇ ਦੀਆਂ ਸੂਬੇਦਾਰੀਆਂ ਜੀਊਂਦੀਆਂ ਹਨ।

—ਮੁਗ਼ਲਾਨੀ ਬੇਗ਼ਮ ਨੂੰ ਸੱਦੋ। ਉਹ ਵੀ ਕੰਮ ਦੀ ਔਰਤ ਏ। ਉਹਨੂੰ ਵੀ ਸੂਬੇਦਾਰੀ ਚਾਹੀਦੀ ਏ।

ਆਣ ਸਲਾਮ ਕੀਤੀ ਮੁਗ਼ਲਾਨੀ ਬੇਗ਼ਮ ਨੇ—ਕੀ ਹੁਕਮ ਏ ਹਜ਼ੂਰ?

ਤੂੰ ਸਲਾਮ ਕਰਨ ਵੀ ਨਹੀਂ ਆਈ?

—ਬੜੀ ਭੀੜ ਸੀ ਮੈਂ ਆਖਿਆ ਸਰਕਾਰਾਂ ਵਿਹਲੀਆਂ ਹੋ ਜਾਣ ਤੇ ਫੇਰ ਚੱਲਾਂਗੇ।

—ਤੇਰੇ ਹੁਸਨ ਦੀਆਂ ਲਾਟਾਂ ਦੇ ਥਾਂ-ਥਾਂ ਚਰਚੇ ਹਨ ਤੇ ਤੂੰ ਬੁਰਕੇ ਵਿਚ ਹੁਸਨ ਦੇ ਸ਼ੋਅਲੇ ਕੈਦ ਕੀਤੇ ਹਨ। ਹੁਣ ਤੇਰੀ ਸੂਬੇਦਾਰੀ ਪੱਕੀ ਹੋਣ ਦੇ ਦਿਨ ਹਨ। ਸੁਣਿਆ ਏ ਤੂੰ ਸਿੰਘਾਂ ਤੇ ਡੋਰੇ ਪਾ ਰਹੀ ਏਂ, ਕੀ ਇਹ ਸੱਚ ਏ?

—ਝੂਠੀਆਂ ਅਫ਼ਵਾਹਾਂ ਫੈਲਾ ਕੇ ਅਗਲੇ ਨੂੰ ਬਦਨਾਮ ਕਰਨਾ ਲੋਕਾਂ ਦਾ ਪੇਸ਼ਾ ਏ।

—ਮੈਨੂੰ ਜਲਦੀ ਏ ਦਿੱਲੀ ਤੋਂ ਵਾਪਸ ਆ ਕੇ ਤੈਨੂੰ ਨਿਹਾਲ ਕਰ ਦਿਆਂਗੇ।

—ਹਜ਼ੂਰ ਦੀ ਨਜ਼ਰੇ-ਇਨਾਇਤ ਏ। ਮੈਂ ਬਾਂਦੀ ਕਾਹਦੇ ਜੋਗੀ ਹਾਂ।

—ਅੱਛਾ ਫੇਰ ਮਿਲੀਂ ਮੈਂ ਜਲਦ ਲਾਹੌਰ ਆ ਰਿਹਾ ਹਾਂ।

ਬੇਗ਼ਮ ਚਲੀ ਗਈ ਤੇ ਅਹਿਮਦ ਸ਼ਾਹ ਅਬਦਾਲੀ ਦੀਆਂ ਗੱਲ੍ਹਾਂ ਅੱਥਰੂਆਂ ਨਾਲ ਗਿੱਲੀਆਂ ਹੋ ਗਈਆਂ। ਬਲੋਚ ਗਰਮੀ ਤੋਂ ਪ੍ਰੇਸ਼ਾਨ ਸਨ। ਵਿਸਾਖੀ ਨੂੰ ਬੁੱਢੇ ਦਲ ਵਾਲੇ ਤੇ ਤਰਨਾ ਦਲ ਵਾਲੇ ਅੰਮ੍ਰਿਤਸਰ ਇਕੱਠੇ ਹੋ ਰਹੇ ਸਨ। ਬੜੀ ਭੀੜ ਹੋਣੀ ਏ। ਮੇਲਾ ਲੱਗਣਾ ਏ ਵਿਸਾਖੀ ਦਾ ਅੰਮ੍ਰਿਤਸਰ ਵਿਚ।

—ਇਨ੍ਹਾਂ ਕਾਫ਼ਰਾਂ ਨੂੰ ਇਕ ਵਾਰ ਫੇਰ ਕਰਾਰੀ ਸੱਟ ਮਾਰਨੀ ਏ। ਸੁਣਿਆ ਏ ਇਨ੍ਹਾਂ ਨੇ ਸਰੋਵਰ ਸਾਫ਼ ਕਰ ਦਿੱਤੈ। ਇਹ ਫੇਰ ਜੀਊਣ ਜੋਗੇ ਹੋ ਗਏ ਹਨ। ਇਹ ਕ੍ਰਿਸ਼ਮਾ, ਇਹ ਆਬੇ-ਹਯਾਤ ਦਾ ਸਰੋਵਰ ਜਦ ਤਕ ਹੈ ਇਹ ਸਿੱਖ ਨਹੀਂ ਮਰ ਸਕਦੇ। ਹਰਿਮੰਦਰ ਇਕ ਐਸੀ ਮਸਜਿਦ ਏ, ਇਨ੍ਹਾਂ ਦੀ ਬਾਣੀ ਖ਼ੁਦਾ ਦੀ ਦਾਤ ਏ। ਇਹ ਮੁਸਲਮਾਨਾਂ ਪੀਰਾਂ, ਫ਼ਕੀਰਾਂ ਦੀ ਬਾਣੀ ਨੂੰ ਵੀ ਪੂਜਦੇ ਹਨ ਤੇ ਇਹਨਾਂ ਦੇ ਗੁਰੂ ਵੀ ਬੜੀ ਸ਼ਰਧਾ ਰੱਖਦੇ ਹਨ ਪੀਰਾਂ ਫ਼ਕੀਰਾਂ ਤੇ।

—ਇਨ੍ਹਾਂ ਦੀ ਮੌਤ ਦੇ ਤਿੰਨ ਰਾਜ਼ ਹਨ। ਦਰਸ਼ਨ ਹਰਿਮੰਦਰ ਦੇ, ਇਸ਼ਨਾਨ ਸਰੋਵਰ ਦਾ ਤੇ ਬਾਣੀ ਗੁਰੂਆਂ ਦੀ।

—ਨਿਹੰਗ ਬਹੁਤ ਸਖ਼ਤਜਾਨ ਹਨ ਤੇ ਲੜਾਕੇ।

ਕੂਚ ਦਾ ਹੁਕਮ ਦੇ ਦਿੱਤਾ ਅਬਦਾਲੀ ਨੇ। ਕਿਧਰ ਨੂੰ ਜਾਣਾ ਏ ਐਲਾਨ ਵਕਤ ਸਿਰ ਕੀਤਾ ਜਾਏਗਾ। ਪਹਿਲਾ ਨਿਸ਼ਾਨਾ ਅੰਮ੍ਰਿਤਸਰ।

ਜੇ ਉਥੇ ਸਿੰਘਾਂ ਦੀ ਰੌਣਕ ਇਕੱਠੀ ਮਿਲ ਜਾਏ ਤੇ ਫੇਰ ਹਮਲਾ ਜ਼ੋਰਦਾਰ। ਹਮਲਾ ਤੇ ਇਕੋ ਈ ਝਟਕੇ 'ਚ ਕਰੋ, ਬਰਬਾਦ ਕਰ ਦਿਓ। ਹੁਣ ਉਨ੍ਹਾਂ ਕੋਲ ਤੋਪਾਂ ਵੀ ਨਹੀਂ ਹਨ।

ਬਲੋਚ ਗਰਮੀ ਨਾਲ ਤੜਫ ਰਹੇ ਹਨ। ਸ਼ਰਬਤ ਪਿਆਓ ਸ਼ਰਦਾਈ ਘੋਟ ਕੇ ਬਦਾਮਾਂ ਦੀ, ਠੰਢ ਪੈ ਜਾਏਗੀ।

ਤਿੰਨ ਦਿਨ ਤੇ ਤਿੰਨ ਰਾਤਾਂ ਅਹਿਮਦ ਸ਼ਾਹ ਅਬਦਾਲੀ ਦਾ ਲਸ਼ਕਰ ਸਫ਼ਰ ਕਰਦਾ, ਰਿਹਾ। ਤਦ ਜਾ ਕੇ ਟਿਕਾਣੇ ਲੱਗੇ। ਗੁਰੂ ਦੀ ਨਗਰੀ ਨਜ਼ਰ ਆਈ।

ਇਹੋ ਈ ਜਗ੍ਹਾ ਏ ਜਿੱਥੇ ਆਬੇ-ਹਯਾਤ ਦਾ ਚਸ਼ਮਾ ਏ। ਕਈ ਵਾਰ ਬਰਬਾਦ ਕੀਤਾ ਪਰ ਇੰਨੇ ਸ਼ਰਧਾਲੂ ਹਨ ਇਹ ਝੱਟ ਬਣਾ ਲੈਂਦੇ ਹਨ। ਆਪੇ ਮਜ਼ਦੂਰ ਤੇ ਆਪੇ ਮਿਸਤਰੀ। ਇਨ੍ਹਾਂ ਦੇ ਸਵਾਸਾਂ ਵਿਚ ਸ਼ਰਧਾ ਲੁਕੀ ਹੋਈ ਏ।

ਅੰਮ੍ਰਿਤਸਰ ਪੁੱਜ ਕੇ ਪਤਾ ਲੱਗਾ ਦਲ ਚਕਰਵਰਤੀ ਹੋ ਗਿਆ ਏ। ਉਜਾੜ ਪਈ ਹੋਈ ਸੀ। ਕੋਈ ਸਿੰਘ ਦਾ ਨਾਮੋ-ਨਿਸ਼ਾਨ ਵਿਖਾਈ ਨਹੀਂ ਸੀ ਦਿੰਦਾ।

—ਬੇ-ਅਰਥ ਹੋਇਆ ਇਥੇ ਆਉਣਾ। ਮੇਰਾ ਖ਼ਰਚ, ਮੈਂ ਭਾਰ ਥੱਲੇ ਦਬ ਗਿਆ।

ਅਹਿਮਦ ਸ਼ਾਹ ਅਬਦਾਲੀ ਚਕਰਾ ਗਿਆ। ਚਾਰ-ਚੁਫੇਰੇ ਨਜ਼ਰ ਮਾਰੀ। ਬੁੰਗੇ ਖ਼ਾਲੀ ਸਨ ਸਿਰਫ਼ ਤੀਹ ਬੰਦੇ ਨਿਕਲੇ। ਉਹ ਪੁਜਾਰੀ ਸਨ ਜਾਂ ਸ਼ਰਧਾਲੂ। ਕੋਈ ਲੜਾਕੇ ਸਿਪਾਹੀ ਨਹੀਂ ਸਨ।

—ਸਿੰਘ ਕਿੱਥੇ ਗਏ ?—ਦਲ ਆਇਆ ਸੀ ਚਲਾ ਗਿਆ ਮਾਲਵੇ।

ਭਾਈ ਗੁਰਬਖ਼ਸ਼ ਸਿੰਘ ਦਾ ਜਥਾ ਬੁੰਗਿਆਂ 'ਚੋਂ ਨਿਕਲਿਆਂ ਤੇ ਤਲਵਾਰ ਵਾਹੀ। ਇੰਨੀ ਫ਼ੌਜ ਅੱਗੇ ਇਨ੍ਹਾਂ ਦੀ ਕੀ ਵੱਟੀ ਦੀ ਸੀ ਬਿਲਕੁਲ ਚਮਕੌਰ ਦੀ ਗੜ੍ਹੀ ਵਾਲਾ ਸੀਨ ਸੀ।

—ਵੀਹ ਬੰਦਿਆਂ ਸ਼ਹੀਦੀਆਂ ਪਾ ਲਈਆਂ। ਫ਼ੌਜ ਦੇ ਹਿੱਸੇ ਇਕ-ਇਕ ਬੋਟੀ ਨਾ ਆਈ।

ਨਸੀਰ ਖ਼ਾਂ ਆਖਣ ਲੱਗਾ, ਸੁਲਾਹ ਕਰ ਲੈਂਦੇ, ਹੱਥ ਜੋੜ ਲੈਂਦੇ ਜਾਨ ਬਚ ਜਾਂਦੀ।
—ਨਾ ਇਹ ਸੁਲਾਹ ਕਰਨ ਤੇ ਨਾ ਇਹ ਹੱਥ ਜੋੜਨ। ਇਹ ਲਿਫਣਾ ਤੇ ਜਾਣਦੇ ਈ ਨਹੀਂ। ਟੁੱਟ ਜਾਂਦੇ ਹਨ।

ਕਾਜ਼ੀ ਨੂਰ ਮੁਹੰਮਦ ਨੇ ਅੱਖੀਂ ਵੇਖਿਆ ਇਹ ਸਾਕਾ ਤੇ ਲਿਖਿਆ। ਅਸ਼-ਅਸ਼ ਕਰ ਉੱਠਿਆ ਇਹ ਜਿੰਦਾ ਕੌਮ ਦੀਆਂ ਨਿਸ਼ਾਨੀਆਂ ਹਨ।

ਮੁਰਗੇ ਭੁੰਨੇ ਦੇਗਾਂ ਚਾੜ੍ਹੀਆਂ ਗਊ ਦੇ ਮਾਸ ਦੀਆਂ ਤੇ ਪਰਿਕਰਮਾ 'ਚ ਬੈਠ ਕੇ ਖਾਧੀ।

—ਕਾਫਰੋ ਮੈਂ ਹਾਜ਼ਰੀ ਲਾ ਚੱਲਿਆ ਹਾਂ।

ਤੀਹ ਸ਼ਹੀਦੀਆਂ ਪਾਉਣ ਵਾਲੇ। ਗੁਰੂ ਦੇ ਲਾਡਲੇ ਗੁਰੂਪੁਰੀ ਪੁੱਜ ਗਏ।

ਅਬਦਾਲੀ ਨੇ ਸਲਾਹ ਬਣਾਈ ਦਿੱਲੀ ਚਲੋ।

—ਫ਼ੌਜ ਲੁੱਟਦੀ, ਖਾਂਦੀ ਤੇ ਦਿੱਲੀ ਵੱਲ ਮੌਜ-ਮੇਲਾ ਕਰਦੀ ਤੁਰ ਪਈ।

—ਸ਼ਿਕਾਰ ਮਿਲਿਆ ਨਹੀਂ ਐਵੇਂ ਖੁੱਚੀ ਘੱਟਾ ਪਵਾ ਕੇ ਜਾ ਰਹੇ ਹਾਂ।

95

ਪਹਿਲਾਂ ਦਿੱਲੀ

ਸਾਰੇ ਹਿੰਦੁਸਤਾਨ ਦਾ ਚਿਹਰਾ-ਮੋਹਰਾ ਦਿੱਲੀ। ਦਿੱਲੀ ਵਿਚ ਅਜੇ ਵੀ ਢੇਰ ਦੌਲਤਾਂ ਹਨ। ਇਨ੍ਹਾਂ ਨੂੰ ਖ਼ਾਕਸ਼ਾਹ ਬਣਾ ਕੇ ਸਾਹ ਲੈਣੈ। ਦਿੱਲੀ ਵਾਲੇ ਸੜਕਾਂ ਤੇ ਭੀਖ ਮੰਗਦੇ ਫਿਰਨ। ਨਵਾਬਾਂ ਕੋਲੋਂ ਟੋਕਰੀ ਨਹੀਂ ਚੁੱਕੀ ਜਾਣੀ।

ਨਜ਼ੀਬੁਲਦੌਲਾ ਘਿਰਿਆ ਹੋਇਆ ਸੀ। ਜਦ ਓਸ ਸੁਣਿਆ ਕਿ ਸ਼ਾਹ ਦਿੱਲੀ ਵਲ ਆ ਰਿਹੈ ਤੇ ਓਸ ਪੁੱਠੀਆਂ ਛਾਲਾਂ ਮਾਰੀਆਂ। ਖ਼ਬਰ ਸੁਣਦਿਆਂ ਈ ਦੁਸ਼ਮਨ ਨੌਂ-ਦੋ ਗਿਆਰਾਂ ਹੋ ਜਾਣਗੇ।

ਅੰਮ੍ਰਿਤਸਰ ਤੋਂ ਲਾਹੌਰ ਮੁੜਿਆ ਅਹਿਮਦ ਸ਼ਾਹ ਅਬਦਾਲੀ। ਦਿੱਲੀ ਦੀ ਸਲਾਹ ਛੱਡ ਦਿੱਤੀ। ਸਾਡਾ ਸ਼ਿਕਾਰ ਸਿੱਖ ਸਨ ਉਹ ਪਹਾੜ ਤੇ ਚੜ੍ਹ ਗਏ? ਦਰਿਆ 'ਚ ਡੁੱਬ ਗਏ? ਸਾਨੂੰ ਕੋਈ ਨਜ਼ਰ ਨਹੀਂ ਆਇਆ। ਇਕ ਵਾਰ ਸ਼ਾਹੀ ਝੰਡਾ ਝੁੱਲਿਆ ਤੇ ਫੇਰ ਦੁਸ਼ਮਨ ਨੱਸਿਆ। ਸਾਰਿਆਂ ਇਸ ਸਲਾਹ ਦੀ ਹਾਮੀ ਭਰੀ।

ਬਟਾਲੇ ਤੇ ਬੜੇ ਦਿਨਾਂ ਦੀ ਨਜ਼ਰ ਸੀ। ਅਬਦਾਲੀ ਨੇ ਕਈ ਵਾਰ ਬਟਾਲੇ ਦੇ ਸ਼ਾਹੂਕਾਰਾਂ ਦੇ ਚਰਚੇ ਸੁਣੇ ਸਨ। ਵਕਤ ਈ ਨਹੀਂ ਮਿਲਿਆ।

—ਚਲੋ ਬਟਾਲੇ ਦੀ ਧਰਤੀ ਨੂੰ ਬੋਸਾ ਦੇ ਆਈਏ, ਕੁਝ ਤੇ ਮਿਲੇਗਾ। ਜਾਂਦੇ ਚੋਰ ਦੀ ਲੰਗੋਟੀ ਸਹੀ। ਬਹੁਤ ਲੁੱਟਿਆ, ਅੰਦਾਜ਼ੇ ਤੋਂ ਜ਼ਿਆਦਾ। ਇੰਨੀ ਉਮੀਦ ਨਹੀਂ ਸੀ। ਖੂਬ ਹੱਥ ਰੰਗੇ। ਫ਼ੌਜ ਦੇ ਰਾਸ਼ਨ ਪਾਣੀ ਵਾਸਤੇ ਬਹੁਤ ਏ।

ਬਿਆਸ ਨਦੀ ਨੂੰ ਪਾਰ ਕਰਕੇ ਹੁਸ਼ਿਆਰਪੁਰ ਪੁੱਜੇ। ਉਥੇ ਸਿੰਘਾਂ ਨੇ ਆ ਕੇ ਝੜਪ ਮਾਰੀ।

—ਸਾਡਾ ਹਿੱਸਾ ਸਾਨੂੰ ਦੇ ਜਾਓ। ਨਹੀਂ ਤੇ ਸਾਰਾ ਲੁੱਟ ਲਾਵਾਂਗੇ।

—ਜਾਓ-ਜਾਓ ਰਾਤੀਂ ਭੁੱਖੇ ਸੁੱਤੇ ਸੀ ?

—ਸਰਕਾਰ ਮਾਲਪੂੜੇ ਖਾਧੇ ਹਨ। ਚੁੰਗੀ ਦੇਣਾ ਧਰਮ ਏ। ਸੂਦ ਈ ਦੇ ਜਾਓ। ਸਿੱਖਾਂ ਦੀ ਅੱਖ ਬੜੀ ਤੇਜ਼ ਸੀ।

ਨਸੀਰ ਖ਼ਾਂ ਨੇ ਆਖਿਆ—ਇਹ ਡਰਦੇ ਨਹੀਂ।

ਸ਼ਾਹ ਨੂੰ ਓਦੋਂ ਪਤਾ ਲੱਗਾ ਜਦ ਸਿੰਘ ਲੁੱਟ ਦਾ ਮਾਲ ਖੋਹ ਕੇ ਲੈ ਗਏ।

ਹੁਣ ਹਰਨ ਹੋਇਆ ਖ਼ਾਲਸਾ ਵੀ ਕਦੇ ਫੜਿਆ ਗਿਐ। ਇਹੋ ਈ ਤੇ ਇਨ੍ਹਾਂ ਵਿਚ ਕਮਾਲ ਏ।

ਸ਼ਾਹ ਨੂੰ ਇਨ੍ਹਾਂ ਨਾਲ ਸੁਲਾਹ ਕਰ ਲੈਣੀ ਚਾਹੀਦੀ ਏ। ਬੰਦੇ ਕੰਮ ਦੇ ਹਨ। ਜਦ ਦੌਲਤ ਆ ਜਾਏਗੀ ਤੇ ਫੇਰ ਇਹ ਵੀ ਨਿਕੰਮੇ ਬਣ ਜਾਣਗੇ ਬੁਜ਼ਦਿਲ ਹੋ ਜਾਣਗੇ।

ਸਾਰਾ ਧਨ ਜਾਂਦਾ ਵੇਖੀਏ ਤੇ ਅੱਧਾ ਦਈਏ ਲੁਟਾਅ।

ਚਿੜੀਆਂ ਉਡੀਆਂ ਤੇ ਉੱਤੋਂ ਬਾਜ਼ ਪਏ।

ਮੁਕਾਬਲਾ ਇਹ ਕਰਨਗੇ ਫਸੇ ਹੋਏ।

ਹੁਣ ਇਹ ਥੋੜ੍ਹੀ ਮਾਰ ਨਹੀਂ ਮਾਰਦੇ। ਮੋਟੇ ਗੱਫੇ ਲੱਭਦੇ ਹਨ।

—ਸਰਹੰਦ ਚੱਲੋ ਤੇ ਉਥੋਂ ਦਿੱਲੀ। ਸ਼ਾਹ ਨੇ ਫਿਰ ਸਲਾਹ ਬਦਲੀ।

ਸਤਲੁਜ ਪਾਰ ਕੀਤਾ ਅਹਿਮਦ ਸ਼ਾਹ ਅਬਦਾਲੀ ਨੇ ਤੇ ਸਿੱਖਾਂ ਨੇ ਉਹਦਾ ਕਾਫ਼ੀਆ ਤੰਗ ਕਰ ਦਿੱਤਾ। ਓਸ ਸਰਹੰਦ ਨਹਿਰਨ ਦਾ ਖ਼ਿਆਲ ਈ ਛੱਡ ਦਿੱਤਾ। ਕੁੰਜਪੁਰੇ ਜਾ ਕੇ ਨਜ਼ੀਬੁਲਦੌਲਾ ਦੇ ਲਸ਼ਕਰ 'ਚ ਜਾ ਰਲੇ।

ਬਲੋਚ ਨਵੇਂ-ਨਵੇਂ ਮੁਸਲਮਾਨ ਹੋਏ ਸਨ। ਦਲ ਦੇ ਢੇਰਾਂ ਦੇ ਢੇਰ ਵੇਖ ਕੇ ਤੇ ਦੌਲਤ ਦੇ ਸੰਦੂਕ ਵੇਖ ਕੇ ਲਾਲਾਂ ਟਾ.ਕ ਪਈਆਂ। ਕੀ ਇਹ ਅਬਦਾਲੀ ਕੱਲਾ ਈ ਖਾ ਜਾਊ ?

ਬਲੋਚ ਹੁਣ ਬੁੱਲ੍ਹਾਂ ਤੇ ਜੀਭ ਫੇਰਨ ਲੱਗ ਪਏ। ਅਹਿਮਦ ਸ਼ਾਹ ਅਬਦਾਲੀ ਦੇ ਸਾਹਮਣੇ ਉਹ ਦਮ ਨਹੀਂ ਸਨ ਮਾਰ ਸਕਦੇ।

ਸਵੇਰੇ ਲੁੱਟ ਦੁਪਹਿਰੇ ਲੁੱਟ, ਸ਼ਾਮ ਪਈ ਤੇ ਲੁੱਟਣ ਵਾਲੇ ਪੇਸ਼ਾਵਰ ਆਣ ਗੱਜੇ।

ਸੁਲਾਹ ਤੇ ਹੋ ਗਈ ਏ। ਮਰਹੱਟੇ, ਬਲੋਚ, ਈਰਾਨੀ ਤੇ ਸ਼ਾਹ ਆਲਮ ਦੂਜੇ ਦੀ ਫ਼ੌਜ ਸ਼ਾਹ ਕੁਜ਼ਾਅ ਅਸਤ ਫਰਖ਼ਾਬਾਦ ਦੇ ਰੁਹੇਲਿਆਂ ਨੂੰ ਨਾਲ ਰਲਾ ਕੇ, ਜੱਟਾਂ ਨੂੰ ਲਾਲਚ ਦੇ ਕੇ, ਸਿੰਘਾਂ ਦੇ ਖਿਲਾਫ ਇਕ ਚੰਗੀ ਬਗ਼ਾਵਤ ਕਰਨੀ ਚਾਹੀਦੀ ਏ।

ਪਰ ਅਫ਼ਗਾਨਾਂ ਨੂੰ ਇਹ ਸਲਾਹ ਚੰਗੀ ਨਾ ਲੱਗੀ। ਹੁਣ ਸਾਰੀ ਲੁੱਟ ਦੇ ਅਸੀਂ ਮਾਲਕ ਹਾਂ। ਫੇਰ ਹਿੱਸੇ ਹੋਣਗੇ ਵੰਡੀਆਂ ਪੈਣਗੀਆਂ। ਝਗੜੇ ਸਿਰ ਚੁੱਕਣਗੇ। ਇਹ ਗੱਲ ਸ਼ਾਹ ਦੇ ਦਿਲ ਨੂੰ ਚੰਗੀ ਲੱਗੀ। ਅਸੀਂ ਕੱਲੇ ਈ ਸਿੰਘਾਂ ਨਾਲ ਲੜਾਂਗੇ।

ਸ਼ਾਹ ਨਰਾਜ਼ ਤੇ ਹੈ ਈ ਸੀ, ਫੁਟਕਲ ਦੌਲਤ ਮਿਲਦੀ ਖੁੱਲ੍ਹੇ ਗੱਫੇ ਨਹੀਂ ਸਨ ਮਿਲੇ। ਏਸ ਲਈ ਸ਼ਾਹ ਨੇ ਵਾਪਸ ਅਫ਼ਗਾਨਿਸਤਾਨ ਨੂੰ ਜਾਣ ਦਾ ਫ਼ੈਸਲਾ ਕਰ ਲਿਆ।

ਨਸੀਰ ਖ਼ਾਂ ਆਖਣ ਲੱਗਾ—ਅਜੇ ਤੇ ਅਸਾਂ ਫਤਿਹਪੁਰ ਸੀਕਰੀ, ਆਗਰਾ ਵੇਖਣੈ। ਅਸੀਂ ਹੁਣੇ ਵਾਪਸ ਨਹੀਂ ਜਾਣਾ। ਅਸੀਂ ਲੜਨ ਆਏ ਹਾਂ ਬਰਾਤੇ ਨਹੀਂ ਆਏ। ਇਕ ਵਾਰ ਸਿੰਘਾਂ ਦੇ ਦਰਸ਼ਨ ਜ਼ਰੂਰ ਕਰਨੇ ਹਨ।

ਅਚਾਨਕ ਹਮਲਾ ਹੋ ਗਿਆ। ਸਿੰਘ ਆਏ ਵੀ ਤੇ ਚਲੇ ਵੀ ਗਏ। ਝੜਪ ਮਾਰੀ, ਜੋ ਲੱਭਾ ਓਨਾ ਈ ਸਹੀ।

—ਸੰਦੂਕ ਦੌਲਤ ਵਾਲਾ, ਚਾਰ ਬੰਦੇ ਆਏ ਚੁੱਕ ਕੇ ਲੈ ਗਏ ਤੇ ਤਲਵਾਰਾਂ ਨਾਲ ਚਾਰ ਬੰਦੇ ਵੀ ਝਟਕਾ ਗਏ।

—ਸਾਡੀ ਨੌਕਰੀ ਜਾਂਦੀ ਰਹੂ, ਬਿਨਾਂ ਪੁੱਛਿਆਂ ਸਿੰਘਾਂ ਦੇ ਗਲ ਨਹੀਂ ਪੈਣਾ।

—ਸਾਡੇ ਕੋਲ ਆ ਜਾਣਾ ਸੀ। ਸਾਡੇ ਮਹਿਮਾਨ ਰਹਿਣਾ ਸੀ। ਖੁੱਲ੍ਹਾ ਲੰਗਰ ਖੁੱਲ੍ਹੇ ਗੱਫੇ ਉਥੇ ਲੱਖੀ-ਚੜ੍ਹੀ ਦੀ ਕੋਈ ਪ੍ਰਵਾਹ ਨਹੀਂ ਸੀ।

ਸਤੰਜੇ ਦੀ ਬੀਮਾਰੀ ਪੈ ਗਈ, ਨਾ ਘੋੜੇ ਰਹਿਣੇ ਤੇ ਨਾ ਗਧੇ। ਸਾਨੂੰ ਜਲਦੀ ਚਲੇ ਜਾਣਾ ਚਾਹੀਦੈ ਵਾਪਸ ਆਪਣੇ ਵਤਨ।

ਬਲੋਚ ਚਾਹੁੰਦੇ ਸਨ ਕਿ ਸਾਡਾ ਵੀ ਦਾਅ ਲੱਗੇ। ਇਹ ਸਾਲਾ ਕਿਥੋਂ ਦਾ ਰਾਣੀ ਖ਼ਾਂ ਏ?

ਸੰਨ੍ਹ ਇਕ ਤੇ ਚੋਰ ਦੋ, ਝਗੜਾ ਨਾ ਹੋਊ।

ਅਹਿਮਦ ਸ਼ਾਹ ਅਬਦਾਲੀ ਡਰਦਾ ਸੀ। ਜੇ ਸਿੰਘ ਪੈ ਗਏ ਤੇ ਸਭ ਕੁਝ ਲੁੱਟ ਕੇ ਲੈ ਜਾਣਗੇ। ਆਖ਼ਰਕਾਰ ਨਸੀਰ ਖ਼ਾਂ ਨੇ ਸਲਾਹ ਦਿੱਤੀ।

—ਸਿੰਘਾਂ ਨਾਲ ਸੁਲਾਹ ਕਰ ਲੈਣੀ ਚਾਹੀਦੀ ਏ। ਭਾਵੇਂ ਕਿੰਨੀ ਰਕਮ ਨਾਲ ਚੁਕਾਉਣੀ ਪਵੇ।

—ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ।

ਸਿੰਘ ਆਏ ਵੀ ਤੇ ਚਲੇ ਵੀ ਗਏ। ਦਲ ਹਰਨ ਹੋ ਗਿਆ।

ਪਤਝੜ ਦੇ ਪੱਤਿਆਂ ਵਰਗਾ ਰੰਗ ਹੋ ਗਿਆ ਸੀ। ਅਹਿਮਦ ਸ਼ਾਹ ਅਬਦਾਲੀ ਦਾ।

—ਸਿੰਘਾਂ ਨਾਲ ਅਸੀਂ ਨਹੀਂ ਲਿੱਬੜ ਸਕਦੇ। ਇਹ ਬਹੁਤ ਸਖ਼ਤ ਜਾਨ ਹਨ।

96

ਹਾਜ਼ਰੀ ਸ਼ਾਹ ਦੀ

ਕੁੰਜਪੁਰਿਓਂ ਮੁੜ ਕੇ ਸ਼ਾਹ ਨੇ ਸਰਹੰਦ ਵੱਲ ਰੁਖ਼ ਕੀਤਾ। ਜਦ ਸਰਹੰਦ ਪੁੱਜੇ ਤੇ ਉਥੇ ਉੱਲੂ ਬੋਲ ਰਹੇ ਸਨ। ਉਜਾੜ ਸੀ, ਮਕਾਨ ਸੜੇ ਪਏ ਸਨ। ਫਨਵਾਣ ਪਈ ਹੋਈ ਸੀ।

—ਕੀ ਹੋਇਆ ਮੇਰੀ ਸਰਹੰਦ ਨੂੰ?

ਬੁੱਢੇ ਦਲ ਨੇ ਸਰਹੰਦ ਦਾ ਖੋਜਖੁਰਾ ਮੁਕਾ ਦਿੱਤਾ ਏ, ਹਲ ਵਾਹ ਦਿੱਤਾ ਏ ਸਰਹੰਦ ਵਿਚ ਖੋਤਿਆਂ ਨਾਲ। ਇਹ ਸ਼ਾਹ ਨੂੰ ਦੱਸਣ ਲਈ ਕਿ ਅਸੀਂ ਵੀ ਤਾਕਤ ਰੱਖਦੇ ਹਾਂ।

—ਇੰਨੀ ਜੁਰੱਅਤ ਇੰਨੀ ਦਲੇਰੀ? ਸਾਡੀ ਛਾਉਣੀ ਜ਼ਮੀਨ ਨਾਲ ਬਰਾਬਰ ਕਰ ਦਿੱਤੀ ਏ।

—ਬੁੱਢੇ ਦਲ ਨਾਲ ਹੁਣ ਸਾਡਾ ਮੁਕਾਬਲਾ ਕਰਨਾ ਬੜਾ ਮੁਸ਼ਕਲ ਏ। ਸਾਰਾ ਮਾਲਵਾ, ਦੁਆਬਾ ਤੇ ਮਾਝਾ ਜਾਗ ਉੱਠਿਆ ਏ।

—ਇਹਦਾ ਇਲਾਜ, ਇਹਦਾ ਹੱਲ?

—ਇਕੋ ਈ ਇਲਾਜ ਏ ਸੁਲਾਹ ਤੇ ਦੂਜਾ ਇਹ ਹੈ ਕਿ ਇਨ੍ਹਾਂ ਦੀ ਜਥੇਬੰਦੀ ਤੋੜੀ ਜਾਏ ਤੇ ਇਨ੍ਹਾਂ 'ਚ ਫੁੱਟ ਪਾਈ ਜਾਏ। ਇਨ੍ਹਾਂ 'ਚ ਡਾਂਗ ਖੜਕੇਗੀ ਤੇ ਤਦ ਇਹ ਸਾਡੀ ਮੁਥਾਜੀ ਕਬੂਲਣਗੇ।

ਸ਼ਾਹ ਨੇ ਫੇਰ ਹੁੰਗਾਰਾ ਭਰਿਆ ਤੇ ਏਸੇ ਗੱਲ ਤੇ ਫੈਸਲਾ ਹੋਇਆ ਕਿ ਬਾਬਾ ਆਲਾ ਸਿੰਘ ਨੂੰ ਸ਼ੀਸ਼ੇ 'ਚ ਉਤਾਰਿਆ ਜਾਏ।

ਕਾਜ਼ੀ ਨੂਰਉੱਲਦੀਨ ਕੋਲ ਬੈਠਾ ਸੀ, ਆਖਣ ਲੱਗਾ,

—ਹਜ਼ੂਰ ਮੈਂ ਜਾਣਦਾ ਤੇ ਕੁਝ ਨਹੀਂ, ਪਰ ਮੇਰੀ ਅਕਲ ਆਖਦੀ ਏ।

—ਬਹੁਤ ਵੱਡਾ ਨਜ਼ਰਾਨਾ ਤੇ ਸ਼ਾਹੀ ਰੁਤਬਾ, ਖਿੱਲਤ, ਝੰਡੇ ਤੇ ਸ਼ਾਹੀ ਨਿਸ਼ਾਨ ਪੈਸੇ ਨਜ਼ਰਾਨੇ ਵਜੋਂ ਭੇਜੇ ਜਾਣ। ਇਹਦੇ ਨਾਲ ਬੁੱਢੇ ਦਲ ਵਾਲਿਆਂ ਦੀਆਂ ਅੱਖਾਂ ਫਿਰ ਜਾਣਗੀਆਂ ਤੇ ਬਾਬਾ ਆਲਾ ਸਿੰਘ ਦੀ ਹਾਲਤ ਓਸ ਕੁੱਤੇ ਵਰਗੀ ਹੋ ਜਾਏਗੀ, ਨਾ ਉਹ ਫੇਰ ਘਰ ਦਾ ਰਹੇਗਾ ਤੇ ਨਾ ਘਾਟ ਦਾ। ਤੁਹਾਡੀਆਂ ਈ ਬੁੱਤੀਆਂ ਕਰੇਗਾ।

ਕਾਜ਼ੀ ਦੀ ਗੱਲ ਤੇ ਪੂਰਨਾ ਪੈ ਗਿਆ.-ਸੱਦੋ ਬਾਬਾ ਆਲਾ ਸਿੰਘ ਨੂੰ। ਨਜ਼ਰਾਨੇ ਪਹਿਲਾਂ ਭੇਜੋ।

ਕਾਜ਼ੀ ਤੁਰ ਪਿਆ ਪੱਟੀ ਆਲੇ ਦੀ ਵੱਲ। ਹਾਜ਼ਰੀ ਜਾ ਭਰੀ।

ਬਾਬਾ ਆਖਣ ਲੱਗਾ—ਕੀ ਲੋੜ ਪੈ ਗਈ ਏ ਸ਼ਾਹ ਨੂੰ ਮੇਰੀ। ਕਿਤੇ ਸ਼ਾਹ ਦੀ ਨਜ਼ਰ ਬਦ ਤੇ ਨਹੀਂ ਹੋ ਗਈ?

ਹੁਣ ਬਾਬੇ ਦੀ ਜਾਨ ਕੜਿੱਕੀ 'ਚ ਆ ਗਈ। ਉਹਨੂੰ ਮਦਦ ਦੀ ਲੋੜ ਪਈ।

—ਚਲੋ ਫੇਰ ਸ਼ਾਹ ਦੀ ਹਾਜ਼ਰੀ ਭਰੀਏ।

ਨਹੀਂ ਬਾਬਾ ਜੀ ਦਲ ਵਾਲਿਆਂ ਨੂੰ ਪਹਿਲਾਂ ਖ਼ਬਰ ਕਰ ਦਿਓ ਤਾਂ ਕਿ ਉਹ ਹੁਸ਼ਿਆਰ ਰਹਿਣ। ਹੋ ਸਕਦਾ ਏ ਸ਼ਾਹ ਸਬਜ਼ਬਾਗ਼ ਵਿਖਾ ਕੇ ਸੋਨੇ ਦੀਆਂ ਜ਼ੰਜੀਰਾਂ 'ਚ ਜਕੜ ਲਵੇ। ਜ਼ੰਜੀਰਾਂ ਓਸ ਘੜਾਅ ਕੇ ਰੱਖੀਆਂ ਹੋਣੀਆਂ ਨੇ।

—ਪਰ ਹੁਣ ਹੋਰ ਵੀ ਜ਼ਰੂਰੀ ਏ ਕਿ ਦਲ ਨੂੰ ਇਤਲਾਹ ਦਿੱਤੀ ਜਾਏ।

—ਇਹ ਇੰਤਜ਼ਾਮ ਤੁਸੀਂ ਕਰਕੇ ਰੱਖੋ ਮੈਂ ਜਾਂਦਾ ਹਾਂ। ਮੇਰੇ ਨਾਲ ਸਿਰਫ਼ ਚਾਰ ਬੰਦੇ ਈ ਜਾਣ। ਅਸੀਂ ਪੰਜ ਪਿਆਰੇ ਗੁਰੂ ਦਾ ਨਾਂ ਲੈ ਕੇ ਚੱਲਦੇ ਹਾਂ।

—ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

ਚੜ੍ਹੇ ਗੁਰੂ ਕੇ ਲਾਲ ਘੋੜਿਆਂ ਤੇ। ਹਾਜ਼ਰੀ ਭਰਨ ਜਾ ਰਿਹਾ ਸੀ ਜਥਾ ਆਲਾ ਸਿੰਘ ਦਾ।

ਅਗੋਂ ਸਲਾਮੀ ਦੇਣ ਵਾਲੇ ਖੜ੍ਹੇ ਸਨ। ਬਾਬੇ ਦਾ ਮਨ ਪ੍ਰਸੰਨ ਹੋਇਆ। ਖਿੜੇ ਮੱਥੇ ਮਿਲਿਆ ਸ਼ਾਹ। ਦਰਬਾਰੀ, ਅਹਿਲਕਾਰ, ਮੁਨਸ਼ੀ, ਮੁਸੱਦੀ, ਸਾਰਿਆਂ ਨੇ ਬਾਬਾ ਆਲਾ ਸਿੰਘ ਦਾ ਸਵਾਗਤ ਕੀਤਾ।

—ਇਹ ਨਵਾਂ ਚੰਦ ਕਿਧਰੋਂ ਚੜ੍ਹ ਆਇਆ ਏ। ਇੰਨੀਆਂ ਖ਼ਾਤਰਾਂ ਇੰਨੀ ਆਜਜ਼ੀ। ਕੋਈ ਖ਼ਾਸ ਈ ਗੱਲ ਜਾਪਦੀ ਏ!

ਸ਼ਿਕਾਰੀ ਤੇ ਨਵਾਂ ਜਾਲ ਸੁੱਟਿਆ ਜਾ ਰਿਹੈ। ਨਵੀਂ ਸ਼ਤਰੰਜ ਵਿਛੀ ਹੋਈ ਏ।

—ਆਓ ਬਾਬਾ ਜੀ ਧੰਨਭਾਗ। ਤੁਹਾਡੀ ਲੋੜ ਪੈ ਗਈ ਸੀ। ਤੁਸੀਂ ਆ ਗਏ। ਸ਼ਾਹ ਦੇ ਬੋਲ ਉੱਭਰੇ।

—ਅਸੀਂ ਨਿਮਾਣੇ ਕਾਹਦੇ ਜੋਗੇ ਹਾਂ?

—ਬਾਬਾ ਜੀ ਸਾਡੀ ਸਲਾਹ ਏ ਕਿ ਅਸੀਂ ਐਵੇਂ ਖ਼ੁਦਾ ਦੀ ਖ਼ੁਦਾਈ ਤੇ ਜ਼ੁਲਮ ਕਰ ਰਹੇ ਹਾਂ। ਸਾਥੋਂ ਵੀ ਅੱਲਾ ਤਾਲਾ ਨੇ ਹਿਸਾਬ ਮੰਗਣਾ ਏ। ਓਸ ਦਿਨ ਕੀ ਜਵਾਬ ਦੇਵਾਂਗੇ? ਬਥੇਰਾ ਚਿਰ ਤਲਵਾਰ ਚਲਾ ਕੇ ਵੇਖ ਲਈ ਏ। ਖ਼ੂਨ-ਖ਼ਰਾਬਾ ਕਰਕੇ ਵੇਖ ਲਿਐ। ਹੁਣ ਅਸੀਂ ਚਾਹੁੰਦੇ ਹਾਂ ਕਿ ਬੁੱਢਾ ਦਲ ਤੇ ਅਸੀਂ ਇਕ ਦਸਤਰ ਖ਼ਾਨ ਤੇ ਬੈਠ ਕੇ ਗਰਾਹੀਆਂ ਸਾਂਝੀਆਂ ਕਰੀਏ ਤੇ ਆਪਸ ਵਿਚ ਸੁਲਾਹ ਕਰ ਲਈਏ, ਕੀ ਖ਼ਿਆਲ ਏ?

—ਖ਼ਿਆਲ ਤੇ ਨੇਕ ਏ, ਪਰ ਹਜ਼ੂਰ ਨੇ ਅੱਧਾ ਪੰਜਾਬ ਤੇ ਬਰਬਾਦ ਕਰ ਦਿੱਤਾ ਏ। ਹਜ਼ਾਰਾਂ ਬੰਦੇ ਕਤਲ ਕਰਵਾ ਦਿੱਤੇ ਹਨ। ਉਨ੍ਹਾਂ ਦੇ ਵਾਰਸਾਂ ਨੇ ਬਦਲਾ ਤੇ ਲੈਣਾ ਈ ਏ।

—ਬਦਲੇ-ਬੁਦਲੇ ਦੀ ਗੱਲ ਛੱਡੋ। ਜੋ ਹੋਣਾ ਸੀ ਹੋ ਗਿਆ। ਮਿੱਠੇ ਚੌਲਾਂ ਦੀਆਂ ਦੇਗਾਂ ਚੜ੍ਹਾਓ। ਮੈਂ ਵੀ ਸੁਖੀ ਸੌਵਾਂ ਤੇ ਤੁਸੀਂ ਵੀ ਬਾਂਹ ਸਿਰਹਾਣੇ ਰੱਖ ਕੇ ਸੌਵੋਂ। ਤੁਸੀਂ ਵਿਚੋਲੇ ਬਣੋ ਗੱਲ ਮੰਨ ਜਾਏਗਾ ਬੁੱਢਾ ਦਲ।

—ਨਹੀਂ ਬਿਲਕੁਲ ਨਹੀਂ। ਉਨ੍ਹਾਂ ਇਹ ਗੱਲ ਨਹੀਂ ਮੰਨਣੀ।

—ਆਖਰ ਕਿਉਂ। ਮੈਂ ਕਿਹੜੇ ਉਨ੍ਹਾਂ ਦੇ ਮਾਂਹ ਪੁੱਟੇ ਹਨ। ਲੜਾਈ ਏ, ਇਹਦੇ ਵਿਚ ਬੰਦੇ ਤੇ ਮਰਨੇ ਈ ਹੋਏ। ਕੁਝ ਜ਼ਿਆਦਾ ਮਰ ਗਏ ਹਨ ਭੁੱਲ ਜਾਓ, ਵਿਚੋਲਾ ਸਿਰਫ਼ ਇਸੇ ਗੱਲ ਲਈ ਹੁੰਦੈ। ਪੁਰਾਣੀਆਂ ਗੱਲਾਂ ਤੇ ਮਿੱਟੀ ਪਾਓ ਤੁਹਾਡੀ ਗੱਲ ਕਦੇ ਨਹੀਂ ਮੋੜਨੀ ਦਲ ਵਾਲਿਆਂ।

—ਨਾ ਸ਼ਹਿਨਸ਼ਾਹ ਇਹ ਕੰਮ ਮੈਥੋਂ ਨਹੀਂ ਹੋਣਾ। ਹੋਰ ਕੋਈ ਬੰਦਾ ਲੱਭੋ।

—ਤੇਰੇ ਤੋਂ ਵੱਡਾ ਸਿਆਣਾ ਬੰਦਾ ਦੀਵਾ ਲੈ ਕੇ ਢੂੰਡਿਆਂ ਵੀ ਨਹੀਂ ਲੱਭਣਾ। ਦਲ ਦੀ ਮਾਲੀ ਦੀ ਪੱਗ ਤੇਰੇ ਸਿਰ ਤੇ ਬੱਝਣੀ ਏ।

—ਨਾ ਸ਼ਾਹ ਮੈਨੂੰ ਇਹ ਪੱਗ ਨਹੀਂ ਚਾਹੀਦੀ। ਮੇਰੀ ਪੱਗ ਗਲੀਆਂ ਵਿਚ ਨਾ ਰੋਲੋ। ਮੇਰੇ ਚਿੱਟੇ ਧੌਲੇ ਨਾ ਭੰਡੋ।

—ਤੂੰ ਕੋਸ਼ਿਸ਼ ਕਰਕੇ ਤੇ ਵੇਖ ਸ਼ਾਇਦ ਤੇਰੀ ਬੋਲੀ ਉਨ੍ਹਾਂ ਦੀ ਸਮਝ 'ਚ ਆ ਜਾਏ।

—ਮੈਂ ਆਪਣਾ ਪੂਰਾ ਤਾਨ ਲਾ ਦੇਵਾਂਗਾ। ਅੱਗੇ ਗੁਰੂ ਮਿਹਰਬਾਨ। ਬਾਬਾ ਆਲਾ ਸਿੰਘ ਸਾਧਾਰਨ ਬੈਠਾ ਹੋਇਆ ਸੀ।

—ਮੈਂ ਅੱਜ ਈ ਜਾਂਦਾ ਹਾਂ ਤੇ ਜਾ ਕੇ ਆਖਦਾ ਹਾਂ ਕਿ ਸ਼ਾਹ ਸਰਹੰਦ ਵਿਚ ਮੁਕਾਮ ਕਰ ਰਿਹੈ। ਗੱਲ ਸਰਹੰਦ ਵਿਚ ਈ ਛੇੜੀ ਜਾ ਸਕਦੀ ਏ।

—ਦਸ ਕੁ ਦਿਨ ਤਕ ਅਸਾਂ ਵੀ ਕੂਚ ਕਰ ਦੇਣਾ ਏ।

—ਮੈਨੂੰ ਆਗਿਆ ਬਖ਼ਸ਼ੋ। ਪੰਜਾਂ ਦਿਨਾਂ ਤੀਕ ਹਜ਼ੂਰ ਨੂੰ ਜਵਾਬ ਮਿਲ ਜਾਏਗਾ।

ਆਖਣ ਵਾਲੇ ਆਖਦੇ ਹਨ ਕਿ ਬਾਬਾ ਆਲਾ ਸਿੰਘ ਨੇ ਅੱਡੀਆਂ ਤੀਕ ਜ਼ੋਰ ਲਾਇਆ ਪਰ ਬੁੱਢੇ ਦਲ ਵਾਲੇ ਨਾ ਮੰਨੇ।

—ਇਹ ਮੰਨਣਗੇ ਜਦ ਜੁੱਤੀ ਵਿਖਾਈ ਜਾਏਗੀ!

—ਉਹ ਜੁੱਤੀ ਟੁੱਟ ਗਈ ਜਿਹੜੀ ਸ਼ਾਹ ਦੇ ਪੈਰਾਂ ਵਿਚ ਮੇਚ ਆਉਂਦੀ ਸੀ।

—ਸਾਈ ਦੇ ਕੇ ਨਵੀਂ ਬਣਾ ਲਵੋ ਤੇ ਫੇਰ ਭਾਵੇਂ ਤੁਬਕ ਪੈਣ।

—ਜਵਾਨੀ ਦੀਆਂ ਬਹਾਰਾਂ ਗਈਆਂ। ਹੁਣ ਤੇ ਹਟਕੋਰੇ ਲੈ ਕੇ ਜ਼ਿੰਦਗੀ ਕੱਟਣੀ ਪੈਣੀ ਏ। ਆਖਰਕਾਰ ਆਖਣ ਲੱਗਾ ਬਾਬਾ ਆਲਾ ਸਿੰਘ।

—ਹਜ਼ੂਰ ਲੋਕ ਮੈਨੂੰ ਇਹ ਗੱਲ ਨਾ ਆਖਣ ਕਿ ਦਲ ਵਾਲੇ ਏਸੇ ਉਡੀਕ 'ਚ ਬੈਠੇ ਹੋਏ ਹਨ। ਸ਼ਾਇਦ ਕੋਈ ਬੁਰੀ ਖ਼ਬਰ ਆ ਜਾਏ। ਏਸ ਗੱਲ ਦਾ ਸ਼ਾਹ ਨੂੰ ਵੀ ਪਤਾ ਸੀ। ਜੇ ਮੈਂ ਜ਼ਰਾ ਜਿੰਨੀ ਵੀ ਊਚ-ਨੀਚ ਦੀ ਗੱਲ ਕੀਤੀ ਤੇ ਫੇਰ ਹਮਲਾ। ਸ਼ਾਹ ਦਾ ਹੁਕਮ ਅੱਲਾ ਦਾ ਹੁਕਮ ਏ।

ਨਜ਼ਰਾਨੇ, ਸੁੱਕੇ ਮੇਵੇ, ਝੰਡਾ, ਧੌਂਸਾ, ਤਬਲ-ਓ-ਅਲਮ, ਸ਼ਾਹੀ ਝੰਡਾ, ਆਪਣੀ ਕਮਰ ਵਿਚੋਂ ਲਾਹ ਕੇ ਤਲਵਾਰ ਦਿੱਤੀ।

—ਲੈ ਬਈ ਬਾਬਾ ਅੱਜ ਤੋਂ ਯਰਾਨਾ ਪੱਕਾ ਹੋਇਆ।

—ਮੈਂ ਜਦ ਸਰਹੰਦ ਵੱਲ ਵੇਖਦਾ ਹਾਂ ਤੇ ਮੇਰੀਆਂ ਅੱਖਾਂ 'ਚ ਖ਼ੂਨ ਉਤਰ ਆਉਂਦਾ ਏ। ਯਾਰੋ ਮੇਰੇ ਜੀਊਂਦਿਆਂ ਈ ਇਹ ਦੁਰਦਸ਼ਾ। ਨਾ ਕੋਈ ਮਕਾਨ, ਨਾ ਹਵੇਲੀ, ਕੋਈ ਸਾਬਤ ਨਹੀਂ, ਸਾਰੀਆਂ ਢਹਿ-ਢੇਰੀ ਕੀਤੀਆਂ ਹੋਈਆਂ ਨੇ।

ਜੈਨ ਖ਼ਾਂ ਦੀ ਮੌਤ ਤੋਂ ਬਾਅਦ ਇਹ ਸਾਰਾ ਇਲਾਕਾ ਬਾਬਾ ਆਲਾ ਸਿੰਘ ਦੀ ਜਾਗੀਰ 'ਚ ਸ਼ਾਮਲ ਸੀ। ਪਰ ਏਸ ਬਰਬਾਦੀ ਨੂੰ ਆਲਾ ਸਿੰਘ ਕੀ ਕਰ ਸਕਦਾ ਸੀ।

ਸ਼ਾਹ ਨੇ ਸਾਰੇ ਸਾਲ ਦਾ ਮਾਮਲਾ ਮਾਫ਼ ਕਰ ਦਿੱਤਾ—ਬਾਬਾ ਜੀ ਇਹ ਸਰਹੰਦ ਤੁਹਾਡੀ ਏ। ਇਕ ਵਾਰ ਫੇਰ ਵਸਾਓ। ਜਿੰਨੀ ਰਕਮ ਚਾਹੀਦੀ ਏ ਮੈਥੋਂ ਲਵੋ। ਪਿੰਡ ਵੱਸਦੇ ਈ ਚੰਗੇ ਲੱਗਦੇ ਹਨ। ਤੁਹਾਥੋਂ ਬਗ਼ੈਰ ਹੋਰ ਕੋਈ ਸਰਹੰਦ ਦੀ ਖ਼ਬਰ ਨਹੀਂ ਲੈ ਸਕਦਾ।

ਬਾਬਾ ਆਲਾ ਸਿੰਘ ਨੂੰ ਬੜੀਆਂ ਰੀਝਾਂ ਤੇ ਮੁਹੱਬਤ ਭਰੀਆਂ ਗੱਲਾਂ ਕਰਕੇ ਪਿਆਰ ਨਾਲ ਤੋਰਿਆ।

ਸਲਾਮੀ ਦਿੱਤੀ ਵਾਧੂ ਦੀ।

ਜਦ ਆਲਾ ਸਿੰਘ ਨੇ ਪੱਟੀ ਆਲੇ ਦੀ ਵਿਚ ਕਦਮ ਰੱਖਿਆ ਤੇ ਬੁੱਢੇ ਦਲ ਨੇ ਵੇਂਹਦਿਆਂ ਈ ਅੱਖਾਂ ਫੇਰ ਲਈਆਂ।

—ਆ ਗਿਆ ਗ਼ੱਦਾਰ ਵਤਨ ਦਾ, ਗੁਮਾਸ਼ਤਾ ਅਹਿਮਦ ਸ਼ਾਹ ਅਬਦਾਲੀ ਦਾ। ਮੁੱਲ ਵੱਟ ਲਿਆਇਐਂ ਆਪਣੀ ਗ਼ੈਰਤ, ਇੱਜ਼ਤ ਤੇ ਅਣਖ ਦਾ, ਬਸ ਤੇਰੀ ਏਨੀ ਈ ਔਕਾਤ ਸੀ।

—ਜਾ ਖ਼ਾਲਸੇ ਨੇ ਤੈਨੂੰ ਤਿਆਗਿਆ।

ਸਾਰੀ ਨਾਨੀ ਚੇਤੇ ਆ ਗਈ ਆਲਾ ਸਿੰਘ ਨੂੰ।

—ਸਿੰਘ ਜੀ ਮੇਰੀ ਇਕ ਅਰਜ਼ ਤੇ ਸੁਣੋ। ਫੇਰ ਜਿਹੜੀ ਸਜ਼ਾ ਵੀ ਦੇਣੀ ਹੋਵੇ ਦੇ ਦੇਣਾ। ਮੈਂ ਪੰਥ ਤੋਂ ਨਾਬਰ ਨਹੀਂ।

ਗਲ ਵਿਚ ਪਰਨਾ ਪਾਇਆ ਤੇ ਆਖਣ ਲੱਗਾ ਆਲਾ ਸਿੰਘ।

—ਵਕਤ ਦੀ ਨਜ਼ਾਕਤ ਏਸੇ ਗੱਲ ਦੀ ਇਜਾਜ਼ਤ ਦੇਂਦੀ ਸੀ ਤੇ ਮੈਂ ਆਪਣੀ ਜਾਨ ਬਚਾ ਕੇ ਤਾਹੀਓਂ ਆ ਸਕਦਾ ਸਾਂ ਜੇ ਸ਼ਾਹ ਦੀਆਂ ਗੱਲਾਂ ਸੁਣਦਾ ਤੇ ਉਹਦੀ ਹਾਂ ਵਿਚ ਹਾਂ ਮਿਲਾਉਂਦਾ। ਇਕ ਇਲਾਕਾ ਮਿਲ ਗਿਆ ਦੂਜਾ ਪਟਾ ਲਿਖ ਕੇ ਦੇ ਗਿਆ। ਚਲੋ ਬਲਾਅ ਗਲੋਂ ਲੱਥੀ।

—ਮੇਰੇ ਜ਼ਿੰਮੇ ਲਾਈ ਸੀ ਸੁਲਾਹ ਕਰਨੀ ਮੈਂ ਉਥੇ ਈ ਟਕੇ ਵਰਗਾ ਜਵਾਬ ਦੇ ਦਿੱਤਾ ਸੀ। ਹੁਣ ਸੁਲਾਹ ਤੋਂ ਬਗ਼ੈਰ ਸ਼ਾਹ ਕੋਲ ਹੋਰ ਕੋਈ ਰਸਤਾ ਵੀ ਤੇ ਨਹੀਂ।

—ਮੈਂ ਬੁੱਢੇ ਦਲ ਦੇ ਪੈਰਾਂ ਦੀ ਧੂੜ ਹਾਂ। ਉਹਨੂੰ ਜਵਾਬ ਭੇਜਾਂਗੇ ਸਲਾਹ ਕਰਕੇ। ਹੁਣ ਮਾਰਿਆ ਜਾ ਸਕਦਾ ਏ ਮੂਜ਼ੀ।

ਪੰਥ ਦਾ ਬਾਦਸ਼ਾਹ

ਦੂਫੇੜ ਪਾਉਣੀ ਤੇ ਚਾਹੁੰਦਾ ਸੀ ਅਹਿਮਦ ਸ਼ਾਹ ਅਬਦਾਲੀ ਪਰ ਪੰਥ ਵਾਲੇ ਆਪਣੀ ਮੁੱਠ ਨੂੰ ਨਹੀਂ ਸਨ ਖੋਲ੍ਹਣਾ ਚਾਹੁੰਦੇ। ਭਰਾ ਨੇ ਗ਼ਲਤੀ ਕੀਤੀ ਏ ਪੰਚਾਇਤ ਬੈਠੂ ਇਕੱਠ ਕੱਠਾ ਕਰੋ ਫੇਰ ਪੁੱਛਾਂਗੇ ਤੇਰੀ ਸਲਾਹ ਕੀ ਏ। ਏਸ ਵੇਲੇ ਸ਼ਤਰੰਜ ਵਿਛੀ ਹੋਈ ਏ। ਹਰ ਬੰਦਾ ਆਪਣੇ ਦਾਅ ਤੇ ਹੈ। ਅਹਿਮਦ ਸ਼ਾਹ ਅਬਦਾਲੀ ਦਿਲ ਹਾਰ ਚੁਕਾ ਏ। ਹੌਸਲਾ ਹਾਰਿਆ ਹੋਇਆ ਜਵਾਰੀ ਪਰ ਮਜਬੂਰੀ ਏ ਫੁੰਕਾਰਾ ਮਾਰਨਾ ਨਹੀਂ ਛੱਡਣਾ ਚਾਹੁੰਦਾ।

ਬੁੱਢੇ ਦਲ ਵਾਲਿਆਂ ਐਤਕੀਂ ਪੱਕਾ ਇਰਾਦਾ ਕਰ ਲਿਆ ਸੀ ਕਿ ਰੋਜ਼-ਰੋਜ਼ ਦੀ ਘੈਂ-ਘੈਂ ਮੁਕਾ ਦੇਣੀ ਏ। ਹੁਣ ਜਿਥੇ ਵੀ ਵਾਹ ਪਿਆ, ਹਮਲਾ ਹੋਇਆ ਤੇ ਪੂਰਾ ਤਾਨ ਲਾਅ ਕੇ ਮੁਕਾਬਲਾ ਕਰਾਂਗੇ ਜਾਂ ਹੰਨੇ ਜਾਂ ਬੰਨੇ। ਪਹਿਲਾਂ ਬਾਬੇ ਦੀਆਂ ਗੱਲਾਂ ਸੁਣੋ। ਨਵਾਂ-ਨਵਾਂ ਅਬਦਾਲੀ ਦੀ ਦਾਅਵਤ ਖਾ ਕੇ ਆਇਆ ਏ।

ਜਾਗੀਰ ਭਾਵੇਂ ਉਹ ਦੇ ਗਿਆ ਤੇ ਭਾਵੇਂ ਅਸਾਂ ਖੋਹ ਲਈ। ਕੁਝ ਵੀ ਹੋਇਆ ਜਾਗੀਰ ਤੇ ਸਾਡੇ ਕਬਜ਼ੇ ਵਿਚ ਏ। ਖਰਚ 'ਚ ਘਾਟ ਨਹੀਂ ਆਏਗੀ। ਕੱਲ੍ਹ ਨੂੰ ਅਸਾਂ ਰਾਜ ਦੀ ਸਥਾਪਨਾ ਵੀ ਕਰਨੀ ਏ। ਸਾਨੂੰ ਵੀ ਹਰ ਚੀਜ਼ ਦੀ ਲੋੜ ਏ। ਅਹਿਮਦ ਸ਼ਾਹ ਅਬਦਾਲੀ ਨੇ ਏਥੇ ਬੈਠ ਥੋੜਾ ਰਹਿਣੈ। ਹਵਾ ਆਈ ਲੰਘ ਗਈ। ਮੈਂ ਸੋਚ ਸਮਝ ਕੇ ਕਦਮ ਚੁੱਕਿਐ। ਬਾਕੀ ਅਦਾਲਤ ਪੰਥ ਦੀ ਬੈਠੇਗੀ, ਜੋ ਜੁਰਮਾਨਾ ਲਾਏਗੀ ਮੈਂ ਸਿਰ ਨਿਵਾ ਕੇ ਕਬੂਲ ਕਰਾਂਗਾ।

ਸਾਰੀ ਗੱਲ ਸੁਣੀ ਜੱਸਾ ਸਿੰਘ ਆਹਲੂਵਾਲੀਏ ਨੇ।

—ਬੁੱਢਾ ਦਲ ਐਵੇਂ ਭਰਾ ਤੇ ਫੜਵਾ ਨਾ ਦੇਵੇ। ਰਾਜਨੀਤੀ ਇਹੋ ਆਖਦੀ ਏ ਜੋ ਕੁਝ ਅਹਿਮਦ ਸ਼ਾਹ ਅਬਦਾਲੀ ਹੱਥੋਂ ਦੇਵੇ ਉਹ ਵੀ ਲੈ ਲਵੇ ਤੇ ਜੋ ਕੁਝ ਤੁਸੀਂ ਜੁੱਤੀ ਨਾਲ ਲੈ ਸਕਦੇ ਹੋ ਉਹ ਵੀ ਖੋਹ ਲਵੋ। ਹੱਥੀਂ ਵੀ ਲਵੋ ਤੇ ਪੁਲੱਥੀਂ ਵੀ ਲਵੋ। ਅਹਿਮਦ ਸ਼ਾਹ ਅਬਦਾਲੀ ਗਿਆ ਤੇ ਫੇਰ ਆਪਣੀ ਮਨਮਰਜ਼ੀ ਕਰਿਓ। ਏਸ ਲਈ ਬਾਬੇ ਨੇ ਗ਼ਲਤੀ ਨਹੀਂ ਕੀਤੀ ਸਗੋਂ ਸਿਆਣਪ ਤੋਂ ਕੰਮ ਲਿਐ।

—ਹੁਣ ਰਹੀ ਖ਼ਾਲਸੇ ਦੀ ਗੱਲ ਉਹ ਵੀ ਪ੍ਰਵਾਨ। ਬਾਬੇ ਨੂੰ ਖੜ੍ਹਾ ਕਰੋ ਵਿਚ ਪੰਥ ਦੇ ਤੇ ਤਨਖਾਹ ਲਾਓ ਫੇਰ ਅੰਮ੍ਰਿਤ ਛਕਾਓ। ਅਸਾਂ ਭਰਾ ਥੋੜਾ ਛੱਡ ਦੇਣਾ ਏ।

ਪੰਥ ਨੇ ਸਜ਼ਾ ਦਾ ਐਲਾਨ ਕੀਤਾ। ਪੰਜ ਦਿਨ ਘੋੜਿਆਂ ਦੀ ਲਿੱਦ ਚੁੱਕੇ, ਜੋੜੇ ਸਾਫ਼ ਕਰੇ ਤੇ ਭਾਂਡੇ ਮਾਂਜੇ।

—ਪ੍ਰਵਾਨ। ਬਾਬਾ ਆਲਾ ਸਿੰਘ ਨੇ ਸਿਰ ਝੁਕਾਅ ਦਿੱਤਾ। ਪੰਜ ਦਿਨ ਸੰਗਤ 'ਚ ਆ ਕੇ ਪੱਖਾ ਝੱਲੇ।

—ਉਹ ਵੀ ਪ੍ਰਵਾਨ। ਹੁਣ ਦੱਸੋ ਪੰਥ ਕੀ ਹੁਕਮ ਦੇਂਦੈ?

—ਝੰਡੇ ਵੀ ਰੱਖੇ ਜਾਣ, ਧੌਂਸਾ ਵੀ ਵਜਾਇਆ ਜਾਏ, ਖ਼ਿੱਲਤ ਵੀ ਰੱਖ ਲਈ

ਜਾਏ। ਪੰਜਾਬ ਜਾਗ ਪਿਐ। ਅਸਾਂ ਅਬਦਾਲੀ ਨੂੰ ਹੁਣ ਬੋਚ ਲੈਣੈ। ਵਕਤ ਦੀ ਇੰਤਜ਼ਾਰ ਵਿਚ ਹਾਂ ਦਾਅ ਲੱਗਾ ਤੇ ਝਟਕਾ ਸੁੱਟਾਂਗੇ। ਬਾਬਾ ਆਲਾ ਸਿੰਘ ਸਾਡੀ ਇਕ ਬੜੀ ਵੱਡੀ ਧਿਰ ਬਣ ਜਾਏਗਾ।

ਪੰਜਾਬ ਵਾਲੇ ਚਾਹੁੰਦੇ ਹਨ ਕਿ ਅਬਦਾਲੀ ਦੀ ਕਬਰ ਪੰਜਾਬ ਵਿਚ ਈ ਬਣੇ। ਜਿਹੜਾ ਪੰਜਾਬੀ ਏਸ ਕਬਰ ਦੇ ਕੋਲ ਦੀ ਲੰਘੇ ਪੈਰ ਵਿਚੋਂ ਜੁੱਤੀ ਲਾਹ ਕੇ ਇਹਦੀ ਕਬਰ ਤੇ ਪੰਜ ਜੁੱਤੀਆਂ ਮਾਰੇ। ਏਸ ਸਾਡੀ ਔਲਾਦ ਦਾ ਅੱਗਾ ਮਾਰ ਦਿੱਤੈ। ਜਿਨ੍ਹਾਂ ਦੇ ਪੁੱਤ ਸ਼ਹੀਦ ਹੋ ਗਏ ਹਨ ਉਨ੍ਹਾਂ ਦੇ ਘਰ ਕੌਣ ਬਣਾਊ ਤੇ ਘਰ 'ਚ ਚੁੱਲ੍ਹਾ ਕਿੱਦਾ ਗਰਮ ਹੋਏਗਾ। ਉਹਦੇ ਬੁੱਢੇ ਮਾਂ-ਪਿਓ ਕਿੰਨਾ ਕੁ ਸੰਤਾਪ ਭੋਗਣਗੇ?

ਅਹਿਮਦ ਸ਼ਾਹ ਅਬਦਾਲੀ ਨੂੰ ਤੇ ਜਨੂਨ ਚੜ੍ਹਿਆ ਹੋਇਆ ਸੀ। ਲੁੱਟ, ਖ਼ੂਨ ਲਾਸ਼ਾਂ ਦੇ ਢੇਰ ਲਾਓ ਮੇਰੇ ਲਈ ਸਾਰੇ ਰਸਤੇ ਸਾਫ਼ ਹੋ ਜਾਣਗੇ ਪਰ ਇਹ ਸੁਫ਼ਨੇ ਉਹਦੇ ਪੂਰੇ ਨਹੀਂ ਹੋਏ। ਉਹ ਤੇ ਗਿੱਝਿਆ ਹੋਇਆ ਸੀ ਮਰਹੱਟਿਆਂ ਦਾ। ਪਰ ਪੰਜਾਬ ਵਾਲੇ ਕਿਹੜੀ ਮਿੱਟੀ ਦੇ ਬਣੇ ਹੋਏ ਸਨ ਉਹ ਇਹ ਨਹੀਂ ਸਨ ਜਾਣਦੇ।

ਸਰਹੰਦ ਵੇਖ ਕੇ ਉਹਦੀਆਂ ਅੱਖਾਂ ਵਿਚੋਂ ਮੱਕੀ ਦੇ ਦਾਣਿਆਂ ਜਿੱਡੇ ਅੱਥਰੂ ਡਿੱਗਦੇ। ਉਹ ਪਹਿਲੀ ਸਰਹੰਦ ਕਿਥੇ ਗਈ, ਉਹ ਪਹਿਲੇ ਜਲਵੇ ਕਦ ਆਉਣਗੇ?

ਨਾ ਬਹਾਰਾਂ ਆਈਆਂ ਕਦੀ ਮੁੜੀਆਂ ਨੇ ਤੇ ਨਾ ਜੋਗੀ ਜੰਗਲ ਗਏ ਕਦੀ ਬੋਹੁੜੇ ਨੇ।

ਸ਼ਾਹ ਸੋਚਾਂ 'ਚ ਪਿਆ ਹੋਇਆ ਸੀ।

ਰਾਤੋ-ਰਾਤ ਰੋਪੜ ਦੇ ਪੱਤਨ ਤੇ ਪੁੱਜਿਆ। ਸ਼ਾਹੀ ਫ਼ੌਜਾਂ ਨੇ ਸੂਰਜ ਦੀ ਟਿੱਕੀ ਪੁੰਗਰਨ ਨਾ ਦਿੱਤੀ ਪਾਰ ਹੋ ਗਏ।

ਬੁੱਢੇ ਦਲ ਵਾਲੇ ਚਾਹੁੰਦੇ ਤੇ ਆਣ ਘੇਰਦੇ, ਪਰ ਉਨ੍ਹਾਂ ਸਮਝਿਆ, ਜਾਂਦਾ ਏ ਜਾਣ ਦਿਓ, ਗਲੋਂ ਬਲਾਅ ਲੱਥੀ ਜ਼ਰਾ ਹੋਰ ਤਿਆਰੀ ਕਰ ਲਵਾਂਗੇ।

ਦੁਆਬੇ ਦੀ ਦਮੂਹੀਂ ਤੇ ਪੁੱਜ ਗਿਆ ਅਹਿਮਦ ਸ਼ਾਹ ਅਬਦਾਲੀ, ਪਰ ਪਿੱਛੇ ਸਿੰਘ ਵੀ ਲੱਗੇ ਹੋਏ ਸਨ। ਰਾਹ ਕਈ ਵਾਰ ਰੋਕਿਆ ਤੇ ਕਈ ਵਾਰ ਛੱਡਿਆ।

—ਕੌਣ ਹਨ ਇਹ? ਇਹ ਨਹੀਂ ਜਾਣਦੇ ਕਿ ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ ਏ?

—ਬਹੁਤ ਦੇਰ ਦੇ ਜਾਣੂੰ ਹਨ। ਇਹ ਬੁੱਢੇ ਦਲ ਵਾਲੇ ਹਨ। ਤੁਹਾਡੇ ਜਾਣੇ-ਪਛਾਣੇ ਬੰਦੇ।

—ਅਸੀਂ ਤੇ ਇਨ੍ਹਾਂ ਨੂੰ ਸੁੱਤੇ ਪਏ ਛੱਡ ਆਏ ਹਾਂ।

—ਦਲ ਤੇ ਸਾਰਾ ਜਾਗਦਾ ਸੀ ਅਸੀਂ ਘੇਸ ਵੱਟੀ ਹੋਈ ਸੀ। ਅੱਜ ਦੋ ਹੱਥ ਕਰਕੇ ਵੇਖ ਲਈਏ। ਬੜੇ ਦਿਨਾਂ ਦੀ ਰੀਝ ਏ।

—ਲੋਕ ਕੀ ਆਖਣਗੇ ਕਿ ਮੈਂ ਦੀਨ ਦੀ ਜੰਗ ਲੜ ਰਿਹਾ ਹਾਂ, ਮੈਂ ਖ਼ਾਮੋਸ਼ ਹਾਂ। ਇਹ ਹਰ ਰੋਜ਼ ਕਾਫ਼ਰ ਮੇਰੇ ਲਸ਼ਕਰ ਤੇ ਹਮਲੇ ਕਰ ਰਹੇ ਹਨ, ਤੇ ਮੈਂ ਬਰਦਾਸ਼ਤ ਕਰੀ ਜਾ ਰਿਹਾ ਹਾਂ।

ਸ਼ਾਹ ਸੋਚ ਰਿਹਾ ਸੀ ਇਹ ਆਖ਼ਰੀ ਜੰਗ ਹੋਏਗੀ।

—ਇਕ ਦਿਨ ਇਨ੍ਹਾਂ ਨੂੰ ਹੋਰ ਦੇ ਦਿਓ, ਅਸੀਂ ਵੀ ਆਰਾਮ ਕਰ ਲਈਏ, ਫੇਰ ਲੜਾਂਗੇ।

—ਜੰਗ ਤੇ ਹੋਏਗੀ। ਘੁੱਪ-ਹਨੇਰੀਆਂ ਦਾ ਨਕਸ਼ਾ ਫੇਰ ਸਾਹਮਣੇ ਆਏਗਾ।

ਜੱਸਾ ਸਿੰਘ ਆਹਲੂਵਾਲੀਏ ਨੇ ਹੁਕਮ ਦਿੱਤਾ ਜਾਂ ਮੇਰੀ ਅਰਥੀ ਚੁੱਕ ਕੇ ਲੈ ਜਾਇਓ ਜਾਂ ਅਹਿਮਦ ਸ਼ਾਹ ਅਬਦਾਲੀ ਦੀ ਕਬਰ ਖੋਦ ਕੇ ਦਫਨਾ ਦਿਓ। ਸਾਡੇ ਕੋਲੋਂ ਰੋਜ਼-ਰੋਜ਼ ਨੀ ਲੜਿਆ ਜਾਂਦਾ। ਇਕ ਦਿਨ ਤੇ ਆਖਰੀ ਫ਼ੈਸਲਾ ਕਰ ਲਵੋ।

ਦੋ ਧੜੇ ਤੁਲ ਗਏ। ਤਿਆਰੀ ਦੋ ਪਾਸਿਓਂ ਹੋ ਗਈ ਸੀ। ਸਿਰਫ਼ ਚੋਟ ਪੈਣ ਵਾਲੀ ਸੀ ਦਮਾਮੇ ਤੇ। ਧੌਂਸਾ ਖੜਕਿਆ ਤੇ ਸਮਝੋ ਜੰਗ ਸ਼ੁਰੂ ਹੋ ਗਈ।

98

ਵੰਡ ਇਉਂ ਹੋਈ

ਬੁੱਢੇ ਦਲ ਵਾਲੇ ਤਰਨਾ ਦਲ ਵਾਲੇ ਨਿਹੰਗ ਤੇ ਰੰਘਰੇਟੇ ਸਾਰਾ ਲਾਣਾ ਇਕੱਠਾ ਹੋ ਗਿਆ। ਪਿੰਡਾਂ ਵਿਚੋਂ ਵੀ ਆਣ ਰਲੇ ਉਹ ਬੰਦੇ ਜਿਹੜੇ ਕਦੀ ਦਲ ਵਿਚ ਰਹੇ ਸਨ ਜਾਂ ਜਿਨ੍ਹਾਂ ਮੁਗਲ ਫ਼ੌਜਾਂ ਦੀ ਨੌਕਰੀ ਕੀਤੀ ਹੋਈ ਸੀ। ਉਹ ਵੀ ਸ਼ਾਮਲ ਹੋ ਗਏ। ਜਿਨ੍ਹਾਂ ਗਤਕਾ ਖੇਡਣਾ ਸਿੱਖਿਆ ਹੋਇਆ ਸੀ। ਤਲਵਾਰਾਂ ਵੀ ਉਨ੍ਹਾਂ ਦੇ ਹੱਥਾਂ 'ਚ ਆ ਗਈਆਂ ਸਨ। ਸਮਝੋ ਸਾਰਾ ਪੰਜਾਬ ਇਕੱਠਾ ਹੋ ਗਿਆ ਸੀ।

ਬੁੱਢੇ ਦਲ ਵਾਲਿਆਂ ਨੇ ਇਹ ਫ਼ੈਸਲਾ ਕਰ ਲਿਆ ਕਿ ਅਹਿਮਦ ਸ਼ਾਹ ਅਬਦਾਲੀ ਨਾਲ ਇਹ ਆਖਰੀ ਜੰਗ ਹੋਣੀ ਏ, ਜਾਂ ਅਸੀਂ ਪੰਜਾਬ ਛੱਡ ਜਾਵਾਂਗੇ ਜਾਂ ਉਹ ਆਪਣੇ ਵਤਨ ਵੱਲ ਪੱਤਰਾ ਵਾਚ ਜਾਏਗਾ। ਮੁੜ ਕੇ ਕਦੀ ਏਧਰ ਮੂੰਹ ਨਹੀਂ ਕਰੇਗਾ। ਜੇ ਅਸੀਂ ਹਾਰ ਗਏ ਤੇ ਵਾਹਿਗੁਰੂ ਦੀ ਸਹੁੰ ਅਸੀਂ ਸਾਰੇ ਦੇ ਸਾਰੇ ਸਾਧ ਹੋ ਜਾਵਾਂਗੇ। ਸਾਡੀ ਬੜੀ ਜਦੋ-ਜਹਿਦ ਏ। ਅਸਾਂ ਸਾਰੀ ਹਯਾਤੀ ਲਾ ਦਿੱਤੀ ਏ। ਅਸੀਂ ਇਕ ਅਹਿਮਦ ਸ਼ਾਹ ਅਬਦਾਲੀ ਨੂੰ ਨਹੀਂ ਮਾਰ ਸਕੇ। ਸਾਰਿਆਂ ਸਰਦਾਰਾਂ ਨੇ ਸਹੁੰ ਚੁੱਕ ਲਈ ਬਸ ਇਹ ਆਖਰੀ ਜੰਗ ਹੋਏਗੀ।

ਜੱਸਾ ਸਿੰਘ ਆਹਲੂਵਾਲੀਏ ਨੇ ਇਹ ਐਲਾਨ ਕੀਤਾ—ਤਿਆਰੀ ਕਰੋ, ਕਿਸੇ ਨੂੰ ਘੋੜੇ ਦੀ ਥੋੜ ਨਾ ਰਹੇ। ਕੋਈ ਹਥਿਆਰ ਤੋਂ ਬਗ਼ੈਰ ਨਾ ਆਏ। ਹਮਲਾ ਰੋਜ਼ ਨਹੀਂ ਕਰਨਾ।

ਅਹਿਮਦ ਸ਼ਾਹ ਅਬਦਾਲੀ ਨੇ ਵੀ ਅੱਡੀਆਂ ਤੀਕ ਜ਼ੋਰ ਲਾਇਆ ਹੋਇਆ ਸੀ। ਅਫ਼ਗਾਨ, ਦੁਰਾਨੀ, ਬਲੋਚ ਤਿੰਨਾਂ ਨਸਲਾਂ ਦਾ ਸੰਗਮ ਸੀ। ਪਰ ਅਹਿਮਦ ਸ਼ਾਹ ਅਬਦਾਲੀ ਅੰਦਰੋਂ ਡਰਿਆ ਹੋਇਆ ਸੀ। ਬੁੱਝੇ ਦਿਲ ਨਾਲ ਉੱਤੋਂ-ਉੱਤੋਂ ਹੱਸ ਰਿਹਾ ਸੀ।

—ਅੱਜ ਦਾ ਮੈਦਾਨ ਕਰਬਲਾ ਦਾ ਮੈਦਾਨ ਏ। ਸ਼ਹੀਦੇ ਕਰਬਲਾ ਦਾ ਨਾਂ ਲੈ ਕੇ ਅੱਜ ਦੀ ਜੰਗ ਲੜੀ ਜਾਏ, ਇਹ ਦੀਨ ਦੀ ਜੰਗ ਏ।

ਐਵੇਂ ਨਾਂ ਦਾ ਭੰਬੂਕਾ, ਐਵੇਂ ਲੋਕਾਂ ਨੂੰ ਗੁਮਰਾਹ ਕਰਨਾ, ਜੰਗ ਆਖ਼ਰ ਜੰਗ ਏ। ਅਹਿਮਦ ਸ਼ਾਹ ਅਬਦਾਲੀ ਨੇ ਅਜੇ ਧੌਂਸੇ ਤੇ ਚੋਟ ਨਹੀਂ ਸੀ ਮਾਰੀ।

ਜੱਸਾ ਸਿੰਘ ਆਹਲੂਵਾਲੀਆ ਵੀ ਏਸੇ ਉਡੀਕ ਵਿਚ ਸੀ ਕਿ ਪਹਿਲ ਸ਼ਾਹ ਈ ਕਰੇ।

ਅਹਿਮਦ ਸ਼ਾਹ ਅਬਦਾਲੀ ਨੇ ਸੱਦੇ ਆਪਣੇ ਸਰਦਾਰ ਤੇ ਐਲਾਨ ਕੀਤਾ ਕਿ ਗਾਜ਼ੀਓ ਇਹ ਦੀਨ ਦੀ ਲੜਾਈ ਏ। ਅੱਲਾ ਦੇ ਨਾਂ ਤੇ ਲੜੀ ਜਾਏਗੀ। ਦਲੇਰ ਹੋ ਕੇ ਲੜੋ ਤੇ ਇਨ੍ਹਾਂ ਲਾਅਨਤੀ ਕਾਫ਼ਰਾਂ ਤੇ ਫ਼ਤਹਿ ਪਾਓ। ਫੇਰ ਮੁਲਕ ਤੁਹਾਡਾ ਏ, ਦੌਲਤ ਤੁਹਾਡੀ ਏ। ਇਹ ਖ਼ੂਬਸੂਰਤ ਵਛੇਰੀਆਂ ਵਰਗੀਆਂ ਔਰਤਾਂ ਤੁਹਾਡੇ ਲਈ ਹਨ। ਇਕ ਦਿਨ ਦੀ ਮਾਰ ਹਨ ਦਲ ਵਾਲੇ।

ਸ਼ਾਹ ਨੇ ਸਾਰੇ ਨਾਮੀ-ਗਰਾਮੀ ਸੂਰਮੇ ਸੱਦ ਲਏ।

ਵਜ਼ੀਰ ਸ਼ਾਹ ਵਲੀ ਖ਼ਾਂ, ਬਖਸ਼ੀ ਜਹਾਨ ਖ਼ਾਂ, ਅਜਲਾ ਖ਼ਾਂ, ਪਸੰਦ ਖ਼ਾਂ ਨੂੰ ਇਨ੍ਹਾਂ ਨੂੰ ਸੱਜੇ ਬਾਹੀ ਦੀ ਕਮਾਨ ਦੇ ਦਿੱਤੀ ਤੇ ਮੀਰ ਮੁਸ਼ੀਰ ਖ਼ਾਂ ਬਲੋਚ ਨੂੰ ਖੱਬੇ ਪਾਸੇ ਦੀ।

ਏਧਰ ਗੁਰੂ ਦੀਆਂ ਲਾਡਲੀਆਂ ਫ਼ੌਜਾਂ ਦੀ ਇਉਂ ਵੰਡ ਕੀਤੀ ਜਥੇਦਾਰ ਨੇ। ਜਿਹਨੂੰ ਸਰਦਾਰੀ ਦਿੱਤੀ ਹੋਵੇ ਪੰਥ ਨੇ, ਉਹ ਸੀ ਜੱਸਾ ਸਿੰਘ ਆਹਲੂਵਾਲੀਆ। ਉਹ ਸਭ ਦੇ ਵਿਚਕਾਰ ਸੀ ਆਸੇ-ਪਾਸੇ ਸਰਦਾਰ। ਉਨ੍ਹਾਂ 'ਚੋਂ ਕਿਸੇ ਦਾ ਨਾਂ ਜੇ ਗਿਣਨਾ ਹੋਵੇ ਤੇ ਉਹ ਸੀ ਜੱਸਾ ਸਿੰਘ ਰਾਮਗੜ੍ਹੀਆ। ਸੱਜੇ ਪਾਸੇ ਸਰਦਾਰ ਚੜ੍ਹਤ ਸਿੰਘ ਸਰਦਾਰਾਂ ਵਿਚੋਂ ਸਰਦਾਰ ਤੇ ਉਹਦੇ ਨਾਲ ਝੰਡਾ ਸਿੰਘ, ਲਹਿਣਾ ਸਿੰਘ ਭੰਗੀ ਤੇ ਜੈ ਸਿੰਘ ਕਨ੍ਹਈਆ। ਇਨ੍ਹਾਂ ਦੇ ਟਾਕਰੇ ਤੇ ਸੀ ਨਸੀਰ ਖ਼ਾਂ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਖੱਬੇ ਪਾਸੇ। ਹਰੀ ਸਿੰਘ ਲੰਡਾ, ਰਾਮ ਦਾਸ, ਗੁਲਾਬ ਸਿੰਘ ਤੇ ਗੁੱਜਰ ਸਿੰਘ ਭੰਗੀ। ਇਨ੍ਹਾਂ ਸੂਰਮਿਆਂ ਦੇ ਸਨਮੁਖ ਸੀ ਸ਼ਾਹ ਵਲੀ ਖ਼ਾਂ, ਜਹਾਨ ਖ਼ਾਂ ਤੇ ਵਿਚ ਸੀ ਅਹਿਮਦ ਸ਼ਾਹ ਅਬਦਾਲੀ। ਟੱਕਰ ਸੀ ਜੱਸਾ ਸਿੰਘ ਆਹਲੂਵਾਲੀਏ ਦੀ ਸ਼ਾਹ ਨਾਲ ਸਿੱਧੀ।

ਸਰਦਾਰ ਚੜ੍ਹਤ ਸਿੰਘ ਨੇ ਜਦ ਨਜ਼ਰਾਂ ਫੇਰੀਆਂ ਤੇ ਸਾਹਮਣੇ ਨਸੀਰ ਖ਼ਾਂ ਨਜ਼ਰ ਆਇਆ ਬਲੋਚ। ਅਹਿਮਦ ਸ਼ਾਹ ਅਬਦਾਲੀ ਤਾੜ ਗਿਆ ਸੀ ਕਿ ਏਸ ਬਲੋਚ ਨੇ ਸੱਟ ਨਹੀਂ ਖਾਣੀ। ਕਿਤੇ ਦਿਲ ਈ ਨਾ ਛੱਡ ਜਾਏ। ਨਵਾਂ-ਨਵਾਂ ਭਾਰੂ ਫਸਿਆ ਸੀ। ਉਹ ਨਹੀਂ ਸੀ ਜਾਣਦਾ ਕਿ ਬੁੱਢੇ ਦਲ ਵਾਲੇ ਕੀ-ਕੀ ਪੈਂਤੜੇ ਬਦਲਦੇ ਹਨ।

ਅਹਿਮਦ ਸ਼ਾਹ ਅਬਦਾਲੀ ਨੇ ਉਹਦੇ ਕੰਨ 'ਚ ਫੂਕ ਮਾਰੀ।

—ਨਸੀਰ ਖ਼ਾਂ ਜਿੱਥੇ ਤੇਰੀ ਥਾਂ ਬਣੀ ਏ ਉੱਥੇ ਹੁਸ਼ਿਆਰ ਹੋ ਕੇ ਰਹਿਣਾ ਏ। ਤੇਰੀ ਮਦਦ ਨੂੰ ਕਿਸੇ ਨਹੀਂ ਆਉਣਾ। ਕਿਉਂਕਿ ਦਲ ਵਾਲਿਆਂ ਦਾ ਕੋਈ ਅਸੂਲ ਨਹੀਂ। ਜੰਗ ਸਿੱਧੇ ਹੱਥੀਂ ਵੀ ਲੜਦੇ ਹਨ ਤੇ ਪੁੱਠੇ ਹੱਥੀਂ ਵੀ। ਜੰਗ ਲੜੀ ਜਾਏ ਜਿੱਤੀ ਜਾਏ, ਬਸ ਇਹੋ ਈ ਬੁੱਢੇ ਦਲ ਵਾਲਿਆਂ ਦਾ ਹੁਨਰ ਸੀ। ਮੇਰੀ ਇਹ ਰਾਏ ਹੈ ਕਿ ਤੂੰ ਮੇਰੇ ਖੱਬੇ ਪਾਸੇ ਰਹਿਣੈ। ਤੂੰ ਆਪਣੀ ਥਾਂ ਤੋਂ ਅੱਗੇ ਨਾ ਵਧੀਂ। ਖ਼ਿਆਲ ਰੱਖੀਂ ਤੇਰੀ ਨਜ਼ਰ ਵੈਰੀ ਦੀ ਫ਼ੌਜ ਤੇ ਹੋਵੇ। ਜੇ ਉਹ ਹਮਲਾ ਕਰਨ ਤੇ ਫੇਰ ਤੂੰ ਹਥਿਆਰ ਚੁੱਕਣੇ ਹਨ। ਆਪ ਹਮਲਾ ਨਹੀਂ ਕਰਨਾ। ਆਪਣੀ ਥਾਂ ਤੇ ਈ ਖੜ੍ਹਾ ਰਹਿਣਾ ਏ। ਇਕ ਪੈਰ ਨਾ ਪੁੱਟੀਂ ਕਿਉਂਕਿ ਮੇਰੀ ਟੁਕੜੀ ਤੇਰੇ ਨਾਲ ਏ। ਮੈਂ ਤੇਰੇ ਤੇ ਪੂਰੀ ਨਜ਼ਰ ਰੱਖਾਂਗਾ।

ਬਲੋਚ ਬਹਾਦਰ ਸੀ, ਪਰ ਅਨਾੜੀ ਸੀ।

ਚੋਟ ਪਈ ਧੌਂਸੇ ਤੇ। ਘੋੜਿਆਂ ਦੀਆਂ ਲਗਾਮਾਂ ਹਰਕਤ 'ਚ ਆਈਆਂ। ਤਲਵਾਰਾਂ ਧੂਹ ਲਈਆਂ ਜੋਧਿਆਂ ਨੇ।

ਪਹਿਲਾ ਹਮਲਾ—ਮਹੂਰਤ ਜੰਗ ਦਾ ਸਰਦਾਰ ਹਰੀ ਸਿੰਘ ਨੇ ਅਫ਼ਗਾਨਾਂ ਦੇ ਸੱਜੇ ਪਾਸਿਓਂ ਹੱਲਾ ਕੀਤਾ ਤੇ ਜ਼ੋਰ ਪਾਇਆ। ਹਮਲਾ ਸਖ਼ਤ ਸੀ।

ਵਲੀ ਖ਼ਾਨ ਤੇ ਜਹਾਨ ਖ਼ਾਂ ਨੂੰ ਵੀ ਜਦ ਸਿੰਘ ਰੁਕਦੇ ਨਾ ਦਿਸੇ ਤੇ ਅਹਿਮਦ ਸ਼ਾਹ ਅਬਦਾਲੀ ਨੇ ਨਸੀਰ ਖ਼ਾਂ ਬਲੋਚ ਨੂੰ ਸੱਦ ਕੇ ਆਖਿਆ ਕਿ—ਸਿੰਘਾਂ ਨੇ ਸਾਡੇ ਸੱਜੇ ਪਾਸੇ ਜ਼ੋਰ ਪਾ ਲਿਐ ਤੇ ਅਸਾਂ ਏਸ ਪਾਸੇ ਦਿਆਂ ਗਾਜ਼ੀਆਂ ਤੇ ਹਮਲਾ ਹੁੰਦਾ ਵੇਖਿਆ ਏ। ਸਿੰਘਾਂ ਨੇ ਇਕੋ ਸੱਟ ਮਾਰਨੀ ਏ ਤੇ ਫੇਰ ਹਰਨ ਹੋ ਗਏ ਸਿੱਖ।

ਸਿੰਘਾਂ ਨੇ ਇਕ ਪੈਂਤੜਾ ਹੋਰ ਬਦਲਿਆ। ਫੇਰ ਇਕ ਵਾਰ ਹਰਨ ਹੋਏ। ਗਾਜ਼ੀਆਂ ਸਮਝਿਆ ਮੈਦਾਨ ਛੱਡ ਗਏ। ਪਰ ਉਹ ਤੇ ਅਜੇ ਲੜਨ ਲਈ ਲੰਗੋਟੇ ਕੱਸ ਰਹੇ ਸਨ। ਅਜੇ ਤੇ ਉਨ੍ਹਾਂ ਨੇ ਤਲਵਾਰਾਂ ਦੀ ਧਾਰ ਵੀ ਪਰਖ ਕੇ ਨਹੀਂ ਸੀ ਵੇਖੀ। ਏਸ ਲਈ ਕਿ ਉਨ੍ਹਾਂ ਦਾ ਦਾਈਆ ਸੂਰਜ ਦੇ ਡੁੱਬਣ ਤੀਕ ਲੜਨ ਦਾ ਏ।

ਸਿੰਘਾਂ ਕਾਫ਼ਰਾਂ ਤੇ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ। ਜੰਗ ਦਾ ਨਕਸ਼ਾ ਬੱਝਾ ਹੋਇਆ ਸੀ। ਕਦੀ ਉਹ ਸੱਜੇ ਪਾਸੇ ਜ਼ੋਰ ਪਾ ਰਹੇ ਸਨ ਤੇ ਕਦੀ ਉਹ ਖੱਬੇ ਪਾਸੇ।

ਨਸੀਰ ਖ਼ਾਂ ਬਲੋਚ ਆਖਣ ਲੱਗਾ—ਮੈਂ ਅਸ਼-ਅਸ਼ ਕਰਦਾ ਹਾਂ ਇਨ੍ਹਾਂ ਦੀ ਦਲੇਰੀ ਵੇਖ ਕੇ। ਇਹ ਜਿਧਰ ਨੂੰ ਮੂੰਹ ਕਰਦੇ ਹਨ, ਠੱਲ੍ਹ ਪਾਈ ਜਾਂਦੇ ਹਨ।

ਅਜੇ ਨਾ ਸ਼ਾਹ ਹਰਕਤ ਵਿਚ ਆਇਆ ਸੀ ਤੇ ਨਾ ਜੱਸਾ ਸਿੰਘ ਆਹਲੂਵਾਲੀਆ।

ਇਉਂ ਜਾਪਦਾ ਸੀ ਜਿਵੇਂ ਨਮੂਨੇ ਵਜੋਂ ਐਵੇਂ ਹਥਿਆਰਾਂ ਨੂੰ ਪੂੰਝ ਰਹੇ ਹੋਣ।

ਨਸੀਰ ਖ਼ਾਂ ਬਲੋਚ ਦੀ ਤੇ ਹਵਾ ਸਰਕ ਗਈ।

ਅਜੇ ਤਕ ਤੇ ਲੜਾਈ ਦੀ ਕੋਈ ਗੱਲ ਈ ਨਹੀਂ ਹੋਈ। ਅਜੇ ਤੇ ਮੁੱਢ ਈ ਨਹੀਂ ਬੱਝਾ। ਬੱਚੂ ਇਹ ਸਿੰਘ ਹਨ ਪਠਾਣ ਨਹੀਂ।

99

ਜੀਭਾ ਖੋਲ੍ਹੀ ਕਾਜ਼ੀ ਨੂਰ ਮੁਹੰਮਦ ਨੇ

ਅੱਖੀ ਵੇਖੀ ਗਵਾਹੀ, ਖ਼ਾਨ ਕਲਾਤ ਨੂਰ ਮੁਹੰਮਦ ਨੂੰ ਨਾਲ ਲਿਆਇਆ ਸੀ ਨਸੀਰ ਖ਼ਾਂ।

—ਮੇਰੀ ਬਹਾਦਰੀ ਦੇ ਸੋਹਲੇ ਗਾਉਣੇ ਹਨ।

ਉਹ ਤੇ ਕਵੀ ਸੀ, ਸ਼ਾਇਰ ਸੀ, ਬੜਾ ਬੇਗਰਜ਼ ਸੀ ਤੇ ਸੱਚੀ ਗੱਲ ਆਖਣ ਵਾਲੇ ਹੁੰਦੇ ਹਨ ਇਹ ਸ਼ਾਇਰ। ਇਹ ਕਿਸੇ ਦੇ ਭਟਕਾਇਆਂ ਨਹੀਂ ਭਟਕਦੇ। ਜਦੋਂ ਗੱਲ ਕਰਦੇ ਹਨ ਤੇ ਫੇਰ ਖ਼ੁਦਾ ਨੂੰ ਗਵਾਹ ਰੱਖ ਕੇ, ਪਰ ਜੇ ਨਸੀਰ ਖ਼ਾਂ ਕੋਈ ਮਾਅਰਕਾ ਈ ਨਾ ਮਾਰੇਗਾ ਤੇ ਸ਼ਾਇਰ ਕੀ ਕਰੂ। ਉਹਨੂੰ ਤੇ ਚਹੁੰ ਪਾਸੀਂ ਬੁੱਢੇ ਦਲ ਵਾਲੇ ਈ ਨਜ਼ਰ ਆਉਂਦੇ ਸਨ ਤੇ ਉਨ੍ਹਾਂ ਦੀ ਬਹਾਦਰੀ ਵੇਖ ਕੇ ਅਸ਼-ਅਸ਼ ਕਰ ਉਠਦਾ। ਕਲਮ ਚੁੱਕਦਾ ਤਦ ਝੱਟ ਮਾਲਕ ਦਾ ਚੇਤਾ ਆ ਜਾਂਦਾ। ਪਰ ਮਜਬੂਰ ਸੀ ਕਲਮ ਰੁਕ ਜਾਂਦੀ, ਮੈਂ ਝੂਠ ਨਹੀਂ ਬੋਲ ਸਕਦਾ। ਮਾਲਕ ਨਰਾਜ਼ ਹੁੰਦਾ ਏ ਤੇ ਹੋਣ ਦਿਓ। ਮੇਰਾ ਖ਼ੁਦਾ ਤੇ ਵੇਖਦੈ। ਮੇਰਾ ਈਮਾਨ ਇਹ ਗੱਲ ਆਖਦਾ ਏ, ਸੱਚ ਬੋਲ। ਅੱਲਾ ਦਾ ਇਹੋ ਈ ਫਰਮਾਨ ਏ। ਚੰਦ ਟੁਕੜਿਆਂ ਤੇ ਕੁਝ ਸਿੱਕਿਆਂ ਤੇ ਵਿਕ ਗਿਆ ਏ। ਜੰਗ ਵੇਖ ਤੇ ਫੇਰ ਲਿਖੀਂ ਆਪਣੇ ਮਾਲਕ ਦੀ ਬਹਾਦਰੀ ਨੂੰ। ਪਰ ਨਹੀਂ ਇਨ੍ਹਾਂ

ਨਿਹੰਗਾਂ ਦਾ ਕੋਈ ਮੁਕਾਬਲਾ ਨਹੀਂ। ਇਹ ਬਹਾਦਰ ਮਾਂ ਦੇ ਦਲੇਰ ਪੁੱਤ ਹਨ।

—ਮੈਂ ਅੱਲਾ ਨੂੰ ਹਾਜ਼ਰ-ਨਾਜ਼ਰ ਰੱਖ ਕੇ ਲਿਖਾਂਗਾ। ਆਪਣੇ ਮਾਲਕ ਦੀ ਬਹਾਦਰੀ ਵੀ ਤੇ ਇਨ੍ਹਾਂ ਕਾਫ਼ਰ ਕੁੱਤਿਆਂ ਦੀ ਵੀ।

ਮੇਰੀ ਕਲਮ ਵਿਚ ਵਲਵਲੇ ਜਨਮ ਲੈ ਰਹੇ ਹਨ। ਚੰਗਿਆੜੀਆਂ ਫੁੱਟ ਰਹੀਆਂ ਹਨ। ਮੇਰੇ ਖ਼ੂਨ 'ਚ ਜੋਸ਼ ਆ ਰਿਹਾ ਏ। ਬੇਕਾਬੂ ਹੋਇਆ ਬੰਦਾ ਕਿਸੇ ਦੇ ਵੱਸ ਵਿਚ ਨਹੀਂ ਰਹਿੰਦਾ। ਇਹ ਕਾਫ਼ਰ, ਇਹ ਸੂਰਖਾਣੇ ਬਹੁਤ ਬਹਾਦਰ ਹਨ। ਮੌਤ ਨੂੰ ਟਿਚਕਰਾਂ ਕਰਦੇ ਹਨ। ਮੌਤ ਈ ਇਨ੍ਹਾਂ ਦੀ ਜ਼ਿੰਦਗੀ ਏ। ਆਪਣੇ ਵਤਨ ਦੀ ਰਾਖੀ ਕਰਨਾ ਇਹੋ ਈ ਇਬਾਦਤ ਏ, ਇਹੋ ਬੰਦਗੀ ਏ।

ਲਓ ਸੁਣੋ ਮੇਰੇ ਬਹਾਦਰ ਮਾਲਕ ਦੀ ਦਾਸਤਾਨ। ਸ਼ਾਹ ਬਾਰ-ਬਾਰ ਨਸੀਰ ਖ਼ਾਂ ਨੂੰ ਨਸੀਹਤ ਦੇ ਰਿਹਾ ਸੀ ਜਲਦੀ ਨਹੀਂ ਕਰਨੀ। ਹਮਲਾ ਕਰਨ ਵਾਲਿਆਂ ਨੂੰ ਰੋਕਣਾ ਏ। ਤੂੰ ਇਨ੍ਹਾਂ ਦੇ ਪੈਂਤੜੇ ਨਹੀਂ ਜਾਣਦਾ। ਜੇ ਕਿਤੇ ਇਨ੍ਹਾਂ ਦੇ ਘੇਰੇ ਵਿਚ ਆ ਗਿਓਂ ਤੇ ਫੇਰ ਲਾਸ਼ ਵੀ ਨਹੀਂ ਮਿਲਣੀ। ਟੁਕੜੇ ਗੋਸ਼ਤ ਦੇ ਵੱਖਰੇ-ਵੱਖਰੇ, ਧੜ ਵੱਖਰਾ ਤੇ ਗਰਦਨ ਅਹੁ ਪਈ ਹੋਵੇਗੀ।

ਚਲੋ ਗੱਲ ਤੇ ਮਾਲਕ ਦੀ ਕਰਨੀ ਏ। ਤਨਖਾਹ ਲੈਂਦੇ ਹਾਂ, ਪਰ ਇਹ ਰਕਮ ਵੀ ਤੇ ਹਲਾਲ ਕਰਨੀ ਏ। ਸਿੱਧਾ ਝੂਠ ਵੀ ਨਹੀਂ ਪੱਥਿਆ ਜਾ ਸਕਦਾ।

ਨੂਰ ਮੁਹੰਮਦ ਨੇ ਜ਼ਰਾ ਕੁ ਅੱਖਾਂ ਮਲ ਕੇ ਵੇਖਿਆ। ਯਾਅ ਅੱਲਾ ਮੈਂ ਕਿੰਨਾ ਕੁ ਝੂਠ ਬੋਲਾਂ।

ਇਹ ਵੈਰੀ ਡਾਢੇ ਹਨ ਤੇ ਜੰਗ ਦੇ ਮੈਦਾਨ 'ਚ ਅੱਗ ਦੇ ਭਬੂਕੇ ਵਾਂਗੂੰ ਮੱਚਦੇ ਹਨ। ਇਨ੍ਹਾਂ ਦੇ ਪਿਓ ਦਾਦਿਆਂ ਦੀਆਂ ਆਦਤਾਂ ਵੀ ਇਹੋ ਜਿਹੀਆਂ ਹੋਣਗੀਆਂ। ਜੰਗ ਤੇ ਫੇਰ ਜੰਗ ਏ ਕੋਈ ਦੋਸਤ ਨਹੀਂ, ਕੋਈ ਰਿਸ਼ਤੇਦਾਰ ਨਹੀਂ। ਜਿਹੜਾ ਸਾਹਮਣੇ ਆ ਗਿਆ ਉਹ ਵੈਰੀ। ਤਲਵਾਰ ਦੀ ਪਰਖ ਕਰੋ। ਕਾਟ ਕਰਦੀ ਏ ਕਿ ਨਹੀਂ।

ਸ਼ਾਹ ਬਾਰ-ਬਾਰ ਹਦਾਇਤ ਕਰ ਰਿਹੈ ਪਰ ਉਹ ਵੀ ਕੀ ਕਰ ਸਕਦਾ ਸੀ। ਉਹਦੀ ਬਾਹੀ ਵੀ ਉਹੋ ਸੂਰਮਾ ਖੜ੍ਹਾ ਸੀ ਜਿਸਨੇ ਸਾਰੀ ਜ਼ਿੰਦਗੀ ਮੈਦਾਨ 'ਚ ਕੱਟੀ ਸੀ। ਓਸ ਇਕ ਦਿਨ ਵੀ ਘਰ ਦਾ ਸੁਖ ਨਹੀਂ ਸੀ ਮਾਣ ਕੇ ਵੇਖਿਆ। ਅੱਜ ਕਿਆਮਤ ਦਾ ਦਿਨ ਏ।

ਇਕ ਟੁਕੜੀ ਨੇ ਨਸੀਰ ਖ਼ਾਂ ਤੇ ਹਮਲਾ ਕੀਤਾ। ਚਾਹੇ ਤੇ ਰੋਕ ਲੈਂਦਾ ਪਰ ਓਸ ਜਵਾਬੀ ਹਮਲਾ ਕੀਤਾ। ਸਿੰਘ ਦਾਅ ਲਾ ਕੇ ਹਰਨ ਹੋ ਗਏ ਤੇ ਇਹ ਨੱਠਾ ਮਗਰ, ਵੇਖਿਆ ਤੇ ਜਗ੍ਹਾ ਖਾਲੀ ਹੋ ਗਈ। ਉਹ ਨਿਹੰਗਾਂ ਨੇ ਲੈ ਲਈ ਤੇ ਨਸੀਰ ਖ਼ਾਂ ਆਪਣੀ ਬਹਾਦਰੀ, ਦਲੇਰੀ ਤੇ ਹਿੰਮਤ ਰੱਖ ਕੇ ਖ਼ੂਬ ਲੜਿਆ। ਪਰ ਸ਼ਾਹ ਨੇ ਵੇਖਿਆ ਕਿ ਬਲੋਚ ਫਸ ਗਿਆ ਏ। ਉਹ ਆਪਣੀ ਬਾਹੀ ਵੀ ਨਹੀਂ ਸੀ ਛੱਡ ਸਕਦਾ। ਜੱਸਾ ਸਿੰਘ ਆਹਲੂਵਾਲੀਆ ਹਮਲੇ ਤੇ ਹਮਲਾ ਕਰ ਰਿਹਾ ਸੀ। ਤਲਵਾਰਾਂ ਦੀ ਛਣਕਾਰ ਦੂਰ-ਦੂਰ ਤਕ ਸੁਣਾਈ ਦੇਂਦੀ।

ਸਰਕਾਰਾਂ ਘੇਰੇ 'ਚ ਫਸ ਗਈਆਂ ਤੇ ਸ਼ਾਹ ਦੇ ਨਾਲੋਂ ਟੁੱਟ ਗਿਆ ਨਸੀਰ ਖ਼ਾਂ। ਸਿੰਘਾਂ ਦਾ ਘੇਰਾ ਬੜਾ ਸਖ਼ਤ ਸੀ। ਜ਼ੋਰ ਨਹੀਂ ਨਿਕਲ ਸਕਦਾ ਉਨ੍ਹਾਂ ਦੀ ਵਲਗਨ ਵਿਚੋਂ ਇਹ ਤੇ ਵਿਚਾਰਾ ਬਲੋਚ ਸੀ।

ਸਿੰਘਾਂ ਨੇ ਚੰਗੀ ਮਾਰ ਮਾਰੀ। ਸਾਰੀ ਹਯਾਤੀ ਯਾਦ ਰੱਖੂ।

ਯਾਅ ਅੱਲਾ ਰਹਿਮ, ਯਾਅ ਅੱਲਾ ਬਚਾਅ ਇਨ੍ਹਾਂ ਖੂੰਖਾਰ ਦਰਿੰਦਿਆਂ ਤੋਂ।

ਤਲਵਾਰਾਂ ਤੇ ਤਲਵਾਰਾਂ ਨੱਚ ਰਹੀਆਂ ਸਨ। ਭੰਗੜਾ ਪੈ ਰਿਹਾ ਸੀ ਤਲਵਾਰਾਂ ਦਾ। ਲਹੂ ਵਗ ਰਿਹਾ ਸੀ, ਪਰ ਸਾਰੇ ਦੇ ਸਾਰੇ ਜਿੰਨੇ ਵੀ ਕਤਲ ਹੋਏ, ਉਹ ਬਲੋਚ ਸਨ, ਅਫ਼ਗਾਨ ਸਨ ਜਾਂ ਦੁਰਾਨੀ।

ਇਥੋਂ ਤਕ ਨੂਰ ਮੁਹੰਮਦ ਨੇ ਆਪਣੇ ਮਾਲਕ ਦੀ ਤਾਰੀਫ਼ ਲਿਖੀ, ਪਰ ਜਦੋਂ ਸਿੰਘਾਂ ਦੇ ਘੇਰੇ ਵਿਚੋਂ ਆਇਆ ਤਦ ਉਸ ਵੇਖਿਆ ਆਪਣੇ ਮਾਲਕ ਦੇ ਚਿਹਰੇ ਤੇ ਪਸੀਨੇ ਛੁੱਟਦੇ, ਤਰੇਲੀਆਂ ਆ ਗਈਆਂ ਸਨ, ਪਰ ਕੋਈ ਉਹਦੀ ਮਦਦ ਨਹੀਂ ਸੀ ਕਰ ਰਿਹਾ। ਵਿਚਾਰਾ ਕੰਬ ਗਿਆ, ਪੈਰ ਥਿੜਕ ਗਏ।

ਸਾਰਾ ਦਿਨ ਲੜਾਈ, ਕਿਸਮਤ ਚੰਗੀ ਸੀ ਸੂਰਜ ਡੁੱਬ ਗਿਆ ਤੇ ਵਿਚਾਰੇ ਨਸੀਰ ਖ਼ਾਂ ਦੀ ਜਾਨ ਬਚ ਗਈ।

ਗੱਲ ਈਮਾਨ ਦੀ ਤੇ ਇਹ ਸੀ ਕਿ ਮੈਂ ਸਿਰਫ਼ ਲੜਦੇ ਨਿਹੰਗ ਈ ਵੇਖੇ, ਬਾਕੀ ਤੇ ਬੁਜ਼ਦਿਲ ਸਨ, ਡਰਾਕਲ ਸਨ। ਸਿਰਫ਼ ਪੇਟ ਦੀ ਅੱਗ ਬੁਝਾਉਣ ਲਈ ਲੜ ਰਹੇ ਸਨ। ਜਜ਼ਬਾ, ਉੱਦਮ ਤੇ ਦਲੇਰੀ ਸਿਰਫ਼ ਨਿਹੰਗਾਂ ਵਿਚ ਸੀ।

ਸ਼ਾਹ ਵੀ ਚੂਰ-ਚੂਰ ਹੋ ਚੁਕਾ ਸੀ। ਪਰ ਜੱਸਾ ਸਿੰਘ ਆਹਲੂਵਾਲੀਆ ਅਜੇ ਵੀ ਤਾਜ਼ਾ ਦਮ ਸੀ। ਕੜਾਹ ਪ੍ਰਸ਼ਾਦ ਦੇ ਗੱਫੇ ਖਾ ਕੇ ਆਇਆ ਸੀ।

ਬਾਕੀ ਸਰਦਾਰ ਵੀ ਜੀਅ ਤੋੜ ਕੇ ਲੜੇ।

ਇਕ ਜਣਾ ਆਖਣ ਲੱਗਾ—ਕਾਜ਼ੀ ਨੂਰ ਮੁਹੰਮਦ ਕੀ ਵੇਖਿਆ ਈ?

—ਲਾਸ਼ਾਂ ਦੇ ਢੇਰ, ਖ਼ੂਨ, ਧੌਣਾਂ ਲੱਥੀਆਂ ਹਦਵਾਣਿਆਂ ਵਾਂਗੂ ਰਿੜ੍ਹਦੀਆਂ। ਬੁੱਢੇ ਦਲ ਦੇ ਕੁਝ ਬੰਦੇ ਵੀ ਮਰੇ ਤੇ ਮੇਰੇ ਮਾਲਕ ਦੇ ਵੀ।

—ਕਿੰਨੇ ਕੁ ਬੰਦੇ ਮਰੇ? ਕਿੰਨੇ ਅੱਲਾ ਨੂੰ ਪਿਆਰੇ ਹੋਏ?

—ਝੂਠ ਬੋਲਾਂ ਕਿ ਸੱਚ।

ਜੋ ਤੇਰਾ ਜੀਅ ਕਰਦਾ ਏ ਬੋਲ।

ਸੱਚ ਤੇ ਇਹ ਹੈ ਕਿ ਸਾਰੇ ਦਿਨ ਵਿਚ ਸਿਰਫ਼ ਇਕ ਨਿਹੰਗ ਤਲਵਾਰ ਦੀ ਭੇਟ ਚੜ੍ਹਿਆ। ਬਾਕੀ ਸਭ ਬਲੋਚ, ਦੁਰਾਨੀ ਤੇ ਅਫ਼ਗਾਨ ਈ ਸ਼ਹਾਦਤਾਂ ਪਾ ਗਏ।

ਸਲਾਮ ਖਿਨ੍ਹਾਂ ਬਹਾਦਰ ਸੂਰਮਿਆਂ ਨੂੰ। ਨਿਹੰਗ ਪਾਤਸ਼ਾਹਾਂ ਨੂੰ, ਜਿਨ੍ਹਾਂ ਵਤਨ ਲਈ ਤਲੀ ਤੇ ਜਾਨ ਰੱਖੀ।

100

ਅਜੇ ਜੰਗ ਖ਼ਤਮ ਨਹੀਂ ਹੋਈ

ਰਾਤ ਪੈ ਗਈ, ਲੜਾਈ ਬੰਦ ਹੋਈ। ਜ਼ਰਾ ਕੁ ਸਾਹ ਲਿਆ ਤੇ ਹੱਡ ਪੈਰ ਖੋਲ੍ਹੇ। ਥਕਾਵਟ ਉਤਰੀ। ਇਹ ਕਮਾਲ ਈਰਾਨੀ ਸ਼ਰਾਬ ਦਾ ਸੀ। ਮਜ਼ੂਮ ਸ਼ਰਾਬ ਸਿਰਫ਼ ਈਰਾਨ 'ਚ ਈ ਬਣਦੀ ਏ।

—ਵੇਖੇ ਨੀ ਹੱਥ ਨਿਹੰਗਾਂ ਦੇ, ਅਜੇ ਤੇ ਦਾਅ ਪੇਚ ਇਨ੍ਹਾਂ ਖੇਡਣੇ ਹਨ। ਇਹ ਸਿੱਧੀ

ਸਾਦੀ ਜੰਗ ਸੀ। ਤੇਰੀ ਜ਼ਰਾ ਕੁ ਜਿੰਨੀ ਗ਼ਲਤੀ ਨੇ ਉਨ੍ਹਾਂ ਤੈਨੂੰ ਘੇਰੇ 'ਚ ਲੈ ਲਿਆ। ਉਹ ਝਟਕਾ ਦਿੰਦੇ, ਪਰ ਉਨ੍ਹਾਂ ਨੂੰ ਮੇਰਾ ਚਿਹਰਾ ਨਜ਼ਰ ਆਉਂਦਾ ਸੀ। ਲਾਜ ਰੱਖ ਲਈ ਸੂਰਜ ਦੇਵਤੇ ਨੇ ਤੇ ਲੜਾਈ ਮੱਠੀ ਪੈ ਗਈ, ਤੇ ਹੌਲੀ-ਹੌਲੀ ਬੰਦ ਵੀ ਹੋ ਗਈ।

—ਬਲੋਚ ਬਾਦਸ਼ਾਹ ਲੜਾਈ ਅਜੇ ਬੰਦ ਨਹੀ ਹੋਈ। ਅਜੇ ਸੁਖ ਨਾਲ ਸ਼ੁਰੂ ਹੋਈ ਏ। ਸਿੰਘ ਹਰਨ ਨਹੀਂ ਹੋਏ। ਅਜੇ ਉਹ ਜੰਮ ਕੇ ਲੜਨਗੇ। ਕਿਉਂਕਿ ਉਨ੍ਹਾਂ ਫੈਸਲਾ ਕੀਤਾ ਹੋਇਐ ਜਾਂ ਤਖ਼ਤ ਜਾਂ ਤਖ਼ਤਾ। ਫ਼ੈਸਲਾ ਸਾਡਾ ਵੀ ਇਹੋ ਈ ਏ।

ਬਲੋਚ ਅੱਗੋਂ ਬੋਲਿਆ—ਇਹ ਬਹੁਤ ਸਖ਼ਤ ਜਾਨ ਹਨ, ਦਲੇਰ ਹਨ। ਇਨ੍ਹਾਂ ਦੇ ਹੌਸਲੇ ਬੁਲੰਦ ਹਨ। ਅਸੀਂ ਇਨ੍ਹਾਂ ਦੀ ਮਾਰ ਨਹੀਂ ਖਾ ਸਕਦੇ। ਤੁਸੀ ਸੱਚ ਆਖਦੇ ਸੀ। ਨਿਹੰਗਾਂ ਦੇ ਵੱਸ ਪਿਆ ਫੱਟ ਸਹਿਣ ਜੋਗਾ ਹੋ ਜਾਂਦੈ।

—ਮੈਂ ਇਨ੍ਹਾਂ ਦੀ ਨਸ-ਨਸ ਦਾ ਜਾਣੂੰ ਹੋ ਗਿਆ ਹਾਂ।

—ਦਿਨ ਚੜ੍ਹਿਆ ਏ ਤਿਆਰੀ ਕਰੋ। ਅੱਜ ਫੇਰ ਮੁਕਾਬਲਾ ਉਨ੍ਹਾਂ ਨਾਲ ਈ ਹੋਣਾ ਏ। ਪਹਿਲ ਨਹੀ ਕਰਨੀ। ਜਲਦੀ ਵੀ ਨਹੀਂ ਕਰਨੀ। ਠਰ੍ਹੰਮੇ ਨਾਲ ਲੜਨਾ ਏ, ਨੱਸਦਿਆਂ ਦੇ ਮਗਰ ਬਿਲਕੁਲ ਨਹੀਂ ਜਾਣਾ। ਆਪਣੀ ਜਗ੍ਹਾ ਖ਼ਾਲੀ ਨਹੀਂ ਛੱਡਣੀ।

ਝਨਾਅ ਚੰਗੀ ਚੜ੍ਹੀ ਹੋਈ ਸੀ। ਠਾਠਾਂ ਮਾਰਦੀ। ਪਾਣੀ ਉੱਛਲ-ਉੱਛਲ ਕੇ ਆਖਦਾ ਨਿਹੰਗ ਚੜ੍ਹੇ ਹੋਏ ਨੇ, ਬਲੋਚਾ ਜਾਨ ਬਚਾਅ ਲੈ। ਇਨ੍ਹਾਂ ਨੇ ਝਨਾਅ ਵਿਚ ਛਾਲਾਂ ਮਾਰ ਦਿੱਤੀਆਂ ਨੇ। ਪੁੱਤ ਡੁੱਬਦਾ ਏ ਤੇ ਡੁੱਬੇ। ਪਿਓ ਤੇ ਆਪਣੀ ਜਾਨ ਬਚਾਅ ਲਵੇ। ਮਾਵਾਂ ਨੇ ਬੱਚੇ ਜਣੇ ਹਨ। ਏਸ ਝਨਾਅ ਨੇ ਕਈ ਵਾਰ ਸਾਡੇ ਪੁੱਤ ਖਾਧੇ, ਜਵਾਨ-ਜਹਾਨ ਕੁੜੀਆਂ ਦਰਿਆ ਵਿਚ ਇਹਦੇ ਰੋੜ੍ਹ ਵਿਚ ਰੁੜ੍ਹ ਗਈਆਂ। ਸਮਾਨ ਲੁੱਟ ਦਾ ਝਨਾਅ ਖਾ ਗਈ। ਘੋੜੇ ਵੀ ਡੁੱਬੇ ਤੇ ਬੰਦੇ ਵੀ ਮਰੇ। ਜਿੰਨੇ ਬੰਦੇ ਜੰਗ ਵਿਚ ਮਰੇ, ਝਨਾਅ ਨੇ ਦੂਣੇ ਬੰਦਿਆਂ ਨੂੰ ਆਪਣੀ ਹਿੱਕ ਨਾਲ ਲਾ ਲਿਆ। ਜੰਗ ਦਾ ਨੁਕਸਾਨ ਤੇ ਹੋਣਾ ਈ ਸੀ, ਪਰ ਝਨਾਅ ਇਨ੍ਹਾਂ ਦੀ ਜਾਨ ਦੀ ਵੈਰੀ ਬਣ ਗਈ।

ਬੜੀਆਂ ਕੋਸ਼ਿਸ਼ਾਂ ਕੀਤੀਆਂ ਨੇ ਪਰ ਝਨਾਅ ਅੱਗੇ ਕੋਈ ਪੇਸ਼ ਨਾ ਗਈ।

ਨਿਹੰਗ ਤੋਂ ਕਿਸੇ ਨੇ ਪੁੱਛਿਆ—ਸੁਣਾ ਤੁਹਾਡੇ ਕਿੰਨੇ ਜਾਵਨ ਸ਼ਹੀਦ ਹੋਏ?

ਇਕ ਨਿਹੰਗ ਆਖਣ ਲੱਗਾ—ਸਵਾ ਲੱਖ।

ਨੂਰ ਮੁਹੰਮਦ ਹੈਰਾਨ ਹੋ ਗਿਆ, ਸਵਾ ਲੱਖ!

—ਹਾਂ! ਸਵਾ ਲੱਖ। ਨਿਹੰਗ ਝੂਠ ਥੋੜ੍ਹਾ ਬੋਲਦੈ।

ਕਾਜ਼ੀ ਨੇ ਵੇਖਿਆ ਬੜੀ ਦਲੇਰੀ ਏ। ਇਕ ਬੰਦਾ ਮਰਿਆ ਏ ਤੇ ਉਹ ਆਪਣੇ ਬੋਲਿਆਂ ਵਿਚ ਬੋਲ ਰਿਹਾ ਏ ਕਿ ਸਵਾ ਲੱਖ ਮਰਿਐ।

ਕੱਲ੍ਹ ਦਾ ਦਿਨ ਕੱਲ੍ਹ ਗਿਆ। ਅੱਜ ਦੀਆਂ ਤਿਆਰੀਆਂ ਹੋ ਰਹੀਆਂ ਨੇ। ਲੜਾਈ ਅੱਜ ਵੀ ਹੋਣੀ ਏ। ਹੁਣ ਮੁਕਾਬਲਾ ਸਖ਼ਤ ਏ।

ਕੱਲ੍ਹ ਦੇ ਗੁੱਸੇ ਸਾਰੇ ਅੱਜ ਨਿਕਲਣੇ ਹਨ।

ਅਸੀਂ ਵੀ ਜਾਨ ਤੋੜ ਕੇ ਲੜਾਂਗੇ। ਬਲੋਚ ਨੱਸਣ ਨਹੀਂ ਲੱਗਾ।

—ਕੀ ਆਖਿਆ ਈ ਮੇਰੇ ਮਾਲਕ, ਮੇਰੇ ਹਮ ਵਤਨ ਖ਼ੂਬ ਲੜੇ। ਨਿਹੰਗਾਂ ਨੂੰ ਭਜਾ ਦਿੱਤਾ। ਇਹ ਤੇ ਨਿਹੰਗਾਂ ਦੀ ਜੁੱਤੀ ਦੀ ਰੀਸ ਨਹੀਂ ਕਰ ਸਕਦੇ। ਜੋ ਮੈਂ ਲੜਦੇ ਵੇਖੇ ਹਨ ਉਹ ਤੇ ਨਿਹੰਗ। ਇਹ ਤੇ ਵਿਚਾਰੇ ਦੜੀ ਹੋਈ ਕੁਕੜੀ ਵਾਂਗੂੰ ਸਨ।

—ਇਹ ਸੂਰਖ਼ਾਨੇ ਇਹ ਕੁੱਤੇ, ਇਹ ਲਾਅਨਤੀ ਖ਼ੂਬ ਲੜੇ। ਜਵਾਨੀ ਤੇ ਮਰਦਾਨਗੀ ਇਨ੍ਹਾਂ ਤੇ ਈ ਖ਼ਤਮ ਏ।

—ਸੂਰਜ ਨੇ ਇੱਜ਼ਤ ਰੱਖ ਲਈ। ਵਰਨਾ ਨਿਹੰਗਾਂ ਨੇ ਨਾ ਬਲੋਚ ਈ ਰਹਿਣ ਦੇਣੇ ਸਨ ਤੇ ਨਾ ਈਰਾਨੀ ਅਫ਼ਗਾਨੀ ਤੇ ਨਾਲ ਲਗਦੇ ਅਹਿਮਦ ਸ਼ਾਹ ਅਬਦਾਲੀ ਦਾ ਖੋਜਖੁਰਾ ਮਿਟਾ ਦੇਣਾ ਸੀ।

—ਲੜਾਈ ਲੜਨ ਦਾ ਮਜ਼ਾ ਈ ਬਹਾਦਰਾਂ ਨਾਲ ਆਉਂਦਾ ਏ। ਭੇਡਾਂ ਦੇ ਇੱਜੜ ਤੇ ਹਮਲਾ ਕਰ ਦੇਣਾ ਕੋਈ ਬਹਾਦਰੀ ਨਹੀਂ। ਉਹ ਤੇ ਵਿਚਾਰੀਆਂ ਖਰੀਆਂ ਹਨ। ਛੁਰੀ ਫੇਰੀ ਜਾਓ ਮਿਆਂ-ਮਿਆਂ ਈ ਕਹਿਣਾ ਏ ਨਾ।

ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਲਸ਼ਕਰ ਨੂੰ ਹਦਾਇਤ ਦੇਣੀ ਸ਼ੁਰੂ ਕੀਤੀ।

—ਬਹਾਦਰੋ, ਮੇਰੇ ਹਮ ਵਤਨੋ ਅਸੀਂ ਲੁੱਟਣ ਆਏ ਹਾਂ ਰਾਜ ਕਰਨ ਨਹੀਂ। ਹਮਲਾ ਕਰੋ ਪਰ ਆਪਣੇ ਘੇਰੇ ਵਿਚੋਂ ਬਾਹਰ ਨਾ ਨਿਕਲੋ। ਦੁਸ਼ਮਨ ਬਹੁਤ ਚਾਲਬਾਜ਼ ਤੇ ਹੁਸ਼ਿਆਰ ਏ। ਸਾਡਾ ਮੈਦਾਨ ਦਾ ਘੇਰਾ ਤਿੰਨ ਮੀਲ ਦਾ ਏ। ਇਹਦੇ ਵਿਚ ਈ ਰਹੋਗੇ ਤੇ ਮੈਂ ਤੁਹਾਡੀ ਦੇਖ-ਭਾਲ ਕਰ ਸਕਾਂਗਾ। ਵਰਨਾ ਫੇਰ ਤੁਸੀਂ ਦੁਸ਼ਮਨ ਦੇ ਰਹਿਮੋ-ਕਰਮ ਤੇ ਹੋ।

ਭਾਵੇਂ ਤੁਸਾਂ ਆਪਣੀ ਜਗ੍ਹਾ ਬਦਲ ਲਈ ਏ। ਸੱਜੇ ਪਾਸੇ ਵਾਲੇ ਖੱਬੇ ਪਾਸੇ ਵੱਲ ਚਲੇ ਗਏ ਹਨ ਤੇ ਖੱਬੇ ਪਾਸੇ ਵਾਲੇ ਸੱਜੇ ਪਾਸੇ। ਇਹ ਵੀ ਜ਼ਰੂਰੀ ਸੀ, ਹੁਣ ਤੁਸਾਂ ਆਪਣੀ ਜਗ੍ਹਾ ਨਹੀਂ ਛੱਡਣੀ। ਨੱਸਦੇ ਦੁਸ਼ਮਨ ਦੇ ਮਗਰ ਨਹੀਂ ਜਾਣਾ। ਦੁਸ਼ਮਨ ਨੇ ਤੁਹਾਨੂੰ ਤਿੱਤਰ-ਬਿੱਤਰ ਕਰਨਾ ਏ। ਤੁਹਾਡੀਆਂ ਟੋਲੀਆਂ ਤੋੜਨੀਆਂ ਨੇ। ਤੁਹਾਡੀ ਜਗ੍ਹਾ ਤੇ ਆਪਣੀ ਫ਼ੌਜ ਲਿਆ ਖੜ੍ਹੀ ਕਰਨੀ ਏ। ਇਹਦੇ ਨਾਲ ਸਾਡਾ ਜੋੜ ਟੁੱਟੇਗਾ। ਅਸੀਂ ਕਮਜ਼ੋਰ ਹੋਵਾਂਗੇ।

ਨਿਹੰਗ ਲੜਨਗੇ ਵੀ ਤੇ ਹਮਲਾ ਵੀ ਕਰਨਗੇ ਤੇ ਸੱਟ ਵੀ ਕਰਾਰੀ ਮਾਰਨਗੇ ਪਰ ਜਦ ਸਾਡੀ ਵਾਰੀ ਆਏਗੀ ਤੇ ਉਹ ਹਰਨ ਹੋ ਜਾਣਗੇ। ਉਹ ਹਾਰੇ ਨਹੀਂ। ਉਹ ਹੁਣੇ ਈ ਆਏ। ਫੇਰ ਹਮਲਾ ਫੇਰ ਹਰਨ। ਤੁਹਾਡਾ ਇੰਤਜ਼ਾਮ ਤਹਿਸ-ਨਹਿਸ ਕਰਨਗੇ ਤੇ ਫੇਰ ਚੋਟ ਮਾਰਨਗੇ ਗੁੱਝੀ। ਇਹਦੇ ਨਾਲ ਸਾਨੂੰ ਹਾਰ ਦਾ ਮੂੰਹ ਵੇਖਣਾ ਪਏਗਾ। ਅਸਾਂ ਸਿਰਫ਼ ਆਪਣਾ ਬਚਾਅ ਕਰਨਾ ਏ। ਹਮਲਾ ਰੋਕਣਾ ਜ਼ਰੂਰ ਏ ਪਰ ਮਗਰ ਭੱਜ ਕੇ ਨਹੀਂ, ਡਟ ਕੇ ਇਕ ਜਗ੍ਹਾ ਤੇ।

ਕੂਚ ਦਾ ਹੁਕਮ ਸੀ। ਹਮਲਾ ਕਰੋ ਤੇ ਦਲ ਨੂੰ ਤੋੜ ਦਿਓ, ਖਿੰਡ-ਪੁੰਡ ਜਾਏ ਦਲ। ਇਹ ਆਪਸ 'ਚ ਮਿਲ ਨਾ ਸਕੇ।

ਅੱਗੋਂ ਸਿੰਘ ਕਿਹੜੇ ਲੁਕੇ ਹੋਏ ਸਨ। ਉਨ੍ਹਾਂ ਅਬਦਾਲੀ ਦੀ ਸੱਜੀ ਬਾਹੀ 'ਚੋਂ ਤੇ ਖੱਬੀ ਬਾਹੀ 'ਚੋਂ ਇਕੱਠਾ ਈ ਹਮਲਾ ਕਰ ਦਿੱਤਾ। ਸਾਹਮਣੇ ਵਾਲੇ ਦਸਤੇ ਨਾਲ ਉਨ੍ਹਾਂ ਅੱਖ ਨਾ ਮਿਲਾਈ। ਸ਼ਾਹ ਖ਼ਾਮੋਸ਼ ਘੋੜੇ ਤੇ ਬੈਠਾ ਹੋਇਆ ਸੀ। ਪਹਿਲੇ ਹਮਲੇ ਨੇ ਦੋਵੇਂ ਬਾਹੀਆਂ ਤੋੜ ਕੇ ਰੱਖ ਦਿੱਤੀਆਂ। ਹਲਚਲ ਮਚਾ ਦਿੱਤੀ ਸਾਰੀ ਫ਼ੌਜ 'ਚ। ਨਸੀਰ ਖ਼ਾਂ ਅਨਾੜੀ ਸੀ। ਇਹ ਗੱਲ ਖ਼ਾਲਸਾ ਜਾਣਦਾ ਸੀ। ਏਸੇ ਲਈ ਪਹਿਲੀ ਸੱਟ ਉਹਦੇ ਤੇ ਮਾਰੀ। ਧੰਨ ਜਿਗਰਾ ਸੀ ਨਿਹੰਗਾਂ ਦਾ ਜਿਨ੍ਹਾਂ ਆਉਂਦੇ ਤੂਫ਼ਾਨ ਦਾ ਮੂੰਹ ਭੰਨਿਆ।

—ਚੱਲ ਬੱਚੂ ਕਿੱਧਰ ਜਾਣਾ ਏ, ਮੁਕਾਬਲੇ ਦੀ ਚੋਟ ਸੀ। ਉਂਜ ਖ਼ੂਬ ਜਾਨ ਤੋੜ ਕੇ ਲੜੇ ਬਲੋਚ, ਪਰ ਜਦੋਂ ਉਨ੍ਹਾਂ ਦੀ ਵਾਰੀ ਆਈ ਤਲਵਾਰਾਂ ਖੁੰਢੀਆਂ ਹੋ ਚੁੱਕੀਆਂ

ਸਨ ਤੇ ਦਲ ਵਾਲੇ ਹਰਨ ਹੋ ਚੁੱਕੇ ਸਨ। ਮੈਦਾਨ ਵਿਚ ਕੋਈ ਚਿੜੀ ਦਾ ਬੱਚਾ ਵੀ ਨਜ਼ਰ ਨਹੀਂ ਸੀ ਆਉਂਦਾ।

ਗਲ ਲੱਗ ਕੇ ਵੈਣ ਪਾਓ। ਖ਼ਾਲਸਾ ਤੁਹਾਡੇ ਕਾਬੂ ਨਹੀਂ ਆਉਣ ਲੱਗਾ। ਤਿੰਨ ਮੀਲ ਵਿਚ ਮੱਸਿਆ ਲੱਗੀ ਹੋਈ ਸੀ। ਭਰਿਆ ਮੇਲਾ ਉੱਜੜ ਚੁੱਕਾ ਸੀ। ਇਹ ਪਤਾ ਨਹੀਂ ਸੀ ਕਿ ਕਦ ਮੁੜ ਕੇ ਭਰ ਜਾਵੇ। ਗੱਡ ਦਿਓ ਝੰਡੇ ਤੇ ਡਟ ਜਾਵੋ ਆਪਣੀ-ਆਪਣੀ ਥਾਂ ਤੇ। ਖ਼ਾਲਸਾ ਹੁਣੇ ਆਇਆ। ਜ਼ਰਾ ਬਾਟੇ ਛਕ ਲੈਣ ਦਿਓ ਸੁੱਖ-ਨਿਦਾਨ ਦੇ। ਚਿਹਰੇ ਤੇ ਲਾਲੀਆਂ ਚੜ੍ਹਨ ਦਿਓ ਤੇ ਫੇਰ ਵੇਖਣਾ ਨਿਹੰਗ ਪਾਤਸ਼ਾਹਾਂ ਦੇ ਜਲਾਲ।

ਸ਼ਾਹ ਆਪਣੀ ਫ਼ੌਜ ਦੇ ਆਲੇ-ਦੁਆਲੇ ਚੱਕਰ ਮਾਰ ਰਿਹਾ ਸੀ। ਹੱਥ ਨਾ ਪੁੱਜੇ ਥੂਹ ਕੌੜੀ। ਸ਼ਾਹ ਪ੍ਰੇਸ਼ਾਨ ਸੀ। ਅੱਜ ਦੀ ਜੰਗ ਕੋਈ ਜ਼ਰੂਰ ਗੁਲ ਖਿਲਾਏਗੀ, ਬੋਲ ਸ਼ਾਹ ਦੇ ਸਨ।

ਨਸੀਰ ਖ਼ਾਂ ਨੇ ਅਰਜ਼ ਕੀਤੀ—ਇਹ ਲੋਕ ਕਾਹਦੇ ਬਣੇ ਹਨ। ਕੋਈ ਅਸੂਲ ਨਹੀਂ ?

—ਕਾਹਦਾ ਅਸੂਲ, ਜੰਗ ਦੇ ਪੈਂਤੜੇ ਹਨ। ਇਕ ਵਾਰ ਹਮਲਾ ਕੀਤਾ ਤੇ ਨੱਸ ਗਏ। ਅਜੇ ਤੁਸਾਂ ਸੁਰਤ ਈ ਨਹੀਂ ਸੰਭਾਲੀ ਤੇ ਫੇਰ ਵਾਰ ਕਰ ਦਿੱਤਾ। ਬੰਦੇ ਮਾਰੇ ਤੇ ਰਾਹੇ ਪਏ। ਤੁਸੀਂ ਜ਼ਖ਼ਮੀ ਸੰਭਾਲ ਰਹੇ ਹੋ ਤੇ ਉਹ ਫੇਰ ਹਮਲੇ ਦੀ ਤਿਆਰੀ ਵਿਚ ਹਨ।

ਬਲੋਚ ਮੇਰੀ ਬਾਂਹ ਏ। ਇਹ ਮੈਦਾਨ ਛੱਡ ਕੇ ਨੱਸਣ ਨਹੀਂ ਲੱਗੇ। ਮੇਰੇ ਹੁਕਮ ਦੀ ਇੰਤਜ਼ਾਰ ਕਰਨ, ਆਪਣੀ ਜਗ੍ਹਾ ਨਾ ਛੱਡਣ। ਅਸੀਂ ਤਾਂ ਜੰਗ ਜਿੱਤਾਂਗੇ। ਵਰਨਾ ਮੈਦਾਨ ਖ਼ਾਲਸੇ ਦੇ ਹੱਥ ਰਹੇਗਾ।

ਸਾਡੀ ਬਾਹੀ ਮਜ਼ਬੂਤ ਹੋਣੀ ਚਾਹੀਦੀ ਏ। ਉਨ੍ਹਾਂ ਸਾਡਾ ਪਿੱਛਾ ਵੀ ਰੋਕਣਾ ਏ ਤੇ ਅੱਗੇ ਵੀ ਵਧਣ ਜੋਗੇ ਨਹੀਂ ਛਡਣਾ ਤੇ ਪਿੱਛੇ ਨੱਸਣ ਜੋਗੇ ਵੀ ਨਹੀਂ। ਘੇਰੇ ਵਿਚ ਫਸ ਗਏ ਤੇ ਫੇਰ ਇਨ੍ਹਾਂ ਝਟਕਾ ਸੁੱਟਣਾ ਏ।

ਹਮਲਾ ਖ਼ਾਲਸਿਆਂ ਨੇ ਫੇਰ ਕਰ ਦਿੱਤਾ, ਪੁਰਜ਼ੋਰ ਹਮਲਾ। ਦੁਰਾਨੀ ਵਧਦਾ ਆ ਰਿਹਾ ਸੀ ਤੇ ਖ਼ਾਲਸੇ ਦੀ ਫ਼ੌਜ ਨਾਲ ਈ ਰਲ ਗਈ। ਪਰ ਅੱਗੋਂ ਖਾਲਸੇ ਨੇ ਵੀ ਡਟ ਕੇ ਆਹੂ ਲਾਹੇ। ਸਾਰੀ ਚਤੁਰਾਈ ਭੁੱਲ ਗਈ। ਮਾਰੋ ਹਮਲਾ ਤੇ ਸ਼ਾਹ ਦੀ ਫ਼ੌਜ ਦੇ ਕੱਖ ਉਡਾ ਦਿਓ। ਅਬਦਾਲੀ ਦੀ ਫ਼ੌਜ ਵਿਚ ਰਲੇ ਨਿਹੰਗ ਖ਼ੂਬ ਤਲਵਾਰਾਂ ਵਾਹ ਰਹੇ ਸਨ। ਵਾਢੀ ਪਾ ਰਹੇ ਸਨ।

ਜਦ ਹਮਲਾ ਰੁਕਿਆ ਤੇ ਅਜੇ ਅੱਖ ਝਮਕਣ ਦੀ ਦੇਰ ਵੀ ਨਹੀਂ ਸੀ ਹੋਈ, ਖ਼ਾਲਸਾ ਹਰਨ ਹੋ ਚੁੱਕਾ ਸੀ। ਬਿੱਲੀ ਦਾ ਬਲੂੰਗੜਾ ਵੀ ਮੈਦਾਨ 'ਚ ਨਜ਼ਰ ਨਾ ਆਇਆ। ਜ਼ਮੀਨ ਨਿਗਲ ਗਈ ਜਾਂ ਅਸਮਾਨ ਖਾ ਗਿਆ। ਬਲੋਚ ਨਸੀਰ ਖ਼ਾਂ ਹੈਰਾਨ ਸੀ। ਧੰਨ ਹਨ ਇਹ ਬੰਦੇ। ਇਹ ਬੰਦੇ ਹਨ ਜਾਂ ਦੇਅ।

ਅਹਿਮਦ ਸ਼ਾਹ ਅਬਦਾਲੀ ਨੇ ਫੇਰ ਚੱਕਰ ਕੱਟਿਆ ਆਪਣੀ ਫ਼ੌਜ ਦਾ, ਫੇਰ ਵੇਖੀ ਹਾਲਤ। ਅੱਜ ਖ਼ਾਲਸਾ ਸਾਨੂੰ ਨਹੀਂ ਬਖਸ਼ਣ ਲੱਗਾ।

—ਤੇ ਫੇਰ ਹਜ਼ੂਰ ਕੀ ਕੀਤਾ ਜਾਏ ?

—ਡਟ ਕੇ, ਲੜੋ, ਇਕ ਜਗ੍ਹਾ ਤੇ। ਸਿਰਫ਼ ਹਮਲਾ ਰੋਕੋ। ਬਸ ਅੱਜ ਦੀ ਲੜਾਈ ਇੰਨੀ ਈ ਏ। ਸਾਹਮਣੇ ਵੀ ਹੋਵੇ ਤਾਂ ਵੀ ਅੱਗੇ ਵਧ ਕੇ ਵਾਰ ਨਹੀਂ ਕਰਨਾ। ਪਹਾੜ ਬਣ ਜਾਓ। ਸਾਰੀ ਦਿਹਾੜੀ ਘੋੜ-ਦੌੜ ਹੁੰਦੀ ਰਹੀ। ਤਲਵਾਰਾਂ ਦੇ ਘੁੰਡ ਲੱਥਦੇ ਰਹੇ। ਨੇਜ਼ੇ ਵਿਚਾਰੇ ਬੇਜ਼ਬਾਨ ਹੋ ਗਏ।

ਖ਼ਾਲਸੇ ਨੇ ਜੀਅ ਭਰ ਕੇ ਹਮਲੇ ਕੀਤੇ ਤੇ ਵਾਢੀ ਪਾਈ ਫ਼ੌਜ ਵਿਚ। ਖ਼ੂਬ ਕਤਲੇਆਮ ਹੋਇਆ। ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ ਦੀਆਂ ਤਲਵਾਰਾਂ ਨੇ ਬੁਰਕੇ ਪਾਏ ਹੋਏ ਸਨ। ਉਨ੍ਹਾਂ ਲਾਹ ਕੇ ਵੀ ਵੇਖ ਲਏ। ਕੋਈ ਖੋਹਣ ਨਾ ਖੁੱਸੀ।

ਹੁਣ ਵਿਚਾਰਾ ਕਾਜ਼ੀ ਨੂਰ ਮੁਹੰਮਦ ਆਪਣੀ ਕਲਮ ਦੀ ਲਗਾਮ ਕਿੱਧਰ ਤੋਰੇ।

ਅੱਲਾ ਨੇ ਫੇਰ ਲਾਜ ਰੱਖ ਲਈ। ਸੂਰਜ ਡੁੱਬਣ ਤੇ ਆ ਗਿਆ। ਫ਼ੌਜਾਂ ਥੰਮ੍ਹ ਗਈਆਂ, ਖ਼ਾਲਸਾ ਹਰਨ ਹੋ ਗਿਆ। ਜੰਗ ਰੁਕ ਗਈ ਪਰ ਖ਼ਤਮ ਨਾ ਹੋਈ।

ਦੂਜੇ ਦਿਨ ਦੀ ਲੜਾਈ ਨੇ ਅਹਿਮਦ ਸ਼ਾਹ ਅਬਦਾਲੀ ਦਾ ਦਿਲ ਮਧੋਲ ਕੇ ਰੱਖ ਦਿੱਤਾ।

ਤੌਬਾ-ਤੌਬਾ ਪੁਕਾਰ ਉੱਠਿਆ ਨਸੀਰ ਖ਼ਾਂ ਬਲੋਚ।

101

ਲੜਾਈ ਤੀਜੇ ਦਿਨ ਦੀ

ਸਾਰੇ ਦਿਨ ਦੀ ਲੜਾਈ 'ਚ ਕਿੰਨੇ ਕਾਜ਼ੀ ਸ਼ਹਾਦਤ ਪਾ ਗਏ ਤੇ ਕਿੰਨੇ ਅੱਲਾ ਨੂੰ ਪਿਆਰੇ ਹੋ ਗਏ। ਖ਼ਾਲਸੇ ਨੇ ਸ਼ਹੀਦੀਆਂ ਪਾਈਆਂ ਉਹ ਤੇ ਗਿਣਤੀ ਵਿਚ ਹਨ, ਪਰ ਕਾਜ਼ੀ ਨੂਰ ਮੁਹੰਮਦ ਨੇ ਸ਼ਰਮ ਨਾਲ ਕੁਝ ਗਿਣਤੀ ਨਾ ਦੱਸੀ।

ਬੰਦੇ ਤੇ ਮਰੇ ਈ ਸਨ, ਨੁਕਸਾਨ ਵੀ ਬਹੁਤ ਹੋਇਆ ਸੀ, ਪਰ ਕਲਮ ਨੂੰ ਤੜਾਗੀ ਪਈ ਹੋਈ ਸੀ। ਜ਼ਬਾਨ ਤੇ ਠੱਪਾ ਲੱਗਾ ਹੋਇਆ ਸੀ।

—ਨੱਸ ਚੱਲੀਏ, ਮੈਦਾਨ ਸਾਡੇ ਹੱਥ ਵਿਚ ਨਜ਼ਰ ਨਹੀਂ ਆਉਂਦਾ?

—ਪਰ ਦੁਨੀਆ ਕੀ ਕਹੇਗੀ ਕਿ ਅਹਿਮਦ ਸ਼ਾਹ ਅਬਦਾਲੀ ਨੱਸ ਗਿਆ ਮੈਦਾਨ ਛੱਡ ਕੇ?

ਬਲੋਚਾ ਵਕਤ ਬਹੁਤ ਨਾਜ਼ੁਕ ਏ। ਨਿਹੰਗਾਂ ਤੇ ਰੰਗੜਾਂ ਨੇ ਆਹੂ ਲਾਹ ਦਿੱਤੇ ਹਨ। ਲੜੀਏ ਕਿਹਦੇ ਨਾਲ? ਕੋਈ ਸਾਹਮਣੇ ਹੋਏ ਤਾਂ। ਇਹ ਗੁਰੀਲਿਆਂ ਵਾਲੀ ਜੰਗ ਕਰ ਰਹੇ ਹਨ। ਛਾਪਾ ਮਾਰਿਆ, ਬੰਦੇ ਝਟਕਾਏ ਤੇ ਨੌਂ ਦੋ ਗਿਆਰਾਂ ਹੋ ਗਏ।

—ਇਹੋ ਤੇ ਇਨ੍ਹਾਂ ਦਾ ਕਮਾਲ ਏ। ਦਲੇਰੀ ਨਹੀਂ ਸ਼ਾਹ।

—ਮੈਂ ਹਮਲੇ ਤੇ ਹਮਲਾ ਕੀਤਾ। ਘਰ ਉਜਾੜੇ, ਦੌਲਤ ਲੁੱਟੀ, ਗ਼ੈਰਤ ਬਰਬਾਦ ਕੀਤੀ, ਇਨ੍ਹਾਂ ਨੇ ਸਭ ਕੁਝ ਸਹਿ ਲਿਆ ਪਰ ਹੌਸਲਾ ਨਹੀਂ ਹਾਰਿਆ। ਇਹ ਆਪਣੀ ਹਕੂਮਤ ਬਣਾ ਕੇ ਈ ਦਮ ਲੈਣਗੇ। ਮੈਂ ਚਹੁੰ ਕੋਨਿਆਂ ਵਿਚ ਧਾਕ ਜਮਾਈ, ਦਹਿਸ਼ਤ ਪੈਦਾ ਕੀਤੀ ਪਰ ਇਨ੍ਹਾਂ ਤੇ ਕੋਈ ਅਸਰ ਨਹੀਂ ਹੋਇਆ, ਪਰ ਅੱਜ ਦੀ ਜੰਗ ਬਹੁਤ ਖ਼ਤਰਨਾਕ ਜੰਗ ਏ। ਸਾਰੀ ਰਾਤ ਤਿਆਰੀ ਕਰੋ, ਕੱਢੋ ਤੋਪਾਂ ਤੇ ਫੂਕ ਦਿਓ ਸਾਰਾ ਇਲਾਕਾ। ਆਖ਼ਰੀ ਹਥਿਆਰ ਵੀ ਵਰਤ ਲਵੋ। ਬਲੋਚ ਨੇ ਦੱਬੀ ਜ਼ਬਾਨ ਵਿਚ ਆਖਿਆ।

—ਤੇ ਜੇ ਖ਼ਲਕਤ ਵੀ ਉੱਠ ਪਈ ਤੇ ਫੇਰ।

—ਫੇਰ ਜੋ ਅੱਲਾ ਕਰੂ। ਵੇਖੀ ਜਾਊ।

—ਹੁਣ ਤਾਕਤ ਦੇ ਨਾਲ ਨਹੀਂ, ਕਸਬ ਨਾਲ ਜੰਗ ਜਿੱਤੀ ਜਾਊ।

ਬਲੋਚਾਂ ਨੂੰ ਥਾਪੀ ਦਿਓ ਤੇ ਖੁੱਲ੍ਹੀ ਸ਼ਰਾਬ ਵਰਤਾਈ ਜਾਏ। ਤਦ ਇਹ ਸ਼ਰਾਬ ਲਈ ਉਠਣਗੇ। ਖ਼ਾਲਸੇ ਨੇ ਤੇ ਦਮ ਤੋੜ ਕੇ ਰੱਖ ਦਿੱਤੇ।

—ਸ਼ਾਹ ਕੀ ਇਨ੍ਹਾਂ ਦੇ ਘਰਾਂ ਵਿਚ ਇਹ ਕਹਾਣੀ ਨਹੀਂ ਪੈਂਦੀ ਕਿ ਇੰਨੇ ਬੰਦੇ ਮਰ ਗਏ ਹਨ, ਇੰਨੇ ਜ਼ਖ਼ਮੀ ਹਨ। ? ਇਨ੍ਹਾਂ ਦੇ ਚੌਂਕੇ 'ਚ ਕੁਰਲਾਹਟ ਨਹੀਂ ਪੈਂਦੀ, ਵੈਣ ਨਹੀਂ ਪੈਂਦੇ, ਫੂਹੜੀਆਂ ਨਹੀਂ ਵਿਛਦੀਆਂ ?

—ਸਭ ਕੁਝ ਹੁੰਦਾ ਏ, ਪਰ ਇਹ ਜਰਨਾ ਸਿਖ ਗਏ ਹਨ।

—ਉਹ ਨਿੱਤ ਦੇ ਆਦੀ ਹਨ। ਉਨ੍ਹਾਂ ਦਾ ਰੋਜ਼ ਦਾ ਕਸਬ ਏ। ਏਸੇ ਲਈ ਇਹ ਸਾਡੇ ਤੇ ਭਾਰੂ ਹਨ। ਪੁੱਤਾਂ ਨੇ ਤੇ ਇਕ ਦਿਨ ਮਰਨਾ ਈ ਏ। ਖੁੱਸਿਆ ਦੇਸ਼ ਮੁੜ ਕੇ ਹੱਥ ਨਹੀਂ ਆਉਣਾ।

ਬਲੋਚਾਂ, ਈਰਾਨੀਆਂ ਤੇ ਅਫ਼ਗਾਨੀਆਂ ਨੇ ਇੰਨੀ ਸ਼ਰਾਬ ਪੀਤੀ ਕਿ ਆਪਸ 'ਚ ਜੱਫੀਆਂ ਪਾਉਣ ਲੱਗ ਪਏ। ਜਿਵੇਂ ਇਕ ਦੂਜੇ ਵਿਚ ਇਕ ਜਾਨ ਹੋ ਜਾਣ, ਸਿਰਫ਼ ਕਲਬੂਤ ਈ ਦੋ ਹੋਣ। ਜਾਨ ਇਕੋ ਹੋਵੇ।

—ਕਸਮ ਤੇ ਅਸਾਂ ਵੀ ਖਾਧੀ ਏ ਪਰ ਖ਼ਾਲਸਾ ਅਰਦਾਸ ਕਰਕੇ ਆਇਆ ਏ। ਲੰਗਰ ਲੱਗਾ ਹੋਇਐ। ਸਾਡੇ ਅਜੇ ਤਕ ਕੋਈ ਚਿੱਤਚੇਤਾ ਨਹੀਂ। ਕਦ ਬੱਕਰੇ ਜਿਬ੍ਹਾ ਹੋਣਗੇ, ਕਦ ਪੱਕਣਗੇ ਤੇ ਕਦ ਖਾਏਗੀ ਫ਼ੌਜ ? ਇਨ੍ਹਾਂ ਦਾ ਲੰਗਰ ਚੌਵੀ ਘੰਟੇ ਚਲਦੈ। ਇਨ੍ਹਾਂ ਦਾ ਅਕੀਦਾ ਵੀ ਵੱਖਰੈ।

—ਛੋਲੇ ਤੇ ਗੁੜ ਹਰ ਸਿਪਾਹੀ ਦੀ ਖੁਰਜੀ ਵਿਚ ਏ।

ਨਸੀਰ ਖ਼ਾਂ ਬਲੋਚਾਂ ਦੀਆਂ ਵਾਰਾਂ ਗਾਉਣ ਆਇਆ ਕਾਜ਼ੀ ਨੂਰ ਮੁਹੰਮਦ। ਪਰ ਉਹਦੀ ਜ਼ੁਬਾਨ ਗੂੰਗੀ ਹੋ ਗਈ ਸੀ। ਹਾਰ, ਬੁਜ਼ਦਿਲੀ ਤੇ ਚੜ੍ਹਤ ਖ਼ਾਲਸੇ ਦੀ ਕਿੱਦਾਂ ਝੂਠ ਕਹੇ। ਬੰਦਾ ਕਿੰਨਾ ਕੁ ਝੂਠ ਬੋਲ ਸਕਦਾ ਏ ?

—ਨੂਰ ਮੁਹੰਮਦ ਤੇ ਸਿੱਖ ਹੋ ਗਿਐ। ਇਨ੍ਹਾਂ ਦਾ ਅਕੀਦਾ, ਇਨ੍ਹਾਂ ਦੀ ਸ਼ਰਧਾ ਤੇ ਇਨ੍ਹਾਂ ਦਾ ਜਜ਼ਬਾ ਅੱਲਾਹ-ਅੱਲਾਹ ਰਹਿਮ।

—ਅੱਜ ਦੀ ਜੰਗ ਫ਼ੈਸਲਾਕੁਨ ਹੋਵੇਗੀ।

—ਇਹ ਤੇ ਐਵੇਂ ਦਮਗਜੇ ਈ ਮਾਰਨ ਵਾਲੀ ਗੱਲ ਏ। ਗੱਲਾਂ ਮਾਰਿਆਂ ਕੰਮ ਨਹੀਂ ਚੱਲਣਾ। ਇਕ ਬਲੋਚ ਗੱਲ ਕਰ ਰਿਹਾ ਸੀ।

—ਜ਼ਰਾ ਕੁ ਹੌਸਲੇ ਤੋਂ ਕੰਮ ਲਵੋ। ਅੱਲਾ ਬਿਹਤਰ ਕਰੇਗਾ। ਫ਼ੌਜ ਦੇ ਹੌਸਲੇ ਬੁਲੰਦ ਹੋਣੇ ਚਾਹੀਦੇ ਹਨ। ਸਫ਼ਾਂ ਬੰਨ੍ਹ ਕੇ ਲੜੋ। ਕਾਹਲੀ ਕਰਨ ਦੀ ਲੋੜ ਨਹੀਂ। ਜੰਮ ਕੇ ਖੜ੍ਹੇ ਰਹੋ। ਜਿਹੜੀ ਜਗ੍ਹਾ ਤੇ ਡਟ ਗਏ ਓ ਉਹਨੂੰ ਨਾ ਛੱਡੋ। ਸਿੰਘਾਂ ਦਾ ਹਮਲਾ ਕਰਨਾ, ਸਿੰਘਾਂ ਦਾ ਫਰਾਰ ਹੋਣਾ, ਤੁਸੀਂ ਉਨ੍ਹਾਂ ਦੇ ਮਗਰ ਨਹੀਂ ਨੱਸਣਾ। ਉਨ੍ਹਾਂ ਹਰਨ ਹੋਏ ਸੂਰਮਿਆਂ ਫੇਰ ਹਮਲਾ ਕਰਨਾ ਏ। ਤੁਹਾਡੀ ਤਿੱਤਰ-ਬਿੱਤਰ ਹੋਈ, ਟੁੱਟੀ ਤਾਕਤ ਖੇਰੂੰ-ਖੇਰੂੰ ਹੋ ਜਾਏਗੀ। ਹੁਣ ਮਜ਼ਬੂਤ ਕਿਲ੍ਹਾ ਬਣਾ ਲਵੋ। ਅਹਿਮਦ ਸ਼ਾਹ ਅਬਦਾਲੀ ਬਾਰ-ਬਾਰ ਸਮਝਾ ਰਿਹਾ ਸੀ।

ਨਸੀਰ ਖ਼ਾਂ ਬਲੋਚ ਆਖਣ ਲੱਗਾ—ਅੱਲਾ ਨੇ ਚਾਹਿਆ ਤੇ ਫਤਹਿ ਸਾਡੀ ਹੋਵੇਗੀ। ਦੁਆ ਕਰੋ ਅੱਲਾ ਤਾਲਾ ਅੱਗੇ। ਇਨ੍ਹਾਂ ਕਾਫ਼ਰਾਂ ਤੇ ਫਤਹਿ, ਕਾਫ਼ਰਾਂ ਨੂੰ ਕਤਲ ਕਰਨਾ ਸਵਾਬ ਏ। ਸਫ਼ਾਂ ਵਿਚ ਫ਼ੌਜ ਜੜੀ ਗਈ। ਜਰਨੈਲ ਆਪਣੇ-ਆਪਣੇ ਦਸਤੇ ਦੀ ਰਾਖੀ

ਕਰ ਰਹੇ ਸਨ ਤੇ ਇੱਧਰ ਖ਼ਾਲਸਾ ਆਪਣੇ ਹਿਸਾਬ ਨਾਲ ਡਟਿਆ ਹੋਇਆ ਸੀ।

ਤਿੰਨ ਮੀਲ ਦੀ ਹੱਦ ਮਿੱਥੀ ਗਈ ਸੀ, ਪਰ ਅਹਿਮਦ ਸ਼ਾਹ ਅਬਦਾਲੀ ਨੇ ਉਹਨੂੰ ਦੂਣਾ ਕਰ ਦਿੱਤਾ। ਸਿੱਖ ਵੀ ਬੂਝਿਆਂ ਵਿਚੋਂ ਨਿਕਲ ਆਏ ਤੇ ਸਿਰ ਕੱਢ ਲਿਆ ਝਾੜੀਆਂ ਵਿਚੋਂ। ਜਿੱਦਾਂ ਸ਼ੇਰ ਨਿਕਲੇ ਬੇਲਿਆਂ ਵਿਚੋਂ।

ਧੌਂਸਾ ਵੱਜਿਆ ਨਗਾਰੇ ਤੇ ਚੋਟ ਪਈ। ਬਸ ਫੇਰ ਕੀ ਸੀ। ਸਾਹਮਣੇ ਸਿੰਘਾਂ ਦੇ ਜਥੇ ਆਣ ਖਲੋਤੇ। ਹੁਣ ਅਹਿਮਦ ਸ਼ਾਹ ਅਬਦਾਲੀ ਦੇ ਹਵਾਸ ਜਾਂਦੇ ਰਹੇ। ਇਹ ਕਿਥੋਂ ਤਕ ਮਾਰ ਕਰਦੇ ਹਨ। ਇਨ੍ਹਾਂ ਨੂੰ ਕਿਸ ਦੱਸਿਆ ਏ? ਸਾਡਾ ਸਾਰਾ ਪੋਲ ਖੁਲ੍ਹ ਗਿਆ।

—ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ। ਜਕਦਮ ਸਿੰਘ ਸਾਹਮਣੇ ਆਏ, ਹਮਲਾ ਕੀਤਾ, ਰਾਹ ਰੋਕ ਲਿਆ। ਹਮਲਾ ਖ਼ਤਰਨਾਕ ਸੀ।

ਬਸ ਫੇਰ ਤਲਵਾਰਾਂ ਨੇ ਘੁੰਡ ਚੁੱਕ ਲਏ। ਛਣਕਾਰ ਗੂੰਜੀ, ਲਹੂ-ਲੁਹਾਨ ਹੋ ਗਿਆ ਮੈਦਾਨ। ਮਾਵਾਂ ਨੇ ਪੁੱਤ ਨਾ ਸੰਭਾਲੇ। ਪਰ ਨਸੀਰ ਖ਼ਾਂ ਬਲੋਚ ਤੇ ਸ਼ਾਹ ਨੇ ਜਲਵਾ ਵੇਖਿਆ ਤੇ ਆਪਣੀ ਫ਼ੌਜ ਨੂੰ ਅੱਗੇ ਵਧਣ ਦਾ ਹੁਕਮ ਨਾ ਦਿੱਤਾ।

ਸ਼ਾਹ ਵੀ ਲੜਿਆ ਤੇ ਸਿੰਘਾਂ ਨੇ ਸ਼ਾਹ ਦੀ ਨਾਨੀ ਚੇਤੇ ਕਰਵਾ ਦਿੱਤੀ।

ਅੱਲਾ ਹੂ ਅਕਬਰ, ਯਾਅ ਅਲੀ।

ਪਲ ਵਿਚ ਹੀ ਖ਼ੂਬ ਮੈਦਾਨ 'ਚ ਲਾਸ਼ਾਂ ਦੇ ਢੇਰ ਲੱਗੇ।

ਮੈਦਾਨ ਸਿੰਘਾਂ ਦੇ ਹੱਥ ਰਿਹਾ। ਦੋਵੇਂ ਡਰ ਗਏ। ਅਹਿਮਦ ਸ਼ਾਹ ਅਬਦਾਲੀ ਨੱਸ ਆਇਆ। ਉਸ ਆਪਣੀ ਫ਼ੌਜ 'ਚ ਆ ਕੇ ਦਮ ਲਿਆ।

ਤੇ ਇਧਰ ਨਿਹੰਗ ਪਾਤਸ਼ਾਹ ਤੇ ਰੰਗੜ ਤਲਵਾਰਾਂ ਵਾਹੁੰਦੇ ਹਰਨ ਹੋ ਗਏ। ਉਨ੍ਹਾਂ ਪਿੱਛੇ ਮੁੜ ਕੇ ਨਾ ਵੇਖਿਆ।

ਸਾਰੀ ਬੁਰ ਟੁੱਟ ਗਈ ਸ਼ਾਹ ਦੀ। ਹੁਣ ਉਤੋਂ ਹਾਰ ਦੀ ਬੂਥੀ ਵੀ ਨਜ਼ਰ ਆਈ। ਮੈਦਾਨ ਵਿਚ ਸਿਰਫ਼ ਨਸੀਰ ਖ਼ਾਂ ਬਲੋਚ ਦੀ ਬਾਂਗਾਂ ਦੇ ਰਿਹਾ ਸੀ।

ਹਰਨ ਹੋਇਆ ਖ਼ਾਲਸਾ ਇਕ ਵਾਰ ਫੇਰ ਆਣ ਝਪਟਿਆ, ਸੱਟ ਮਾਰੀ ਤੇ ਉਹ ਵੀ ਤਿੱਤਰ-ਬਿੱਤਰ ਹੋ ਗਿਆ। ਮੇਲਾ ਉੱਜੜ ਗਿਆ ਤੇ ਸੂਰਜ ਗਰੂਬ ਹੋ ਗਿਆ। ਮੱਠੀ-ਮੱਠੀ ਲੜਾਈ ਨੇ ਦਮ ਤੋੜ ਦਿੱਤਾ।

ਖ਼ਾਲਸਾ ਨਗਾਰੇ ਵਜਾਉਂਦਾ ਆਪਣੇ ਟਿਕਾਣੇ ਤੇ ਆ ਪੁੱਜਾ। ਰਾਤ ਹਨੇਰੀ ਸੀ ਤੇ ਥੱਕੀ-ਟੁੱਟੀ ਫ਼ੌਜ ਸਾਹ ਕੱਢ ਰਹੀ ਸੀ।

—ਰਾਤ ਨੇ ਸਾਡੀ ਪੱਤ ਰੱਖ ਲਈ। ਸੋਚਾਂ 'ਚ ਪੈ ਗਿਆ ਅਹਿਮਦ ਸ਼ਾਹ ਅਬਦਾਲੀ।

102

ਅਹਿਮਦ ਸ਼ਾਹ ਅਬਦਾਲੀ ਕਿਥੇ ਗਿਆ?

ਇਕ ਮੌਲਵੀ ਆਖਣ ਲੱਗਾ—ਜੋ ਹਮਲਾਵਰ ਜਨਤਾ ਨੂੰ ਗ਼ੁਲਾਮ ਬਣਾਉਂਦਾ ਹੈ,

ਘਰ ਬਰਬਾਦ ਕਰਦਾ ਹੈ, ਧੀਆਂ-ਭੈਣਾਂ ਤੇ ਮਾਵਾਂ ਦੀ ਇੱਜ਼ਤ ਲੁੱਟਦਾ ਹੈ ਉਹਨੂੰ ਅੱਲਾ ਕਦੇ ਨਹੀਂ ਬਖ਼ਸ਼ਦਾ।

ਖ਼ੁਦਾ ਦੀ ਲਾਠੀ ਬੇ-ਆਵਾਜ਼ ਏ। ਕਹਿਰ, ਜ਼ੁਲਮ ਕੁਝ ਦਿਨ ਤੇ ਬਹੁਤ ਫਲਦਾ ਤੇ ਫੁੱਲਦਾ ਏ, ਪਰ ਉਹਦਾ ਅੰਤ ਬੁਰਾ ਏ। ਹਿੰਦੂ ਕਾਫ਼ਰ ਹਨ ਪਰ ਹੈਨ ਤੇ ਖ਼ੁਦਾ ਦੀ ਖ਼ੁਦਾਈ ਵਿਚੋਂ। ਮੁਸਲਮਾਨ ਨੇ ਕੀ ਸਵਾਬ ਕੀਤੇ ਹਨ। ਇਹ ਸਾਰੀਆਂ ਭੇਡਾਂ ਮੂੰਹ ਕਾਲੀਆਂ ਹਨ।

ਸਿੱਖਾਂ ਤੇ ਇਹ ਲਾਅਨਤ ਤੇ ਨਹੀਂ ਨਾ। ਕੋਈ ਗੁਨਾਹ ਦਾ ਦਾਗ਼ ਤੇ ਨਹੀਂ ਨਾ ਇਨ੍ਹਾਂ ਦੀ ਚਿੱਟੀ ਚਾਦਰ ਤੇ। ਬਿਨਾਂ ਦਾਗੋਂ ਈ ਏਹ ਗੁਰੂ ਦਾ ਨਾਂ ਲੈਣ ਵਾਲੇ ਬੰਦੇ ਹਨ। ਮਾਲਾ ਫੇਰਦੇ ਹਨ। ਮੁਕਾਬਲਾ ਕਰਨਾ ਇਨ੍ਹਾਂ ਦਾ ਫ਼ਰਜ਼ ਏ। ਨਾ ਉਨ੍ਹਾਂ ਘਰ ਛੱਡਣਾ ਏ ਤੇ ਨਾ ਵਤਨ। ਲੁਟੇਰੇ ਚਲੇ ਜਾਣਗੇ, ਗੁਰੂ ਵੇਖਦਾ ਏ।

ਨਿਰਦਈ, ਅੱਤਿਆਚਾਰੀ ਬਹੁਤੇ ਦਿਨ ਫਲਦੇ-ਫੁੱਲਦੇ ਨਹੀਂ। ਗ਼ਰੂਰ ਦਾ ਆਖਰ ਸਿਰ ਨੀਵਾਂ ਹੁੰਦਾ ਏ। ਜ਼ਾਲਮ ਹਮੇਸ਼ਾ ਮੂੰਹ ਭਾਰ ਡਿੱਗਦਾ ਏ। ਇਹ ਰੱਬੀ ਕਾਨੂੰਨ ਏ। ਇਹਦੇ 'ਚ ਦੇਰ ਹੁੰਦੀ ਏ। ਭਾਵੇਂ ਦਿੱਸੇ ਭਾਵੇਂ ਨਾ ਦਿੱਸੇ। ਇਹ ਗੱਲ ਅਟੱਲ ਏ। ਇਹ ਹੋਣੀ ਵਰਤੇਗੀ।

ਅਹਿਮਦ ਸ਼ਾਹ ਅਬਦਾਲੀ ਕਿੱਧਰ ਗਿਆ ? ਇਹ ਖ਼ਾਲਸੇ ਨੇ ਪ੍ਰਵਾਹ ਈ ਨਾ ਕੀਤੀ। ਜੱਸਾ ਸਿੰਘ ਆਹਲੂਵਾਲੀਏ ਨੇ ਹੁਕਮ ਦਿੱਤਾ—ਖ਼ਾਲਸਾ ਜੀ ਛੱਡੋ ਇਹ ਸਾਰੀਆਂ ਗੱਲਾਂ। ਮੇਰੇ ਸਰਦਾਰੋ, ਮੈਂ ਮੈਦਾਨ 'ਚ ਖੜ੍ਹਾ ਹਾਂ। ਮੈਂ ਵੇਖਾਂਗਾ ਅਹਿਮਦ ਸ਼ਾਹ ਅਬਦਾਲੀ ਨੂੰ।

—ਜੱਸਾ ਸਿੰਘ ਰਾਮਗੜ੍ਹੀਆ ਤੂੰ ਆਪਣੇ ਇਲਾਕੇ ਦੇ ਥਾਣੇ ਪੱਕੇ ਕਰ ਕੇ ਛਾਉਣੀਆਂ ਬਿਠਾ ਦੇ। ਛੱਡ ਦਲ ਦਾ ਖਹਿੜਾ। ਦਲ ਹਰ ਵੇਲੇ ਤੇਰੀ ਮਦਦ ਤੇ ਹੈ।

—ਕੱਢੋ ਘੋੜੇ ਤੇ ਜਥੇ ਨੂੰ ਲਾਓ ਅੱਗੇ ਕਨ੍ਹਈਆ ਮਿਸਲ ਦੇ ਸੂਰਮਿਓ। ਮਾਰ ਮਾਰੋ ਤੇ ਮਾਰੀਆਂ ਹੋਈਆਂ ਮੱਲਾਂ ਨੂੰ ਮਜ਼ਬੂਤ ਕਰੋ।

—ਹਰੀ ਸਿੰਘ ਭੰਗੀ ਤੇਰੀ ਹਿੰਮਤ ਤੇ ਖ਼ਾਲਸਾ ਬਲਿਹਾਰੀ ਜਾਏ। ਚੱਲ ਆਪਣੀ ਮੱਲ-ਗੁਜ਼ਾਰ ਵਿਚ। ਜਦ ਸਾਰਾ ਇਲਾਕਾ ਤੁਹਾਡਾ ਪਾਣੀ ਭਰਨ ਲੱਗ ਜਾਏ ਤੇ ਫੇਰ ਇਕੱਠ ਕਰ, ਫੇਰ ਗੁਰੂ ਦੀ ਸ਼ਰਨ ਲਵੋ। ਫੇਰ ਸੋਚਾਂਗੇ ਰਾਜ ਕਿੱਦਾਂ ਕਰਨੈ।

ਗਾਜ਼ੀ ਸਾਰੇ ਦੁਮਦੁਮਾ ਕੇ ਨੱਸ ਗਏ, ਜਹਾਦ ਕਰਨ ਆਏ ਸਨ, ਆਪਣੇ ਸਾਥੀ ਮਰਵਾ ਕੇ ਘਰ ਨੂੰ ਮੁੜੇ। ਇਹ ਜਹਾਦ ਦਾ ਅਰਥ ਈ ਨਹੀਂ ਜਾਣਦੇ।

—ਅਹਿਮਦ ਸ਼ਾਹ ਅਬਦਾਲੀ ਨੱਸ ਗਿਆ। ਮਾਝਾ, ਮਾਲਵਾ, ਦੁਆਬਾ ਹੁਣ ਤੁਹਾਡੀ ਰਾਖੀ ਵਿਚ ਏ। ਮੈਂ ਅਜੇ ਦਲ ਵਿਚ ਈ ਬੈਠਾ ਹੋਇਆ ਹਾਂ। ਮੈਨੂੰ ਹੁਕਮ ਭੇਜੋ ਮੈਂ ਆਣ ਹਾਜ਼ਰ ਹੋਵਾਂਗਾ।

ਸ਼ਾਹ ਫੇਰ ਅੱਖ ਚੁੱਕੇਗਾ ਫੇਰ ਵੇਖ ਲਵਾਂਗੇ। ਹੁਣ ਤੇ ਦਿਲ ਟੁੱਟ ਗਿਐ। ਨੱਸ ਗਿਆ ਏ ਝੰਡੇ ਛੱਡ ਕੇ। ਧੌਂਸਾ ਵੀ ਵਜਾਓ ਤੇ ਨਗਾਰੇ ਵੀ ਵਜਾਓ ਤੇ ਫਤਹਿ ਵੀ ਗਜਾਓ।

—ਗੁਰੂ ਰਾਖਾ, ਗੁਰੂ ਮਿਹਰਬਾਨ।

ਬੁੱਢਾ ਦਲ ਤੁਹਾਡੀ ਪਿੱਠ ਤੇ ਹੈ। ਤੁਸੀਂ ਆਪਣੇ ਇਲਾਕੇ ਵਿਚ ਆਪਣੇ ਸਿੱਕੇ ਜਮਾਓ ਤੇ ਮੈਂ ਰਹਿੰਦ-ਖੂੰਹਦ ਨੂੰ ਸੰਭਾਲਦਾ ਹਾਂ। ਹੁਣ ਤੁਸੀਂ ਸਰਦਾਰ ਹੋ, ਮੈਂ ਤੁਹਾਡੇ ਚਰਨਾਂ ਦਾ ਦਾਸ ਹਾਂ। ਜਿਹੜੀ ਸਰਦਾਰੀ ਤੁਸਾਂ ਮੈਨੂੰ ਬਖ਼ਸ਼ੀ ਏ। ਉਹਦੇ ਤੇ ਮੈਂ ਪਹਿਰਾ ਦੇਵਾਂਗਾ। ਬੋਲੋ ਸੋ ਨਿਹਾਲ, ਸਤਿ ਸ੍ਰੀ ਅਕਾਲ।

ਅਹਿਮਦ ਸ਼ਾਹ ਅਬਦਾਲੀ ਰਾਤ ਦੇ ਹਨੇਰੇ ਵਿਚ ਈ ਰਾਵੀ ਪਾਰ ਕਰ ਗਿਆ। ਖ਼ਾਲਸੇ ਨੇ ਉਹਦਾ ਪਿੱਛਾ ਨਾ ਕੀਤਾ। ਡਰ ਤੇ ਹੈ ਈ ਸੀ। ਫ਼ੌਜਾਂ ਮਾਰੋ-ਮਾਰ ਕਰਦੀਆਂ ਛਾਉਣੀਆਂ ਦੇ ਕੰਢੇ ਤੇ ਪੁੱਜ ਗਈਆਂ। ਤੇਜ਼ ਰਫ਼ਤਾਰ ਝਨਾਅ ਵੀ ਸਾਡੀ ਹਮਦਰਦੀ ਸੀ। ਹਜ਼ਾਰਾਂ ਬੰਦਿਆਂ ਦਾ ਦਿਲ ਟੁੱਟਾ ਹੋਇਆ ਸੀ ਵਾਪਸ ਮੁੜ ਰਹੇ ਸਨ। ਪਰ ਫ਼ੌਜੀ ਇਹ ਗੱਲ ਆਖ ਰਹੇ ਸਨ ਕਿ ਪਤਾ ਨਹੀਂ ਸ਼ਾਹ ਕਦ ਮੁਹਾਰਾਂ ਮੋੜ ਲਵੇ ! ਪਰ ਆਸਾਰ ਦਿੱਸਦੇ ਸਨ ਕਿ ਸ਼ਾਹ ਦਾ ਇਰਾਦਾ ਪੱਕਾ ਬਣ ਗਿਐ। ਬਲੋਚਿਸਤਾਨ ਥਾਈਂ ਹੁੰਦਾ ਹੋਇਆ ਸ਼ਾਹ ਬਹੁਤ ਜਲਦ ਅਫ਼ਗਾਨਿਸਤਾਨ ਪੁੱਜ ਜਾਏਗਾ।

ਖ਼ਾਲਸੇ ਨੇ ਫੈਸਲਾ ਕੀਤਾ ਕਿ ਅਹਿਮਦ ਸ਼ਾਹ ਦਾ ਸਾਰਾ ਸਾਮਾਨ ਲੁੱਟ ਲਿਆ ਜਾਏ। ਫੇਰ ਖ਼ਾਲਸੇ ਨੇ ਇਰਾਦਾ ਬਦਲ ਲਿਆ। ਝਨਾਅ ਨੇ ਸਾਡੀ ਮਦਦ ਕੀਤੀ। ਬਰਸਾਤੀ ਨਾਲੇ ਬਹੁਤ ਜ਼ੋਰਾਂ ਨਾਲ ਵਗ ਰਹੇ ਸਨ। ਜ਼ਖ਼ਮੀ ਫ਼ੌਜੀ, ਊਠਾਂ ਤੇ ਲੱਦੇ ਦੌਲਤ ਦੇ ਅੰਬਾਰ, ਘੋੜਿਆਂ ਤੇ ਗਧਿਆਂ ਦੇ ਭਰੇ ਗੱਡੇ ਸਾਰੇ ਦੇ ਸਾਰੇ ਦਰਿਆ 'ਚ ਰੁੜ੍ਹ ਗਏ। ਖ਼ਜ਼ਾਨਾ ਬੜੀ ਮੁਸ਼ਕਲ ਨਾਲ ਪਾਰ ਹੋਇਆ।

ਕਿਸਮਤ ਸਾਥ ਨਹੀਂ ਸੀ ਦੇ ਰਹੀ।

ਮਗਰੋ-ਮਗਰ ਚੜ੍ਹਤ ਸਿੰਘ ਚੜ੍ਹਿਆ ਆ ਰਿਹਾ ਸੀ। ਆਖਣ ਲੱਗਾ,

—ਸਾਰਾ ਮਾਲ ਤੂੰ ਈ ਲੈ ਜਾਣਾ ਏ। ਸਾਨੂੰ ਵੀ ਹਿੱਸਾ ਦੇ ਜਾ।

ਖ਼ੂਬ ਲੁੱਟਿਆ ਸ਼ਾਹ ਨੂੰ ਤੇ ਖਜ਼ਾਨਾ ਵੀ ਖੋਹ ਲਿਆ ਖ਼ਾਲੀ ਹੱਥ ਨਿਕਲਿਆ ਝਨਾਅ ਦੀ ਮੱਲ, ਗੁਜ਼ਾਰ ਵਿਚੋਂ।

ਇੰਨਾ ਨੁਕਸਾਨ ਲੜਾਈ ਵਿਚ ਨਹੀਂ ਸੀ ਹੋਇਆ ਜਿੰਨਾ ਝਨਾਅ ਨੇ ਮਾਰ ਮਾਰੀ।

ਰੁਹਤਾਸ ਦੇ ਪੜਾਅ ਤੇ ਆ ਕੇ ਨਸੀਰ ਖ਼ਾਂ ਬਲੋਚਿਸਤਾਨ ਨੂੰ ਚਲਾ ਗਿਆ ਤੇ ਅਹਿਮਦ ਸ਼ਾਹ ਅਬਦਾਲੀ ਅਫ਼ਗਾਨਿਸਤਾਨ ਵੱਲ ਮੁੜ ਗਿਆ।

—ਚੰਗਾ ਯਾਰ ਫੇਰ ਮਿਲਾਂਗੇ। ਅਸੀਂ ਤੇਰੀ ਖ਼ਿਦਮਤ ਨਹੀਂ ਕਰ ਸਕੇ। ਖਜ਼ਾਨਾ ਤੇ ਲੁੱਟਿਆ ਗਿਆ।

—ਅੱਛਾ ਹੁਣ ਖ਼ਾਲੀ ਅਸਲਾਮਾ-ਲੇਕਮ। ਖ਼ੁਦਾ ਹਾਫ਼ਿਜ਼, ਆਮੀਨ।

ਹਜ਼ਾਰਾਂ ਦੀ ਗਿਣਤੀ ਵਿਚ ਫ਼ੌਜ ਮਰੀ ਤੇ ਕਈ ਹਜ਼ਾਰ ਬੰਦੇ ਬੁੱਢੇ ਦਲ ਦੇ ਮਰੇ ਤੇ ਜ਼ਖ਼ਮੀ ਹੋਏ। ਇਥੇ ਆ ਕੇ ਅਹਿਮਦ ਸ਼ਾਹ ਅਬਦਾਲੀ ਨੇ ਤੋਬਾ ਕੀਤੀ ਕਿ ਹੁਣ ਜੰਗ ਮੇਰੇ ਵੱਸ ਦੀ ਗੱਲ ਨਹੀਂ। ਇਹ ਨਿਹੰਗ, ਇਹ ਰੰਘਰੇਟੇ, ਇਹ ਸਿੱਖ ਹੁਣ ਮੇਰੇ ਕਾਬੂ 'ਚ ਨਹੀਂ ਆਉਣ ਲੱਗੇ। ਇਨ੍ਹਾਂ ਰਾਜ ਬਣਾ ਕੇ ਈ ਦਮ ਲੈਣਾ ਏ।

ਇਹ ਗੱਲ ਸੱਚ ਏ, ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨਾ ਕੋਇ।

103

ਸਿੰਘਾਂ ਦੀ ਮਰਦਾਨਗੀ ਦਾ ਬਿਆਨ

ਪੰਜਾਬ ਦੇ ਇਤਿਹਾਸ ਦੇ ਦ੍ਰਿਸ਼ਟੀਕੋਣ ਤੋਂ 'ਜੰਗਨਾਮੇ' ਵਿਚ ਕਾਜ਼ੀ ਨੂਰ ਮੁਹੰਮਦ ਦੇ ਦੋ ਬਿਆਨ 41-42 ਖ਼ਾਸ ਮਹੱਤਵਪੂਰਨ ਹਨ ਕਿਉਂਕਿ ਇਨ੍ਹਾਂ ਵਿਚ ਜੋ ਕੁਝ ਵੀ

ਉਸ ਨੇ ਲਿਖਿਆ ਹੈ ਉਹ ਉਸ ਨੇ ਸਭ ਕੁਝ ਨਵੰਬਰ ਸੰਨ 1764 ਅਤੇ ਮਾਰਚ ਸੰਨ 1765 ਵਿਚਕਾਰ (1178 ਹਿਜਰੀ ਵਿਚ) ਅੱਖੀਂ ਡਿੱਠਾ ਸੀ ਅਤੇ ਸੰਨ 1178 ਹਿਜਰੀ ਵਿਚ ਹੀ ਲਿਖ ਲਿਆ ਸੀ ਜੋ 19 ਜੂਨ ਸੰਨ 1765 ਨੂੰ ਚੜ੍ਹਿਆ ਸੀ। ਇਸ ਵੇਲੇ ਤਕ ਖ਼ਾਲਸਾ ਜੀ ਨੇ ਲਾਹੌਰ ਉੱਤੇ ਵੀ ਪੱਕਾ ਕਬਜ਼ਾ ਕਰ ਲਿਆ ਸੀ ਜੋ 17 ਅਪ੍ਰੈਲ ਨੂੰ ਹੋ ਗਿਆ ਸੀ। ਉਪਰੋਕਤ ਦੋਨੋਂ ਬਿਆਨ ਸਿੰਘਾਂ ਦੀ ਮੈਦਾਨਿ-ਜੰਗ ਵਿਚ ਬਹਾਦਰੀ ਅਤੇ ਉਨ੍ਹਾਂ ਦੇ ਪੰਜਾਬ ਵਿਚ ਕੀਤੇ ਹੋਏ ਕਬਜ਼ਿਆਂ ਸੰਬੰਧੀ ਹਨ ਜੋ ਲਾਹੌਰ ਉੱਤੇ ਕਬਜ਼ਾ ਹੋਣ ਤੋਂ ਪਹਿਲਾਂ ਸਨ।

ਸਿੰਘਾਂ ਦੀ ਮਰਦਾਨਗੀ ਸੰਬੰਧੀ ਕਾਜ਼ੀ ਨੂਰ ਮੁਹੰਮਦ ਨੇ 41ਵੇਂ ਅਧਿਆਇ ਵਿਚ ਜੋ ਕੁਝ ਲਿਖਿਆ ਹੈ ਉਹ ਉਸੇ ਦੀ ਭਾਸ਼ਾ ਵਿਚ ਇੰਨ-ਬਿੰਨ ਇਸ ਤਰ੍ਹਾਂ ਹੈ:

'ਸਗਾਂ' (ਕੁੱਤਿਆਂ) ਨੂੰ 'ਸਗ' (ਕੁੱਤੇ) ਨਾ ਕਹੋ ਕਿਉਂਕਿ ਇਹ ਸ਼ੇਰ ਹਨ ਅਤੇ ਮਰਦਾਨਗੀ ਦੇ ਮੈਦਾਨ ਵਿਚ ਸ਼ੇਰਾਂ ਵਾਂਗ ਦਲੇਰ ਹਨ।

ਰਣ ਦਾ ਉਹ ਸੂਰਮਾ ਜੋ ਲੜਾਈ ਵਿਚ ਸ਼ੇਰ ਵਾਂਗੂੰ ਬੁੱਕੇ ਕਿਵੇਂ 'ਸਗ' ਹੋ ਸਕਦਾ ਹੈ? ਜੇ ਤੈਨੂੰ ਲੜਾਈ ਦਾ ਕਸਬ ਸਿੱਖਣ ਦੀ ਇੱਛਾ ਹੈ ਤਾਂ ਆ ਅਤੇ ਰਣ-ਭੂਮੀ ਵਿਚ ਇਨ੍ਹਾਂ ਦੇ ਸਾਹਮਣੇ ਹੋ।

ਉਹ ਤੈਨੂੰ ਜੰਗ ਦੇ ਅਜਿਹੇ ਢੰਗ ਵਿਖਾਉਣਗੇ ਕਿ ਸਾਰੇ ਵਾਹ-ਵਾਹ ਪਏ ਆਖਣਗੇ।

ਹੇ ਤਲਵਾਰੀਏ, ਜੇ ਤੂੰ ਲੜਾਈ ਦਾ ਹੁਨਰ ਸਿਖਣਾ ਚਾਹੁੰਦਾ ਹੈਂ ਤਾਂ ਇਨ੍ਹਾਂ ਪਾਸੋਂ ਸਿੱਖ ਕਿ ਕਿਵੇਂ ਮਰਦਾਂ ਵਾਂਗ ਵੈਰੀ ਦੇ ਸਾਹਮਣੇ ਹੋਣਾ ਚਾਹੀਦਾ ਹੈ ਅਤੇ ਲੜਾਈ ਵਿਚੋਂ ਕਿਵੇਂ ਆਪਣੇ ਆਪ ਨੂੰ ਸਾਫ ਬਚਾ ਲਿਜਾਣਾ ਚਾਹੀਦਾ ਹੈ।

'ਸਿੰਘ' ਇਨ੍ਹਾਂ ਦਾ ਲਕਬ ਹੈ, ਇਹ ਜਾਣ ਲੈਣਾ ਚਾਹੀਦਾ ਏ। ਇਹ ਨਿਆਉਂ ਦੀ ਗੱਲ ਨਹੀਂ ਕਿ ਇਸ (ਸ਼ਬਦ 'ਸਿੰਘ') ਨੂੰ 'ਸਗ' (ਅਰਥਾਤ ਕੁੱਤਾ) ਪੜ੍ਹਿਆ ਜਾਏ।

ਐ ਜਾਵਨ, ਜੇ ਤੈਨੂੰ ਨਹੀਂ ਪਤਾ (ਤਾਂ ਸੁਣ), ਹਿੰਦੁਸਤਾਨੀ ਬੋਲੀ ਵਿਚ 'ਸਿੰਘ' ਦੇ ਅਰਥ 'ਸ਼ੇਰ' ਹਨ। ਲੜਾਈ ਵਿਚ ਤਾਂ ਇਹ ਸੱਚ-ਮੁੱਚ ਹੀ ਸ਼ੇਰ ਹਨ ਅਤੇ ਮੌਜ-ਮੇਲੇ ਸਮੇਂ ਹਾਤਮ ਤੋਂ ਭੀ ਵੱਧ ਹਨ।

ਜਦ ਇਹ ਹੱਥ ਵਿਚ ਹਿੰਦੁਸਤਾਨੀ ਤਲਵਾਰ ਫੜ ਲੈਂਦੇ ਹਨ ਤਾਂ ਹਿੰਦ ਤੋਂ ਸਿੰਧ ਦੇਸ ਤਕ ਮਾਰ ਕਰਦੇ ਚਲੇ ਜਾਂਦੇ ਹਨ।

ਕੋਈ ਆਦਮੀ ਇਨ੍ਹਾਂ ਦੇ ਸਾਹਮਣੇ ਅੜ ਨਹੀਂ ਸਕਦਾ, ਭਾਵੇਂ ਉਹ ਕਿੱਡਾ ਹੀ ਜ਼ੋਰ ਵਾਲਾ ਕਿਉਂ ਨਾ ਹੋਵੇ।

ਜਦ ਇਹ ਹੱਥ ਵਿਚ ਨੇਜ਼ਾ ਫੜ ਲੈਂਦੇ ਹਨ ਤਾਂ ਵੈਰੀ ਦੀ ਫ਼ੌਜ ਵਿਚ ਭਾਜੜ ਪਾ ਦਿੰਦੇ ਹਨ।

ਜਦ ਉਹ ਨੇਜ਼ੇ ਦੀ ਅਣੀ ਅਸਮਾਨ ਵੱਲ ਚੁੱਕਦੇ ਹਨ ਤਾਂ ਜੇ ਕਾਫ਼ ਪਹਾੜ ਭੀ ਹੋਵੇ ਚੀਰ ਦਿੰਦੇ ਹਨ।

ਜਦ ਇਹ ਕਮਾਨ ਦਾ ਚਿੱਲਾ ਚੜ੍ਹਾਉਂਦੇ ਹਨ ਅਤੇ ਵੈਰੀ ਦੀ ਜਾਨ ਕੱਢ ਲੈਣ ਵਾਲਾ ਤੀਰ ਉਸ ਵਿਚ ਰੱਖਦੇ ਹਨ, ਅਤੇ ਉਨ੍ਹਾਂ ਦੀ ਕਮਾਨ ਦਾ ਚਿੱਲਾ ਜਦ (ਖਿੱਚਿਆ ਹੋਇਆ) ਕੰਨ ਤਕ ਪੁਜਦਾ ਹੈ ਤਾਂ ਵੈਰੀ ਦੇ ਸਰੀਰ ਨੂੰ ਕਾਂਬਾ ਛਿੜ ਪੈਂਦਾ ਹੈ।

ਜਦ ਇਨ੍ਹਾਂ ਦਾ ਜੰਗੀ-ਕੁਹਾੜਾ ਚਿਲਤੇ ਪਰ ਪੈਂਦਾ ਹੈ ਤਾਂ ਵੈਰੀ ਦੇ ਸਰੀਰ ਦਾ ਚਿਲਤਾ ਹੀ ਉਸ ਦਾ ਕੱਫਨ ਬਣ ਜਾਂਦਾ ਹੈ।

ਸਰੀਰ ਕਰਕੇ ਹਰ ਇਕ ਇਹ ਪਹਾੜ ਦਾ ਇਕ ਟੁਕੜਾ ਹੈ ਅਤੇ ਸ਼ਾਨ (ਡੀਲ ਡੌਲ) ਵਿਚ ਪੰਜਾਹ ਆਦਮੀਆਂ ਤੋਂ ਭੀ ਵੱਧ ਹੈ।

ਜੋ ਬਹਿਰਾਮ ਗੋਰ ਜੰਗਲੀ ਗਧਿਆਂ ਨੂੰ ਮਾਰ ਲੈਂਦਾ ਸੀ ਅਤੇ ਸ਼ੇਰਾਂ ਦੀਆਂ ਚੀਕਾਂ ਕਢਾ ਦਿੰਦਾ ਸੀ, ਜੇ ਉਹ ਬਹਿਰਾਮ ਗੋਰ ਇਨ੍ਹਾਂ ਦੇ ਸਾਹਮਣੇ ਆ ਜਾਏ ਤਾਂ ਬਹਿਰਾਮ ਭੀ ਇਨ੍ਹਾਂ ਦੇ ਸਾਹਮਣੇ ਸਿਰ ਨੀਵਾਂ ਕਰ ਦੇਵੇ।

ਇਹ ਹਥਿਆਰ ਛੱਡ ਕੇ ਲੜਾਈ ਸਮੇਂ ਜਦ ਬੰਦੂਕ ਹੱਥ ਵਿਚ ਫੜ ਲੈਂਦੇ ਹਨ, ਤਾਂ ਸ਼ੇਰਾਂ ਵਾਂਗੂੰ ਬੁੱਕਦੇ, ਨਾਹਰੇ ਮਾਰਦੇ, ਛਾਲਾਂ ਮਾਰਦੇ ਮੈਦਾਨ ਵਿਚ ਆਉਂਦੇ ਹਨ। ਕਈਆਂ ਦੀਆਂ ਛਾਤੀਆਂ ਚੀਰ ਦਿੰਦੇ ਹਨ ਅਤੇ ਅਨੇਕਾਂ ਦਾ ਖ਼ੂਨ ਮਿੱਟੀ ਵਿਚ ਮਿਲਾ ਦਿੰਦੇ ਹਨ।

ਤੂੰ ਇਉਂ ਕਹੁ ਇਹ ਬੰਦੂਕ ਪੁਰਾਣੇ ਸਮੇਂ ਵਿਚ ਇਨ੍ਹਾਂ ਸਗਾਂ ਦੀ ਕਾਢ ਹੈ, ਹਕੀਮ ਲੁਕਮਾਨ ਦੀ ਨਹੀਂ।

ਬੰਦੂਕਚੀ ਤਾਂ ਭਾਵੇਂ ਹੋਰ ਭੀ ਬਥੇਰੇ ਹਨ, ਪਰ ਇਸ ਦੇ (ਵਰਤੋਂ ਦੇ) ਹੁਨਰ ਨੂੰ ਇਨ੍ਹਾਂ ਨਾਲੋਂ ਵੱਧ ਹੋਰ ਕੋਈ ਨਹੀਂ ਜਾਣਦਾ।

ਅੱਗੇ, ਪਿੱਛੇ, ਸੱਜੇ, ਖੱਬੇ ਇਹ ਸੈਂਕੜੇ ਗੋਲੀਆਂ ਲਗਾਤਾਰ ਦਾਗੀ ਜਾਂਦੇ ਹਨ।

ਜੇ ਤੈਨੂੰ ਮੇਰੇ ਕਹੇ ਉੱਤੇ ਯਕੀਨ ਨਹੀਂ ਤਾਂ ਤੇਗ਼ਾਂ ਵਾਹੁਣ ਵਾਲੇ ਸੂਰਮਿਆਂ ਪਾਸੋਂ ਪੁੱਛ ਵੇਖ ਕਿ ਉਹ ਇਸ ਤੋਂ ਭੀ ਵੱਧ ਦੱਸਣਗੇ ਅਤੇ ਇਨ੍ਹਾਂ ਦੀ ਲੜਾਈ ਨੂੰ ਆਫਰੀਨ (ਸ਼ਾਬਾਸ਼) ਕਹਿਣਗੇ।

ਮੇਰੀ ਇਸ ਗੱਲ ਦੇ ਗਵਾਹ ਉਹ ਤੀਹ ਹਜ਼ਾਰ ਸੂਰਮੇ ਹਨ ਜੋ ਇਨ੍ਹਾਂ ਨਾਲ ਰਣ-ਭੂਮੀ ਵਿਚ ਲੜੇ ਹਨ।

ਜੇ ਇਨ੍ਹਾਂ ਦੀਆਂ ਫ਼ੌਜਾਂ ਵਿਚ ਭਾਜੜ ਵੀ ਪੈ ਜਾਏ ਤਾਂ ਵੀ ਐ ਜਵਾਨ, ਇਸ ਨੂੰ ਭਾਜੜ ਨਾ ਸਮਝੀਂ, ਕਿਉਂਕਿ ਇਹ ਵੀ ਇਨ੍ਹਾਂ ਦੀ ਲੜਾਈ ਦਾ ਇਕ ਦਾਉ ਹੈ। ਇਨ੍ਹਾਂ ਦੇ ਇਸ ਜਾਲ ਤੋਂ ਬਚੋ, ਦੋਬਾਰਾ ਬਚੋ।

ਇਨ੍ਹਾਂ ਦਾ ਇਹ ਦਾਉ ਇਸ ਲਈ ਹੈ ਕਿ ਵੈਰੀ ਗਾਲਬ ਹੋ ਕੇ ਗੁੱਸੇ ਵਿਚ ਆ ਕੇ ਇਨ੍ਹਾਂ ਦੇ ਪਿੱਛੇ ਦੌੜਦਾ ਹੈ ਅਤੇ ਆਪਣੇ ਲਸ਼ਕਰ ਦੀ ਸਹਾਇਤਾ ਤੋਂ ਦੂਰ ਨਿਕਲ ਜਾਂਦਾ ਹੈ, ਤਾਂ ਇਹ ਪਿੱਛੇ ਨੂੰ ਮੂੰਹ ਕਰਕੇ ਮੁੜ ਪੈਂਦੇ ਹਨ ਅਤੇ ਜੇ ਪਾਣੀ ਵੀ ਹੋਵੇ ਤਾਂ ਵੀ ਅੱਗ ਲਾ ਦਿੰਦੇ ਹਨ।

ਕੀ ਤੂੰ ਨਹੀਂ ਸੀ ਵੇਖਿਆ ਕਿ ਲੜਾਈ ਵਿਚ ਇਹ ਮੀਰ ਨਸੀਰ ਖ਼ਾਨ ਦੇ ਅੱਗੋਂ ਧੋਖਾ ਦੇਣ ਲਈ ਭੱਜ ਨਿਕਲੇ ਸਨ ਅਤੇ ਫੇਰ ਖ਼ਾਨ ਵੱਲ ਨੂੰ ਪਿੱਤੇ ਮੁੜ ਪਏ ਸਨ ਅਤੇ ਉਸ ਨੂੰ ਆਪਣੇ ਘੇਰੇ ਵਿਚ ਲੈ ਲਿਆ ਸੀ।

ਤਦ ਉਹ ਸਤਿਕਾਰ ਜੋਗ ਸੂਰਮਾ ਆਪਣੇ ਘੋੜੇ ਤੋਂ ਉਤਰ ਪਿਆ ਅਤੇ ਤੀਰ ਅਤੇ ਗੋਲੀ ਚਲਾਉਣ ਲਗ ਪਿਆ ਅਤੇ ਬਹਾਦਰੀ ਨਾਲ ਉਨ੍ਹਾਂ ਦੇ ਘੇਰੇ 'ਚੋਂ ਬਾਹਰ ਨਿਕਲਿਆ।

ਤੂੰ, ਐ ਸੂਰਮੇ, ਆਪ ਹੀ ਇਨ੍ਹਾਂ ਦੀ ਲੜਾਈ ਬਾਬਤ ਨਿਆਉਂ ਕਰ।

ਇਨ੍ਹਾਂ ਦੀ ਇਕ ਫ਼ੌਜ ਨੇ ਮੁਲਤਾਨ ਤਕ ਜਾ ਧਾਈ ਕੀਤੀ ਅਤੇ ਸ਼ਹਿਰ ਅੰਦਰ ਜਾ ਕੇ ਲੁੱਟ ਲਿਆ।

ਇਹ ਸਗ ਉਥੋਂ ਬੇਅੰਤ ਮਾਲ ਲੈ ਗਏ ਹਨ, ਦਿਲ ਨਹੀਂ ਮੰਨਦਾ ਜੋ ਕੁਝ ਇਨ੍ਹਾਂ ਸਗਾਂ ਉਥੇ ਕੀਤਾ।

ਰੱਬ ਨੇ ਜਦ ਤੋਂ ਇਹ ਸੰਸਾਰ ਸਾਜਿਆ ਹੈ ਕਿਸੇ ਨੂੰ ਯਾਦ ਨਹੀਂ ਕਿ ਕਿਸੇ ਨੇ ਮੁਲਤਾਨ ਪੁਰ ਅਜਿਹਾ ਹੱਲਾ ਕੀਤਾ ਹੋਵੇ।

ਪਰ ਜਦ ਰੱਬ ਦੀ ਮਰਜ਼ੀ ਹੀ ਇਸ ਤਰ੍ਹਾਂ ਸੀ, ਤਾਂ ਸਾਨੂੰ ਉਸ ਦੀ ਰਜ਼ਾ ਵਿਚ ਹੀ ਰਾਜ਼ੀ ਰਹਿਣਾ ਹੋਇਆ।

ਉਨ੍ਹਾਂ ਦੀ ਲੜਾਈ ਤੋਂ ਬਿਨਾਂ ਇਕ ਹੋਰ ਗੱਲ ਸੁਣੋ, ਜਿਸ ਵਿਚ ਇਹ ਹੋਰ ਸਭ ਸੂਰਮਿਆਂ ਨਾਲੋਂ ਅੱਗੇ ਹਨ।

ਇਹ ਨਾਮਰਦ ਨੂੰ (ਜੋ ਲੜਾਈ ਵਿਚ ਹਥਿਆਰ ਰੱਖ ਦੇਵੇ) ਕਦੇ ਭੀ ਨਹੀਂ ਮਾਰਦੇ ਅਤੇ ਨਾ ਹੀ ਭੱਜ ਨਿਕਲੇ ਨੂੰ ਰੋਕਣ ਜਾਂਦੇ ਹਨ।

ਲੁੱਟ ਵਿਚ ਉਹ ਕਿਸੇ ਜ਼ਨਾਨੀ ਦਾ ਧਨ ਅਤੇ ਗਹਿਣੇ ਨਹੀਂ ਲੈਂਦੇ, ਭਾਵੇਂ ਉਹ ਸੁਆਣੀ ਹੈ, ਭਾਵੇਂ ਗੋਲੀ-ਬਾਂਦੀ।

ਇਨ੍ਹਾਂ ਸਗਾਂ ਵਿਚ ਵਿਭਚਾਰ ਭੀ ਨਹੀਂ ਹੈ, ਅਤੇ ਨਾ ਹੀ ਇਨ੍ਹਾਂ ਭੈੜੀਆਂ ਰਗਾਂ ਵਾਲਿਆਂ ਵਿਚ ਚੋਰੀ ਹੈ।

ਜ਼ਨਾਨੀ ਨੂੰ ਭਾਵੇਂ ਜਵਾਨ ਹੈ ਭਾਵੇਂ ਬੁੱਢੀ, ਕਹਿੰਦੇ ਹਨ, ਬੁੱਢੀਏ! ਇਕ ਪਾਸੇ ਹਟ ਜਾ।

ਹਿੰਦੁਸਤਾਨੀ ਬੋਲੀ ਵਿਚ 'ਬੁੱਢੀ' ਦੇ ਅਰਥ ਹਨ ਵਡੇਰੀ ਉਮਰ ਵਾਲੀ ਤ੍ਰੀਮਤ।

ਇਨ੍ਹਾਂ ਵਿਚ ਨਾ ਚੋਰੀ ਹੈ, ਅਤੇ ਨਾ ਹੀ ਇਨ੍ਹਾਂ ਵਿਚੋਂ ਕੋਈ ਸੰਨ੍ਹਾਂ ਮਾਰਨ ਵਾਲਾ ਹੈ।

ਵਿਭਚਾਰੀ ਅਤੇ ਸੰਨ੍ਹਾਂ ਮਾਰਨ ਵਾਲੇ ਨਾਲ ਇਹ ਮਿੱਤਰਤਾ ਨਹੀਂ ਰੱਖਦੇ, ਭਾਵੇਂ ਇਨ੍ਹਾਂ ਦੀਆਂ ਹੋਰ ਗੱਲਾਂ ਠੀਕ ਨਹੀਂ।

ਹੇ ਨਾਮਵਰ (ਸੱਜਣ), ਜੇ ਇਨ੍ਹਾਂ ਦੇ ਧਰਮ ਸੰਬੰਧੀ ਤੈਨੂੰ ਪਤਾ ਨਹੀਂ, ਮੈਂ ਤੈਨੂੰ ਦੱਸਦਾ ਹਾਂ।

ਕਿ ਇਹ ਸਿੱਖ ਗੁਰੂ ਦੇ ਚੇਲੇ ਹਨ ਕਿ ਜੋ ਉਹ ਨੇਕ-ਬਖ਼ਤ ਬਜ਼ੁਰਗ ਚੱਕ (ਗੁਰੂ-ਚੱਕ, ਅੰਮ੍ਰਿਤਸਰ) ਵਿਚ ਹੋਇਆ ਹੈ।

ਉਸ ਤੋਂ ਪਿੱਛੋਂ ਉਸ ਦਾ ਖ਼ਲੀਫ਼ਾ (ਗੱਦੀ ਨਸ਼ੀਨ) ਗੋਬਿੰਦ ਸਿੰਘ ਹੋਇਆ ਹੈ ਜਿਸ ਤੋਂ ਇਨ੍ਹਾਂ ਨੂੰ 'ਸਿੰਘ' ਪਦਵੀ ਮਿਲੀ ਹੈ।

ਇਹ 'ਸਗ' ਹਿੰਦੂਆਂ ਵਿਚੋਂ ਨਹੀਂ ਹਨ। ਇਨ੍ਹਾਂ ਭੈੜਿਆਂ ਦਾ ਰਾਹ ਵੱਖਰਾ ਹੀ ਹੈ।

ਚੂੰਕਿ ਤੈਨੂੰ ਸਿੱਖਾਂ ਦੇ ਕੰਮਾਂ ਦਾ ਪਤਾ ਲੱਗ ਗਿਆ ਹੈ, ਹੁਣ, ਐ ਨਾਮਵਰ, ਉਨ੍ਹਾਂ ਦੇ ਇਲਾਕਿਆਂ ਬਾਬਤ ਸੁਣ, ਕਿ ਜਿਵੇਂ ਇਨ੍ਹਾਂ ਨੇ ਪੰਜਾਬ ਨੂੰ ਵੰਡ ਲਿਆ ਹੈ ਅਤੇ ਹਰ ਬੁੱਢੇ ਅਤੇ ਜਵਾਨ ਨੂੰ ਦੇ ਦਿੱਤਾ ਹੈ।

104

ਸਿੰਘਾਂ ਦੇ ਇਲਾਕਿਆਂ ਬਾਬਤ

ਝੰਡਾ ਸਿੰਘ (ਭੰਗੀ) ਨੇ ਰਿਨਿਓਟ ਮੱਲ ਲਈ ਹੈ ਅਤੇ ਉਥੇ ਮਾਲਕ ਬਣ ਬੈਠਾ ਹੈ।

ਚੱਠਿਆਂ ਦਾ ਇਲਾਕਾ ਅਤੇ ਝੰਗ ਦਾ ਦੇਸ ਹਰੀ ਸਿੰਘ ਲੰਡੇ (ਭੰਗੀ) ਪਾਸ ਹੈ।

ਕਰਮ ਸਿੰਘ (ਭੰਗੀ) ਪਾਸ ਬੋਹੜਵਾਲ ਹੈ ਅਤੇ ਜੈ ਸਿੰਘ (ਕਨ੍ਹਈਏ) ਕੋਲ ਨਾਰੋਵਾਲ।

ਕਲਾਨੌਰ ਜੱਸਾ ਸਿੰਘ ਕਲਾਲ (ਆਹਲੂਵਾਲੀਏ) ਪਾਸ ਹੈ ਅਤੇ ਦੁਆਬ (ਬਿਸਤ ਜਲੰਧਰ) ਵੀ ਉਸੇ ਕੋਲ ਹੈ।

ਬਿਸਤ-ਜਲੰਧਰ ਜੱਸਾ ਸਿੰਘ ਤਰਖਾਣ (ਰਾਮਗੜ੍ਹੀਏ) ਪਾਸ ਹੈ। ਇਹ ਦੋਵੇਂ ਜੱਸਾ ਸਿੰਘ ਮਿੱਤਰ ਹਨ। ਬਟਾਲਾ ਵੀ ਇਨ੍ਹਾਂ ਪਾਸ ਹੈ ਅਤੇ ਇਨ੍ਹਾਂ ਦੇ ਨਗਾਰੇ ਅਤੇ ਨਿਸ਼ਾਨ ਸਾਂਝੇ ਹਨ।

ਗੁੱਜਰ ਸਿੰਘ ਅਤੇ ਲਹਿਣਾ ਸਿੰਘ ਭੰਗੀ ਵਣੀਏ ਕੇ ਨੂੰ ਖਾ ਰਹੇ ਹਨ ਅਤੇ ਉਥੋਂ ਸਾਰੀ ਆਮਦਨੀ ਲੈਂਦੇ ਹਨ।

ਔਘੜ ਸਿੰਘ ਅਤੇ ਸਾਂਵਲ ਸਿੰਘ ਦਾ ਇਲਾਕਾ ਸੱਯਦਾਂ ਦੀ ਪਿੰਡੀ ਤਕ ਜਾ ਲਗਦਾ ਹੈ। ਚਮਿਆਰੀ ਵੀ ਇਨ੍ਹਾਂ ਪਾਸ ਹੀ ਹੈ ਅਤੇ ਇਹ ਦੋਨੋਂ ਉਧਰ ਮਾਲਕ ਹਨ।

ਸੋਭਾ ਸਿੰਘ ਅਤੇ ਵਸਾਵਾ ਸਿੰਘ ਦੋਨੋਂ ਇਕੱਠੇ ਮਿੱਤਰ ਹਨ ਅਤੇ ਅਦੀਨਾ ਨਗਰ ਇਨ੍ਹਾਂ ਦੇ ਹਿੱਸੇ ਹੈ ਅਤੇ ਦਰਿਆਉਂ ਪਾਰ ਐਮਨਾਬਾਦ ਤਕ ਇਨ੍ਹਾਂ ਦਾ ਇਲਾਕਾ ਹੈ।

ਚੜ੍ਹਤ ਸਿੰਘ ਦਾ ਇਲਾਕਾ ਰੋਹਤਾਸ ਹੈ। ਇਹ ਸ਼ਹਿਰ ਇਸੇ ਦਾ ਵਸਾਇਆ ਹੋਇਆ ਹੈ।

ਨੱਥਾ ਸਿੰਘ ਦੀਪਾਲਪੁਰ ਵਿਚ ਹੈ ਅਤੇ ਇਸ ਦੇ ਨਾਲ ਹੀ ਜੱਸਾ ਸਿੰਘ (ਰਾਮਗੜ੍ਹੀਏ) ਦਾ ਭਾਈ ਅਤੇ ਕਰਮ ਸਿੰਘ ਹਨ।

ਇਨ੍ਹਾਂ ਤੋਂ ਬਿਨਾਂ ਹੋਰ ਅਨੇਕਾਂ ਵੱਡੇ-ਵੱਡੇ ਸਿੰਘ ਹਨ ਜਿਨ੍ਹਾਂ ਨੇ ਹੋਰ ਇਲਾਕੇ ਸਾਂਭੇ ਹੋਏ ਸਨ। ਸਰਹੰਦ ਤੋਂ ਮੁਲਤਾਨ ਤੱਕ, ਬਲਕਿ ਡੇਰਿਆਂ (ਡੇਰਾ ਗਾਜ਼ੀ ਖ਼ਾਨ ਅਤੇ ਡੇਰਾ ਇਸਮਾਇਲ ਖ਼ਾਨ) ਤਕ ਇਨ੍ਹਾਂ ਨੇ ਮੁਲਕ ਵੰਡ ਲਿਆ ਹੈ ਅਤੇ ਆਪੇ ਹੀ ਉਗ੍ਰਾਹ ਉਗ੍ਰਾਹ ਕੇ ਖਾ ਰਹੇ ਹਨ ਅਤੇ ਕਿਸੇ ਦੀ ਕੋਈ ਪਰਵਾਹ ਨਹੀਂ ਕਰਦੇ।

ਮਾਲੂਮ ਹੁੰਦਾ ਹੈ ਕਿ ਜਾਂ ਤਾਂ ਨੂਰ ਮੁਹੰਮਦ ਨੂੰ ਪੂਰੀ-ਪੂਰੀ ਵਾਕਫ਼ੀ ਨਹੀਂ ਮਿਲੀ ਜਾਂ ਲਿਖਣ ਵੇਲੇ ਉਸ ਨੂੰ ਕੁਝ ਟਪਲੇ ਲਗ ਗਏ ਹਨ। ਉਦਾਹਰਣ ਦੇ ਤੌਰ ਤੇ ਜੱਸਾ ਸਿੰਘ ਆਹਲੂਵਾਲੀਏ ਅਤੇ ਰਾਮਗੜ੍ਹੀਏ ਦੇ ਇਲਾਕਿਆਂ ਵਿਚ ਅਦਲਾ-ਬਦਲੀ ਹੋ ਗਈ ਹੈ। ਕਲਾਨੌਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਦੇ ਇਲਾਕੇ ਵਿਚ ਸੀ ਅਤੇ ਬਿਸਤ-ਜਲੰਧਰ ਜੱਸਾ ਸਿੰਘ ਆਹਲੂਵਾਲੀਏ ਪਾਸ। ਦੋਨੋਂ ਜੱਸਾ ਸਿੰਘਾਂ ਦਾ ਇਲਾਕਾ ਸਾਂਝਾ ਨਹੀਂ ਸੀ, ਬਲਕਿ ਸਰਦਾਰ ਜੈ ਸਿੰਘ ਕਨ੍ਹਈਏ ਅਤੇ ਜੱਸਾ ਸਿੰਘ ਰਾਮਗੜ੍ਹੀਏ ਦਾ ਸਾਂਝਾ ਸੀ। ਸਰਦਾਰ ਕਰਮ ਸਿੰਘ ਭੰਗੀ ਦਾ ਬਹੁਤ ਇਲਾਕਾ ਜ਼ਿਲ੍ਹਾ ਝੰਗ ਵਿਚ ਸੀ। (ਦੇਖੋ ਨੂਰ ਮੁਹੰਮਦ ਚੇਲਾ ਦੀ ਤਾਰੀਖ਼ ਝੰਗ ਸਿਆਲ)।

105

ਬੇਗ਼ਮ

ਵਕਤ ਦੀ ਤਾੜ ਵਿਚ ਸੀ ਬੇਗ਼ਮ। ਉਸ ਇਕ ਸਹੇਲੀ ਤਿਆਰ ਕੀਤੀ ਤੇ ਅਨੋਖੀ ਜੱਸਾ ਸਿੰਘ ਆਹਲੂਵਾਲੀਆ ਦੀ ਮਾਲਕਣ ਕੋਲ ਭੇਜੀ।

ਸੁੱਕੇ ਮੇਵੇ ਤੇ ਨਾਲ ਹਾਰ ਮੋਤੀਆਂ ਜੜਿਆ, ਪੁਸ਼ਾਕਾਂ ਤੇ ਥੈਲੀਆਂ ਮੋਹਰਾਂ ਦੀਆਂ। ਸਹੇਲੀ ਅਜੇ ਤਿਆਰੀਆਂ ਵਿਚ ਈ ਸੀ। ਖ਼ਿਆਲ ਆਇਆ ਸਹੇਲੀ ਨੂੰ ਕੱਲੀ ਨੂੰ ਕਿਉਂ ਭੇਜਿਆ ਜਾਵੇ। ਮੈਂ ਕਿਉਂ ਨਾ ਨਾਲ ਚਲੀ ਜਾਵਾਂ। ਗੱਲ ਪੱਕੀ ਹੋ ਗਈ। ਦੋਵੇਂ ਜਣੀਆਂ ਹੀ ਚਲਦੀਆਂ ਹਾਂ।

ਪਾਲਕੀ ਸੱਦੀ ਤੇ ਘਰ ਪੁੱਜੀਆਂ ਸਹੇਲੀਆਂ। ਅੱਗੋਂ ਸਰਦਾਰਨੀ ਨੇ ਤੇਲ ਚੋਅ ਕੇ ਅੰਦਰ ਲੰਘਾਇਆ ਤੇ ਬਿਸਤਰ ਵਿਛਾ ਕੇ ਬਿਠਾ ਦਿੱਤਾ।

—ਧੰਨਭਾਗ ਬੇਗ਼ਮ ਆਈ ਏ।

—ਕਾਹਦੀ ਬੇਗ਼ਮ ਤੇ ਕਾਹਦੀ ਮਲਕਾ? ਹੁਣ ਤੇ ਮੈਂ ਕੱਖਾਂ ਤੋਂ ਵੀ ਹੌਲੀ ਹੋਈ ਬੈਠੀ ਹਾਂ। ਕਦੀ ਸਾਡੇ ਵੱਲ ਵੀ ਨਜ਼ਰ ਸਵੱਲੀ ਹੋਵੇਗੀ।

—ਨਾਰਾਜ਼ ਹੋ ਗਈ ਏਂ ਭੈਣ, ਇਹ ਤੇ ਰਾਜਾਂ ਦੇ ਕੰਮ ਏਵੇਂ ਹੀ ਹਨ। ਕਦੀ ਨਗਾਰਾ ਵੱਜਦਾ ਏ, ਬਰੂੰਆਂ ਵਿਚ ਆਵਾਜ਼ ਗੂੰਜਦੀ ਏ ਤੇ ਕਦੀ ਵੈਣ ਪੈਂਦੇ ਹਨ। ਛੱਡ ਕਿਹੜੀਆਂ ਗੱਲਾਂ ਲੈ ਬੈਠੀ ਏਂ। ਸੁਣਾ ਕੀ ਹਾਲ ਏ ਸਰਕਾਰਾਂ ਦਾ?

—ਦੁਸ਼ਮਨ ਚਾਰ-ਚੁਫ਼ੇਰੇ ਜ਼ਿੰਦਗੀ ਕੈਦੀਆਂ ਵਰਗੀ। ਨਾ ਕੁਝ ਖਾਣ ਦਾ ਚੱਜ ਨਾ ਪਹਿਨਣ ਦਾ ਸਵਾਦ। ਹਰ ਕੋਈ ਨਜ਼ਰਾਂ ਭੈੜੀਆਂ ਨਾਲ ਵੇਖਦਾ ਏ। ਮੇਰੇ ਤੇ ਜ਼ਮਾਨੇ ਦੀ ਅੱਖ ਏ।

—ਅੱਖਾਂ ਕਢਵਾ ਦੇਵਾਂਗੀ ਤੂੰ ਜ਼ਰਾ ਨਾਂ ਤੇ ਦੱਸ।

—ਇਕ ਹੋਵੇ ਤੇ ਕੋਈ ਨਾਂ ਵੀ ਲਵੇ। ਏਥੇ ਤੇ ਸਾਰਾ ਲਾਹੌਰ ਈ ਇਕੋ ਰਸਤੇ ਤੇ ਜਾ ਰਿਹੈ। ਇਕ ਹੋਵੇ ਤੇ ਸਮਝਾਏ ਵਿਹੜਾ ਜੇ ਵਿਗੜੇ ਵਿਹੜਾ ਤੇ ਸਮਝਾਏ ਕਿਹੜਾ।

—ਅੱਜ ਸਰਕਾਰਾਂ ਆਈਆਂ ਕਿੱਦਾਂ ਨੇ?

—ਮੈਂ ਕਾਜ਼ੀ ਤੋਂ ਨਜੂਮ ਲਵਾਇਆ ਸੀ ਤੇ ਫਾਲ ਬੋਲੀ ਅਹਿਮਦ ਸ਼ਾਹ ਅਬਦਾਲੀ ਆਪਣੇ ਦੇਸ ਮੁੜ ਰਿਹਾ ਏ। ਖ਼ਾਲਸੇ ਨੇ ਸਾਰੇ ਪੰਜਾਬ ਤੇ ਕਬਜ਼ਾ ਕਰ ਲਿਆ ਏ ਤੇ ਹੁਣ ਵਾਰੀ ਏ ਲਾਹੌਰ ਦੀ। ਲਾਹੌਰ ਤੇ ਖ਼ਾਲਸੇ ਦੀ ਮੁੱਠੀ ਵਿਚ ਏ। ਲੋਕ ਆਖਦੇ ਹਨ ਕਿ ਹੁਣ ਅਬਦਾਲੀ ਮੁੜ ਕੇ ਪੰਜਾਬ ਨਹੀਂ ਆਉਣ ਲੱਗਾ। ਹੁਣ ਹਕੂਮਤ ਦਲ ਦੀ ਹੋਵੇਗੀ। ਇਹਦੇ ਵਿਚ ਦੋ ਰਾਏ ਨਹੀਂ ਹਨ। ਮੈਂ ਸੋਚਿਆ ਯਾਦ ਕਰਵਾ ਆਵਾਂ। ਕਿਤੇ ਮੇਰਾ ਨੇਗਾ ਪਾਉਣ ਲੱਗਿਆਂ ਭੁੱਲ ਈ ਨਾ ਜਾਣ ਸਰਦਾਰ।

—ਅਜੇ ਤੇ ਲਾਹੌਰ ਦੀ ਜੂਹ ਵਿਚ ਪੈਰ ਨਹੀਂ ਧਰੇ ਹੁਣੇ ਈ ਖ਼ਾਬ ਵੇਖਣ ਲੱਗ ਪਏ ਹਾਂ। ਅਜੇ ਊਠ ਵੇਖੋ ਕਿਹੜੀ ਕਰਵਟ ਬਦਲਦਾ ਏ।

—ਜਦੋਂ ਵਕਤ ਆਇਆ ਤੇ ਤੇਰੀ ਯਾਦ ਰੱਖੀ ਜਾਏਗੀ।

—ਏਨੀਆਂ ਖੇਚਲਾਂ ਕਿਉਂ ਕਰ ਰਹੀ ਏਂ ? ਅਸਾਂ ਮੇਵੇ ਕੀ ਕਰਨੇ ਹਨ। ਇਹ ਸਾਡੀ ਖੁਰਾਕ ਨਹੀਂ। ਮੈਂ ਇਹ ਮੋਤੀਆਂ ਜੜਿਆ ਹਾਰ ਆਪਣੇ ਗਲ 'ਚ ਕਿਵੇਂ ਪਾਵਾਂਗੀ ?

—ਨਹੀਂ ਭੈਣਾਂ ਇਕ ਵੇਰਾਂ ਪਾ 'ਕੇ ਤੇ ਵੇਖ ਫੇਰ ਜੀਅ ਨਹੀਂ ਕਰਨਾ ਲਾਹੁਣ ਨੂੰ।

—ਗੋਖਰੂ ਵੀ ਪਾ ਕੇ ਵੇਖ ਲਏ ਤੇ ਹਾਰ ਪਾ ਕੇ ਕਿਹੜੀ ਪਟਰਾਨੀ ਬਣ ਜਾਵਾਂਗੀ।

—ਪਟਰਾਨੀਆਂ ਨੂੰ ਕੋਈ ਸਿੰਙ ਲੱਗੇ ਹੁੰਦੇ ਨੇ।

—ਜਦੋਂ ਲਾਹੌਰ 'ਚ ਤੁਹਾਡੀ ਹਕੂਮਤ ਹੋਈ ਮੇਰਾ ਨੇਗਾ ਕੱਢਣਾ ਨਾ ਭੁੱਲਣਾ।

—ਬੇਗ਼ਮ ਹੁਣ ਤੇ ਤੂੰ ਸਾਡੇ ਘਰ ਦਾ ਇਕ ਜੀਅ ਬਣ ਗਈ ਏਂ। ਇਹ ਤੇ ਕੰਮ ਸਰਕਾਰਾਂ ਦੇ ਨੇ। ਮੈਂ ਤੇ ਕੁਝ ਜਾਣਦੀ ਨਹੀਂ, ਪਰ ਮੈਂ ਤੇਰੇ ਨਾਲ ਕੋਈ ਇਕਰਾਰ ਨਹੀਂ ਕਰ ਸਕਦੀ। ਪਰ ਮੈਂ ਤੇਰਾ ਹਿੱਸਾ ਜ਼ਰੂਰ ਦਵਾਵਾਂਗੀ ਆਪਣੇ ਸਰਦਾਰ ਨੂੰ ਆਖ ਕੇ।

ਬਹੁਤ ਖ਼ੁਸ਼ ਹੋਈ ਮੁਗ਼ਲਾਨੀ ਬੇਗ਼ਮ ਤੇ ਓਸ ਸਰਦਾਰਨੀ ਨੂੰ ਘੁੱਟ ਕੇ ਜੱਫੀ ਪਾ ਲਈ। ਆਓ-ਭਗਤ ਕੀਤੀ ਜਾਂਦੀ ਏ ਉਸੇ ਤਰ੍ਹਾਂ ਦੀ ਗੱਲ ਸੀ।

ਰਾਂਗਲੀ ਪੀੜ੍ਹੀ ਕੱਢੀ ਰੀਝਾਂ ਨਾਲ ਤੇ ਬੈਠਣ ਨੂੰ ਦਿੱਤੀ ਤੇ ਇਕ ਚੌਕੀ ਅੱਗੇ ਲਿਆ ਰੱਖੀ। ਕੜ੍ਹੇ ਵਾਲਾ ਦੁੱਧ ਦਾ ਗਿਲਾਸ ਤੇ ਉੱਤੇ ਲੱਪ ਮਲਾਈ ਦੀ ਤੇ ਲੱਡੂਆਂ ਭਰੀ ਥਾਲੀ—ਖਾਹ ਜੀਅ ਭਰ ਕੇ ਇਹ ਲਾਹੌਰ ਵਿਚ ਨਹੀਂ ਮਿਲਣੇ। ਮੇਰੀ ਸਹੇਲੀ ਨੇ ਆਪ ਬਣਾ ਕੇ ਭੇਜੇ ਨੇ। ਮੂੰਹ ਮਿੱਠਾ ਕਰ ਸ਼ਾਇਦ ਤੇਰੀ ਤਕਦੀਰ ਖੁੱਲ੍ਹ ਜਾਏ।

—ਮੇਰੀ ਤਕਦੀਰ ਤੇ ਤੁਹਾਡੇ ਹੱਥ ਵਿਚ ਏ। ਲਾਹੌਰ ਵਾਲੇ ਕਾਬਲੀ ਮੱਲ ਤੋ ਬਹੁਤ ਦੁਖੀ ਹਨ। ਉਹਦੇ ਜ਼ੁਲਮ ਦੇ ਗਲੀ-ਗਲੀ 'ਚ ਚਰਚੇ ਹਨ।

—ਏਸ ਲਈ ਵੀ ਖ਼ਾਲਸੇ ਦਾ ਨਾਂ ਬੋਲਦੈ ਲਾਹੌਰ ਦੀ ਇਕ-ਇਕ ਇੱਟ ਵਿਚੋਂ। ਲਾਹੌਰ ਤੇ ਹੁਣ ਸਰਕਾਰਾਂ ਈ ਰਾਜ ਕਰਨਗੀਆਂ। ਖ਼ਾਲਸਿਆਂ ਦੇ ਝੰਡੇ ਲਹਿਰਾਉਣਗੇ।

—ਵਕਤ ਆਉਂਦ ਏ। ਵਕਤ ਈ ਤਕਦੀਰ ਬਦਲਦੈ। ਵਕਤ ਈ ਰਾਜ ਵਿਖਾਲੇ ਤੇ ਵਕਤ ਈ ਭੀਖ ਮੰਗਵਾਏ, ਦਰ-ਦਰ ਦੀਆਂ ਠੋਕਰਾਂ ਖਵਾਏ। ਵਕਤ, ਵਕਤ ਏ।

—ਬਸ ਭੈਣ ਹੁਣ ਤੂੰ ਲਾਹੌਰ ਦੀ ਮਹਾਰਾਣੀ ਬਣਨ ਵਾਲੀ ਏਂ। ਮੈਂ ਓਸ ਦਿਨ ਆਵਾਂਗੀ ਖੁਸਰਿਆਂ ਦੀ ਜੋੜ ਲੈ ਕੇ ਵਧਾਈ ਲੈਣ।

—ਵੀਰ ਘਰ ਪੁੱਤ ਜੰਮਿਆ, ਚੰਨ ਚੜ੍ਹਿਆ ਬਾਬੁਲ ਦੇ ਵਿਹੜੇ।

ਖ਼ੂਬ ਗੱਲਾਂ ਹੋਈਆਂ, ਖ਼ੂਬ ਹਾਸਾ ਪਿਆ, ਮਜ਼ਾਕ, ਮਸ਼ਕਰੀ, ਟਿਚਕਰਾਂ।

—ਹਾਂ ਮੈਂ ਕੱਪੜੇ ਲਿਆਈ ਹਾਂ ਆਪਣੇ ਭਤੀਜੇ ਲਈ। ਨੀ ਉਹ ਕਿੱਥੇ ਭੁੱਲ ਗਈ ਹਾਂ ?

—ਪਾਲਕੀ ਵਿਚ ਈ ਰਹਿ ਗਏ ਹੋਣੇ ਨੇ ਬੇਗ਼ਮ।

ਪਾਲਕੀ ਵਿਚੋ ਕੱਪੜੇ ਲਈ ਆ ਰਹੀ ਸੀ ਬਾਂਦੀ। ਹਾਜ਼ਰ ਕੀਤੇ ਤੇ ਮੁਆਫ਼ੀ ਮੰਗੀ।

ਫਿਰ ਖ਼ੂਬ ਰੰਗ ਬੱਝਾ, ਖ਼ੂਬ ਗੱਪਾਂ ਵੱਜੀਆਂ, ਚਾਈਂ-ਚਾਈਂ ਵਧਾਈਆਂ ਬੇਗ਼ਮ ਨੇ ਦਿੱਤੀਆਂ ਸਰਦਾਰਨੀ ਨੂੰ।

ਠੀਕ ਓਸੇ ਦਿਨ ਜਿਹੜਾ ਬੇਗ਼ਮ ਨੇ ਦੱਸਿਆ ਸੀ ਖ਼ਾਲਸੇ ਦਾ ਲਾਹੌਰ ਤੇ ਕਬਜ਼ਾ ਹੋ ਗਿਆ। ਸਾਰਾ ਲਾਹੌਰ ਜੱਸਾ ਸਿੰਘ ਆਹਲੂਵਾਲੀਆ ਦੀ ਸਰਦਲ ਤੇ ਆਣ ਝੁਕਿਆ।

ਓਸੇ ਦਿਨ ਮੁਜਰਾ ਖ਼ੁਸਰਿਆਂ ਦਾ ਤੇ ਲੱਡੂ ਵੱਡੇ ਬੇਗਮ ਨੇ, ਲਾਹੌਰ ਦੀ ਜਿਹੜੀ ਕਦੀ ਮਲਿਕਾ ਸੀ।

106

ਨੀਂਗਰ ਚੰਦ

ਦਿਨ ਵਿਸਾਖੀ ਦਾ ਸੀ। ਸਾਰੇ ਸਰਦਾਰ ਦਰਬਾਰ ਸਾਹਿਬ ਵਿਚ ਇਕੱਠੇ ਹੋਏ ਬੈਠੇ ਸਨ। ਦੀਵਾਨ ਲੱਗਾ ਹੋਇਆ ਸੀ। ਜੱਸਾ ਸਿੰਘ ਆਹਲੂਵਾਲੀਆ ਨੇ ਗੁਰਮਤਾ ਪੰਥ ਦੀ ਹਜ਼ੂਰੀ ਵਿਚ ਰੱਖਿਆ। ਸਾਨੂੰ ਆਪਣੇ ਇਲਾਕਿਆਂ ਤੇ ਪੱਕੇ ਕਬਜ਼ੇ ਕਰ ਲੈਣੇ ਚਾਹੀਦੇ ਹਨ। ਛਾਉਣੀਆਂ ਬਿਠਾ ਦੇਣੀਆਂ ਜ਼ਰੂਰੀ ਹਨ। ਥਾਣੇ ਪੱਕੇ ਬਣ ਜਾਣ ਤਾਂ ਹਕੂਮਤ ਦੇ ਪੈਰ ਪੱਕੇ ਸਮਝੇ ਜਾਂਦੇ ਹਨ। ਹੁਣ ਵੇਲਾ ਏ। ਕਾਬਲੀ ਮੱਲ ਡੋਗਰਿਆਂ ਨੂੰ ਭਰਤੀ ਕਰਨ ਗਿਆ ਹੋਇਆ ਏ। ਲਾਹੌਰ ਏਸ ਵੇਲੇ ਖ਼ਾਲੀ ਏ। ਇਕੋ ਝਟਕਾ ਮਾਰੋ ਤੇ ਲਾਹੌਰ ਤੁਹਾਡੀ ਤਾਬਿਆ ਵਿਚ ਹੋ ਜਾਏਗਾ। ਕਾਬਲੀ ਮੱਲ ਨੂੰ ਲਾਹੌਰ ਦੀਆਂ ਬਰੂੰਹਾਂ ਈ ਨਾ ਟੱਪਣ ਦਿਓ।

ਗੁਰਮਤਾ ਪ੍ਰਵਾਨ ਚੜ੍ਹ ਗਿਆ ਤੇ ਤਿਆਰੇ ਕੱਸ ਲਏ ਸਰਦਾਰਾਂ ਨੇ?

ਹੀਰਾ ਸਿੰਘ, ਝੰਡਾ ਸਿੰਘ, ਗੰਡਾ ਸਿੰਘ, ਲਹਿਣਾ ਸਿੰਘ, ਗੁੱਜਰ ਸਿੰਘ ਭੰਗੀ ਤੇ ਦੂਜੇ ਸਰਦਾਰ, ਕਨ੍ਹਈਆ ਮਿਸਲ ਦੇ ਰਾਖੇ ਚੜ੍ਹੇ ਘੋੜਿਆਂ ਤੇ ਅਤੇ ਮੂੰਹ ਕਰ ਲਿਆ ਲਾਹੌਰ ਵੱਲ। ਨਾ ਕਿਸੇ ਨੇ ਰਾਹ ਰੋਕਿਆ ਤੇ ਨਾ ਇਹ ਈ ਪੁੱਛਿਆ ਕਿ ਕਿੱਧਰੋਂ ਆਈਆਂ ਨੇ ਸਰਕਾਰਾਂ।

—ਧੰਨਭਾਗ ਜੇ ਬੁੱਢੇ ਦਲ ਦੇ ਦਰਸ਼ਨ ਹੋਏ ਹਨ। ਦੋ ਹਜ਼ਾਰ ਦੀ ਨਫਰੀ ਸੀ। ਬਰਾਤੀਆਂ ਵਾਂਗੂੰ ਆਏ ਢੋਲ-ਢਮੱਕਿਆਂ ਨਾਲ ਤੇ ਬਾਗ਼ਬਾਨਪੁਰੇ ਆਨ ਕੇ ਡੇਰੇ ਲਾ ਦਿੱਤੇ। ਸ਼ਾਲਾਮਾਰ ਬਾਗ਼ ਖ਼ਾਲਸੇ ਨੇ ਖੋਹ ਲਿਆ ਸੀ। ਜਦ ਅੰਬ ਚੂਪੇ, ਵੰਨ-ਸੁਵੰਨੇ ਫਲਾਂ ਦੀ ਖ਼ੁਸ਼ਬੋ ਸੁੰਘੀ ਤੇ ਅੱਗੋਂ ਆਣ ਮਿਲੀਆਂ ਸੰਗਤਾਂ, ਪੁਰਾਣੇ ਯਾਰ।

ਮਿਹਰ ਸੁਲਤਾਨ ਗ਼ੁਲਾਮ ਰਸੂਲ ਅਸ਼ਰਫ਼ ਚੰਨੂ ਤੇ ਬਾਕਰ ਅਰਾਈਂ ਦੀ ਮਦਦ ਨਾਲ ਕਿਲ੍ਹੇ ਦੀ ਕੰਧ ਵਿਚ ਇਕ ਮਘੋਰਾ ਪਾ ਦਿੱਤਾ। ਕਿਲ੍ਹੇ ਅੰਦਰ ਨਿਹੰਗ ਪਾਤਸ਼ਾਹ ਪੁੱਜ ਗਏ ਤੇ ਭੰਗੀ ਸਰਦਾਰ ਵੀ ਨਾਲ ਈ ਸਨ। ਇਹ ਗੱਲ ਵਿਸਾਖ ਸੁਦੀ ਦੀ ਏ। ਗੱਲ ਰਾਤ ਦੀ ਸੀ ਸਾਰੇ ਲਾਹੌਰ ਤੇ ਝੰਡੇ ਝੂਲ ਰਹੇ ਸਨ। ਸਵੇਰੇ ਕਾਬਲੀ ਮੱਲ ਦੇ ਭਤੀਜੇ ਆਨ ਖੜ੍ਹੇ ਹੋਏ ਤੇ ਲਾਹੌਰ ਦੇ ਬਖ਼ਸ਼ੀ ਅਮੀਰ ਸਿੰਘ ਨੇ ਕਿਲ੍ਹੇ ਦੀਆਂ ਕੰਧਾਂ ਤੇ ਤੋਪਾਂ ਚੜ੍ਹਾ ਦਿੱਤੀਆਂ, ਗੋਲੇ ਵਰ੍ਹਾਏ ਪਰ ਤਾਰਾ ਸਿੰਘ ਮੁਜੰਗਾਂ ਵਾਲਿਆਂ ਨੇ ਕੋਲੋਂ ਪੰਜੀ ਸਿੰਘਾਂ ਨੂੰ ਨਾਲ ਲੈ ਕੇ ਲਾਹੌਰ ਦੇ ਬਖ਼ਸ਼ੀ ਦੇ ਬੇਦਿਲੇ ਫ਼ੌਜੀਆਂ ਵੱਲ ਭੇਜਿਆ ਤੇ ਬਖ਼ਸ਼ੀ ਅਮੀਰ ਸਿੰਘ ਤੇ ਕਾਬਲੀ ਮੱਲ ਦੇ ਜਵਾਈ ਜਗਨਨਾਥ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਸ਼ੋਭਾ ਸਿੰਘ ਕਨ੍ਹਈਆ, ਨਿਆਜ਼ ਬੇਗ਼ ਵੀ ਭੰਗੀ ਸਰਦਾਰਾਂ ਨਾਲ ਆਣ ਰਲੇ। ਏਸ ਤਰ੍ਹਾਂ ਸਾਰਾ ਸ਼ਹਿਰ ਤੇ ਕਿਲ੍ਹਾ ਖ਼ਾਲਸੇ ਦੇ ਕਬਜ਼ੇ ਵਿਚ ਆ ਗਿਆ।

ਲਾਹੌਰ ਵਾਲਿਆਂ ਸ਼ੁਕਰ ਮਨਾਇਆ। ਕਾਬਲੀ ਮੱਲ ਜੂਨ ਤੋਂ ਹੱਡ ਛੁੱਟੇ। ਇਹ

ਗੱਲ ਸਾਰੇ ਲਾਹੌਰ ਵਾਲੇ ਆਖ ਰਹੇ ਸਨ। ਮੁਸਲਮਾਨ ਵੀ ਦੁਖੀ ਸਨ ਤੇ ਹਿੰਦੂ ਵੀ। ਖੁਸ਼ੀਆਂ ਦੇ ਮੇਲੇ ਲੱਗ ਗਏ। ਜਿੰਦਾਂ ਪਿੰਜਰੇ ਵਿਚੋਂ ਬੰਦ ਪੰਛੀ ਨੂੰ ਆਜ਼ਾਦ ਕਰ ਦਿੱਤਾ ਹੋਵੇ।

ਘਰ-ਘਰ ਦੀਪਮਾਲਾ ਕੀਤੀ ਗਈ। ਡੋਗਰਿਆਂ ਨੂੰ ਨਾਲ ਲੈ ਕੇ ਆਇਆ ਸੀ। ਬਾਗ਼ਬਾਨਪੁਰੇ ਦੇ ਦਰਵਾਜ਼ੇ ਤਕ ਵੀ ਕਿਸੇ ਨੇ ਨਾ ਪਹੁੰਚਣ ਦਿੱਤਾ। ਵਿਚਾਰੇ ਬਾਹਰ ਈ ਖੜ੍ਹੇ ਬਾਂਗਾਂ ਦਿੰਦੇ ਰਹੇ।

ਕੁਝ ਮੂੰਹ-ਜ਼ੋਰ ਸਿਪਾਹੀਆਂ ਨੇ ਲੁੱਟਮਾਰ ਸ਼ੁਰੂ ਕਰ ਦਿੱਤੀ। ਲਾਹੌਰ ਦੀਆਂ ਬਾਰਾਂਦਰੀਆਂ ਵਿਚੋਂ।

ਖ਼ਬਰ ਹੋਈ ਸਰਕਾਰੇ-ਦਰਬਾਰੇ ਡੌਂਡੀ ਪਿਟਵਾ ਦਿੱਤੀ ਕਿ, ਜੇ ਕੋਈ ਬੰਦਾ ਲੁੱਟਮਾਰ ਕਰਦਾ ਫੜਿਆ ਗਿਆ ਜਾਂ ਕਿਸੇ ਨੇ ਮੁਖ਼ਬਰੀ ਕੀਤੀ ਜਾਂ ਰਾਇਆ ਵਲੋਂ ਕੋਈ ਸ਼ਿਕਾਇਤ ਮਿਲ ਗਈ ਤੇ ਸਰੇ-ਬਾਜ਼ਾਰ ਕਤਲ ਕਰਵਾ ਦਿੱਤਾ ਜਾਏਗਾ। ਕੋਈ ਦਾਦ ਨਹੀਂ ਕੋਈ ਫ਼ਰਿਆਦ ਨਹੀਂ।

ਇਕ ਪੰਚਾਇਤ ਸੀ ਲਾਹੌਰ ਦੀ ਪੁਰਾਣੀ, ਉਹਨੂੰ ਸਾਰੇ ਅਖ਼ਤਿਆਰ ਦਿੱਤੇ ਹੋਏ ਸਨ। ਮੁਖੀ ਦਾ ਫ਼ੈਸਲਾ ਖ਼ੁਦਾ ਦਾ ਫ਼ੈਸਲਾ ਸੀ।

ਮੀਰ ਨੱਥੂ ਸ਼ਾਹ, ਹਾਫ਼ਿਜ਼ ਕਾਦਰ ਬਖ਼ਸ਼, ਮੀਆਂ ਮਹਿਮੂਦ, ਆਸ਼ਿਕ ਚੌਧਰੀ, ਰੂਪਾ ਲੰਬਰਦਾਰ, ਲਾਲਾ ਬਿਸ਼ਨ ਸਿੰਘ ਤੇ ਮਹਾਰਾਜ ਸਿੰਘ ਸਰਦਾਰਾਂ ਨੂੰ ਮਿਲੇ ਤੇ ਉਨ੍ਹਾਂ ਅਰਜ਼ ਕੀਤੀ, ਲਾਹੌਰ ਨੂੰ ਗੁਰੂ ਦਾ ਕੋਠਾ ਆਖਦੇ ਹਨ। ਏਥੇ ਗੁਰੂ ਰਾਮਦਾਸ ਦਾ ਜਨਮ ਹੋਇਆ। ਏਸ ਲਈ ਲਾਹੌਰ ਦੀ ਦੇਖਭਾਲ ਬਹੁਤ ਜ਼ਰੂਰੀ ਏ। ਕਿਸੇ ਨੂੰ ਇਜਾਜ਼ਤ ਨਹੀਂ ਹੋਣੀ ਚਾਹੀਦੀ ਕਿ ਕੋਈ ਅਮੀਰ ਦਾ ਘਰ ਫਰੋਲੇ ਤੇ ਘਰ ਦੀਆਂ ਚੌਗਾਠਾਂ ਲਾਹ ਕੇ ਚੁੱਲ੍ਹੇ ਵਿਚ ਫੂਕ ਦਿੱਤੀਆਂ ਜਾਣ।

—ਲਾਹੌਰ ਦੀ ਫ਼ਸੀਲ ਦੇ ਦਰਵਾਜ਼ੇ ਬੰਦ ਕਰਵਾ ਦਿਓ। ਕੋਈ ਬੰਦਾ ਬਾਹਰ 'ਤੋਂ ਨਾ ਆਵੇ ਤੇ ਨਾ ਈ ਕੋਈ ਬੰਦਾ ਸ਼ਹਿਰ ਤੋਂ ਬਾਹਰ ਜਾਏ। ਸਖ਼ਤੀ ਜ਼ਰਾ ਕੁ ਵਾਹ-ਵਾਹ ਈ ਹੋਈ। ਨਾਨੀ ਚੇਤੇ ਆ ਗਈ। ਨਾ ਸਬਜ਼ੀ ਲੱਭੇ ਨਾ ਰਾਸ਼ਨ ਮਿਲੇ ਤੇ ਨਾ ਦੁੱਧ ਈ। ਨਿਆਣੇ ਵਿਲ੍ਹੂੰ-ਵਿਲ੍ਹੂੰ ਕਰਨ।

ਗਸ਼ਤੀ ਫ਼ੌਜ, ਚੜ੍ਹੇ ਘੋੜਿਆਂ ਤੇ ਹੱਥ ਵਿਚ ਲਗਾਮਾਂ। ਮਾਰ-ਮਾਰ ਡਾਂਗਾਂ ਉਨ੍ਹਾਂ ਪਾਸੇ ਸੁਜਾ ਦਿੱਤੇ। ਕੋਈ ਕਿਸੇ ਵੱਲ ਅੱਖ ਚੁੱਕ ਕੇ ਨਹੀਂ ਸੀ ਵੇਖ ਸਕਦਾ।

—ਕੋਈ ਬੰਦਾ ਘਰ ਨੂੰ ਤਾਲਾ ਨਾ ਮਾਰੇ। ਚੋਰ ਲੁੱਟ ਕੇ ਲੈ ਜਾਂਦਾ ਏ ਤੇ ਲੈ ਜਾਣ ਦਿਓ। ਸਾਰਾ ਨੁਕਸਾਨ ਲਾਹੌਰ ਸਰਕਾਰ ਭਰੇਗੀ।

ਸ਼ਾਂਤੀ ਹੋ ਗਈ। ਲੋਕ ਕੰਨ ਵਿਚ ਪਾਇਆਂ ਨਾ ਦੁਖੇ।

ਸਰਦਾਰ ਸ਼ੋਭਾ ਸਿੰਘ ਨੇ ਸੁਨੇਹਾ ਭੇਜਿਆ। ਅਸੀਂ ਤੀਸਰੇ ਹਿੱਸੇ ਦੇ ਮਾਲਕ ਹਾਂ। ਏਸ ਲਈ ਤੁਸੀਂ ਲਾਹੌਰ ਦੇ ਘਰ-ਘਰ ਜਾਓ ਤੇ ਸਾਰੇ ਲਾਹੌਰ ਨੂੰ ਆਪਣੀ ਰਾਖੀ ਵਿਚ ਲੈ ਲਈਏ। ਖ਼ਾਲਸਾ ਤੁਹਾਡਾ ਅਹਿਸਾਨ ਮੰਨੇਗਾ। ਅਕਸਰ ਭਰਾਵਾਂ ਦੇ ਭਰਾ ਈ ਕੰਮ ਕਰਦੇ ਹਨ।

ਕਾਬਲੀ ਮੱਲ ਦੇ ਰਿਸ਼ਤੇਦਾਰ ਜਿਹੜੇ ਗ੍ਰਿਫ਼ਤਾਰ ਕੀਤੇ ਹੋਏ ਸਨ, ਸਭ ਛੱਡ ਦਿੱਤੇ ਤੇ ਉਨ੍ਹਾਂ ਨੂੰ ਕਾਰ-ਵਿਹਾਰ 'ਚ ਲਾ ਦਿੱਤਾ। ਵਿਚਾਰਾ ਕਾਬਲੀ ਮੱਲ ਜਿਹੜਾ ਲਾਹੌਰ ਦਾ ਮਾਲਕ ਸੀ ਬਾਗ਼ਬਾਨਪੁਰੇ ਈ ਬੈਠਾ ਹੋਇਆ ਸੀ। ਕਿਸੇ ਨੇ ਉਹਦੀ ਬਾਤ ਨਾ ਪੁੱਛੀ।

ਵਾਹਵਾ ਈ ਦਿਨ ਲੰਘ ਗਏ ਲਾਹੌਰ ਦੀ ਕਾਇਆ ਪਲਟਣ ਵਿਚ। ਆਦਤਾਂ ਸੁਧਰਦਿਆਂ-ਸੁਧਰਦਿਆਂ ਵਕਤ ਲੱਗਦੈ। ਨਿਹੰਗ ਸਿੰਘ ਹੁਣ ਨਿਸ਼ੰਗ ਘੁੰਮ ਰਹੇ ਸਨ। ਡੇਰੇ ਸਾਹਬ ਦੇ ਦਰਸ਼ਨ ਕਰਦੇ, ਗੁਰਦਵਾਰਿਆਂ 'ਚ ਅਰਦਾਸ ਹੋ ਰਹੀ ਸੀ। ਗੁਰੂ ਦੇ ਵਾਕ ਪੂਰੇ ਹੋ ਗਏ ਸਨ। ਅਜੇ ਸਰਕਾਰੀ ਅਫ਼ਸਰ ਤੇ ਅਹਿਲਕਾਰਾਂ 'ਚ ਤਬਦੀਲੀ ਨਹੀਂ ਸੀ ਆਈ। ਹੌਲੀ-ਹੌਲੀ ਕੋਹੜ ਕੱਢਿਆ ਜਾਏਗਾ।

ਲਾਹੌਰ ਦੇ ਚੌਗਿਰਦੇ ਛਾਉਣੀਆਂ ਥਾਣੇ ਪੱਕੇ ਬਣ ਰਹੇ ਸਨ ਤੇ ਆਵਾਜ਼ਾਂ ਆ ਰਹੀਆਂ ਸਨ। ਹੁਣ ਰਾਜ ਖ਼ਾਲਸੇ ਦਾ ਏ। ਦਮਾਮਾ ਵੱਜਿਆ, ਲੰਗਰ ਖੁੱਲ੍ਹਾ ਗੁਰੂ ਕਾ।

—ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ।

ਲਾਹੌਰ ਦੀ ਨਾਰ ਫੁਲਕਾਰੀ ਲੈ ਕੇ ਨੱਚੀ। ਖ਼ੂਬ ਗਿੱਧਾ ਪਿਆ, ਭੰਗੜੇ ਦੇ ਪਿੜ ਬੱਝੇ।

ਲਾਹੌਰ ਨੀਂਗਰ ਚੰਦ ਬਣਿਆ ਹੋਇਆ ਸੀ ਤੇ ਸਰਬਾਲਾ ਸੀ ਜੱਸਾ ਸਿੰਘ ਆਹਲੂਵਾਲੀਆ।

107

ਝੰਡੇ ਝੂਲਦੇ ਖ਼ਾਲਸੇ ਦੇ

ਖੁਸਰਿਆਂ ਦੀ ਜੰਦ ਲੈ ਕੇ ਆਈ ਮੁਗ਼ਲਾਨੀ ਬੇਗ਼ਮ। ਮੈਂ ਤੇ ਵੇਖੀ ਨਹੀਂ, ਲੋਕ ਆਖਦੇ ਨੇ ਕਿ ਖੁਸਰਿਆਂ ਵਿਚ ਆਪ ਨੱਚੀ ਮੁਗ਼ਲਾਨੀ ਬੇਗ਼ਮ ਅਰਕ ਜਿੰਡਾ ਘੁੰਡ ਕੱਢ ਕੇ ਭਾਵੇਂ ਮੂੰਹ ਸਾਰਾ ਕੱਜਿਆ ਹੋਇਆ ਸੀ, ਪਰ ਫੇਰ ਵੀ ਘੁੰਡ ਵਿਚੋਂ ਮੁਸਕਰਾ ਰਹੀ ਸੀ ਤੇ ਬੋਲ ਉਭਰ ਰਹੇ ਸਨ।

—ਜੁਗ-ਜੁਗ ਜਿਊਣ ਲਾਹੌਰ ਦੇ ਰਾਜੇ। ਘੁੰਗਰੂਆਂ ਨੇ ਖੁਸਰਿਆਂ ਦੇ ਪੈਰਾਂ ਵਿਚ ਝੂਮਰ ਪਾਇਆ। ਘੁੰਗਰੂ ਛਣਕੇ ਤੇ ਭੀੜ ਇਕੱਠੀ ਕਰ ਦਿੱਤੀ। ਮੇਲਾ ਜਿਹਾ ਲੱਗ ਗਿਆ।

—ਕੀ ਚਾਹੁੰਦੇ ਹਨ ਆਦਮ ਜ਼ਾਤ। ਇਕ ਸਰਦਾਰ ਨੇ ਆਖਿਆ।

—ਵਧਾਈ ਲੈਣ ਆਏ ਹਾਂ।

—ਨੱਚੋ ਖ਼ੂਬ ਰੀਝ ਪਾ ਕੇ ਨੱਚੋ, ਵਧਾਈ ਮਿਲੂ, ਜੋ ਮੂੰਹੋਂ ਮੰਗੋਗੇ ਉਹੋ ਮਿਲੇਗਾ।

—ਏਸੇ ਲਈ ਮੈਂ ਆਪ ਨੱਚਣ ਲੱਗੀ ਹਾਂ। ਕਦੀ ਮੇਰੇ ਦਰਵਾਜ਼ੇ ਵੀ ਖੁਸਰੇ ਨੱਚਣਗੇ।

—ਤੂੰ ਕੌਣ ਏਂ? ਕਿਸੇ ਰਾਜ ਘਰਾਣੇ ਦਾ ਖੁਸਰਾ ਏਂ?

—ਸਰਕਾਰ ਮੈਂ ਖ਼ੁਸਰਾ ਨਹੀਂ ਖ਼ੁਸਰੀ ਹਾਂ।

—ਨੱਚ ਤੇ ਜੀਅ ਭਰ ਕੇ ਨੱਚ, ਖ਼ੂਬ ਨੱਚ, ਅੱਜ ਖੁਸ਼ੀ ਦਾ ਦਿਹਾੜਾ ਏ।

—ਵਧਾਈ ਆਈ ਭਰੀ ਮੋਹਰਾਂ ਨਾਲ ਥਾਲੀ।

—ਲਓ ਖ਼ੁਸਰਿਓ ਮੌਜਾਂ ਕਰੋ। ਸਰਕਾਰ ਨੇ ਵਧਾਈ ਭੇਜੀ ਏ।

—ਵਾਪਸ ਲੈ ਜਾ, ਮੇਰਾ ਇਹ ਮੁੱਲ ਪਾਇਆ ਏ ਸਰਦਾਰਾਂ ਨੇ?

ਗੱਲ ਸਰਦਾਰ ਨੂੰ ਖਾ ਗਈ। ਮੈਂ ਕੌਮ ਦਾ ਸਰਦਾਰ, ਇਹ ਕੌਣ ਏ। ਵਧਾਈ ਮੋੜਨ ਵਾਲੀ।

—ਪੁੱਛ ਕੀ ਚਾਹੁੰਦੀ ਏ, ਜੋ ਮੰਗੇਗੀ ਉਹੋ ਮਿਲੂ।

—ਏਸ ਤਰ੍ਹਾਂ ਨਹੀਂ। ਖ਼ੁਸ਼ੀਆਂ ਦੇ ਸੌਦੇ ਉਹਦੇ ਤੇ ਰਾਹ ਵੀ ਨਿਆਰੇ ਹਨ।

—ਸਰਕਾਰ ਆਪ ਪੁੱਛੇਗੀ ਤੇ ਫੇਰ ਮੈਂ ਦਸੂੰ।

—ਪੇਸ਼ ਕਰੋ, ਖ਼ੂਬ ਨੱਚੇ ਆਦਮਜ਼ਾਤ।

—ਹਾਂ ਵਧਾਈ ਮੋੜੀ ਸੀ, ਇਹ ਦਰਬਾਰ ਦੀ ਹੱਤਕ ਏ।

—ਸਰਕਾਰ ਮੁੱਲ ਨੱਚਣ ਵਾਲੀ ਦਾ ਏ ਵਧਾਈ ਦਾ ਨਹੀਂ।

—ਤੂੰ ਕਿਹੜੀ ਜੰਨਤ ਤੋਂ ਆਈ ਏਂ? ਪਰੀ ਜ਼ਾਤ ਤੇ ਨਹੀਂ?

—ਸਰਕਾਰ ਮੈਂ ਦੱਸ ਨਹੀਂ ਸਕਦੀ। ਮੈਂ ਵਜਦ ਵਿਚ ਆ ਗਈ ਤੇ ਆਪ ਅਖਾੜੇ ਵਿਚ ਆਣ ਨੱਚੀ। ਖ਼ੁਸਰੇ ਨੱਚ ਰਹੇ ਸਨ ਸਰੂਰ ਵਿਚ ਮੈਂ ਵੀ ਸੀ। ਮੇਰੇ ਪੈਰ ਖ਼ੁਸ਼ੀ ਨਾਲ ਭੁੰਜੇ ਨਹੀਂ ਸਨ ਲਗਦੇ।

—ਆਖ਼ਰ ਤੂੰ ਚਾਹੁੰਨੀ ਕੀ ਏਂ?

—ਵਧਾਈ ਆਪਣੀ ਮਰਜ਼ੀ ਦੀ। ਵਧਾਈ ਮੈਨੂੰ ਕੋਈ ਦੇ ਨਹੀਂ ਸਕਦਾ। ਉਹਦਾ ਤਾਰਨਾ ਹਰ ਜਣੇ-ਖਣੇ ਦਾ ਕੰਮ ਨਹੀਂ।

—ਮੈਂ ਮੁੱਲ ਲੈਣ ਆਈ ਹਾਂ ਆਪਣੇ ਨੱਚਣ ਦਾ।

—ਕੀ ਮੁੱਲ ਚਾਹੀਦੈ? ਕੀ ਮੰਗਦੀ ਏਂ ਤੂੰ?

ਦੱਬੀ ਜ਼ਬਾਨ 'ਚ ਬੁੱਲ੍ਹਾਂ ਵਿਚ ਈ ਮੁਸਕਰਾਈ ਤੇ ਆਖਣ ਲੱਗੀ, ਸੂਬੇਦਾਰੀ ਲਾਹੌਰ ਦੀ।

—ਤੂੰ ਹੈਂ ਕੌਣ?

—ਮੈਂ ਕੀ ਦੱਸਾਂ ਕਿ ਮੈਂ ਕੌਣ ਹਾਂ। ਕਦੀ ਲੋਕ ਮੈਨੂੰ ਮੁਗ਼ਲਾਨੀ ਬੇਗ਼ਮ ਆਖਦੇ ਸਨ। ਮੈਂ ਖ਼ੁਸ਼ੀ ਵਿਚ ਆਪਣੇ ਆਪ ਨੂੰ ਸੰਭਾਲ ਨਾ ਸਕੀ। ਮੈਂ ਅੱਜ ਬਹੁਤ ਖ਼ੁਸ਼ ਹਾਂ। ਭੂਰਿਆਂ ਵਾਲੇ ਰਾਜੇ ਬਣੇ ਹਨ। ਆਪ ਨੱਚ ਪਈ ਲਾਹੌਰ ਦੇ ਕਬਜ਼ੇ ਦੀ ਖ਼ੁਸ਼ੀ ਵਿਚ।

—ਭਰਾ ਦਾ ਵਿਆਹ ਹੋਵੇ ਜੇ ਭਾਬੀ ਨਾ ਨੱਚੇ ਤੇ ਹੋਰ ਕੌਣ ਨੱਚੇ?

—ਮੁਗ਼ਲਾਨੀ ਬੇਗ਼ਮ ਇਹ ਤੇਰੇ ਤੇ ਤੇਰੀ ਸੋਹਬਤ ਦਾ ਅਸਰ ਏ। ਸੂਬੇਦਾਰੀ ਤੇ ਮੈਂ ਦੇ ਨਹੀਂ ਸਕਦਾ। ਜੇ ਦੇ ਵੀ ਦੇਵਾਂ ਤੇ ਉਹਨੂੰ ਸੰਭਾਲੂ ਕੌਣ?

—ਸੂਬੇਦਾਰੀ ਤੇ ਖ਼ੁਸਰਿਆਂ 'ਚ ਨੱਚਣ ਵਾਲੀ ਨੂੰ। ਇਕ ਬੇਹਯਾ ਔਰਤ ਦੀ ਗੁੱਤ ਨਾਲ ਬੰਨ੍ਹ ਦੇਵਾਂ ਸੂਬੇਦਾਰੀ, ਤਕਦੀਰ ਲਾਹੌਰ ਦੀ। ਤੇਰੀ ਗੁੱਤ ਦੀ ਪਰਾਂਦੀ ਬਣ ਜਾਵੇ?

—ਬੇਗ਼ਮ ਅਹਿਮਦ ਸ਼ਾਹ ਅਬਦਾਲੀ ਠੀਕ ਆਖਦਾ ਸੀ। ਇਹ ਔਰਤ ਦੇ ਵੱਸ ਦਾ ਰੋਗ ਨਹੀਂ।

ਜੱਸਾ ਸਿੰਘ ਆਹਲੂਵਾਲੀਆ ਆਖਣ ਲੱਗਾ—ਹੁਣ ਤੇ ਮੂੰਹ ਮੰਗੀਆਂ ਮੋਹਰਾਂ ਲੈ ਜਾ। ਇਹੋ ਵਧਾਈ ਸਮਝ, ਸੂਬੇਦਾਰੀ ਦੇ ਖ਼ਾਬ ਛੱਡ ਦੇ। ਕਿਸੇ ਨੇ ਤੈਨੂੰ ਸੂਬੇਦਾਰੀ ਨਹੀਂ ਦੇਣੀ। ਜੇ ਕਿਸੇ ਨੇ ਦੇ ਵੀ ਦਿੱਤੀ ਤੇ ਰਾਤ ਪੈਣ ਤੋਂ ਪਹਿਲਾਂ ਖੋਹ ਲੈਣੀ ਏ ਲੋਕਾਂ। ਮੇਰੀ ਜ਼ਬਾਨ ਕਿਉਂ ਕੱਚੀ ਕਰਨ ਲੱਗੀ ਏਂ। ਅਸੀਂ ਜ਼ਬਾਨ ਦੇ ਪੱਕੇ ਹਾਂ।

—ਮੀਂਹ ਵਰ੍ਹਾ ਦਿਓ ਮੋਹਰਾਂ ਦਾ। ਪੰਡ ਬੰਨ੍ਹ ਕੇ ਲੈ ਜਾਓ ਘਰ ਜਿੰਨੀਆਂ ਕਿਸੇ ਨੂੰ ਚਾਹੀਦੀਆਂ ਹਨ ਮੋਹਰਾਂ।

—ਮੈਂ ਤੇ ਜੋਸ਼ 'ਚ ਆਈ ਖ਼ੁਸ਼ੀ 'ਚ ਨੱਚੀ ਸਾਂ। ਮੈਂ ਤੇ ਭਰਾ ਦੇ ਵਿਆਹ ਆਈ ਸਾਂ। ਉਹਦੀ ਮੈਨੂੰ ਐਡੀ ਵੱਡੀ ਸਜ਼ਾ।

—ਬੇਗ਼ਮ ਅਹਿਮਦ ਸ਼ਾਹ ਅਬਦਾਲੀ ਤੈਨੂੰ ਗੋਖੜੂ ਵੀ ਦੇ ਗਿਆ ਤੇ ਨਾਲ ਇਹ ਵੀ ਆਖ ਗਿਆ ਸੀ ਨਾ ਬੇਗ਼ਮ ਨਿਕਾਹ ਸਾਨੀ ਕਰ ਲੈ। ਮੈਂ ਜਦ ਫੇਰ ਆਵਾਂਗਾ ਫੇਰ ਗ਼ੌਰ ਕਰਾਂਗੇ। ਅਜੇ ਤੇ ਕਣਕ ਪੱਕਣ ਦੇ।

ਮੁਗ਼ਲਾਨੀ ਬੇਗ਼ਮ ਦਾ ਸਾਰਾ ਸਰੂਰ ਪਾਣੀ-ਪਾਣੀ ਹੋ ਗਿਆ।

ਬੜੀ ਮੁਸ਼ਕਲ ਨਾਲ ਮਿਲਦੀਆਂ ਨੇ ਸਰਦਾਰੀਆਂ। ਸੂਬੇਦਾਰੀ ਜਣੇ-ਖਣੇ ਨੂੰ ਨਹੀਂ ਲੱਭਦੀ। ਬੇਗ਼ਮ ਅਜੇ ਰਾਤ ਦਾ ਨਸ਼ਾ ਉਤਰਿਆ ਨਹੀਂ ਜਾਪਦਾ। ਜਾ ਆਰਾਮ ਕਰ ਮੈਂ ਕਦੀ ਬਹਾਰਾਂ ਫੇਰ ਆਉਣਗੀਆਂ।

108

ਸਿੱਕਾ

ਰਾਜ ਦਰਬਾਰ ਦੀਆਂ ਕਈ ਲੋੜਾਂ ਹਨ। ਝੰਡੇ, ਘੋੜੇ, ਨੌਬਤਾਂ, ਦਮਾਮੇ, ਨਗਾਰੇ ਹੁਣ ਤੇ ਤਾਂ ਹੀ ਗੱਲ ਬਣਦੀ ਏ ਰਾਜ ਦਰਬਾਰ ਦੀ। ਤਖ਼ਤ ਤੇ ਬੈਠੇ ਜਥੇਦਾਰ ਤੇ ਫੇਰ ਲੋਕ ਆਖਣ ਦਰਬਾਰ 'ਚ ਰੌਣਕ ਆਈ ਏ। ਨਜ਼ਰਾਨੇ ਲਏ ਜਾਣ ਤੇ ਨਜ਼ਰਾਨੇ ਵੰਡੇ ਜਾਣ। ਅੱਜ ਖ਼ਾਲਸਾ ਲਾਹੌਰ 'ਚ ਮੰਜੀ ਡਾਹ ਕੇ ਬੈਠਾ ਏ ਆਪਣੀ ਤਲਵਾਰ ਦੇ ਜ਼ੋਰ ਨਾਲ।

ਅਜੇ ਲਾਹੌਰ ਵਿਚ ਨਾ ਪੂਰੀਆਂ ਚੌਕੀਆਂ ਈ ਬਣੀਆਂ ਸਨ ਨਾ ਥਾਣੇ ਈ ਹੋਂਦ ਵਿਚ ਆਏ ਸਨ। ਉਹੋ ਈ ਪੁਰਾਣਾ ਢਾਂਚਾ ਤੇ ਉਹੋ ਈ ਪੁਰਾਣੀ ਰਵਾਇਤ। ਅਜੇ ਏਥੇ ਚਿਹਰੇ ਈ ਬਦਲੇ ਸਨ। ਪੱਗਾਂ ਦੇ ਰੰਗ ਵੱਖਰੇ ਨਜ਼ਰ ਆਉਂਦੇ ਸਨ। ਬਾਕੀ ਢਾਂਚਾ ਉਹੋ ਈ ਸੀ। ਫਿਰ ਵੀ ਬੁੱਢੇ ਦਲ ਦਾ ਬੜਾ ਦਬਦਬਾ ਸੀ, ਕੋਈ ਚੂੰ ਨਹੀਂ ਸੀ ਕਰ ਸਕਦਾ, ਉੱਚੀ ਸਾਹ ਲੈਣਾ ਤੇ ਬੜੀ ਵੱਡੀ ਜੁਰੱਅਤ ਸੀ। ਜ਼ਬਾਨ ਹਿਲਾਉਣ ਦੀ ਕਿਸੇ ਵਿਚ ਤਾਕਤ ਨਹੀਂ ਸੀ ਤੇ ਨਾ ਈ ਕੋਈ ਤਾਕਤ ਵਰਤ ਕੇ ਵੇਖਣਾ ਈ ਚਾਹੁੰਦਾ ਸੀ।

ਜੱਸਾ ਸਿੰਘ ਆਹਲੂਵਾਲੀਏ ਨੂੰ ਪੰਥ ਨੇ ਅੱਗੇ ਈ ਜਥੇਦਾਰ ਚੁਣਿਆ ਹੋਇਆ ਸੀ। ਉਸ ਨੂੰ ਲਾਹੌਰ ਦੀ ਸੂਬੇਦਾਰੀ ਦੀ ਪੱਗ ਬੰਨ੍ਹਾ ਦਿੱਤੀ।

ਓਸੇ ਸੂਬੇਦਾਰੀ ਦੀ ਖੁਸ਼ੀ ਵਿਚ ਜਸ਼ਨ ਮਨਾਇਆ ਜਾ ਰਿਹਾ ਸੀ। ਮੁਬਾਰਕਾਂ ਦੇਣ ਵਾਲਿਆਂ ਦੀਆਂ ਕਤਾਰਾਂ ਬੱਝੀਆਂ ਹੋਈਆਂ ਸਨ। ਵਧਾਈਆਂ ਦੇਣ ਵਾਲਿਆਂ, ਸਰਵਾਰਨੇ ਕਰਨ ਵਾਲਿਆਂ ਦੀ ਕੋਈ ਘਾਟ ਨਹੀਂ ਸੀ। ਸਰਦਾਰਨੀਆਂ ਵੀ ਕਿਸੇ ਗੱਲੋਂ ਘੱਟ ਨਹੀਂ ਸਨ।

ਪਰ ਇਕ ਗੱਲ ਦਾ ਅਜੇ ਵੀ ਖ਼ਤਰਾ ਸੀ ਕਿ ਅਹਿਮਦ ਸ਼ਾਹ ਅਬਦਾਲੀ ਪਤਾ ਨਹੀਂ ਹੁਣੇ ਈ ਫੇਰ ਆ ਗਿਆ ਤੇ ਫੇਰ ਕੀ ਬਣੂੰ। ਅਜੇ ਤੇ ਉਹ ਹੁਣੇ ਈ ਗਿਆ ਏ। ਉਹ ਆਇਆ ਵੀ ਤਾਂ ਇਕ ਸਾਲ ਤੋਂ ਪਹਿਲਾਂ ਨਹੀਂ ਆਉਣ ਲੱਗਾ। ਓਨਾ ਚਿਰ ਤੇ ਚੰਮ ਦੀਆਂ ਚਲਾਓ। ਫੇਰ ਆਏਗਾ ਤੇ ਫੇਰ ਹੱਥ ਮਾਰ ਕੇ ਵੇਖ ਲਵਾਂਗੇ।

ਜੱਸਾ ਸਿੰਘ ਆਹਲੂਵਾਲੀਏ ਨੇ ਲਾਹੌਰ ਦੇ ਤਖ਼ਤ ਤੇ ਬੈਠਦਿਆਂ ਪਹਿਲਾ ਐਲਾਨ ਇਹ ਕੀਤਾ,

—ਖ਼ਾਲਸਾ ਜੀਓ, ਜਿਹੜੀਆਂ ਤੁਸਾਂ ਮੱਲਾਂ ਮਾਰੀਆਂ ਹੋਈਆਂ ਨੇ ਉਹਨਾਂ ਤੇ ਪੱਕੇ ਕਬਜ਼ੇ ਕਰ ਲਵੋ। ਤੁਹਾਡੇ ਥਾਣੇ ਛਾਉਣੀਆਂ ਵਿਚ ਕੋਈ ਬੰਦਾ ਬਾਹਰ ਦਾ ਨਹੀਂ ਹੋਣਾ ਚਾਹੀਦਾ ਪਰ ਇਕਦਮ ਛਾਂਟੀ ਵੀ ਨਹੀਂ ਕਰਨੀ। ਉਨ੍ਹਾਂ ਦੀ ਮਦਦ ਜ਼ਰੂਰ ਲੈਣੀ ਏ ਜਿਹੜੇ ਹੰਢੇ ਵਰਤੇ ਹਨ ਤੇ ਉਹ ਬੰਦੇ ਵੀ ਰੱਖਣੇ ਹਨ ਜਿਹੜੇ ਹਮਖ਼ਿਆਲ ਹਨ। ਉਹ ਦੋਵੇਂ ਰੱਖ ਲਵੋ ਪਰ ਜਿਹੜੇ ਕੱਟੜਪੰਥੀ ਹਨ ਉਨ੍ਹਾਂ ਨੂੰ ਘਰ ਦਾ ਰਾਹ ਵਿਖਾ ਦਿਓ।

ਹਿੱਸੇ ਤੇ ਪਹਿਲਾਂ ਈ ਪਾ ਲਏ ਸਨ। ਵੰਡੀਆਂ ਪੈ ਚੁੱਕੀਆਂ ਸਨ। ਹੁਣ ਤੇ ਐਵੇਂ ਬੋਲ-ਬੁਲਾਰਾ ਈ ਸੀ ਪਰ ਜਦੋਂ ਆਪਣੀ ਵਾਰੀ ਆਈ ਤੇ ਜੱਸਾ ਸਿੰਘ ਆਹਲੂਵਾਲੀਆ ਕਹਿਣ ਲੱਗਾ—ਇਹ ਸਾਰਾ ਰਾਜ-ਭਾਗ ਮੇਰਾ ਈ ਤੇ ਹੈ। ਮੈਂ ਕੀ ਕਰਨੇ ਹੋਰ ਇਲਾਕਾ। ਤੁਸੀਂ ਮੇਰੇ ਤੇ ਐਵੇਂ ਵਾਧੂ ਜ਼ਿੰਮੇਵਾਰੀਆਂ ਨਾ ਪਾਓ। ਖਾਣ-ਪੀਣ ਨੂੰ ਖੁੱਲ੍ਹਾ ਏ। ਘੋੜੇ ਚੜ੍ਹਨ ਨੂੰ, ਕੱਪੜੇ ਮਨਮਰਜ਼ੀ ਦੇ ਪਰ ਫੇਰ ਵੀ ਸਰਦਾਰਾਂ ਸੋਚਿਆ ਕਿ ਖਰਚ ਪਾਣੀ ਲਈ ਸਰਦਾਰ ਨੂੰ ਕੁਝ ਪਿੰਡ ਦੇ ਦਿੱਤੇ ਜਾਣ। ਇਹ ਬਖ਼ਸ਼ਿਸ਼ ਪੰਥ ਦੀ ਸੀ। ਅੰਮ੍ਰਿਤਸਰ ਦੀ ਮੱਲ ਗੁਜ਼ਾਰ ਵਿਚ ਜੰਡਿਆਲਾ, ਬੁਤਾਲਾ, ਸਠਿਆਲਾ, ਮਹਿਤਾਬਕੋਤ ਨਾਲ ਲੱਗਦੇ ਪਿੰਡ ਜਲਾਲਾਬਾਦ, ਵੈਰੋਵਾਲ, ਫ਼ਤਿਹਾਬਾਦ, ਕੋਟ ਮੁਹੰਮਦ ਖ਼ਾਂ ਤੇ ਤਰਨਤਾਰਨ ਵਾਲੀ ਬਾਹੀ ਦੇ ਨਾਲ ਲਗਦੇ ਪਿੰਡ ਤੇ ਸਤਲੁਜ ਪਾਰ ਦਾ ਇਲਾਕਾ ਬਦੋ-ਬਦੀ ਖ਼ਾਲਸੇ ਨੇ ਆਹਲੂਵਾਲੀਏ ਦੀ ਝੋਲੀ 'ਚ ਪਾ ਦਿੱਤਾ।

ਜੱਸਾ ਸਿੰਘ ਆਹਲੂਵਾਲੀਏ ਨੇ ਪੰਥ ਵਲੋਂ ਬਖ਼ਸ਼ਿਆ ਇਲਾਕਾ ਲੈ ਲਿਆ ਤੇ ਇਕ ਵਾਰ ਸਾਰੇ ਇਲਾਕੇ 'ਚ ਘੋੜਾ ਫੇਰ ਦਿੱਤਾ ਤੇ ਆਪਣੀ ਰਾਜਧਾਨੀ ਕਪੂਰਥਲਾ ਬਣਾ ਲਈ ਤੇ ਗੁਰੂ ਦਾ ਨਾਂ ਲੈ ਕੇ ਗੁਰੂ ਦੇ ਨਾਂ ਦੇ ਝੰਡੇ ਗੱਡ ਦਿੱਤੇ।

ਹੁਣ ਫੈਸਲਾ ਹੋਇਆ, ਮਤਾ ਪ੍ਰਵਾਨ ਚੜ੍ਹ ਗਿਆ ਕਿ ਸਿੱਕਾ ਚਾਹੀਦਾ ਏ ਆਪਣੇ ਨਾਂ ਦਾ। ਲੋਕ ਕੀ ਆਖਣਗੇ ਕਿ ਰਾਜ ਬਦਲਿਆ ਏ ਸਿੱਕਾ ਵੀ ਬਦਲਣਾ ਜ਼ਰੂਰੀ ਏ।

ਸਲਾਹ ਹੋਈ, ਵਿਚਾਰਾਂ ਹੋਈਆਂ ਆਖ਼ਰਕਾਰ ਫੈਸਲਾ ਏਸ ਗੱਲ ਤੇ ਹੋਇਆ ਕਿ ਜਿਹੜਾ ਸਿੱਕਾ ਬਾਬੇ ਬੰਦੇ ਬਹਾਦਰ ਨੇ ਜਾਰੀ ਕੀਤਾ ਸੀ ਉਹੋ ਸਿੱਕਾ ਚਲਾਇਆ ਜਾਏ।

ਅੱਗੋਂ ਜਾ ਕੇ ਫੇਰ ਵੇਖਿਆ ਜਾਊ। ਅਜੇ ਤੇ ਉਹੋ ਈ ਸਿੱਕਾ ਢਾਲਿਆ ਜਾਏ।

ਸਿੱਕਾ ਢਲ ਗਿਆ ਤੇ ਪੰਜ ਪਰਾਤਾਂ ਭਰ ਕੇ ਹਰਿਮੰਦਰ ਦੀ ਸਰਦਲ ਤੇ ਰੱਖ ਕੇ ਮੱਥਾ ਟੇਕਿਆ ਗਿਆ। ਅਰਦਾਸ ਹੋਈ ਤੇ ਸਿੱਕਾ ਜਨਤਾ ਦੇ ਹੱਥਾਂ ਵਿਚ ਨੱਚ ਪਿਆ। ਸਿੱਕਾ ਈ ਰਾਜ ਦੀ ਸ਼ਾਨ ਏ, ਰਾਜ ਦੀ ਜਾਨ ਈ ਸਿੱਕਾ ਏ। ਦਿਨਾਂ ਵਿਚ ਸਿੱਕਾ ਸਾਰੇ ਪੰਜਾਬ 'ਚ ਫੈਲ ਗਿਆ। ਲੋਕ ਕਾਰ-ਵਿਹਾਰ ਖ਼ਾਲਸੇ ਦੇ ਸਿੱਕੇ ਨਾਲ ਕਰਦੇ। ਹਰ ਪਾਸੇ ਖ਼ਾਲਸਈ ਸਿੱਕੇ 'ਚ ਲੈਣ-ਦੇਣ ਹੋਣ ਲੱਗ ਪਈ। ਸਾਰੇ ਪੰਜਾਬ ਨੇ ਪ੍ਰਵਾਨ ਕਰ ਲਿਆ ਸਿੱਕਾ।

ਸ਼ਾਹੀ ਸਿੱਕਾ ਪਰ ਲਗਾ ਕੇ ਉਡ ਗਿਆ ਸੀ। ਖ਼ਾਲਸੇ ਦੇ ਸਿੱਕੇ ਨੂੰ ਚੁੰਮ-ਚੁੰਮ ਕੇ ਮੱਥੇ ਨਾਲ ਲਾਉਂਦੀ ਖ਼ਲਕਤ। ਸਿੱਕਾ ਇਕ ਮੋਹਰ ਏ, ਸਿੱਕਾ ਇਕ ਨਿਸ਼ਾਨੀ ਏ। ਸਿੱਕਾ ਈ ਜਾਹੋ-ਜਲਾਲ ਏ। ਮਰਹੱਟੇ ਏਸ ਸਿੱਕੇ ਦੇ ਬਦਲੇ ਆਪਣਾ ਸਿੱਕਾ ਵਰਤੋਂ

'ਚ ਲਿਆਉਣ ਲੱਗ ਪਏ। ਦਿੱਲੀ ਦਰਬਾਰ ਵਾਲਿਆਂ ਵੀ ਸਿੱਕਾ ਪ੍ਰਵਾਨ ਕਰ ਲਿਆ।

ਅਹਿਮਦ ਸ਼ਾਹ ਅਬਦਾਲੀ ਜਾਂਦਾ-ਜਾਂਦਾ ਸੇਹ ਦਾ ਤਕਲਾ ਗੱਡ ਗਿਆ। ਬਾਬਾ ਆਲਾ ਸਿੰਘ ਦੀ ਜਾਗੀਰ ਵਿਚ ਵਾਧਾ ਵੀ ਕੀਤਾ ਤੇ ਕੁਝ ਅਖ਼ਤਿਆਰ ਵੀ ਦੇ ਗਿਆ।

ਇਹ ਨਿਹੰਗ, ਇਹ ਰੰਘਰੇਟੇ ਤੇ ਇਹ ਦਲ ਵਾਲਿਆਂ ਦੇ ਮੁਖੀਆਂ ਵਿਚ ਇਕ ਛਛੂੰਦਰ ਜਿਹੀ ਆਣ ਬੁੜਕੀ। ਕੋਈ ਬਖੇੜਾ ਖੜ੍ਹਾ ਨਾ ਕਰ ਦੇਵੇ। ਇਹ ਗੱਲ ਸਰਦਾਰਾਂ ਨੇ ਸੋਚੀ, ਪਰ ਕਿੱਲਾ ਗੱਡਣ ਵਾਲਾ ਤੇ ਕਿੱਲਾ ਗੱਡ ਗਿਆ ਸੀ। ਸਰਦਾਰ ਆਪਸ 'ਚ ਪਾਟ ਜਾਣ, ਇਕ ਵਾਰ ਡਾਂਗ ਖੜਕ ਪਵੇ ਤੇ ਫੇਰ ਪੰਜਾਬ ਵਿਚੋਂ ਇਸਲਾਮੀ ਰਾਜ ਜਾ ਨਹੀਂ ਸਕਦਾ ਪਰ ਬੁੱਢੇ ਦਲ ਵਾਲੇ ਬੜੇ ਸਿਆਣੇ ਹਨ। ਉਨ੍ਹਾਂ ਏਸ ਬਖੇੜੇ ਨੂੰ ਆਪਣੇ ਘਰਾਂ ਦੀਆਂ ਬਰੂਹਾਂ ਤੱਕ ਵੀ ਨਹੀਂ ਸੀ ਆਉਣ ਦਿੱਤਾ, ਦਹਿਲੀਜ਼ਾਂ ਟੱਪਣੀਆਂ ਤੇ ਬਹੁਤ ਦੂਰ ਦੀ ਗੱਲ ਸੀ।

ਬੁੱਢਾ ਦਲ ਏਸੇ ਲਈ ਮਹਾਨ ਸੀ। ਉਨ੍ਹਾਂ ਨੂੰ ਆਪਣੇ ਲਈ ਕੁਝ ਨਹੀਂ ਸੀ ਚਾਹੀਦਾ। ਉਹ ਹਰ ਵੇਲੇ ਦਲ ਦੀ ਬਿਹਤਰੀ ਵਾਸਤੇ ਜਦੋ-ਜਹਿਦ ਕਰਦੇ। ਪੰਜਾਬ ਪੰਜਾਂ ਦਰਿਆਵਾਂ ਦਾ ਇਲਾਕਾ ਏ। ਇਥੇ ਗ਼ੈਰ ਦਾ ਰਾਜ ਕਿਉਂ ? ਦਲ ਵਾਲੇ ਚਾਹੁੰਦੇ ਸਨ ਕਿ ਅਸਾਂ ਰਾਜ ਆਪਣਾ ਬਣਾਉਣਾ ਏ। ਅਹਿਮਦ ਸ਼ਾਹ ਅਬਦਾਲੀ ਤੇ ਲੁਟੇਰਾ ਏ, ਲੁੱਟੇਗਾ ਚਲਾ ਜਾਏਗਾ ਅਸਾਂ ਆਪਸ ਵਿਚ ਪਾਟਣਾ ਨਹੀਂ। ਭਰਾ-ਭਰਾ ਦਾ ਦਾਰੂ ਏ।

ਅਹਿਮਦ ਸ਼ਾਹ ਅਬਦਾਲੀ ਦੀ ਜੁੱਤੀ ਬੜੀ ਸਖ਼ਤ ਸੀ। ਓਸ ਥਾਂ-ਥਾਂ ਤੇ ਆਪਣੇ ਬਾਲਕੇ ਬਿਠਾਏ ਹੋਏ ਸਨ। ਦਿੱਲੀ, ਨਜ਼ੀਬਾਬਾਦ, ਲਖਨਊ ਇਹ ਤੇ ਸਾਰੇ ਲਾਲਚੀ ਸਨ। ਹਰ ਕੋਈ ਚਾਹੁੰਦਾ ਸੀ ਕਿ ਦਿੱਲੀ ਦਾ ਤਖ਼ਤ ਮੈਨੂੰ ਮਿਲ ਜਾਏ ਪਰ ਤਖ਼ਤ ਤੇ ਮੁਗ਼ਲ ਬਾਦਸ਼ਾਹਾਂ ਦੀ ਔਲਾਦ ਨੂੰ ਈ ਮਿਲਣਾ ਸੀ। ਕਿਸਮਤ ਨੇ ਕਠਪੁਤਲੀ ਜਿਹੀ ਬਣਾ ਦਿੱਤਾ ਸੀ ਤਖ਼ਤ। ਕਦੀ ਮਰਹੱਟਿਆਂ ਦੇ ਹੱਥਾਂ ਵਿਚ ਖੇਡਦਾ ਤੇ ਕਦੀ ਰੁਹੇਲਿਆਂ ਦੇ ਇਸ਼ਾਰਿਆਂ ਤੇ ਨੱਚਦਾ। ਉਹਦੀ ਆਪਣੀ ਕੋਈ ਹੋਂਦ ਨਹੀਂ ਸੀ।

ਅਹਿਮਦ ਸ਼ਾਹ ਅਬਦਾਲੀ ਨੇ ਪਾਲੇ ਬਾਲਕੇ, ਸਾਨ੍ਹ ਤੇ ਥਾਪੀਆਂ ਦਿੱਤੀਆਂ ਤੇ ਬਦਮਾਸ਼ਾਂ ਨੂੰ ਪੈਸਿਆਂ ਦਾ ਲਾਲਚ ਦੇ ਕੇ ਆਪਣੇ ਵੱਲ ਕੀਤਾ। ਉਹ ਬਾਲਕੇ ਉਹਦਾ ਬਹੁਤ ਸਵਾਗਤ ਕਰਦੇ। ਇਸੇ ਲੋਰ ਵਿਚ ਈ ਅੱਠ ਹਮਲੇ। ਅੱਠ ਵਾਰ ਧੂੜ ਪੁੱਟੀ ਪੰਜਾਬ ਦੀ, ਘਰ ਬਰਬਾਦ ਕੀਤੇ। ਫਸਲਾਂ ਉਜਾੜੀਆਂ ਬੰਦੇ ਮਾਰੇ। ਧਰਮ ਬਦਲਿਆ ਜੋ ਕੁਝ ਮਿਲਿਆ ਸੰਭਾਲਿਆ ਤੇ ਜਾਣ ਲੱਗਿਆਂ ਸਾਰਿਆਂ ਨੂੰ ਠੁੱਠ ਵਿਖਾ ਦਿੱਤਾ।

ਬਹੁਤ ਕੋਸ਼ਿਸ਼ ਕੀਤੀ ਅਹਿਮਦ ਸ਼ਾਹ ਅਬਦਾਲੀ ਨੇ ਕਿ ਕਿਸੇ ਤਰ੍ਹਾਂ ਕਿਸੇ ਸ਼ਰਤ ਤੇ ਬੁੱਢੇ ਦਲ ਦੇ ਜਥੇਦਾਰ ਸੁਲਾਹ ਤੇ ਰਾਜ਼ੀ ਹੋ ਜਾਣ। ਗੱਲ ਛੇੜੀ ਵੀ, ਪਰ ਖ਼ਾਲਸਾ ਕਿਸੇ ਗੱਲ ਤੇ ਰਾਜ਼ੀ ਨਾ ਹੋਇਆ।

ਗੱਲ ਛਿੜੀ, ਗੱਲ ਉੱਡੀ ਤੇ ਰਾਹੇ ਪੈ ਗਈ, ਤੂਫ਼ਾਨ ਉੱਠਿਆ, ਤੂਫ਼ਾਨ ਚੜ੍ਹਿਆ, ਤੂਫ਼ਾਨ ਲੰਘ ਗਿਆ। ਹਰ ਪਾਸੇ ਖ਼ਾਲਸਈ ਸਿਰਫ਼ ਘੱਟਾ ਈ ਉੱਡ ਰਿਹਾ ਸੀ। ਧੂੜ ਉੱਡਦੀ ਲੋਕਾਂ ਵੇਖੀ ਪਰ ਕਿਸੇ ਨੇ ਗੱਲ ਨਾ ਗੌਲੀ।

ਅਹਿਮਦ ਸ਼ਾਹ ਅਬਦਾਲੀ ਆਪਣੀ ਹੈਂਕੜ 'ਚ ਰਿਹਾ ਤੇ ਦਲ ਵਾਲੇ ਆਪਣੇ ਅੜਬਪੁਣੇ 'ਚ। ਤੇ ਨਾ ਈ ਕਿਸੇ ਨੇ ਗੱਲ ਫੇਰ ਛੇੜੀ ਨਾ ਸੋਚੀ ਤੇ ਨਾ ਵਿਚਾਰੀ।

ਸੁਲਾਹ ਕੌਣ ਕਰਦਾ ?

ਪਰ ਜਾਂਦਾ-ਜਾਂਦਾ ਇਕ ਦਾਣਾ ਸੁੱਟ ਗਿਆ ਸ਼ਾਹ।

ਬਾਬਾ ਆਲਾ ਸਿੰਘ ਨੂੰ ਸੌਂਦਿਆ ਤੇ ਸਰਹੰਦ ਦਾ ਪਟਾ ਉਹਦੀ ਝੋਲੀ 'ਚ ਪਾ ਦਿੱਤਾ
ਤੇ ਨਾਲ ਦਿੱਤਾ ਝੰਡਾ, ਧੌਂਸਾ, ਖ਼ਿਤਾਬ ਤੇ ਖ਼ਿਲਤ। ਆਪਣੇ ਸਾਰੇ ਨਿਸ਼ਾਨ ਬਾਬੇ ਨੂੰ ਦੇ
ਗਿਆ ਤੇ ਨਾਲੇ ਕੰਨ 'ਚ ਫੂਕ ਮਾਰ ਗਿਆ ਕਿ—ਬਾਬਾ ਸੰਭਾਲ ਸਰਹੰਦ, ਇਹ
ਤੇਰੇ ਤੋਂ ਬਗ਼ੈਰ ਹੋਰ ਕੋਈ ਨਹੀਂ ਸੰਭਾਲ ਸਕਦਾ। ਮੈਂ ਚੱਲਿਆ ਹਾਂ ਲਗਾਨ ਭੇਜੀ ਜਾਈਂ।
ਮੈਂ ਜਦ ਵੀ ਆਉਣਾ ਹੋਇਆ ਤੁਹਾਨੂੰ ਪਹਿਲਾਂ ਇਤਲਾਹ ਦੇਵਾਂਗਾ।

ਸ਼ਾਹ ਤੇ ਚਲਾ ਗਿਆ, ਪਰ ਇਹ ਮੋਇਆ ਸੱਪ ਬਾਬੇ ਦੇ ਗਲ 'ਚ ਪਾ ਗਿਆ।

ਆਲਾ ਸਿੰਘ ਦੇ ਪਟਿਆਲੇ ਵਿਚ ਰਿੱਛ ਨੱਚ ਖਲੋਤਾ। ਰਿੱਛ ਨੂੰ ਨੱਥ ਪਾਉਣੀ
ਬੜੀ ਮੁਸ਼ਕਲ ਸੀ। ਦਲ ਵਿਚ ਕੁਝ ਬੰਦੇ ਬਾਬੇ ਦੇ ਖ਼ਿਲਾਫ਼ ਗੱਲਾਂ ਕਰਦੇ ਸਨ। ਬਾਬਾ
ਵਿਕ ਗਿਆ ਏ। ਏਸ ਆਪਣਾ ਮੁੱਲ ਪਵਾ ਲਿਆ ਏ। ਅਬਦਾਲੀ ਬੜਾ ਖਚਰਾ
ਏ, ਉਸ ਇਹਨੂੰ ਉਂਗਲੀ ਲਾ ਕੇ ਨਾਲ ਤੋਰ ਲੈਣਾ ਏ। ਇਹ ਪੰਥ ਦੀ ਬਹੁਤ ਵੱਡੀ
ਬਦਨਾਮੀ ਏ। ਪੰਥ ਨੇ ਬਾਬੇ ਨੂੰ ਨਹੀਂ ਬਖਸ਼ਣਾ। ਕਿੰਨੇ ਕੁ ਦਿਨ ਇਹ ਗੱਲ ਪਰਦੇ
ਵਿਚ ਰਹੇਗੀ। ਆਖ਼ਰ ਇਕ ਦਿਨ ਪਰਦਾ ਫ਼ਾਸ਼ ਹੋਣਾ ਏ।

109

ਨੱਥ

ਰਿੱਛ ਮੱਛਰੇ ਤੇ ਨੱਥ ਕੌਣ ਪਾਏ ? ਇਹ ਇਕ ਸਮੱਸਿਆ ਹੋ ਗਈ ਸੀ ਪੱਟੀ ਆਲੇ
ਦੀ। ਲੋਕ ਗੱਲਾਂ ਕਰ ਰਹੇ ਸਨ। ਆਲਾ ਸਿੰਘ ਨੇ ਅਹਿਮਦ ਸ਼ਾਹ ਅਬਦਾਲੀ ਦੇ
ਰਹਿਮੋ-ਕਰਮ ਤੇ ਕੁਝ ਆਪਣੀ ਤਲਵਾਰ ਦੇ ਜ਼ੋਰ ਨਾਲ ਬਹੁਤ ਸਾਰੇ ਇਲਾਕੇ 'ਤੇ
ਜ਼ਬਰਦਸਤੀ ਕਬਜ਼ਾ ਕਰ ਲਿਆ ਸੀ। ਉਥੋਂ ਦੇ ਹਾਕਮ, ਚੌਧਰੀ, ਸਰਪੰਚ ਇਹ ਸਮਝ
ਗਏ ਸਨ ਕਿ ਸ਼ਾਹ ਜਾਂਦੀ ਵਾਰੀ ਸਾਰੇ ਹੱਕ ਬਾਬਾ ਆਲਾ ਸਿੰਘ ਨੂੰ ਦੇ ਗਿਐ। ਹੁਣ
ਸਾਨੂੰ ਬਾਬਾ ਆਲਾ ਸਿੰਘ ਦੀ ਈਨ ਮੰਨ ਕੇ ਈ ਜ਼ਿੰਦਗੀ ਗੁਜ਼ਾਰਨੀ ਪਏਗੀ। ਦੜ
ਵੱਟ ਜ਼ਮਾਨਾ ਕੱਟ, ਭਲੇ ਦਿਨ ਆਉਣਗੇ।

ਕਬਜ਼ੇ ਜਾਇਜ਼ ਸਨ ਉਹ ਵੀ ਕੀਤੇ ਤੇ ਧੱਕੇਸ਼ਾਹੀ ਨਾਲ ਵੀ। ਥਾਣੇ ਪੱਕੇ ਬਣਾਏ
ਜਾ ਰਹੇ ਸਨ, ਛਾਉਣੀਆਂ ਸਿਰ ਕੱਢ ਰਹੀਆਂ ਸਨ। ਹਰੀ ਸਿੰਘ ਭੰਗੀ ਸਾਰਿਆਂ ਦਾ
ਮੋਹਰੀ ਸੀ। ਵੈਸੇ ਅੰਦਰੋਂ ਬੁੱਢੇ ਦਲ ਵਾਲੇ ਵੀ ਬਹੁਤ ਦੁਖੀ ਸਨ ਕਿ ਗੁਰੂ ਦੀ ਮਿਹਰ
ਸਦਕਾ ਖ਼ਾਲਸੇ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਅੱਗੇ ਲਾ ਕੇ ਭਜਾਇਆ। ਕਿਸੇ ਨੇ
ਸਿਰ ਨਹੀਂ ਝੁਕਾਇਆ। ਉਹਦੀ ਪੰਥ ਵਿਚ ਕਦੀ ਹਾਨੀ ਨਹੀਂ ਹੋਈ, ਪਰ ਇਹ
ਬੇਈਮਾਨ ਜ਼ਬਾਨ ਦੇ ਬੜੇ ਕੱਚੇ ਹਨ। ਇਕ ਵਾਰ ਲਾਹੌਰ ਤੋਂ ਇਹ ਨਾਟਕ ਖੇਡਿਆ
ਗਿਆ। ਬੁੱਢੇ ਦਲ ਵਾਲਿਆਂ ਹਰ ਵੇਲੇ ਸਿਰ ਫੇਰ ਦਿੱਤਾ—ਸਾਨੂੰ ਤੁਹਾਡੀ ਨਵਾਬੀ ਨਹੀਂ
ਚਾਹੀਦੀ। ਪਰ ਜਦੋਂ ਵਿਚ ਸਿਆਣੇ ਪਏ ਤੇ ਉਨ੍ਹਾਂ ਸਮਝਾਇਆ ਸੱਥ ਵਿਚ ਬਹਿ
ਕੇ, ਅਸੀਂ ਉਨ੍ਹਾਂ ਕੋਲੋਂ ਮੰਗਣ ਥੋੜਾ ਗਏ ਹਾਂ। ਉਨ੍ਹਾਂ ਆਪੇ ਭੇਜੀ ਏ ਨਵਾਬੀ ਜੋ ਕੁਝ
ਮਿਲਦਾ ਏ ਲੈ ਲਵੋ, ਤੁਹਾਡੀ ਤਾਕਤ ਵਧ ਜਾਏਗੀ। ਘੋੜੇ, ਜੋੜੇ, ਤਲਵਾਰਾਂ ਹੋਰ ਬਣ

ਜਾਣਗੀਆਂ। ਬੂਰੇ ਵੀ ਚਾਹੀਦੇ ਹਨ। ਅੰਨ-ਪਾਣੀ ਦਾ ਖਰਚਾ ਜ਼ਮੀਨ ਤੋਂ ਪੂਰਾ ਹੋ ਜਾਏਗਾ। ਸੂਬੇਦਾਰੀ ਤੇ ਜਿੰਨੇ ਦਿਨ ਚੱਲੂ ਵੇਖੀ ਜਾਏਗੀ, ਪਰ ਜਿੰਨੇ ਦਿਨ ਨਵਾਬੀ ਦਾ ਜਲਵਾ ਲਿਆ ਜਾਂਦਾ ਏ ਜ਼ਰੂਰ ਲਵੋ। ਜਦੋਂ ਕੋਈ ਸਿਰ ਚੁੱਕੂ ਸਿਰ ਭੰਨ ਦਿਆਂਗੇ ਸਾਡੀ ਜੁੱਤੀ ਫੇਰ ਉੱਤੇ ਈ ਰਹੇਗੀ। ਨਵਾਬੀ ਲੈਣ ਨਾਲ ਸਾਡੇ ਕਿਹੜੇ ਕੰਨ ਕਾਲੇ ਹੋ ਚੱਲੇ ਨੇ? ਸਰਕਾਰ ਨੇ ਆਪ ਭੇਜੀ ਏ ਨਵਾਬੀ, ਪਰ ਓਦੋਂ ਕਿਸੇ ਨੇ ਕਬੂਲ ਨਹੀਂ ਸੀ ਕੀਤੀ। ਜਦੋਂ ਬੁੱਢੇ ਦਲ ਵਾਲੇ ਭੁੱਖੇ ਸਨ ਲੰਗਰ ਦਾ ਕੋਈ ਟਿਕਾਣਾ ਨਹੀਂ ਸੀ। ਹੁਣ ਤੇ ਜਦੋਂ ਗੁਰੂ ਦੀਆ ਮਿਹਰਾਂ ਹਨ ਗੁਰਾਂ ਨੇ ਸਭ ਕੁਝ ਬਖ਼ਸ਼ਿਆ ਹੋਇਆ ਏ। ਹੁਣ ਕਿਉਂ ਕਬੂਲ ਕਰੀਏ। ਹੁਣ ਸਾਡੇ ਕੋਲ ਤਾਕਤ ਏ ਸੂਝ-ਬੂਝ ਏ। ਘੋੜੇ ਇਕ ਤੋਂ ਇਕ ਵਧੀਆ ਹਨ ਤੋਪਾਂ ਵੀ ਹਨ, ਬੰਦੂਕਾਂ ਦੇ ਢੇਰ ਹਨ। ਸ਼ਾਹੀ ਖ਼ਿਲਤ ਬਾਬੇ ਨੇ ਝੋਲੀ 'ਚ ਪੁਆ ਕੇ ਬੁੱਢੇ ਦਲ ਦੇ ਮੋਢੇ ਲੁਆ ਦਿੱਤੇ ਸਨ। ਆਖਣ ਵਾਲਾ ਭੰਗੀ ਸੀ।

—ਨਹੀਂ ਸਰਦਾਰ ਜੀ, ਬਾਬੇ ਆਲੇ ਸਿੰਘ ਨੇ ਅਕਲਮੰਦੀ ਤੋਂ ਕੰਮ ਲਿਐ। ਜੇ ਬਾਬਾ ਅਹਿਮਦ ਸ਼ਾਹ ਅਬਦਾਲੀ ਦੇ ਸਾਹਮਣੇ ਨਾਂਹ-ਨੁੱਕਰ ਕਰਦਾ ਤੇ ਫੇਰ ਬਾਬਾ ਜੀਊਂਦਾ ਅਹਿਮਦ ਸ਼ਾਹ ਅਬਦਾਲੀ ਦੇ ਕੈਂਪ 'ਚੋਂ ਨਹੀਂ ਸੀ ਆ ਸਕਦਾ। ਉਹਦਾ ਕੀ ਸੀ ਉਹ ਬਾਬੇ ਨੂੰ ਉਥੇ ਈ ਝਟਕਾ ਸੁੱਟਦਾ ਤੇ ਦੂਜਾ ਸੂਬੇਦਾਰ ਬਣ ਜਾਂਦਾ। ਖ਼ਾਲਸਾ ਤੇ ਫੇਰ ਤਲਵਾਰ ਦੇ ਜ਼ੋਰ ਨਾਲ ਇਲਾਕਾ ਲੈ ਲੈਂਦਾ ਵਕਤ ਇਹੋ ਚਾਹੁੰਦਾ ਸੀ ਕਿ ਜੋ ਮਿਲੇ ਲੈ ਲਵੋ। ਵਰਤਣਾ ਨਾ ਵਰਤਣਾ ਇਹ ਤੁਹਾਡੀ ਮਰਜ਼ੀ ਏ। ਅਹਿਮਦ ਸ਼ਾਹ ਅਬਦਾਲੀ 'ਤੇ ਜਾ ਰਿਹਾ ਏ। ਇਕ ਸਾਲ ਤੋਂ ਪਹਿਲਾਂ ਉਹ ਆਉਣ ਨਹੀਂ ਲੱਗਾ। ਇੰਨੇ ਚਿਰ 'ਚ ਆਪਣੀਆਂ ਛਾਉਣੀਆਂ ਤੇ ਥਾਣੇ ਪੱਕੇ ਕਰ ਲਵੋ ਤੇ ਰਾਖੀ ਥੱਲੇ ਜਿੰਨਾ ਇਲਾਕਾ ਮਿਲਦਾ ਏ ਲੈ ਲਵੋ। ਇਹੋ ਹੀ ਅਕਲਮੰਦੀ ਏ। ਇਕ ਸਰਦਾਰ ਨੇ ਆਖਿਆ।

—ਨਹੀ ਨਹੀ ਇਹ ਬੁਜ਼ਦਿਲੀ ਏ, ਸਿਰ ਝੁਕਾਉਣਾ ਏ, ਈਨ ਮੰਨਣੀ ਏ। ਇਹ ਬੁੱਢੇ ਦਲ ਦੀ ਪੱਗ ਨੂੰ ਦਾਗ਼ ਏ। ਸਾਨੂੰ ਰਾਜ ਭਾਗ ਗੁਰਾਂ ਨੇ ਬਖ਼ਸ਼ਿਆ ਏ। ਅਸੀ ਭੀਖ ਕਿਉਂ ਮੰਗੀਏ? ਅਸੀਂ ਜੁੱਤੀ ਦੇ ਜ਼ੋਰ ਨਾਲ ਲਵਾਂਗੇ। ਹਰੀ ਸਿੰਘ ਭੰਗੀ ਨੇ ਗੱਲ ਚੁੱਕ ਦਿੱਤੀ।

—ਫੇਰ ਕੀ ਸੀ ਹੁਣ ਝੰਡਾ, ਧੌਂਸਾ, ਖ਼ਿਲਤ ਤੇ ਸਰਕਾਰੀ ਪਟਾ ਦੇ ਕੇ ਚਲਾ ਗਿਆ ਏ। ਹੁਣ ਜਾਂ ਇਨ੍ਹਾਂ ਨੂੰ ਆਲੇ 'ਚ ਰੱਖ ਦਿਓ ਜਾਂ ਚੁੱਲ੍ਹੇ 'ਚ ਫੂਕ ਦਿਓ। ਜਿੱਦਾਂ ਤੁਹਾਡੀ ਮਰਜ਼ੀ, ਪਰ ਇਹ ਗੱਲ ਹੁਣ ਮੂੰਹ 'ਚ ਨਹੀ ਪੈਣੀ। ਉੱਤੋਂ ਵਾਲੀ ਦੀ ਗੱਲ ਭਾਵੇਂ ਨਾ ਮੰਨੀ ਜਾਏ, ਪਰ ਅੰਦਰਖਾਤੇ ਸਾਨੂੰ ਉਹਦਾ ਫ਼ਾਇਦਾ ਉਠਾਉਣਾ ਚਾਹੀਦਾ ਏ। ਹੁਕਮ ਚਾਰ ਪਲਾਂ ਦਾ ਏ। ਤੁਸੀਂ ਹਲ ਵਾਹੋ, ਫਸਲ ਬੀਜੋ, ਖਾਓ ਤੇ ਮੌਜਾਂ ਕਰੋ। ਕਬਜ਼ਾ ਤੇ ਪੱਕਾ ਈ ਹੋ ਗਿਐ। ਜਦ ਅਬਦਾਲੀ ਆਏਗਾ ਤੇ ਫੇਰ ਅੱਖਾਂ ਫੇਰ ਲੈਣੀਆਂ। ਹੁਣ ਸਾਨੂੰ ਸ਼ਾਂਤੀ 'ਚ ਰਹਿਣਾ ਚਾਹੀਦੈ। ਇਹ ਗੱਲ ਵੀ ਇਕ ਹੰਢੇ ਵਰਤੇ ਨਿਹੰਗ ਨੇ ਆਖੀ।

ਪਰ ਟਿੰਡ ਵਿਚ ਕਾਨਾ ਪਾ ਦਿੱਤਾ ਹਰੀ ਸਿੰਘ ਭੰਗੀ ਨੇ।

—ਬੁੱਢੇ ਦਲ ਨੂੰ ਇਹ ਗੱਲ ਬਿਲਕੁਲ ਮਨਜ਼ੂਰ ਨਹੀ ਸੀ ਕਿ ਸਾਡੀ ਪੱਗ ਗਲੀਆਂ 'ਚ ਰੁਲੇ, ਬਾਬਾ ਆਲਾ ਸਿੰਘ ਨੂੰ ਪਹਿਲਾਂ ਇਜਾਜ਼ਤ ਲੈ ਲੈਣੀ ਚਾਹੀਦੀ ਸੀ।

ਵਿਚ ਆਣ ਖਲੋਤੀ ਮਾਈ ਫੱਤੋ। ਆਖਣ ਲੱਗੀ—ਸੁਣੋ ਮੇਰੇ ਬੱਚਿਓ, ਮੈਂ ਤੁਹਾਡੇ ਵਿਚ ਬੋਲਦੀ ਚੰਗੀ ਨਹੀਂ ਲੱਗਦੀ, ਪਰ ਮੈਨੂੰ ਮਜਬੂਰਨ ਬੋਲਣਾ ਪੈਂਦਾ ਏ। ਜੇ ਇਕ ਪੁੱਤ ਗ਼ਲਤੀ ਕਰੇ ਤਾਂ ਤੁਸੀਂ ਉਸਨੂੰ ਘਰੋਂ ਕੱਢ ਦਿਓਗੇ ਜਾਂ ਦੇਸ਼ ਨਿਕਾਲਾ ਦੇ

ਦਿਓਗੇ। ਆਪਣਾ ਪੁੱਤ ਏ ਸਮਝਾਓ ਸਮਝ ਜਾਏਗਾ। ਕੀ ਹੋਇਆ ਸਾਰਾ ਸਾਲ ਸਮਾਨ ਲੈ ਕੇ ਜਾਏ ਅਫ਼ਗਾਨਿਸਤਾਨ ਤੇ ਆਖੇ ਮੈਨੂੰ ਤੇਰੀ ਸਰਦਾਰੀ ਨਹੀਂ ਚਾਹੀਦੀ। ਇਹ ਗੱਲ ਤੇ ਹੋਣੀ ਨਹੀਂ। ਜਦੋਂ ਸ਼ਾਹ ਫੇਰ ਆਏਗਾ ਤੇ ਫੇਰ ਗੱਲ ਕਰ ਲਵਾਂਗੇ। ਤੁਸੀ ਏਸੇ ਦਬਦਬੇ ਵਿਚ ਜਿੰਨੀ ਮੱਲ ਮਾਰ ਸਕਦੇ ਹੋ, ਮਾਰ ਲਵੋ, ਹੁਣ ਵੇਲਾ ਜੇ। ਫੇਰ ਜਦ ਘੱਗਰੀ ਭੜਕਾਉਂਦੀ ਮੁਗ਼ਲਾਨੀ ਬੇਗ਼ਮ ਆ ਗਈ ਤੇ ਸਾਰਾ ਰਾਹ ਬੰਦ ਕਰ ਦੇਵੇਗੀ। ਗੱਲ ਨੂੰ ਨਸ਼ਰ ਨਾ ਕਰੋ। ਛੱਜ 'ਚ ਪਾ ਕੇ ਨਾ ਛੱਟੋ। ਪਹਿਲਾਂ ਆਪਣੇ ਰਾਜ ਦੀਆਂ ਹੱਦਾਂ ਪੱਕੀਆਂ ਕਰ ਲਵੋ। ਫੇਰ ਲੜ ਲੈਣਾ, ਭਰਾ-ਭਰਾ ਲੜਦੇ ਈ ਆਏ ਪਰ ਸਿਆਣੇ ਆਖਦੇ ਨੇ ਲੜੀਏ, ਪਰ ਚੌਕਾ ਨਾ ਛੱਡੀਏ।

ਮੈਂ ਚੌਕੇ ਦੀ ਮਾਲਕਨ ਹਾਂ। ਮੈਨੂੰ ਸਾਰਿਆਂ ਨੂੰ ਇਕ ਅੱਖ ਨਾਲ ਵੇਖਣਾ ਚਾਹੀਦੈ। ਖੇਹ ਪਾਵੋ ਜੋ ਹੋਣਾ ਸੀ ਉਹ ਹੋ ਗਿਆ। ਮੈਂ ਬੁੱਢੇ ਦਲ ਦੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਤੋਂ ਮਾਫ਼ੀ ਮੰਗ ਲਵਾਂਗੀ, ਮੇਰੇ ਕਿਹੜੇ ਕਾਲੇ ਹੋ ਚੱਲੇ ਨੇ ? ਮਾਈ ਫੱਤੋ ਨੇ ਜ਼ਰਾ ਕੁ ਸਾਹ ਲਿਆ।

ਪਰ ਹਰੀ ਸਿੰਘ ਭੰਗੀ ਆਪਣਾ ਰਿੱਛ ਨਚਾਈ ਜਾ ਰਿਹਾ ਸੀ। ਬਹੁਤ ਗਰਮਾ-ਗਰਮੀ ਸੀ ਦਲ ਵਿਚ।—ਇਹ ਗੱਦਾਰ, ਇਹ ਲਾਈਲੱਗ, ਇਹ ਦੁਸ਼ਮਨ ਦੇ ਜੋੜੀਦਾਰ। ਇਨ੍ਹਾਂ ਦੇ ਹੁਣੇ ਈ ਕੰਨ ਖਿੱਚ ਲਵੋ।

—ਤੇ ਫੇਰ ਕੀ ਕੀਤਾ ਜਾਏ ?

—ਬਸ ਝਟਕਾ ਸੁੱਟੋ, ਇਹ ਨਾਸੂਰ ਇਕ ਦਿਨ ਵਧਦਾ-ਵਧਦਾ ਜਾਨਲੇਵਾ ਹੋ ਜਾਏਗਾ।

—ਉਂਗਲੀ ਨੂੰ ਕੋਹੜ ਲੱਗ ਗਿਆ ਏ ਤੇ ਉਹ ਉਂਗਲੀ ਕੱਟ ਦਿਓ ਵਰਨਾ ਸਾਰੀ ਬਾਂਹ ਕੱਟਣੀ ਪਵੇਗੀ। ਹਰੀ ਸਿੰਘ ਭੰਗੀ ਨੇ ਇਕ ਤੂਫ਼ਾਨ ਖੜ੍ਹਾ ਕਰ ਦਿੱਤਾ। ਦਲ ਦੋ ਧੜਿਆਂ 'ਚ ਵੰਡਿਆ ਗਿਆ। ਦੋਵਾਂ ਪਾਸਿਆਂ ਤੋਂ ਖ਼ੂਬ ਗੋਲੀ ਚੱਲੀ ਤੇ ਤਲਵਾਰਾਂ ਵੀ ਨੱਚੀਆਂ ਘੁੰਡ ਲਾਹ ਕੇ। ਏਸੇ ਤਮਾਸ਼ੇ ਵਿਚ ਇਕ ਗੋਲੀ ਆਣ ਲੱਗੀ ਹਰੀ ਸਿੰਘ ਭੰਗੀ ਨੂੰ।

ਢੇਰੀ ਹੋ ਗਿਆ। ਮਿਆਨਾਂ ਵਿਚੋਂ ਤਲਵਾਰਾਂ ਨਿਕਲ ਆਈਆਂ। ਦੋ ਪਾਸਿਓਂ ਜੈਕਾਰੇ ਗੂੰਜ ਰਹੇ ਸਨ। ਜੱਸਾ ਸਿੰਘ ਆਹਲੂਵਾਲੀਆ ਵਿਚ ਆਣ ਖਲੋਤਾ।

—ਬੰਦ ਕਰੋ ਬੰਦੂਕਾਂ ਤੇ ਮਿਆਨਾਂ ਵਿਚ ਪਾ ਲਵੋ ਤਲਵਾਰਾਂ। ਭਰਾ-ਭਰਾ ਲੜਦੇ ਸੋਹਣੇ ਨਹੀਂ ਲਗਦੇ।

—ਇਨ੍ਹਾਂ ਸਾਡਾ ਸਰਦਾਰ ਮਾਰ ਦਿੱਤਾ ਏ।

—ਗੋਲੀ ਚੱਲੀ ਸੀ ਕਿਤੇ ਤੇ ਲੱਗਣੀ ਸੀ। ਬਹੁਤ ਅਫ਼ਸੋਸ ਏ, ਮਾਫ਼ ਕਰ ਦਿਓ ਗੋਲੀ ਚਲਾਉਣ ਵਾਲੇ ਨੂੰ। ਮਰਨ ਵਾਲਾ ਮਰ ਗਿਆ ਫੂਕ ਆਵਾਂਗੇ।

—ਮਰ ਗਿਆ ਮਾਂ ਦਾ ਪੁੱਤ। ਮੇਰੀ ਗੱਲ ਨਾ-ਨਾ ਮੰਨੀ। ਆਖ਼ਰਕਾਰ ਕੀ ਨਿਕਲਿਆ। ਗੁੱਸਾ ਬੜਾ ਚੰਡਾਲ ਹੁੰਦਾ ਏ। ਇਹ ਬੋਲ ਮਾਈ ਫੱਤੋ ਦੇ ਸਨ।

—ਤਨਖ਼ਾਹ ਲਾਵੋ ਦੁਬਾਰਾ ਅੰਮ੍ਰਿਤ ਛਕੇ। ਇਕ ਹਫ਼ਤਾ ਸੰਗਤ ਦੇ ਜੋੜੇ ਸਾਫ਼ ਕਰੇ ਤੇ ਲੰਗਰ 'ਚ ਹਫ਼ਤਾ ਭਾਂਡੇ ਵੀ ਮਾਂਜੇ। ਹੁਕਮ ਸੀ 'ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦਾ।

ਸਿਰ ਝੁਕਾਅ ਕੇ ਮੰਨਿਆ ਹੁਕਮ ਜਥੇਦਾਰ ਦਾ। ਆਹਮੋ-ਸਾਹਮਣੇ ਖੜ੍ਹੇ ਸਾਰਿਆਂ ਨੇ ਜੱਫੀਆਂ ਪਾ ਲਈਆਂ।

ਮਾਈ ਫੱਤੋ ਫੇਰ ਪ੍ਰਸੰਨ ਹੋਈ। ਖ਼ੁਸ਼ੀ 'ਚ ਲਾਲੀਆਂ ਚੜ੍ਹ ਆਈਆਂ।

ਪਟਿਆਲੇ ਦੀ ਪੱਤ ਰਹਿ ਗਈ। ਨੱਥ ਪੈ ਗਈ ਮੱਛਰੇ ਰਿੱਛ ਨੂੰ। ਮੱਛਰਿਆ ਵਹਿੜਕਾ ਤੇ ਅੱਥਰਾ ਵਛੇਰਾ ਘੱਟ ਈ ਕਾਬੂ ਆਉਂਦੇ ਹਨ।

109

ਦਾਨਾ ਸੁੱਟ ਕੇ ਵੇਖਿਆ

ਮਾਈ ਫੱਤੋ ਦਾ ਅਸਲੀ ਨਾਂ ਫ਼ਤਿਹ ਕੌਰ ਸੀ ਤੇ ਪ੍ਰਸਿੱਧ ਸੀ ਮਾਈ ਫੱਤੋ ਦੇ ਨਾਂ ਨਾਲ। ਮੁਸ਼ਕਲ ਨਾਲ ਤਲਵਾਰਾਂ ਮਿਆਨ ਵਿਚ ਪਈਆਂ। ਜੱਸਾ ਸਿੰਘ ਆਹਲੂਵਾਲੀਏ ਨੇ ਐਲਾਨ ਕੀਤਾ,

—ਕੌਣ ਬੰਦਾ ਏ, ਗੋਲੀ ਕਿਸ ਚਲਾਈ ਏ?

—ਭੀੜ ਵਿਚ ਗੋਲੀ ਚੱਲੀ ਪਰ ਸਾਰਿਆਂ ਨੇ ਪਰਦਾ ਪਾ ਦਿੱਤਾ ਤੇ ਆਖਣ ਲੱਗੇ ਜਥੇਦਾਰ ਜੀ ਗੋਲੀ ਤੇ ਚੱਲੀ ਵੇਖੀ ਕਿਸੇ ਨੇ ਨਹੀਂ ਸਿਰਫ਼ ਆਵਾਜ਼ ਈ ਸੁਣੀ ਏ। ਮੂਰਖ ਸੀ ਬੰਦਾ, ਸ਼ੇਖ਼ੀ 'ਚ ਆਏ ਨੇ ਗੋਲੀ ਚਲਾ ਦਿੱਤੀ। ਸਾਰੇ ਮਾਮਲੇ ਤੇ ਮਿੱਟੀ ਪਾ ਦਿੱਤੀ। ਉਤੋਂ ਆਖਿਆ ਜੋ ਆਵੇ ਸੋ ਕਰ ਲਵੇ। ਚੱਲ ਗਈ ਗੋਲੀ, ਮਰ ਗਿਆ ਇਕ ਅਣਖੀਲਾ ਜਵਾਨ, ਜਥੇ ਦੀ ਇਕ ਬਾਂਹ ਟੁੱਟ ਗਈ, ਪਰ ਜਦੋਂ ਸਾਰੇ ਈ ਪਰਦਾ ਪਾਉਣ ਤੇ ਤੁਲੇ ਹੋਏ ਸਨ, ਫੇਰ ਗੋਲੀ ਚਲਾਉਣ ਵਾਲਾ ਕਿੱਥੋਂ ਲੱਭਦਾ?

—ਇਹ ਵਾਹਿਗੁਰੂ ਨੂੰ ਮਨਜ਼ੂਰ ਸੀ ਤਾਂਹੀਓਂ ਇਹ ਭਾਣਾ ਵਰਤਿਆ।

—ਜਾਓ ਬਖ਼ਸ਼ਿਆ ਮੁੜ ਕੇ ਗ਼ਲਤੀ ਨਾ ਕਰਨੀ। ਤੁਸੀਂ ਜਾਣਦੇ ਹੋ ਨਾ ਇਹਦੀ ਸਜ਼ਾ ਸਿਰਫ਼ ਮੌਤ ਏ। ਕੋਈ ਦਾਦ ਫ਼ਰਿਆਦ ਨਹੀਂ।

—ਜੇ ਗੋਲੀਆਂ ਈ ਚੱਲਣ ਲੱਗ ਪਈਆਂ ਜਥੇ ਵਿਚ ਤੇ ਫੇਰ ਅਹਿਮਦ ਸ਼ਾਹ ਅਬਦਾਲੀ ਨਾਲ ਮੁਕਾਬਲਾ ਕੌਣ ਕਰੂ?

—ਇਕ ਮੁੱਠ ਸਾਂ ਤੇ ਅਹਿਮਦ ਸ਼ਾਹ ਅਬਦਾਲੀ ਦੀਆਂ ਨਾਸਾਂ ਬੰਦ ਕਰ ਦਿੱਤੀਆਂ। ਦੋਫਾੜ ਹੋਇਆਂ ਨਾ ਅਸੀਂ ਅਬਦਾਲੀ ਨੂੰ ਰੋਕ ਸਕਾਂਗੇ ਤੇ ਨਾ ਈ ਕਦੀ ਰਾਜ ਕਰ ਸਕਾਂਗੇ।

—ਮਾਫ਼ ਕਰ ਦਿਓ ਇਕ ਵਾਰ ਗੁਨਾਹਗਾਰ ਨੂੰ, ਆਖ਼ਰ ਤੇ ਉਹ ਤੁਹਾਡਾ ਭਰਾ ਈ ਹੋਣਾ ਏ ਨਾ। ਭਰਾ ਨੇ ਭਰਾ ਨੂੰ ਮਾਰ ਦਿੱਤਾ। ਅਰਥੀ ਵੀ ਉਹੋ ਈ ਚੁੱਕੂ।

ਗੱਲ ਖ਼ਤਮ ਹੋ ਗਈ। ਜੱਸਾ ਸਿੰਘ ਆਹਲੂਵਾਲੀਆ ਨੂੰ ਚਾਨਣ ਹੋ ਗਿਆ ਕਿ ਦਲ ਵਾਲੇ ਹੁਣ ਬਲਵਾਨ ਹੋ ਗਏ ਹਨ।

ਮਾਈ ਫੱਤੋ ਨੇ ਸ਼ੁਕਰ ਕੀਤਾ ਵਾਹਿਗੁਰੂ ਦਾ। ਹੁਣ ਦਲ ਨੂੰ ਕਿਸੇ ਆਹਰੇ ਲਾਉਣਾ ਸੀ, ਵਿਹਲੇ ਲੜਨਗੇ। ਰੁਹੇਲੇ ਵੀ ਆਪਣੇ ਆਪ ਨੂੰ ਸਿਕੰਦਰ ਸਮਝਦੇ ਸਨ।

ਉਹਨਾਂ ਦਿੱਲੀ ਤੇ ਰਾਜ ਕੀਤਾ ਸੀ, ਪਰ ਉਹਨਾਂ ਸ਼ਿੱਖਾਂ ਦੇ ਅਜੇ ਹੱਥ ਨਹੀਂ ਸਨ ਵੇਖੇ, ਸਿਰਫ਼ ਸੁਣੇ ਈ ਸਨ।

ਨਜ਼ੀਬੁਲਦੌਲਾ ਬਹੁਤ ਮੂੰਹਜ਼ੋਰ ਹੋ ਗਿਆ ਸੀ। ਓਸ ਜਦ ਵੀ ਸੱਦਿਆ ਅਹਿਮਦ ਸ਼ਾਹ ਅਬਦਾਲੀ ਨੂੰ, ਉਹ ਨੰਗੀ ਪੈਰੀ ਨੱਸਿਆ ਆਇਆ।

ਦਿੱਲੀ ਵਾਲੇ ਡਰਦੇ ਕਿਲ੍ਹੇ ਅੰਦਰ ਜਾ ਲੁਕੇ। ਏਸ ਵੇਲੇ ਸਿਰਫ਼ ਸਿੰਘ ਹੀ ਬੁੱਕ ਰਹੇ ਸਨ ਜਾਂ ਰੁਹੇਲੇ ਵਿਚਾਰੇ ਮੁਗ਼ਲ ਭੱਗਲ ਹੋਏ ਬਟੇਰੇ ਵਾਂਗੂੰ ਨੱਸ ਗਏ ਸਨ।

ਨਜ਼ੀਬੁਲਦੌਲਾ ਕੋਲ ਤੋਪਾਂ ਸਨ ਤੇ ਸਿੰਘਾਂ ਨੇ ਅਜੇ ਤੋਪਾਂ ਦੇ ਦਰਸ਼ਨ ਵੀ ਨਹੀਂ ਸਨ ਕੀਤੇ। ਸਿੰਘ ਪਹਿਲਾਂ ਏਸ ਜੂਠ ਨੂੰ ਗਲੋਂ ਲਾਹੁਣਾ ਚਾਹੁੰਦੇ ਸਨ ਜਿਹੜਾ ਹਰ ਸਾਲ ਜੁੱਤੀ ਪਾਈ ਤੇ ਚੜ੍ਹ ਆਇਆ। ਜੇ ਇਹਦਾ ਮੂੰਹ ਭੱਜਾ ਤੇ ਸਾਰਾ ਹਿੰਦੁਸਤਾਨ ਸੁਖੀ ਹੋ ਜਾਏਗਾ।

ਨਜ਼ੀਬੁਲਦੌਲਾ ਦਿੱਲੀ ਦਾ ਬਾਦਸ਼ਾਹ ਬਣਨਾ ਚਾਹੁੰਦਾ ਸੀ ਪਰ, ਉਹ ਬਾਦਸ਼ਾਹ ਨਹੀਂ ਸੀ ਬਣ ਸਕਿਆ। ਕਿਸੇ ਸ਼ਹਿਜ਼ਾਦੇ ਨੂੰ ਉਸ਼ਕਲ ਦਿੱਤੀ ਤੇ ਦਿੱਲੀ ਦੇ ਤਖ਼ਤ ਤੇ ਬਿਠਾ ਦਿੱਤਾ। ਹਕੂਮਤ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ ਲਈ। ਖ਼ੂਬ ਮੌਜਾਂ ਮਾਣੀਆਂ ਨਜ਼ੀਬੁਲਦੌਲਾ ਨੇ।

ਅਹਿਮਦ ਸ਼ਾਹ ਅਬਦਾਲੀ ਦਾ ਆਉਣਾ ਸੁਣਿਆ ਅੱਧੀ ਫਸਲ ਲੁੱਟੀ ਗਈ ਤੇ ਹਜ਼ਾਰਾਂ ਬੰਦੇ ਮਰ ਗਏ। ਘਰ-ਘਰ ਰੰਡੀਆਂ ਬੈਠ ਗਈਆਂ ਸੁਹਾਗਣਾਂ। ਅਹਿਮਦ ਸ਼ਾਹ ਅਬਦਾਲੀ ਆਏ ਤੇ ਪੰਜਾਬ ਦੇ ਘਰ-ਘਰ 'ਚ ਫੂਹੜੀਆਂ ਵਿਛ ਜਾਂਦੀਆਂ। ਲੜੇ ਤੇ ਪੰਜਾਬ ਮਰੇ, ਤੇ ਪੰਜਾਬ, ਗੁੱਲਛਰੇ ਉਡਾਉਣ ਸੱਦਣ ਵਾਲੇ। ਯਾਰੋ ਦੁਸ਼ਮਨ ਨੂੰ ਨਵਾਰੀ ਪਲੰਘ ਤੇ ਘਰ ਵਾਲਿਆਂ ਨੂੰ ਟੁੱਟੀ ਮੰਜੀ ਤੇ ਤੇਲ ਦੇ ਚੂਰਮੇ! ਕਦ ਅਕਲ ਆਏਗੀ? ਇਹ ਸਵਾਰਥੀ ਇਹ ਦੇਸ਼ ਦੇ ਦੁਸ਼ਮਨ। ਇਹਨਾਂ ਨੂੰ ਰੱਬ ਕਦ ਚੁੱਕੇਗਾ?

ਨਜ਼ੀਬੁਲਦੌਲਾ ਸਾਰਿਆਂ ਨੂੰ ਸਬਜ਼ ਬਾਗ਼ ਵਿਖਾ ਰਿਹਾ ਸੀ। ਬਾਦਸ਼ਾਹ ਕੋਈ ਵੀ ਬਣੇ, ਪਰ ਹਕੂਮਤ ਦੀ ਵਾਗਡੋਰ ਤੇ ਸਾਡੇ ਹੱਥ ਵਿਚ ਹੋਣੀ ਚਾਹੀਦੀ ਏ।

ਦਾਣਾ ਸੁੱਟ ਕੇ ਵੇਖਿਆ ਸੀ ਨਜ਼ੀਬੁਲਦੌਲਾ ਨੇ ਬੁੱਢੇ ਦਲ ਦੇ ਵਿਹੜੇ ਵਿਚ, ਪਰ ਹਰੀ ਸਿੰਘ ਭੰਗੀ ਨੇ ਕੁੱਕੜ ਛੱਡ ਦਿੱਤਾ ਸਾਰਾ ਦਾਣਾ ਹੀ ਚੁਗ ਗਏ। ਹਰੀ ਸਿੰਘ ਭੰਗੀ ਨੂੰ ਮਿੱਠੇ ਚੌਲਾਂ ਦਾ ਪਲਾਅ ਖਵਾਓ। ਇਹ ਗੱਲ ਉਹਦੇ ਖਾਨੇ 'ਚ ਪਾ ਦਿੱਤੀ ਕਿ ਤੂੰ ਜੱਸਾ ਸਿੰਘ ਤੋਂ ਵੀ ਬਹਾਦਰ ਏਂ। ਤੁਸੀਂ ਐਵੇਂ ਜੱਸਾ ਸਿੰਘ ਆਹਲੂਵਾਲੀਏ ਦਾ ਨਾਂ ਅਸਮਾਨ ਤੇ ਚੜ੍ਹਾਈ ਜਾ ਰਹੇ ਹੋ। ਉਹ ਕਿਹੜਾ ਹਲ ਵਾਹੁੰਦਾ ਏ। ਲੜਦੇ ਹੋ ਤੇ ਤੁਸੀਂ, ਮਰਦੇ ਹੋ ਤੇ ਤੁਸੀਂ, ਪਰ ਜੈਕਾਰੇ ਉਹਦੇ ਨਾਂ ਦੇ ਛੱਡਦਾ ਏ ਦਲ।

ਗੱਲ ਸਿੱਧੀ ਨੂੰ ਵਲ ਪਾ ਕੇ ਸਮਝਾ ਰਿਹਾ ਸੀ ਨਜ਼ੀਬੁਲਦੌਲਾ ਆਪਣੇ ਸਾਥੀ ਨੂੰ। ਹਰੀ ਸਿੰਹਾਂ, ਤੂੰ ਦਲ ਤੇ ਕਬਜ਼ਾ ਜਮਾ ਲੈ ਤੇ ਮੈਂ ਦਿੱਲੀ ਦੇ ਤਖ਼ਤ ਤੇ ਕਾਬੂ ਪਾ ਲੈਂਦਾ ਹਾਂ ਤੇ ਫੇਰ ਸਾਰਾ ਹਿੰਦੁਸਤਾਨ ਸਾਡੀ ਮੁੱਠ ਵਿਚ ਹੋਵੇਗਾ। ਅੱਧਾ-ਅੱਧਾ ਵੰਡ ਲਵਾਂਗੇ।

ਇਹ ਗੱਲ ਮਾਈ ਫੱਤੋ ਨੇ ਸੁਣੀ ਤੇ ਹਰੀ ਸਿੰਘ ਨੂੰ ਸਮਝਾਉਣ ਲੱਗੀ।—ਕਾਕਾ! ਇਹ ਚਾਲਬਾਜ਼ ਹਨ। ਧੋਖੇਬਾਜ਼, ਫ਼ਰੇਬੀ, ਇਹ ਮੱਕਾਰ ਹਨ। ਭਰਾ-ਭਰਾਵਾਂ ਤੋਂ ਨਾਬਰ ਹੋ ਕੇ ਆਪਣੀ ਚੜ੍ਹਤ ਦੀਆਂ ਧੁੰਮਾਂ ਨਹੀਂ ਪਾ ਸਕਦਾ। ਜੱਸਾ ਸਿੰਘ ਆਹਲੂਵਾਲੀਏ ਦੇ ਬਲਬੂਤੇ ਤੇ ਹੀ ਤੁਹਾਡੀਆਂ ਸਰਦਾਰੀਆਂ ਬਣੀਆਂ ਹਨ। ਝਗੜੇ ਦਾ ਰਿੱਛ ਨੱਚੇ ਆਪਣੇ ਵਿਹੜੇ ਵਿਚ, ਚੰਗਾ ਨਹੀਂ ਲਗਦਾ।

ਲੋਕ ਆਖਦੇ ਹਨ ਕਿ ਪਟਿਆਲੇ ਦੇ ਰਾਜੇ ਨੇ ਅਹਿਮਦ ਸ਼ਾਹ ਅਬਦਾਲੀ ਨਾਲ

ਸੰਧੀ ਕਰ ਲਈ। ਕੀ ਕਰਦਾ ਸੰਗਲਾਂ 'ਚ ਜਕੜਿਆ ਹੋਇਆ ਸੀ ਸੋ ਹਾਂ ਕਰ ਦਿੱਤੀ ਸ਼ਾਹ ਵੀ ਖ਼ੁਸ਼ ਤੇ ਬਾਬਾ ਵੀ ਪੁੱਠੀਆਂ ਛਾਲਾਂ ਮਾਰਦਾ ਘਰ ਆ ਗਿਆ।

—ਉਹਦਾ ਝੰਡਾ ਕਬੂਲ ਪੈਸਾ ਕਬੂਲ, ਉਹਦੀ ਖਿੱਲਤ ਵੀ ਸਵੀਕਾਰ ਕਰ ਲਈ। ਮੂਰਖੇ ਬਾਬੇ ਨੇ ਤੇ ਕਮਾਲ ਈ ਕਰ ਦਿੱਤਾ। ਸਭ ਕੁਝ ਲੈ ਆਇਆ ਜੀਅ ਕਰੂ ਤੇ ਮੋੜ ਦੇਵਾਂਗੇ ਨਹੀਂ ਤੇ ਘਰ ਤੇ ਆ ਈ ਗਿਆ ਏ ਨਾ।

—ਆਓ ਸੁਣੋ, ਝੰਡਾ ਅਹਿਮਦ ਸ਼ਾਹ ਅਬਦਾਲੀ ਦਾ ਤੇ ਮਗਰ ਬੁੱਢੇ ਦਲ ਦੇ ਗੱਭਰੂ। ਜਿੰਨਾ ਇਲਾਕਾ ਉਗਰਾਹਿਆ ਜਾ ਸਕਦਾ ਏ, ਉਗਰਾਹ ਲਵੋ। ਜਦ ਤਕ ਲੋਕ ਝੰਡੇ ਨੂੰ ਸਲਾਮਾਂ ਕਰਦੇ ਹਨ ਤੁਸੀਂ ਮੱਲਾਂ ਮਾਰਦੇ ਜਾਓ। ਆਪਣੇ ਟਿਕਾਣੇ ਬਣਾਈ ਚੱਲੋ, ਛਾਉਣੀਆਂ ਪੱਕੀਆਂ ਕਰੀ ਚੱਲੋ। ਇਹ ਸਾਰਾ ਇਲਾਕਾ ਤੁਹਾਨੂੰ ਗੁਰਾਂ ਨੇ ਬਖ਼ਸ਼ਿਆਂ ਏ। ਸਾਧਨ ਭਲੇ ਈ ਕੁਝ ਵੀ ਹੋਣ। ਨਾ ਲੜੇ ਨਾ ਮਰੇ। ਇਲਾਕੇ ਤੁਹਾਡੇ ਤੇ ਝੰਡੇ ਝੁੱਲਣਗੇ ਬੁੱਢੇ ਦਲ ਦੇ। ਅਬਦਾਲੀ ਦਾ ਝੰਡਾ ਲਾਹ ਕੇ ਫੂਕ ਦਿਓ ਤੇ ਆਪਣੇ ਝੰਡੇ ਬੁਲੰਦ ਕਰ ਦਿਓ। ਅਹਿਮਦ ਸ਼ਾਹ ਅਬਦਾਲੀ ਹੁਣ ਤੇ ਗਿਆ ਏ ਹੁਣ ਜਲਦੀ ਨਹੀਂ ਆਉਣ ਲੱਗਾ। ਰਾਜ ਸੰਭਾਲਣ ਦੀ, ਰਾਜ ਬਣਾਉਣ ਦੀ ਵਿਉਂਤ ਬਣਾਓ।

—ਹੁਣ ਤੁਹਾਡੇ ਦਿਨ ਪੱਧਰੇ ਆ ਗਏ ਹਨ। ਹੁਣ ਕੁਦਰਤ ਤੁਹਾਡੇ ਵੱਲ ਏ।

—ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ।

—ਮਾਈ ਫੱਤੋ ਦੀਆਂ ਗੱਲਾਂ ਤੇ ਸਿੱਧ ਪੱਧਰੀਆਂ ਨੇ, ਪਰ ਹੈਨ ਕੰਮ ਦੀਆਂ।

ਝੰਡੇ ਨਿਕਲੇ ਦਮਾਮੇ ਵੱਜੇ। ਘੋੜਿਆਂ ਤੇ ਚੜ੍ਹੇ ਸੂਰਮੇ ਜੈਕਾਰੇ ਗੂੰਜੇ, ਝੰਡੇ ਬੁਲੰਦ ਹੋਏ।

—ਰਾਜ ਕਰੇਗਾ ਖ਼ਾਲਸਾ।

—ਗੋਲੀ ਕਿਸ ਮਾਰੀ ਇਹ ਪਤਾ ਨਹੀਂ ਸੀ। ਉਹਦੇ ਤੇ ਮਿੱਟੀ ਪਾ ਦਿਓ। ਦਲ ਨੂੰ ਕਿਸੇ ਆਹਰੇ ਲਾਓ। ਦਲ ਦੀ ਵਹੀਰ ਮਾਲਵੇ ਵਿਚ ਘੁੰਮ ਰਹੀ ਸੀ। ਔਖਾ ਗੁਰੂ ਰਾਖਾ।

110

ਮੁੱਠ ਬੰਦ ਕਰ ਲਵੋ

ਬਾਬਾ ਆਲਾ ਸਿੰਘ ਨੇ ਪੰਥ ਦੀ ਹਾਜ਼ਰੀ ਜਾ ਭਰੀ ਤੇ ਗਲ 'ਚ ਪੱਲਾ ਪਾ ਕੇ ਅਰਜ਼ ਕੀਤੀ—ਮੇਰੀ ਮਜਬੂਰੀ ਸੀ ਮੈਨੂੰ ਸ਼ਾਹ ਦੀਆਂ ਸਾਰੀਆਂ ਗੱਲਾਂ ਮੰਨਣੀਆਂ ਪੈ ਗਈਆਂ ਤੇ ਮੈਂ ਖ਼ਿਲਤ ਵੀ ਲੈ ਆਇਆ ਹਾਂ, ਝੰਡੇ ਵੀ ਤੇ ਨਗਾਰਾ ਵੀ। ਮੈਂ ਕਸੂਰਵਾਰ ਹਾਂ। ਮੈਨੂੰ ਪੰਥ ਤਨਖ਼ਾਹ ਲਾਏ ਮੈਨੂੰ ਪ੍ਰਵਾਨ। ਮੈਂ ਫੇਰ ਅੰਮ੍ਰਿਤ ਛਕਣ ਨੂੰ ਤਿਆਰ ਹਾਂ। ਮੈਨੂੰ ਫੇਰ ਭਰਾਵਾਂ ਵਿਚ ਰਲਾ ਲਿਆ ਜਾਏ।

—ਅਬਦਾਲੀ ਦੇ ਝੰਡੇ ਨੂੰ ਜਿੰਨੇ ਲੋਕ ਮੰਨਦੇ ਹਨ ਮੰਨਣ ਤੇ ਬਾਕੀ ਆਪਣਾ ਜ਼ੋਰ ਲਾਉਣ। ਕੁਝ ਅਬਦਾਲੀ ਦਾ ਜ਼ੋਰ ਤੇ ਕੁਝ ਆਪਣਾ। ਜਿਸ ਪਿੰਡ ਵਿਚ ਜਾਓ ਰਾਖੀ

ਸੰਭਾਲੋ। ਇਹ ਸੁਨਹਿਰੀ ਮੌਕਾ ਏ ਹੱਥੋਂ ਨਹੀਂ ਗਵਾਉਣਾ ਚਾਹੀਦਾ। ਮਾਰ ਲਉ ਮੱਲਾਂ ਜਿੰਨੀਆਂ ਮਾਰੀਆਂ ਜਾਂਦੀਆਂ ਨੇ।

—ਵੈਸੇ ਮੈਨੂੰ ਉਹਦੀਆਂ ਗੱਲਾਂ ਤੋਂ ਇਉਂ ਜਾਪਦਾ ਸੀ ਕਿ ਸ਼ਾਹ ਦਾ ਦਿਲ ਬੁੱਝ ਚੁੱਕਾ ਏ, ਹੌਸਲਾ ਹਾਰ ਚੁੱਕਾ ਏ, ਢੇਰੀਆਂ ਢਾਹ ਚੁੱਕਾ ਏ। ਹੁਣ ਕੀਤੇ ਫੈਸਲੇ ਤੁਹਾਥੋਂ ਕੋਈ ਨਹੀਂ ਖੋਹ ਸਕੇਗਾ।

—ਹੱਦਾਂ ਉਸਦੇ ਰਾਜ ਦੀਆਂ ਨਿਸ਼ਾਨੀਆਂ ਹਨ। ਹੁਣ ਕਿੱਲੇ ਗੱਡੇ ਮੰਨੇ ਜਾਣਗੇ। ਆਲਾ ਸਿੰਘ ਨੇ ਮੋਮ ਵਾਂਗੂੰ ਆਪਣਾ ਸਰੀਰ ਢਾਲ ਲਿਆ ਸੀ—ਮੈਨੂੰ ਅਫ਼ਸੋਸ ਏ ਕਿ ਹਰੀ ਸਿੰਘ ਨੂੰ ਕਿਸੇ ਅਨਜਾਣ ਬੰਦੇ ਨੇ ਗੋਲੀ ਮਾਰ ਦਿੱਤੀ ਏ।

—ਦਲ ਨੇ ਹਰੀ ਸਿੰਘ ਦੀ ਮੌਤ ਦਾ ਭੋਗ ਈ ਨਾ ਪਾਇਆ। ਮੈਨੂੰ ਇਹਦੇ ਵਿਚ ਨਜ਼ੀਬੁਲਦੌਲਾ ਦੀ ਸਾਜ਼ਿਸ਼ ਜਾਪਦੀ ਏ। ਉਹਨਾਂ ਸਾਡੇ ਦਲ ਵਿਚੋਂ ਕਿਸੇ ਬੰਦੇ ਨੂੰ ਲਾਲਚ ਦੇ ਕੇ ਮਨਾ ਲਿਆ ਹੋਣਾ ਏ। ਦੌਲਤ ਦਾ ਢੇਰ ਵੇਖ ਕੇ ਵੱਡਿਆਂ-ਵੱਡਿਆਂ ਦੀਆਂ ਅੱਖਾਂ ਫਿਰ ਜਾਂਦੀਆਂ ਨੇ। ਅਜੇ ਸਾਡੇ ਲੜਨ-ਭਿੜਨ ਦੇ ਦਿਨ ਨਹੀਂ ਆਏ। ਅਜੇ ਸਾਡੇ ਰਾਜ ਬਣਾਉਣ ਦੇ ਦਿਨ ਹਨ। ਸਾਨੂੰ ਸਾਰੀਆਂ ਗੱਲਾਂ ਛੱਡ ਕੇ ਆਪਣੇ-ਆਪਣੇ ਇਲਾਕਿਆਂ ਨੂੰ ਰਾਖੀ ਥੱਲੇ ਲੈ ਲੈਣਾ ਚਾਹੀਦੈ। ਗੋਲੀ ਚਲਾਉਣ ਵਾਲਾ ਕਿੱਥੇ ਜਾਏਗਾ ? ਅੱਜ ਨਹੀਂ ਮਿਲਿਆ ਕੱਲ੍ਹ ਮਿਲ ਜਾਏਗਾ।

—ਇਕ ਬੰਦੇ ਦੀ ਸ਼ਹਾਦਤ ਬੁੱਢੇ ਦਲ ਵਿਚ ਜ਼ਹਿਰ ਘੋਲ ਕੇ ਨਾ ਰੱਖ ਦੇਵੇ। ਵਕਤ ਨੂੰ ਸੰਭਾਲੋ। ਏਸ ਮੁੜ ਕੇ ਹੱਥ ਨਹੀਂ ਜੇ ਆਉਣਾ ਦੁਸ਼ਮਣੀਆਂ ਫੇਰ ਕੱਢ ਲੈਣੀਆਂ। ਗ਼ਲਤੀਆਂ ਹੋ ਈ ਜਾਂਦੀਆਂ ਨੇ ਮਾਫ਼ ਕਰਦੇ ਜਾਓ। ਸਿਰਫ਼ ਰਾਜ ਦੀਆਂ ਨੀਹਾਂ ਪੁੱਟੋ, ਨੀਹਾਂ ਭਰੋ ਮਹਿਲ ਉਸਾਰੋ। ਇਹ ਸਮੇਂ ਦੀ ਆਵਾਜ਼ ਏ। ਮੈਂ ਜ਼ਮਾਨਾ ਵੇਖਿਆ ਹੋਇਆ ਏ। ਮੈਂ ਗਲ 'ਚ ਪੱਲਾ ਪਾ ਲਿਆ ਏ ਮੈਨੂੰ ਹਰ ਸਜ਼ਾ ਮਨਜ਼ੂਰ ਏ।

—ਬੁੱਢੇ ਦਲ ਦੀਆਂ ਛੋਟਾਂ ਵੀ ਬੜੀਆਂ ਹੁੰਦੀਆਂ ਨੇ।

—ਕਫ਼ਨ 'ਚ ਲਪੇਟਿਆ ਹਰੀ ਸਿੰਘ ਭੰਗੀ। ਸੀਨੇ ਤੇ ਪੱਥਰ ਧਰ ਕੇ ਸਰਦਾਰਾਂ ਨੇ ਅਰਥੀ ਚੁੱਕੀ ਤੇ ਸੰਸਕਾਰ ਕਰ ਦਿੱਤਾ, ਪਰ ਭੋਗ ਨਾ ਪਾਇਆ। ਐਸਾ ਨਾ ਹੋਵੇ ਕਿ ਦੁਸ਼ਮਨ ਸਾਹਮਣੇ ਘੁੰਗਰੀ ਪਾ ਕੇ ਨੱਚੇ।

—ਜੱਸਾ ਸਿੰਘ ਆਹਲੂਵਾਲੀਏ ਨੇ ਹੁਕਮ ਦਿੱਤਾ ਜੋ ਕੁਝ ਹੋਇਆਂ ਤੁਸਾਂ ਵੀ ਵੇਖਿਆ ਤੇ ਮੈਂ ਵੀ ਸੁਣਿਆ। ਭਾਣਾ ਵਰਤਣ ਵਾਲਾ ਸੀ, ਵਰਤ ਗਿਆ। ਇਹ ਸੇਹ ਦਾ ਤਕਲਾ ਗੱਡਿਆ ਦੁਸ਼ਮਨ ਨੇ ਹੈ ਤਾਂਕਿ ਦਲ ਵਿਚ ਫੁੱਟ ਪੈ ਜਾਏ। ਹੁਣ ਸਾਡਾ ਸਿਰਫ਼ ਇਕੋ ਨਿਸ਼ਾਨਾ ਏ। ਰਾਖੀ ਥੱਲੇ ਸਾਰਾ ਪੰਜਾਬ ਆ ਜਾਏ। ਆਪਣਾ ਰਾਜ, ਆਪਦਾ ਝੰਡਾ, ਸਿੱਕਾ ਵੀ ਆਪਣਾ ਤੇ ਮਾਰੀਆਂ ਹੋਈਆਂ ਮੱਲਾਂ ਤੇ ਪੱਕੇ ਕਬਜ਼ੇ।

—ਹੁਣ ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ, ਇਹ ਵਾਕ ਬਾਰ-ਬਾਰ ਸੁਣਾਏ ਜਾਣ।

ਦਲ ਛਿੜ ਗਿਆ, ਘੋੜੇ ਨਿਕਲੇ, ਝੰਡੇ ਲਹਿਰਾਏ, ਧੌਂਸਾ ਖੜਕਿਆ, ਦਮਾਮਾ ਵੱਜਿਆ ਨਿਹੰਗ ਸਿੰਘਾਂ ਨੇਜ਼ੇ ਵਿਛਾਏ। ਦਲ ਆਪਣੇ ਪੂਰੇ ਜੋਸ਼ ਵਿਚ ਤੁਰਿਆ। ਉਹੋ ਜਾਹੋ-ਜਲਾਲ, ਉਹ ਸ਼ਾਨੋ-ਸ਼ੌਕਤ, ਉਹੋ ਈ ਚੜ੍ਹਤ, ਉਹੋ ਈ ਜੈਕਾਰੇ ਗੂੰਜਦੇ।

ਮਾਈ ਫੱਤੋ ਨੇ ਅਸ਼ੀਰਵਾਦ ਦਿੱਤਾ—ਮੇਰੇ ਪੁੱਤਰੋ ਵਕਤ ਜੇ ਰਾਜ ਬਣਾਉਣ ਦਾ। ਰਾਜ ਰੋਜ਼-ਰੋਜ਼ ਨਹੀਂ ਬਣਦੇ। ਰਾਜ ਬਣਾਉਣ ਤੇ ਰਾਜ ਕਰਨ ਵਿਚ ਬੜੀਆਂ ਲਾਸ਼ਾਂ

ਦੇ ਉੱਤੋਂ ਦੀ ਲੰਘਣਾ ਪੈਂਦੈ। ਹੁਣ ਮੈਦਾਨ ਸਾਫ਼ ਨੇ। ਨਰਸਿੰਘੇ ਵਜਾਓ ਲੋਕ ਤੁਹਾਡੀ ਸ਼ਰਨ ਕਬੂਲ ਕਰਨਗੇ। ਲੋਕ ਦੁਖੀ ਹਨ, ਲੋਕ ਸਹਿਮੇ ਹੋਏ ਹਨ, ਲੋਕ ਭੁੱਖੇ ਹਨ। ਸਾਰੇ ਖੇਤ ਉਜੜ ਚੁੱਕੇ ਹਨ।

ਅਹਿਮਦ ਸ਼ਾਹ ਅਬਦਾਲੀ ਦੀ ਦਹਿਸ਼ਤ ਐਨੀ ਏ ਕਿ ਕੋਈ ਡਰਦਾ ਆਪਣੇ ਕੋਠੇ ਤੇ ਚੁਬਾਰਾ ਨਹੀਂ ਪਾਉਂਦਾ। ਉਹੋ ਝੌਂਪੜੀਆਂ, ਉਹੋ ਛੰਨਾ, ਉਹੋ ਈ ਪੁਰਾਣੇ ਪਿਓ-ਦਾਦੇ ਦੇ ਮਕਾਨ। ਕਿਸੇ ਨੇ ਕੋਈ ਨਵਾਂ ਕੋਠਾ ਨਹੀਂ ਪਾਇਆ। ਕਿਸੇ ਨੇ ਵਿਹੜੇ ਵਿਚ ਪੋਚਾ ਨਹੀਂ ਫੇਰਿਆ। ਬਾਲੜੀਆਂ ਕੁੜੀਆਂ ਦਾ ਵਿਆਹ ਕਰ ਦਿੰਦੇ ਹਨ। ਮਹਿੰਦੀ ਸਹੁਰਿਆਂ ਦੇ ਘਰ ਜਾ ਕੇ ਲਾਈ ਜਾਂਦੀ ਏ। ਉਹ ਜਵਾਨ ਸਹੁਰਿਆਂ ਦੇ ਘਰ ਹੁੰਦੀਆਂ ਹਨ ਕੰਜਕਾਂ। ਜਦ ਮੁਟਿਆਰਾਂ ਹੋ ਜਾਣ ਤਦ ਮਾੜੀ ਜਿਹੀ ਰਸਮ ਮੁਕਲਾਵੇ ਦੀ। ਇਹ ਕਿੰਨੀ ਵੱਡੀ ਤਪੱਸਿਆ ਏ, ਕਿੰਨਾ ਵੱਡਾ ਜਿਗਰਾ ਉਸ ਕੰਜਕ ਦਾ ਜਿਹੜੀ ਆਪਣੇ ਜਜ਼ਬਾਤ ਦੱਬੀ ਰੱਖਦੀ ਏ।

—ਮਾਪੇ ਮੁਕਲਾਵਾ ਤੋਰਦੇ। ਅਬਦਾਲੀ ਵਿਆਹੀ ਕੁੜੀ ਨੂੰ ਹੱਥ ਨਹੀਂ ਸੀ ਪਾਉਂਦਾ। ਏਸ ਲਈ ਮੇਰੇ ਪੁੱਤਰੋ, ਭੈਅ ਕੱਢ ਦਿਓ ਅਹਿਮਦ ਸ਼ਾਹ ਅਬਦਾਲੀ ਦਾ। ਫੇਰ ਸੱਤੇ ਖ਼ੈਰਾਂ ਹਨ।

—ਦੁਸ਼ਮਨ ਅਣਹੋਣੀਆਂ ਕਰ ਰਿਹਾ ਏ। ਮੇਰੀ ਸੁਣੋ, ਦਲ ਚੜ੍ਹਿਆ ਏ ਪਹਿਲਾਂ ਏਧਰ ਈ ਚਰਨ ਪਾ ਲਵੇ ਤੇ ਇਹਨਾਂ ਪਿੰਡਾਂ ਨੂੰ ਪਵਿੱਤਰ ਕਰਦਾ ਅੱਗੇ ਨਿਕਲੇ। ਆਹ ਚਾਰ ਪਿੰਡ ਹਨ ਬੂੜੀਆਂ, ਸ਼ਾਹਬਾਦ, ਸਢੌਰਾ, ਰੋਪੜ।

—ਬਾਬਾ ਆਲਾ ਸਿੰਘ ਦੇ ਥਾਣੇ ਬਣਾਏ ਹੋਏ ਹਨ। ਕੱਚੇ ਥਾਣੇ ਪੱਕੇ ਬਣਾ ਦਿਓ। ਛਾਉਣੀਆਂ ਤੇ ਨਫਰੀ ਪੂਰੀ ਭੇਜ ਦਿਓ। ਇਹ ਛਾਉਣੀਆਂ ਕਿਲ੍ਹੇ ਹਨ।

—ਮੈਂ ਜਦ ਦੂਜੀ ਵਾਰ ਬੁੱਢੇ ਦਲ ਦੇ ਦਰਸ਼ਨ ਕਰਾਂ ਤਦ ਮੈਨੂੰ ਖ਼ੁਸ਼ੀ ਹੋਵੇਗੀ ਕਿ ਇਹ ਪਿੰਡ ਵੀ ਸਾਡੀ ਰਾਖੀ ਵਿਚ ਆ ਗਏ ਹਨ।

—ਬੁੱਢਾ ਦਲ ਆਪਣੇ ਆਪ ਵਿਚ ਈ ਸੱਥ ਏ, ਇਕ ਜਮਾਤ ਏ, ਇਕ ਤਾਕਤ ਏ। ਰਾਜੇ ਮੁੱਠੀਆਂ ਭਰਦੇ ਹਨ, ਸਹਾਇਤਾ ਲਈ ਬੇਨਤੀਆਂ ਕਰਦੇ ਹਨ। ਕਿਥੇ ਮੁਗ਼ਲ ਸਰਕਾਰ ਤੇ ਕਿਥੇ ਰੁਹੇਲੇ, ਜੈਪੁਰੀਏ, ਭਰਤਪੁਰੀਏ ਦੀ ਅੱਖ ਸਿਰਫ਼ ਬੁੱਢੇ ਦਲ ਤੇ ਆਣ ਕੇ ਰੁਕਦੀ ਏ। ਵਗਾਰਾਂ ਵੀ ਕਰਨੀਆਂ ਪੈਂਦੀਆਂ ਹਨ ਤੇ ਮੰਗਾਂ ਵੀ। ਲੋਕਾਂ ਵਾਸਤੇ ਤਲਵਾਰਾਂ ਵੀ ਚੁੱਕਣੀਆਂ ਪੈਂਦੀਆਂ ਨੇ। ਝੂਠ-ਸੱਚ ਵੀ ਬੋਲਣਾ ਪੈਂਦਾ ਏ। ਮਦਦ ਵੀ ਕਰਨੀ ਏ, ਕੱਲ੍ਹ ਨੂੰ ਅਸਾਂ ਨੂੰ ਵੀ ਇਨ੍ਹਾਂ ਤੋਂ ਮਦਦ ਦੀ ਲੋੜ ਪੈਣੀ ਏ।

—ਭਰਾ ਕਾਹਦੇ ਲਈ ਹੁੰਦੇ ਹਨ। ਹੁਣ ਤੇ ਸਾਰਾ ਹਿੰਦੁਸਤਾਨ ਈ ਯਤੀਮ ਹੋ ਗਿਐ। ਮੁਗ਼ਲਾਂ ਦੇ ਰਾਜ ਖੋਹਣ ਵਿਚ ਮਰਹੱਟੇ ਵੀ ਸਿਰ ਕੱਢਣ ਲੱਗ ਪਏ ਹਨ। ਕੀੜੀਆਂ ਨੂੰ ਵੀ ਖੰਭ ਲੱਗ ਗਏ ਨੇ।

ਮਾਈ ਫੱਤੋ ਨੇ ਆਖਿਆ—ਤੁਸੀਂ ਆਪਣੇ ਰਾਜ ਦੀਆਂ ਨੀਹਾਂ ਪੱਕੀਆਂ ਕਰੋ ਗੁਰੂ ਨੇ ਬਖ਼ਸ਼ਿਸ਼ ਕੀਤੀ ਏ। ਵਕਤ ਮਿਲ ਗਿਆ ਏ। ਹੁਣ ਸਾਹ ਤਦ ਈ ਲੈਣਾ ਏ ਜਦ ਤੁਹਾਡੇ ਝੰਡੇ ਮੈਂ ਝੂਲਦੇ ਵੇਖਾ ਤਾਂਹੀਓਂ ਮੇਰੇ ਕਲੇਜੇ ਠੰਢ ਪਵੇਗੀ।

—ਮਾਂ ਤੇਰਾ ਅਸ਼ੀਰਵਾਦ ਸਾਡੇ ਨਾਲ ਹੋਵੇਗਾ। ਤੇਰੀ ਦਿੱਤੀ ਥਾਪੀ ਸਾਨੂੰ ਰਾਜੇ-ਮਹਾਰਾਜੇ ਬਣਾ ਦੇਵੇਗੀ। ਮਾਵਾਂ ਈ ਤੇ ਪੁੱਤਰਾਂ ਲਈ ਜ਼ਫ਼ਰ ਜਾਲਦੀਆਂ ਨੇ।

ਬੂੜੀਏ ਦਾ ਪੱਤਣ

ਜਮੁਨਾ ਪਾਰ ਕਰ ਲਈ, ਬੂੜੀਏ ਦੇ ਪੱਤਣ ਤੋਂ ਲੰਘ ਗਏ। ਲੋਕ ਪੱਤਣ ਦੇ ਜਾਣੂ ਸਨ। ਮੁਸਾਫ਼ਰ ਵੀ ਇਨ੍ਹਾਂ ਪੱਤਣਾਂ ਥਾਣੀਂ ਦਰਿਆ ਪਾਰ ਕਰਦੇ ਸਨ। ਬੁੱਢਾ ਦਲ ਚੱਕਰਵਰਤੀ ਸੀ। ਹੁਣ ਓਸ ਸਾਰਾ ਸਾਲ ਈ ਚੱਕਰਵਰਤੀ ਰਹਿਣਾ ਏ। ਜਦੋਂ ਲੋੜ ਪਈ ਪੰਥ ਨੂੰ ਤੇ ਓਸੇ ਵੇਲੇ ਹਾਜ਼ਰ। ਬੁੱਢੇ ਦਲ ਦੇ ਸਿਰ ਤੇ ਛਾਲਾਂ ਮਾਰਦਾ ਏ ਪੰਥ।

ਪੰਜਾਬ ਦੀ ਅਣਖ, ਦਲੇਰੀ, ਗ਼ੈਰਤ, ਬਹਾਦਰੀ, ਵੀਰਤਾ ਤੇ ਹੌਸਲੇ ਦਾ ਮਾਲਕ ਸੀ ਬੁੱਢਾ ਦਲ। ਇਹ ਛੋਟੇ-ਛੋਟੇ ਦਲ ਤਰਨਾ ਦਲ, ਦਲ ਖ਼ਾਲਸਾ ਬੁੱਢੇ ਦਲ ਦੇ। ਪਾਲਤੂ ਬੱਚੇ ਸਨ। ਵੱਡਿਆਂ-ਵਡੇਰਿਆਂ 'ਚ ਬੁੱਢਾ ਦਲ ਈ ਉਭਰ ਕੇ ਸਾਹਮਣੇ ਆਉਂਦਾ।

ਜੱਸਾ ਸਿੰਘ ਆਹਲੂਵਾਲੀਆ ਪੰਥ ਦੀ ਲਾਜ ਸੀ। ਪੱਗ ਆਖਦੇ ਸਨ ਦਲ ਵਾਲੇ ਜੱਸਾ ਸਿੰਘ ਨੂੰ। ਸਾਰਾ ਇਲਾਕਾ ਤੇ ਹਮਲਾਵਰ ਥਰ-ਥਰ ਕੰਬਦੇ ਸਨ ਨਾਂ ਸੁਣ ਕੇ।

ਨਜ਼ੀਬੁਲਦੌਲਾ ਰੁਹੇਲਾ ਖ਼ਾਨ ਜਿਹੜਾ ਜੁੱਤੀ ਨਾਲ ਰਾਜ ਕਰ ਰਿਹਾ ਸੀ ਦਿੱਲੀ ਦੇ ਤਖ਼ਤ ਤੇ। ਕਿਸੇ ਜੈਪੁਰੀਏ, ਭਰਤਪੁਰੀਏ ਦੇ ਕੁੱਕੜ ਨੂੰ ਬਾਂਗ ਨਹੀਂ ਸੀ ਦੇਣ ਦੇਂਦੇ, ਖੰਘਣ ਨਹੀਂ ਸਨ ਦੇਂਦੇ। ਰੁਹੇਲੇ ਬੜੇ ਤਾਕਤਵਰ ਸਨ।

ਮਿੱਟੀ ਦੇ ਮਾਧੋ ਦਿੱਲੀ ਦੇ ਰਾਜਘਰਾਣੇ ਦੇ ਸ਼ਹਿਜ਼ਾਦੇ। ਕਦੀ-ਕਦੀ ਜਦ ਨਜ਼ੀਬੁਲਦੌਲਾ ਨਸ਼ੇ ਦੇ ਸਰੂਰ ਵਿਚ ਹੁੰਦਾ ਤੇ ਆਖਦਾ ਅਸੀਂ ਬਾਦਸ਼ਾਹਗੀਰ ਹਾਂ। ਅਸੀਂ ਕਿਸੇ ਵੀ ਅੰਨ੍ਹੇ, ਕਾਣੇ, ਲੰਙੇ, ਲੂਲ੍ਹੇ, ਬੁੱਢੇ ਜਿਨ੍ਹਾਂ ਦੀਆਂ ਲੱਤਾਂ ਕਬਰਾਂ ਵਿਚ ਹੋਣ ਉਹਨਾਂ ਦੇ ਸਿਰ ਤੇ ਜੁੱਤੀ ਘਸਾ ਦਈਏ ਤੇ ਉਹੋ ਬਾਦਸ਼ਾਹ ਬਣ ਜਾਏ।

—ਮੁਗ਼ਲਾਂ ਦੀਆਂ ਖ਼ੂਬਸੂਰਤ ਸ਼ਹਿਜ਼ਾਦੀਆਂ ਦਾ ਝੱਕ ਸਿਰਫ਼ ਏਸ ਲਈ ਲਾਹੁੰਦੇ ਸਨ ਜਾਹ ਸਿਖ ਜਾਂਦੇ ਸਨ ਗੱਭਰੂ, ਸਹੁਰੇ ਘਰ ਕਿਸੇ ਦੀ ਮੁਥਾਜੀ ਨਾ ਕਰਨੀ ਪਏ। ਅਸੀਂ ਰੁਹੇਲੇ ਸਿਰਫ਼ ਖਿਦਮਤ ਕਰਨ ਲਈ ਜੰਮੇ ਹਾਂ। ਇਹ ਮੁਗ਼ਲ ਨਿਕੰਮੇ, ਨਾਲਾਇਕ, ਬੁਜ਼ਦਿਲ ਹਿਜੜਿਆਂ ਵਿਚ ਰਹਿ ਕੇ ਹਿਜੜੇ ਬਣ ਗਏ ਹਨ।

ਜੈਪੁਰੀਏ ਤੇ ਭਰਤਪੁਰੀਆਂ ਦੇ ਰੋਜ਼ ਸੁਨੇਹੇ ਤੇ ਸੁਨੇਹੇ ਆਉਂਦੇ—ਅਸੀਂ ਮਰ ਗਏ, ਸਾਡੀ ਲਾਜ ਲੁੱਟ ਲਈ ਨਜ਼ੀਬ ਨੇ, ਸਾਡੇ ਘਰ ਬਰਬਾਦ ਕਰ ਦਿੱਤੇ। ਹੁਣ ਤੇ ਇਹ ਐਨੀਆਂ ਸੀਨਾਜ਼ੋਰੀਆਂ ਕਰਨ ਲੱਗ ਪਿਆ ਏ ਕੇ ਸੋਹਣੀ ਕੁੜੀ ਜਿਹੜੀ ਉਹਦੀ ਨਜ਼ਰ 'ਚ ਪੈਂਦੀ ਏ ਓਸੇ ਨੂੰ ਰਾਤੀਂ ਹਰਮ 'ਚ ਲੈ ਜਾਂਦਾ ਏ। ਮੂੰਹ ਵਿਖਾਲੀ ਦਿੱਤੀ ਜਾਂਦੀ ਏ ਤੇ ਧੜ ਤੋੜ ਦਿੱਤਾ ਜਾਂਦੈ।

—ਤਾਕਤ ਦਾ ਮਜ਼ਾ ਈ ਕੁਝ ਵੱਖਰੈ। ਹਿੰਮਤ ਰੱਖੋ ਅਸੀਂ ਤੁਰੇ ਆ ਰਹੇ ਹਾਂ। ਇਹ ਰੁਹੇਲੇ ਜੇ ਕਿਤੇ ਸਾਡੇ ਹੱਥੇ ਲੱਗ ਗਏ ਤੇ ਫੇਰ ਇਨ੍ਹਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਨਸੀਹਤ ਕਰਕੇ ਜਾਣਗੇ ਕਿ ਭੁੱਲ ਕੇ ਵੀ ਸਿੰਘਾਂ ਦੇ ਮੁਕਾਬਲੇ ਤੇ ਨਹੀਂ ਖੜ੍ਹਨਾ।

—ਆ ਰਹੇ ਹਾਂ ਬਹੁਤ ਜਲਦੀ। ਅਸਾਂ ਪੱਤਣ ਲੰਘ ਲਿਆ ਏ, ਤੁਹਾਡੇ ਇਲਾਕੇ ਵਿਚ ਕਦਮ ਰੱਖਣ ਵਾਲੇ ਹਾਂ। ਸਾਡੇ ਸਰਦਾਰਾਂ ਦੀ ਵਿਉਂਤ ਕੁਝ ਇਸ ਤਰ੍ਹਾਂ ਏ ਕਿ ਅਸੀਂ ਆਪ ਸਾਹਮਣੇ ਹੋ ਕੇ ਨਹੀਂ ਲੜਨਾ। ਸਾਨੂੰ ਆਪਣੇ ਹਿਸਾਬ ਨਾਲ ਲੜਨ ਦਿਓ।

ਨਜ਼ੀਬੁਲਦੌਲਾ ਤੁਹਾਡੇ ਨਾਲ ਲੋਹਾ ਲੈ ਰਿਹਾ ਏ, ਲੜਨ ਦਿਓ। ਅਸੀਂ ਵੀ ਸ਼ਾਬਾਸ਼ ਦੇਵਾਂਗੇ। ਅਸੀਂ ਉਹਦੇ ਇਲਾਕੇ ਤੇ ਸੱਜੀ ਬਾਹੀ ਵਲੋਂ ਹਮਲਾ ਕਰਾਂਗੇ ਤੇ ਕਦੀ ਖੱਬੀ ਬਾਹੀ ਵਲੋਂ। ਅਸੀਂ ਉਹਨਾਂ ਦੇ ਘਰ ਲੁੱਟਾਂਗੇ। ਉਹ ਫੇਰ ਛੱਡੇਗਾ ਮੈਦਾਨ। ਤੁਹਾਡਾ ਖਹਿੜਾ ਛੱਡੇ। ਜਦੋਂ ਉਹ ਨੱਸੇ ਤੇ ਤੁਸੀਂ ਉਹਦਾ ਪਿੱਛਾ ਕਰੋ। ਤੁਸੀਂ ਉਹਨਾਂ ਨੂੰ ਏਨੀਂ ਮਾਰ ਮਾਰੋ ਕਿ ਉਹ ਘੋੜੇ ਦੁੜਾਵੇ ਤੇ ਅੱਗੋਂ ਅਸੀਂ ਆਣ ਟੱਕਰਾਂਗੇ। ਖੂਬ ਭੂਰੀਆਂ ਭੰਨਾਂਗੇ। ਜੇ ਬਾਂ-ਬਾਂ ਨਾ ਕਰ ਉਠਿਆ ਤੇ ਫੇਰ ਸਾਨੂੰ ਆਖਣਾ।

ਪੱਚੀ ਹਜ਼ਾਰ ਘੋੜ ਚੜ੍ਹਿਆ ਸਵਾਰ। ਦਿੱਲੀ ਦੇ ਉੱਤਰ ਵੱਲ ਸੇਧ ਰੱਖ ਲਈ ਤੇ ਘੋੜਿਆਂ ਦੀਆਂ ਲਗਾਮਾਂ ਨੂੰ ਤੁਣਕਾ ਮਾਰਿਆ। ਚਲੋ ਬਈ ਸ਼ੇਰੋ, ਤੁਹਾਡੇ ਸਿਰਾਂ ਤੇ ਸਾਡੀਆਂ ਸਰਦਾਰੀਆਂ ਕਾਇਮ ਹਨ। ਤੁਸੀਂ ਸਾਡੇ ਰਾਖੇ ਹੋ। ਸਾਡੀ ਬਹਾਦਰੀ, ਤੁਹਾਡੀ ਦਲੇਰੀ ਤੁਹਾਡੇ ਸਿਰਾਂ ਤੇ ਈ ਪੈਣੀ ਏ।

ਘੋੜਾ ਸਭ ਤੋਂ ਵੱਡਾ ਹਥਿਆਰ ਸੀ ਓਸ ਵੇਲੇ ਮੈਦਾਨ ਦਾ।

ਤਲਵਾਰ ਦੂਜੀ ਸ਼ਕਤੀ ਰਣਭੂਮੀ ਦੀ।

ਨੇਜ਼ਾ ਵਾਰ ਵੀ ਕਰਦਾ ਤੇ ਬਖਸ਼ਦਾ ਵੀ।

—ਢਾਲ ਸਾਡੀ ਪਹਿਰੇਦਾਰ, ਢਾਲ ਸਾਡੀ ਮਾਂ ਜਿਹੀ ਭੈਣ, ਢਾਲ ਸਾਡੀ ਰਿਸ਼ਤੇ 'ਚ ਲੱਗੇ ਭਰਜਾਈ, ਕਦੀ ਘਰ ਦੀ ਮਾਲਕਣ, ਏਸੇ ਲਈ ਰਕਾਨਣ, ਆਖਦੇ ਹਨ ਇਸਨੂੰ।

ਵੈਰੀ ਦਾ ਲਹੂ ਪੀਵੇ ਤੇ ਸਾਡੇ ਲਹੂ ਤੇ ਜਾਨ ਦੇਵੇ। ਇਹ ਸ਼ਕਤੀ ਵੀ ਏ, ਇਹ ਕਿਰਪਾਨ ਵੀ ਏ ਇਹ ਕਿਰਪਾ ਕਰਨ ਵਾਲੀ ਦੇਵੀ ਵੀ ਏ। ਸ਼ਾਂਤੀ ਵਿਚ ਮਾਤਾ ਤੇ ਰੰਗਭੂਮੀ 'ਚ ਰੰਣਚੰਡੀ। ਖ਼ਾਲਸਾ ਸਿਰਫ਼ ਇਹੋ ਈ ਹਥਿਆਰ ਆਪਣੇ ਕੋਲ ਰੱਖਦਾ। ਏਸੇ ਦੀ ਪੂਜਾ ਕਰਦਾ ਬਾਕੀ ਤੇ ਉਹਨਾਂ ਦੀਆਂ ਝੋਲੀਆਂ 'ਚ ਗੁਰੂ ਦਾ ਨਾਂ ਸੀ।

—ਸਰਦਾਰੋ, ਮੇਰੇ ਸਾਥੀਓ, ਮੇਰੇ ਭਰਾਵੋ, ਅਸੀਂ ਮਦਦ ਕਰਨ ਲਈ ਖੜ੍ਹੇ ਹਾਂ ਇਲਾਕਾ ਮੱਲਣ ਲਈ ਨਹੀਂ। ਜੇ ਮੱਲ ਮਾਰੀ ਗਈ ਤੇ ਮਾਰਾਂਗੇ। ਅਸਾਂ ਹੌਲੀ-ਹੌਲੀ ਰਾਜ ਦੀਆਂ ਨੀਹਾਂ ਪੱਕੀਆਂ ਕਰਨੀਆਂ ਨੇ ਫੇਰ ਉਹਦੇ ਤੇ ਸ਼ੀਸ਼ ਮਹਿਲ ਬਣਾਉਣੇ ਹਨ ਤੁਹਾਡੀ ਸ਼ਕਤੀ ਦੇ ਨਾਲ। ਇਕ ਪਾਸੇ ਤਰਨਾ ਦਲ ਤੇ ਖ਼ਾਲਸਾ ਦਲ, ਦੂਜੇ ਪਾਸੇ ਬੁੱਢਾ ਦਲ ਤੇ ਸਹਾਰਨਪੁਰ ਨਿਸ਼ਾਨਾ ਸੀ। ਜੱਸਾ ਸਿੰਘ ਆਹਲੂਵਾਲੀਏ ਦੀ ਕਮਾਨ ਥੱਲੇ ਸਰਦਾਰ ਤਾਰਾ ਸਿੰਘ ਗਾਬਾ, ਡੱਲੇ ਵਾਲੀਆ ਦਾ ਸ਼ਾਮ ਸਿੰਘ। ਇਹ ਜਾਗੀਰ ਨਜ਼ੀਬੁਲਦੌਲਾ ਦੀ ਸੀ। ਬੰਦੇ ਨੂੰ ਜਦ ਸੇਕ ਲੱਗੇ ਤਦ ਤੜਫਦਾ ਏ।

ਜਦ ਸੁਣਿਆ ਕਿ ਨਿਹੰਗ ਪਾਤਸ਼ਾਹ ਬੁੱਢੇ ਦਲ ਵਾਲੇ ਸੂਰਮੇ ਚੜ੍ਹ ਆਏ ਨੇ ਤੇ ਫੇਰ ਭਾਜੜਾਂ ਪਈਆਂ। ਪਹਿਲਾ ਈ ਹੱਲਾ ਮਾਰਿਆ ਬਸ ਨੱਸ-ਨਸਾ ਗਏ ਖੱਬੀ ਖ਼ਾਂ। ਦਲ ਵਾਲਿਆਂ ਨੂੰ ਤੇ ਇਉਂ ਜਾਪੇ ਜਿੰਦਾਂ ਮੇਲੇ ਵਿਚ ਆਏ ਹਨ। ਘਰ ਖ਼ਾਲੀ, ਦਵਾਰ ਖੁੱਲ੍ਹੇ, ਬਸ ਨਗਾਰੇ ਵੱਜਦੇ ਗਏ ਤੇ ਲੋਕ ਸਲਾਮਾਂ ਕਰਦੇ ਗਏ ਝੁੱਕ-ਝੁੱਕ। ਦੀਵਾਲੀ ਸਾਹਮਣੇ ਆ ਰਹੀ ਸੀ ਸਿੰਘਾਂ ਨੂੰ ਜਲਦੀ ਸੀ। ਦੀਵਾਲੀ ਦਾ ਇਸ਼ਨਾਨ ਕਰਨਾ ਸੀ ਅੰਮ੍ਰਿਤਸਰ ਜਾ ਕੇ।

ਬਿੱੜ ਪਈ, ਥਰਥਰ ਕੰਬਿਆ ਨਜ਼ੀਬੁਲਦੌਲਾ ਤੇ ਨੱਸਿਆ ਘਰ ਵੱਲ—ਮੈਂ ਭਰਤਪੁਰ ਜਿੱਤਿਆ, ਪਰ ਆਪਣਾ ਘਰ ਲੁਟਾ ਬੈਠਾ। ਚਲੋ ਭੱਜੋ ਖ਼ਬਰ ਲਈਏ ਘਰ ਦੀ। ਦਲ ਨਾਲ ਕੋਈ ਨਾ ਕੋਈ ਸਮਝੌਤਾ ਕਰ ਲਈਏ। ਜਾਨ ਬਚ ਜਾਊ। ਸਿੰਘ ਭਲੇ ਲੋਕ ਹਨ।

—ਇਹ ਕਾਰਸਤਾਨੀ ਜੈਪੁਰੀਏ ਤੇ ਭਰਤਪੁਰੀਏ ਦੀ ਏ। ਦਲ ਨੂੰ ਏਧਰ ਤੋਰ ਦਿੱਤਾ ਤੇ ਓਧਰ ਮੇਰੇ ਤੇ ਆਣ ਪਏ। ਦੋਵਾਂ ਪਾਸੀਂ ਮੇਰੀ ਜਾਨ ਫਾਹੇ ਲਾ ਦਿੱਤੀ।

—ਬੱਚੂ! ਜਾਹ, ਘਰ ਬਚਾ ਲੈ ਜਾਂ ਭਰਤਪੁਰ ਦੀ ਮੱਲ ਮਾਰ ਲੈ। ਜੇ ਜੈਪੁਰ ਨੂੰ ਜਾਣਾ ਈ ਤੇ ਉਧਰ ਨੂੰ ਮੂੰਹ ਕਰ ਲੈ। ਇਕ ਯਾਰ ਦੀ ਸਲਾਹ ਸੀ ਪਰ ਨਹੀਂਉ ਪਹਿਲਾਂ ਘਰ, ਫੇਰ ਜਿੱਤ।

ਮੁੜਿਆ ਸੂਰਮਾ ਵੱਟ ਖਾ ਕੇ ਤੇ ਮੋੜੇ ਘੋੜੇ। ਭਰਤਪੁਰ ਵਾਲਿਆਂ ਚੰਗੀ ਛੰਡ ਲਾਹੀ। ਪਨਾਹ-ਪਨਾਹ ਮੰਗਦਾ ਮੁੜਿਆ।

ਅੱਗੋ ਦਲ ਵਾਲਿਆਂ ਚੰਗੀ ਲੁੱਟ ਕੀਤੀ ਹੋਈ ਸੀ। ਘਰ ਵੀ ਫੂਕੇ ਸਨ ਤੇ ਖੇਤ ਵੀ ਉਜਾੜੇ ਸਨ। ਨਜ਼ੀਬੁਲਦੌਲੇ ਦਾ ਕਿਲ੍ਹਾ ਦੂਰੋਂ ਈ ਵੇਖਿਆ ਸੀ।

ਦੀਵਾਲੀ ਦੇ ਦਿਨ ਨੇੜੇ ਆ ਰਹੇ ਸਨ। ਬਸ ਇਕੋ ਝੜਪ ਨੇ ਟੁਕੜੇ ਬਹਿ ਕਰ ਦਿੱਤੇ। ਸਾਰੀ ਸ਼ੇਖ਼ੀ ਛਿੱਕੇ ਤੇ ਟੰਗ ਦਿੱਤੀ ਪਰ ਜਵਾਨ ਨੇ ਹਾਰ ਨਾ ਕਬੂਲੀ।

ਮੁਕਾਬਲਾ ਆਹਮੋ-ਸਾਹਮਣੇ ਨਾ ਹੋਇਆ। ਸਿਰਫ਼ ਝੜਪਾਂ ਈ ਹੁੰਦੀਆਂ ਰਹੀਆਂ। ਇਨ੍ਹਾਂ ਝੜਪਾਂ ਨੇ ਨਜ਼ੀਬੁਲਦੌਲੇ ਦੀ ਧੂੜ ਉਡਾ ਦਿੱਤੀ।

112

ਗੱਲ ਸੱਤ ਲੱਖ ਤੇ ਟੁੱਕੀ ਗਈ

ਨਜ਼ੀਬੁਲਦੌਲਾ ਔਲੂ ਦੀ ਝੱਗ ਵਾਂਗੂੰ ਬਹਿ ਗਿਆ ਤੇ ਵਿਚਾਰੇ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਹੱਥ-ਪੈਰ ਮਾਰੇ, ਆਖ਼ਰ ਵਿਚੋਲਾ ਵਿਚ ਪਿਆ ਤੇ ਓਹ ਨਿਹੰਗ ਪਾਤਸ਼ਾਹਾਂ ਨੂੰ ਆਪਣੇ ਸ਼ੀਸ਼ੇ 'ਚ ਉਤਾਰਨ ਲੱਗਾ।

—ਤੁਸਾਂ ਕੀ ਲੈਣਾ ਏ ਬਿਗਾਨੀ ਲੜਾਈ ਵਿਚ? ਇਨ੍ਹਾਂ ਤੇ ਰੋਜ਼-ਰੋਜ਼ ਲੜਦੇ ਰਹਿਣਾ ਏ। ਤੁਸੀਂ ਆਪਣੇ ਘਰ ਜਾਓ ਆਰਾਮ ਕਰੋ ਖਰਚਾ ਪਾਣੀ, ਹਰਜਾਨਾ ਮੈਂ ਦਿਵਾ ਦਿੰਦਾ ਹਾਂ। ਹੋਰ ਕੀ ਮਰਜ਼ੀ ਏ।

ਜੱਸਾ ਸਿੰਘ ਆਹਲੂਵਾਲੀਆ ਬੋਲਿਆ—ਯਾਰ ਅਸਾਂ ਤੇ ਬੋਲੀ ਵਿਆਹੀ ਏ ਹਾਂ ਕੀਤੀ ਸੀ, ਆ ਗਏ ਹਾਂ। ਹੁਣ ਜੋ ਭਲੀ ਕਰੇ ਕਰਤਾਰ। ਅਸਾਂ ਤੇ ਬੜਾ ਸੁਣਿਆ ਸੀ ਨਜ਼ੀਬੁਲਦੌਲੇ ਦਾ ਨਾਂ ਪਰ ਯਾਰ ਉਹ ਤੇ ਮੈਦਾਨ ਦਾ ਭਗੌੜਾ ਨਿਕਲਿਆ। ਸਾਹਮਣੇ ਹੋ ਕੇ ਲੜਿਆ ਈ ਨਹੀਂ। ਅਸਾਂ ਤੇ ਉਹਦੇ ਦਰਸ਼ਨ ਈ ਨਹੀਂ ਕੀਤੇ। ਦਿੱਲੀ ਸਰਕਾਰ ਕਿੱਦਾਂ ਚਲਾਉਂਦਾ ਹੋਵੇਗਾ। ਸੁਣਿਆ ਏ ਦਮਗਜੇ ਬਹੁਤ ਮਾਰਦੈ।

ਵਿਚੋਲੇ ਨੇ ਸੱਤ ਲੱਖ ਤੇ ਗੱਲ ਟੁੱਕ ਲਈ।

ਜੱਸਾ ਸਿੰਘ ਆਹਲੂਵਾਲੀਏ ਨੇ ਬਥੇਰਾ ਸਿਰ ਫੇਰਿਆ, ਆਖਣ ਲੱਗਾ—ਅਸੀਂ ਏਧਰੋਂ ਈ ਭਰਤਪੁਰ ਚਲੇ ਜਾਂਦੇ ਹਾਂ।

ਅੱਗੋਂ ਵਿਚੋਲਾ ਆਖਣ ਲੱਗਾ ਕਿ, ਹਜ਼ੂਰ ਜੇ ਭਰਤਪੁਰ ਦੀ ਤੁਸਾਂ ਮਦਦ ਕੀਤੀ ਤਾਂਵੀ ਤੇ ਨੁਕਸਾਨ ਨਜ਼ੀਬੁਲਦੌਲਾ ਦਾ ਏ। ਜੈਪੁਰ, ਭਰਤਪੁਰ ਤੇ ਰੁਹੇਲੇ ਸਰਦਾਰਾਂ ਦੀ ਅੱਖ ਏ। ਤੁਸੀ ਪੰਜਾਬ ਚਲੇ ਜਾਓ। ਅਸੀਂ ਤੁਹਾਨੂੰ ਜੈਪੁਰ,

ਭਰਤਪੁਰ ਦੀ ਫ਼ਤਿਹ ਦੇ ਜਸ਼ਨ ਵਿਚ ਸੱਦਾਂਗੇ।

ਜੱਸਾ ਸਿੰਘ ਆਹਲੂਵਾਲੀਆ ਅੱਗੋਂ ਬੋਲਿਆ—ਅਸੀਂ ਪੰਜਾਬੀ ਹਾਂ। ਸਾਨੂੰ ਵੀ ਯਾਰ ਦੀ ਯਾਰੀ ਰੱਖਣੀ ਆਉਂਦੀ ਏ। ਤੁਸੀਂ ਦੋਸਤੀ ਦਾ ਮਤਲਬ ਈ ਨਹੀਂ ਸਮਝਦੇ। ਅਸੀਂ ਮਰਹੱਟਿਆਂ ਦੀ ਵੀ ਖੁੰਭ ਠੱਪਣੀ ਏ। ਇਨ੍ਹਾਂ ਕੁਝ ਰਹਿਣ ਈ ਨਹੀਂ ਦਿੱਤਾ ਤੇ ਸਾਡਾ ਕੁਝ ਛੱਡਿਆ ਨਹੀਂ। ਜਦੋਂ ਇਹ ਪੂਨੇ ਨੱਸ ਈ ਗਏ ਤੇ ਹੁਣ ਏਥੇ ਖੇਹ ਖਾਣ ਆ ਗਏ ਹਨ। ਅਸਾਂ ਹੁਣ ਇਹ ਵੀ ਕੰਡਾ ਕੱਢ ਕੇ ਜਾਣਾ ਏ। ਸਾਨੂੰ ਤੇਰਾ ਸੱਤ ਲੱਖ ਈ ਕਬੂਲ। ਇਹਦੇ ਨਾਲ ਖ਼ਰਚ ਪੂਰਾ ਵੀ ਨਹੀਂ ਹੋਣਾ। ਕੀ ਲਿਆ ਯਾਰ ਘਰ ਲੁੱਟ ਕੇ। ਨਾ ਅਸਾਂ ਜੈਪੁਰ ਲੁੱਟਿਆ ਤੇ ਨਾ ਅਸਾਂ ਭਰਤਪੁਰ ਜੇ ਤੁਸਾਂ ਸਾਡੀ ਝੋਲੀ 'ਚ ਪਾਇਆ ਤੇ ਅਸਾਂ ਓਸੇ ਦਿਨ ਈ ਆਪਣਾ ਰਾਹ ਫੜ ਲਿਆ। ਵਿਚੋਲਿਆ ਸਾਡਾ ਬੜਾ ਨੁਕਸਾਨ ਕੀਤਾ ਈ। ਅਜੇ ਵੀ ਖ਼ਾਨ ਨਾਲ ਸੁਲਹਾ ਕਰ ਲੈ।

—ਖ਼ਾਨ ਨੇ ਤੇ ਨੰਨਾ ਈ ਪਫੜ ਲਿਆ ਸੀ। ਉਹ ਆਖਦਾ ਸੀ ਕਿ ਮੇਰੇ ਖ਼ਜ਼ਾਨੇ ਵਿਚ ਮੋਹਰਾਂ ਈ ਨਹੀਂ। ਸੱਤ ਲੱਖ ਮੈਂ ਕੱਢ ਲਿਆਉਣਾ ਸੀ। ਤੁਸੀਂ ਹਾਂ ਕਰੋ ਤੇ ਮੈਂ ਜਾਵਾਂ।

ਹਾਂ ਹੋ ਗਈ—ਨਜ਼ੀਬੁਲਦੌਲੇ ਦੇ ਇਲਾਕੇ ਨੂੰ ਅਸੀਂ ਹੱਥ ਨਹੀਂ ਪਾਉਂਦੇ, ਪਰ ਅਸਾਂ ਭਰਤਪੁਰ ਜ਼ਰੂਰ ਜਾਣਾ ਏ, ਜੈਪੁਰ ਵੀ ਵੇਖਣ ਨੂੰ ਜੀਅ ਕਰਦਾ ਏ। ਸਾਡੀ ਲੁੱਟ ਦਾ ਮੁੱਲ ਸੱਤ ਲੱਖ ਪਿਆ ਏ।

—ਨਹੀਂ ਸਰਦਾਰ ਜੀ ਅਸੀਂ ਏਸ ਵੇਲੇ ਹੋਰ ਜ਼ਿਆਦਾ ਦੇਣ ਜੋਗੇ ਨਹੀਂ। ਥੋੜ੍ਹਾ ਦੇਣਾ ਤੇ ਬਹੁਤੀ ਮਿੰਨਤ।

ਵਿਚੋਲੇ ਨੇ ਫ਼ੈਸਲਾ ਟੁੱਕ ਦਿੱਤਾ। ਬੁੱਢੇ ਦਲ ਵਾਲੇ ਆਪਣਾ ਰੁਖ਼ ਬਦਲ ਲੈਣ। ਮੇਰੇ ਇਲਾਕੇ ਤੇ ਨਜ਼ਰ ਨਾ ਰੱਖੀ ਜਾਏ। ਚਲੋ ਮੇਲੇ ਭਰਤਪੁਰ 'ਚ ਹੋਣਗੇ।

ਸੱਤ ਲੱਖ ਝੋਲੀ 'ਚ ਪਾਇਆ ਤੇ ਜਾਨ ਬਖ਼ਸ਼ਵਾ ਲਈ। ਮੁਹਾਰਾਂ ਮੋੜ ਲਈਆਂ ਦਲ ਵਾਲਿਆਂ।

ਜਥੇਦਾਰ ਨੇ ਫ਼ੈਸਲਾ ਕਰ ਲਿਆ ਕਿ ਇਹਦੀ ਜ਼ਬਾਨ ਕੱਚੀ ਨਹੀਂ ਹੋਣੀ ਚਾਹੀਦੀ। ਚਲੋ ਇਹਦੀ ਕਸਰ ਅੱਗੇ ਜਾ ਕੇ ਪੂਰੀ ਕਰ ਲਵਾਂਗੇ। ਬੁੱਢੇ ਦਲ ਨੇ ਘਾਟੇ 'ਚ ਥੋੜ੍ਹਾ ਜਾਣੈ।

—ਚੰਗਾ, ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ।

ਜਵਾਹਰ ਸਿੰਘ ਨਾਲ ਜ਼ਬਾਨ ਕਰ ਲਈ ਤੇ ਦਲ ਭਰਤਪੁਰ ਪੁੱਜ ਗਿਆ ਤੇ ਏਧਰ ਰਾਜਾ ਮਾਧੋ ਜੈਪੁਰੀਏ ਨੇ ਮਰਹੱਟੇ ਸੱਦ ਲਏ ਤੇ ਉਨ੍ਹਾਂ ਨਾਲ ਇਹ ਗੱਲ ਮੁੱਕੀ ਕਿ ਰੋਜ਼ ਦਾ ਪੰਜ ਹਜ਼ਾਰ ਰੁਪਈਆ ਦਿੱਤਾ ਜਾਏਗਾ, ਪਰ ਇਹ ਏਨਾਂ ਕੁਝ ਕਰਨ ਦੇ ਬਾਵਜੂਦ ਮਰਹੱਟਿਆਂ ਤੇ ਇਤਬਾਰ ਨਹੀਂ ਸੀ ਕੀਤਾ ਜਾ ਸਕਦਾ। ਉਹ ਕਿਸੇ ਘੜੇ ਦਾ ਢੱਕਣ ਨਹੀਂ ਸੀ।

ਜੈਪੁਰ 'ਚ ਇਕ ਤੇ ਨਜ਼ੀਬੁਲਦੌਲਾ ਦਾ ਖ਼ਤਰਾ ਸੀ ਤੇ ਦੂਜਾ ਸ਼ਾਹੀ ਫ਼ੌਜ ਦਿੱਲੀ ਦਾ। ਹੁਣ ਜਾਨ ਫਸ ਗਈ ਰਾਜਾ ਮਾਧੋ ਸਿੰਘ ਦੀ। ਅਜੇ ਅਫ਼ਵਾਹ ਈ ਸੀ ਕਿ ਬੁੱਢਾ ਦਲ ਜੈਪੁਰ ਵੱਲ ਮੂੰਹ ਮੋੜੇਗਾ। ਅਜੇ ਲੜਾਈ ਮੁੱਕੀ ਨਹੀਂ ਸੀ। ਦੂਜੇ ਦਿਨ ਫੇਰ ਧੌਂਸੇ ਵੱਜੇ, ਘੋੜੇ ਨਿਕਲੇ, ਦਮਾਮੇ ਤੇ ਚੋਟ ਪਈ। ਟੱਕਰ ਆਹਮੋ-ਸਾਹਮਣੇ ਹੋ ਗਈ ਤੇ ਕਈ ਰੁਹੇਲੇ ਸਰਦਾਰ ਮਾਰੇ ਗਏ। ਸਾਹਮਣੇ ਅੰਬਾਂ ਦਾ ਬਾਗ਼ ਸੀ। ਦਲ ਵਾਲੇ ਉਹਦੀ ਆੜ 'ਚ ਚਲੇ ਗਏ ਪਰ ਨਜ਼ੀਬੁਲਦੌਲਾ ਦਾ ਪੁੱਤ ਵੀ ਅੰਬਾਂ ਵਾਲੇ ਬਾਗ਼ 'ਚ ਜਾ ਵੜਿਆ।

ਜ਼ਾਬਤਾ ਖ਼ਾਂ ਆਪਣੇ ਵਲੋਂ ਸੁਰੱਖਿਅਤ ਜਗ੍ਹਾ ਤੇ ਬੈਠਾ ਹੋਇਆ ਸੀ, ਪਰ ਖ਼ਾਲਸੇ ਨੇ ਉਹਦੀ ਗਿੱਚੀ ਆਣ ਨੱਪੀ। ਜਿੰਦਾਂ ਕੁੱਕੜ ਨੂੰ ਧੌਣੋਂ ਫੜ ਲਵੇ ਕਸਾਈ। ਰੁਹੇਲਿਆਂ ਦੀ ਫ਼ੌਜ ਦੇ ਦੋ ਹਿੱਸੇ ਹੋ ਗਏ। ਖ਼ਾਲਸੇ ਨੇ ਫ਼ੌਜ ਵਿਚ ਦੀਵਾਰ ਖੜ੍ਹੀ ਕਰ ਦਿੱਤੀ ਘੋੜਿਆਂ ਦੀ। ਨਜ਼ੀਬੁਲਦੌਲਾ ਚਾਹੁੰਦਾ ਸੀ ਕਿ ਬੁੱਢੇ ਦਲ ਵਾਲਿਆਂ ਨੂੰ ਪਾੜ ਦਿੱਤਾ ਜਾਏ, ਪਰ ਇਹ ਗੱਲ ਪੂਰੀ ਨਾ ਹੋਈ। ਉਹਦੀ ਆਪਣੀ ਫ਼ੌਜ ਪਾਟ ਗਈ।

ਸਿੰਘਾਂ ਨੇ ਹਮਲਾ ਕਰ ਦਿੱਤਾ। ਸਲਾਮਤ ਖ਼ਾਂ ਦੇ ਭਰਾ ਸਾਦਰ ਖਾਂ ਤੇ। ਉਹ ਸੋਚਣ ਸਮਝਣ ਤੋਂ ਬਗ਼ੈਰ ਈ ਵਿਚ ਫਸ ਗਿਆ। ਸਿੰਘਾਂ ਦੇ ਘੇਰੇ ਵਿਚੋਂ ਨਿਕਲਣਾ ਕਿੰਨਾ ਮੁਸ਼ਕਲ ਏ, ਪਰ ਨਜ਼ੀਬੁਲਦੌਲਾ ਵੀ ਪੁਰਾਣਾ ਖਿਡਾਰੀ ਸੀ। ਓਸ ਆਪਣੇ ਪੁੱਤ ਨੂੰ ਦਲ ਵਾਲਿਆਂ ਤੋਂ ਛੁਡਾ ਲਿਆ ਤੇ ਸਾਦਰ ਖ਼ਾਂ ਨੂੰ ਵੀ ਉਂਗਲੀ ਲਾ ਕੇ ਨਾਲ ਤੋਰ ਲਿਆ। ਇਹਦੇ ਨਾਲ ਨਜ਼ੀਬੁਲਦੌਲਾ ਦਾ ਦਿਲ ਧੱਕ-ਧੱਕ ਕਰਨ ਲੱਗ ਪਿਆ।

ਫਿਰ ਭਖਿਆ ਮੈਦਾਨ ਯੁੱਧ ਦਾ। ਖ਼ੂਬ ਤਲਵਾਰ ਚੱਲੀ, ਲਹੂ ਦੀਆਂ ਛੱਪੜੀਆਂ ਲੱਗੀਆਂ। ਖ਼ੂਬ ਖ਼ੂਨ ਡੁੱਲ੍ਹਾ। ਕਤਲ ਹੋਏ ਬੰਦੇ।

ਫ਼ੌਜ ਦੇ ਪੈਰ ਪਿਛਾਂਹ ਨੂੰ ਮੁੜੇ ਤੇ ਬੁੱਢੇ ਦਲ ਵਾਲਿਆਂ ਵੀ ਆਪਣੀ ਪੁਰਾਣੀ ਆਦਤ ਦੇ ਮੁਤਾਬਕ ਪਿੱਛੇ ਨੂੰ ਪੈਰ ਖਿਸਕਾਣੇ ਸ਼ੁਰੂ ਕਰ ਦਿੱਤੇ। ਸਮਝੋ ਖ਼ਾਲਸਾ ਹਰਨ ਹੋ ਗਿਆ। ਰਾਤ ਪੈ ਚੁਕੀ ਸੀ। ਜ਼ਖ਼ਮੀ ਚੁੱਕ ਰਹੀਆਂ ਸਨ ਦੋਵੇਂ ਧਿਰਾਂ ਅਤੇ ਆਪੋ-ਆਪਣੇ ਟਿਕਾਣਿਆਂ ਤੇ ਪੁਚਾ ਰਹੀਆਂ ਸਨ।

ਲੜਾਈ ਬੰਦ ਹੋ ਗਈ। ਬੁੱਢੇ ਦਲ ਦਾ ਮੁੜ ਕੇ ਆਉਣ ਦਾ ਖ਼ਤਰਾ ਟਲ ਗਿਆ।

ਦਿਨ ਚੜ੍ਹਿਆ ਤੇ ਜਵਾਹਰ ਸਿੰਘ ਭਰਤਪੁਰੀਏ ਨੇ ਜੈਪੁਰ ਵੱਲ ਮੁਹਾਰਾਂ ਮੋੜਨ ਦੀ ਗੱਲ ਕੀਤੀ। ਜੱਸਾ ਸਿੰਘ ਆਹਲੂਵਾਲੀਏ ਨੇ ਆਖਿਆ, ਜ਼ਬਾਨ ਕੀਤੀ ਏ ਤੇਰੇ ਨਾਲ ਈ ਚੱਲਾਂਗੇ। ਪਰ ਏਧਰ ਰਾਜਾ ਮਾਧੋ ਸਿੰਘ ਡਰਾਕਲ ਸੀ ਡਰ ਗਿਆ। ਮਰਹੱਟੇ ਅੱਗੇ ਈ ਡਰੇ ਹੋਏ ਸਨ। ਪਰ ਜਦੋਂ ਬੁੱਢੇ ਦਲ ਦੀ ਫੇਰ ਆਮਦ ਸੁਣੀ ਤੇ ਪੱਤਰਾ ਵਾਚ ਗਏ। ਅਜੇ ਦਲ ਵਾਲੇ ਜੈਪੁਰ ਨਹੀਂ ਸੀ ਪੁੱਜੇ। ਡਰਦੇ ਮਾਰੇ ਸ਼ਾਹੀ ਫ਼ੌਜ ਨਾਲ ਸੁਲਹਾ ਜਾ ਕਰ ਲਈ।

ਜਦ ਬੁੱਢਾ ਦਲ ਪੁੱਜਾ ਤਦ ਮਰਹੱਟੇ ਮੈਦਾਨ ਛੱਡ ਕੇ ਭੱਜ ਗਏ ਸਨ। ਮੈਦਾਨ ਵਿਚ ਜਾਂ ਜਵਾਹਰ ਸਿੰਘ ਖੜ੍ਹਾ ਸੀ ਜਾਂ ਜੱਸਾ ਸਿੰਘ ਆਹਲੂਵਾਲੀਆ।

ਕਿਸ਼ਨਗੜ੍ਹ ਦੇ ਲਾਗੇ-ਚਾਗੇ ਦੇ ਇਲਾਕੇ ਬੁੱਢੇ ਦਲ ਨੇ ਲੁੱਟ ਲਏ।

ਜਵਾਹਰ ਸਿੰਘ ਦੀ ਪੱਗ ਦਾ ਸ਼ਮਲਾ ਅਜੇ ਵੀ ਮੈਦਾਨ ਵਿਚ ਹੋਕਾ ਦੇ ਰਿਹਾ ਸੀ। ਲਾਜ ਲਾ ਦਿੱਤੀ ਏ ਇਨ੍ਹਾਂ ਜੱਟਾਂ ਤੇ ਰਾਜਪੂਤਾਂ ਨੇ।

ਡੇਰੇ ਲਾ ਕੇ ਬੈਠੇ ਹੋਏ ਸਨ ਬੁੱਢੇ ਦਲ ਵਾਲੇ ਤੇ ਜਵਾਹਰ ਸਿੰਘ ਆਖ ਰਿਹਾ ਸੀ, ਮੇਰੀ ਲਾਜ ਰੱਖ ਲਈ ਬੁੱਢੇ ਦਲ ਨੇ।

113

ਕੈਦੀ ਛੱਡ ਦਿਓ

ਸੁੱਕੀ ਨਾ ਨਿਕਲੀ ਖੂਹ ਵਿਚ ਡਿੱਗੀ ਇੱਟ।

ਇੱਥੇ ਗੱਦੀ ਦਾ ਝਗੜਾ ਸੀ। ਜਵਾਹਰ ਸਿੰਘ ਦਾ ਭਰਾ ਨਾਹਰ ਸਿੰਘ ਗੱਦੀ ਦਾ ਹਿੱਸੇਦਾਰ ਸੀ, ਪਰ ਗੱਦੀ ਤੇ ਜਵਾਹਰ ਸਿੰਘ ਬੈਠਾ ਹੋਇਆ ਸੀ। ਉਹ ਚਾਹੁੰਦਾ ਸੀ ਕਿ ਮਰਹੱਟੇ ਜਵਾਹਰ ਸਿੰਘ ਦੀ ਅਲਖ ਮੁਕਾ ਦੇਣ ਤੇ ਗੱਦੀ ਮੈਨੂੰ ਮਿਲ ਜਾਏ। ਉਹ ਮਰਹੱਟਿਆਂ ਨੂੰ ਲੱਲਾ-ਪੋਚਾ ਕਰਕੇ ਫੇਰ ਲੈ ਆਇਆ। ਭਗੌੜਿਆਂ ਦੀ ਫ਼ੌਜ ਆ ਗਈ। ਖਰਚਾ ਤੇ ਮਿਲੇਗਾ ਈ। ਮਲਹਾਰ ਰਾਓ ਮਰਹੱਟਾ ਘੋੜੇ ਤੇ ਚੜ੍ਹਿਆ ਨਜ਼ਰ ਆਇਆ। ਲੰਬਾਟੇ, ਸੁਲਤਾਨਜੀ, ਮਾਕਾਜੀ, ਸ਼ਾਤਾ ਜੀ ਤੇ ਬਾਬਲੇ ਦੀ ਕਮਾਨ ਹੇਠਾਂ ਪੰਦਰਾਂ ਹਜ਼ਾਰ ਘੋੜ ਸਵਾਰ ਗਰਦ ਦੇ ਇਲਾਕੇ ਵਿਚ ਭੇਜ ਦਿੱਤੇ ਤੇ ਉਨ੍ਹਾਂ ਖ਼ੂਬ ਉਜਾੜਾ ਪਾਇਆ।

ਧੌਲਪੁਰ ਤੋਂ ਲੈ ਕੇ ਡਾਰ ਆਗਰੇ ਦੀਆਂ ਕੰਧਾਂ ਤੀਕ ਆ ਪਹੁੰਚੀ। ਜਵਾਹਰ ਸਿੰਘ ਨੇ ਆਪਣੀ ਫ਼ੌਜ ਤੇ ਬੁੱਢੇ ਦਲ ਦੇ ਜਥੇ ਨੂੰ ਨਾਲ ਲੈ ਕੇ ਮਰਹੱਟਿਆਂ ਨੂੰ ਘੇਰਨ ਦੀ ਵਿਉਂਤ ਬਣਾਈ। ਮਰਹੱਟੇ ਘੇਰੇ 'ਚ ਆ ਗਏ, ਫੇਰ ਖ਼ੂਨ ਦਾ ਭਾਅ ਪੁੱਛਿਆ ਜਾਣ ਲੱਗਾ ਮੈਦਾਨ ਵਿਚ।

ਪਹਿਲਾ ਹਮਲਾ ਰੰਘੜਾਂ ਕੀਤਾ ਤੇ ਫੇਰ ਮਗਰੇ ਈ ਨਿਹੰਗ ਜਾ ਪਏ। ਮਰਹੱਟੇ ਪਲ ਭਰ ਲਈ ਨਾ ਅਟਕੇ ਤੇ ਫੇਰ ਫਰਾਰ ਹੋਣੇ ਸ਼ੁਰੂ ਹੋ ਗਏ। ਬੁੱਢੇ ਦਲ ਵਾਲੇ ਹਰਨ ਹੋਣਾ ਤੇ ਜਾਣਦੇ ਈ ਸਨ, ਪਰ ਮੈਦਾਨ ਛੱਡ ਕੇ ਨੱਸਣਾ ਉਨ੍ਹਾਂ ਦੀ ਕੁੰਡਲੀ 'ਚ ਨਹੀਂ ਸੀ ਲਿਖਿਆ ਹੋਇਆ।

ਲੜੇ, ਖ਼ੂਬ ਲੜੇ, ਦਿਲ ਖੋਲ੍ਹ ਕੇ ਲੜੇ, ਪਰ ਹਰਨ ਹੋਣਾ ਖ਼ਾਲਸੇ ਦਾ ਇਕ ਗੁਣ ਸੀ। ਮਰਹੱਟੇ ਇਹ ਗੱਲ ਜਾਣਦੇ ਨਹੀਂ ਸਨ। ਮਰਹੱਟਿਆਂ ਸਮਝਿਆ ਕਿ ਬੁੱਢੇ ਦਲ ਵਾਲੇ ਦਿਲ ਛੱਡ ਗਏ ਹਨ ਤੇ ਨੱਸ ਗਏ ਹਨ ਮੈਦਾਨ ਛੱਡ ਕੇ,. ਪਰ ਇਹ ਗੱਲ ਗ਼ਲਤ ਸੀ। ਸਾਰਾ ਗੜ੍ਹ ਇਕ ਜਗ੍ਹਾ ਤੇ ਜਮ੍ਹਾਂ ਹੋ ਗਿਆ। ਹੁਣ ਲੜਨ ਦਾ ਮਜ਼ਾ ਵੀ ਆਏਗਾ ਤੇ ਮਰਨ ਦਾ ਵੀ।

ਮਰਹੱਟੇ ਸਰਦਾਰ ਵਧ-ਚੜ੍ਹ ਕੇ ਲੜ ਰਹੇ ਸਨ। ਖ਼ੂਬ ਜੌਹਰ ਵਿਖਾਏ ਬਹਾਦਰਾਂ ਨੇ। ਜਵਾਹਰ ਸਿੰਘ ਵੀ ਖ਼ੂਬ ਲੜਿਆ।

ਆਖਦੇ ਸਨ ਕਿ ਰਾਜਾ ਮਾਧੋ ਸਿੰਘ ਆਪਣੇ ਮਹਿਲ ਵਿਚੋਂ ਈ ਬਾਹਰ ਨਾ ਆਇਆ। ਰਕਮ ਤਾਰੀ ਹੋਈ ਸੀ ਕਿਉਂ ਆਉਂਦਾ ਬਾਹਰ।

ਜੰਗ ਵਿਚ ਫ਼ਤਿਹ ਪਾਉਣੀ ਆਪਣੇ ਹੱਥ-ਵੱਸ 'ਚ ਨਹੀਂ। ਇਹ ਤੇ ਕੁਦਰਤ ਦੇ ਹੱਥ ਏ ਕਿ ਕੁਦਰਤ ਕਿਹਨੂੰ ਕਲਗੀ ਲਾਉਂਦੀ ਏ।

ਸੁਲਤਾਨ ਜੀ, ਲੰਬਾਟੇ ਜ਼ਖ਼ਮੀ ਹੋ ਗਿਆ ਤੇ ਸਿੰਘਾਂ ਨੇ ਜਾ ਬੋਚਿਆ। ਪਹਿਲਾਂ ਤੇ ਉਹ ਬਹੁਤ ਡਰੇ, ਪਰ ਜਦੋਂ ਸਿੰਘਾਂ ਨੇ ਆਪਣੇ ਤੰਬੂ 'ਚ ਲੈ ਆਂਦਾ ਤੇ ਖ਼ੂਬ ਦਵਾ ਦਾਰੂ ਕੀਤਾ ਬਹੁਤ ਖ਼ੁਸ਼ ਹੋਏ।

ਰੁਹੇਲੇ ਵੀ ਮਰੇ ਖ਼ੂਬ ਮਰੇ। ਜਾਂ ਬੁੱਢੇ ਦਲ ਵਾਲੇ ਲੜਦੇ ਲੋਕਾਂ ਵੇਖੇ ਜਾਂ ਰੁਹੇਲੇ। ਬਾਕੀ ਤੇ ਐਵੇਂ ਬਾਜ਼ੀਗਰ ਦਾ ਤਮਾਸ਼ਾ ਈ ਸੀ।

ਧੌਲਪੁਰ ਦਾ ਕਿਲ੍ਹਾ ਤੇ ਐਵੇਂ ਚੌਲਾਂ ਦੇ ਭਾਅ ਮਿਲ ਗਿਆ। ਚਾਬੀਆਂ ਲੈ ਕੇ ਖੜ੍ਹਾ ਸੀ ਕਿਲ੍ਹੇਦਾਰ। ਬੁੱਢੇ ਦਲ ਦੀ ਝੋਲੀ 'ਚ ਪਾ ਦਿੱਤੀਆਂ ਚਾਬੀਆਂ।

—ਲੈ ਬਈ ਆਪਣਾ ਇਨਾਮ ਵੀ ਲੈ ਜਾ। ਪੰਜ ਮੋਹਰਾਂ ਦੀਆਂ ਭਰੀਆਂ ਥੈਲੀਆਂ ਜੱਸਾ ਸਿੰਘ ਆਹਲੂਵਾਲੀਏ ਨੇ ਇਨਾਮ ਵਜੋਂ ਦਿੱਤੀਆਂ।

ਚਾਹੁੰਦੇ ਤੇ ਚੰਬਲ ਨਦੀ ਪਾਰ ਕਰਕੇ ਮਲਹਾਰ ਰਾਓ ਹੁਲਕਰ ਤੇ ਇਕ ਕਰਾਰੀ

ਸੱਟ ਮਾਰਦੇ, ਪਰ ਜੱਸਾ ਸਿੰਘ ਆਹਲੂਵਾਲੀਏ ਨੇ ਆਖਿਆ ਛੱਡ ਦਿਓ ਇਹਦੀਆਂ ਪੱਟੀਆਂ ਕਰਕੇ। ਵਿਚਾਰਾ ਜ਼ਖ਼ਮੀ ਏ ਦਰਦ ਹੁੰਦੀ ਏ ਫੇਰ ਕਦੀ ਮੈਦਾਨ 'ਚ ਦਰਸ਼ਨ ਹੋਣਗੇ। ਸੂਰਮਾ ਏ ਘਰ ਜਾਏ, ਸਿੰਘ ਜ਼ਖ਼ਮੀਆਂ ਤੇ ਹੱਥ ਨਹੀਂ ਚੁੱਕਦੇ।

114

ਚਿੱਠੀ

ਸੱਟ ਖਾਧੇ ਸੱਪ ਨੇ ਫੇਰ ਫਨ ਚੁੱਕਿਆ ਤੇ ਫੁੰਕਾਰਾ ਮਾਰਿਆ। ਉਸ ਆਪਣੇ ਯਾਰ ਨੂੰ ਫੇਰ ਚਿੱਠੀ ਲਿਖੀ।

—ਆ ਬਈ ਸੱਜਣਾ ਤੇਰੀ ਫੇਰ ਲੋੜ ਏ। ਕਾਸਦ ਨੇ ਚਿੱਠੀ ਅਹਿਮਦ ਸ਼ਾਹ ਅਬਦਾਲੀ ਦੇ ਹਜ਼ੂਰ ਪੇਸ਼ ਕੀਤੀ। ਪੜ੍ਹੀ ਚਿੱਠੀ।

—ਲੋੜ ਪੈ ਗਈ ਨਾ ਮੇਰੀ। ਇਹ ਹਿੰਦੁਸਤਾਨੀ ਰਾਜ ਨਹੀਂ ਕਰ ਸਕਦੇ ਤੇ ਨਾ ਇਕੱਠੇ ਰਹਿ ਸਕਦੇ ਹਨ। ਇਹ ਜੁੱਤੀ ਦੇ ਯਾਰ ਹਨ। ਜਵਾਬ ਦਿੱਤਾ। ਮੈਂ ਆਇਆ ਤੂੰ ਫ਼ਿਕਰ ਨਾ ਕਰ। ਸਾਰਿਆਂ ਦੇ ਨੱਕ 'ਚ ਨਕੇਲ ਪਾ ਦੇਵਾਂਗੇ।

—ਜੇ ਮੈਂ ਜ਼ਾਲਮ ਹੁੰਦਾ ਤੇ ਮੈਨੂੰ ਕਿਉਂ ਬਾਰ-ਬਾਰ ਸੱਦਦੇ। ਮੈਂ ਸਿਰਫ਼ ਜ਼ਾਲਮਾਂ ਨੂੰ ਸਜ਼ਾ ਦਿੰਦਾ ਹਾਂ। ਮੈਂ ਆਪ ਸਾਊ ਹਾਂ।

—ਪਰ ਚਿੱਠੀ 'ਚ ਲਿਖਿਆ ਹੋਇਆ ਕੀ ਸੀ? ਇਹ ਸੁਣਾ।

ਪੰਜਾਬ ਦੀ ਸਲੇਟ ਤੇ ਜਿਹੜਾ ਤੁਹਾਡਾ ਨਾਂ ਲਿਖਿਆ ਹੋਇਆ ਸੀ, ਉਹ ਜੱਸਾ ਸਿੰਘ ਆਹਲੂਵਾਲੀਆ ਨੇ ਪੂੰਝ ਦਿੱਤਾ ਏ। ਸਾਰੇ ਪੰਜਾਬ ਤੇ ਬੁੱਢੇ ਦਲ ਦਾ ਰਾਜ ਏ ਤੇ ਐਤਕੀਂ ਉਨ੍ਹਾਂ ਨੇ ਮੇਰੇ ਤੇ ਚੜ੍ਹਾਈ ਕਰ ਦਿੱਤੀ। ਮੇਰਾ ਘਰ-ਕੁੱਲਾ ਸਭ ਕੁਝ ਲੁੱਟ ਲਿਐ। ਹਜ਼ੂਰ ਇਹ ਕੰਮ ਸਾਡਾ ਸੀ। ਬੁੱਢੇ ਦਲ ਵਾਲਿਆਂ ਨੂੰ ਵੀ ਜਾਚ ਆ ਗਈ ਏ। ਉਹ ਪਹਿਲਾਂ ਲੁੱਟਮਾਰ ਕਰਦੇ ਸਨ। ਸਿਰਫ਼ ਮੇਰੇ ਕੈਂਪਾਂ ਤੇ ਉਹ ਕਿਸੇ ਹਰਮ ਤੇ ਹਮਲਾ ਨਹੀਂ ਸਨ ਕਰਦੇ। ਕਿਸੇ ਔਰਤ ਦੀ ਬੇਹੁਰਮਤੀ ਕਰਨਾ ਉਨ੍ਹਾਂ ਦਾ ਧਰਮ ਨਹੀਂ ਸੀ। ਗ਼ਰੀਬਾਂ ਦੇ ਘਰਾਂ ਨੂੰ ਬਿਲਕੁਲ ਨਹੀਂ ਸਨ ਛੇੜਦੇ। ਕਮਜ਼ੋਰ ਤੇ ਬੁੱਢੇ ਉਨ੍ਹਾਂ ਦੀਆਂ ਨਜ਼ਰਾਂ ਵਿਚ ਬਹੁਤ ਮੁਤਬਰਕ ਸਥਾਨ ਰੱਖਦੇ ਸਨ। ਉਨ੍ਹਾਂ ਨੂੰ ਬਜ਼ੁਰਗਾਂ ਵਾਂਗੂੰ ਪੂਜਦੇ, ਔਰਤਾਂ ਦੇ ਪਰਦੇ ਦਾ ਇੰਤਜ਼ਾਮ ਬੜੀ ਚੌਕਸੀ ਨਾਲ ਰੱਖਦੇ, ਪਰ ਮੇਰੀ ਸਾਰੀ ਹਯਾਤੀ ਦੀ ਲੁੱਟੀ ਦੌਲਤ ਤੇ ਉਨ੍ਹਾਂ ਨੇ ਡਾਕਾ ਮਾਰ ਲਿਐ। ਇਹ ਜ਼ਾਲਮ ਨਹੀਂ ਆਖੇ ਜਾ ਸਕਦੇ, ਹਾਂ ਲੁਟੇਰੇ ਆਖ ਸਕਦੇ ਹੋ। ਸ਼ਾਹ ਨੇ ਜੇ ਆਉਣਾ ਏ ਤੇ ਘਰੋਂ ਈ ਇਰਾਦਾ ਪੱਕਾ ਕਰਕੇ ਆਵੇ। ਇਸ ਵੇਰੀ ਸਿਰਫ਼ ਬੁੱਢਾ ਦਲ ਈ ਨਿਸ਼ਾਨਾ ਬਣੇ ਸ਼ਾਹ ਦਾ।

ਪੁਰਾਣੀਆਂ ਛਾਉਣੀਆਂ ਤੇ ਸਾਰੇ ਥਾਣੇ ਉਹਨਾਂ ਪੱਕੇ ਕਰ ਲਏ ਹਨ। ਤੁਹਾਡਾ ਕੋਈ ਨਾਂ ਵੀ ਨਹੀਂ ਲੈਂਦਾ। ਮੈਂ ਯਤੀਮ ਹੋ ਗਿਆ ਹਾਂ ਚਿੱਟਾ ਭੁੱਖਾ। ਮੈਂ ਦੋਸਤੀ ਕੀਤੀ ਸੀ ਤੇ ਹੱਥ ਵਧਾਇਆ ਸੀ ਮੌਜਾਂ ਕਰਨਗੇ ਪਰ ਇਹ ਦੋਸਤੀ ਮਹਿੰਗੀ ਪਈ। ਸਾਰਾ ਹਿੰਦੁਸਤਾਨ ਮੇਰਾ ਦੁਸ਼ਮਨ ਏ। ਗੱਦਾਰ ਦਾ ਖ਼ਿਤਾਬ ਮਿਲ ਗਿਆ ਏ। ਥੂਹ-ਥੂਹ ਕਰਦੇ ਹਨ ਘਰ ਵਾਲੇ। ਬਾਹਰ ਵਾਲੇ ਮੂੰਹ ਤੇ ਥੁੱਕਦੇ ਹਨ। ਜੀਅ ਕਰਦਾ ਏ ਕਿਸੇ ਖੂਹ

'ਚ ਡੁੱਬ ਮਰਾਂ। ਸ਼ਾਹ ਅਜੇ ਸਲਾਹਾਂ ਕਰ ਰਿਹੈ ਤੇ ਮੇਰੀ ਜਾਨ ਨਿਕਲ ਰਹੀ ਏ।

ਚਿੱਠੀ ਭੇਜ ਦਿੱਤੀ ਸੀ, ਪੜ੍ਹੀ ਸ਼ਾਹ ਨੇ ਵੀ ਬੜਾ ਪ੍ਰੇਸ਼ਾਨ ਹੋਇਆ ਗੁੱਸੇ ਦੀ ਅੱਗ 'ਚ ਸੜ ਬਲ ਕੇ ਕੋਇਲਾ ਹੋ ਗਿਆ। ਇਨ੍ਹਾਂ ਢੀਠਾਂ ਨੂੰ ਜ਼ਰਾ ਵੀ ਨਹੀਂ ਲੱਗੀ। ਬੜੇ ਬੇਸ਼ਰਮ ਹਨ। ਇਹ ਕਾਫ਼ਰ ਜ਼ਰੂਰ ਕੋਈ ਚੰਨ੍ਹ ਚੜ੍ਹਾ ਕੇ ਰਹਿਣਗੇ।

—ਹਮਲਾ ਤੇ ਮੈਂ ਕਰਾਂਗਾ, ਕਤਲੇ-ਆਮ ਵੀ ਏਸ ਵਾਰੀ ਮੈਂ ਸਾਰੇ ਪੰਜਾਬ ਨੂੰ ਸਾੜ ਕੇ ਸੁਆਹ ਕਰ ਦੇਵਾਂਗਾ। ਮੈਂ ਵੇਖਾਂਗਾ ਜੱਸਾ ਸਿੰਘ ਆਹਲੂਵਾਲੀਏ ਨੂੰ। ਤੂੰ ਸਬਰ ਕਰ ਐਵੇਂ ਮਰਦਾ ਨਾ ਜਾ, ਮੈਂ ਆ ਰਿਹਾ ਹਾਂ।

—ਗਿਣ-ਗਿਣ ਕੇ ਬਦਲੇ ਲਵਾਂਗੇ ਦੋਵੇਂ ਜਣੇ। ਬਦਨਾਮ ਤੇ ਹੋ ਈ ਗਏ ਹਾਂ। ਬਦ ਨਾਲੋਂ ਬਦਨਾਮ ਬੁਰਾ। ਜਿੰਨੀ ਦੌਲਤ ਚਾਹੇਂਗਾ ਲੁੱਟ ਕੇ ਦੇਵਾਂਗਾ। ਇਕ ਵਾਰ ਤੇ ਸਾਰੀ ਹਵੇਲੀ ਭਰ ਦੇਵਾਂਗਾ। ਜੇ ਬੂਹੇ ਤਕ ਦੌਲਤ ਨਾ ਦੇ ਸਕਿਆ ਤੇ ਫੇਰ ਮੇਰਾ ਯਰਾਨਾ ਕਾਹਦਾ ਹੋਇਆ?

ਜਵਾਬ ਆ ਗਿਆ। ਨਜੀਬੁਲਦੌਲਾ ਨੂੰ ਹੁਣ ਜ਼ਰਾ ਕੁ ਚੈਨ ਆਇਆ ਸੀ। ਇਕੱਠੇ ਹੋਵਾਂਗੇ ਦੋਵੇਂ ਦੁੱਲੇ ਯਾਰ ਫੇਰ ਵੇਖਾਂਗੇ ਇਹ ਮੁਰਗੇ ਬਾਂਗਾਂ ਕਿੱਦਾਂ ਦੇਂਦੇ ਹਨ। ਮੇਰੀ ਤੇ ਇਨ੍ਹਾਂ ਬਾਗੜਬਿੱਲਿਆਂ ਨੇ ਜਾਨ ਸ਼ਿਕੰਜੇ 'ਚ ਫਸਾ ਦਿੱਤੀ ਏ।

ਨਜੀਬੁਲਦੌਲਾ ਹੁਣ ਇਹ ਗੱਲ ਖੁਲ੍ਹ ਕੇ ਆਖ ਰਿਹਾ ਸੀ। ਆ ਰਿਹੈ ਮੇਰਾ ਯਾਰ। ਨਾ ਏਥੇ ਮਰਹੱਟੇ ਨਜ਼ਰ ਆਉਣੇ ਨੇ ਤੇ ਨਾ ਬੁੱਢੇ ਦਲ ਦੀਆਂ ਬੜ੍ਹਕਾਂ ਕਿਸੇ ਨੇ ਸੁਣਨੀਆਂ ਨਹੀਂ। ਉਹ ਸ਼ੇਰ ਇਕੱਲਾ ਏ, ਮੈਦਾਨ ਵਿਚ ਬੁੱਕੇਗਾ। ਬਾਜ਼ ਸਾਹਮਣੇ ਚਿੜੀਆਂ ਦੀਆਂ ਡਾਰਾਂ ਦਾ ਕੀ ਮੁੱਲ।

ਚਿੜੀਆਂ ਵੀ ਬਾਜ਼ਾਂ ਦਾ ਮੁਕਾਬਲਾ ਕਰ ਸਕਦੀਆਂ ਨੇ। ਸਾਡੇ ਸਤਿਗੁਰਾਂ ਨੇ ਹੱਥ ਤੇ ਸਰ੍ਹੋਂ ਜਮਾ ਕੇ ਵਿਖਾ ਦਿੱਤੀ ਏ। ਇਕ ਪਾਸੇ ਹਜ਼ਾਰਾਂ ਦੀ ਤਾਦਾਦ ਤੇ ਇਕ ਪਾਸੇ ਗਿਣਤੀ ਦੇ ਜਵਾਨ। ਕੱਲਾ-ਕੱਲਾ ਸਾਹਿਬਜ਼ਾਦਾ ਰਣ ਵਿਚ ਉਤਰਿਆ। ਬਾਜ਼ਾਂ ਨੂੰ ਅੱਗੇ ਲਾ ਲਿਆ, ਮੁਕਾਬਲਾ ਕੀਤਾ ਤੇ ਜਾਨ ਤੇ ਖੇਡ ਕੇ ਵੀ ਵਿਖਾਇਆ।

—ਕੀ ਇਹ ਗੱਲ ਝੂਠ ਏ? ਇਕ ਨਿਹੰਗ ਦੇ ਵਿਚਾਰ ਸਨ।

—ਉਹ ਤੇ ਗੱਲ ਗੁਰੂਆਂ ਦੀ ਏ ਪਰ ਇਨ੍ਹਾਂ ਹਿਜੜਿਆਂ ਨੇ ਤਲਵਾਰਾਂ ਲੈ ਕੇ ਆਪਣੀ ਜਾਨ ਦਾ ਸੌਦਾ ਕਰਨੈਂ? ਕਦੀ ਨਹੀਂ। ਇਹ ਸਿਰਫ਼ ਹਰਮ ਦੇ ਈ ਸ਼ਿੰਗਾਰ ਹਨ। ਤਾੜੀਆਂ ਮਾਰ ਕੇ ਈ ਅਖਾੜੇ ਬਣਾ ਸਕਦੇ ਹਨ।

—ਖ਼ਾਂ ਸਾਹਬ ਤੁਸੀਂ ਵੀ ਸੱਚ ਆਖਦੇ ਹੋ ਤੇ ਅਸੀਂ ਵੀ ਸੱਚ ਬੋਲਦੇ ਹਾਂ।

—ਖ਼ਾਨ ਬਾਬਾ ਤੂੰ ਆਪਣੇ ਗੁੱਸੇ ਨੂੰ ਠੰਢਾ ਕਰਨ ਵਾਸਤੇ ਆਪਣੇ ਭਰਾਵਾਂ ਦੇ ਲਹੂ ਵਗਾਉਣ ਲੱਗੈਂ। ਇਨ੍ਹਾਂ ਪ੍ਰਦੇਸੀ ਜੋਗੀਆਂ ਨੇ ਤੇਰੇ ਨਾਲ ਨਹੀ ਚੱਲਣਾ। ਕੰਮ ਭਰਾਵਾਂ ਈ ਆਉਣਾ ਏ। ਚਾਰ ਦਿਨ ਮੁਰਗੇ ਖਾ ਲਏ ਤੇ ਜ਼ਬਾਨ ਦਾ ਚਸਕਾ ਲੈ ਕੇ ਮੁਲਕ ਗਹਿਣੇ ਪਾ ਦਿੱਤਾ। ਇਹ ਕਿਸੇ ਦੇ ਮਿੱਤ ਨਹੀਂ। ਇਨ੍ਹਾਂ ਜੁੱਤੀਆਂ ਵੀ ਮਾਰਨੀਆਂ ਨੇ ਤੇ ਤੁਹਾਨੂੰ ਬੋਲਣ ਵੀ ਨਹੀਂ ਦੇਣਾ।

—ਬਾਬਾ ਜੀ ਤੁਸਾਂ ਵੀ ਤੇ ਅੱਤ ਚੁੱਕੀ ਹੋਈ ਏ। ਜਿਹੜੀ ਲੰਡੀ-ਬੁੱਚੀ ਤੁਹਾਨੂੰ ਨਜ਼ਰਾਨਾ ਦੇ ਦੇਵੇ ਤੁਸੀਂ ਉਸ ਦੇ ਗੁਣ ਗਾਉਣ ਲੱਗ ਪੈਂਦੇ ਹੋ। ਮੇਰੀ ਤੁਹਾਡੇ ਨਾਲ ਕਾਹਦੀ ਦੁਸ਼ਮਣੀ। ਤੁਸਾਂ ਮੇਰੇ ਘਰ ਹਵੇਲੀਆਂ, ਮਹਿਲ ਸਾਰੇ ਦੇ ਸਾਰੇ ਢਾਹ ਕੇ ਢੇਰੀ ਕਰ ਦਿੱਤੇ ਹਨ। ਹੁਣ ਤੁਸੀਂ ਦੱਸੋ ਕਿ ਮੈਂ ਕਿੱਥੇ ਸਿਰ ਲੁਕਾਵਾਂ? ਤੁਹਾਡੀਆਂ

ਦਾੜ੍ਹਾਂ ਭੰਨਣ ਵਾਲਾ ਵੀ ਚਾਹੀਦੈ। ਅਸੀਂ ਤੇ ਮੁਕਾਬਲਾ ਨਹੀਂ ਕਰ ਸਕੇ ਕਿਸੇ ਨੂੰ ਤੇ ਯਾਰ ਬਣਾਉਣਾ ਈ ਪਏਗਾ। ਇਹ ਗੱਲ ਠੀਕ ਏ ਕਿ ਮਾਂਗਵੀਂ ਧਾੜ ਲੜਦੀ ਨਹੀਂ, ਪਰ ਜਦੋਂ ਵੀ ਉੱਭਰਦੇ ਓਦੋਂ ਆਪਣਾ ਲਹੂ ਵੀ ਨਜ਼ਰ ਆਉਂਦੈ। ਇਨ੍ਹਾਂ ਭਾਬੀਆਂ ਨੇ ਸਦਾ ਖੰਡ-ਚੌਲ ਨਹੀਂ ਪਰੋਸਨੇ। ਤੇਰੇ ਚੌਕੇ 'ਚ ਜੇ ਮਿੱਸੀ ਰੋਟੀ ਪੱਕਦੀ ਏ ਤੇ ਤੈਨੂੰ ਉਹਦਾ ਈ ਭਾਗ ਏ। ਬਿਗਾਨੀ ਬਰਿਆਨੀ ਦਾ ਮਜ਼ਾ ਕਿੰਨੇ ਕੂ ਦਿਨ ਦਾ ਏ। ਆਪੇ ਰਲ ਬੈਠੋ ਤੇ ਆਪੇ ਈ ਫ਼ੈਸਲਾ ਕਰੋ। ਕਿਸੇ ਨੂੰ ਸਰਪੰਚ ਨਾ ਬਣਾਓ। ਨਿਹੰਗ ਬਾਬਾ ਅਕਲ ਦੀਆਂ ਗੱਲਾਂ ਕਰ ਰਿਹਾ ਸੀ।

—ਬਾਬਾ ਮੈਂ ਤੁਹਾਥੋਂ ਵੀ ਦੁਖੀ ਹਾਂ। ਮਰਹੱਟਿਆਂ ਨੇ ਮੇਰੀ ਧੂੜ ਪੁੱਟ ਦਿੱਤੀ ਏ। ਮੁਗ਼ਲਾਂ ਦੀ ਸ਼ਾਹੀ ਫ਼ੌਜ ਨਕਾਰੀ ਏ, ਲਾਈ ਲੱਗ ਏ।

—ਮੈਂ ਓਸ ਦਹਾਨੇ ਤੇ ਖੜ੍ਹਾ ਹਾਂ, ਜਿਸ ਨੇ ਫੁੱਟਣ ਲੱਗਿਆਂ ਘੜੀ ਵੀ ਇੰਤਜ਼ਾਰ ਨਹੀਂ ਕਰਨੀ। ਨਜ਼ੀਬੁਲਦੌਲਾ ਸੜਿਆ ਬਲਿਆ ਆਖ ਰਿਹਾ ਸੀ।

ਬਾਬੇ ਨੇ ਆਖ਼ਰੀ ਫ਼ੈਸਲਾ ਦੇ ਦਿੱਤਾ,—ਬੱਚੂ ਪੱਗ ਤੇਰੀ ਰੁਲਨੀ ਏ ਗਲੀਆਂ ਵਿਚ।

—ਬੁੱਢੇ ਦਲ ਵਾਲਿਆਂ ਤੇ ਆਪਣਾ ਪੰਜਾਬ ਈ ਲੈਣਾ ਏ। ਇਹੋ ਸਾਡਾ ਹੱਕ ਬਣਦੈ। ਅਸੀਂ ਤੇਰੇ ਇਲਾਕੇ ਵੱਲ ਨਜ਼ਰ ਨਹੀਂ ਮਾਰਦੇ।

115

ਸੌ ਸਿਆਣਿਆਂ ਇਕੋ ਗੱਲ

—ਆ ਰਿਹਾ ਏ ਆਉਣ ਦਿਓ ਓਸ ਕਿਹੜਾ ਨਵਾਂ ਆਉਣੈ। ਆਏਗਾ ਤੇ ਫੇਰ ਚਲਿਆ ਜਾਏਗਾ। ਫੇਰ ਤੇਰਾ ਕੌਣ ਬਣੂ? ਰੁਹੇਲਿਆ ਅੱਲਾ ਦਾ ਖ਼ੌਫ਼ ਕਰ। ਰਹਿਮ ਕਰ ਆਪਣੇ ਭਰਾਵਾਂ ਤੇ। ਬੰਦੇ ਦਾ ਪੁੱਤ ਬਣ। ਸਾਰੇ ਜਣੇ ਮਿਲ ਕੇ ਉਹਦੇ ਗਲ ਪੈ ਜਾਓ ਤੇ ਹਮੇਸ਼ਾ ਲਈ ਉਹਦੀ ਅਲਖ਼ ਮੁਕਾ ਦਿਓ ਫੇਰ ਵੰਡੀਆਂ ਪਾ ਲੈਣੀਆਂ। ਭਰਾ-ਭਰਾ ਹਮੇਸ਼ਾ ਵੰਡਦੇ ਆਏ। ਵਿਚੋਲਾ ਕਿਉਂ ਵਿਚ ਬੈਠੇ? ਖ਼ਾਨ ਬਾਬਾ ਅਜੇ ਵੀ ਵਿਚਾਰ ਲੈ।

ਕੁੱਤੇ ਦੀ ਪੂਛ ਵੰਝਲੀ 'ਚ ਪਾ ਕੇ ਬਾਰਾਂ ਸਾਲ ਰੱਖੀਏ ਤਦ ਵੀ ਸਿੱਧੀ ਨਹੀਂ ਹੁੰਦੀ।

—ਬਾਬਾ ਮੈਨੂੰ ਚਿੱਠੀ ਆਈ ਏ। ਓਸ ਦਾ ਪਹਿਲਾ ਨਿਸ਼ਾਨਾ ਐਸ ਵੇਲੇ ਬੁੱਢਾ ਦਲ ਹੋਵੇਗਾ।

—ਆਉਣ ਦਿਓ ਧੰਨਭਾਗ। ਲੰਗਰ ਤਿਆਰ ਏ। ਇਕ ਵਾਰ ਜੇ ਸਾਹਮਣੇ ਟੱਕਰ ਹੋ ਗਈ ਤੇ ਫੇਰ ਬੁਖ਼ਾਰ ਭੰਨ ਕੇ ਤੋਰਾਂਗੇ। ਅਸੀਂ ਵੀ ਅੱਕੇ ਬੈਠੇ ਹਾਂ।

—ਬਾਬਾ ਜਾਹ ਦਲ ਵਾਲਿਆਂ ਨੂੰ ਸਲਾਹ ਦੇ-ਦੇ ਕਿ ਉਹ ਆਪਣੀ ਜਾਨ ਬਚਾ ਲੈਣ। ਉਹ ਬਾਰ-ਬਾਰ ਵੰਗਾਰ ਰਿਹਾ ਏ ਮੈਂ ਦਲ ਦਾ ਬੀ ਨਾਸ ਕਰਕੇ ਜਾਣਾ ਏ।

—ਪ੍ਰਾਹੁਣੇ ਆਉਂਦੇ ਹਨ ਰਹਿੰਦੇ ਹਨ, ਜਾਂਦੇ ਹਨ। ਮਾਲਕ ਨਹੀਂ ਬਣ ਬਹਿੰਦੇ। ਘਰ ਵਾਲਿਆਂ ਘਰ ਈ ਰਹਿਣਾ ਏ।

—ਬਾਬਾ ਜਾਹ, ਜਲਦੀ ਜਾਹ। ਅਹਿਮਦ ਸ਼ਾਹ ਅਬਦਾਲੀ ਚੜ੍ਹ ਪਿਆ ਏ। ਉਹਦਾ

ਕਿਸੇ ਨੇ ਰਾਹ ਨਹੀਂ ਰੋਕਿਆ। ਦਲ ਵਾਲਿਆਂ ਨੂੰ ਕਹੋ ਕੋਈ ਚਾਰਾ ਕਰ ਲੈਣ।

—ਅਸਾਂ ਕਿਹੜੀਆਂ ਤੋਪਾਂ ਬੀੜੀਆਂ ਹੋਈਆਂ ਹਨ। ਆਵੇ ਦਰਵਾਜ਼ੇ ਖੁੱਲ੍ਹੇ ਹਨ। ਲੰਗਰ ਤਿਆਰ ਏ। ਕੜਾਹ ਪ੍ਰਸ਼ਾਦ ਦੀ ਦੇਗ ਅਹੁ ਪਈ ਏ। ਅਸਾਂ ਜੇ ਉਹਦੀ ਜ਼ਰਾ ਵੀ ਅੱਖ ਮੈਲੀ ਵੇਖੀ ਤੇ ਅੱਖਾਂ ਕੱਢ ਦਿਆਂਗੇ।

—ਬਾਬਾ ਭੰਗ ਤੇ ਨਹੀਂ ਪੀਤੀ ਹੋਈ। ਉਹ ਅਹਿਮਦ ਸ਼ਾਹ ਅਬਦਾਲੀ ਏ। ਓਸ ਤੂਫ਼ਾਨ ਵਾਂਗੂੰ ਆਉਣਾ ਏ ਤੇ ਹਨੇਰੀ ਵਾਂਗੂੰ ਛਾ ਜਾਣਾ ਏ। ਨਾ ਕੋਈ ਦਰੱਖਤ ਰਹਿਣਾ ਏ ਤੇ ਨਾ ਕੋਈ ਝਾੜੀ, ਫੇਰ ਜੁ ਸਿਰ ਲੁਕਾਉਣ ਲਈ ਥਾਂ ਲੱਭਦੇ ਫਿਰੋਗੇ, ਪਹਿਲਾਂ ਈ ਇੰਤਜ਼ਾਮ ਕਰ ਲਵੋ।

—ਖ਼ਾਨ ਬਾਬਾ ਕੁਦਰਤ ਸਾਡੇ ਨਾਲ ਏ। ਇਹੋ ਜਿਹੇ ਲੁਟੇਰਿਆਂ ਦਾ ਕੀ ਏ। ਚੋਰਾਂ ਦਾ ਡਾਕੂਆਂ ਦਾ ਵੀ ਕੋਈ ਈਮਾਨ ਏ! ਪੈਂਤੜਾਂ ਬਦਲਨ ਲੱਗਿਆਂ ਦੇਰ ਨਹੀਂ ਲੱਗਦੀ।

—ਮੈਨੂੰ ਤਰਸ ਆਉਂਦਾ ਏ ਬਾਬਾ, ਕਿਤੇ ਬੁੱਢੇ ਦਲ ਦੀ ਹੋਂਦ ਈ ਖ਼ਤਮ ਨਾ ਹੋ ਜਾਏ। ਉਹ ਬੜਾ ਜ਼ਾਲਮ ਏ ਖ਼ੂੰਖਾਰ ਏ।

—ਅਸੀਂ ਚੱਟਾਨ ਵਾਂਗੂੰ ਖੜ੍ਹੇ ਹਾਂ। ਆਵੇ ਟੱਕਰਾਂ ਮਾਰੇ ਸਿਰ ਪੜਵਾ ਲਵੇ। ਚੰਗਾ ਖ਼ਾਨ ਫਿਰ ਮਿਲਾਂਗੇ। ਸਾਡੀ ਮਿਲਨੀ ਮੈਦਾਨ-ਏ-ਜੰਗ 'ਚ ਹੋਵੇਗੀ। ਅੱਲਾ ਨਿਗਹੇਬਾਨ ਵਾਹਿਗੁਰੂ ਰਾਖਾ।

—ਨਜ਼ੀਬੁਲਦੌਲਾ ਤੂੰ ਅਜੇ ਵੀ ਬੰਦੇ ਦਾ ਪੁੱਤ ਬਣ ਜਾ। ਭਰਾਵਾਂ ਨਾਲ ਜੱਫੀ ਪਾ ਲੈ। ਓਸ ਲੁਟੇਰੇ ਨੇ ਤੇਰੇ ਵੀ ਤੇ ਦੂਜਿਆਂ ਭਰਾਵਾਂ ਦੇ ਵੀ ਕੱਖ ਚੁਣ ਲੈਣੇ ਨੇ।

—ਸਿਰ ਮੁੰਨਵਾ ਕੇ ਐਤਵਾਰ ਨਾ ਪੁੱਛ। ਮਿਲ ਕੇ ਉਹਦਾ ਖ਼ਾਤਮਾ ਕਰ ਦਿਓ ਸੁਖੀ ਹੋ ਜਾਓਗੇ।

—ਰੁਹੇਲੇ ਇੰਨਾ ਲਾਲਚ ਦੌਲਤ ਨਾਲ ਨਹੀਂ ਕੀਤਾ ਜਾਂਦਾ। ਭਰਾ ਈ ਜਨਾਜ਼ੇ ਨੂੰ ਮੋਢਾ ਦੇਂਦੇ ਹਨ ਤੇ ਭਰਾਵਾਂ ਨੇ ਈ ਵੈਣ ਪਾਉਣੇ ਹਨ। ਢਾਕ ਮਾਂ ਨੇ ਮਾਰਨੀ ਏ। ਆਵੇ ਤੇ ਪਿਆਰ ਕਰੋ। ਦਾਅਵਤਾਂ ਕਰੋ। ਜ਼ਰਾ ਕੁ ਕਾਬੂ ਆਵੇ ਦਾਅ ਲੱਗੇ ਤੇ ਝਟਕਾ ਸੁੱਟੇ ਤੇ ਉਹਦਾ ਸਿਰ ਦਿੱਲੀ ਦੇ ਚਾਂਦਨੀ ਚੌਕ 'ਚ ਜਾ ਰੱਖੋ। ਸਾਰਾ ਹਿੰਦੁਸਤਾਨ ਤੇਰੀ ਸਰਦਲ ਤੇ ਸੱਜਦਾ ਕਰੇਗਾ। ਵਲੀ ਅੱਲਾ ਬਣ ਜਾਏਗਾ।

ਜੇ ਅਸਾਂ ਏਸ ਤਰ੍ਹਾਂ ਨਾ ਕੀਤਾ ਤੇ ਯਾਦ ਰੱਖੀਂ ਤੇਰੀ ਕਬਰ ਤੇ ਕਿਸੇ ਕੁੱਤੇ ਨੇ ਵੀ ਧਾਰ ਨਹੀਂ ਮਾਰਨੀ। ਮੈਂ ਆਖ਼ਰੀ ਵਾਰ ਆਖ ਰਿਹਾ ਹਾਂ। ਚੰਗਾ ਗੁਰੂ ਰਾਖਾ।

—ਨਿਹੰਗ ਪਾਤਸ਼ਾਹ ਤੇਰੀਆਂ ਸਾਰੀਆਂ ਗੱਲਾਂ ਸੰਭਾਲ ਕੇ ਰੱਖਣ ਵਾਲੀਆਂ ਹਨ, ਪਰ ਮੈਂ ਮਜਬੂਰ ਹਾਂ ਮੇਰੇ ਨਾਲ ਭਰਾਵਾਂ ਕੀ ਨਹੀਂ ਕੀਤਾ। ਮੈਂ ਕਈ ਵਾਰ ਮਤੇ ਪਕਾਏ। ਜੇ ਮੈਂ ਬਚ ਗਿਆ ਤੇ ਆਪਣੇ ਭਾਗਾਂ ਨਾਲ। ਇਨ੍ਹਾਂ ਤੇ ਚੰਦ ਚੜ੍ਹਾ ਈ ਦਿੱਤਾ ਸੀ।

—ਮੇਰਾ ਦੋਸਤ ਮੇਰਾ ਹਮਾਇਤੀ ਸਿਰਫ਼ ਉਹੋ ਈ ਏ। ਖ਼ੁਦਾ ਨੇ ਉਹਨੂੰ ਸਿਰਫ਼ ਮੇਰੇ ਲਈ ਪੈਦਾ ਕੀਤੈ। ਨਜ਼ੀਬੁਲਦੌਲਾ ਨੇ ਮੁੱਛਾਂ ਨੂੰ ਵੱਟ ਦਿੱਤਾ।

—ਜਾਹ ਜੇ ਤੂੰ ਜਾਣ ਬੁੱਝ ਕੇ ਅੰਨ੍ਹੇ ਖੂਹ 'ਚ ਡਿੱਗਣਾ ਚਾਹੁੰਦਾ ਏਂ ਮਰ, ਤੈਨੂੰ ਤੇ ਮੌਤ ਵੀ ਨਹੀਂ ਆਉਣੀ। ਖੂਹ ਨੇ ਵੀ ਸੱਤ-ਸੱਤ ਪੋਹ ਤੈਥੋਂ ਡਰਨਾ ਏ।

—ਬਾਬਾ ਅੱਲਾ ਮਿਹਰਬਾਨ ਏ ਤੇ ਫੇਰ ਕਿਸੇ ਵੈਰੀ ਤੋਂ ਡਰ ਕਾਹਦਾ।

—ਤੂੰ ਉੱਚੀਆਂ ਹਵਾਵਾਂ 'ਚ ਫਿਰਦੈਂ। ਮੌਜਾਂ ਲੈ-ਲੈ।

ਅਹਿਮਦ ਸ਼ਾਹ ਅਬਦਾਲੀ ਤੁਰ ਪਿਆ ਏ। ਉਸ ਪੰਜਾਬ ਦੀ ਧਰਤੀ ਨੂੰ ਘੋਸਾ ਆਣ ਦਿੱਤਾ ਏ। ਉਹ ਆਇਆ ਕਿ ਆਇਆ। ਇਹ ਇਤਲਾਹ ਅਹਿਮਦ ਸ਼ਾਹ ਅਬਦਾਲੀ ਦੇ ਇਕ ਬੰਦੇ ਦੀ ਸੀ।

—ਜਾਓ ਬਾਬਾ ਜਲਦੀ ਜਾਓ, ਉਸ ਤਾਕਤ ਤੋਂ ਬਚੋ। ਮੈਨੂੰ ਤੁਹਾਡੇ ਨਾਲ ਬਹੁਤ ਹਮਦਰਦੀ ਏ।

ਅੰਮ੍ਰਿਤਸਰ ਦੀ ਵਿਸਾਖੀ ਮਨਾ ਕੇ ਬੁੱਢੇ ਦਲ ਵਾਲੇ ਆਪਣੇ-ਆਪਣੇ ਡੇਰਿਆਂ ਨੂੰ ਛਿੜ ਪਏ। ਅੰਮ੍ਰਿਤਸਰ ਹੁਣ ਖ਼ਾਲੀ ਸੀ।

ਏਧਰ ਅੰਧਾ-ਧੁੰਦ ਅਹਿਮਦ ਸ਼ਾਹ ਅਬਦਾਲੀ ਰੜ੍ਹਦਾ ਆ ਰਿਹਾ ਸੀ ਮਾਰੋਮਾਰ ਕਰਦਾ।

ਨੇਕੇ ਤੇ ਮੁਲਤਾਨ ਦੇ ਪਾਸੇ ਅਜੇ ਤੱਕ ਦਲ ਦੇ ਪੱਕੇ ਕਬਜ਼ੇ ਨਹੀਂ ਸਨ ਹੋਏ। ਐਵੇਂ ਡਰਦੇ ਹਾਕਮ ਲੁਕਣਮਿਟੀ ਖੇਡ ਰਹੇ ਸਨ।

ਜਾਨ ਦਿਓ ਇਨ੍ਹਾਂ ਦਲ ਵਾਲਿਆਂ ਨੂੰ ਇਨ੍ਹਾਂ ਚਲੇ ਹੀ ਜਾਣਾ ਏ। ਫੇਰ ਤਾਕਤ ਅਜ਼ਮਾ ਕੇ ਵੇਖ ਲਵਾਂਗੇ।

ਬਰਸਾਤ ਆਈ, ਨਦੀ ਨਾਲੇ ਚੜ੍ਹ ਪਏ ਤੇ ਝੰਡਾ ਸਿੰਘ ਸਰਦਾਰ ਤੇ ਗੰਡਾ ਸਿੰਘ ਨੇ ਮੁਲਤਾਨ ਵੱਲ ਮੂੰਹ ਕੀਤਾ। ਮੁਲਤਾਨ ਵਾਲਿਆਂ ਬੁੱਕਲ ਮਾਰੀ ਤੇ ਲਾਂਬੇ-ਚਾਂਬੇ ਹੋ ਗਏ, ਪਰ ਖ਼ਾਲਸਾ ਚੜ੍ਹਿਆ ਹੋਇਆ ਸੀ। ਉਸ ਨਦੀ ਪਾਰ ਕੀਤੀ ਝੰਡੇ ਤੇ ਝੂੱਲ ਈ ਰਹੇ ਸਨ। ਡੇਰਾ ਗਾਜ਼ੀ ਖ਼ਾਂ ਇਸਮਾਇਲ ਖ਼ਾਂ ਦੇ ਡੇਰੇ ਜਾ ਪਏ। ਉਨ੍ਹਾਂ ਹੱਥ ਚੁੱਕ ਲਏ। ਸਿਰ ਤੇ ਰੱਖ ਲਏ ਤੇ ਅਮਾਨ-ਕਮਾਨ ਪੁਕਾਰਨ ਲੱਗੇ, ਭਾਵੇਂ ਅਫ਼ਗਾਨਾਂ ਦਾ ਕੋਈ ਜ਼ੋਰ ਨਹੀਂ ਸੀ, ਪਰ ਉਸ ਤਰ੍ਹਾਂ ਵੇਖਣ ਨੂੰ ਬੜਾ ਜ਼ੋਰ ਸੀ। ਉਥੇ ਕਬਜ਼ਾ ਜਮਾ ਲੈਣਾ ਬੜਾ ਮੁਸ਼ਕਲ ਸੀ।

ਜਦੋਂ ਆਹਮੋ-ਸਾਹਮਣਾ ਹੋਇਆ ਜਥੇ ਦੇ ਦਰਸ਼ਨ ਕੀਤੇ ਤੇ ਅਫ਼ਗਾਨਾਂ ਦੀ ਹਵਾ ਸਰਕ ਗਈ। ਤਲਵਾਰਾਂ ਭਿੜੀਆਂ ਵੀ ਤੇ ਖ਼ੂਨ ਵੀ ਡੁੱਲ੍ਹਾ। ਕਤਲ ਵੀ ਹੋਏ ਤੇ ਲਾਸ਼ਾਂ ਦੇ ਢੇਰ ਵੀ ਲੱਗੇ। ਆਖ਼ਰ ਅਫ਼ਗਾਨਾਂ ਨੇ ਗੱਲ 'ਚ ਪੱਲਾ ਪਾ ਲਿਆ ਤੇ ਨੰਗੀ ਪੈਰੀਂ ਆਣ ਕੇ ਈਨ ਮੰਨ ਲਈ। ਵਕਤ ਟਪਾ ਲਿਆ। ਵਿਚ ਵਿਚੋਲੇ ਪੈ ਗਏ ਤੇ ਆਪਸ 'ਚ ਸਮਝੌਤਾ ਕਰਕੇ ਫੈਸਲਾ ਏਥੇ ਆਣ ਕੇ ਮੁੱਕਿਆ। ਹੱਦਾਂ ਤੇ ਨਿਸ਼ਾਨ ਲਾ ਲਵੋ। ਬੁੱਢੇ ਦਲ ਨੇ ਇਹ ਫੈਸਲਾ ਪ੍ਰਵਾਨ ਕਰ ਲਿਆ। ਪਾਕ ਪਟਨ ਦੀ ਹੱਦ ਪੱਕੀ ਹੋ ਗਈ।

ਅਫ਼ਗਾਨਾਂ ਨੇ ਸੋਚਿਆ ਇਹ ਫ਼ੈਸਲਾ ਜ਼ਬਾਨੀ ਕਲਾਮੀ ਏ। ਅਹਿਮਦ ਸ਼ਾਹ ਅਬਦਾਲੀ ਦੇ ਜਦੋਂ ਦੀਦਾਰ ਹੋਏ ਤੇ ਇਹ ਕਾਗ਼ਜ਼, ਇਹ ਮੋਹਰਾਂ ਸਭ ਫੂਕ ਮਾਰਿਆ ਉੱਡ ਜਾਣੀਆਂ ਨੇ। ਇਹੋ ਜਿਹੇ ਫੈਸਲੇ ਕਈ ਵਾਰ ਹੋਏ। ਕਈ ਵਾਰ ਸੰਧੀ ਟੁੱਟੀ।

ਅਹਿਮਦ ਸ਼ਾਹ ਅਬਦਾਲੀ ਦਾ ਆਪਣਾ ਹੁਕਮ ਏ ਤੇ ਦਲ ਵਾਲਿਆਂ ਦੀ ਤੇ ਸੀਨਾਜ਼ੋਰੀ ਏ।

ਇਕ ਅਫ਼ਗਾਨ ਬੋਲਿਆ—ਜਾਓ ਬਾਬਾ ਆਪਣੇ ਘਰ ਇਹ ਸਾਡਾ ਘਰ ਏ। ਸਾਨੂੰ ਵੱਸਣ ਦਿਓ। ਜੇ ਤੁਹਾਡਾ ਆਪਣੇ ਘਰ ਨਾਲ ਪਿਆਰ ਏ ਅਸੀ ਵੀ ਮਾਂ ਮਿੱਟ੍ਹ ਨਹੀਂ ਹਾਂ। ਅਹਿਮਦ ਸ਼ਾਹ ਅਬਦਾਲੀ ਤੁਹਾਡਾ ਵੀ ਵੈਰੀ ਏ ਤੇ ਉਸ ਸਾਨੂੰ ਵੀ ਨਹੀਂ

ਬਖ਼ਸ਼ਣਾ। ਇਕੱਠੀਆਂ ਤਲਵਾਰਾਂ ਉੱਠਣ ਤੇ ਓਸ ਬਘਿਆੜ ਤੋਂ ਨਿਜਾਤ ਪਈ ਜਾ ਸਕਦੀ ਏ। ਇਹ ਗੱਲ ਹੋਣੀ ਨਹੀਂ।

116

ਮੌਤ ਦੀ ਖੂਹੀ

ਘੋੜੇ ਦੌੜ ਰਹੇ ਸਨ, ਕਿੱਧਰ ਜਾ ਰਹੇ ਸਨ? ਕੋਈ ਨਹੀਂ ਸੀ ਜਾਣਦਾ। ਸ਼ਾਹ ਸੋਚ ਰਿਹਾ ਸੀ। ਮੇਰੀ ਏਨੇ ਸਾਲਾਂ ਦੀ ਮਿਹਨਤ ਮਿੱਟੀ 'ਚ ਰੁਲ ਗਈ।

ਮੈਂ ਪੰਜਾਬ ਲੁੱਟਿਆ, ਦਿੱਲੀ ਲੁੱਟੀ, ਮਥੁਰਾ ਲੁੱਟੀ, ਆਗਰਾ ਲੁੱਟਿਆ। ਕਈ ਇਲਾਕੇ ਬਰਬਾਦ ਕੀਤੇ, ਪਰ ਆਖ਼ਰ ਮਿਲਿਆ ਕੀ? ਸੱਤਾਂ ਚੁੱਲ੍ਹਿਆਂ ਦੀ ਸਵਾਹ। ਸਾਰੇ ਪੰਜਾਬ 'ਚ ਇਕ ਹਾਕਮ ਵੀ ਮੇਰੇ ਕਹੇ ਵਿਚ ਨਹੀਂ। ਕੋਈ ਥਾਣਾ ਮੇਰੇ ਹੁਕਮ ਨੂੰ ਮੰਨਣ ਲਈ ਤਿਆਰ ਨਹੀਂ। ਕੋਈ ਛਾਉਣੀ ਮੇਰੀ ਪੁੱਛ-ਗਿੱਛ ਵਿਚ ਨਹੀਂ। ਮੈਂ ਜਾਵਾਂ ਕਿੱਧਰ? ਲੈ ਦੇ ਕੇ ਇਕ ਨਜ਼ੀਬੁਲਦੌਲਾ ਈ ਏ। ਉਹ ਆਪ ਥਾਂ-ਥਾਂ ਕਰ ਰਿਹੈ। ਮਰਹੱਟਿਆਂ ਨੇ ਉਹਦੀਆਂ ਨਾਸਾਂ ਬੰਦ ਕੀਤੀਆਂ ਨੇ ਮਰਹੱਟਿਆਂ ਨੇ ਭਾਵੇਂ ਮੇਰਾ ਨਾਂ ਸੁਣਦਿਆਂ ਈ ਪੱਤਰਾ ਵਾਚ ਜਾਣਾ ਏ। ਸਿਰਫ਼ ਜੇ ਕੋਈ ਅੜਿਆ ਏ ਤੇ ਉਹ ਏ ਬੁੱਢਾ ਦਲ।

—ਉਹ ਬੜੇ ਸਖ਼ਤ ਤੇ ਬੁਲੰਦ ਹੌਸਲੇ ਤੇ ਲੋਹੇ ਦੇ ਬੰਦੇ ਹਨ। ਉਨ੍ਹਾਂ ਤੇ ਫ਼ਤਹਿ ਪਾਉਣੀ ਬੜੀ ਮੁਸ਼ਕਲ ਏ।

ਐਵੇਂ ਛੀਟਾਂ ਦੇ ਤਾਨ ਜਾ ਰਿਹਾ ਹਾਂ। ਇਕ ਵੀ ਦੋਸਤ ਨਹੀਂ, ਸਾਰੇ ਦੇ ਸਾਰੇ ਝੂਠੇ ਨਿਕਲੇ ਦਗ਼ੇਬਾਜ਼, ਫ਼ਰੇਬੀ।

ਮੈਂ ਸਾਹਮਣੇ ਆਇਆ ਤੇ ਮੇਰੀ ਜੀ ਹਜ਼ੂਰੀ ਜੇ ਮੈਂ ਜ਼ਰਾ ਅੱਖ ਓਹਲੇ ਹੋਇਆ ਤੇ ਮੇਰੀ ਨਿੰਦਾ। ਮੇਰੀ ਜਾਨ ਦੇ ਸਾਰੇ ਦੁਸ਼ਮਨ ਹਨ।

ਬੁੱਢੇ ਦਲ ਵਾਲਿਆਂ ਮੱਲਾਂ ਮਾਰਨੀਆਂ ਸ਼ੁਰੂ ਕੀਤੀਆਂ ਤੇ ਮੁਲਤਾਨ ਤਕ ਪੁੱਜ ਗਈਆਂ। ਡੇਰਾ ਗਾਜ਼ੀ ਖ਼ਾਂ ਤੇ ਇਸਮਾਇਲ ਖ਼ਾਂ ਦਾ ਡੇਰਾ ਥਰ-ਥਰ ਕੰਬਦਾ ਏ। ਜੇ ਮੈਂ ਨਹੀਂ ਜਾਂਦਾ ਤਾਂ ਵੀ ਮੇਰੀ ਬਦਨਾਮੀ ਏ। ਮਜਬੂਰਨ ਮੈਨੂੰ ਜਾਣਾ ਪੈਣਾ ਏ। ਜੇ ਕਿਤੇ ਮੇਰੀ ਮੌਤ ਹੋ ਗਈ ਤੇ ਮੇਰਾ ਜਨਾਜ਼ਾ ਕਿਨ੍ਹਾਂ ਚੁੱਕ ਕੇ ਲਿਜਾਣਾ ਏ ਮੇਰੇ ਵਤਨ? ਏਥੇ ਈ ਸੁੱਟ ਦੇਣਗੇ। ਮੈਨੂੰ ਮੇਰੇ ਕਰਮਾਂ ਦਾ ਬਦਲਾ ਤੇ ਦੇਣਾ ਈ ਪਏਗਾ। ਖ਼ੁਦਾ ਦਾ ਨਾਂ ਲੈ ਕੇ ਚੱਲਿਆ ਹਾਂ। ਵਾਪਸ ਆਉਣਾ ਏ ਕਿ ਨਹੀਂ? ਇਹ ਤੇ ਅੱਲਾ ਈ ਬਿਹਤਰ ਜਾਣਦਾ ਏ। ਮੇਰੀ ਜਵਾਨੀ ਢਲ ਗਈ, ਮੇਰੀ ਦਹਿਸ਼ਤ ਉੱਡ ਗਈ। ਹੁਣ ਤੇ ਮੇਰੇ ਸਿਪਾਹੀਆਂ ਕੋਲੋਂ ਵੀ ਬੁੱਢੇ ਦਲ ਵਾਲੇ ਤਲਵਾਰਾਂ ਖੋਹ ਕੇ ਲੈ ਜਾਂਦੇ ਹਨ। ਕਦੀ ਵਕਤ ਸੀ ਮੇਰਾ ਕੋਈ ਪਰਛਾਵਾਂ ਨਹੀਂ ਸੀ ਲੰਘਦਾ।

—ਚੜ੍ਹ ਜਾ ਬੇਟਾ ਸੂਲੀ ਭਲੀ ਕਰੇਗੇ ਰਾਮ।

—ਬਲੀ ਦਾ ਬੱਕਰਾ ਕਦ ਤਕ ਉਹਦੀ ਮਾਂ ਖ਼ੈਰ ਮਨਾਏਗੀ।

ਇਹ ਦਲ ਵਾਲੇ ਖੂਹਿਆਂ ਵਿਚੋਂ ਨਿਕਲ ਪੈਂਦੇ ਹਨ। ਹਮਲਾ ਕਰਨਾ ਤੇ ਹਰਨ ਹੋ

ਜਾਣਾ। ਇਹ ਇਨ੍ਹਾਂ ਦੀ ਲਾਜਵਾਬ ਮਿਸਾਲ ਏ। ਹਰਨ ਹੋਣਾ ਇਹ ਵੀ ਇਕ ਅਜੂਬਾ ਏ। ਗਰਮੀ ਆ ਗਈ ਭੁੱਜ ਜਾਣਗੇ ਲੋਅ ਵਿਚ ਪਰ ਪਰਛਾਵੇਂ ਦਾ ਸਹਾਰਾ ਨਹੀਂ ਲੈਂਦੇ, ਪਰ ਸਾਡੇ ਸਿਪਾਹੀ ਸਾਰਾ ਦਿਨ ਆਪਣੇ ਹਰਮ ਵਿਚੋਂ ਬਾਹਰ ਈ ਪੈਰ ਨਹੀਂ ਕੱਢਦੇ।

ਸਿਰਫ਼ ਨਾਂ ਦਾ ਢੋਲ ਵੱਜਦਾ ਏ। ਵੈਸੇ ਕੁਝ ਨਹੀਂ। ਕੋਈ ਬਹਾਦਰੀ ਨਹੀਂ। ਘੋੜੇ, ਨਰਸਿੰਘੇ, ਝੰਡੇ, ਧੌਂਸਾ ਵੱਜੇ, ਕੰਬੇ ਧਰਤੀ ਤੇ ਖੁੰਬਾਂ ਵਾਂਗੂ ਨਿਕਲ ਆਉਣ, ਚਮਾਸਾ ਲੱਗਾ ਤੇ ਇਨ੍ਹਾਂ ਦੀ ਉਮਰ ਦੁਗਣੀ ਹੋ ਗਈ।

ਹੁਣ ਸਿਰਫ਼ ਡਰ ਏ ਤੇ ਇਕੋ, ਉਹ ਹਨ ਬੁੱਢੇ ਦਲ ਵਾਲੇ। ਨਿਹੰਗ ਘੋੜੇ ਦੌੜਾ ਰਹੇ ਸਨ, ਫ਼ੌਜਾਂ ਚੜ੍ਹੀਆਂ ਹੋਈਆਂ ਸਨ, ਨਗਾਰੇ ਵੱਜ ਰਹੇ ਸਨ, ਧੌਂਸੇ ਤੇ ਚੋਟ ਪਈ ਜ਼ਰਾ ਕੁ ਰੁਕਿਆ ਕਾਫ਼ਲਾ।

ਮੁਕਾਬਲੇ ਤੇ ਸਾਹਮਣੇ ਆਣ ਖਲੋਤੇ ਨਿਹੰਗ ਪਾਤਸ਼ਾਹ।

ਦੁਸ਼ਮਨ ਦਾ ਘਰ ਹੁਣ ਮੌਤ ਦੀ ਖੂਹੀ ਨਜ਼ਰ ਆਉਂਦੈ।

ਅਹਿਮਦ ਸ਼ਾਹ ਅਬਦਾਲੀ ਦਿਲੋਂ ਡਰ ਗਿਆ ਸੀ। ਉਹਨੂੰ ਅੰਦਰੋਂ ਆਵਾਜ਼ ਆਉਣ ਲੱਗ ਪਈ ਸੀ ਕਿ ਹੁਣ ਤੇਰੀ ਜ਼ਿੰਦਗੀ ਪੁੱਗਣ ਵਾਲੀ ਏ ਅਜੇ ਵੀ ਬਖ਼ਸ਼ਿਆ ਜਾ ਸਕਦੈਂ ਜੇ ਤਸਬੀ ਨੂੰ ਅਪਨਾ ਲਏਂ।

ਬੁੱਢੇ ਵਾਰੇ ਹੁਣ ਹੱਜ ਨੂੰ ਕੀ ਜਾਣਾ ਏ?

ਲੋਕ ਬੁੱਢੇ ਵਾਰੇ ਈ ਤੇ ਹੱਜ ਨੂੰ ਜਾਂਦੇ ਨੇ।

ਨੌ ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ।

ਹੁਣ ਤੇ ਮੈਦਾਨ ਵਿਚ ਈ ਮਰਾਂਗੇ। ਸੂਰਮੇ ਮੈਦਾਨ ਨੂੰ ਈ ਕਰਬਲਾ ਦਾ ਮੈਦਾਨ ਸਮਝਦੇ ਹਨ।

ਘੋੜਾ ਅੱਗੇ-ਅੱਗੇ ਦੌੜ ਰਿਹਾ ਸੀ ਤੇ ਪਿੱਛੇ-ਪਿੱਛੇ ਫ਼ੌਜਾਂ ਆ ਰਹੀਆਂ ਸਨ।

ਅਚਾਨਕ ਮੀਰ ਕਾਸਮ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਆਉਣ ਦਾ ਦਾਅਵਤ ਨਾਮਾ ਭੇਜਿਆ ਕਿ ਅੰਗਰੇਜ਼ ਨੇ ਮੈਨੂੰ ਤਖ਼ਤ ਤੋਂ ਲਾਹ ਦਿੱਤਾ ਏ। ਤੁਸੀਂ ਮੇਰੀ ਮਦਦ ਕਰੋ। ਮੈਂ ਨਿਹਾਲ ਕਰ ਦੇਵਾਂਗਾ। ਇਹ ਕੰਮ ਭਲਾਈ ਦਾ ਏ।

ਅਹਿਮਦ ਸ਼ਾਹ ਅਬਦਾਲੀ ਨੇ ਸੋਚਿਆ ਕਿੱਥੇ ਪੰਜਾਬ ਤੇ ਕਿੱਥੇ ਬੰਗਾਲ। ਹੱਥ ਠੋਕਾ ਮਿਲ ਗਿਆ ਅਹਿਮਦ ਸ਼ਾਹ ਅਬਦਾਲੀ ਨੂੰ।

ਕਾਸਦ ਭੇਜਿਆ ਬੁੱਢੇ ਦਲ ਦੇ ਜਥੇਦਾਰ ਕੋਲ—ਬੜਾ ਲੜ ਕੇ ਵੇਖ ਲਿਐ, ਜੇ ਤੁਸੀਂ ਸ਼ਾਹ ਦੇ ਨਾਲ ਬਰਾਬਰੀ ਕਰਨਾ ਚਾਹੁੰਦੇ ਹੋ ਜੇ ਤੁਸੀਂ ਆਤਾਇਤ ਕਬੂਲ ਕਰ ਲਵੋ, ਜੋ ਮੰਗੋਂ ਮੈਂ ਦੇਵਾਂਗਾ। ਜਾਗੀਰਾਂ ਤੁਹਾਡੀ ਮਨ-ਮਰਜ਼ੀ ਦੀਆਂ। ਠਾਣੇ ਤੁਹਾਡੀ ਪਸੰਦ ਦੇ। ਛਾਉਣੀਆਂ ਤੁਸੀਂ ਜਿੰਨੀਆਂ ਚਾਹੋ ਬਣਾ ਲਵੋ। ਮੈਂ ਤੇ ਚਲੇ ਜਾਣਾ ਏ। ਸਭ ਮਾਲਕੀ ਤੁਹਾਡੀ ਏ।

ਅੱਗੋਂ ਜਵਾਬ ਮਿਲਿਆ,

—ਤੂੰ ਕੌਣ ਏਂ ਜਾਗੀਰਾਂ ਦੇਣ ਵਾਲਾ ਮੈਦਾਨ 'ਚ ਫ਼ੈਸਲਾ ਕਰਾਂਗੇ। ਸਾਡੀ ਕਾਹਦੀ ਸੁਲਾਹ ਤੇ ਸਾਡੀ ਕਾਹਦੀ ਲੜਾਈ। ਅਸੀਂ ਤੇ ਆਪਣਾ ਹੱਕ ਮੰਗਦੇ ਹਾਂ। ਜੱਸਾ ਸਿੰਘ ਆਹਲੂਵਾਲੀਆ ਨੇ ਕੋਰਾ ਜਵਾਬ ਦਿੱਤਾ। ਚਲੇ ਜਾ, ਮੁੜ ਜਾ ਵਰਨਾ ਲਾਸ਼ ਚੁੱਕਣ ਲਈ ਅਫ਼ਗਾਨਿਸਤਾਨ ਤੋਂ ਬੰਦਿਆਂ ਨੂੰ ਸੱਦਣਾ ਪਏਗਾ।

ਸਿੰਧ ਪਾਰ ਕਰਕੇ ਲਾਹੌਰ ਨੂੰ ਸ਼ਾਹ ਨਹੀਂ ਗਿਆ। ਸ਼ਾਹ ਉਲਦੌਲਾ ਦੇ ਪੱਤਣ ਤੋਂ ਝਨਾਅ ਪਾਰ ਕੀਤੀ ਤੇ ਸਿਆਲਕੋਟ ਚਲਾ ਗਿਆ ਤੇ ਆਸੇ-ਪਾਸੇ ਦੇ ਲੋਕਾਂ ਨੂੰ ਧਮਕਾਇਆ। ਅਬਦਾਲੀ ਆ ਰਿਹਾ ਸੀ ਏਸ ਲਈ ਕੋਈ ਬੰਦਾ ਸਿੱਖ ਨੂੰ ਪਨਾਹ ਨਹੀਂ ਦੇਵੇਗਾ।

ਜਹਾਨ ਖ਼ਾਂ, ਬਰਖੁਰਦਾਰ ਖ਼ਾਂ ਤੇ ਦਰਵੇਸ਼ ਅਲੀ ਤੇ ਖ਼ਾਨ ਹਾਜ਼ਰਾ ਨੂੰ ਲਾਹੌਰ ਵੱਲ ਭੇਜ ਦਿੱਤਾ। ਜਾਓ ਆਪਣੀ ਮੱਲਗੁਜ਼ਾਰ 'ਚ ਗੇੜਾ ਮਾਰ ਕੇ ਆਓ। ਆਪਣੇ ਜ਼ੋਰ ਨਾਲ ਆਪਣੇ ਲਾਹੌਰ ਤੇ ਜ਼ਰਾ ਹੱਕ ਜਮਾ ਕੇ ਵੇਖੋ। ਬੁੱਢੇ ਦਲ ਵਾਲਿਆਂ ਬੁਥਾੜ ਸੇਕ ਦਿੱਤੇ।

ਸ਼ਾਹ ਭਾਵੇਂ ਮਗਰ-ਮਗਰ ਆ ਰਿਹਾ ਸੀ। ਮੁਹੰਮਦ ਬੂਟੀ ਤੇ ਆ ਕੇ ਮੁਕਾਮ ਕੀਤਾ। ਸਿੰਘ ਸਰਦਾਰਾਂ ਨੇ ਵੀ ਸ਼ਾਹ ਤੇ ਕੋਈ ਹਮਲਾ ਨਹੀਂ ਸੀ ਕੀਤਾ। ਉਹ ਵੀ ਵੇਖ ਰਹੇ ਸਨ ਊਠ ਕਿਸ ਕਰਵਟ ਬੈਠਦਾ ਏ।

ਬੁੱਢੇ ਦਲ ਵਾਲੇ ਏਸ ਤਾੜ ਵਿਚ ਸਨ ਕਿ ਸ਼ਾਹ ਨੂੰ ਕਰਾਰੀ ਸੱਟ ਮਾਰੀ ਜਾਏ।

ਅਹਿਮਦ ਸ਼ਾਹ ਅਬਦਾਲੀ ਆ ਗਿਆ ਸੀ। ਪਰ ਉਹ ਪਹਿਲੇ ਵਾਲਾ ਜਲਾਲ ਨਹੀਂ ਸੀ। ਚਿਹਰੇ ਤੇ ਉਦਾਸੀ ਛਾਈ ਹੋਈ ਸੀ। ਉਦਾਸੀ ਦੇ ਅਸਾਰ ਨਜ਼ਰ ਆ ਰਹੇ ਸਨ।

—ਮੌਤ ਉਹਨੂੰ ਘੇਰ ਕੇ ਲੈ ਆਈ ਏ ਅਜੇ ਵੀ ਬੜ੍ਹਕਾਂ ਮਾਰਦੈ। ਹੁਣ ਤੇਰੀ ਮਾਂ ਨੇ ਖ਼ੈਰ ਨਹੀਂ ਮੰਗਣੀ। ਦਲ ਵਾਲਿਆਂ ਸ਼ਾਹ ਦੀਆਂ ਖੁੱਲ੍ਹੀਆਂ ਵਾਗਾਂ ਛੱਡ ਦਿੱਤੀਆਂ ਨੇ। ਚੱਲ ਬੱਚੂ ਜਿਥੇ ਜਾਣਾ ਈ ਅਸੀਂ ਤੇਰੇ ਮਗਰੇ-ਮਗਰੇ ਹਾਂ।

117

ਸਰਦਾਰ ਲਹਿਣਾ ਸਿੰਘ

ਡੇਰਾ ਮੁਹੰਮਦ ਬੂਟੀ ਸੀ ਅਹਿਮਦ ਸ਼ਾਹ ਅਬਦਾਲੀ ਦਾ। ਲਾਹੌਰ ਦੀਆਂ ਖ਼ਬਰਾਂ ਦਿਨ ਵਿਚ ਤਿੰਨ ਵਾਰ ਦੇਣ ਆਉਂਦਾ ਹਲਕਾਰਾ। ਜਦ ਸੁਣਿਆ ਲਾਹੌਰ ਵਾਲਿਆਂ ਲੋਕਾਂ ਤੇ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨੇ ਘੇਰਾ ਘੱਤਿਆ ਹੋਇਆ ਏ ਤਦ ਕਿਆਮਤ ਆ ਜਾਏਗੀ। ਲਾਹੌਰ ਵਿਚ ਖ਼ੁਦਾ ਈ ਜਾਣਦੈ। ਹਾਕਮ ਲਾਹੌਰ ਦਾ ਸਰਦਾਰ ਲਹਿਣਾ ਸਿੰਘ ਮੂੰਹ ਲਪੇਟ ਕੇ ਝੁੰਗਲਮਾਟਾ ਮਾਰ ਕੇ ਲਾਹੌਰ ਵਿਚੋਂ ਨਿਕਲ ਗਿਆ। ਜਦ ਅਹਿਮਦ ਸ਼ਾਹ ਅਬਦਾਲੀ ਨੂੰ ਪਤਾ ਲੱਗਾ ਕਿ ਦਲ ਵਾਲਿਆਂ ਦਾ ਥਾਣੇਦਾਰ, ਚੌਧਰੀ ਪੰਥ ਦਾ, ਨੱਸ ਗਿਆ ਏ ਤਦ ਅਹਿਮਦ ਸ਼ਾਹ ਅਬਦਾਲੀ ਨੂੰ ਬੜਾ ਦੁੱਖ ਲੱਗਾ। ਇਕ ਸ਼ੇਰ ਪਿੰਜਰੇ ਵਿਚ ਪਿਆ ਸੀ ਕਿਸੇ ਨੇ ਦਰਵਾਜ਼ਾ ਖੋਲ੍ਹ ਦਿੱਤਾ। ਤੋਤਾ ਉੱਡ ਗਿਆ।

—ਸ਼ਾਹ ਦਾ ਦਿਲ ਬਹੁਤ ਉਦਾਸ ਸੀ। ਘਬਰਾਇਆ ਹੋਇਆ ਸੀ। ਅਕਲ ਬਾਓ ਹੋ ਗਈ ਸੀ। ਬੇਚੈਨ ਸੀ ਐਵੇਂ ਸ਼ੇਖੀ 'ਚ ਆ ਕੇ ਹਮਲਾ ਕਰ ਦਿੱਤਾ ਕਿਸੇ ਤੋਂ ਸਲਾਹ

ਨਾ ਲਈ। ਫਸ ਗਏ ਹਾਂ ਕੋਈ ਰਸਤਾ ਨਹੀ ਲੱਭਦਾ। ਅਹਿਮਦ ਸ਼ਾਹ ਅਬਦਾਲੀ ਦੇ ਵਿਚਾਰ ਸਨ।

ਸ਼ਾਹ ਉਦਾਸ ਕਿਉਂ ਏਂ। ਸੁਲਹਾ ਦੀ ਗੱਲ ਛੇੜੀ ਏ ਤੇ ਫੇਰ ਸਰਦਾਰ ਲਹਿਣਾ ਸਿੰਘ ਤੋਂ ਭਲਾ ਬੰਦਾ ਕਿਥੋਂ ਲੱਭਣੈ। ਇਕ ਸ਼ਹਿਰੀ ਨੇ ਆਖਿਆ।

—ਫੇਰ ਉਹ ਨੱਸ ਕਿਉਂ ਗਿਆ? ਮੈਂ ਉਹਦੀ ਖ਼ਿਦਮਤ ਕਰਦਾ ਅਨਾਮ-ਕਰਾਮ ਦੇਂਦਾ। ਯਾਰੋ ਮੈਂ ਏਨਾ ਈ ਬੇ-ਰਹਿਮ ਨਹੀਂ ਹਾਂ। ਲੋਕਾਂ ਦਾ ਮੇਰੇ ਤੋਂ ਇਤਬਾਰ ਈ ਉੱਠ ਗਿਐ।

ਲਹਿਣਾ ਸਿੰਘ ਈਦ ਦੇ ਦਿਨਾਂ ਵਿਚ ਮਸਜਿਦ ਦੇ ਅਮਾਮ ਨੇਕਦਿਲ ਮੌਲਵੀ ਕੁਰਾਨ ਦੇ ਹਾਫ਼ਿਜ਼ ਤੇ ਮੁਫ਼ਤੀ ਨੂੰ ਦਸਤਾਰ ਦੇ ਕੇ ਬਹੁਤ ਖ਼ੁਸ਼ ਹੁੰਦਾ ਏ। ਹਿੰਦੂ, ਮੁਸਲਮਾਨ ਉਹਦੀ ਸੱਜੀ ਖੱਬੀ ਅੱਖ ਹਨ।

—ਇਕ ਵਾਰ ਫੇਰ ਅਜ਼ਮਾ ਕੇ ਵੇਖ ਲਵੇ।

ਨਜ਼ਰਾਨੇ ਦੇ ਕੇ ਤੋਰੇ। ਸੁੱਕੇ ਮੇਵੇ, ਬਦਾਮ, ਗਿਰੀ, ਪਿਸਤਾ, ਜ਼ਰਦਾਲੂ ਤੇ ਨਾਲ ਅਸ਼ਰਫੀਆਂ ਖ਼ਿਲਤ ਬੜੇ ਸਤਿਕਾਰ ਨਾਲ ਭੇਜੀ ਤੇ ਨਾਲ ਇਕ ਚਿੱਠੀ—ਮੈਂ ਅਜੇ ਲਾਹੌਰ ਕਦਮ ਈ ਰੱਖੇ ਸਨ ਸਰਕਾਰਾਂ ਨੱਸ ਆਈਆਂ। ਸਾਨੂੰ ਦੀਦਾਰ ਦਾ ਵੀ ਮੌਕਾ ਨਹੀ ਦਿੱਤਾ। ਤੁਸੀਂ ਤਸੱਲੀ ਰੱਖ ਕੇ ਮੈਨੂੰ ਮਿਲੋ। ਬੇਖਟਕੇ ਤੁਹਾਡੀ ਪੂਰੀ ਤਰ੍ਹਾਂ ਇੱਜ਼ਤ ਕੀਤੀ ਜਾਏਗੀ।

ਮੁੜੇ ਪਿੰਡ ਦੇ ਚੌਧਰੀ ਰਹਿਮਤ ਉੱਲਾ ਬੇਗ਼। ਇਹ ਬੰਦਾ ਲਹਿਣਾ ਸਿੰਘ ਦਾ ਲੰਗੋਟੀਆ ਯਾਰ ਸੀ।

—ਮੈਂ ਚਾਹੁੰਦਾ ਹਾਂ ਕਿ ਇਕ ਦਸਤਰ ਖ਼ਾਂ ਤੇ ਬੈਠ ਕੇ ਫ਼ੈਸਲੇ ਕਰ ਲਈਏ। ਸੂਬੇਦਾਰੀ ਮੈਂ ਲਹਿਣਾ ਸਿੰਘ ਦੇ ਨਾਂ ਕਰ ਦੇਂਦਾ ਹਾਂ। ਇਲਾਕਾ ਵੰਡ ਲਵੇ ਹਿੱਸੇ ਪਾ ਲਵੇ ਮੌਜਾਂ ਲਵੇ। ਮੈਨੂੰ ਵੀ ਕੁਝ ਹਿੱਸਾ ਦੇ ਦਿਉ।

—ਇਹ ਗੱਲ ਤੁਸੀ ਬੁੱਢਾ ਦਲ ਦੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਏ ਨਾਲ ਕਰਕੇ ਵੇਖੋ। ਇਹ ਜਵਾਬ ਦੇ ਕੇ ਤੋਰਿਆ ਰਹਿਮਤ ਉੱਲਾ ਬੇਗ਼ ਦੇ ਹੱਥੀਂ।

—ਮੇਰੀ ਗੱਲ ਬੁੱਢਾ ਦਲ ਦੇ ਜਥੇਦਾਰ ਨੇ ਮੰਨਣੀ ਨਹੀਂ। ਏਸ ਲਈ ਮੈਂ ਮਜਬੂਰ ਹਾਂ। ਤੁਹਾਡੀ ਖ਼ਿਲਤ ਤੇ ਅਸ਼ਰਫ਼ੀਆਂ ਮੇਰੇ ਕਿਸੇ ਕੰਮ ਨਹੀਂ। ਇਹ ਮੇਵੇ, ਟੋਕਰੇ ਅਸ਼ਰਫ਼ੀਆਂ ਦੇ ਤੇ ਹੋਰ ਸੇਅ ਅਨਾਰ ਇਹ ਸਾਡੀ ਖ਼ੁਰਾਕ ਨਹੀਂ। ਅਸੀ ਜੱਟਬੂਟ ਹਾਂ। ਛੋਲੇ ਭੁੰਜੇ ਈ ਖਾ ਕੇ ਡਕਾਰ ਮਾਰਦੇ ਹਾਂ। ਇਹ ਕਿਸੇ ਸ਼ਹਿਜ਼ਾਦੇ ਨੂੰ ਦੇ ਦਿਓ ਤੁਹਾਡਾ ਸ਼ੁਕਰੀਆ। ਮੈਂ ਮੇਵੇ ਖਾ ਕੇ ਆਪਣੀ ਆਦਤ ਨਹੀਂ ਬਦਲਣੀ। ਨਾਲੇ ਇਹ ਸੌਗਾਤਾਂ ਸਾਨੂੰ ਹਜ਼ਮ ਨਹੀ ਹੋਣੀਆਂ। ਮੈਂ ਹੱਥ ਬੰਨ੍ਹ ਕੇ ਵਾਪਸ ਕਰ ਰਿਹਾ ਹਾਂ। ਤੁਸੀਂ ਗੱਲ ਕਰਨੀ ਏ ਤੇ ਸਿੱਧੀ ਗੱਲ ਕਰ ਲਵੋ। ਜੱਸਾ ਸਿੰਘ ਜ਼ਬਾਨ ਦਾ ਪੱਕਾ ਬੰਦਾ ਏ। ਵਿਚੋਲਾ ਪਾਉਣ ਦੀ ਕੋਈ ਲੋੜ ਨਹੀਂ। ਤੁਸੀ ਸੱਦੋ ਉਹ ਜ਼ਰੂਰ ਆਏਗਾ। ਫੜੱਕ ਮੰਗਣੀ ਤੇ ਤੜੱਕ ਵਿਆਹ।

ਸਿੰਘਾਂ ਨੇ ਟਕੇ ਵਰਗਾ ਜਵਾਬ ਦੇ ਦਿੱਤਾ—ਕਾਹਦੀ ਸੁਲਹਾ? ਸੁਲਹਾ ਜ਼ਰੂਰ ਕਰਾਂਗੇ ਪਰ ਯੁੱਧਭੂਮੀ ਵਿਚ। ਇਕ ਕਾਤਲ ਨਾਲ ਹੱਥ ਜੋੜ ਕੇ ਅਰਜ਼ ਕਰਨੀ, ਕਦੀ ਇਹ ਗੱਲ ਹੋਈ ਏ?

ਮਾੜੇ ਬੰਦੇ ਦੀ ਕੋਈ ਨਹੀ ਸੁਣਦਾ।

—ਸ਼ਾਹ ਨੂੰ ਆਖਣਾ ਰੀਝ ਲਾਹ ਲਵੇ। ਦਲ ਵਾਲੇ ਅਜੇ ਏਨੇਂ ਕਾਹਲੇ ਨਹੀਂ। ਤਸੱਲੀ ਰੱਖੇ ਇਕ ਦਿਨ ਸੁਲਹਾ ਜ਼ਰੂਰ ਕਰਨੀ ਏ।

—ਸਾਡੇ ਜੋਤਸ਼ੀ ਨੇ ਦੱਸਿਆ ਏ ਕਿ ਸਰਕਾਰ ਦਾ ਇਹ ਆਖ਼ਰੀ ਹਮਲਾ ਏ ਤੇ ਅਸੀਂ ਵੀ ਏਸੇ ਤਾਕ ਵਿਚ ਹਾਂ ਕਿ ਏਸ ਵੇਲੇ ਕਰਾਰੀ ਸੱਟ ਮਾਰੀ ਜਾਏ।

ਏਨੀ ਉਮੀਦ ਨਹੀਂ ਸੀ ਸ਼ਾਹ ਨੂੰ ਕਿ ਕਿਸੇ ਵੇਲੇ ਬੁੱਢੇ ਦਲ ਵਾਲੇ ਏਨੀ ਬੇਰੁਖ਼ੀ ਵਰਤਣਗੇ। ਮੌਲਵੀ ਅਬਦੁੱਲੇ ਦੇ ਭਰਾ ਦਾਦਨ ਖ਼ਾਂ ਨੂੰ ਲਾਹੌਰ ਦੀ ਸੂਬੇਦਾਰੀ ਦੀ ਪੱਗ ਬੰਨ੍ਹਾ ਦਿੱਤੀ ਤੇ ਆਪ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ।

ਅੱਗੇ ਅੰਮ੍ਰਿਤਸਰ ਵਿਚ ਜਥੇ ਦੇ ਕੁਝ ਸੇਵਾਦਾਰ ਈ ਮਿਲੇ ਕੋਈ ਸਰਦਾਰ ਮੱਥੇ ਨਾ ਲੱਗਾ।

ਅਜੇ ਸਾਹ ਵੀ ਨਹੀਂ ਸੀ ਆਇਆ ਖ਼ਬਰ ਆ ਗਈ ਕਿ ਲਹਿਣਾ ਸਿੰਘ ਨੇ ਲਾਹੌਰ ਲੁੱਟ ਲਿਆ ਏ ਤੇ ਸੂਬੇਦਾਰੀ ਦੀ ਪੱਗ ਖੋਹ ਲਈ ਏ। ਅਮਾਨਤ ਪੀ ਜਾਵਾਂ ਜਾਂ ਲੈਣੀ ਏ। ਜੇ ਲੈਣੀ ਏ ਤੇ ਪੱਗ ਬੰਨ੍ਹ ਕੇ ਆਇਓ ਸਾਡੇ ਸਰਦਾਰਾਂ ਨੂੰ ਸ਼ਰਮ ਆਉਂਦੀ ਏ ਨਿਰੀ ਪੱਗ ਲਾਹੁਣ। ਉਹ ਪੱਗ ਸਣੇ ਧੌਣ ਲਾਹੁਣ ਦੇ ਸ਼ੌਕੀਨ ਹਨ।

ਡਰਦਾ ਮਾਰਾ ਵੈਰੋਵਾਲ ਦਾ ਪੱਤਣ ਟੱਪ ਗਿਆ। ਜਦ ਫ਼ੌਜ ਆਈ ਤਦ ਖ਼ਾਲਸਾ ਹਰਨ ਹੋ ਚੁਕਾ ਸੀ। ਹਰਨਾਂ ਦੇ ਸਿੰਗੀਂ ਚੜ੍ਹ ਗਿਆ ਸੀ।

ਅਹਿਮਦ ਸ਼ਾਹ ਅਬਦਾਲੀ ਨੂੰ ਹੁਣ ਪਤਾ ਲੱਗਾ ਕਿ ਜਥਾ ਹੁਣ ਬਰਾਬਰ ਦੀ ਚੋਟ ਏ। ਮੁਕਾਬਲਾ ਸਖ਼ਤ ਹੋਵੇਗਾ ਜਦੋਂ ਵੀ ਆਹਮੋ-ਸਾਹਮਣਾ ਹੋਇਆ।

ਬੁੱਢੇ ਦਲ ਵਾਲੇ ਤੇ ਆਫ਼ਰੇ ਫਿਰਦੇ ਸਨ। ਉਨ੍ਹਾਂ ਵੀ ਤਲਵਾਰਾਂ ਨੂੰ ਨਵੀਂ-ਨਵੀਂ ਸਾਨ ਵਿਖਾਈ ਹੋਈ ਸੀ।

ਅਹਿਮਦ ਸ਼ਾਹ ਅਬਦਾਲੀ ਅੱਗੇ-ਅੱਗੇ ਤੇ ਮਗਰ-ਮਗਰ ਬੁੱਢੇ ਦਲ ਦੇ ਸੂਰਮੇ।

ਬਾਜ਼ ਚਿੜੀਆਂ ਨੂੰ ਖਾ ਜਾਣਾ ਚਾਹੁੰਦਾ ਸੀ, ਪਰ ਹੁਣ ਚਿੜੀਆਂ ਬਾਜ਼ਾਂ ਨੂੰ ਖਾ ਜਾਣਗੀਆਂ।

ਮੇਰਾ ਹਮਲਾ ਕਰਨਾ ਬਹੁਤ ਵੱਡੀ ਗ਼ਲਤੀ ਏ। ਮੇਰੀ ਸ਼ੋਹਰਤ ਦੇ ਸਿਰ ਸੁਆਹ ਪਵੇਗੀ।

ਨਜ਼ੀਬੁਲਦੌਲਾ ਵਿਚਾਰਾ ਮੇਰੀ ਉਡੀਕ ਕਰ-ਕਰ ਥੱਕ ਗਿਆ ਹੋਣੈਂ।

ਸੂਰਜ ਸਵਾ ਗਜ਼ ਨੇੜੇ ਤੇ ਆਣ ਖੜ੍ਹਾ ਸੀ। ਦੁਨੀਆ ਭੁੱਜ ਰਹੀ ਸੀ, ਮੱਛੀ ਜ਼ਮੀਨ ਤੇ ਡਿਗਦੀ ਤੇ ਭੜਥਾ ਹੋ ਜਾਂਦੀ।

ਨੇਕੀ ਤੇ ਬਦੀ ਦੀ ਜੰਗ ਸੀ। ਇਹ ਮਹਾਂਭਾਰਤ ਪੰਜਾਬ ਦੀ ਏ। ਹੁਣ ਸੂਬੇਦਾਰੀ ਦੀ ਪੱਗ ਸਰਦਾਰਾਂ ਦੇ ਸਿਰ ਤੇ ਈ ਰਹੇਗੀ।

118

ਨੱਠ ਵਿਖਾ ਦਿੱਤਾ

ਇਕ ਸੱਥ ਜੁੜੀ ਸ਼ਾਹ ਵਲੀ ਖ਼ਾਂ, ਜਹਾਨ ਖ਼ਾਂ, ਨਸੀਰ ਖ਼ਾਂ ਬਲੋਚ, ਪਸੰਦ ਖ਼ਾਂ ਤੇ

ਮੁਖੀ ਸਰਦਾਰ। ਗੱਲ ਛਿੜੀ ਕਿ ਬੁੱਢੇ ਦਲ ਵਾਲਿਆਂ ਨਾਲ ਸੁਲਹਾ ਦੀ ਗੱਲ ਇਕ ਵਾਰ ਫੇਰ ਛੇੜੀ ਜਾਏ। ਸ਼ਾਹ ਹੁਣ ਰਾਜ਼ੀ ਹੋ ਗਿਆ ਸੀ। ਬੜਾ ਚਿਰ ਤਲਵਾਰਾਂ ਨਾਲ ਫ਼ੈਸਲੇ ਕਰਦੇ ਰਹੇ ਹਾਂ, ਪਰ ਹੁਣ ਜੇ ਸੱਥ ਵਿਚ ਬਹਿ ਕੇ ਫ਼ੈਸਲਾ ਹੋ ਜਾਏ ਤੇ ਦੋਵੇਂ ਧਿਰਾਂ ਸੁਖੀ ਹੋ ਸਕਦੀਆਂ ਹਨ।

ਦਲ ਵਾਲੇ ਇਹ ਸੋਚ ਰਹੇ ਸਨ ਕਿ ਬੁੱਢਾ ਸ਼ੇਰ ਹੁਣ ਸਿਰਫ਼ ਭਬਕ ਦੀ ਮਾਰ ਸਕਦਾ ਏ ਕਿੰਨੇ ਕੁ ਦਿਨ ਕਿੰਨੀ ਕੁ ਵਾਰ ਪਤਵੰਤੇ ਪਾਏਗਾ? ਧਨਾਢ ਬੰਦੇ! ਭੇਜਿਆ ਏਲਚੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਦਰਬਾਰ ਵਿਚ।

ਨੂਰ ਦੀ ਸਰਾਂ 'ਚ ਡੇਰਾ ਸੀ ਅਹਿਮਦ ਸ਼ਾਹ ਅਬਦਾਲੀ ਦਾ।

ਸਰਦਾਰ ਗੰਡਾ ਸਿੰਘ ਭੰਗੀ ਤੇ ਸਰਦਾਰ ਖੁਸ਼ਹਾਲ ਸਿੰਘ ਨੂੰ ਵੱਖਰੀਆਂ-ਵੱਖਰੀਆਂ ਚਿੱਠੀਆਂ ਭੇਜੀਆਂ।

—ਜੇ ਤੁਹਾਡੀ ਇੱਛਾ ਸ਼ਾਹੀ ਖ਼ਿਦਮਤ ਦੀ ਹੋਵੇ ਤੇ ਆਣ ਮਿਲੋ ਤੇ ਤੁਹਾਡੀ ਹਰ ਗੱਲ ਤੇ ਗੌਰ ਕੀਤਾ ਜਾਏਗਾ ਨਹੀਂ ਤੇ ਮੈਦਾਨ-ਏ-ਜੰਗ 'ਚ ਈ ਫ਼ੈਸਲਾ ਹੋਵੇਗਾ। ਚੰਬੇ ਦੇ ਰਾਜੇ ਨੂੰ ਵਿਚ ਵਕੀਲ ਬਣਾਇਆ ਤੇ ਅਦੀਨਾ ਬੇਗ਼ ਦੇ ਟੱਬਰ ਵਿਚੋਂ ਸਵਾਦਤ ਯਾਰ ਖ਼ਾਂ ਨੇ ਵੀ ਹਾਮੀ ਭਰੀ ਸੁਲਹਾ ਹੋ ਜਾਣੀ ਜ਼ਰੂਰੀ ਏ। ਇਹਦੇ ਵਿਚ ਦੋਹਾਂ ਧਿਰਾਂ ਦਾ ਫ਼ਾਇਦਾ ਏ।

—ਇਲਾਕੇ ਤੁਸੀਂ ਆਪਣੀ ਮਰਜ਼ੀ ਦੇ ਮੰਗ ਲਵੋ। ਲਾਹੌਰ ਦੀ ਸੂਬੇਦਾਰੀ ਤੁਹਾਡੀ। ਹੋਰ ਕੁਝ ਚਾਹੀਦੈ ਦੇਣ ਨੂੰ ਤਿਆਰ ਹਾਂ। ਏਸ ਗੱਲ ਤੇ ਚੰਬੇ ਵਾਲੇ ਰਾਜੇ ਨੇ ਬਹੁਤ ਜ਼ੋਰ ਪਾਇਆ।

—ਅਸੀਂ ਏਨੇਂ ਨੀਵੇਂ ਹੋ ਕੇ ਤੇ ਉਹਦੇ ਥੱਲੇ ਪੈ ਕੇ ਗੱਲ ਨਹੀਂ ਕਰਨੀ। ਮਾਰ ਲਵੇ ਜਿੰਨੇਂ ਦਮਗਜੇ ਮਾਰਨੇ ਹਨ।

ਜਵਾਬ ਚਿੱਟਾ ਦਿੱਤਾ ਜੱਸਾ ਸਿੰਘ ਆਹਲੂਵਾਲੀਆ ਨੇ—ਤੂੰ ਜੇਹਲਮ ਟੱਪ ਤੇ ਅਸਾਂ ਲਾਹੌਰ ਤੇ ਆਪਣਾ ਝੰਡਾ ਲਹਿਰਾਇਆ। ਅਸੀਂ ਤੈਥੋਂ ਡਰਦੇ ਥੋੜ੍ਹੇ ਹਾਂ।

ਗੱਲ ਅੱਧ 'ਚ ਟੁੱਟ ਗਈ ਜਾਂ ਇਉਂ ਕਹੋ ਕਿ ਕਿਸੇ ਨੇ ਗੱਲ ਗੌਲੀ ਨਾ।

ਆਪਣਾ ਮੂੰਹ ਲੈ ਕੇ ਤੁਰ ਗਿਆ ਲੁਟੇਰਾ। ਸ਼ਮ੍ਹਾਂ ਬੁੱਝਣ ਵਾਲੀ ਸੀ ਟਿਮਟਿਮਾ ਰਹੀ ਸੀ ਲਾਟ।

ਜਦੋਂ ਦਲ ਵਾਲੇ ਧੌਂਸੇ ਮਾਰਦੇ, ਜੈਕਾਰੇ ਛੱਡਦੇ, ਮਾਲਵੇ ਵੱਲ ਮੁੜ ਗਏ ਤਦ ਅਹਿਮਦ ਸ਼ਾਹ ਅਬਦਾਲੀ ਦੋ-ਚਿੱਤੀ ਵਿਚ ਸੀ। ਇਕ ਵਿਚਾਰ ਇਹ ਸੀ ਹਮਲਾ ਜਾਂ ਤਖ਼ਤ ਤੇ ਜਾਂ ਤਖ਼ਤਾ। ਇਹ ਆਖ਼ਰੀ ਦਾਅ ਸੀ।

ਪਰ ਵਿਚੋਂ ਸਿਆਣਿਆਂ ਆਖਿਆ ਭਰਿਆ ਮੇਲਾ ਛੱਡੋ।

ਸਾਜਨ ਛੋੜੀਏ ਸੰਗ ਜੋ ਮੁੜ ਵੀ ਆਵਣ ਕੰਮ।

ਏਨੀ ਕੁ ਬੂਥੀ ਨਿਕਲ ਆਈ ਸਾਰੇ ਬਹਾਦਰ ਯੋਧਿਆਂ ਦੀ। ਨਾ ਸੁਲਹਾ ਈ ਹੋਈ ਤੇ ਨਾ ਜੰਗ ਦਾ ਨਗਾਰਾ ਵੱਜਿਆ।

ਸ਼ੇਰ ਖੁੱਲ੍ਹਾ ਛੱਡ ਦਿੱਤਾ ਚਾਂਗਰਾਂ ਮਾਰ ਲੈ।

ਹਾਰ ਦਾ ਮੂੰਹ ਵੀ ਵੇਖੋ

ਬੁੱਢੇ ਦਲ ਵਾਲੇ ਅੰਮ੍ਰਿਤਸਰ ਫੇਰ ਇਕੱਠੇ ਹੋ ਗਏ। ਉਨ੍ਹਾਂ ਨੂੰ ਸੋਧਣ ਲਈ ਅਹਿਮਦ ਸ਼ਾਹ ਅਬਦਾਲੀ ਨੇ ਫੇਰ ਹੁਕਮ ਦੇ ਦਿੱਤਾ।

ਏਧਰ ਹੀਰਾ ਸਿੰਘ, ਲਹਿਣਾ ਸਿੰਘ, ਗੁੱਜਰ ਸਿੰਘ ਭੰਗੀ ਵੀ ਪੁੱਜੇ ਹੋਏ ਸਨ ਅੰਮ੍ਰਿਤਸਰ ਦੀ ਰਾਖੀ ਲਈ।

ਭੁੱਖਾ ਸ਼ੇਰ ਪਵੇ ਜਿੱਦਾਂ ਸ਼ਿਕਾਰ ਉੱਤੇ ਸਰਦਾਰ ਏਸ ਤਰ੍ਹਾਂ ਖੜ੍ਹੇ ਸਨ। ਉਹ ਚੰਗਾ ਫਾਨਾ ਠੋਕਣਾ ਚਾਹੁੰਦੇ ਸਨ। ਜੰਗ ਖ਼ੂਬ ਚਮਕੀ, ਪੰਜ ਛੇ ਹਜ਼ਾਰ ਦੁਰਾਨੀ ਕਤਲ ਕਰ ਦਿੱਤੇ। ਲਹੂ ਦੀਆਂ ਛੱਪੜੀਆਂ ਥਾਂ-ਥਾਂ ਲੱਗ ਗਈਆਂ। ਅੱਲਾ-ਅੱਲਾ ਪੁਕਾਰ ਉੱਠੇ।

ਨਿਹੰਗਾਂ ਨੇ ਅੱਜ ਜੀਅ ਭਰ ਕੇ ਰੀਝਾਂ ਲਾਹੀਆਂ। ਅੱਜ ਮਿਲਿਆ ਏ ਬਦਲਾ ਘੁੱਪ ਹਰੀੜਾਂ ਦਾ। ਹੁਣ ਸੋਚਾਂ ਪਈਆਂ ਜਹਾਨ ਖ਼ਾਂ ਨੂੰ। ਉਹਦੀ ਸਰਦਾਰੀ ਥੱਲੇ ਲੜ ਰਹੇ ਸਨ ਜਿਹੜੇ ਫ਼ੌਜੀ ਉਹਨਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ।

ਸਮਝੋ ਅੱਧਾ ਗ਼ਰੂਰ ਮੱਠਾ ਪੈ ਗਿਆ ਤੇ ਫ਼ੌਜ ਨੱਸਣ ਲੱਗ ਪਈ। ਅਹਿਮਦ ਸ਼ਾਹ ਅਬਦਾਲੀ ਨੂੰ ਪਤਾ ਲੱਗਾ ਕਿ ਫ਼ੌਜ ਹਾਰ ਗਈ ਏ ਤੇ ਬੁੱਢੇ ਦਲ ਨੇ ਅੱਧੀ ਫ਼ੌਜ ਝਟਕਾ ਸੁੱਟੀ ਏ। ਫੇਰ ਚੜ੍ਹਿਆ ਸ਼ੇਰ।

—ਅੱਗੇ ਸਿੰਘਾਂ ਨੇ ਚੰਗੀ ਚੋੜ ਲਾਈ। ਹੁਣ ਫ਼ੈਸਲਾ ਸੀ ਕਿ ਨੱਸ ਚਲੀਏ ਜਾਂ ਹਾਰ ਮੰਨ ਲਈਏ। ਜਦੋਂ ਅਬਦਾਲੀ ਪੁੱਜਾ ਤੇ ਵਕਤ ਲੰਘ ਚੁੱਕਾ ਸੀ। ਅੱਧੀ ਫ਼ੌਜ ਨੱਸ ਗਈ ਸੀ ਤੇ ਇੱਧਰ ਖ਼ਾਲਸਾ ਵੀ ਹਰਨ ਹੋ ਚੁੱਕਾ ਸੀ। ਤਲੀਆਂ ਮਲ ਕੇ ਰਹਿ ਗਿਆ ਅਹਿਮਦ ਸ਼ਾਹ ਅਬਦਾਲੀ।

ਛਿੱਥੇ ਪਏ ਅਹਿਮਦ ਸ਼ਾਹ ਅਬਦਾਲੀ ਨੇ ਹੁਕਮ ਸਾਦਰ ਕੀਤਾ—ਕੋਈ ਬੰਦਾ ਦਲ ਦਾ ਸਿੱਖ ਬੱਚਾ, ਛੋਟਾ, ਬੁੱਢਾ ਕੋਈ ਵੀ ਮਿਲੇ, ਕਤਲ ਕਰ ਦਿੱਤਾ ਜਾਏ।

ਬੁੰਗੇ ਜਿਹੜੇ ਅੱਧੇ ਬਣੇ ਸਨ ਜਾਂ ਖੜ੍ਹੇ ਸਨ ਸਾਰੇ ਜ਼ਮੀਨ ਦੇ ਬਰਾਬਰ ਕਰ ਦਿੱਤੇ। ਅੰਮ੍ਰਿਤਸਰ ਵਾਲੇ ਘਰ ਛੱਡ ਕੇ ਨੱਸ ਗਏ।

ਜਹਾਨ ਖ਼ਾਂ ਬੜੀ ਮੁਸ਼ਕਲ ਨਾਲ ਜਾਨ ਬਚਾ ਕੇ ਭੱਜਾ। ਅਬਦਾਲੀ ਮੂੰਹ ਚੁੱਕ ਕੇ ਵੇਖ ਰਿਹਾ ਸੀ। ਇਹ ਕੀ ਕੀਤਾ ਈ ਅੱਲਾ?

ਕਈ ਵਾਰ ਅੰਮ੍ਰਿਤਸਰ ਨੂੰ ਲਹੂ ਦੀ ਹੋਲੀ ਖੇਡਣੀ ਪੈ ਗਈ। ਏਦਾਂ ਈ ਇਕ ਨਿਹੰਗ ਭੰਗ ਦੇ ਨਸ਼ੇ ਵਿਚ ਆਖਣ ਲੱਗਾ—ਹੋਰ ਲੈ ਆ ਕੁੜਮ ਜਵਾਈ ਸਾਰੇ ਪੁੱਠੇ ਲਮਕਾ ਦਿਆਂਗੇ। ਕੁੱਤੇ ਤੈਨੂੰ ਅਜੇ ਤਕ ਸ਼ਰਮ ਨਹੀਂ ਆਈ। ਫੱਕਾ ਮਰਵਾ ਲਿਆ ਈ ਨਾ ਸ਼ੇਖੀ ਵਿਚ।

—ਹਾਰ ਦਾ ਮੇਲਾ ਵੇਖ ਲਿਆ ਈ ਹੁਣ ਤੇ ਡੁੱਬ ਮਰ।

ਸ਼ਾਹ ਵਿੱਚੋ-ਵਿੱਚ ਆਪਣਾ ਗੁੱਸਾ ਪੀ ਗਿਆ।

ਝੰਡੇ ਝੁੱਲੇ ਨਗਾਰੇ ਵੱਜੇ, ਢੋਲ ਖੜਕਿਆ। ਢੋਲ ਢਮੱਕਿਆਂ ਨਾਲ ਬੁੱਢਾ ਦਲ ਮਾਲਵੇ ਦੀ ਧਰਤੀ ਨੂੰ ਭਾਗ ਲਾਉਣ ਜਾ ਰਿਹਾ ਸੀ।

ਅੰਮ੍ਰਿਤਸਰ ਵਿਚ ਕਿਸੇ ਸਿੰਘ ਦਾ ਨਾਂ ਨਿਸ਼ਾਨ ਨਹੀਂ ਸੀ। ਓਸ ਬਿੱਲੀ ਦਾ ਬੱਚਾ

ਵੀ ਨਾ ਰਹਿਣ ਦਿੱਤਾ। ਹਿੰਦੂ ਕੁਝ ਬਚੇ, ਬਾਕੀ ਸਭ ਤਲਵਾਰ ਦੀ ਭੇਟ ਚੜ੍ਹ ਗਏ।

ਏਨੀ ਜੁਰੱਅਤ, ਅਹਿਮਦ ਸ਼ਾਹ ਅਬਦਾਲੀ ਅੱਗੇ ਏਨੀ ਗੁਸਤਾਖ਼ੀ, ਇਹਦੀ ਸਜ਼ਾ ਜ਼ਰੂਰ ਦੇਵਾਂਗਾ। ਇਹ ਬੁੱਢੇ ਦਲ ਵਾਲੇ ਆਪਣੇ ਆਪ ਨੂੰ ਕੀ ਸਮਝਦੇ ਹਨ।

120

ਆਹ ਲੈ ਖ਼ਾਲੀ ਗੱਡੀ

ਅਹਿਮਦ ਸ਼ਾਹ ਅਬਦਾਲੀ ਬੜਾ ਖ਼ਚਰਾ ਤੇ ਚਾਲਾਕ ਸੀ ਤੇ ਮੀਸਨਾ ਵੀ। ਉਸ ਸੱਦ ਲਏ ਰਾਜੇ, ਮਹਾਰਾਜੇ, ਸਰਪੰਚ, ਜ਼ਿਮੀਦਾਰ ਵੀ ਤੇ ਗੱਲ ਛੇੜੀ। ਹੁਣ ਤਲਵਾਰ ਦੇ ਫ਼ੈਸਲੇ ਸਿਰੇ ਚੜ੍ਹਦੇ ਨਹੀਂ ਜਾਪਦੇ। ਇਸ ਲਈ ਸਾਨੂੰ ਦਸਤਰ ਖ਼ਾਨ ਤੇ ਬੈਠ ਕੇ ਕੋਈ ਗੱਲ ਮੁਕਾ ਲੈਣੀ ਚਾਹੀਦੀ ਏ। ਇਹਦੇ ਵਿਚ ਪਟਿਆਲੇ ਦੇ ਸਰਦਾਰ ਹਿੰਮਤ ਸਿੰਘ ਤੇ ਵਜ਼ੀਰ ਵੀ ਸ਼ਾਮਲ ਸਨ ਤੇ ਵਕੀਲ ਵੀ।

—ਗੱਲ ਕਿੱਦਾਂ ਮੁਕਾਈ ਜਾਏ, ਬੁੱਢੇ ਦਲ ਦਾ ਤੇ ਕੋਈ ਜੀਅ ਨਜ਼ਰ ਨਹੀਂ ਸੀ ਆਉਂਦਾ।

—ਇਹ ਵਿਚੋਲੇ ਵਕੀਲ ਈ ਸਮਝ ਲਵੇ। ਬੁੱਢੇ ਦਲ ਵਲੋਂ ਗੱਲ ਤੋਰੀ ਜਾਏ।

—ਪਰ ਅੱਗੇ ਈ ਜਿਹੜੇ ਨੰਨਾ ਧਰੀ ਬੈਠੇ ਸਨ ਉਹ ਕਿਸ ਤਰ੍ਹਾਂ ਉਂਗਲੀ ਲੱਗਣ।

—ਵਕੀਲ ਏਸ ਲਈ ਸੱਦੇ ਹਨ ਕਿ ਦਲ ਵਾਲੇ ਬਹੁਤ ਦੁਖੀ ਹਨ। ਸ਼ਾਹ ਨੇ ਉਨ੍ਹਾਂ ਦਾ ਬਹੁਤ ਨੁਕਸਾਨ ਕੀਤੈ। ਮੁੜ-ਮੁੜ ਕੇ ਉਹੋ ਗੱਲ ਨਹੀਂ ਕਰੀਦੀ। ਤਾੜੀ ਦੋ ਹੱਥਾਂ ਨਾਲ ਵੱਜਦੀ ਏ। ਸ਼ਾਹ ਇੱਧਰ ਬੰਦਿਆਂ ਨੂੰ ਚੋਗਾ ਪਾ ਕੇ ਭੇਰ ਰਿਹਾ ਸੀ। ਇਕ ਵਾਰ ਫੁੱਟ ਜਾਣ ਫੇਰ ਮੇਰੀ ਚਾਂਦੀ ਏ। ਇਨ੍ਹਾਂ ਨੂੰ ਮੈਂ ਫੇਰ ਖੁੱਡੇ ਵਿਚ ਤੱਕ ਲਵਾਂਗਾ।

ਬੁੱਢੇ ਦਲ ਵਾਲੇ ਸ਼ਾਹ ਦਾ ਖੁਰਾ ਨੱਪੀ ਜਾ ਰਹੇ ਸਨ। ਜਿੱਥੇ ਵੀ ਦਾਅ ਲੱਗਦਾ, ਲੁੱਟੀ ਜਾ ਰਹੇ ਸਨ।

ਸ਼ਾਹੀ ਖ਼ਜ਼ਾਨੇ ਦਾ ਰਾਖਾ ਨਸੀਰ ਖ਼ਾਂ ਬਲੋਚ ਨੂੰ ਥਾਪਿਆ ਗਿਆ। ਬਲੋਚ ਆਪਣੇ ਆਪ ਨੂੰ ਕਹਿੰਦਾ-ਕਹਾਉਂਦਾ ਬਹਾਦਰ ਸਮਝਦਾ ਸੀ, ਪਰ ਦਲ ਵਾਲਿਆਂ ਦੀ ਇਕ ਚਪੇੜ ਵੀ ਨਹੀਂ ਸੀ ਸਹਾਰ ਸਕਦਾ।

ਤਿੰਨ ਸੌ ਊਠ ਇਕ ਕਾਫ਼ਲਾ ਦੌਲਤ ਨਾਲ ਲੱਦੇ ਗੱਡੇ।

—ਬਲੋਚਾ, ਊਠ ਅਸੀਂ ਲੈ ਚਲਦੇ ਹਾਂ। ਮਾਲ ਸਾਡਾ ਊਠ ਤੇਰੇ। ਕਹਿਨਾ ਏਂ ਤੇ ਖ਼ਾਲੀ ਊਠ ਭੇਜ ਦਿਆਂਗੇ। ਸ਼ਾਹੀ ਸੰਦੂਕ ਤੇਰੇ ਸਾਹਮਣੇ ਚੁੱਕ ਕੇ ਲੈ ਚੱਲੇ ਹਾਂ। ਥੋੜ੍ਹ, ਸੱਦ ਲੈ ਪਿਓ ਨੂੰ, ਸਾਨੂੰ ਹੱਥ ਪਾ ਲੈ। ਅਸੀਂ ਚੱਲੇ ਹਾਂ ਗੁਰੂ ਦਾ ਨਾਂ ਲੈ ਕੇ। ਮਗਰ ਆਵੇ ਤੇ ਸ਼ਗਨ ਪਾ ਕੇ ਤੋਰਾਂਗੇ। ਚੰਬੇ ਵਾਲੇ ਰਾਜੇ ਨੇ ਆਖਿਆ ਅੰਨਦਾਤਾ ਘਿਓ ਗੁੜ ਨਾਲ ਭਰੇ ਗੱਡੇ ਮੈਂ ਭੇਜ ਰਿਹਾ ਹਾਂ ਹਜ਼ੂਰੀ ਵਿਚ। ਫ਼ੌਜ ਭੁੱਖੀ ਨਾ ਮਰੇ, ਪਰ ਦਲ ਵਾਲਿਆਂ

ਨੇ ਸਾਰਾ ਸਮਾਨ ਉਹਦੇ ਸਾਹਮਣੇ ਈ ਲਾਹ ਲਿਆ। ਇਹਦੀ ਸਾਨੂੰ ਲੋੜ ਏ। ਖ਼ਾਲੀ ਗੱਡੇ ਅਸੀਂ ਭੇਜ ਦੇਵਾਂਗੇ। ਅਸਾਂ ਬੇਈਮਾਨੀ ਨਹੀਂ ਕਰਨੀ। ਗੱਡੇ ਤੁਹਾਡੇ ਤੇ ਮਾਲ ਸਾਡਾ। ਸਾਡਾ ਈ ਮਾਲ ਏ ਅਸਾਂ ਈ ਲੁੱਟ ਲਿਐ।

—ਇਹ ਤੇ ਅੱਤ ਨੂੰ ਹੱਥ ਲਾਉਣ ਵਾਲੀ ਗੱਲ ਏ ਖ਼ਾਲਸਾ ਜੀ।

—ਸ਼ਾਹ ਦਾ ਦਿਲ ਟੁੱਟ ਗਿਆ। ਮੇਰੀ ਪੱਗ ਮੇਰੇ ਸਾਹਮਣੇ ਮਿੱਟੀ 'ਚ ਰੋਲੀ ਜਾਏ।

ਸ਼ਾਹ ਦੀ ਹਕੂਮਤ ਸਿਰਫ਼ ਓਹੀ ਜਗ੍ਹਾ ਤੇ ਸੀ ਜਿੱਥੋਂ ਦੀ ਉਹਦੀ ਫ਼ੌਜ ਲੰਘਦੀ। ਬਾਕੀ ਇਲਾਕਾ ਤੇ ਦਲ ਵਾਲਿਆਂ ਦਾ ਸੀ।

ਰਾਖੀ ਥੱਲੇ ਲਏ ਪਿੰਡ ਦਲ ਵਾਲੇ ਬੜੀ ਚੌਕਸੀ ਨਾਲ ਪਹਿਰਾ ਦਿੰਦੇ। ਹਰ ਹਰਜ਼-ਮਰਜ਼ ਦੇ ਜ਼ਿੰਮੇਵਾਰ ਸਨ ਸੂਰਮੇ।

ਅਹਿਮਦ ਸ਼ਾਹ ਅਬਦਾਲੀ ਦਾ ਕੋਈ ਹਮਾਇਤੀ ਨਹੀਂ ਸੀ, ਪਰ ਦਲ ਵਾਲਿਆਂ ਦਾ ਸਾਰਾ ਪਿੰਡ ਪਾਣੀ ਭਰਦਾ। ਸਰਹੰਦ ਭਾਵੇਂ ਪਟਿਆਲੇ ਵਾਲੇ ਦੀ ਮਾਲਕੀ ਸੀ, ਪਰ ਜਦੋਂ ਅਹਿਮਦ ਸ਼ਾਹ ਦੀ ਬੁਰੀ ਨਜ਼ਰ ਆ ਜਾਂਦੀ ਤੇ ਸਰਹੰਦ ਵਾਲਿਆਂ ਦੇ ਕੁੱਕੜ ਉਨ੍ਹਾਂ ਦੀ ਬੋਲੀ ਬੋਲਦੇ।

ਸ਼ਾਹ ਨੇ ਘੋੜੇ ਤੇ ਪਲਾਕੀ ਮਾਰੀ ਤੇ ਲਗਾਮ ਨੂੰ ਜ਼ਰਾ ਕੁ ਤੁਣਕਾ ਦਿੱਤਾ। ਘੋੜੇ ਨੇ ਚਾਲ ਫੜੀ ਤੇ ਦਲ ਵਾਲਿਆਂ ਆਪਣੇ ਝੰਡੇ ਗੱਡ ਦਿੱਤੇ। ਫੇਰ ਉਹੋ ਈ ਬਾਂਗ ਦੇਂਦੇ ਜਿਹੜੇ ਦਲ ਵਾਲੇ ਆਖਦੇ। ਦਲ ਵਾਲਿਆਂ ਦੇ ਲੋਕ ਸਭ ਹਮਦਰਦ ਸਨ, ਪਰ ਜਦੋਂ ਜੁੱਤੀ ਵੇਖਦੇ ਤੇ ਝੱਟ ਈ ਪੈਂਤੜਾ ਬਦਲ ਲੈਂਦੇ।

ਪੰਜਾਬ 'ਚ ਵੱਸਣਾ ਏ ਤੇ ਪੰਜਾਬ ਦੀ ਖ਼ੈਰ ਮੰਗਣੀ ਏ। ਲੁਟੇਰੇ ਨਾਲ ਕੁੜਮਾਚਾਰੀ ਨਹੀਂ ਨਿਭਣੀ। ਪਹਿਲਾਂ ਭਰਾ, ਫੇਰ ਗਵਾਂਢੀ ਤੇ ਫੇਰ ਕੋਈ ਦੂਜਾ।

ਅਹਿਮਦ ਸ਼ਾਹ ਅਬਦਾਲੀ ਮੀਸਣਾ ਸੀ, ਚਾਲਬਾਜ਼ ਸੀ। ਧੋਖਾ ਦੇਣਾ ਤੇ ਅੱਖਾਂ ਵਿਚ ਮਿਰਚਾਂ ਪਾਉਣੀਆਂ। ਦਲ ਵਾਲਿਆਂ ਨੇ ਵੀ ਗੱਲ ਤਾੜ ਲਈ।

ਇਕ ਨਿਹੰਗ ਆਖਣ ਲੱਗਾ—ਚੱਲ ਬੱਚੂ, ਕਿੱਦਾਂ ਨੂੰ ਨਜ਼ੀਬੁਲਦੌਲੇ ਨਾਲ ਬੈਠ ਕੇ ਬਰਿਆਨੀ ਖਾਂਦੈ।

ਇਹ ਬੜ੍ਹਕ ਸ਼ਾਹ ਨੂੰ ਮਿਲ ਗਈ। ਰਾਹ ਸਾਰੇ ਬੰਦ ਸਨ। ਅਹਿਮਦ ਸ਼ਾਹ ਅਬਦਾਲੀ ਨੇ ਇਕ ਜਗ੍ਹਾ ਤੇ ਆਪਣਾ ਡੇਰਾ ਕੀਤਾ।

ਇਕ ਹਲਕਾਰਾ ਆਇਆ ਊਠਨੀ ਸਵਾਰ—ਹਜ਼ੂਰ ਮੈਂ ਬੰਗਾਲ ਤੋਂ ਆਇਆ ਹਾਂ। ਨਵਾਬ ਮੀਰ ਕਾਸਮ ਦਾ ਸੁਨੇਹਾ ਲੈ ਕੇ। ਤੁਹਾਡੀ ਗੱਲਬਾਤ ਤੇ ਪੱਕੀ ਹੋ ਚੁੱਕੀ ਏ। ਆਹ ਲਉ ਪੇਸ਼ਗੀ ਰਕਮ ਤੇ ਜ਼ਰਾ ਬੰਗਾਲ ਵੱਲ ਵੀ ਫੇਰਾ ਪਾ ਆਓ।

—ਈਸਟ ਇੰਡੀਆ ਕੰਪਨੀ ਦਾ ਇਕ ਭਾਰੀ ਧੜਾ ਏ। ਦੋਹੀਂ ਪਾਸੀਂ ਬੰਗਾਲ ਵਿਚ ਫ਼ੌਜ ਜਿਹਦਾ ਸਰਬਰਾ ਮੀਰ ਕਾਸਮ ਏ। ਅੰਗ੍ਰੇਜ਼ਾਂ ਨੇ ਉਸਨੂੰ ਤਖ਼ਤ ਤੇ ਬਿਠਾ ਦਿੱਤਾ ਏ ਤੇ ਵਿਚਾਰੇ ਸਰਾਜੁਲਦੌਲਾ ਦੀ ਔਲਾਦ ਨੂੰ ਬੰਗਾਲ 'ਚੋਂ ਕੱਢ ਦਿੱਤਾ ਏ। ਪਹਿਲਾਂ ਤੇ ਅੰਗ੍ਰੇਜ਼ਾਂ ਨੇ ਮੀਰ ਕਾਸਮ ਨੂੰ ਆਪਣਾ ਹੱਥ ਠੋਕਾ ਬਣਾਇਆ ਤੇ ਹੁਣ ਅੱਖਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਨੇ ਲਾਲ ਸੂਹੀਆਂ ਅੱਖਾਂ। ਅੱਗੋਂ ਉਹ ਵੀ ਸਿੱਧਾ ਹੋ ਗਿਆ। ਅੰਗ੍ਰੇਜ਼ ਹੁਣ ਉਹਨੂੰ ਤਖ਼ਤ ਤੋਂ ਲਾਹੁਣ ਨੂੰ ਫਿਰਦੇ ਹਨ।

ਤੀਜੇ ਪਾਸੇ ਰੁਹੇਲੇ ਤੇ ਚੌਥਾ ਪਾਸਾ ਮਰਹੱਟਿਆਂ ਦਾ। ਜੇ ਤੁਸਾਂ ਇਕ ਵਾਰ ਵੀ

ਸਿਰ ਕੱਢ ਕੇ ਵਿਖਾਇਆ ਤੇ ਫੇਰ ਅੰਗ੍ਰੇਜ਼ ਮਦਾਰੀ ਮੁੜ ਜਾਣਗੇ ਪਿਛਲੀ ਪੈਰੀ। ਇਹਦੇ ਨਾਲ ਸਾਡੀ ਹਕੂਮਤ ਬਣੀ ਰਹੇਗੀ। ਇਹ ਦਬਕਾ ਈ ਏ ਤਲਵਾਰ ਨਹੀਂ ਚਲਾਉਣੀ ਪੈਣੀ।

ਅੰਗ੍ਰੇਜ਼ ਲੜਨ ਤੋਂ ਬਗ਼ੈਰ ਈ ਉਨ੍ਹਾਂ ਦੀਆਂ ਧੌਣਾਂ ਮਰੋੜਨੀਆਂ ਚਾਹੁੰਦਾ ਸੀ ਗੱਲਾਂ-ਬਾਤਾਂ ਦਾ ਜਾਲ ਬੁਣ ਕੇ।

ਅਹਿਮਦ ਸ਼ਾਹ ਅਬਦਾਲੀ ਵੀ ਆਈ ਪੇਸ਼ਗੀ ਰਕਮ ਦਾ ਡਕਾਰ ਮਾਰ ਗਿਆ। ਬੰਗਾਲ ਵਾਲੇ ਮੂੰਹ ਚੁੱਕ ਕੇ ਵੇਖਦੇ ਰਹੇ।

ਜਵਾਬ ਦਿੱਤਾ ਹਲਕਾਰੇ ਨੂੰ—ਅਜੇ ਵਕਤ ਨਹੀਂ ਮੈਨੂੰ ਰੁਝੇਵਾਂ ਬਹੁਤ ਏ। ਮੈਂ ਵਾਪਸ ਜਾ ਰਿਹਾ ਹਾਂ। ਬਹੁਤ ਜਲਦੀ ਮੁੜ ਕੇ ਆਵਾਂਗਾ। ਮੇਰੇ ਘਰ ਵਿਚ ਝਗੜੇ ਸਿਰ ਚੁੱਕ ਰਹੇ ਹਨ। ਜ਼ਰਾ ਕੁ ਨਜਿੱਠ ਲਵਾਂ ਤੇ ਫੇਰ ਖ਼ਿਦਮਤ ਕਰਾਂਗਾ। ਇੰਨਾ ਚਿਰ ਤੁਸੀਂ ਲਾਰਾ-ਲੱਪਾ ਲਾਈ ਰੱਖੋ। ਸਾਰਿਆਂ ਨੂੰ ਪੁੱਤ ਦਿੰਦੇ ਜਾਓ। ਕਿਸੇ ਨੂੰ ਨਾਂਹ ਨਹੀਂ ਕਰਨੀ। ਘੋੜੇ ਤੇ ਸਵਾਰ ਹੋਇਆ ਤੇ ਫੇਰ ਤੂੰ ਕੌਣ ਤੇ ਮੈਂ ਕੌਣ। ਊਠਨੀ ਸਵਾਰ ਤੇ ਵੇਖਦਾ ਈ ਰਹਿ ਗਿਆ। ਉਹਦੇ ਹੱਥਾਂ ਦੇ ਤੋਤੇ ਈ ਉੱਡ ਗਏ। ਇਹ ਕੀ ਬਣਿਆ ਮੇਰੇ ਨਾਲ।

ਬਲੋਚ ਬੁੱਕਲ 'ਚ ਮੂੰਹ ਪਾ ਕੇ ਖ਼ੂਬ ਰੋਇਆ। ਰਾਤ ਵੀ ਜਾਗੇ ਤੇ ਯਾਰ ਵੀ ਨਾ ਮਿਲਿਆ।

ਅਹਿਮਦ ਸ਼ਾਹ ਅਬਦਾਲੀ ਦਾ ਕੋਈ ਪਤਾ ਨਹੀਂ ਸੀ ਲੱਗਦਾ ਕਿ ਓਸ ਕਿੱਧਰ ਜਾਣਾ ਏ। ਉਹਦਾ ਨਿਸ਼ਾਨਾ ਕੀ ਏ। ਦੋਚਿੱਤੀ ਵਿਚ ਸੀ ਸ਼ਾਹ। ਜੀਅ ਕਰਦਾ ਏ ਕਿ ਕਰਬਲਾ ਦੇ ਮੈਦਾਨ 'ਚ ਆਇਆ ਹਾਂ ਸ਼ਹੀਦ ਹੋ ਜਾਵਾਂ। ਲੋਕ ਵਲੀ ਅੱਲਾ ਕਹਿਣਗੇ।

—ਪਰ ਬੱਚੂ, ਤੇਰੀ ਕਬਰ ਤੇ ਕਿਸੇ ਨੇ ਥਾਰ ਨਹੀਂ ਮਾਰਨੀ।

ਇਹੋ ਹਾਲ ਬਲੋਚ ਬਾਦਸ਼ਾਹ ਦਾ ਸੀ।

—ਕੌਮ, ਵਤਨ ਤੇ ਮਜ਼ਹਬ ਦਾ ਗੱਦਾਰ ਕਮੀਨਾ, ਕੁੱਤਾ, ਅਬਦਾਲੀ ਦੇ ਜੂਠੇ ਬਰਤਨ ਚੱਟਣ ਵਾਲਾ।

—ਅਜੇ ਅਬਦਾਲੀ ਇੱਥੇ ਈ ਏ। ਰਾਹ ਦੇ ਦੇਣਗੇ ਦਲ ਵਾਲੇ ਤਾਹੀਓਂ ਜਾਏਗਾ।

ਮੈਂ ਸਾਰਿਆਂ ਨਾਲ ਲੋਹਾ ਲੈ ਸਕਦਾ ਹਾਂ ਪਰ ਦਲ ਵਾਲਿਆਂ ਨਾਲ ਨਹੀਂ।

—ਜ਼ਰਾ ਊਠ ਵੇਖੋ ਕਿਸ ਕਰਵਟ ਬੈਠਦਾ ਏ। ਜ਼ਬਾਨ ਦਿੱਤੀ ਏ ਕਿਤੇ ਝੂਠੀ ਨਾ ਪਏ। ਆਹ ਲਓ ਖ਼ਾਲੀ ਗੱਡਿਆਂ ਦੀ ਕਤਾਰ ਲੱਗੀ ਹੋਈ ਏ, ਸਾਂਭ ਲਵੋ ਗੱਡੇ। ਗਿਣਤੀ ਕਰ ਲਵੋ ਇਕ ਵੀ ਘੱਟ ਨਹੀਂ।

121

ਜਾਂਦੇ ਚੋਰ ਦੀ ਲੰਗੋਟੀ ਸਹੀ

ਸ਼ਾਹ ਨੇ ਸਤਲੁਜ ਪਾਰ ਕੀਤਾ ਤੇ ਆਪਣਾ ਰੁਖ ਦਿੱਲੀ ਵੱਲ ਮੋੜਿਆ। ਝਕਾਨੀਆਂ ਦੇ ਰਿਹਾ ਸੀ ਸ਼ਾਹ ਤੇ ਉਹਦੇ ਸਾਹਮਣੇ ਈ ਦਲੇਰ ਸਰਦਾਰਾਂ ਨੇ ਸਤਲੁਜ ਦੀ ਪੱਟੀ

ਦੇ ਸਾਰੇ ਇਲਾਕੇ ਮੱਲ ਲਏ ਤੇ ਲਾਹੌਰ ਤੇ ਫੇਰ ਕਬਜ਼ਾ ਕਰ ਲਿਆ।

ਈਸਟ ਇੰਡੀਆ ਕੰਪਨੀ ਦਾ ਪੜਊ ਪਿੰਦਾ ਆਨ ਖਲੋਤਾ। ਉਹਦੇ ਦੋ ਬੇੜੀਆਂ ਤੇ ਪੈਰ ਸਨ। ਇਕ ਪਾਸੇ ਸ਼ਾਹ ਆਲਮ ਦੂਜੇ ਨਾਲ ਰਲਿਆ ਹੋਇਆ ਸੀ। ਨਜ਼ੀਬੁਲਦੌਲਾ ਰੁਹੇਲਿਆਂ ਦੀ ਫ਼ੌਜ ਨਾਲ ਮਰਹੱਟੇ ਵੀ ਬੁਰਕ ਮਾਰ ਰਹੇ ਸਨ। ਜੱਟ ਵੀ ਕਿਸੇ ਦੀ ਨੂੰਹ, ਧੀ ਨਾਲੋਂ ਘੱਟ ਨਹੀਂ ਸਨ।

—ਈਸਟ ਇੰਡੀਆ ਕੰਪਨੀ ਨੇ ਦਬਕਾ ਮਾਰਿਆ। ਅਸਾਂ ਸੁਣਿਆ ਏ ਕਿ ਅਹਿਮਦ ਸ਼ਾਹ ਅਬਦਾਲੀ ਦਿੱਲੀ ਵੱਲ ਆ ਰਿਹੈ। ਜੇ ਤੁਸਾਂ ਉਹਨੂੰ ਮੂੰਹ ਲਾਇਆ ਫੇਰ ਸਾਥੋਂ ਬੁਰਾ ਕੋਈ ਨਹੀਂ। ਏਸ ਵੇਲੇ ਤੇ ਅਸੀਂ ਤੁਹਾਡੀ ਖ਼ਬਰਦਾਰੀ ਰੱਖਦੇ ਹਾਂ ਤੇ ਤੁਹਾਨੂੰ ਆਪਸ ਵਿਚਲੇ ਝਗੜਿਆਂ ਵਿਚੋਂ ਵੀ ਲਾਂਭੇ ਰੱਖੀ ਆ ਰਹੇ ਹਾਂ।

—ਈਸਟ ਇੰਡੀਆ ਕੰਪਨੀ ਦੇ ਗਵਰਨਰ ਨੇ ਫ਼ੈਸਲਾ ਕਰ ਲਿਆ ਏ ਕਿ ਅਸੀਂ ਤੁਹਾਡੇ ਖ਼ਿਲਾਫ਼ ਅਹਿਮਦ ਸ਼ਾਹ ਅਬਦਾਲੀ ਨੂੰ ਆਪਣਾ ਮਿੱਤਰ ਬਣਾ ਲਵਾਂਗੇ ਤੇ ਫੇਰ ਤੁਸੀਂ ਡੰਡੇ ਵਜਾਉਂਦੇ ਫਿਰਨਾ।

ਬਦਕਿਸਮਤੀ ਨੂੰ ਅਹਿਮਦ ਸ਼ਾਹ ਅਬਦਾਲੀ ਦਾ ਮਨ ਚੁੱਕਿਆ ਗਿਆ ਸੀ ਤੇ ਉਹ ਵਾਪਸ ਮੁੜਨ ਦੀਆਂ ਤਿਆਰੀਆਂ ਕਰਨ ਲੱਗਾ।

ਸੁਲਹਾ ਨਾ ਹੋਈ, ਗੱਲ ਨੇਪਰੇ ਨਾ ਚੜ੍ਹੀ। ਅੰਗ੍ਰੇਜ਼ ਨੂੰ ਸੁਲਹਾ ਨਾਲ ਕੋਈ ਲਾਭ ਨਹੀਂ ਸੀ। ਹਿੰਦੁਸਤਾਨੀ ਲੜਦੇ ਰਹਿਣ, ਕਮਜ਼ੋਰ ਹੋਣ ਤੇ ਸਾਡਾ ਦਾਅ ਲੱਗੇ। ਅਸਾਂ ਨਾ ਫ਼ੌਜ ਮਰਵਾਉਣੀ ਏ ਤੇ ਨਾ ਕੰਪਨੀ ਦਾ ਰੁਪਇਆ ਈ ਬਰਬਾਦ ਕਰਨਾ ਏ।

—ਮੀਰ ਕਾਸਮ ਦੀ ਮਦਦ ਨੂੰ ਅਹਿਮਦ ਸ਼ਾਹ ਅਬਦਾਲੀ ਆਏ ਧੰਨ ਭਾਗ। ਅਸੀਂ ਇਨ੍ਹਾਂ ਬੁਰਛਿਆਂ ਨੂੰ ਉਸਕਲ ਦੇਵਾਂਗੇ ਤੇ ਗਲ ਪਾਵਾਂਗੇ ਅਹਿਮਦ ਸ਼ਾਹ ਅਬਦਾਲੀ ਦੇ। ਤੇ ਅਸੀਂ ਆਪ ਲਾਂਭੇ ਹੋ ਕੇ ਤਮਾਸ਼ਾ ਵੇਖਾਂਗੇ। ਹਾਰ ਜਿੱਤ ਤੇ ਹੋਣੀ ਏ। ਹਾਰੇ ਹੋਏ ਦੀ ਧੌਣ ਮਰੋੜਾਂਗੇ ਤੇ ਜਿੱਤੇ ਨੂੰ ਸਲਾਮਾਂ ਕਰਾਂਗੇ। ਬੰਗਾਲ ਦੀ ਖਾੜੀ ਤਕ ਅਹਿਮਦ ਸ਼ਾਹ ਅਬਦਾਲੀ ਨੂੰ ਅਸੀਂ ਪੁੱਜਣ ਨਹੀਂ ਦਿੰਦੇ। ਜਾਣਾ ਤੇ ਸਾਡੇ ਰਸਤੇ ਤੋਂ ਈ ਏ। ਪਾਣੀ ਤੇ ਇਨ੍ਹਾਂ ਪੁਲਾਂ ਦੇ ਥੱਲਿਓਂ ਈ ਲੰਘਣਾ ਏ।

ਹੁਣ ਗੱਲ ਈ ਇਥੇ ਮੁੱਕੀ। ਦਿੱਲੀ ਵਾਲੇ ਬੰਗਾਲ ਵਿਚ ਆਪਣੀ ਲੱਤ ਨਾ ਅੜਾਉਣ। ਬੁੱਢੇ ਦਲ ਵਾਲੇ ਦਿੱਲੀ ਦੀਆਂ ਬਾਰਾਂਦਰੀਆਂ ਦੇ ਖ਼ਾਬ ਨਾ ਵੇਖਣ। ਜਿਹੜਾ ਜਿਹੜੀ ਜਗ੍ਹਾ ਤੇ ਖੜ੍ਹਾ ਏ ਉਥੇ ਈ ਰਹੇ। ਤੁਸੀਂ ਪੰਜਾਬ ਨੂੰ ਸੋਧੋ ਤੇ ਅਸੀਂ ਬੰਗਾਲ ਵਾਲਿਆਂ ਦੀ ਧੌੜੀ ਲਾਹੁੰਦੇ ਹਾਂ।

—ਅਸਾਂ ਆਪਣੀ ਹੱਥੀਂ ਮੀਰ ਕਾਸਮ ਨੂੰ ਤਖ਼ਤ ਤੇ ਬਿਠਾਇਆ ਸੀ, ਜਿਹੜਾ ਮੂੰਹ ਜ਼ੋਰ ਹੋ ਜਾਵੇ ਉਹਦੀਆਂ ਵਰਾਛਾਂ ਤੇ ਚੀਰਨੀਆਂ ਪੈਣਗੀਆਂ।

—ਮੁਰਗਾ ਸਾਡੇ ਖੁੱਡੇ ਵਿਚ ਏ। ਓਸ ਬਾਂਗ ਦੇਣੀ ਏ ਤੇ ਸਾਥੋਂ ਪੁੱਛ ਕੇ ਦੇਵੇ।

—ਇਕ ਪਾਸਿਓਂ ਵਿਹਲੇ ਹੋ ਜਾਈਏ ਤੇ ਫੇਰ ਸ਼ਾਹ ਆਲਮ ਦੂਜੇ ਵੱਲ ਵੀ ਹੋ ਜਾਵਾਂਗੇ।

—ਜਦ ਤਕ ਰੁਹੇਲਿਆਂ ਦੀ ਤਾਕਤ ਬਰਕਰਾਰ ਏ ਸ਼ਾਹ ਆਲਮ ਕਦੀ ਵੀ ਸੁਖ ਦੀ ਨੀਂਦ ਨਹੀਂ ਸੌਂ ਸਕਦਾ। ਉਹ ਸੱਪਾਂ ਦੀ ਖੁੱਡ ਤੇ ਬੈਠਾ ਹੋਇਆ ਏ।

—ਰੁਹੇਲੇ ਆਪਣੀ ਮਰਜ਼ੀ ਨਾਲ ਸ਼ਾਹ ਆਲਮ ਨੂੰ ਚਲਾ ਰਹੇ ਹਨ। ਰਾਤ ਨੂੰ ਦਿਨ ਤੇ ਦਿਨ ਨੂੰ ਰਾਤ ਆਖਦਾ ਏ।

—ਮਰਹੱਟੇ, ਜੱਟ ਤੇ ਬੁੱਢੇ ਦਲ ਨਾਲ ਰਲ ਪਏ ਤਾਂ ਸਾਡੀ ਬਾਂਹ ਤੋੜ ਸਕਦੇ ਹਨ। ਸਾਡੇ ਗਵਰਨਰ ਨੇ ਫ਼ੈਸਲਾ ਦੇ ਦਿੱਤਾ ਏ ਅਸਾਂ ਸਭ ਕੁਝ ਲੁੱਟ ਲੈਣਾ ਏ ਹੌਲੀ-ਹੌਲੀ ਬਿਨਾਂ ਲੜਾਈ ਤੋਂ, ਬਿਨਾਂ ਰਕਮ ਖਰਚਿਆਂ।

ਬੁੱਢੇ ਦਲ ਵਾਲੇ ਸ਼ਾਹ ਦਾ ਖੁਰਾ ਨੱਪੀ ਆ ਰਹੇ ਸਨ। ਸ਼ਾਹ ਦੀ ਨੀਂਦ ਹਰਾਮ ਕਰ ਦਿੱਤੀ ਸੀ। ਨਾ ਦਿਨੇ ਚੈਨ ਤੇ ਨਾ ਰਾਤ ਨੂੰ ਈ ਅੱਖ ਲੱਗੇ।

ਬੁੱਢੇ ਦਲ ਵਾਲੇ ਇਹ ਸੋਚ ਕੇ ਮਗਰ ਲੱਗੇ ਹੋਏ ਸਨ। ਚਲੇ ਜਾਂਦੇ ਚੋਰ ਦੀ ਲੰਗੋਟੀ ਹੀ ਸਹੀ।

ਅਹਿਮਦ ਸ਼ਾਹ ਅਬਦਾਲੀ ਪੇਲਣੀ ਵਾਂਗੂੰ ਬਾਜ਼ੀਆਂ ਮਾਰ ਰਿਹਾ ਸੀ ਪਰ, ਥੱਲੇ ਢੋਲ ਵਜਾਉਣ ਵਾਲਾ ਆ ਗਿਆ ਸੀ! ਮੈਂ ਨਾ ਮਾਨੂੰ-ਮੈਂ ਨਾ ਮਾਨੂੰ।

ਬੱਕਰੇ ਦੀ ਜਾਨ ਗਈ, ਪਰ ਖਾਣ ਵਾਲੇ ਨੂੰ ਸਵਾਦ ਨਾ ਆਇਆ।

ਨਜ਼ੀਬੁਲਦੌਲਾ ਜਿਗਰੀ ਯਾਰ ਸੀ ਅਹਿਮਦ ਸ਼ਾਹ ਅਬਦਾਲੀ ਦਾ। ਉਹਦੀਆਂ ਗਰਾਹੀਆਂ ਸਾਂਝੀਆਂ ਸਨ। ਉਸ ਇਤਲਾਹ ਭੇਜੀ ਊਠਨੀ ਸਵਾਰਾਂ ਦੇ ਹੱਥ। ਸ਼ਾਹ ਦਿੱਲੀ ਨਾ ਆਵੇ। ਐਸਾ ਨਾ ਹੋਵੇ ਕਿ ਕੋਈ ਤੇਰੀ ਖ਼ਬਰ ਈ ਨਾ ਲੈਣ ਆਵੇ। ਫਾਹੀਆਂ ਗੱਡੀਆਂ ਹੋਈਆਂ ਨੇ ਸ਼ਾਹ ਤੈਨੂੰ ਫੜਨ ਲਈ। ਜੇ ਸ਼ਾਹ ਨੇ ਆਪਣੀ ਮਨਮਰਜ਼ੀ ਕਰਨੀ ਏ ਤੇ ਪਹਿਲਾਂ ਮੈਨੂੰ ਕਤਲ ਕਰਵਾ ਦਏ, ਫੇਰ ਆਏ। ਚਾਰੇ ਈ ਚੱਕ ਜਾਗੀਰਾਂ ਹਨ ਹੁਣ ਵਕਤ ਖ਼ਰਾਬ ਏ। ਸ਼ਾਹ ਦੇ ਸਾਰੇ ਦੁਸ਼ਮਨ ਹਨ। ਮੈਂ ਤੇ ਯਰਾਨਾ ਨਿਭਾ ਰਿਹਾ ਹਾਂ। ਅੱਗੇ ਹਜ਼ੂਰ ਮਾਲਕ ਹਨ।

ਸ਼ਾਹ ਅੱਗੇ ਈ ਜਾਨ ਲਕੋਈ ਫਿਰਦਾ ਸੀ। ਨਜ਼ੀਬੁਲਦੌਲਾ ਨੇ ਦੋ ਲੱਖ ਰੁਪਇਆ ਸ਼ਾਹ ਦੀ ਨਜ਼ਰ ਕੀਤਾ ਤੇ ਸਰਹੰਦ ਦਾ ਪਟਾ ਆਪਣੇ ਪੁੱਤ ਦੇ ਨਾਂ ਲਿਖਵਾ ਲਿਆ। ਜ਼ਾਬਤਾ ਖ਼ਾਂ ਨੇ ਰਾਜਾ ਅਮਰ ਸਿੰਘ ਪਟਿਆਲੇ ਵਾਲੇ ਨੂੰ ਆਖਿਆ ਕਿ ਇਹ ਸਰਹੰਦ ਹੁਣ ਮੇਰੀ ਏ।

—ਇਹ ਕੀ ਸ਼ਾਹ ਬਾਦਸ਼ਾਹ ਏ ਜਾਂ ਕਬਾੜੀਆ। ਪਹਿਲਾਂ ਮੈਨੂੰ ਪਟਾ ਲਿਖ ਕੇ ਦੇ ਗਿਐ ਤੇ ਹੁਣ ਤੈਨੂੰ ਲਿਖ ਕੇ ਦੇ ਗਿਐ। ਅਮਰ ਸਿੰਘ ਆਖਣ ਲੱਗਾ।

ਅਮਰ ਸਿੰਘ ਦੀ ਦਾਦੀ ਫੱਤੋ ਮਾਹੀ ਅਹਿਮਦ ਸ਼ਾਹ ਅਬਦਾਲੀ ਦੇ ਵਜ਼ੀਰ ਵਲੀ ਸ਼ਾਹ ਨੂੰ ਜਾ ਮਿਲੀ।

—ਇਹ ਸਰਹੰਦ ਮੇਰੇ ਪੋਤਰੇ ਨੂੰ ਦੇ ਗਿਆ ਪਿਛਲੀ ਵਾਰੀ। ਸਰਹੰਦ ਦਾ ਪਟਾ ਤੇ ਰਾਜਾ ਅਮਰ ਸਿੰਘ ਦੇ ਨਾਂ ਏ।

—ਭੁੱਲ ਗਿਆ ਹੋਣੈ ਸ਼ਾਹ। ਸ਼ਰਾਬ ਜ਼ਿਆਦਾ ਪੀ ਲਈ ਹੋਣੀ ਏ। ਸ਼ਰਾਬੀ ਹੋਏ ਨੇ ਜ਼ਾਬਤਾ ਖ਼ਾਂ ਦੇ ਨਾਂ ਪਟਾ ਲਿਖ ਦਿੱਤਾ ਹੋਣੈ। ਓਹ ਸਰਹੰਦ ਨਹੀ ਸੰਭਾਲ ਸਕਦਾ। ਤੁਸੀਂ ਫ਼ਿਕਰ ਨਾ ਕਰੋ ਬਾਂਹ ਸਰਹਾਣੇ ਰੱਖ ਕੇ ਸੌਂਵੋ, ਮੈਂ ਗੱਲ ਕਰਦਾ ਹਾਂ।

ਰਾਜੇ ਅਮਰ ਸਿੰਘ ਨੇ ਜ਼ਾਬਤਾ ਖ਼ਾਂ ਨੂੰ ਇਸ਼ਾਰੇ ਨਾਲ ਆਪਣਾ ਫ਼ੈਸਲਾ ਸੁਣਾ ਦਿੱਤਾ। ਜਿਹਦਾ ਮਤਲਬ ਸੀ ਇਕ ਵਾਰ ਜੇ ਤੂੰ ਕਿਲ੍ਹੇ ਦੇ ਅੰਦਰ ਚਲਾ ਗਿਆ ਤੇ ਫੇਰ ਬਾਹਰ ਨਹੀਂ ਨਿਕਲ ਸਕਦਾ।

ਅੱਗੋਂ ਜ਼ਾਬਤਾ ਖ਼ਾਂ ਨੇ ਜ਼ਰਾ ਗ਼ੁੱਸੇ ਵਿਚ ਆਖਿਆ—ਸਰਕਾਰ! ਮੇਰਾ ਕਿਲ੍ਹਾ ਵੀ ਵੇਖਣ ਵਾਲਾ ਏ। ਉਹਦਾ ਵੀ ਅੱਜ ਤਕ ਕਿਸੇ ਨੇ ਦਰਵਾਜ਼ਾ ਨਹੀਂ ਖੋਲ੍ਹਿਆ। ਤੁਹਾਡੇ ਮਗਰ ਬੁੱਢਾ ਦਲ ਏ ਤੇ ਮੇਰੇ ਮਗਰ ਅਹਿਮਦ ਸ਼ਾਹ ਅਬਦਾਲੀ।

—ਗੱਲ ਭੁਲੇਖੇ ਵਿਚ ਈ ਹੋ ਗਈ ਸੀ। ਸ਼ਾਹ ਆਖਣ ਲੱਗਾ।

—ਬੱਚੂ ਇਹ ਸਰਹੰਦ ਸਾਥੋਂ ਨਹੀਂ ਸੰਭਾਲੀ ਜਾਂਦੀ। ਇਹ ਬੁਰਛੇ ਨਿਹੰਗ ਈ ਸੰਭਾਲਣਗੇ। ਤੈਨੂੰ ਹੋਰ ਦੇ ਦੇਂਦੇ ਹਾਂ ਇਲਾਕਾ। ਜਿੰਨਾ ਜੀਅ ਕਰੇ ਲੈ-ਲੈ।

—ਮਾਈ ਫੱਤੋ ਦੇ ਜਾਣ ਦਾ ਅਸਰ ਇਹ ਹੋਇਆ ਇਕ ਤੇ ਪਟਾ ਦੁਬਾਰਾ ਲਿਖਿਆ ਗਿਆ ਤੇ ਦੂਜਾ ਖ਼ਿਲਤ ਰਾਜ ਗਾਨ ਦੀ ਪਦਵੀ ਦੇ ਨਾਲ ਈ ਸਰਹੰਦ ਝੋਲੀ 'ਚ ਪਾਈ। ਤੇ ਨਾਲ ਇਹ ਵੀ ਆਖਿਆ—ਜਿੰਨੀ ਮੱਲ ਮਾਰ ਸਕਦਾ ਏਂ, ਮਾਰ ਲੈ। ਜਾਹ ਮੇਰੇ ਨਾਂ ਦਾ ਸਿੱਕਾ ਵੀ ਢਾਲ ਲਈਂ। ਮੇਰੀ ਮਿਹਰਬਾਨੀ ਏ ਸਿੱਕਾ ਤੇਰਾ ਮੇਰੇ ਨਾਂ ਨਾਲ ਚੱਲਣ ਵਾਲਾ ਏ। ਤੈਨੂੰ ਕੀ ਮਨਜ਼ੂਰ ਏ?

ਸ਼ਾਹ ਕੰਨੀ ਖਿਸਕਾ ਗਿਆ। ਮੁੜਿਆ ਵਾਪਸ ਜਾਣ ਨੂੰ। ਝੂਠੀਆਂ ਤਸੱਲੀਆਂ ਈ ਦੇ ਰਿਹਾ ਸੀ ਸ਼ਾਹ ਹਰ ਬੰਦੇ ਨੂੰ।

122

ਭਰਿਆ ਮੇਲਾ ਛੱਡ ਗਿਆ

ਨੀਯਤ ਫੇਰ ਬਦਲ ਗਈ। ਆਖਣ ਲੱਗਾ ਸ਼ਾਹ—ਨਾ ਏਸ ਵੇਰੀ ਲੁੱਟ ਈ ਹੋਈ ਤੇ ਨਾ ਨਜ਼ਰਾਨੇ ਮਿਲੇ। ਦੋ ਲੱਖ ਰੁਪਇਆ ਫ਼ੌਜ ਦਾ ਖਰਚ ਕਿੱਦਾਂ ਚੱਲੇਗਾ। ਖ਼ਾਲੀ ਹੱਥ ਜਾਣਾ ਮੇਰੀ ਰੇਖਾ ਵਿਚ ਈ ਨਹੀਂ ਲਿਖਿਆ ਹੋਇਆ। ਲਾਲਚ 'ਚ ਆਇਆ ਕਿਤੇ ਟੋਏ 'ਚ ਨਾ ਡਿੱਗ ਪਵੀਂ। ਇਕ ਦਿਨ ਮੌਤ ਆਉਣੀ ਏ। ਬਦਨਾਮੀ ਨਾਲੋਂ ਮੌਤ ਚੰਗੀ। ਮੈਂ ਕਿਸੇ ਨੂੰ ਪੱਲੇ ਨਹੀਂ ਬੰਨ੍ਹਦਾ, ਪਰ ਇਹ ਬੁੱਢੇ ਦਲ ਵਾਲੇ ਲਾਅਨਤੀ ਸਰਦਾਰ ਮੇਰੀ ਖੱਲ ਲਾਹੁਣ ਤੇ ਤੁਲੇ ਹੋਏ ਹਨ। ਮੈਂ ਸਾਰਾ ਪੰਜਾਬ ਚਿੱਟਾ, ਭੁੱਖਾ ਤੇ ਨੰਗ ਕਰ ਦਿੱਤਾ ਏ। ਇਹ ਭੁੱਖੇ ਮੇਰੀ ਗੱਲ ਨਾ ਮੰਨਣਗੇ ਤੇ ਕਰਨਗੇ ਵੀ ਕੀ। ਇਹ ਸੱਚੇ ਹਨ ਮੈਂ ਝੂਠਾ ਹਾਂ। ਸੋਚਾਂ 'ਚ ਡੁੱਬਾ ਸ਼ਾਹ, ਮੈਂ ਗ਼ਲਤ ਹਾਂ। ਖ਼ੁਦਾ ਦੀ ਦਰਗਾਹ ਵਿਚ ਵੀ ਝੂਠਾ ਹਾਂ।

—ਨਜ਼ੀਬੁਲਦੌਲਾ ਬਹਾਨਾ ਪਾ ਕੇ ਜਾਂ ਬੀਮਾਰੀ ਦਾ ਪੱਜ ਪਾ ਕੇ ਛੁੱਟੀ ਲੈ ਕੇ ਘਰ ਨੂੰ ਤੁਰ ਗਿਆ। ਹੁਣ ਸ਼ਾਹ ਛੜਮਛੜਾ ਰਹਿ ਗਿਆ ਸੀ। ਇਕ ਬੰਦਾ ਆਖਣ ਲੱਗਾ—ਚੜ੍ਹ ਜਾ ਬੇਟਾ ਸੂਲੀ, ਰਾਮ ਭਲੀ ਕਰਨਗੇ।

—ਲੋਕ ਮੇਰੇ ਯਾਰ, ਮੇਰੇ ਹਮਦਰਦੀ ਸਾਰੇ ਕੰਨੀ ਖਿਸਕਾ ਰਹੇ ਹਨ।

—ਮੈਂ ਹਾਜ਼ਰ ਹੋਇਆ ਜ਼ਰਾ ਕੁ ਮੇਰਾ ਸਰੀਰ ਵੱਲ ਹੋ ਜਾਏ। ਮੇਰੀ ਅੰਮਾ ਜਾਨ ਹਟਕੋਰੇ ਲੈ ਰਹੀ ਏ। ਉਹਦਾ ਆਖ਼ਰੀ ਵਕਤ ਸੰਭਾਲਣਾ ਮੇਰਾ ਫ਼ਰਜ਼ ਬਣਦਾ ਏ।

—ਜਾਹ ਬਈ ਜਾਹ, ਮੈਨੂੰ ਅੱਲਾ ਦੇ ਵੱਸ ਪਾ ਕੇ। ਮੈਂ ਜਲਦੀ ਵਾਪਸ ਮੁੜ ਆਉਣਾ ਏ। ਬੁੱਢੇ ਦਲ ਵਾਲਿਆਂ ਨੇ ਤੇ ਪੱਟੂ ਪਾਇਆ, ਸੁਲਹਾ ਦੀ ਗੱਲ ਤੋਰੀ। ਇਨ੍ਹਾਂ ਨਾਲ ਸੁਲਹਾ ਕਰਨੀ ਜ਼ਰੂਰੀ ਬਣਦੀ ਏ। ਏਸ ਤੋਂ ਬਗ਼ੈਰ ਹੋਰ ਕੋਈ ਚਾਰਾ ਨਹੀਂ।

—ਖ਼ੁਦਾ ਹਾਫ਼ਿਜ਼। ਓਸ ਘੋੜੇ ਤੇ ਪਲਾਕੀ ਮਾਰੀ ਅਹੁ ਗਿਆ ਤੇ ਅਹੁ ਗਿਆ। ਮੁਰਝਾਏ ਹੋਏ ਨੇ ਸਤਲੁਜ ਪਾਰ ਕੀਤੀ ਤੇ ਪਾਰ ਜਾ ਕੇ ਈ ਟਿਕਾਣਾ ਬਣਾਇਆ। ਬੁੱਢੇ

ਦਲ ਵਾਲੇ ਚੌਗਿਰਦੇ ਗੇੜੇ ਮਾਰ ਰਹੇ ਸਨ। ਸ਼ਾਹ ਦੇ ਸਾਰੇ ਰਾਹ ਰੋਕ ਰੱਖੇ ਸਨ।

ਸ਼ਾਹ ਨੇ ਨਗਾਰੇ ਤੇ ਚੋਟ ਮਾਰੀ, ਕੂਚ ਦਾ ਹੁਕਮ ਦਿੱਤਾ ਫ਼ੌਜ ਨੂੰ ਤੇ ਚੜ੍ਹ ਪਿਆ ਅੱਲਾ ਨੂੰ ਯਾਦ ਕਰ ਕੇ।

ਬੁੱਢੇ ਦਲ ਵਾਲਿਆਂ ਛਾਪੇ ਮਾਰੇ ਪਰ ਦਾਅ ਨਾ ਲੱਗਾ।

ਅਹਿਮਦ ਸ਼ਾਹ ਅਬਦਾਲੀ ਵੀ ਰਾਹ ਵੇਖ ਰਿਹਾ ਸੀ ਤੇ ਇੱਧਰ ਦਲ ਵਾਲਿਆਂ ਸ਼ਾਮਲੀ ਮੇਰਠ ਨੂੰ ਜਾ ਘੇਰਿਆ। ਨਜ਼ੀਬੁਲਦੌਲੇ ਦਾ ਪੁੱਤ ਅੱਠ ਹਜ਼ਾਰ ਸਵਾਰ ਲੈ ਕੇ 180 ਮੀਲ ਦਾ ਸਫ਼ਰ ਤਿੰਨਾਂ ਦਿਨਾਂ ਵਿਚ ਮੁਕਾ ਕੇ ਆਇਆ ਸੀ। ਅੱਗੋਂ ਬੁਰਛੇ ਦਲ ਵਾਲੇ ਜਾਨ ਦੇ ਵੈਰੀ ਬਣੇ ਬੈਠੇ ਸਨ।

ਦਲ ਵਾਲਿਆਂ ਦਾ ਟਾਕਰਾ ਕਰਨ ਦਾ ਮਨ ਨਹੀਂ ਸੀ। ਚਾਰ ਘੜੀਆਂ ਪਹਿਲਾਂ ਈ ਦਲ ਨੂੰ ਸੂਹ ਮਿਲ ਗਈ ਸੀ। ਮੈਦਾਨ ਖ਼ਾਲੀ ਭਾਂ-ਭਾਂ ਕਰਨ ਲੱਗਾ। ਖ਼ਾਲਸਾ ਹਰਨ ਹੋ ਗਿਆ।

ਜਮੁਨਾ ਪਾਰ ਕੀਤੀ ਤੇ ਬੁੱਢਾ ਦਲ ਪੰਜਾਬ ਵਿਚ ਆਣ ਵੜਿਆ।

ਨਜ਼ੀਬੁਲਦੌਲੇ ਦਾ ਛੋਕਰਾ ਦੰਦ ਪੀਚ ਕੇ ਰਹਿ ਗਿਆ।

ਬਾਜ਼ ਉੱਡ ਗਏ, ਖ਼ਾਲੀ ਤੋਤੇ ਈ ਰਹਿ ਗਏ।

ਸ਼ਾਹ ਆਪਣੀ ਜਾਨ ਬਚਾਉਣ ਲਈ ਪੱਤਰਾ ਵਾਚਣਾ ਚਾਹੁੰਦਾ ਸੀ। ਪਰ ਅੱਗੋਂ ਡਰ ਸੀ ਕਿ ਕਿਤੇ ਦਲ ਵਾਲੇ ਪੈ ਗਏ ਤੇ ਨੁਕਸਾਨ ਬਹੁਤ ਹੋਣੈਂ।

ਜੀਅ ਦਲ ਵਾਲਿਆਂ ਦਾ ਵੀ ਨਹੀਂ ਸੀ ਕਰਦਾ। ਉਹ ਖ਼ਾਲੀ ਦਬਕੇ ਈ ਮਾਰ ਰਹੇ ਸਨ।

ਸ਼ਾਹ ਨੇ ਫ਼ੈਸਲਾ ਕਰ ਲਿਆ ਹੁਣ ਏਥੇ ਰਹਿ ਕੇ ਖ਼ਾਲੀ ਚਿੜੀਆਂ ਉਡਾਉਣ ਦਾ ਕੋਈ ਫ਼ਾਇਦਾ ਨਹੀਂ। ਉਸ ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ ਦਾ ਰਾਹ ਚੁਣ ਲਿਆ ਤੇ ਗੋਇੰਦਵਾਲ ਦਾ ਪੱਤਣ ਪਾਰ ਕੀਤਾ ਤੇ ਨੂਰੇ ਦੀ ਸਰਾਂ ਤੋਂ ਵਾਪਸ ਚਲਾ ਗਿਆ।

ਉਹਦਾ ਰਾਹ ਕਸੂਰ, ਪਾਕ, ਪੱਤਣ, ਮੁਲਤਾਨ ਤੋਂ ਹੁੰਦਾ ਹੋਇਆ ਗੰਧਾਰ ਦੇ ਰਾਹ ਅਫ਼ਗਾਨਿਸਤਾਨ ਜਾ ਪੁੱਜਾ। ਏਥੇ ਆਣ ਕੇ ਸਾਹ 'ਚ ਸਾਹ ਆਇਆ।

ਇੱਧਰ ਬੁੱਢੇ ਦਲ ਨੂੰ ਮੌਜਾਂ ਲੱਗ ਗਈਆਂ। ਉਨ੍ਹਾਂ ਹੁਣ ਝੰਡੇ ਕੱਢੇ ਤੇ ਮੋਢਿਆਂ ਨੂੰ ਥਾਪੀਆਂ ਦਿੱਤੀਆਂ, ਨਗਾਰੇ ਵਜਾਏ ਤੇ ਆਪਣੇ ਪਹਿਲੇ ਟਿਕਾਣਿਆਂ ਤੇ ਆ ਬੈਠੇ। ਹੁਣ ਉਹ ਪੱਕੀਂ ਪੈਰੀਂ ਬੈਠੇ ਸਨ।

ਇਕ ਬਲਾਅ ਲੱਥੀ ਤੇ ਹੁਣ ਮਨਮਾਨੀਆਂ ਕਰ ਲਵੇ।

ਜੱਸਾ ਸਿੰਘ ਆਹਲੂਵਾਲੀਏ ਦੀ ਛਤਰ-ਛਾਇਆ ਵਿਚ ਬੁੱਢੇ ਦਲ ਨੇ ਜੈਕਾਰੇ ਮਾਰੇ।

ਰਾਜਧਾਨੀ ਲਾਹੌਰ, ਗੁਜਰਾਂਵਾਲਾ, ਗੁਜਰਾਤ, ਰੁਤਾਸ ਸਿੰਘਾਂ ਨੇ ਆਪਣੇ ਮੰਜੇ ਡਾਹ ਲਏ ਸਨ।

ਮਾਝਾ, ਦੁਆਬਾ ਤੇ ਮਾਲਵਾ ਤੇ ਬੁੱਢੇ ਦਲ ਵਾਲੇ ਪਹਿਲਾਂ ਈ ਬੱਕਰੇ ਬੁਲਾ ਰਹੇ ਸਨ। ਰਿਆੜਕੀ 'ਚ ਮਾੜੀ ਜਿਹੀ ਗੜਬੜ ਹੋਈ ਤੇ ਉਹ ਦਲ ਵਾਲਿਆਂ ਜੈਕਾਰੇ ਮਾਰ ਕੇ ਠੰਢੀ ਕਰ ਦਿੱਤੀ।

ਸਿਰਫ਼ ਨਾਂ-ਮਾਤਰ ਈ ਲਾਹੌਰ ਵਿਚ ਅਹਿਮਦ ਸ਼ਾਹ ਅਬਦਾਲੀ ਦਾ ਹਾਕਮ ਬੈਠਾ ਹੋਇਆ ਸੀ। ਜਦ ਉਸ ਬੁੱਢੇ ਦਲ ਦਾ ਜਲਾਲ ਵੇਖਿਆ ਤੇ ਓਹ ਕੰਨ ਲਪੇਟ ਕੇ ਬੁੱਕਲ ਮਾਰ ਕੇ ਨੱਸ ਗਿਆ ਰਾਤ ਦੇ ਹਨ੍ਹੇਰੇ 'ਚ।

—ਚੰਗਾ ਹੋਇਆ, ਪੱਤਰਾ ਵਾਚ ਗਿਆ ਵਰਨਾ ਸਿੰਘਾਂ ਨੇ ਝਟਕਾ ਸੁੱਟਣਾ ਸੀ।

ਲਾਹੌਰ ਖ਼ਾਲੀ ਸੀ, ਤਖ਼ਤ ਵਾਰਸ ਦੀ ਉਡੀਕ ਵਿਚ ਸੀ।

ਹੁਣ ਅਹਿਮਦ ਸ਼ਾਹ ਅਬਦਾਲੀ ਦਾ ਕੋਈ ਨਾਂ ਲੈਣ ਵਾਲਾ ਨਹੀਂ ਸੀ। ਹਰ ਪਾਸੇ ਖ਼ਾਲਸੇ ਦੀ ਜੈ-ਜੈਕਾਰ ਹੋ ਰਹੀ ਸੀ।

ਹਰ ਪਾਸੇ ਜੈਕਾਰੇ ਸਨ। ਨਗਾਰੇ ਵੱਜ ਰਹੇ ਸਨ। ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ।

—ਸਰਦਾਰ ਮੁੱਛਾਂ ਨੂੰ ਵੱਟ ਦੇ ਰਹੇ ਸਨ ਤੇ ਆਪਣੇ ਇਲਾਕਿਆਂ ਵਿਚ ਘੋੜੇ ਦੌੜਾ ਰਹੇ ਸਨ ਤੇ ਬਾਹਵਾਂ ਉੱਚੀਆਂ ਕਰਕੇ ਆਖ ਰਹੇ ਸਨ ਸੌਂ ਜਾਓ ਬਾਂਹ ਸਿਰਹਾਣੇ ਰੱਖ ਕੇ, ਨਿਹੰਗ ਆ ਗਏ ਨੇ।

—ਬੂਹੇ ਖੋਲ੍ਹ ਦਿਓ ਤੁਹਾਡੀ ਫ਼ਿਕਰ ਮੁੱਕੀ। ਅਸੀਂ ਹਰਜ਼-ਮਰਜ਼ ਦੇ ਜ਼ਿੰਮੇਵਾਰ ਹਾਂ।

ਰਾਖੀ ਬੁੱਢੇ ਦਲ ਦੀ ਆਰਾਮ ਨਾਲ ਸੁੱਤਾ ਪੰਜਾਬ।

ਕੜਾਹ ਪ੍ਰਸ਼ਾਦ ਦੇ ਚੰਗੇ ਗੱਫ਼ੇ ਮਿਲਦੇ। ਸੁੱਖ ਨਿਦਾਨ ਦੇ ਬਾਟੇ ਭਰ ਕੇ ਛਕਦੇ ਤੇ ਮੰਦਾ-ਚੰਗਾ ਬੋਲਦੇ ਨਿਹੰਗ ਪਾਤਸ਼ਾਹ।

123

ਨੂਠੀ ਭਰੀ ਸ਼ਰਾਬ ਦੀ

ਸ਼ਰਾਬ ਦੀ ਮਹਿਫਲ ਲੁਟੇਰਿਆਂ ਦਾ ਗੜ੍ਹ। ਸ਼ਰਾਬ ਈਰਾਨੀ, ਅਫ਼ਗਾਨੀ ਤੇ ਹਿੰਦੁਸਤਾਨ ਦੀ। ਘਰ ਦੀ ਕੱਢੀ ਦੇ ਪੰਜ ਮੱਟ ਲੁੱਟ ਕੇ ਲੈ ਗਿਆ ਅਹਿਮਦ ਸ਼ਾਹ ਅਬਦਾਲੀ।

ਜ਼ਿੰਦਗੀ 'ਚ ਪਹਿਲੀ ਵਾਰ ਜੱਸਾ ਸਿੰਘ ਆਹਲੂਵਾਲੀਏ ਦਾ ਕੈਂਪ ਲੁੱਟਿਆ। ਨਾ ਦੌਲਤ ਲੱਭੀ, ਨਾ ਜ਼ੇਵਰ, ਸਿਰਫ਼ ਸ਼ਰਾਬ ਮਿਲੀ ਉਹ ਵੀ ਘਰ ਦੀ ਕੱਢੀ ਹੋਈ।

ਕਿਸੇ ਨੇ ਆਖਿਆ ਅਹਿਮਦ ਸ਼ਾਹ ਅਬਦਾਲੀ ਨੂੰ, ਜੱਸਾ ਸਿੰਘ ਆਹਲੂਵਾਲੀਏ ਦਾ ਖ਼ਾਨਦਾਨੀ ਕਸਬ ਏ ਸ਼ਰਾਬ ਕੱਢਣੀ। ਏਸ ਤੋਂ ਵਧੀਆ ਸ਼ਰਾਬ ਨਾ ਈਰਾਨ 'ਚ ਮਿਲੇ ਤੇ ਨਾ ਅਫ਼ਗਾਨ 'ਚੋਂ। ਪੀ ਕੇ ਨਿਹੰਗ ਮੈਦਾਨ 'ਚ ਬੁੱਕਦੇ ਹਨ। ਇਹਦੇ ਵਿਚ ਆਬੇ-ਹਯਾਤ ਦੀ ਮਿਲਾਵਟ ਏ ਜਾਂ ਜਮਜਮ ਦੀ।

—ਚਲੋ ਜ਼ਿੰਦਗੀ 'ਚ ਇਕ ਵਾਰ ਈ ਸਹੀ। ਨਿਹੰਗਾਂ ਦੀ ਛਾਉਣੀ ਲੁੱਟੀ। ਇੱਲ ਦੇ ਆਲ੍ਹਣੇ ਵਿਚੋਂ ਮਾਸ ਕਿੱਥੋਂ। ਇਹੋ ਮੇਰੀ ਜਿੱਤ ਏ ਕਿ ਅਹਿਮਦ ਸ਼ਾਹ ਅਬਦਾਲੀ ਨੇ ਨਿਹੰਗਾਂ ਦੀ ਛਾਉਣੀ ਲੁੱਟੀ। ਇਹ ਨਿਹੰਗ ਮੈਨੂੰ ਹਮੇਸ਼ਾ ਲੁੱਟਦੇ ਆਏ। ਚਲੋ ਰਾਹ ਤੇ ਖੁਲ੍ਹਾ, ਹੁਣ ਮੈਂ ਜਦ ਵੀ ਆਵਾਂਗਾ ਤੇ ਫੇਰ ਇਨ੍ਹਾਂ ਦੇ ਡੇਰੇ ਲੁੱਟਾਂਗੇ। ਸ਼ਰਾਬ ਦਾ ਸਵਾਦ ਵੱਖਰਾ ਏ ਘੋੜੇ ਚੜ੍ਹੇ ਸਵਾਰ ਜਿਨਾ। ਸ਼ਰਾਬ ਪੀਣੀ ਕੋਈ ਇਨ੍ਹਾਂ ਤੋਂ ਸਿੱਖੇ।

—ਈਰਾਨ ਦੀ ਸ਼ਰਾਬ ਕੋਈ ਸ਼ਰਾਬ ਏ। ਜ਼ਨਾਨਾ ਨਸ਼ਾ ਹੌਲੀ-ਹੌਲੀ ਚੜ੍ਹੇ। ਇੰਨੇ ਚਿਰ ਵਿਚ ਤੇ ਨਿਹੰਗ ਲੁੱਟ-ਪੁੱਟ ਕੇ ਹਰਨ ਹੋ ਜਾਂਦੇ ਹਨ। ਇਹ ਕਮਬਖ਼ਤ ਜੇ ਮੇਰੇ ਨਾਲ ਸੁਲਹਾ ਕਰ ਲੈਣ ਤੇ ਦੋਵੇਂ ਮੌਜਾਂ ਮਾਣਨਗੇ, ਪਰ ਇਹ ਤੇ ਇੱਧਰ ਆਉਂਦੇ ਈ

ਨਹੀਂ। ਮੈਨੂੰ ਆਪਣੇ ਮੱਟ ਦੇ ਦੇਣ ਤੇ ਸਾਥੋਂ ਈਰਾਨੀ ਸ਼ਰਾਬ ਲੈ ਲੈਣ। ਬਾਦਸ਼ਾਹ ਦੀ ਮਹਿਫ਼ਲ ਦਾ ਸ਼ਿੰਗਾਰ ਇਨ੍ਹਾਂ ਦੀ ਸ਼ਰਾਬ ਤੇ ਗਵਾਰਾਂ ਦੇ ਨੂਠੇ ਵਿਚ ਪੈਂਦੀ ਏ। ਇਕ ਵਾਰ ਪੀਤੀ ਤੇ ਅਕਲ ਦਾ ਦਰਵਾਜ਼ਾ ਬੰਦ ਤੇ ਫੇਰ ਮਾਰੋ-ਮਾਰ ਕਰਦੇ, ਜਾਂ ਤਲਵਾਰ ਉਹਨਾਂ ਦੇ ਸਾਹਮਣੇ ਹੁੰਦੀ ਜਾਂ ਲੁੱਟ ਖ਼ਜ਼ਾਨੇ ਦੀ। ਤੀਸਰਾ ਕੋਈ ਕੰਮ ਨਹੀਂ ਸੀ ਸੁੱਝਦਾ।

—ਅੱਛਾ ਹੁਣ ਇਹ ਵੀ ਸਵਾਦ ਚੱਖ ਲਿਆ ਏ, ਏਧਰ ਵੀ ਧਿਆਨ ਮਾਰਾਂਗੇ।

—ਹਮ ਪਿਆਲਾ, ਹਮ ਨਿਵਾਲਾ ਤੇ ਫੇਰ ਦੋਸਤੀ।

—ਇਹ ਦੋਸਤ ਨਹੀਂ ਬਣਨਾ ਚਾਹੁੰਦੇ, ਇਹ ਦੁਸ਼ਮਨ ਹਨ। ਇਨ੍ਹਾਂ ਨੂੰ ਸਿਰਫ਼ ਹਕੂਮਤ ਚਾਹੀਦੀ ਏ।

—ਹਕੂਮਤ ਦਿਓ, ਜਦ ਇਨ੍ਹਾਂ ਨੂੰ ਆਰਾਮ ਨਾਲ ਰੋਟੀ ਮਿਲ ਜਾਏਗੀ ਤੇ ਇਹ ਵੀ ਮੇਰੇ ਵਰਗੇ ਹੋ ਜਾਣਗੇ।

—ਲੁਟੇਰੇ ਤੇ ਅਸੀਂ ਦੋਵੇਂ ਈ ਹਾਂ। ਅਸੀਂ ਵਿਦੇਸ਼ ਤੋਂ ਆਏ ਹਾਂ ਤੇ ਇਹ ਆਪਣੇ ਘਰਾਂ ਵਾਲੇ ਹਨ। ਸ਼ਰਾਬ ਨਾਲ ਸਾਡੇ ਸਾਰੇ ਰਾਹ ਖੁੱਲ੍ਹ ਸਕਦੇ ਹਨ। ਸ਼ਰਾਬ ਦੇ ਨਸ਼ੇ 'ਚ ਅਹਿਮਦ ਸ਼ਾਹ ਅਬਦਾਲੀ ਬੋਲਿਆ। ਬਹਾਦਰਾਂ ਨਾਲ ਯਰਾਨਾ। ਮਰਦਾਂ ਨਾਲ ਦੋਸਤੀ। ਸ਼ੈਰ ਕੁਝ ਵੀ ਹੈ ਹੈਨ ਤੇ ਬਹਾਦਰ। ਦਲੇਰ, ਜਾਂਬਾਜ਼। ਸਾਡਾ ਵਿਚੋਲਾ ਨਜ਼ੀਬੁਲਦੌਲਾ ਆਪ ਈ ਬੇਈਮਾਨ ਏ, ਉਹਨੂੰ ਆਪ ਤਖ਼ਤ ਚਾਹੀਦੈ ਦਿੱਲੀ ਦਾ ਉਹ ਉਨ੍ਹਾਂ ਨੂੰ ਮਿਲ ਨਹੀਂ ਸਕਦਾ। ਉਹ ਦੋਗਲਾ ਏ ਸਾਨੂੰ ਵੀ ਚਕਮਾ ਦੇ ਜਾਂਦਾ ਏ ਤੇ ਦੂਜੇ ਪਾਸੇ ਵੀ ਗੰਢਤੁਪ ਕਰ ਲੈਂਦਾ ਏ। ਤਲਵਾਰਾਂ ਦੀ ਕਾਟ ਵਿਚ ਜ਼ਰਾ ਕੁ ਸੁਸਤੀ ਆਈ ਏ, ਫ਼ੌਜੀ ਵੀ ਥੱਕ ਗਏ ਹਨ ਮੈਂ ਵੀ ਥੱਕਿਆ ਪਿਆ ਹਾਂ।

—ਬਾਬਾ ਆਲਾ ਸਿੰਘ ਤੇ ਡੋਰੇ ਪਾ ਕੇ ਵੇਖ ਲਏ, ਪਰ ਉਹ ਵੀ ਕਾਰਗਰ ਸਾਬਤ ਨਾ ਹੋਏ। ਸ਼ਾਇਦ ਦਲ ਵਾਲੇ ਬਾਬੇ ਨੂੰ ਬਰਾਦਰੀ 'ਚੋਂ ਛੇਕ ਨਾ ਦੇਣ ਤਾਂ ਸਾਡੀਆਂ ਪੌ-ਬਾਰਾਂ ਹਨ। ਦਾਣਾ ਸੁੱਟ ਕੇ ਵੇਖੋ ਕੀ ਰੰਗ ਕੱਢਦਾ ਏ।

—ਅੱਛਾ ਅੱਲਾ, ਤੇਰੀ ਮਰਜ਼ੀ ਜਿਸ ਹਾਲ 'ਚ ਰੱਖੇਂ। ਇਨ੍ਹਾਂ ਕਾਫ਼ਰਾਂ ਨੇ ਮੇਰੀ ਜਾਨ ਕੰਦਲ ਕਰ ਰੱਖੀ ਏ। ਸ਼ਰਾਬ ਹੋਰ ਸ਼ਰਾਬ; ਇਨ੍ਹਾਂ ਕਾਫ਼ਰਾਂ ਦੀ ਸ਼ਰਾਬ ਦਾ ਸਵਾਦ ਈ ਵੱਖਰਾ ਏ। ਇਹਦੇ ਵਿਚ ਜ਼ਰੂਰ ਕੋਈ ਅਕਸੀਰ ਘੋਲ ਕੇ ਪਾਈ ਜਾਂਦੀ ਏ।

ਜੱਸਾ ਸਿੰਘ ਆਹਲੂਵਾਲੀਏ ਨੇ ਜਵਾਬ ਦਿੱਤਾ—ਲੈ ਜਾਓ ਸ਼ਰਾਬ ਇਹ ਤੇ ਸਾਡੀ ਘਰ ਦੀ ਖੇਤੀ ਏ। ਸੁਲਹਾ ਤੇ ਹੋਣੀ ਮੁਸ਼ਕਲ ਏ। ਹਾਂ ਸ਼ਰਾਬ ਦੀ ਸਾਂਝ ਪਾਈ ਜਾ ਸਕਦੀ ਏ। ਤੁਸੀਂ ਆਪਣੀਆਂ ਆਦਤਾਂ ਬਦਲ ਦਿਓ। ਹੁਣ ਪੰਜਾਬ ਤੇ ਖਾਲਸਾ ਈ ਰਾਜ ਕਰੇਗਾ। ਜਿਹੜੇ ਗੱਭਰੂ ਜਵਾਨ ਹੋ ਗਏ ਹਨ ਉਨ੍ਹਾਂ ਨੂੰ ਵੀ ਤੇ ਜਾਗੀਰਾਂ ਚਾਹੀਦੀਆਂ ਹਨ। ਹੁਣ ਤੁਸੀਂ ਜਾਓ ਆਪਣੇ ਦੇਸ਼, ਸਾਨੂੰ ਵੀ ਚਾਰ ਦਿਨ ਮੌਜਾਂ ਲੈਣ ਦਿਓ। ਇਹ ਸਿਆਣਿਆਂ ਦੀ ਸਲਾਹ ਏ। ਮੰਨ ਜਾਓ ਤੇ ਇਹਦੇ ਵਿਚ ਤੁਹਾਡੀ ਬਿਹਤਰੀ ਏ। ਵਰਨਾ ਅਸੀਂ ਜੁੱਤੀ ਨਾਲ ਮੰਨਵਾ ਲਵਾਂਗੇ।

—ਏਲਚੀ ਕਾਬੁਲ ਤੋਂ ਆਇਆ ਏ, ਵਿਚਾਰਾ ਥੱਕਾ-ਟੁੱਟਾ ਏ।

—ਸ਼ਾਹ ਨੇ ਮੇਰੀ ਇੰਤਜ਼ਾਰ ਕੀਤੀ, ਤੁਹਾਡਾ ਜਵਾਬ ਨਾ ਆਇਆ। ਮੈਂ ਸਭ ਕੁਝ ਦੇਣ ਨੂੰ ਤਿਆਰ ਹਾਂ ਤੁਸੀਂ ਮੇਰੇ ਦੋਸਤ ਬਣ ਜਾਓ।

ਕੋਰਾ ਜਵਾਬ—ਸਾਨੂੰ ਤੇਰੀ ਕੋਈ ਸ਼ਰਤ ਮਨਜ਼ੂਰ ਨਹੀਂ। ਤੈਨੂੰ ਸਾਡੀਆਂ ਸ਼ਰਤਾਂ ਮੰਨਣੀਆਂ ਪੈਣਗੀਆਂ।

ਗੱਲ ਨੇਪਰੇ ਨਾ ਚੜ੍ਹੀ।

ਦੁਸ਼ਮਨੀ, ਦੋਸਤੀ ਵਿਚ ਨਾ ਬਦਲ ਸਕੀ। ਪੰਜਾਬ ਵਿਚ ਨਿਹੰਗਾਂ ਦੇ ਜਥੇ ਤੇ ਝੰਡੇ ਲਹਿਰਾਂ ਮਾਰ ਰਹੇ ਸਨ। ਘੋੜੇ, ਦਮਾਮੇ, ਧੌਂਸੇ ਵੱਜਦੇ।

ਜੇਹਲਮ ਨੇ ਰਾਹ ਰੋਕ ਲਿਆ। ਪਾਣੀ ਦੀ ਇਕ ਦੀਵਾਰ ਖੜ੍ਹੀ ਕਰ ਦਿੱਤੀ।

—ਸੱਜਣ ਛਡੀਏ ਰੰਗ ਮੁੜ ਵੀ ਆਵਣ ਕੰਮ, ਫ਼ੈਸਲੇ ਮੈਦਾਨੇ-ਜੰਗ ਵਿਚ। ਜੋ ਕੁਝ ਲੱਭਦਾ ਏ ਲਈ ਜਾਓ ਵੈਸੇ ਫੈਸਲਾ ਤੇ ਜੰਗ ਵਿਚ ਈ ਹੋਣੈ। ਜੋ ਕੁਝ ਮਿਲਦੈ ਲੈ ਲਵੋ ਜੁੱਤੀ ਨਾਲ, ਖੈਰਾਇਤ ਵਿਚ ਕੁਝ ਨਹੀਂ ਲੈਣਾ।

—ਅੱਛਾ ਤੂੰ ਇਕ ਵਾਰ ਤੇ ਫੇਰ ਆ, ਸਾਰੀਆਂ ਕਸਰਾਂ ਪੂਰੀਆਂ ਕਰ ਕੇ ਤੋਰਾਂਗੇ।

ਜੱਸਾ ਸਿੰਘ ਆਹਲੂਵਾਲੀਆ ਦਾ ਆਖ਼ਰੀ ਫ਼ੈਸਲਾ ਸੀ।

124

ਦਾਦਨ ਖ਼ਾਨ

ਖਾਣ-ਪੀਣ ਨੂੰ ਬਾਗੜਬਿੱਲਾ ਤੇ ਡੰਡੇ ਖਾਣ ਨੂੰ ਰਿੱਛ।

ਦਾਦਨ ਖ਼ਾਂ ਵਿਚਾਰਾ ਸ਼ੇਖ਼ੀ 'ਚ ਮਾਰਿਆ ਗਿਆ। ਅਹਿਮਦ ਸ਼ਾਹ ਅਬਦਾਲੀ ਜਾਂਦਾ-ਜਾਂਦਾ ਇਹ ਕਾਰਾ ਕਰ ਗਿਆ। ਲਾਹੌਰ ਦੇ ਦਰਵਾਜ਼ੇ ਬੰਦ ਕਰ ਕੇ ਚਾਬੀਆਂ ਦਾਦਨ ਖ਼ਾਂ ਦੇ ਹੱਥ ਫੜਾ ਦਿੱਤੀਆਂ।

—ਮੇਰੇ ਨਾਂ ਦਾ ਅਜੇ ਵੀ ਡੰਕਾ ਵੱਜਦੈ। ਦਲ ਵਾਲੇ ਆਉਣਗੇ ਵੀ ਤੇ ਤੈਥੋਂ ਪੁੱਛਣਗੇ।

—ਕੀ ਸਲਾਹ ਈ ਭਲਿਆ ਲੋਕਾ, ਸਾਡੀ ਗੱਲ ਮੰਨਣੀ ਏਂ ਕਿ ਕਾਬਲੀ ਕੁੱਤੇ ਨੂੰ ਪੁੱਛਣੈ?

—ਨਹੀਂ ਸਰਕਾਰ! ਮੈਂ ਹਜ਼ੂਰ ਦਾ ਤਾਬੇਦਾਰ ਹਾਂ।

—ਫੇਰ ਰਕਮ ਲਿਆ ਤੇ ਚਲਦਾ ਬਣ। ਕਾਬੁਲ ਜਾ ਕੇ ਸਾਹ ਲਈਂ। ਰਾਹ ਵਿਚ ਗੋਡਾ ਵੀ ਨਹੀਂ ਨਿਵਾਉਣਾ।

—ਮੈਂ ਕਾਬੁਲ ਜਾਣ ਜੋਗਾ ਨਹੀਂ। ਸ਼ਾਹ ਨੇ ਮੇਰੀ ਪੁੱਠੀ ਖੱਲ ਲੁਹਾ ਦੇਣੀ ਏ। ਮੈਨੂੰ ਤੁਸੀਂ ਆਪਣੇ ਚਰਨਾਂ 'ਚ ਥਾਂ ਦਿਓ। ਮੈਂ ਓਸ ਕਸਾਈ ਦੇ ਵੱਸ ਨਹੀਂ ਪੈਣਾ।

—ਲਾਹੌਰ ਛੱਡਣ ਦਾ ਮੁੱਲ।

—ਮੁੱਲ ਘੋੜੇ ਤੇ ਚੜ੍ਹਿਆ ਹੋਵੇ ਤੇ ਪੈਂਦੈ। ਹਾਰਿਆ ਹੋਇਆ ਜਵਾਰੀਆ ਤੇ ਸ਼ਿਕਸਤ ਖਾਧਾ ਹੋਇਆ ਸਿਪਾਹੀ ਦੂਜਿਆਂ ਦੇ ਰਹਿਮੋ-ਕਰਮ ਤੇ ਜੀਉਂਦਾ ਏ।

ਦਾਦਨ ਖ਼ਾਂ ਨੇ ਜਦ ਸੁਣਿਆ ਕਿ ਬੁੱਢਾ ਦਲ ਸ਼ਾਲੀਮਾਰ ਬਾਗ਼ 'ਚ ਡੇਰੇ ਲਾਈ ਬੈਠੈ ਤਦ ਓਸ ਚੌਧਰੀ ਸੱਦੇ। ਅਹਿਲਕਾਰ ਬੁਲਾਏ, ਸਰਪੰਚ ਆਪੇ ਈ ਆ ਗਏ। ਸ਼ਾਹੂਕਾਰਾਂ ਨੇ ਤੇ ਆਉਣਾ ਈ ਸੀ। ਪਤਵੰਤੇ ਲੋਕਾਂ ਸਲਾਹ ਦਿੱਤੀ।

—ਬੁੱਢੇ ਦਲ ਵਾਲੇ ਬੜੇ ਰਹਿਮ ਦਿਲ ਹਨ ਇਨਸਾਫ਼ ਪਸੰਦ ਵੀ ਹਨ। ਉਹ

ਮਰਿਆ ਹੋਇਆ ਸ਼ਿਕਾਰ ਨਹੀਂ ਖਾਂਦੇ ਸਗੋਂ ਸ਼ਿਕਾਰ ਮਾਰ ਕੇ ਖਾਣਾ ਆਪਣੀ ਵਡਿਆਈ ਸਮਝਦੇ ਹਨ।

—ਲਾਹੌਰ ਛੱਡ, ਕਾਬੁਲ ਚਲਾ ਜਾਹ। ਮੁਲਤਾਨ ਤਕ ਅਸੀਂ ਭੇਜ ਦੇਂਦੇ ਹਾਂ।

—ਮੈਂ ਚਲਾ ਜਾਵਾਂਗਾ, ਪਰ ਮੇਰੇ ਬਾਲ-ਬੱਚੇ? ਜਿਨ੍ਹਾਂ ਲਾਹੌਰ ਦੀ ਧਰਤੀ ਤੇ ਜਵਾਨੀ ਹੰਢਾਈ ਏ ਇਥੇ ਈ ਜੰਮੇ-ਪਲੇ, ਇਥੇ ਗੱਭਰੂ ਹੋਏ ਉਹ ਓਪਰੀ ਜਗ੍ਹਾ ਤੇ ਜਾ ਕੇ ਕੀ ਕਰਨਗੇ?

—ਨਾ ਹੱਥ ਸੁੱਚੇ ਨਾ ਤਲਵਾਰ ਦੇ ਧਨੀ, ਨਾ ਦੌਲਤ ਪੱਲੇ, ਡੰਡੇ ਵਜਾਉਣਗੇ ਮੁਲਤਾਨ ਜਾ ਕੇ। ਜੇ ਤੁਸਾਂ ਜ਼ਰਾ ਕੁ ਧੌਣ ਮਰੋੜੀ ਤੇ ਫੇਰ ਧੜ ਅਨਾਰਕਲੀ ਵਿਚ ਤੇ ਧੌਣ ਰਾਵੀ ਦਰਿਆ ਦੇ ਰੋੜ੍ਹ ਵਿਚ ਈ ਚੁੱਭੀਆਂ ਮਾਰੂ।

—ਆਪੇ ਫਾਥੀਏ ਤੈਨੂੰ ਕੌਣ ਛੁਡਾਵੇ। ਲਾਲਚ ਬੁਰੀ ਬਲਾ ਏ। ਮੈਂ ਸ਼ਾਹ ਦੇ ਝਾਂਸੇ 'ਚ ਆ ਗਿਆ। ਚਲੋ ਚਾਰ ਦਿਨ ਮੁਰਗੇ ਈ ਖਾਵਾਂਗੇ ਪਰ ਮੈਨੂੰ ਕੀ ਪਤਾ ਸੀ ਕਿ ਆਪ ਈ ਮੁਰਗਾ ਬਣ ਜਾਣੈ। ਤੁਸੀਂ ਜੇ ਮੇਰੀ ਸਿਫ਼ਾਰਸ਼ ਕਰੋ ਤੇ ਇੱਧਰ ਮੈਂ ਤਰਲਾ-ਮਿੰਨਤ ਕਰਾਂ, ਸ਼ਾਇਦ ਦਲ ਵਾਲਿਆਂ ਦੇ ਦਿਲ ਵਿਚ ਮਿਹਰ ਪੈ ਜਾਏ।

—ਮਿਹਰ ਤੇ ਪੈ ਜਾਏਗੀ ਪਰ ਸ਼ਾਹ ਕੀ ਆਖੂ?

—ਇਕ ਪਾਸੇ ਤਾਪ ਏ ਤੇ ਦੂਜੇ ਪਾਸੇ ਮੌਅਰਕਾ। ਮੌਤ ਤੇ ਦੋ ਪਾਸੀਂ ਹੋਣੀ ਏ। ਚੰਗਾ ਏ ਮੱਠਾ-ਮੱਠਾ ਤਾਪ ਜਰਿਆ ਤੇ ਜਾਂਦੈ।

—ਆਖ਼ਰ ਸਿਫ਼ਾਰਸ਼ ਕੀਤੀ, ਹੱਥ-ਪੈਰ ਜੋੜੇ ਮੱਥਾ ਰਗੜਿਆ ਭਲੇ ਲੋਕੋ, ਮੈਨੂੰ ਲਾਹੌਰ 'ਚ ਈ ਰਹਿਣ ਦਿਓ।

—ਲਾਹੌਰ ਵਿਚ ਰਹੇਂਗਾ ਪਰ ਖਾਏਂਗਾ ਕਿੱਥੋਂ?

—ਜਦੋਂ ਸਰਦਾਰਾਂ ਦਾ ਗੁਮਾਸ਼ਤਾ ਬਣ ਗਿਆ ਤੇ ਫੇਰ ਰੋਟੀ ਦਾ ਸਵਾਲ ਕਾਹਦਾ।

—ਅੱਛਾ ਸਲਾਹ ਕਰ ਲੈਣ ਦਿਓ ਭਰਾਵਾਂ ਨਾਲ।

ਸੱਥ ਬੈਠੀ, ਕਚਹਿਰੀ ਲੱਗੀ, ਦਰਬਾਰ ਗੁੱਜਰ ਸਿੰਘ ਦਾ ਸੀ।

ਲਹਿਣਾ ਸਿੰਘ, ਸ਼ੋਭਾ ਸਿੰਘ ਭਾਵੇਂ ਅਜੇ ਥੱਕੇ-ਟੁੱਟੇ ਆਏ ਈ ਸਨ। ਅਜੇ ਉਨ੍ਹਾਂ ਗੋਡਾ ਨਿਵਾਇਆ ਸੀ। ਫ਼ਰਮਾਇਸ਼ ਪਾਈ ਲਾਹੌਰ ਦੇ ਰੱਜੇ-ਪੁੱਜੇ ਪਤਵੰਤਿਆਂ ਨੇ।

—ਇਹ ਨਾਂ-ਮਾਤਰ ਹਾਕਮ ਬਣਾ ਕੇ ਛੱਡ ਗਿਆ ਏ ਅਹਿਮਦ ਸ਼ਾਹ ਅਬਦਾਲੀ। ਵਿਚਾਰਾ ਮੂੰਹ 'ਚ ਘਾਹ ਪਾ ਕੇ ਅੱਲਾ-ਅੱਲਾ ਪੁਕਾਰ ਰਿਹੈ। ਲਿੱਦ ਚੁੱਕਾਂਗਾ ਸਰਦਾਰ ਜੀ, ਤੁਹਾਡੇ ਘੋੜਿਆਂ ਦੀ।

—ਲਿੱਦ ਚੁੱਕਣ ਵਾਲੇ ਨਵਾਬ ਬਣ ਗਏ, ਸੁਲਤਾਨੁਲ ਕੌਮ ਬਣ ਗਏ?

—ਲਿੱਦ ਚੁੱਕਣੀ ਸਰਦਾਰਾਂ ਦਾ ਕੰਮ ਏ, ਬਹਾਦਰਾਂ ਦਾ ਕੰਮ ਏ, ਜੋਧਿਆਂ ਦਾ ਕੰਮ ਏ।

ਆਖ਼ਰ ਜਦ ਬਹੁਤ ਲਿੱਲੜੀਆਂ ਕੱਢੀਆਂ ਤੇ ਗੁੱਜਰ ਸਿੰਘ ਦੇ ਮਨ 'ਚ ਮਿਹਰ ਪੈ ਗਈ।

—ਜਾਹ ਓਏ ਲੁਟੇਰਿਆਂ ਦੇ ਗੁਮਾਸ਼ਤਿਆ! ਤੇਰਾ ਸਰਦਾਰਾਂ ਨਾਲ ਵਾਸਤਾ ਪਿਐ।

—ਵੀਹ ਰੁਪਈਏ ਰੋਜ਼ ਖਾਣ-ਪੀਣ ਨੂੰ ਗੁਰੂ ਕਾ ਲੰਗਰ। ਬੁਰਕਾ ਲਾਹ ਦੇਵੇ ਨਵਾਬਜ਼ਾਦੀ। ਜਿੱਦਾਂ ਸਾਡੀਆਂ ਸਰਦਾਰਨੀਆਂ ਪੰਗਤ 'ਚ ਬੈਠ ਕੇ ਖਾਂਦੀਆਂ ਨੇ ਤੇ ਬਾਲਟੀਆਂ ਭਰ ਕੇ, ਦਲਟੋਹੇ ਭਰ ਕੇ ਸੰਗਤ ਨੂੰ ਜਲ ਛਕਾਉਂਦੀਆਂ ਨੇ। ਜਾਹ

ਅਨੰਦ ਲੈ ਜੇ ਫੇਰ ਵੀ ਘਟ ਜਾਏ ਖ਼ਰਚ ਤੇ ਫੇਰ ਅਸੀਂ ਬੈਠੇ ਹਾਂ।

ਵੀਹ ਰੁਪਏ ਰੋਜ਼ ਸਰਕਾਰੀ ਖਜ਼ਾਨੇ ਵਿਚੋਂ ਤੇ ਨੌਕਰੀ ਵੱਖਰੀ।

ਦਾਦਨ ਖ਼ਾਂ ਜਦ ਕੁਝ ਦਿਨ ਠਹਿਰਿਆ ਤੇ ਉਹਦਾ ਐਸਾ ਮਨ ਲੱਗਾ ਉਹ ਲਾਹੌਰ ਦਾ ਈ ਹੋ ਕੇ ਰਹਿ ਗਿਆ।

ਦਾਦਨ ਖ਼ਾਂ ਆਖ ਰਿਹਾ ਸੀ। ਇਹ ਨਿਹੰਗ ਬਹੁਤ ਭਲੇ ਲੋਕ ਹਨ। ਐਵੇਂ ਲੋਕ ਬਦਨਾਮ ਕਰਦੇ ਹਨ।

—ਸਰਦਾਰ ਜੀ ਜਿੰਨਾ ਚਿਰ ਜੀਵਾਂਗਾ ਖ਼ਿਦਮਤਗਾਰ ਬਣ ਕੇ। ਮੈਂ ਪਠਾਣ ਦਾ ਪੁੱਤ ਹਾਂ। ਇਕ ਵਾਰ ਜਿਹਨੂੰ ਯਾਰ ਆਖ ਲਿਆ ਤੇ ਫੇਰ ਉਹਦੇ ਤੇ ਜਾਨ ਵਾਰ ਕੇ ਰੱਖ ਦੇਣੀ ਸਾਡਾ ਈਮਾਨ ਏ।

—ਲਾਹੌਰ ਦੇ ਮਾਲਕੋ ਗ਼ਰੀਬਾਂ ਤੇ ਨਜ਼ਰ ਰੱਖਣੀ। ਲਾਹੌਰ ਤੇ ਹੁਣ ਤੱਕ ਜਣੇ-ਖਣੇ ਦੀ ਭਾਬੀ ਬਣ ਕੇ ਰਿਹੈ। ਲਾਹੌਰ ਦੀ ਐਵੇਂ ਸ਼ਾਮਤ ਆ ਜਾਂਦੀ ਏ।

125

ਪਟਿਆਲੇ ਨੂੰ ਨਹੀਂ ਛੇੜਨਾ

—ਸਰਦਾਰ ਅਮਰ ਸਿੰਹਾਂ, ਆਹ ਲੈ ਝੰਡਾ ਤੇ ਆਹ ਲੈ ਖ਼ਿਲਤ, ਅਹੁ ਪਿਆ ਈ ਨਗਾਰਾ ਮਹਾਰਾਜਗਿਰੀ ਦੀ ਕਲਗੀ, ਇਕ ਘੋੜਾ ਜੜਾਊ ਸਾਜ਼-ਸਮਾਨ ਨਾਲ ਮੜ੍ਹਿਆ ਹੋਇਆ। ਇਹ ਸਾਡੀ ਸੁਲਹਾ ਦਾ ਬਿਆਨਾ ਏ। ਦਲ ਵਾਲਿਆਂ ਨਾਲ ਸਾਡੀ ਸੁਲਹਾ ਕਰਵਾ ਦਿਓ ਤੇ ਮੂੰਹ ਮੰਗਿਆ ਮੁੱਲ ਲੈ ਲਈ। ਹੋਰ ਕੋਈ ਸ਼ਰਤ ਨਹੀਂ। ਮੈਨੂੰ ਤੁਹਾਡੀਆਂ ਸਾਰੀਆਂ ਸ਼ਰਤਾਂ ਮਨਜ਼ੂਰ ਹਨ।

—ਸੁਲਹਾ ਹਰ ਕੀਮਤ ਤੇ, ਹਰ ਸ਼ਰਤ ਮਨਜ਼ੂਰ। ਤੂੰ ਵਿਚੋਲੇ ਦਾ ਕੰਮ ਕਰ। ਸ਼ਾਹ ਨੇ ਫ਼ਰਿਆਦ ਕੀਤੀ।

—ਇਨ੍ਹਾਂ ਤਿਲਾਂ ਵਿਚ ਤੇਲ ਨਹੀਂ। ਇਹਨਾਂ ਮੰਨਣਾ ਨਹੀਂ। ਮੈਨੂੰ ਬੁਰਾ ਨਾ ਬਣਾਓ।

—ਕੋਸ਼ਿਸ਼ ਕਰਨਾ ਵਿਚੋਲੇ ਦਾ ਕੰਮ ਏ।

—ਤਲਵਾਰ ਨੇ ਕੋਈ ਫ਼ੈਸਲਾ ਨਹੀਂ ਕਰਨਾ। ਜਦ ਵੀ ਕਦੀ ਗੱਲ ਹੋਣੀ ਤੇ ਸੱਥ ਵਿਚ ਬੈਠ ਕੇ ਹੋਣੀ ਏ।

—ਮੈਂ ਚੱਲਿਆ ਹਾਂ ਫੇਰ ਆਵਾਂਗਾ, ਕਣਕ ਪੱਕਣ ਦਿਓ।

—ਹੁਣ ਤੂੰ ਕਿਉਂ ਆਉਣਾ ਏ। ਹੁਣ ਅਸੀਂ ਆਵਾਂਗੇ। ਅੰਗੂਰ, ਸਰਦਾ, ਖੁਰਮਾਨੀ, ਜ਼ਰਦਾਲੂ ਖਾਣ। ਸਰਦਾਰ ਅਮਰ ਸਿੰਘ ਨੇ ਗੱਲ ਮੂੰਹ ਤੇ ਮਾਰੀ।

—ਅਹਿਮਦ ਸ਼ਾਹ ਅਬਦਾਲੀ ਦੀ ਆਵਾਜ਼ ਅਜੇ ਵੀ ਅਮਰ ਸਿੰਘ ਦੇ ਕੰਨਾਂ 'ਚ ਗੂੰਜ ਰਹੀ ਸੀ, ਪਰ ਏਧਰ ਡਰ ਸੀ ਕਿ ਬੁੱਢੇ ਦਲ ਵਾਲੇ ਚੌਂਕੇ ਵਿਚੋਂ ਈ ਨਾ ਕੱਢ ਦੇਣ। ਪੰਥ ਵਿਚੋਂ ਈ ਨਾ ਛੇਕ ਦੇਣ।

—ਗੱਲ ਉਹੋ ਹੀ ਬਣੀ। ਖ਼ਾਲਸਾ ਬੜੇ ਗੁੱਸੇ ਵਿਚ ਸੀ। ਏਸ ਬਲੂੰਗੜੇ ਨੇ ਪੱਗ ਅਹਿਮਦ ਸ਼ਾਹ ਅਬਦਾਲੀ ਸਾਹਮਣੇ ਝੁਕਾਅ ਦਿੱਤੀ।

ਮਨਚਲੇ ਗੱਭਰੂਆਂ ਨੇ ਹਮਲਾ ਬੋਲ ਦਿੱਤਾ। ਇਕ ਝੜਪ ਵਿਚ ਕੁਝ ਬੰਦੇ ਮਰੇ। ਕੁਝ ਅਜੇ ਸਹਿਕ ਰਹੇ ਸਨ। ਜ਼ਖ਼ਮੀ ਹਾਏ-ਹਾਏ ਕਰ ਰਹੇ ਸਨ।

ਜੱਸਾ ਸਿੰਘ ਆਹਲੂਵਾਲੀਏ ਨੇ ਸੋਚਿਆ—ਅਜੇ ਪਿੰਡ ਨਹੀਂ ਬੱਝਾ, ਉਚੱਕੇ ਪਹਿਲਾਂ ਈ ਆ ਗਏ।

ਜੱਸਾ ਸਿੰਘ ਆਹਲੂਵਾਲੀਆ ਵਿਚ ਨਾ ਪੈਂਦਾ ਤੇ ਫੇਰ ਭਾਵੇਂ ਖ਼ੂਨ-ਖ਼ਰਾਬਾ ਜ਼ਰੂਰ ਹੁੰਦਾ।

ਦੋਵਾਂ ਪਾਸਿਆਂ ਦੇ ਸੂਰਮੇ ਠੱਲ੍ਹੇ ਗਏ। ਤਲਵਾਰਾਂ ਮਿਆਨ 'ਚ ਪੈ ਗਈਆਂ। ਭਰਾ-ਭਰਾ ਦਾ ਖ਼ੂਨ ਕਰੇ ਇਹ ਅਹਿਮਦ ਸ਼ਾਹ ਅਬਦਾਲੀ ਦੇ ਸੁੱਟੇ ਦਾਣੇ ਦਾ ਕ੍ਰਿਸ਼ਮਾ ਸੀ, ਪਰ ਬੁੱਢੇ ਦਲ ਵਾਲਿਆਂ ਨੇ ਸਖ਼ਤੀ ਨਾਲ ਸਾਰਿਆਂ ਦੇ ਟੁਕੜੇ ਢੈਹ ਕਰ ਦਿੱਤੇ।

ਪਰ ਅਜੇ ਖ਼ਾਲਸੇ ਦਾ ਗੁੱਸਾ ਠੰਢਾ ਨਹੀਂ ਸੀ ਹੋਇਆ। ਅੱਖਾਂ ਲਾਲ ਗਹਿਰੀਆਂ ਕਰੀ ਫਿਰਦੇ ਸਨ।

ਅਮਰ ਸਿੰਘ ਦੀ ਮਜਬੂਰੀ ਕੋਈ ਨਹੀਂ ਸੀ ਜਾਣਦਾ। ਅਹਿਮਦ ਸ਼ਾਹ ਅਬਦਾਲੀ ਇਹ ਗੱਲ ਚਾਹੁੰਦਾ ਸੀ ਕਿ ਅਮਰ ਸਿੰਘ ਬਦਜ਼ਬਾਨੀ ਕਰੇ ਤੇ ਮੈਂ ਜ਼ਬਾਨ ਖਿੱਚ ਲਵਾਂ। ਕੈਦੀ ਬਣਾ ਕੇ ਮਸ਼ਕਾਂ ਬੰਨ੍ਹ ਕੇ ਕਾਬੁਲ ਲੈ ਜਾਵਾਂ।

ਅਮਰ ਸਿੰਘ ਨੇ ਉਹ ਮੌਕਾ ਈ ਨਾ ਆਉਣ ਦਿੱਤਾ। ਹਾਂ-ਹਾਂ ਵਿਚ ਈ ਪ੍ਰਾਹੁਣੇ ਤੋਰ ਦਿੱਤੇ, ਪਰ ਸਾਰੇ ਈ ਨਹੀਂ ਸਨ ਦੁੱਧ ਵਿਚ ਨ੍ਹਾਤੇ ਹੋਏ। ਵਣ-ਵਣ ਦੀ ਲੱਕੜੀ ਸੀ।

ਭਾਨਮਤੀ ਨੇ ਕੁਨਬਾ ਜੋੜਾ ਕਹੀਂ ਕੀ ਈਂਟ ਕਹੀਂ ਕਾ ਰੋੜਾ।

ਮਰਿਆਦਾ ਵਿਚ ਬੱਝੇ ਹੋਏ ਸਨ ਮੱਛਰੇ ਹੋਏ ਵਿਗੜੇ ਵਹਿੜਕੇ। ਕਾਬੂ ਕਰਨਾ ਜਣੇ-ਖਣੇ ਦਾ ਕੰਮ ਨਹੀਂ ਸੀ। ਇਹ ਬੁੱਢੇ ਦਲ ਨੂੰ ਹੁਨਰ ਆਉਂਦਾ ਸੀ। ਇਕ ਮਾਲਾ ਵਿਚ ਪਰੁੱਚਿਆ ਹੋਇਆ ਸੀ ਬੁੱਢਾ ਦਲ।

ਇਕ ਦਾਨਾ ਮਾਲਾ ਵਿਚੋਂ ਖਿੱਲਰ ਜਾਏ ਤੇ ਸਾਰੀ ਮਾਲਾ ਖ਼ਰਾਬ ਹੋ ਜਾਂਦੀ ਏ।

—ਗੰਢ ਏ, ਖੁੱਲ੍ਹਣੀ ਨਹੀਂ ਚਾਹੀਦੀ ਸਗੋਂ ਪੀਚਵੀਂ ਹੁੰਦੀ ਜਾਣੀ ਚਾਹੀਦੀ ਏ।

ਜੱਸਾ ਸਿੰਘ ਆਹਲੂਵਾਲੀਏ ਦੇ ਗੱਡੇ ਕਿੱਲੇ ਅਜੇ ਤਕ ਕਿਸੇ ਨੇ ਨਹੀਂ ਸਨ ਪੁੱਟੇ।

—ਪਟਿਆਲਾ ਲੁੱਟ ਲਵੋ ਅਮਰ ਸਿੰਘ ਪਟਿਆਲੇ ਤੋਂ ਬਾਹਰ ਏ। ਇਹ ਸੁਨਹਿਰੀ ਮੌਕਾ ਹੱਥੋਂ ਨਾ ਜਾਣ ਦਿਓ। ਅਮਰ ਸਿੰਘ ਦੇ ਪੈਰ ਪਟਿਆਲੇ ਵਿਚ ਨਹੀਂ ਪੈਣੇ ਚਾਹੀਦੇ। ਇਕ ਸਰਦਾਰ ਨੇ ਸਲਾਹ ਦਿੱਤੀ।

—ਅਮਰ ਸਿੰਘ ਵੀ ਤਲਵਾਰ ਦਾ ਧਨੀ ਏ।

—ਉਸ ਵਿਚ ਵੀ ਕੋਈ ਇਹੋ ਜਿਹੀ ਗੱਲ ਨਹੀਂ। ਆਲਾ ਸਿੰਘ ਈ ਮਰਦ ਸੀ। ਬਾਕੀ ਸਾਰੇ ਨਪੁੰਸਕ ਨੇ।

—ਇਹ ਗੱਲ ਬੁੱਢੇ ਦਲ ਨੇ ਹੋਣ ਨਹੀਂ ਸੀ ਦਿੱਤੀ।

—ਕਿਉਂ ਦਲ ਵਾਲੇ ਪਟਿਆਲੇ ਵਾਲਿਆਂ ਤੋਂ ਕਿਸੇ ਗੱਲ ਤੋਂ ਕਾਣੇ ਹਨ?

—ਨਹੀਂ ਯਰਾਨਾ ਏ ਜਥੇਦਾਰ ਦਾ ਪਟਿਆਲੇ ਵਾਲੇ ਰਾਜੇ ਨਾਲ।

ਇਹ ਕੁਝ ਨਹੀਂ ਲੱਗਦੇ ਜਥੇਦਾਰ ਦੇ। ਦਲ ਇਕ ਸੱਥ ਏ। ਅਹਿਮਦ ਸ਼ਾਹ ਅਬਦਾਲੀ ਦੀ ਈਨ ਮੰਨ ਲਈ ਤੇ ਉਹਦੀਆਂ ਜੁੱਤੀਆਂ ਸਾਫ਼ ਕਰ ਕੇ ਪਟਾ ਲਿਖਵਾ

ਲਿਆ ਤਾਂ ਕਿਹੜੀ ਦਿੱਲੀ ਜਿੱਤ ਲਈ। ਏਸ ਪਟੇ ਦਾ ਮੁੱਲ ਕੀ ਏ ? ਉਹ ਜੇਹਲਮ ਟੱਪਿਆ ਤੇ ਅਸਾਂ ਇਹ ਪਟਾ ਚੁੱਲ੍ਹੇ 'ਚ ਸਾੜ ਸੁੱਟਣਾ ਏ।

—ਨਹੀਂ ਭਰਾ, ਵਕਤ ਦੀ ਨਜ਼ਾਕਤ ਇਹੋ ਗੱਲ ਆਖਦੀ ਏ ਸ਼ਾਹ ਕੋਲੋਂ ਜੋ ਕੁਝ ਮਿਲ ਜਾਏ, ਲੈ ਲਓ ਤੇ ਤੋਰ ਦਿਓ। ਡੰਡੀ ਵਿਖਾ ਦਿਓ ਸਿੱਧੀ ਜਾਂਦੀ, ਫੇਰ ਜਿਹੜੀ ਤੁਹਾਡੀ ਸਲਾਹ ਹੋਵੇ ਉਹ ਕਰ ਲੈਣੀ। ਇਕ ਬਲਾਅ ਗਲੋਂ ਲੱਥੀ, ਖ਼ੂਨ-ਖ਼ਰਾਬੇ ਤੋਂ ਬਚਿਆ ਪਟਿਆਲਾ। ਅਕਲਮੰਦੀ ਵਰਤੀ ਬਾਕੀ ਪਟਿਆਲਾ ਲੁੱਟਣਾ ਕੋਈ ਮੁਸ਼ਕਲ ਨਹੀਂ। ਇਹ ਤੇ ਘੜੇ ਦੀ ਮੱਛੀ ਏ।

ਗੱਲ ਕੁਝ ਗੱਭਰੂਆਂ ਦੇ ਖ਼ਾਨੇ ਪਈ।

ਯਕਦਮ ਬਿਨਾਂ ਸੋਚਿਆਂ, ਬਿਨਾਂ ਸਮਝਿਆਂ ਹਮਲਾ। ਭਰਾ ਭਰਾਵਾਂ ਨਾਲ ਲੜੇ। ਚਿਰਾਗ਼ ਬਾਲਣ ਦੁਸ਼ਮਣ, ਘਿਓ ਦੇ ਦੀਵੇ ਬਾਲ ਕੇ ਖ਼ਾਨਗਾਹ ਤੇ ਚੜ੍ਹਾਉਣਗੇ। ਦਲ ਵਿਚ ਫੁੱਟ ਪਈ, ਜੱਸਾ ਸਿੰਘ ਆਹਲੂਵਾਲੀਆ ਨੇ ਡਾਂਗ ਹੱਥ 'ਚ ਫੜ ਲਈ ਤੇ ਆਖਣ ਲੱਗਾ।

—ਅਜੇ ਕੋਹ ਨਹੀਂ ਚੱਲੀ ਤੇ ਬਾਬਾ ਤਿਹਾਈ। ਅਜੇ ਹਕੂਮਤ ਤੇ ਹੱਥ ਵਿਚ ਆ ਲੈਣ ਦਿਓ। ਪਹਿਲਾਂ ਈ ਖੁੰਡਿਆਂ ਨੂੰ ਤੇਲ ਦੀਆਂ ਮਾਲਸ਼ਾਂ ਕਰਨ ਲੱਗ ਪਏ ਓ।

ਸਰਦਾਰ ਬਘੇਲ ਸਿੰਘ ਦਾ ਜਥਾ ਚੜ੍ਹ ਆਇਆ ਵਰ੍ਹਦੀਆਂ ਤਲਵਾਰਾਂ ਵਿਚ। ਜੱਸਾ ਸਿੰਘ ਆਹਲੂਵਾਲੀਆ ਵਿਚ ਆਣ ਕੁੱਦਿਆ। ਆਖਣ ਲੱਗਾ—ਸਿੰਘ ਜੀ, ਇਹ ਗੁਰੂ ਦਾ ਘਰ ਏ। ਪਟਿਆਲੇ ਨੂੰ ਨਹੀਂ ਛੇੜਨਾ, ਅਸੀਂ ਸੱਥ ਬਿਠਾਵਾਂਗੇ ਤੇ ਫੇਰ ਤਨਖ਼ਾਹ ਲਾਵਾਂਗੇ। ਭਰਾ ਨੇ ਗ਼ਲਤੀ ਕੀਤੀ ਏ। ਉਹ ਜੁਰਮ ਏ ਨਾ।

ਪਰ ਅਮਰ ਸਿੰਘ ਆਖਦਾ ਏ ਕਿ ਇਹ ਮੇਰੇ ਤੇ ਝੂਠਾ ਇਲਜ਼ਾਮ ਏ। ਮੇਰੀ ਗੱਲ ਸੁਣੋ ਮੈਂ ਗਲ 'ਚ ਪੱਲਾ ਪਾ ਕੇ ਬੁੱਢੇ ਦਲ ਦੀ ਕਚਹਿਰੀ ਵਿਚ ਮੁਜਰਮ ਬਣ ਕੇ ਖੜ੍ਹਾ ਹੋਵਾਂਗਾ।

126

ਤੇਰਾ ਘਰ ਮੇਰਾ ਘਰ ਹੈ

ਸਰਦਾਰ ਬਘੇਲ ਸਿੰਘ ਦੀ ਹੋਰ ਮੱਤ ਸੀ—ਬਿਨਾਂ ਸੋਚਿਆਂ, ਬਿਨਾਂ ਸਲਾਹ ਦੇ, ਬਿਨਾਂ ਜਥੇ ਤੋਂ ਇਜਾਜ਼ਤ ਮੰਗਿਆਂ ਮਿਆਨ 'ਚੋਂ ਤਲਵਾਰ ਕੱਢੀ ਤੇ ਝਟਕਾ ਸੁੱਟੇ ਭਰਾ। ਏਸ ਗ਼ਲਤੀ ਦੀ ਬਘੇਲ ਸਿੰਘ ਈ ਤਨਖ਼ਾਹ ਲਾਏ ਬੁੱਢੇ ਦਲ ਦੇ ਦਰਬਾਰ 'ਚ ਖੜ੍ਹਾ ਹੋ ਕੇ।

ਦੂਜੀ ਗੱਲ ਇਹ ਹੈ ਕਿ ਇਹ ਪਟਿਆਲਾ ਸਾਥੋਂ ਕੋਈ ਨਾਬਰ ਨਹੀਂ ਹੋਇਆ। ਪਟਿਆਲੇ ਨੇ ਕਦੀ ਮਨਮਾਨੀ ਨਹੀਂ ਕੀਤੀ। ਹਮੇਸ਼ਾ ਪਟਿਆਲੇ ਵਾਲੇ ਮੋਹਰਲੀਆਂ ਕਤਾਰਾਂ ਵਿਚ ਲੜੇ ਹਨ। ਜੀਅ ਤੋੜ ਕੇ ਹਮਲਾ ਕੀਤੈ। ਅਹਿਮਦ ਸ਼ਾਹ ਅਬਦਾਲੀ ਨੂੰ ਕਈ ਵਾਰ ਲੁੱਟਿਆ ਤੇ ਕਈ ਵਾਰ ਲਕੀਰਾਂ ਕਢਵਾਈਆਂ। ਇਹ ਸੋਹ ਦਾ ਤੱਕਲਾ ਗੱਡਣਾ ਚਾਹੁੰਦਾ ਏ ਬੁੱਢੇ ਦਲ ਦੇ ਪਵਿੱਤਰ ਵਿਹੜੇ ਵਿਚ। ਮੈਂ ਹਿੱਕ ਤੇ ਹੱਥ ਰੱਖ ਕੇ

ਅਰਜ਼ ਕਰਦਾ ਹਾਂ। ਦੁਸ਼ਮਨ ਦੇ ਸਨਮੁਖ ਹੋ ਕੇ ਲੜਨਾ ਪਟਿਆਲੇ ਵਾਲਿਆਂ ਦਾ ਕੰਮ ਸੀ। ਮਾਲਵੇ ਦੀ ਸਾਰੀ ਸਰਦਾਰੀ ਅਹਿਮਦ ਸ਼ਾਹ ਅਬਦਾਲੀ ਬਾਬਾ ਆਲਾ ਸਿੰਘ ਨੂੰ ਦੇਣ ਨੂੰ ਤਿਆਰ ਸੀ, ਪਰ ਸਰਦਾਰ ਨੇ ਕਬੂਲ ਨਹੀਂ ਕੀਤੀ। ਦਲ ਵਾਲਿਆਂ ਦੀ ਮੁੱਛ ਨੀਵੀਂ ਨਹੀਂ ਹੋਣ ਦਿੱਤੀ।

—ਜੇ ਅਮਰ ਸਿੰਘ ਅਹਿਮਦ ਸ਼ਾਹ ਅਬਦਾਲੀ ਦੇ ਕੈਂਪ ਵਿਚ ਚਲਿਆ ਈ ਗਿਆ ਤਾਂ ਕੀ ਏ ? ਜੇ ਨਾ ਜਾਂਦਾ ਤੇ ਫੜ ਕੇ ਲੈ ਜਾਂਦੇ ਤੇ ਫੇਰ ਇੱਥੋਂ ਬਚ ਕੇ ਨਿਕਲਣਾ ਬੜਾ ਮੁਸ਼ਕਲ ਸੀ। ਚਲਾਕੀ ਨਾਲ, ਮਿੰਨਤ ਨਾਲ ਹਾਂ ਵਿਚ ਹਾਂ ਮਿਲਾ ਕੇ ਖ਼ਿਲਤ ਵੀ ਲੈ ਆਇਆ, ਝੰਡਾ ਵੀ ਤੇ ਧੌਂਸਾ ਵੀ, ਇਹ ਉਹਦੀ ਅਕਲਮੰਦੀ ਏ। ਵਰਨਾ ਕਤਲ ਕਰਨਾ ਅਬਦਾਲੀ ਦਾ ਰੋਜ਼ ਦਾ ਕੰਮ ਏ। ਉਹ ਇਹਨੂੰ ਗੁਨਾਹ ਮੰਨਦਾ ਈ ਨਹੀਂ। ਕੁੱਕੜ ਝਟਕਾ ਦਿੱਤਾ ਤੇ ਬੰਦਾ ਵੱਢ ਦਿੱਤਾ, ਕੋਈ ਫ਼ਰਕ ਨਹੀਂ।

—ਅਹਿਮਦ ਸ਼ਾਹ ਅਬਦਾਲੀ ਦਾ ਝੰਡਾ ਕੱਢੋ, ਧੌਂਸਾ ਵਜਾਓ। ਜਿਹੜੇ ਇਲਾਕੇ ਈਨ ਮੰਨ ਲੈਣ ਅਬਦਾਲੀ ਦੇ ਨਾਂ ਤੇ ਉਨ੍ਹਾਂ ਨੂੰ ਵੀ ਰਾਖੀ 'ਚ ਲੈ ਲਵੋ। ਜਿਹੜੇ ਨਾ ਮੰਨਣ ਤੇ ਫੇਰ ਕੇਸਰੀ ਨਿਸ਼ਾਨ ਝੁੱਲਦੇ ਵਿਖਾਓ। ਤਲਵਾਰਾਂ ਦੀ ਧਾਰ ਦੇ ਦਰਸ਼ਨ ਕਰਵਾਓ।

ਨਾ ਹਿੰਗ ਲੱਗੇ ਨਾ ਫਟਕੜੀ ਰੰਗ ਚੋਖਾ ਆਏ।

—ਮੈਂ ਵੀ ਬੁੱਢੇ ਦਲ ਦਾ ਜਥੇਦਾਰ ਹਾਂ। ਜੇ ਇਹ ਸਮਾਂ ਮੇਰੇ ਤੇ ਆ ਜਾਂਦਾ ਤੇ ਮੈਂ ਵੀ ਇਹੋ ਕੁਝ ਕਰਦਾ। ਭਰਾਵਾਂ-ਭਰਾਵਾਂ ਨਾਲ ਸਾਂਝ ਪਾ ਕੇ ਚੱਲੋ। ਦੁਸ਼ਮਨ ਅਨਹੋਣੀਆਂ ਕਰਦੇ ਆਏ। ਭਰਾ-ਭਰਾ ਲੜਨ, ਤਾਕਤ ਕਮਜ਼ੋਰ ਹੋਵੇ ਸੁਰਾਗ ਮਿਲੇ। ਚੋਰ ਦੋਵਾਂ ਦਾ ਘਰ ਲੁੱਟੇਗਾ। ਅਹਿਮਦ ਸ਼ਾਹ ਅਬਦਾਲੀ ਨੱਕ ਨਾਲ ਲੀਕਾਂ ਕੱਢਦਾ ਚਲਾ ਗਿਆ। ਮੇਰੀ ਸੁਲਹਾ ਕਰਵਾ ਦਿਓ ਦਲ ਵਾਲਿਆਂ ਨਾਲ ਕਿ ਦਲ ਵਾਲੇ ਰਾਤੀਂ ਬਾਂਹ ਸਿਰਹਾਣੇ ਰੱਖ ਕੇ ਸੌਂਦੇ ਹਨ। ਨਾ ਰਾਤ ਆਰਾਮ ਤੇ ਨਾ ਦਿਨੇ ਚੈਨ ਪਰ ਫੇਰ ਵੀ ਲੜ ਰਹੇ ਹਨ। ਅਸਾਂ ਪੰਜਾਬ ਆਜ਼ਾਦ ਕਰਵਾਉਣਾ ਏ। ਖ਼ਾਲਸੇ ਨੂੰ ਤਖ਼ਤ ਤੇ ਬਿਠਾਉਣਾ ਏ।

—ਗੱਲ ਸੱਚ ਦੀ ਏ। ਅਮਰ ਸਿੰਘ ਦੋਸ਼ੀ ਹੋਵੇਗਾ ਤੇ ਸਜ਼ਾ ਜ਼ਰੂਰ ਦੇਵਾਂਗੇ। ਬਾਕੀ ਥੋੜ੍ਹੀ ਬਹੁਤੀ ਭੁੱਲ-ਚੁੱਕ ਹੋਵੇਗੀ ਉਹ ਮਾਫ਼ ਕੀਤੀ ਜਾ ਸਕਦੀ ਏ।

—ਸਭ ਗੱਲਾਂ ਛੱਡ ਦਿਓ ਪਹਿਲਾਂ ਸਾਰੇ ਪੰਜਾਬ ਤੇ ਕਬਜ਼ਾ, ਛਾਉਣੀਆਂ ਪੱਕੀਆਂ, ਥਾਣੇ ਮਜ਼ਬੂਤ ਕੋਈ ਕੁੱਕੜ ਬਾਂਗ ਦੇਣ ਵਾਲਾ ਨਾ ਬਚੇ।

—ਜਾਓ ਪਹਿਲਾਂ ਅਹਿਮਦ ਸ਼ਾਹ ਅਬਦਾਲੀ ਨੂੰ ਲੁੱਟੋ, ਖੋਹ ਲਵੋ ਸਾਰਾ ਲੁੱਟ ਦਾ ਮਾਲ-ਮੱਤਾ ਫੇਰ ਕਰਾਂਗੇ ਗੱਲ। ਜਲਦੀ ਕਰੋ ਉਨ੍ਹਾਂ ਵਾਲਿਆਂ ਤੇ ਚਲੇ ਜਾਣਾ ਏ। ਉਨ੍ਹਾਂ ਤੁਹਾਡੀ ਇੰਤਜ਼ਾਰ ਨਹੀਂ ਕਰਨੀ। ਫੜ ਲਵੋ, ਅਹਿਮਦ ਸ਼ਾਹ ਅਬਦਾਲੀ ਭੱਜ ਨਾ ਜਾਵੇ। ਜੱਸਾ ਸਿੰਘ ਆਹਲੂਵਾਲੀਏ ਦਾ ਬਚਨ ਸੀ।

ਚੌਕੇ ਵਿਚ ਭਾਂਡੇ ਕਦੀ ਨਾ ਕਦੀ ਠਹਿਕ ਈ ਜਾਂਦੇ ਹਨ। ਗ੍ਰਿਹਸਥ ਵਿਚ ਕੋਈ ਬੰਦਾ ਚੰਗਾ ਮੰਦਾ ਬੋਲ ਈ ਪੈਂਦੇ।

ਭੋਲੇ ਪਾਤਸ਼ਾਹੋ, ਗੁਰੂ ਦੇ ਹੁਕਮਨਾਮੇ ਨੂੰ ਮੱਥਾ ਟੇਕੋ। ਗੁਰੂ ਦਾ ਘਰ ਵਰੋਸਾਈਆਂ ਗੁਰੂ ਦੀਆਂ ਮਿਹਰਾਂ ਵੱਡਿਆਂ-ਵੱਡਿਆਂ 'ਤੇ। ਭਾਈ ਤਰਲੋਕਾ ਤੇ ਭਾਈ ਰਾਮਾ ਲਈ ਹੁਕਮ ਸੀ।

ਤੇਰਾ ਘਰ ਮੇਰਾ ਘਰ ਏ, ਮੇਰਾ ਘਰ ਤੇਰਾ ਘਰ ਏ। ਅਸਾਂ ਕੀ ਲੈਣੇ ਦੂਜਿਆਂ

ਦੀਆਂ ਗੱਲਾਂ ਸੁਣ ਕੇ ਇਕੋ ਹੁਕਮ ਈ ਬਹੁਤ ਏ।

ਮਹਾਰਾਜਾ ਅਮਰ ਸਿੰਘ ਜਦ ਪਟਿਆਲੇ ਪੁੱਜਾ ਤੇ ਜੱਸਾ ਸਿੰਘ ਆਹਲੂਵਾਲੀਆ ਵਿਚ ਆਣ ਖਲੋਤਾ ਵਰਨਾ ਬੁੱਢੇ ਦਲ ਦੇ ਕੁਝ ਮਨਚਲੇ ਗੱਭਰੂਆਂ ਅੱਥਰਿਆਂ ਮੁੰਡਿਆਂ ਨੇ ਪਟਿਆਲਾ ਫੂਕ ਕੇ ਸਵਾਹ ਕਰ ਦੇਣਾ ਸੀ।

ਅਮਰ ਸਿੰਘ ਨੇ ਜਾ ਹਾਜ਼ਰੀ ਭਰੀ ਜਥੇਦਾਰ ਜੱਸਾ ਸਿੰਘ ਆਹਲੂਵਾਲੀਏ ਦੀ।

ਸ਼ੁਕਰੀਆ ਅਦਾ ਕੀਤਾ ਨਜ਼ਰਾਨੇ ਵਲੋਂ ਈਸੜੂ ਦਾ ਪਰਗਨਾ ਭੇਂਟ ਕੀਤਾ।

ਮੱਝਾਂ ਵਾਲੇ ਸਦਾ ਕਰਜ਼ਾਈ ਊਠਾਂ ਵਾਲੇ ਅੱਧੇ, ਭੇਡਾਂ ਵਾਲੇ ਸਦਾ ਸਫੱਲੇ ਮਰ ਜਾਣ ਭਾਵੇਂ ਸੱਭੇ।

127

ਜੱਟ ਰੁਹੇਲੇ ਤੇ ਖ਼ਾਲਸਾ

ਬੁੱਢਾ ਦਲ ਏਨਾ ਸ਼ਕਤੀਸ਼ਾਲੀ ਹੋ ਗਿਆ ਸੀ ਕਿ ਹਰ ਕੋਈ ਬੁੱਢੇ ਦਲ ਦਾ ਮੁੱਖੜਾ ਵੇਖਣਾ ਚਾਹੁੰਦਾ। ਲੋਕ ਖ਼ਲੀਫ਼ਾ ਮੰਨਣ ਲੱਗ ਪਏ ਸਨ। ਹੋਰ ਤਾਕਤ ਕਿਹੜੀ ਸੀ ਜਿਹੜੀ ਵਿਚੋਲੇ ਦਾ ਭਾਰ ਚੁੱਕੇ ਜੱਟ ਰੁਹੇਲੇ ਤੇ ਖ਼ਾਲਸਾ ਈ ਮੈਦਾਨ 'ਚ ਬੁੱਕਦਾ। ਮੁਗ਼ਲਾਂ ਜ਼ਹਿਰ ਪਿਆਲੇ ਪੀ ਲਏ, ਪਰ ਉਨ੍ਹਾਂ ਦੇ ਤਖ਼ਤ ਤੇ ਨਜ਼ਰਾਂ ਲਾਈ ਬੈਠੇ ਸਨ ਰੁਹੇਲੇ।

ਲੁੱਚ ਪੈ ਗਿਆ, ਖੜੱਪਿਆਂ ਵਾਂਗੂੰ ਤਲਵਾਰਾਂ ਨਿਕਲੀਆਂ। ਉਨ੍ਹਾਂ ਮੂਰਖਾਂ ਨੂੰ ਅਜੇ ਇਹ ਵੀ ਪਤਾ ਨਹੀਂ ਸੀ ਕਿ ਅਹਿਮਦ ਸ਼ਾਹ ਅਬਦਾਲੀ ਫੇਰ ਆ ਸਕਦਾ ਏ। ਘਰ 'ਚ ਫੇਰ ਡਾਂਗਾਂ ਚੁੱਕਾਂਗੇ ਪਹਿਲਾਂ ਅਹਿਮਦ ਸ਼ਾਹ ਅਬਦਾਲੀ ਦਾ ਮੱਕੂ ਠੱਪ ਲਈਏ। ਏਸ ਬਘਿਆੜ ਨੇ ਸਾਡੇ ਭੇਡਾਂ ਦੇ ਇੱਜੜ ਨੂੰ ਪਾੜ ਕੇ ਖਾ ਜਾਣੈ।

ਪਹਿਲਾਂ ਬਘਿਆੜ ਦੀ ਸੰਘੀ ਘੁੱਟੋ, ਪਰ ਇਹ ਕੌਣ ਸੋਚਦਾ ਸੀ।

ਤੀਰਥ ਯਾਤਰਾ ਦਾ ਸੰਗ ਪੁਸ਼ਕਰ ਪੁੱਜਾ ਰਾਜਾ ਜਵਾਹਰ ਸਿੰਘ ਆਪਣੀਆਂ ਮਹਾਰਾਣੀਆਂ ਨਾਲ ਭਗਤੀ ਦੇ ਰੰਗ ਵਿਚ ਰੰਗਿਆ ਹੋਇਆ ਸੀ। ਉਨ੍ਹਾਂ ਦੇ ਹੱਥਾਂ ਵਿਚ ਤਲਵਾਰਾਂ ਨਹੀਂ ਸਨ, ਮਾਲਾ ਸੀ।

ਜੈਪੁਰੀਆ ਸਵਾਈ ਮਾਧੋ ਸਿੰਘ ਨੇ ਆਪਣਾ ਵੈਰ ਕੱਢਣ ਲਈ ਰਾਜਾ ਜਵਾਹਰ ਸਿੰਘ ਦੇ ਤੰਬੂ ਲੁੱਟ ਲਏ ਤੇ ਕੁਝ ਰਾਣੀਆਂ ਦੇ ਗਹਿਣੇ ਗੱਟੇ ਵੀ ਖੋਹ ਲਏ।

ਪੁਜਾਰੀਆਂ ਨੇ ਬੜਾ ਸਮਝਾਇਆ ਪਰ ਸਵਾਈ ਮਾਧੋ ਸਿੰਘ ਦੇ ਸਿਰ ਤੇ ਭੂਤ ਸਵਾਰ ਸੀ। ਓਸ ਕਿਸੇ ਦੀ ਗੱਲ ਨਾ ਮੰਨੀ।

ਆਖ਼ਰ ਸਿੱਧਾ ਹੋ ਗਿਆ ਰਾਜਾ ਜਵਾਹਰ ਸਿੰਘ ਤੇ ਓਸ ਦਲ ਵਾਲਿਆਂ ਨੂੰ ਸੁਨੇਹਾ ਭੇਜਿਆ ਹੋਇਆ ਸੀ। ਦਲ ਮਾਰੋ-ਮਾਰ ਕਰਦਾ ਆ ਰਿਹਾ ਸੀ। ਟਾਕਰਾ ਹੋ ਗਿਆ ਸਵਾਈ ਮਾਧੋ ਸਿੰਘ ਨਾਲ।

—ਸਰਕਾਰਾਂ ਤੀਰਥ ਯਾਤਰਾ ਕਰਨ ਚੱਲੀਆਂ ਨੇ।

—ਨਹੀਂ ਆਪਣੀ ਪਿਛਲੀ ਦੁਸ਼ਮਨੀ ਦਾ ਲੇਖਾ-ਜੋਖਾ ਕਰਨ।

—ਦੋਵੇਂ ਜਥੇ ਯਾਤਰੀ ਹੋਣ ਤੇ ਫੇਰ ਤਲਵਾਰਾਂ ਦਾ ਵਿਚ ਕੀ ਕੰਮ। ਮਾਲਾ ਲਵੋ, ਪ੍ਰਭੂ ਦਾ ਭਜਨ ਕਰੋ। ਇਹ ਵੇਲਾ ਮੁੜ ਕੇ ਨਹੀਂ ਆਉਣਾ।

ਪਰ ਸਵਾਈ ਮਾਧੋ ਸਿੰਘ ਦੇ ਸਿਰ ਤੇ ਭੈਰੋਂ ਨੱਚ ਰਿਹਾ ਸੀ।

—ਮੁੜ ਜਾ ਰਾਜਾ ਕਿਸੇ ਯਾਤਰੀ ਤੇ ਹਮਲਾ ਕਰਨ ਤੋਂ ਪਹਿਲਾਂ ਭਗਵਾਨ ਦੇ ਮੰਦਰ 'ਚ ਮੱਥਾ ਟੇਕ ਆ, ਯਾਰਤੀ ਰੱਬ ਦਾ ਰੂਪ ਹਨ।

—ਇਹ ਗੱਲਾਂ ਪੁਰਾਣੀਆਂ ਹੋ ਗਈਆਂ ਨੇ। ਦੁਸ਼ਮਨ ਜੇ ਟੱਕਰ ਜਾਏ ਤੇ ਝਟਕਾ ਸੁੱਟੋ।

—ਇਹ ਮਰਿਆਦਾ ਦੇ ਉਲਟ ਏ।

—ਜੇ ਅੱਗੋਂ ਸਵਾ ਸੇਰ ਮਿਲ ਗਿਆ ਤੇ ਫੇਰ?

—ਨੰਗੀਂ ਪੈਰੀਂ ਭੱਜ ਜਾਓਗੇ। ਇਹ ਦਲ ਕਿਧਰ ਚੜ੍ਹੀ ਜਾ ਰਿਹੈ?

—ਭੈਰੋਂ ਦੇ ਨੱਕ 'ਚ ਨਕੇਲ ਪਾਉਣ ਨੂੰ ਆਇਆ ਏ ਬੁੱਢਾ ਦਲ।

—ਤੁਸਾਂ ਸਾਨ੍ਹਾਂ ਦੇ ਭੇੜ ਵਿਚ ਕੀ ਲੈਣਾ ਏ?

—ਅਸਾਂ ਧਰਮ ਦੀ ਹਾਨੀ ਨਹੀਂ ਹੋਣ ਦੇਣੀ। ਸਿੱਧਾ ਹੋ ਜਾ, ਵੇਖ ਲੈਂਦੇ ਹਾਂ ਤੇਰੀਆਂ ਤਲਵਾਰਾਂ। ਅਜੇ ਵੀ ਰੱਬ ਦੇ ਕਹਿਰ ਤੋਂ ਡਰ।

—ਮੇਰੇ ਨਾਲ ਫ਼ੌਜ ਏ ਤੇ ਜਵਾਹਰ ਸਿੰਘ ਨਿਹੱਥਾ ਏ।

—ਪਰ ਬੁੱਢੇ ਦਲ ਦੀ ਵਹੀਰ ਵੀਹ ਹਜ਼ਾਰ ਦੀ ਏ। ਉਹਦੇ ਨਾਲ ਸਿੰਗ ਅੜਾਏਂਗਾ?

—ਖ਼ਾਲਸਾ ਜੀ, ਤੁਸੀਂ ਕੜਾਹ ਪ੍ਰਸ਼ਾਦ ਦੀ ਮਾਇਆ ਲਵੋ ਤੇ ਖੜ੍ਹੇ ਹੋ ਕੇ ਤਮਾਸ਼ਾ ਵੇਖੋ।

—ਖ਼ਾਲਸਾ ਤੇਰੇ ਟਕਿਆਂ ਤੇ ਧਾਰ ਵੀ ਨਹੀਂ ਮਾਰਦਾ। ਮੂਰਖਾ! ਤੂੰ ਖ਼ਾਲਸੇ ਨੂੰ ਮੰਗਤਾ ਸਮਝਿਆ ਹੋਇਐ?

ਪਰ ਘੋੜੇ ਤੇ ਚੜ੍ਹੇ ਸਵਾਈ ਮਾਧੋ ਸਿੰਘ ਨੇ ਮੁੱਛਾਂ ਨੂੰ ਮਰੋੜਾ ਦਿੱਤਾ ਤੇ ਹੱਲਾ ਬੋਲ ਦਿੱਤਾ। ਰਾਜੇ ਜਵਾਹਰ ਸਿੰਘ ਦਾ ਨੁਕਸਾਨ ਤੇਂ ਹੋਇਆ, ਪਰ ਗੁਰੂ ਨੇ ਪੈਜ ਰੱਖ ਲਈ। ਦਲ ਨੇ ਹਮਲਾ ਕਰ ਦਿੱਤਾ ਤੇ ਤੂੰਬਾ-ਤੂੰਬਾ ਉਡਾ ਦਿੱਤਾ।

ਜੱਸਾ ਸਿੰਘ ਆਹਲੂਵਾਲੀਆ ਆਖਣ ਲੱਗਾ—ਅਰਥੀਆਂ ਚੁੱਕਣ ਲਈ ਆਦਮੀ ਲਿਆਂਦੇ ਨੀ।

—ਸਰਦਾਰ ਜੀ, ਮੇਰੀ ਤੁਹਾਡੇ ਨਾਲ ਕਾਹਦੀ ਦੁਸ਼ਮਨੀ ਸੀ?

—ਅਸੀਂ ਮਾਲਾ ਵਾਲਿਆਂ ਤੇ ਤਲਵਾਰਾਂ ਚਲਦੀਆਂ ਨਹੀਂ ਵੇਖ ਸਕਦੇ।

—ਭੁੱਲਿਆ ਹੋਇਆ ਰਾਤੀਂ ਘਰ ਆ ਗਿਆ ਤੇ ਉਹਨੂੰ ਭੁੱਲਿਆ ਨਾ ਜਾਣੋਂ।

ਗਲ ਵਿਚ ਪੱਲਾ ਤੇ ਪਾ ਲਿਆ ਸਵਾਈ ਮਾਧੋ ਸਿੰਘ ਨੇ, ਪਰ ਕਿਰੜ ਨਾ ਛੱਡੀ।

ਜੱਸਾ ਸਿੰਘ ਆਹਲੂਵਾਲੀਆ ਬੋਲਿਆ—ਪੱਗ ਲੱਥਣੋਂ ਬਚ ਗਈ, ਨੱਸ ਜਾਹ।

—ਬਖ਼ਸ਼ੋ ਜਥੇਦਾਰ ਜੀ, ਤੁਸਾਂ ਮੇਰੇ ਨਾਲ ਇਨਸਾਫ਼ ਨਹੀਂ ਕੀਤਾ।

—ਲੋਕ ਮਾਲਾ ਜਪ ਰਹੇ ਹਨ ਤੇ ਤੁਸਾਂ ਤਲਵਾਰਾਂ ਨਾਲ ਵਾਢੀ ਪਾਈ ਹੋਈ ਏ। ਕੌਣ ਬਰਦਾਸ਼ਤ ਕਰੂ?

ਬਸ ਸਵਾਈ ਮਾਧੋ ਸਿੰਘ ਨੇ ਇਕੋ ਈ ਝੜਪ ਝੱਲੀ, ਨੱਸ ਗਿਆ, ਪਿੱਛੇ ਮੁੜ ਕੇ ਵੀ ਨਾ ਵੇਖਿਆ।

ਰਾਜੇ ਜਵਾਹਰ ਸਿੰਘ ਨੇ ਸੱਤ ਲੱਖ ਨਜ਼ਰਾਨਾ ਭੇਂਟ ਕੀਤਾ। ਇਹ ਖ਼ਰਚਾ-ਪਾਣੀ ਇਕ ਮਹੀਨੇ ਦਾ ਸੀ।

ਸਵਾਈ ਮਾਧੋ ਸਿੰਘ ਦੇ ਮਨ ਤੇ ਸੱਟ ਵੱਜੀ। ਮੈਂ ਮੰਦਰ ਵਿਚ ਰਾਜਾ ਜਵਾਹਰ ਸਿੰਘ ਦੇ ਬੰਦਿਆਂ ਦਾ ਕਤਲ ਕੀਤੈ।

—ਖ਼ੁਦਾ ਦੀ ਲਾਠੀ ਬੇ-ਆਵਾਜ਼ ਏ।

—ਚਲਾਣਾ ਕਰ ਗਿਆ ਵੱਡੀਆਂ ਤਲਵਾਰਾਂ ਵਾਲਾ। ਮਹਾਰਾਣੀ ਦੇ ਸਾਰੇ ਜ਼ੇਵਰ ਤੇ ਲੁੱਟ ਦਾ ਮਾਲ ਜਿਹੜਾ ਸਵਾਈ ਮਾਧੋ ਸਿੰਘ ਨੇ ਜਵਾਹਰ ਸਿੰਘ ਦੇ ਤੰਬੂਆਂ ਵਿਚੋਂ ਲੁੱਟਿਆ ਸੀ ਰਾਜੇ ਜਵਾਹਰ ਸਿੰਘ ਦੇ ਘਰ ਭੇਜ ਦਿੱਤਾ। ਭੁੱਲ ਦੀ ਖ਼ਿਮਾਂ ਮੰਗੀ।

ਉਜਾੜ ਪੈ ਗਈ ਸਵਾਈ ਮਾਧੋ ਸਿੰਘ ਦੇ ਮਹਿਲਾਂ ਵਿਚ।

ਰਾਜਾ ਜਵਾਹਰ ਸਿੰਘ ਵੀ ਚੰਗਾ ਖਾੜਕੂ ਸੀ। ਓਸ ਵੀ ਕੋਈ ਨੇਕੀ ਨਹੀਂ ਸੀ ਕੀਤੀ। ਵਿਚਾਰਾ ਸਵਾਈ ਮਾਧੋ ਸਿੰਘ ਭੁਲੇਖੇ ਵਿਚ ਈ ਮਾਰਿਆ ਗਿਆ। ਹਉਕੇ ਵਿਚ ਈ ਮਰ ਗਿਆ ਰਾਜਾ।

ਮਹਾਰਾਣੀ ਨੇ ਆਖਿਆ—ਪੁੱਤ ਸੰਭਾਲ ਗੱਦੀ, ਪਰ ਬੁੱਢੇ ਦਲ ਦੇ ਰਾਹ ਵਿਚ ਨਹੀਂ ਅੜਨਾ। ਇਹ ਸੰਤ ਸਿਪਾਹੀ ਹਨ, ਇਹ ਗੁਰੂ ਦੁਲਾਰੇ ਹਨ। ਇਹ ਲਾਡਲੀਆਂ ਫ਼ੌਜਾਂ ਹਨ, ਇਹ ਤਲਵਾਰਾਂ ਦੇ ਧਨੀ ਹਨ ਤੇ ਮਾਲਾ ਦੇ ਵੀ ਰਸੀਆ ਹਨ। ਸਵਾਈ ਮਾਧੋ ਸਿੰਘ ਦੀ ਅਰਥੀ ਚੁੱਕਣ ਤਕ ਦੀ ਉਡੀਕ ਨਾ ਕੀਤੀ ਤੇ ਹਉਕੇ ਵਿਚ ਈ ਜਵਾਹਰ ਸਿੰਘ ਵੀ ਰੱਬ ਨੂੰ ਪਿਆਰਾ ਹੋ ਗਿਆ।

ਬੁੱਢੇ ਦਲ ਵਾਲੇ ਮੁੜੇ ਮਾਲਵੇ ਨੂੰ।

ਹੁਣ ਮਰਹੱਟੇ, ਰੁਹੇਲੇ ਤੇ ਮੁਗ਼ਲਾਂ ਦੇ ਕੁੱਕੜ ਬੋਲ ਰਹੇ ਸਨ।

ਨਾ ਜੱਟ ਦੀਆਂ ਬੜ੍ਹਕਾਂ ਕਿਸੇ ਨੇ ਸੁਣੀਆਂ ਤੇ ਨਾ ਮਰਹੱਟੇ ਈ ਕੁਸਕੇ। ਰੁਹੇਲੇ ਆਪਣੀ ਜਾਨ ਬਚਾਉਂਦੇ ਫਿਰਦੇ ਸਨ।

ਫੋਕੇ ਦਮਗਜੇ ਮਾਰ ਰਹੇ ਸਨ। ਫੋਕੀਆਂ ਬੜ੍ਹਕਾਂ, ਹੱਥ ਪੱਲੇ ਕਿਸੇ ਦੇ ਕੁਝ ਨਹੀਂ ਸੀ।

128

ਮਲਿਕਾ ਜ਼ੀਨਤ ਮਹਿਲ

ਮਲਿਕਾ ਲਾਲ ਕਿਲ੍ਹੇ ਵਿਚ ਬੰਦ ਸੀ। ਬਾਹਰ ਕੀ ਹੋ ਰਿਹੈ ਉਹ ਏਸ ਤੋਂ ਬੇ-ਬਹਿਰੀ ਸੀ। ਸਮਝੋ ਮਲਿਕਾ ਦੀ ਹਕੂਮਤ ਸਿਰਫ਼ ਲਾਲ ਕਿਲ੍ਹੇ ਦੇ ਅੰਦਰ ਈ ਸੀ। ਚਾਂਦਨੀ ਚੌਕ ਵੀ ਉਹਦੀ ਹੱਦ ਵਿਚ ਨਹੀਂ ਸੀ ਆਉਂਦਾ। ਫ਼ਤਿਹਪੁਰੀ ਮਸਜਿਦ 'ਚ ਕੋਈ ਮੁਗ਼ਲ ਸ਼ਹਿਜ਼ਾਦਾ ਨਮਾਜ਼ ਪੜ੍ਹਨ ਵੀ ਨਹੀਂ ਸੀ ਆਉਂਦਾ। ਸੁੰਨਸਾਨ ਪਈ ਹੋਈ ਸੀ ਮਸਜਿਦ।

ਬਾਦਸ਼ਾਹ ਸ਼ਾਹ ਆਲਮ, ਦੂਜਾ ਇਲਾਹਾਬਾਦ ਵਿਚ ਬੈਠਾ ਉਬਾਸੀਆਂ ਲੈ ਰਿਹਾ ਸੀ।

ਰੁਹੇਲੇ ਭਾਵੇਂ ਛੱਜ ਵਜਾਉਣ ਭਾਵੇਂ ਛਾਨਣੀ। ਉਨ੍ਹਾਂ ਨੂੰ ਕੋਈ ਪੁੱਛਣ ਵਾਲਾ ਨਹੀਂ
ਸੀ। ਮਰਹੱਟੇ ਦਿੱਲੀ ਦੇ ਆਸੇ-ਪਾਸੇ ਗੇੜੇ ਮਾਰ ਰਹੇ ਸਨ। ਆਗਰੇ ਤੇ ਮਥੁਰਾ ਵਿਚ
ਰੁਹੇਲੇ ਵੀ ਆਪਣਾ ਜ਼ੋਰ ਲਾ ਰਹੇ ਸਨ, ਪਰ ਮਰਹੱਟਿਆਂ ਦਾ ਏਥੇ ਜ਼ੋਰ ਸੀ। ਪੰਜਾਬ
ਨਾਲ ਲਗਦਿਆਂ ਇਲਾਕਿਆਂ ਤੇ ਨਜ਼ਰ ਜਮਾਈ ਬੈਠੇ ਸਨ ਰੁਹੇਲੇ ਸਰਦਾਰ।

ਸਰਾਏ ਰੁਹੇਲਾ ਤੇ ਰੁਹੇਲਿਆਂ ਦਾ ਝੰਡਾ ਝੁੱਲਦਾ। ਸਾਨ੍ਹਾਂ ਵਰਗੇ ਰੁਹੇਲਿਆਂ ਦੇ
ਜਦ ਸਿੰਘਾਂ ਨੇ ਬੁਥਾੜ ਸੇਕ ਦਿੱਤੇ ਤੇ ਫੇਰ ਰੁਹੇਲਿਆਂ ਨੂੰ ਹੱਥਾਂ ਪੈਰਾਂ ਦੀ ਵੀ ਪੈ ਗਈ।
ਇਹ ਵਹਿੜਕੇ ਕਿੱਥੋਂ ਆ ਗਏ।

—ਇਹ ਬੁੱਢੇ ਦਲ ਵਾਲੇ ਸਿੰਘ ਹੁਣ ਸਾਨੂੰ ਵੀ ਖਾਣ ਜੋਗੇ ਹੋ ਗਏ ਹਨ। ਮਰਹੱਟੇ
ਤੇ ਭਾਵੇਂ ਨਾਓਂ ਨਹੀਂ ਸਨ ਲੈਂਦੇ ਪਰ ਵਸਾਹ ਕੇ ਸੱਟ ਮਾਰਨੋਂ ਵੀ ਨਹੀਂ ਸਨ
ਮੁੜਦੇ।

—ਨਜ਼ੀਬੁਲਦੌਲਾ ਨੇ ਜਦ ਵੇਖਿਆ ਹੁਣ ਮੇਰੀ ਦਾਲ ਨਹੀਂ ਗਲਣੀ ਤੇ ਓਸ ਇਕ
ਖ਼ਤ ਬਾਦਸ਼ਾਹ ਨੂੰ ਲਿਖਿਆ।

—ਸ਼ਹਿਨਸ਼ਾਹ ਮੇਰੀ ਮਜਬੂਰੀ ਵੱਲ ਧਿਆਨ ਦੇਣ। ਮੈਂ ਬੁੱਢਾ ਹੋ ਗਿਆ ਹਾਂ।
ਮੇਰੀਆਂ ਬਾਹਵਾਂ ਭੱਜ ਗਈਆਂ ਹਨ। ਮੈਂ ਇਕ ਅਰਜ਼ ਕਰਾਂ ਜਿੰਨਾ ਚਿਰ ਮੇਰੇ ਡੌਲਿਆਂ
ਵਿਚ ਤਾਕਤ ਸੀ, ਮੈਂ ਰਾਜਮਾਤਾ ਦੀ ਪੂਰੀ ਰਖਵਾਲੀ ਕੀਤੀ, ਪਰ ਹੁਣ ਹਾਲਾਤ ਮੇਰੇ
ਵੱਸ ਵਿਚ ਨਹੀਂ ਹਨ।

—ਮਰਹੱਟੇ ਸਿਰ ਕੱਢੀ ਫਿਰਦੇ ਹਨ, ਪਰ ਇਕ ਹੋਰ ਤਾਕਤ ਜਿਹੜੀ ਸਾਨੂੰ ਕੱਚਿਆਂ
ਨੂੰ ਖਾ ਜਾਏਗੀ ਉਹ ਹਨ ਬੁੱਢੇ ਦਲ ਵਾਲੇ।

—ਮੁਕਾਬਲਾ ਬਘਿਆੜਾਂ ਨਾਲ ਏ ਤੇ ਉਹ ਹੁਣ ਏਨੇ ਤਾਕਤਵਰ ਤੇ ਮੂੰਹਜ਼ੋਰ ਹੋ
ਗਏ ਹਨ ਕਿ ਉਨ੍ਹਾਂ ਦਾ ਪਤਾ ਨਹੀਂ ਕਿ ਕਦ ਦਿੱਲੀ ਵੱਲ ਦਲ ਮੂੰਹ ਕਰ ਲੈਣ ਤੇ
ਲਾਲ ਕਿਲ੍ਹੇ ਦਾ ਫਾਟਕ ਤੋੜ ਦੇਣ। ਪਰ ਅੱਜਕਲ੍ਹ ਉਹ ਪੰਜਾਬ ਵਿਚ ਰੁੱਝੇ ਹੋਏ ਹਨ।
ਹਕੂਮਤ ਬਣ ਗਈ ਏ। ਤਾਕਤ ਇਕੱਠੀ ਹੋ ਰਹੀ ਏ। ਪਹਿਲਾਂ ਉਨ੍ਹਾਂ ਪੰਜਾਬ ਦੀ
ਰਾਖੀ ਕਰਨੀ ਏ ਤੇ ਫੇਰ ਉਨ੍ਹਾਂ ਮਾਰੀਆਂ ਹੋਈਆਂ ਮੱਲਾਂ ਵੱਲ ਧਿਆਨ ਦੇਣਾ ਏ।
ਏਸ ਲਈ ਉਨ੍ਹਾਂ ਵਲੋਂ ਕੋਈ ਖ਼ਤਰਾ ਨਹੀਂ।

—ਅਹਿਮਦ ਸ਼ਾਹ ਅਬਦਾਲੀ ਵੀ ਲੁਟੇਰਾ ਤੇ ਬੁੱਢੇ ਦਲ ਵਾਲੇ ਵੀ ਡਕੈਤ ਹਨ।
ਮੂੰਹ ਦੇ ਮਿੱਠੇ ਹਨ ਉਨ੍ਹਾਂ ਵੀ ਭੇਡਾਂ ਤੋਂ ਉਨ ਲਾਹੁਣੀ ਏ, ਲੁੱਟ ਉਨ੍ਹਾਂ ਵੀ ਕਰਨੀ ਏ
ਪਰ ਲਾਲ ਕਿਲ੍ਹਾ ਕਿਹਦੇ ਰਹਿਮੋ-ਕਰਮ ਤੇ ਜੀਵੇਗਾ। ਉਨ੍ਹਾਂ ਤੋਂ ਇਹ ਉਮੀਦ ਨਹੀਂ
ਪਰ ਮਰਹੱਟੇ ਜੇ ਦਾਅ ਲੱਗਾ ਤੇ ਜ਼ਰੂਰ ਕਰਨਗੇ।

—ਹਰਮ ਵੱਲ ਬੁੱਢੇ ਦਲ ਵਾਲੇ ਧਿਆਨ ਨਹੀਂ ਮਾਰਦੇ, ਪਰ ਕਿਲ੍ਹੇ ਦੀ ਦੌਲਤ ਤੇ
ਸਾਰਿਆਂ ਦੀਆਂ ਅੱਖਾਂ ਵਿਚ ਰੜਕਦੀ ਏ।

—ਹੁਣ ਮੈਂ ਤੁਹਾਡੀ ਮਦਦ ਨਾ ਕਰ ਸਕਾਂਗਾ। ਮੈਂ ਆਪਣੇ ਮੁੰਡੇ ਦੇ ਸਿਰ ਤੇ ਪੱਗ
ਬਨ੍ਹਾਉਣ ਲੱਗਾ ਹਾਂ ਤੇ ਆਪ ਹੱਜ ਕਰਨ ਜਾ ਰਿਹਾ ਹਾਂ। ਅਸਲਾਮਾ-ਲੇਕਮ।

ਵਿਚੋਂ ਇਕ ਬੰਦਾ ਹੋਰ ਬੋਲ ਪਿਆ, ਨੌ-ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ।

—ਇਹ ਜਾਨ ਛੁਡਾਉਣ ਦਾ ਇਕ ਨਵਾਂ ਤੇ ਵੱਖਰਾ ਜਿਹਾ ਰਾਹ ਏ।

—ਮੈਂ ਬਾਦਸ਼ਾਹ ਨੂੰ ਵੀ ਚਿੱਠੀ ਲਿਖ ਦਿੱਤੀ ਏ। ਮੈਂ ਹਕੂਮਤ ਦੇ ਸਾਰੇ ਨਾਮ-ਕਰਾਮ,
ਖ਼ਿਲਤਾਂ ਵਾਪਸ ਭੇਜ ਰਿਹਾ ਹਾਂ। ਆਪਣੀ ਸਾਰੀ ਮਜਬੂਰੀ ਦੱਸ ਦਿੱਤੀ ਏ। ਹੁਣ ਤੁਸੀਂ

ਜਾਣੋ ਤੁਹਾਡਾ ਕੰਮ ਮੈਂ ਤੁਹਾਨੂੰ ਖ਼ੁਦਾ ਦੇ ਆਸਰੇ ਤੇ ਛੱਡਦਾ ਹਾਂ। ਜੇ ਹਜ਼ੂਰ ਫਰਮਾਉਣ ਤੇ ਮੈਂ ਮਲਿਕਾ, ਸ਼ਹਿਜ਼ਾਦੇ ਤੇ ਹੋਰ ਸ਼ਾਹੀ ਖ਼ਾਨਦਾਨ 'ਦੇ ਰਿਸ਼ਤੇਦਾਰਾਂ ਨੂੰ ਆਪਣੇ ਜ਼ਿੰਮੇਵਾਰੀ ਨਾਲ ਇਲਾਹਾਬਾਦ ਭੇਜ ਦੇਂਦਾ ਹਾਂ।

—ਮੈਂ ਹੁਕਮ ਦਾ ਇੰਤਜ਼ਾਰ ਕਰਾਂਗਾ।

ਨਜ਼ੀਬੁਲਦੌਲਾ ਮਦਾਰੀ ਸੀ। ਚਿਕਨੀ ਟਿੰਡ ਵਾਂਗੂੰ ਤਿਲਕ ਪਿਆ। ਮੁੱਛਾਂ ਮੁੰਨਵਾ ਕੇ ਸਾਧ ਹੋ ਗਿਆ।

—ਹੁਣ ਕੁੜਿੱਕੀ 'ਚ ਆਇਆ ਬਾਦਸ਼ਾਹ। ਉਸ ਤਰਲੇ ਪਾਉਣੇ ਸਨ ਰੁਹੇਲੇ ਪਠਾਣਾਂ ਦੇ। ਰੁਹੇਲਾ ਪੈਰਾਂ ਤੇ ਪਾਣੀ ਨਹੀਂ ਸੀ ਪੈਣ ਦੇਂਦਾ।

—ਮੈਂ ਤੇ ਤੌਬਾ ਕਰ ਲਈ ਏ। ਮੈਂ ਭੁੱਲ ਕੇ ਵੀ ਬੁੱਢੇ ਦਲ ਦੇ ਮੱਥੇ ਨਹੀਂ ਲੱਗਣਾ ਚਾਹੁੰਦਾ। ਅਹਿਮਦ ਸ਼ਾਹ ਅਬਦਾਲੀ ਹੁਣ ਨਹੀਂ ਆਉਣ ਲੱਗਾ। ਮੈਂ ਉਹਨੂੰ ਵੀ ਹੱਥ ਜੋੜ ਦਿੱਤੇ ਹਨ। ਉਹਦੀ ਦੋਸਤੀ ਨੂੰ ਤਿਲਾਂਜਲੀ ਦੇ ਦਿੱਤੀ ਏ।

—ਮੈਂ ਸਾਰੇ ਜੰਜਾਲ ਲਾਹ ਸੁੱਟੇ ਹਨ। ਮੈਂ ਹਾਰ ਗਿਆ ਹਾਂ ਕਤਲ ਕਰ-ਕਰ ਕੇ। ਅੱਲਾ ਦੇ ਹਜ਼ੂਰ ਆਪਣੇ ਗੁਨਾਹ ਮਾਫ਼ ਕਰਾਉਣਾ ਚਾਹੁੰਦਾ ਹਾਂ।

—ਨਾ ਦੌਲਤ ਨੇ ਸੁਖ ਦਿੱਤਾ ਤੇ ਨਾ ਹਕੂਮਤ ਦੇ ਜਲਾਲ ਨੇ ਈ ਸ਼ਾਂਤੀ ਬਖ਼ਸ਼ੀ। ਮੈਂ ਜਲਦ ਅਜਮੇਰ ਸ਼ਰੀਫ਼ ਜਾ ਰਿਹਾ ਹਾਂ। ਹਜ਼ੂਰ ਮੈਨੂੰ ਹੁਣ ਸਾਰੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕਰ ਦੇਣ।

ਬੁੱਢੇ ਦਲ ਵਾਲਿਆਂ ਸਾਰੇ ਪੰਜਾਬ 'ਚ ਘੋੜਾ ਫੇਰ ਦਿੱਤਾ ਏ ਤੇ ਨਾਅਰੇ ਮਾਰ ਰਹੇ ਹਨ। ਰਾਜ ਕਰੇਗਾ ਖ਼ਾਲਸਾ—ਆਕੀ ਰਹੇ ਨਾ ਕੋਇ।

ਇਹ ਰਾਜ ਕਰ ਸਕਦੇ ਹਨ। ਇਹ ਇਕੋ ਪੰਗਤ 'ਚ ਬੈਠ ਕੇ ਖਾਂਦੇ ਹਨ ਤੇ ਇਕੋ ਸੰਗਤ 'ਚ ਗੁਰੂ ਦੀ ਬਾਣੀ ਦਾ ਸਿਮਰਨ ਕਰਦੇ ਹਨ। ਇਕ ਜਥੇਦਾਰ ਦੀ ਗੱਲ ਤੇ ਫੁੱਲ ਚੜ੍ਹਾਉਂਦੇ ਹਨ। ਇਨ੍ਹਾਂ ਵਿਚ ਕਣੀ ਜਾਪਦੀ ਏ ਹਕੂਮਤ ਕਰਨ ਦੀ। ਇਨ੍ਹਾਂ ਦਾ ਅਕੀਦਾ ਇਕ ਏ ਤੇ ਉਹ ਸੱਚ ਵੀ ਹੈ।

—ਕੋਈ ਕਿਸੀ ਕੋ ਰਾਜ ਨਾ ਦੇ ਹੈ—ਜੋ ਲੇ ਹੈ ਨਿੱਜ ਬਲ ਸੇ ਲੈ ਹੈ।

—ਇਕ ਝੰਡਾ ਤੇ ਇਕ ਹੁਕਮ, ਫ਼ੌਜ ਜਵਾਨਾਂ ਦੀ, ਇਕ ਤੋਂ ਇਕ ਚੜ੍ਹਦਾ-ਚੜ੍ਹੇਂਦਾ। ਝੰਡੇ ਬੁੰਗੇ ਅਟੱਲ। ਦਮਾਮਾ ਵੱਜਿਆ ਧਰਤੀ ਕੰਬੀ, ਆਕਾਸ਼ ਹਿੱਲਿਆ, ਛੋਲਿਆਂ ਦੀ ਮੁੱਠ ਤੇ ਗੁੜ ਖਾ ਕੇ ਪੀਤਾ ਪਾਣੀ ਦਾ ਕਟੋਰਾ ਤੇ ਸ਼ੁਕਰ ਮਨਾਇਆ ਗੁਰੂ ਦਾ। ਇਨ੍ਹਾਂ ਦਾ ਏਨਾ ਵੱਡਾ ਤਿਆਗ ਇਕ ਦਿਨ ਜ਼ਰੂਰ ਰੰਗ ਲਿਆਏਗਾ।

ਵਾਹਿਗੁਰੂ ਜੀ ਕਾ ਖ਼ਾਲਸਾ-ਵਾਹਿਗੁਰੂ ਜੀ ਕੀ ਫ਼ਤਹਿ। ਬੁੱਢੇ ਦਲ ਵਾਲੇ ਚੜ੍ਹਦੀਆਂ ਕਲਾਂ ਵਿਚ ਸਨ। ਬੜਾ ਦਬਦਬਾ ਸੀ ਬੁੱਢੇ ਦਲ ਦਾ ਦਿੱਲੀ ਦੇ ਆਸੇ-ਪਾਸੇ।

129

ਪੱਗ

ਪੱਗ ਆਖ ਲਵੋ ਜਾਂ ਪਗੜੀ ਦਸਤਾਰ ਵੀ ਇਕੋ ਈ ਏ। ਆਪਣੀ ਜ਼ਿੰਦਗੀ ਦੀ

ਸਾਰੀ ਜ਼ਿੰਮੇਵਾਰੀ ਅਗਲੇ ਦੇ ਗਲ ਪਾ ਦੇਣੀ। ਸਿਰਫ਼ ਮਾੜੀ ਜਿਹੀ ਰਸਮ ਕਰਕੇ। ਨਾ ਮੁੱਲਾਂ ਨੂੰ ਪੁੱਛਣ ਦੀ ਲੋੜ ਤੇ ਨਾ ਮੌਲਾਣਿਆਂ ਦੀ ਮਿੰਨਤ। ਨਾ ਮੌਲਵੀ ਅੱਗੇ ਲਿਲੜੀਆਂ ਕੱਢਣੀਆਂ ਪੈਣ ਆਪਣੇ ਸਿਰੋਂ ਪੱਗ ਲਾਹ ਕੇ ਭਰੀ ਬਿਰਾਦਰੀ ਵਿਚ ਪੁੱਤ ਦੇ ਸਿਰ ਤੇ ਬੰਨ੍ਹ ਦੇਣੀ।

—ਲੈ ਪੁੱਤ ਅੱਜ ਤੋਂ ਬਾਅਦ ਤੂੰ ਮੇਰੀ ਜਗ੍ਹਾ ਤੇ ਬੈਠ ਗਿਐਂ। ਮੈਂ ਸਾਰੇ ਅਧਿਕਾਰ ਤੈਨੂੰ ਸੰਭਾਲ ਦਿੱਤੇ ਹਨ, ਹੁਣ ਤੂੰ ਸਾਰੀ ਸਿਆਹੀ ਸਫ਼ੈਦੀ ਦਾ ਆਪ ਮਾਲਕ ਏਂ।

ਜਿਹਦੇ ਨਾਲ ਜੀਅ ਕਰੇ, ਯਰਾਨਾ ਪਾ ਲੈ ਤੇ ਜਿਹਦੇ ਨਾਲ ਦਿਲ ਨਹੀਂ ਭਿੱਜਦਾ ਦੁਸ਼ਮਨੀ ਕਰ ਲੈ ਇਹ ਤੇਰੀ ਮਰਜ਼ੀ ਏ। ਮੈਂ ਹੁਣ ਤੇਰੇ ਕਿਸੇ ਕੰਮ ਵਿਚ ਵੀ ਦਖਲਅੰਦਾਜ਼ੀ ਨਹੀਂ ਕਰਨ ਲੱਗਾ।

ਕੰਧਾਂ ਹਿੱਲੀਆਂ, ਡੋਲਿਆ ਸ਼ੀਸ਼ ਮਹਿਲ, ਘੋੜਿਆਂ ਨੇ ਵੱਖ ਫੂੰਕਾਰੇ ਮਾਰੇ, ਤਲਵਾਰਾਂ ਨੇ ਵੀ ਕਰਵੱਟ ਲਈ।

ਨਵੇਂ ਮਹਿਮਾਨ, ਨਵੇਂ ਮਾਲਕ, ਨਵੇਂ ਸੂਬੇਦਾਰਾਂ ਦਾ ਜਲਾਲ ਉਸ ਵੇਖਿਆ।

ਇਸਲਾਮੀ ਰਿਵਾਜ ਦੇ ਮੁਤਾਬਿਕ ਜਸ਼ਨ ਦਾ ਐਲਾਨ ਕੀਤਾ ਗਿਆ ਤੇ ਆਹਮੋ-ਸਾਹਮਣੇ ਬੈਠ ਕੇ ਪਿਓ-ਪੁੱਤ ਨੇ ਗਵਾਹੀ ਪਾ ਦਿੱਤੀ ਫ਼ਰਮਾਨ ਉੱਤੇ। ਵਿਚ ਗਵਾਹ ਸੀ ਕੁਰਾਨ ਸ਼ਰੀਫ਼।

ਅੱਲਾ ਦੀ ਗਵਾਹੀ ਸਾਹਮਣੇ ਕੌਣ ਮੁਕਰੇ। ਅੱਲਾ ਜ਼ਾਮਨ ਏ।

ਪੱਗ ਲਾਹੀ ਨਜ਼ੀਬੁਲਦੌਲੇ ਨੇ ਤੇ ਆਪਣੇ ਹੱਥੀਂ ਬੰਨ੍ਹ ਦਿੱਤੀ ਪੁੱਤ ਦੇ ਸਿਰ। ਜ਼ਾਬਤਾ ਖ਼ਾਂ ਦੇ ਸਿਰ ਤੋਂ ਅਸ਼ਰਫ਼ੀਆਂ ਵਾਰ ਕੇ ਖ਼ੂਬ ਖ਼ੈਰਾਇਤ ਵੰਡੀ। ਦੇਗਾਂ ਚਾੜ੍ਹੀਆਂ, ਨਜ਼ਰ ਵੰਡੀ, ਮੋਹਰਾਂ ਦੀ ਬਰਸਾਤ ਵੇਖੀ ਲੋਕਾਂ, ਸਰਵਾਰਨੇ ਨਜ਼ਰਾਨਿਆਂ ਦੇ ਢੇਰ ਲੱਗ ਗਏ।

—ਮੁਬਾਰਕ ਸੂਬੇਦਾਰ ਜੀ, ਸਾਹਿਬਜ਼ਾਦੇ ਦਾ ਮੁੱਖੜਾ ਤੇ ਜ਼ਰਾ ਉਤਾਂਹ ਕਰੋ। ਮੈਂ ਆਰਤੀ ਉਤਾਰਾਂ ਆਪਣੇ ਪੁੱਤ ਦੀ।

—ਅੰਮਾ ਜਾਨ ਇਹ ਕੀ?

—ਪੁੱਤ ਰਹਿਣਾ ਹਿੰਦੁਸਤਾਨ ਵਿਚ ਤੇ ਰਿਵਾਜ ਕਾਬੁਲ ਦੇ। ਨਹੀਂ ਪੁੱਤ, ਸਾਨੂੰ ਇਨ੍ਹਾਂ ਹਿੰਦੂਆਂ ਵਾਂਗੂੰ ਈ ਰਹਿਣਾ ਚਾਹੀਦੈ।

—ਰਾਜ ਸਿੰਘਾਸਨ ਤੇ ਬੈਠਾ ਰਾਜਾ ਪਰਜਾ ਦਾ ਪਿਓ ਹੁੰਦੈ।

—ਜਾਹ ਆਪਣੇ ਧਰਮ ਦੀਆਂ ਮਾਵਾਂ ਦੇ ਕਦਮਾਂ ਤੇ ਬੋਸਾ ਦੇ।

ਜ਼ਾਬਤਾ ਖ਼ਾਂ ਨੂੰ ਅੱਜ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋਇਆ। ਰਹਿਣਾ ਤਲਾਅ ਵਿਚ ਤੇ ਫੇਰ ਮਗਰਮੱਛ ਨਾਲ ਵੈਰ ਕਾਹਦਾ!

—ਬਹੂ ਨੇ ਵੀ ਕਦਮ ਬੋਸੀ ਕੀਤੀ। ਮਲਿਕਾ-ਏ-ਆਲਮ-ਸਲਾਮ ਅਰਜ਼ ਕਰਦੀ ਹਾਂ।

—ਨਹੀਂ, ਬਹੂ ਬੇਗਮ ਅਬ ਤੁਮ ਮਲਿਕਾ ਹੋ। ਅਬ ਯੇ ਕਦਮ ਬੋਸੀ ਹਮਾਰਾ ਹੱਕ ਹੈ।

ਇਕ ਘੜੀ ਵਿਚ ਸਾਰੀਆਂ ਰਸਮਾਂ ਰਵਾਇਤਾਂ, ਸਾਰੇ ਅਕੀਦੇ ਬਦਲ ਗਏ। ਬਹੂ-ਬੇਗ਼ਮ ਬੋਲੀ।

—ਵਕਤ ਕੀ ਨਜ਼ਾਕਤ ਯੇ ਹੈ ਤਖ਼ਤ ਪਰ ਬੈਠਾ ਬਾਦਸ਼ਾਹ ਜੋ ਫ਼ਰਮਾਨ ਜਾਰੀ ਕਰਤਾ ਹੈ ਵੋ ਸਭ ਤੁਮਾਰੇ ਲੀਏ ਹੈ।

—ਮਲਿਕਾ ਆਲਮ ਮੁਝੇ ਬਹੂ ਰਹਿਨੇ ਦੋ। ਬਹੂ ਬੇਗ਼ਮ ਕਾ ਬੋਝ ਮੁਝ ਸੇ ਉਠਾਇਆ ਨਾ ਜਾਏਗਾ, ਯੇਹ ਬਹੁਤ ਜ਼ਿੰਮੇਵਾਰੀ ਹੈ।

—ਨਹੀਂ ਬੇਟਾ, ਅਬ ਕੋਈ ਤਾਕਤ ਤੁਮਕੋ ਬਹੂ ਬੇਗ਼ਮ ਨਹੀ ਰਹਿਨੇ ਦੇਗੀ। ਮਲਿਕਾ ਏ ਆਲਮ ਦੇ ਬੋਲ ਉੱਭਰੇ। ਮੈਂ ਸਭੀ ਹੱਕ ਛੋੜਤੀ ਹੂੰ। ਓਸ ਤਾਜ ਸਿਰ ਤੋ ਲਾਹਿਆ ਤੇ ਬਹੂ ਬੇਗ਼ਮ ਦੇ ਸਿਰ ਤੇ ਰੱਖ ਦਿੱਤਾ। ਅੱਲਾ ਤੁਮਕੋ ਖੁਸ਼ੀਆਂ ਬਖ਼ਸ਼ੇ।

—ਮੁਬਾਰਕ ਹੋ ਤਾਜ।

ਸਰਵਾਰਨੇ ਕਰਨ ਵਾਲਿਆਂ ਦੀਆਂ ਕਤਾਰਾਂ ਲੱਗ ਗਈਆਂ।

—ਅਸਤੀਫ਼ਾ ਲਿਖ ਭੇਜਿਆ ਤੇ ਨਾਲੇ ਇਹ ਹੁਕਮ ਵੀ ਜਾਰੀ ਕਰ ਦਿੱਤਾ। ਜਿੰਨਾ ਮੇਰਾ ਮਾਲ ਤੇ ਹੋਰ ਗਹਿਣਾ ਗੱਟਾ ਤੇ ਹੋਰ ਦੌਲਤ ਜਿਹੜੀ ਮੇਰੀ ਜਾਇਜ਼ ਨਜਾਇਜ਼ ਕੱਠੀ ਕੀਤੀ ਹੋਈ ਏ ਮੈਂ ਆ ਰਿਹਾ ਹਾਂ, ਉਹ ਸਾਰੀ ਦੀ ਸਾਰੀ ਮੈਨੂੰ ਲੈ ਜਾਣ ਦਿੱਤੀ ਜਾਏ।

—ਮੈਂ ਆਪਣੇ ਨਾਇਬ ਸੂਬੇਦਾਰ ਸੁਲਤਾਨ ਖ਼ਾਂ ਨੂੰ ਵਾਪਸ ਬੁਲਾ ਲਿਆ ਏ। ਸਮਝੋ ਕਿ ਮੈਂ ਦਿੱਲੀ ਨਾਲ ਸਾਰੇ ਸੰਬੰਧ ਤੋੜ ਦਿੱਤੇ ਹੋਣ। ਹੁਣ ਤੁਸੀ ਜਾਣੋ ਤੇ ਤੁਹਾਡਾ ਕੰਮ।

—ਮੈਂ ਆਪਣੇ ਬਖ਼ਸ਼ੇ ਹੋਏ ਖ਼ਿਤਾਬ ਸਰਦਾਰੀ, ਰਾਜਸੀ, ਇਲਾਕਾਈ, ਆਪਣੇ ਫ਼ੌਜੀ ਅਖ਼ਤਿਆਰਾਤ ਸਾਰੇ ਦੇ ਸਾਰੇ ਆਪਣੇ ਮੁੰਡੇ ਦੀ ਝੋਲੀ 'ਚ ਪਾ ਦਿੱਤੇ ਹਨ। ਆਪਣੇ ਕੋਲ ਕੁਝ ਨਹੀਂ ਰੱਖਿਆ। ਹੁਣ ਮੈਂ ਚਿੱਟਾ ਭੁੱਖਾ ਫ਼ਕੀਰ ਹਾਂ।

—ਪੁੱਤ ਇਕ ਗੱਲ ਖੁੱਲ੍ਹ ਕੇ ਸੁਣ ਲੈ। ਬੁੱਢੇ ਦਲ ਨਾਲ ਕਦੀ ਵੀ ਕੋਈ ਪੰਗਾ ਨਹੀਂ ਪਾਉਣਾ ਤੇ ਕੋਸ਼ਿਸ਼ ਨਹੀਂ ਕਰਨੀ ਆਹਮੋ-ਸਾਹਮਣੇ ਹੋਣ ਦੀ। ਉਹਨਾਂ ਕੋਲ ਦੋ ਸ਼ਕਤੀਆਂ ਹਨ ਇਕ ਤਲਵਾਰ ਦੀ ਤੇ ਦੂਜੀ ਮਾਲਾ ਦੀ। ਉਹ ਸੂਰਮੇ ਵੀ ਹਨ ਤੇ ਭਗਤ ਵੀ, ਸਾਧੂ ਵੀ ਹਨ, ਇਹ ਸੰਤ ਕੋਈ ਖ਼ੁਦਾਈ ਤਾਕਤ ਏ। ਇਨ੍ਹਾਂ ਨਾਲ ਮੁਕਾਬਲਾ ਕਰਨਾ ਅੱਲਾ ਪਨਾਹ।

—ਬਾਹਰ ਦੀਆਂ ਤਾਕਤਾਂ ਨਾਲ ਜਿਸ ਤਰ੍ਹਾਂ ਵੀ ਤੇਰਾ ਜੀਅ ਕਰੇ ਸੰਬੰਧ ਬਣਾ ਲੈ। ਮਰਹੱਟੇ ਯਾਰ ਨਹੀ ਤੇ ਜੇ ਬਣਦੇ ਹਨ ਤੇ ਵਕਤ ਸਿਰ ਧੋਖਾ ਦੇ ਜਾਂਦੇ ਹਨ। ਰੁਹੇਲੇ ਬਹੁਤ ਬਹਾਦਰ ਹਨ ਪਰ ਥਾਪੀ ਦੇਣੀ ਪੈਂਦੀ ਏ।

—ਮੁਗ਼ਲ ਸ਼ਹਿਜ਼ਾਦਿਆਂ ਤੋਂ ਜਿਹੜਾ ਵੀ ਕੰਮ ਲੈਣਾ ਏ ਖੁਸ਼ਾਮਦ ਕਰਕੇ। ਬਾਦਸ਼ਾਹ ਦੇ ਪੁੱਤ ਆਖ ਕੇ ਬੇਗ਼ਮਾਂ ਤੋਂ ਬੇਗ਼ਮ ਸਾਹਿਬਾ ਆਖ ਕੇ। ਆਖ਼ਰ ਤੇ ਉਹ ਬਾਦਸ਼ਾਹ ਦੇ ਪੁੱਤ ਹਨ। ਸਾਡੀ ਕਿਹੜੀ ਜ਼ਬਾਨ ਦੀ ਉੱਲੀ ਲੱਥਦੀ ਏ। ਘੋੜਿਆਂ ਦੀ ਦੇਖਭਾਲ ਤੇ ਕੜੀ ਨਿਗਰਾਨੀ ਕਰਕੇ ਰੱਖਣੀ ਏ। ਸਾਡੇ ਘਰ ਵਿਚ ਦੁਸ਼ਮਨ ਲੁਕੇ ਹੋਏ ਹਨ। ਉਹ ਕਿਸੇ ਵੇਲੇ ਵੀ ਵੰਗਾਰ ਸਕਦੇ ਹਨ।

ਨਜ਼ੀਬੁਲਦੌਲੇ ਨੇ ਪੱਗ ਵਟਾਅ ਲਈ ਤੇ ਹੱਜ ਤੇ ਜਾਣ ਦਾ ਇਰਾਦਾ ਪੱਕਾ ਕਰ ਲਿਆ। ਗੱਲ ਤੇ ਕਿਸਮਤ ਦੀ ਸੀ ਨਾ, ਹੱਜ ਤੇ ਕਰਮਾਂ ਨਾਲ ਹੁੰਦਾ ਏ।

ਬਾਦਸ਼ਾਹ ਨੂੰ ਪਿੱਸੂ ਪੈ ਗਏ। ਕਿਲ੍ਹੇ ਦੀ ਹਿਫ਼ਾਜ਼ਤ, ਮੁਗ਼ਲ ਤਖ਼ਤ ਤੇ ਉਹਦੀ ਨਿਗਰਾਨੀ, ਨਜ਼ੀਬੁਲਦੌਲਾ ਸਭ ਕੁਝ ਛੱਡ ਕੇ ਫ਼ਕੀਰ ਬਣਨ ਦੀ ਸੋਚ ਰਿਹਾ ਸੀ।

ਬੁੱਢੇ ਦਲ ਦੀ ਏਨੀ ਦਹਿਸ਼ਤ ਸੀ, ਜ਼ਾਬਤਾ ਖ਼ਾਂ ਨੇ ਐਵੇਂ ਜ਼ਰਾ ਕੁ ਖ਼ਾਲਸੇ ਦੀਆਂ ਅੱਖਾਂ ਵੇਖੀਆਂ ਸਨ ਹੱਥ ਨਹੀਂ ਸੀ ਅਜ਼ਮਾਏ।

ਜੱਸਾ ਸਿੰਘ ਆਹਲੂਵਾਲੀਆ ਆਖਣ ਲੱਗਾ—ਮੈਂ ਵੀ ਕਦੀ ਨਵਾਬ ਦਾ ਪੁੱਤ ਸਾਂ। ਹੁਣ ਨਵਾਬ ਹਾਂ। ਮੇਰੀ ਵੀ ਇਕ ਅਰਜ਼ ਸੁਣੋ।

—ਬਾਪੂ ਜੀ ਮੈਨੂੰ ਵੀ ਚਰਨੀ ਲਾ ਲਵੋ। ਮੈਂ ਵੀ ਤੁਹਾਡਾ ਗੋਲਾ ਬਣ ਕੇ ਰਹਾਂਗਾ। ਮੈਨੂੰ ਕਾਂ ਦੇ ਹੱਥ ਸੁਨੇਹਾ ਭੇਜ ਦਿਓ ਮੈਂ ਨੰਗੀ-ਪੈਰੀਂ ਹਾਜ਼ਰੀ ਭਰਾਂਗਾ। ਮੈਂ ਤੁਹਾਡੇ ਕਿਸੇ ਕੰਮ ਵਿਚ ਕਦੀ ਵੀ ਅੜਚਣ ਨਹੀਂ ਬਣਾਂਗਾ।

ਲਹਾਰੀ ਤੇ ਜਲਾਲਾਬਾਦ ਵਿਚ ਸਿੰਘ ਸਰਦਾਰਾਂ ਨਾਲ ਦਸਤਪੰਜਾ ਲੈ ਲਿਆ ਮੂਰਖਾਂ ਨੇ।

ਕੜਾਹ ਪ੍ਰਸ਼ਾਦ ਦੀ ਦੇਗ਼ ਕੀਤੀ ਤੇ ਸਾਰੀ ਫ਼ੌਜ ਨੇ ਕੜਾਹ ਪ੍ਰਸ਼ਾਦ ਛਕਿਆ। ਬੁੱਢੇ ਦਲ ਤੇ ਜ਼ਾਬਤਾ ਖ਼ਾਂ ਦੀ ਫ਼ੌਜ ਨੇ ਖ਼ੂਬ ਖੁੱਲ੍ਹੇ ਗੱਫ਼ੇ ਛਕੇ।

ਇਹ ਮੁੱਢ ਸੀ ਦੋਸਤੀ ਦਾ। ਇਹ ਪਹਿਲੀ ਮਿਲਨੀ ਏ। ਆਹ ਲਓ ਸ਼ਗਨ ਤੇ ਆਹ ਲਓ ਗੁੜ ਦੀ ਰਿਓੜੀ। ਮੂੰਹ ਮਿੱਠਾ ਕਰੋ ਮੈਂ ਕਦੀ ਵੀ ਤੁਹਾਡੇ ਸਾਹਮਣੇ ਜ਼ਬਾਨ ਨਹੀਂ ਖੋਲ੍ਹਾਂਗਾ।

130

ਸੋਚਾਂ ਪਈਆਂ ਸ਼ਾਹ ਆਲਮ ਨੂੰ

ਹੁਣ ਸਰਦਾਰ ਸਾਰੇ ਦੇ ਸਾਰੇ ਖ਼ਲੀਫ਼ੇ ਹੋ ਚੁੱਕੇ ਸਨ। ਡੂਰਲੀ ਸਾਨ੍ਹ ਜਾਂਦੇ ਨੂੰ ਢੁੱਡ ਮਾਰਦੇ ਤੇ ਆਉਂਦਿਆਂ ਨਾਲ ਸਿੰਙ ਅੜਾਅ ਬਹਿੰਦੇ।

ਇਹ ਵਿਗੜੇ ਸਾਨ੍ਹ, ਇਹ ਵਹਿੜਕੇ ਇਹ ਵਛੇਰੇ ਪੰਜਾਬ ਨੂੰ ਆ ਕੇ ਆਪਣੀ ਰਾਖ਼ੀ ਵਿਚ ਲੈ ਕੇ ਇਨ੍ਹਾਂ ਨੂੰ ਇਕ ਮਾਲਾ ਵਿਚ ਪਰੋਣਾ ਚਾਹੁੰਦੇ ਸਨ।

ਇਹ ਰਾਖ਼ੀ ਇਕ ਤਰ੍ਹਾਂ ਰਾਜ ਸੀ ਨਵੀਂ ਕਾਢ ਸੀ। ਇਹਨੂੰ ਛੋਟੀ ਹਕੂਮਤ ਆਖ ਲਵੋ। ਕਲਗੀਆਂ ਤੇ ਜਾਹੋ-ਜੱਲਾਲ ਤੋਂ ਬਗ਼ੈਰ ਸਿੱਧੀ-ਸਾਧੀ ਜਟਕੀ ਹਕੂਮਤ। ਤਖ਼ਤ ਨਹੀਂ ਤੇ ਤਖ਼ਤਪੋਸ਼ ਈ ਸਹੀ ਜਾਂ ਆਪਣੀ ਮਰਿਆਦਾ ਦੇ ਮੁਤਾਬਕ ਗੁਰੂ ਦੀ ਮੰਜੀ ਡਾਹ ਲਈ ਤੇ ਉਹਦੇ ਤੇ ਚਿੱਟੀ ਦੂਤ੍ਹਈ ਵਿਛਾਈ ਤੇ ਉੱਤੇ ਬਿਠਾ ਦਿੱਤਾ ਜਥੇਦਾਰ। ਇਹੋ ਰਾਜਾ ਇਹੋ ਮਹਾਰਾਜਾ, ਇਹੋ ਜਥੇਦਾਰ ਪਰ ਹੁਕਮ ਫੇਰ ਵੀ ਜਥੇਦਾਰ ਦਾ ਚਲਦਾ। ਹੁਕਮ ਅਟੱਲ ਸੀ ਕੋਈ ਦਾਦ ਨਹੀਂ ਸੀ, ਫ਼ਰਿਆਦ ਨਹੀਂ ਸੀ। ਕਸੂਰਵਾਰ ਨੂੰ ਸੱਥ ਬੈਠਦੀ ਤੇ ਤਨਖ਼ਾਹ ਲਾ ਦੇਂਦੀ। ਇਹ ਤਨਖ਼ਾਹ ਇਕ ਤਰ੍ਹਾਂ ਦੀ ਸ਼ਰਮਿੰਦਗੀ ਸੀ। ਬਾਕੀ ਦਲ ਬੁੱਢਾ ਵੱਡੇ ਕਸੂਰ ਨੂੰ ਮਾਫ਼ ਵੀ ਕਰ ਦਿੰਦਾ। ਸੰਗਤ ਵਿਚ ਬੈਠ ਕੇ ਜਥੇਦਾਰ ਆਪਣੇ ਆਪ ਨੂੰ ਗੁਰੂ ਦਾ ਸੇਵਕ ਆਖਦਾ।

ਇਹੋ ਜਿਹੇ ਤਿਆਗੀ ਗੁਰੂ ਦੇ ਲਾਡਲੇ ਆਪਣੇ ਆਪ ਨੂੰ ਰਾਜਾ ਨਹੀਂ ਸਨ ਆਖਦੇ। ਦਾਸ ਬਣ ਕੇ ਰਹਿੰਦੇ। ਸੇਵਕ ਗੁਰੂ ਦੇ ਹਾਂ। ਨਿਮਰਤਾ ਹੱਦਾਂ ਨੂੰ ਛੋਹ ਲੈਂਦੀ। ਪੰਜਾਬ ਵਲੋਂ ਜਿਹੜੀ ਹਕੂਮਤ ਆਵੇਗੀ ਉਹਦੇ 'ਚ ਗੁਰੂ ਦਾ ਭੈਅ ਵੀ ਹੋਵੇਗਾ ਤੇ ਰਹਿਮਦਿਲੀ ਵੀ। ਜਦੋਂ ਸਾਰੇ ਹਥਿਆਰ ਜਵਾਬ ਦੇ ਦੇਣ, ਜਦੋਂ ਕੋਈ ਰਾਹ ਨਾ ਦਿੱਸੇ ਤਦ ਸ਼ਮਸ਼ੀਰ ਚੁੱਕੇ ਖ਼ਾਲਸਾ।

ਸ਼ਹਿਨਸ਼ਾਹ ਇਨ੍ਹਾਂ ਦੀ ਦੋਸਤੀ ਨੂੰ ਖ਼ੁਦਾ ਦਾ ਇਕ ਕਰਮ ਸਮਝਦਾ। ਖ਼ੁਦਾ ਦੀ ਰਹਿਮਤ ਇਹ ਬਹੁਤ ਨੇਕ ਤੇ ਖ਼ੁਦਾ-ਪ੍ਰਸਤ ਹਨ।

—ਨਾ ਪਹਿਲਾਂ ਕਿਸੇ ਤੇ ਹਮਲਾ ਕਰਨ, ਨਾ ਕੈਂਪ ਲੁੱਟਣ ਤੇ ਨਾ ਈ ਤਲਵਾਰਾਂ ਦੀ ਲਿਸ਼ਕ ਈ ਵਿਖਾਉਣ, ਪਰ ਜਦੋਂ ਅਗਲਾ ਬਦੋਬਦੀ ਗਲ ਪੈ ਜਾਏ ਤੇ ਫੇਰ ਉਹਨੂੰ ਬਖ਼ਸ਼ਣਾ ਨਹੀਂ, ਅਹਿਮਦ ਸ਼ਾਹ ਅਬਦਾਲੀ ਇਨ੍ਹਾਂ ਦੇ ਹੱਥੋਂ ਈ ਕਈ ਵਾਰ ਹਾਰਿਆ ਤੇ ਕਈ ਵਾਰ ਜਿੱਤਿਆ। ਉਹ ਢੀਠ ਸੀ ਤੇ ਇਹ ਖਾੜਕੂ ਸਨ। ਚਿੱਠੀਆਂ ਤੇ ਚਿੱਠੀਆਂ ਆ ਰਹੀਆਂ ਸਨ ਸਰਦਾਰਾਂ ਨੂੰ। ਕੋਈ ਬਾਦਸ਼ਾਹ ਨੂੰ ਸਲਾਹ ਦਿੰਦਾ ਦਿੱਲੀ ਆ ਜਾਓ ਅਸੀਂ ਤੁਹਾਡੀ ਮਦਦ ਕਰਾਂਗੇ। ਕੋਈ ਆਖਦਾ ਇਲਾਹਾਬਾਦ 'ਚ ਈ ਬੈਠੇ ਰਹੋ। ਪਰਿਯਾਗ ਵਰਗੀ ਧਰਤੀ ਕਿਤੇ ਨਹੀਂ ਲੱਭਣੀ।

ਦਿੱਲੀ ਵਰਗੀਆਂ ਮੌਜਾਂ ਨਹੀਂ ਮਿਲਣੀਆਂ। ਪ੍ਰਦੇਸ ਵਿਚ ਕਾਹਦੀ ਜ਼ਿੰਦਗੀ। ਈਸਟ ਇੰਡੀਆ ਕੰਪਨੀ ਨੇ ਹਰ ਇਕ ਨਾਲ ਯਰਾਨਾ ਗੰਢਿਆ ਹੋਇਆ ਸੀ। ਸ਼ਰਾਬ ਪੀਣ ਵਾਲੇ ਨੂੰ ਸ਼ਰਾਬ ਦੀ ਦਾਅਵਤ, ਗੋਰੀਆਂ ਚਿੱਟੀਆਂ ਦੁੱਧ ਫਟਕੜੀ ਵਰਗੀਆਂ ਕਬੂਤਰੀਆਂ ਦੀਆਂ ਡਾਰਾਂ ਦੀਆਂ ਡਾਰਾਂ ਮਨਪਸੰਦ ਲਵੋ। ਦੋਹਰਾ ਸਵਾਦ, ਰਾਜੇ ਨੂੰ ਲੁੱਟੋ ਤੇ ਸੇਜ ਨੂੰ ਵੀ ਸ਼ਿੰਗਾਰ ਕੇ ਰੱਖੋ। ਸਾਰੇ ਰਾਜ਼ ਰਾਜੇ ਦੀ ਬੇਹੋਸ਼ੀ 'ਚ ਇਕੱਠੇ ਕਰੋ ਕਿ ਉਨ੍ਹਾਂ ਦੀ ਦੌਲਤ ਨੂੰ ਕਿਸ ਤਰ੍ਹਾਂ ਈਸਟ ਇੰਡੀਆ ਕੰਪਨੀ ਖੋਹ ਸਕਦੀ ਏ। ਇਹੋ ਜਿਹੀਆਂ ਚਲਾਨੀਆਂ ਨੂੰ ਘਰ ਬੈਠਿਆਂ ਤਨਖ਼ਾਹ ਵੀ ਮਿਲਦੀ ਤੇ ਗਿਰਜਾ ਘਰ ਵਲੋਂ ਸ਼ਾਬਾਸ਼ ਵੀ ਮਿਲਦੀ। ਕੌਮ ਦੀ ਖ਼ਿਦਮਤ ਹਕੂਮਤ ਲਈ ਆਪਣਾ ਹੁਸਨ, ਜਵਾਨੀ ਸਭ ਕੁਝ ਕੁਰਬਾਨ ਕਰ ਦਿਓ। ਇਹੋ ਖ਼ੁਦਾ ਦੀ ਇਬਾਦਤ ਏ।

—ਇਹ ਭੁੱਖੇ ਹਿੰਦੁਸਤਾਨੀ ਸ਼ਰਾਬ, ਕਬਾਬ ਤੇ ਔਰਤ ਦੇ ਚਾਹਵਾਨ ਕੁੱਤੇ।

—ਰਾਜ ਨਾ ਇਨ੍ਹਾਂ ਨੂੰ ਕਰਨਾ ਆਵੇ ਤੇ ਨਾ ਈ ਇਹ ਰਾਜ ਕਰ ਸਕਦੇ ਹਨ। ਅਸੀਂ ਸਤ ਸਮੁੰਦਰ ਪਾਰ ਕਰਕੇ ਆਏ ਹਾਂ। ਰਾਜ ਅਸਾਂ ਕਰਨਾ ਏ।

—ਇਹ ਜ਼ਹਿਰ ਦਿੰਦੇ ਮਿੱਠਾ ਮੌਹਰਾ ਹੌਲੀ-ਹੌਲੀ ਖਾਹ ਤੇ ਤੇਰੀਆਂ ਆਂਦਰਾਂ ਵਿਚ ਲਹੂ ਸੁੱਕੇਗਾ ਤੇ ਆਖ਼ਰ ਇਕ ਦਿਨ ਕੜਕ ਜਾਣਗੀਆਂ ਹੱਡੀਆਂ।

ਤਲਵਾਰ ਨਾਲੋਂ ਖ਼ਤਰਨਾਕ ਇਹ ਕਸਬ ਸਿਰਫ਼ ਈਸਟ ਇੰਡੀਆ ਕੰਪਨੀ ਈ ਕਰ ਸਕਦੀ ਸੀ।

ਜਿਹੜਾ ਕੰਮ ਤਲਵਾਰ ਤੋਂ ਨਾ ਹੁੰਦਾ ਈਸਟ ਇੰਡੀਆ ਕੰਪਨੀ ਵਲੋਂ ਵਲਾਇਤ ਤੋਂ ਲਿਆਂਦੀਆਂ ਖ਼ੂਬਸੂਰਤ ਪਟੋਲਿਆਂ ਵਰਗੀਆਂ ਸੋਹਣੀਆਂ ਸੁਨੱਖੀਆਂ ਜਵਾਨ-ਜਹਾਨ ਕਬੂਤਰੀਆਂ ਵਰਗੀਆਂ ਕੁੜੀਆਂ ਤੋਂ ਕਰਵਾਇਆ ਜਾਂਦਾ। ਬੰਗਾਲੀ ਰਸਗੁੱਲੇ ਵਰਗੀਆਂ ਆਪਣਾ ਅਨੰਦ ਵੀ ਲੈਂਦੀਆਂ ਤੇ ਕੌਮ ਦੀ ਖ਼ਿਦਮਤ ਵੀ ਕਰਦੀਆਂ। ਇਨ੍ਹਾਂ ਨੂੰ ਵਿਸ਼ ਕੰਨਿਆ ਵੀ ਆਖਿਆ ਜਾ ਸਕਦਾ ਏ। ਆਪਣੇ ਹੁਸਨ ਜਵਾਨੀ ਦੀ ਵੱਢੀ ਦੇ ਕੇ ਰਾਜਿਆਂ ਅਹਿਲਕਾਰਾਂ ਜਰਨੈਲਾਂ ਦੀ ਕਮਜ਼ੋਰੀ ਲੱਭਣੀ ਤੇ ਕੰਪਨੀ ਬਹਾਦਰ ਤੋਂ ਇਨਾਮ-ਕਰਾਮ ਹਾਸਲ ਕਰਨੇ। ਉਹ ਬਿਨਾਂ ਇਜਾਜ਼ਤ ਮਹਿਲ ਹਰਮ ਵਿਚ ਜਾ ਸਕਦੀਆਂ ਸਨ। ਹਿੰਦੁਸਤਾਨੀ ਔਰਤ ਦੇ ਭੁੱਖੇ ਗੋਲੂ ਵਰਗੀਆਂ ਰੰਨਾਂ ਉਨ੍ਹਾਂ ਦੀ ਉਂਗਲੀ ਤੇ ਨੱਚ ਰਹੀਆਂ ਸਨ। ਇਹ ਕੰਮ ਨਾ ਰੁਹੇਲੇ ਕਰ ਸਕਦੇ ਸਨ ਤੇ ਨਾ ਰਾਜਪੂਤ ਪਰ ਮਰਹੱਟੇ ਵਿਚ-ਵਿਚ ਦਾਅ ਲਾ ਲੈਂਦੇ। ਇਹ ਹਥਿਆਰ ਕੰਪਨੀ ਦਾ ਕਾਮਯਾਬ ਨੁਸਖ਼ਾ ਸੀ।

ਨਾਂ ਦੇ ਬਾਦਸ਼ਾਹ ਸ਼ਾਹ ਆਲਮ ਦੂਜਾ ਨੂੰ ਦਿੱਲੀ 'ਚ ਕਦਮ ਰੱਖਣ ਦੀ ਇਜਾਜ਼ਤ

ਨਹੀ ਸੀ। ਬਾਦਸ਼ਾਹ ਕਾਹਦਾ ਪੱਥਰ ਦਾ ਨਜ਼ਰਵੱਟੂ ਖਿੱਦੋ ਟਾਕੀ ਦਾ। ਪਿੜੀਆਂ ਪਈਆਂ ਉੱਤੇ ਰੰਗ-ਬਿਰੰਗੀਆਂ। ਵਿਚਾਰੇ ਨੂੰ ਘੇਰ ਲਿਆ ਨਜ਼ੀਬੁਲਦੌਲਾ ਦਾ ਦਿੱਲੀ ਤੋਂ ਚਲੇ ਆਉਣਾ, ਦਿੱਲੀ ਤੇ ਆਉਣ ਵਾਲੀ ਮੁਸੀਬਤ ਦਾ ਨਿਸ਼ਾਨ ਸੀ।

ਈਸਟ ਇੰਡੀਆ ਕੰਪਨੀ ਨੇ ਬਾਦਸ਼ਾਹ ਤੇ ਏਨੀਆਂ ਪਾਬੰਦੀਆਂ ਲਾ ਦਿੱਤੀਆਂ ਸਨ। ਬਾਦਸ਼ਾਹ ਜਿੱਚ ਹੋ ਗਿਆ ਸੀ। ਮਾਤ ਹੋ ਗਈ ਸੀ ਬਾਜ਼ੀ।

—ਮੇਰਾ ਜਨਾਜ਼ਾ ਜ਼ਰੂਰ ਲੈ ਕੇ ਜਾਇਓ ਦਿੱਲੀ। ਦਿੱਲੀ ਸੰਭਾਲਣੀ ਵੀ ਜ਼ਰੂਰੀ ਏ।

—ਉੱਜੜੇ ਬਾਗ਼ਾਂ ਦੇ ਗਾਲੜ੍ਹ ਪਟਵਾਰੀ।

ਮਰਹੱਟਿਆਂ ਦਾ ਦਾਅ ਲੱਗੇ ਤੇ ਝੱਟ ਤਖ਼ਤ ਤੇ ਬਹਿ ਜਾਂਦੇ। ਚਿੱਤ ਹਰੇਕ ਦਾ ਕਰਦਾ ਪਰ ਦਿੱਲੀ ਦਾ ਤਖ਼ਤ ਕਿਸੇ ਨੂੰ ਨਹੀ ਸੀ ਸਹਾਰਦਾ। ਇਹ ਕੁਦਰਤੀ ਕਾਨੂੰਨ ਏ। ਦਿੱਲੀ ਦੇ ਸਿੰਘਾਸਨ ਸਿਰਫ਼ ਸ਼ਹਿਜ਼ਾਦਿਆਂ ਲਈ ਬਣਿਐ। ਇਹ ਦੂਜੀ ਗੱਲ ਏ ਮੂਰਖ਼ ਨਾਲਾਇਕ ਬੁੱਧੂ ਲੂਲ੍ਹਾ ਲੰਗੜਾ ਅੰਨਾ ਕਾਣਾ ਜਿਹਦੇ ਸਿਰ ਤੇ ਜੁੱਤੀ ਘਸਾਅ ਦਿੰਦੇ ਰੁਹੇਲੇ, ਉਹਨੂੰ ਬਾਦਸ਼ਾਹ ਬਣਾ ਦਿੰਦੇ। ਕਾਨੂੰਨ ਸਾਰੇ ਆਪਣੇ ਹੱਥ ਵਿਚ ਲੈ ਲੈਂਦੇ। ਬਾਦਸ਼ਾਹ ਨੂੰ ਤੇ ਸਿਰਫ਼ ਸਲਾਮੀ ਲਈ ਰੱਖਿਆ ਹੋਇਆ ਸੀ।

ਬੁੱਢੇ ਦਲ ਦੇ ਦਰਸ਼ਨ ਨਹੀਂ ਸਨ ਕੀਤੇ ਸਿਰਫ਼ ਕਹਾਣੀਆਂ ਈ ਸੁਣੀਆਂ ਹੋਈਆਂ ਸਨ। ਹਰਿਆਣਾ ਪੰਜਾਬ ਨਾਲ ਲੱਗਦਾ ਸੀ। ਰਾਜਸਥਾਨ ਦੇ ਭਗੌੜੇ ਤੇ ਮਾਲਵੇ ਵਲੋਂ ਚੜ੍ਹਿਆ ਹਨੇਰ, ਉਹਨੂੰ ਕੌਣ ਝੱਲੂ। ਜਦੋਂ ਦਿੱਲੀ ਦੇ ਘੋੜੇ ਨਿਕਲੇ, ਨਗਾਰੇ ਵੱਜੇ ਦਮਾਮੇ ਤੇ ਚੋਟ ਪਈ? ਦਿੱਲੀ ਦੀ ਸਰਦਲ ਤੇ ਇਕ ਵਾਰ ਅੱਗੇ ਵੀ ਆਏ ਸਨ, ਫੇਰ ਲਾਲ ਕਿਲ੍ਹੇ ਦਾ ਦਰਵਾਜ਼ਾ ਖੋਲ੍ਹਣਾ ਜ਼ਰੂਰੀ ਏ। ਸਰਦਾਰ ਆਏ ਨੇ ਤਖ਼ਤ ਨਸ਼ੀਨੀ ਵੀ ਜ਼ਰੂਰੀ ਏ ਦਿੱਲੀ ਦਾ ਰਾਜਾ ਸਾਰੇ ਜਹਾਨ ਦਾ ਨਰੇਸ਼।

—ਖ਼ੁਦਾ ਹੀ ਹਨ, ਸਾਡੀ ਕੋਈ ਮਦਦ ਕਰ ਸਕਦੈ ਤੇ ਸਿਰਫ਼ ਇਹੋ ਹਨ ਸੂਰਮੇ। ਬਾਕੀ ਤੇ ਸਾਰੇ ਭਗੌੜੇ ਹੋ ਗਏ। ਬਾਦਸ਼ਾਹ ਧਰੇਕ ਵਾਂਗੂੰ ਕੰਬਦਾ।

ਦੋਸਤੀ ਬੁੱਢੇ ਦਲ ਨਾਲ ਪਰ ਵਿਚ ਵਿਚੋਲਾ ਕੌਣ ਪਵੇ।

ਪਰ ਕੁਦਰਤ ਆਪੇ ਈ ਮਿਹਰਬਾਨ ਹੋ ਗਈ। ਚਿੱਠੀਆਂ ਆਉਣ ਲੱਗ ਪਈਆਂ ਸਰਦਾਰਾਂ ਦੀਆਂ ਬਾਦਸ਼ਾਹ ਨੂੰ। ਹਲਕਾਰੇ, ਊਠਨੀ ਸਵਾਰ, ਹਰ ਨਵੇਂ ਸੂਰਜ ਕੋਈ ਨਾ ਕੋਈ ਆ ਜਾਂਦਾ।

ਸ਼ਾਹ ਆਲਮ ਦਲੀਲਾਂ 'ਚ ਡੁੱਬਿਆ ਹੋਇਆ ਸੀ।

ਚਿੱਠੀਆਂ ਈ ਚਿੱਠੀਆਂ, ਹਲਕਾਰੇ ਈ ਹਲਕਾਰੇ, ਘੋੜ ਸਵਾਰਾਂ ਦੀਆਂ ਮਰਹੱਟਿਆਂ ਦੀਆਂ ਪਰਚੀਆਂ ਹੱਥਾਂ 'ਚ ਲਈ ਫੜੀ ਫਿਰਦੇ ਸਨ।

ਕੌਣ ਸੱਚਾ ਏ, ਕੌਣ ਹਮਦਰਦੀ ਏ? ਕੌਣ ਉਹਨੂੰ ਬੇਗ਼ਮ ਦਾ ਗੋਲਾ ਆਖੇ। ਜ਼ਹਿਰ ਤੇ ਸ਼ਹਿਦ ਵਿਚ ਕੋਈ ਫ਼ਰਕ ਨਹੀਂ। ਕੋਈ ਪਹਿਚਾਨ ਦੀ ਕਸਵੱਟੀ ਨਹੀਂ ਸੀ ਕਿਸੇ ਕੋਲ। ਸਿਰਫ਼ ਅੰਦਾਜ਼ੇ ਈ ਅੰਦਾਜ਼ੇ ਸਨ।

ਆਖ਼ਰ ਇਕ ਦਿਨ ਸ਼ਾਹੀ ਠਾਠ-ਬਾਠ ਵਾਲਾ ਹਲਕਾਰਾ ਆਇਆ।

ਓਸ ਅਰਜ਼ ਕੀਤੀ—ਮੈਂ ਜਥੇਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਚਿੱਠੀ ਲੈ ਕੇ ਆਇਆ ਹਾਂ।

—ਧੰਨਭਾਗ, ਲਿਆਓ ਚਿੱਠੀ।

ਬੜੇ ਹੌਸਲੇ, ਦਿਲਾਸੇ ਤੇ ਮਦਦ ਕਰਨ ਦੇ ਵਾਅਦੇ। ਚਿੱਠੀ ਵਿਚੋਂ ਪਿਆਰ ਦੀ ਖ਼ੁਸ਼ਬੂ ਆ ਰਹੀ ਸੀ।

—ਮੈਨੂੰ ਮਾਲਵੇ ਦੇ ਸਰਦਾਰ, ਮਾਝੇ ਦੇ ਖਾੜਕੂ, ਦੁਆਬੇ ਦੇ ਰਾਜੇ ਤੇ ਜਥੇਦਾਰਾਂ ਦੀਆਂ ਚਿੱਠੀਆਂ ਤੇ ਚਿੱਠੀਆਂ ਆ ਰਹੀਆਂ ਨੇ। ਮੈਂ ਕਿਹਨੂੰ ਗ਼ਲਤ ਆਖਾਂ ਤੇ ਕਿਹਨੂੰ ਸਹੀ?

—ਅਜੇ ਤੱਕ ਕਿਸੇ ਮਰਦ ਬੰਦੇ ਦੀ ਚਿੱਠੀ ਨਜ਼ਰ ਨਹੀਂ ਆਈ ਜਾਂ ਅਸੀਂ ਪਛਾਣਦੇ ਨਹੀਂ।

ਬਾਦਸ਼ਾਹ ਨੇ ਜਵਾਬ ਭੇਜਿਆ—ਮੈਨੂੰ ਇਕ ਸੱਥ ਵਿਚ ਬੈਠ ਕੇ ਕੀਤੇ ਫੈਸਲੇ ਦੀ ਚਿੱਠੀ ਚਾਹੀਦੀ ਏ। ਭੇਜੋ ਤੇ ਵਿਚਾਰ ਕਰਾਂਗੇ। ਸ਼ਾਹ ਆਲਮ ਦੂਜਾ ਏਸ ਤਰ੍ਹਾਂ ਸੋਚ ਰਿਹਾ ਸੀ। ਗੁੰਝਲਾਂ ਪੈ ਗਈਆਂ ਸਨ ਕੋਈ ਮਰਦ ਈ ਖੋਲ੍ਹੇਗਾ। ਦਿੱਲੀ ਦਾ ਰੱਬ ਰਾਖਾ ਸੀ ਤੇ ਪੰਜਾਬ ਵਾਲੇ ਸਿੱਖਾਂ ਦੀ ਰਾਖੀ ਥੱਲੇ ਜੀਊਂ ਰਹੇ ਸਨ।

131

ਚਿੱਠੀ ਮੋਹਰ ਵਾਲੀ

—ਮੂੰਹਾਂ ਨੂੰ ਮੁਲਾਹਜ਼ੇ ਤੇ ਸਿਰਾਂ ਨੂੰ ਸਲਾਮਾਂ।

ਸਰਦਾਰ ਮੂੰਹ ਚੋਰ ਹੋ ਰਹੇ ਜਾਪਦੇ ਨੇ। ਮਿਸਲਾਂ ਵਾਲੇ ਸਰਦਾਰ ਚਿੱਠੀਆਂ ਲਿਖ ਰਹੇ ਹਨ। ਢੇਰ ਲੱਗ ਗਿਐ, ਮੈਂ ਕਿਸ ਚਿੱਠੀ ਤੇ ਨਜ਼ਰ ਸਾਨੀ ਕਰਾਂ।

ਬੁੱਢੇ ਦਲ ਵਲੋਂ ਚਿੱਠੀ ਆਵੇ ਦਲ ਦੀ ਮੋਹਰ ਲੱਗੀ ਹੋਵੇ ਤਾਂ ਤੇ ਕੋਈ ਮੁੱਲ ਹੋਇਆ ਵਰਨਾ ਫੋਕੀਆਂ ਤਸੱਲੀਆਂ ਦੇਣ ਨਾਲ ਮੇਰਾ ਕੋਈ ਭਲਾ ਨਹੀਂ ਹੋਣ ਲੱਗਾ।

ਮੈਂ ਜਾਣਦਾ ਹਾਂ ਕਿ ਬੁੱਢੇ ਦਲ ਨੇ ਦਿੱਲੀ ਤੇ ਰਾਜ ਨਹੀਂ ਕਰਨਾ। ਇਨ੍ਹਾਂ ਪਹਿਲਾਂ ਅਹਿਮਦ ਸ਼ਾਹ ਅਬਦਾਲੀ ਦਾ ਮੱਕੂ ਠੱਪਣੈ। ਉਸ ਦੀਆਂ ਦਾੜ੍ਹਾਂ ਜਦ ਤਕ ਨਹੀਂ ਕੱਢ ਦਿੰਦੇ ਓਨਾ ਚਿਰ ਤਕ ਉਨ੍ਹਾਂ ਸਾਹ ਨਹੀਂ ਲੈਣਾ।

ਰੁਹੇਲੇ ਰੁੱਸ ਗਏ, ਮਰਹੱਟਿਆਂ ਦਾ ਵਸਾਹ ਨਹੀਂ। ਰਾਜਪੂਤ ਆਪਣੇ ਰਣਵਾਸਾਂ ਵਿਚ ਬੈਠੇ ਹਨ। ਸਿਰਫ਼ ਸਰਦਾਰੀਆਂ ਨਜ਼ਰ ਆ ਰਹੀਆਂ ਹਨ ਤੇ ਉਹ ਸਿਰਫ਼ ਬੁੱਢੇ ਦਲ ਦੀਆਂ। ਜੇ ਤੁਸੀਂ ਮੇਰੀ ਮਦਦ ਕਰਨਾ ਚਾਹੁੰਦੇ ਹੋ ਅੱਲਾ ਤੁਮਕੋ ਜ਼ਿੰਦਗੀ ਬਖ਼ਸ਼ੇ।

ਪਹਿਲਾਂ ਮੇਰਾ ਦਿੱਲੀ ਆਉਣਾ ਮੁਸ਼ਕਲ ਏ। ਜ਼ੰਜੀਰਾਂ ਈਸਟ ਇੰਡੀਆ ਕੰਪਨੀ ਦੀਆਂ ਸੋਨੇ ਤੇ ਚਾਂਦੀ ਦੀਆਂ, ਉਨ੍ਹਾਂ ਰਾਹ ਰੋਕਿਆ ਹੋਇਐ।

ਦਿੱਲੀ ਦਾ ਤਖ਼ਤ ਬੇ-ਸਹਾਰਾ ਏ। ਮੁਗ਼ਲ ਹਿਜੜੇ ਹੋ ਚੁੱਕੇ ਹਨ।

—ਮੈਨੂੰ ਮੋਹਰਾਂ ਵਾਲੀ ਚਿੱਠੀ ਭਿਜਵਾਓ। ਸਰਦਾਰਾਂ ਦੇ ਨਿਸ਼ਾਨ ਮੋਹਰਾਂ ਉੱਭਰੀਆਂ ਹੋਈਆਂ। ਮੁਲਕ ਬਚਾ ਲਓ ਫੇਰ ਝਗੜੇ ਕਰ ਲੈਣਾ। ਅਹਿਮਦ ਸ਼ਾਹ ਅਬਦਾਲੀ ਫੇਰ ਵੀ ਆ ਸਕਦੈ। ਦਿੱਲੀ ਵਿਚ ਅਮਨ ਚਾਹੀਦੈ। ਅਮਨ ਵਿਚ ਈ ਜ਼ਿੰਦਗੀ ਤੇ ਬਹਾਰ ਆ ਸਕਦੀ ਏ।

ਗੁਰਮਤਾ ਤੇ ਫੇਰ ਚਿੱਠੀ। ਮੈਂ ਸੁਣਿਆ ਏ ਜਥੇਦਾਰ ਜੱਸਾ ਸਿੰਘ ਆਹਲੂਵਾਲੀਏ

ਦਾ ਨਾ ਦਰਸ਼ਨ ਕੀਤੇ ਉਹਨੂੰ ਸਾਡੇ ਨਾਲ ਹਮਦਰਦੀ ਏ। ਦੇਸ਼ ਤੇ ਕੌਮ ਦਾ ਰਖ਼ਵਾਲਾ ਏ।

ਰੁਹੇਲੇ, ਮਰਹੱਟੇ ਤੇ ਮੁਗ਼ਲ ਸਰਦਾਰ ਰਲ ਮਿਲ ਕੇ ਬਾਦਸ਼ਾਹ ਨੂੰ ਇਕ ਵਾਰ ਦਿੱਲੀ ਲੈ ਆਉਣ ਫੇਰ ਅਸੀਂ ਈਸਟ ਇੰਡੀਆ ਕੰਪਨੀ ਨੂੰ ਵੇਖ ਲਵਾਂਗੇ ਤੇ ਦੂਜਿਆਂ ਨੂੰ ਵੀ ਸਿੱਝ ਲਵਾਂਗੇ। ਗੱਲ ਗੱਲਾਂ ਵਿਚ ਫਸ ਗਈ। ਇਕ ਗੁੰਝਲ ਜਿਹੀ ਬਣ ਕੇ ਰਹਿ ਗਈ। ਨਾ ਬਾਦਸ਼ਾਹ ਦਿੱਲੀ ਆਇਆ ਤੇ ਨਾ ਜੱਸਾ ਸਿੰਘ ਦੇ ਦੀਦਾਰ ਈ ਹੋ ਸਕੇ।

—ਨਜੀਬੁਲਦੌਲਾ ਮਰਹੱਟੇ ਸਰਦਾਰ ਤੁਲਕੋਜੀਅ ਹੁਲਕਰ ਨਾਲ ਸਲਾਹ ਦੀਆਂ ਸਲਾਈਆਂ ਪਾਈਆਂ ਸਨ ਅੱਖਾਂ ਵਿਚ, ਪਰ ਉਨ੍ਹਾਂ ਠੰਢ ਪਾਉਣ ਦੀ ਬਜਾਏ ਰੜਕ ਪੈਦਾ ਕਰ ਦਿੱਤੀ ਏ। ਜ਼ਾਬਤਾ ਖ਼ਾਂ ਵੀ ਬਾਂਹ ਫੜ ਕੇ ਬੈਠ ਗਿਐ ਪਠਾਨ ਦਾ ਪੁੱਤ ਪਰ ਤੁਲਕੋ ਜੀਅ ਨੇ ਝੱਟ ਈ ਅੱਖਾਂ ਫੇਰ ਲਈਆਂ। ਅਜੇ ਤੇ ਜਨਾਜ਼ਾ ਵੀ ਨਹੀਂ ਉੱਠਿਆ।

—ਮੈਂ ਦੁਸ਼ਮਨਾਂ ਦੇ ਘੇਰੇ 'ਚ ਘਿਰਿਆ ਹੋਇਆ ਹਾਂ। ਜਾਟ ਰਾਜਪੂਤ ਆਪਣੇ ਘਰਾਂ ਵਿਚ ਡਾਂਗਾਂ ਖੜਕਾ ਰਹੇ ਹਨ।

—ਇਨ੍ਹਾਂ ਦੇ ਚੌਂਕੇ 'ਚ ਬਿੱਲੀ ਨੱਚ ਰਹੀ ਏ। ਮੈਂ ਸ਼ਾਇਦ ਦਿੱਲੀ ਨਾ ਆ ਸਕਾਂ। ਮੈਂ ਅੰਗ੍ਰੇਜ਼ਾਂ ਦੇ ਰਹਿਮੋ-ਕਰਮ ਤੇ ਜੀਉਂਦਾ ਹਾਂ। ਕੋਈ ਹੈ ਸੂਰਮਾ ਜਿਹੜਾ ਮੈਨੂੰ ਏਸ ਕੈਦ ਵਿਚੋਂ ਕੱਢੇ ?

ਆਖ਼ਰ ਖੋਟਾ ਸਿੱਕਾ ਕੰਮ ਆਇਆ। ਮਰਹੱਟਿਆਂ ਨਾਲ ਗਰਾਹੀਆਂ ਸਾਂਝੀਆਂ ਹੋਈਆਂ। ਮਿੱਠੇ ਚੌਲਾਂ ਦੀਆਂ ਦੇਗ਼ਾਂ ਚਾੜ੍ਹੀਆਂ ਤੇ ਤਲਵਾਰਾਂ ਦੀ ਛਾਂ ਥੱਲੇ ਸ਼ਾਹ ਆਲਮ ਦੂਜੇ ਨੂੰ ਦਿੱਲੀ ਲੈ ਆਂਦਾ। ਫੇਰ ਨੌਬਤ ਵੱਜੀ ਲਾਲ ਕਿਲ੍ਹੇ 'ਚ।

132

ਅੱਧਾ ਰੁਹੇਲਾ ਤੇ ਅੱਧਾ ਸਿੱਖ

—ਇਕ ਕਰੇਲਾ ਦੂਜਾ ਨਿੰਮ ਚੜ੍ਹਿਆ, ਇਕ ਸੱਪ ਦੂਜਾ ਉੱਡਣਾ, ਇਕ ਸਿੰਘ ਆਖਣ ਲੱਗਾ, ਅੱਧਾ ਕਿਉਂ ਸਾਰਾ ਕਿਉਂ ਨਹੀਂ।

—ਅੱਧਾ ਏਸ ਲਈ ਕਿ ਉਹਦੀਆਂ ਆਦਤਾਂ ਪੁਰਾਣੀਆਂ ਸਨ, ਪੁਰਾਣਾ ਖਾਣ-ਪੀਣ, ਪੁਰਾਣੀ ਰਸਮੋ-ਰੀਤ, ਪੁਰਾਣਾ ਸੁਭਾਅ ਨਹੀਂ ਸੀ ਬਦਲਿਆ। ਅਜੇ ਉਹਦੇ ਤੇ ਇਸਲਾਮ ਦਾ ਕਦੀ-ਕਦੀ ਭੂਤ ਸਵਾਰ ਹੋ ਜਾਂਦਾ, ਪਰ ਜਦੋਂ ਇਹ ਸਿੱਖ ਬਣ ਗਿਆ ਏ, ਫੇਰ ਇਹ ਸਾਰੀਆਂ ਰੀਤਾਂ ਤੋਂ ਮੁਕਤ ਹੋ ਜਾਏਗਾ। ਹੌਲੀ-ਹੌਲੀ ਖ਼ਰਬੂਜ਼ੇ ਨੂੰ ਵੇਖ ਕੇ ਖ਼ਰਬੂਜ਼ਾ ਰੰਗ ਫੜਦਾ ਏ।

—ਕਦੀ ਨਵਾਬ ਸੀ ਤੇ ਹੁਣ ਕੱਖਾਂ ਤੋਂ ਵੀ ਹੌਲਾ ਹੋ ਗਿਐ।

—ਦਲ ਵਿਚ ਰਲ ਗਿਐ ਹੁਣ ਤੇ ਗੁਰੂ ਦੀਆਂ ਰਹਿਮਤਾਂ ਹੋ ਗਈਐਂ। ਸਰੋਂ ਸਿੰਘ ਸਜ ਜਾਏਗਾ ਤੇ ਫੇਰ ਬਾਦਸ਼ਾਹ ਹੋ ਜਾਏਗਾ।

ਗੁਰੂ ਦਾ ਸ਼ਰਧਾਲੂ, ਗੁਰੂ ਦਾ ਲਾਡਲਾ ਮੁਸਲਮਾਨ ਏ ਤਾਂ ਕੀ ਹੋਇਆ। ਇਹ

ਤਾਂ ਅਸਾਂ ਰੱਖੇ ਹਨ ਨਾਂ। ਬੰਦਾ ਜਨਮ ਤੋਂ ਨਾ ਸਿੱਖ ਏ, ਨਾ ਹਿੰਦੂ ਤੇ ਨਾ ਮੁਸਲਮਾਨ। ਸਿਰਫ਼ ਬੰਦਾ ਇਕ ਏ, ਰੱਬ ਦਾ।

—ਭਰਾ ਇਹ ਕ੍ਰਿਸ਼ਮਾ ਕੀ ਹੋਇਆ?

—ਗੁਰਾਂ ਦੀ ਮਿਹਰ ਸਦਕਾ ਏਸ ਚੋਲਾ ਬਦਲ ਲਿਐ ਤੇ ਸੰਗਤ-ਪੰਗਤ ਦੀ ਮਰਿਆਦਾ ਵਿਚ ਆ ਗਿਐ। ਨਾਂ ਵੀ ਬਦਲਿਆ, ਕੇਸ ਵੀ ਰੱਖ ਲਏ। ਬਾਣੀ ਦੀ ਵੀ ਪੜ੍ਹਾਈ ਸ਼ੁਰੂ ਕਰ ਲਈ ਤੇ ਸ਼ਰਧਾ ਵੀ ਪੈਦਾ ਹੋ ਗਈ। ਹੌਲੀ-ਹੌਲੀ ਪੂਰਨ ਸਿੱਖ ਬਣ ਜਾਇਗਾ। ਆਪਣਾ ਭਰਾ ਏ, ਆਪਣੇ ਜਥੇ ਦਾ ਸਾਥੀ ਏ।

—ਜੇ ਇਹ ਫੇਰ ਪੈਂਦੇ ਖ਼ਾਂ ਵਾਂਗੂੰ ਅੱਖਾਂ ਕੱਢਣ ਲੱਗ ਪਿਆ ਤੇ ਫੇਰ?

—ਖ਼ਾਲਸੇ ਨੂੰ ਫੇਰ ਅੱਖਾਂ ਕੱਢਣੀਆਂ ਵੀ ਆਉਂਦੀਆਂ ਨੇ।

—ਵਿਸ਼ਵਾਸ ਦਾ ਪਾਤਰ ਬਣਨਾ ਮੁਸ਼ਕਲ ਏ।

—ਨਹੀਂ ਇਹ ਗ਼ਲਤ ਏ। ਸੋਹਬਤ ਸੰਗਤ ਤੇ ਪੰਗਤ ਦੀ ਸਭ ਕੁਝ ਬਦਲ ਦਿੰਦੀ ਏ। ਸੋਨਾ ਘੜਾਇਆ ਜਾਏ ਤੇ ਜ਼ੇਵਰ ਬਣ ਜਾਂਦੈ।

—ਇਹ ਅੱਧਾ ਰੁਹੇਲਾ ਤੇ ਅੱਧਾ ਸਿੱਖ ਨਾਂ ਨਾਲ ਈ ਯਾਦ ਕੀਤਾ ਜਾਇਆ ਕਰੇਗਾ। ਇਹ ਸਿੱਖ ਜਗਤ ਵਿਚ ਰੋਸ਼ਨ ਮੁਨਾਰੇ ਵਾਂਗੂੰ ਚਮਕੇਗਾ। ਨਾ ਇਹ ਮੁਸਲਮਾਨ ਹੋਏਗਾ ਤੇ ਨਾ ਹਿੰਦੂ। ਇਹ ਗੁਰੂ ਦਾ ਸਿੱਖ ਹੋਏਗਾ।

—ਬੁੱਢੇ ਦਲ ਵਾਲਿਆਂ ਦੀ ਜਦੋਂ ਪਾਨ ਚੜ੍ਹ ਗਈ ਫੇਰ ਗੱਜੇਗਾ ਮੈਦਾਨ 'ਚ।

—ਅਹਿਮਦ ਸ਼ਾਹ ਅਬਦਾਲੀ ਹੁਣ ਆਉਣ ਨਹੀਂ ਲੱਗਾ। ਜੇ ਆ ਵੀ ਗਿਆ ਤੇ ਇਹਦੇ ਤੇ ਡੋਰੇ ਨਾ ਪਏ। ਅਬਦਾਲੀ ਇਹਦਾ ਦੋਸਤ ਨਹੀਂ ਬਣੇਗਾ। ਦੁਸ਼ਮਨ ਹੋਵੇ ਇਹ ਵਕਤ-ਪ੍ਰਸਤ ਅਹਿਮਦ ਸ਼ਾਹ ਅਬਦਾਲੀ ਦੀਆਂ ਖਾਖਾਂ ਪਾੜੇਗਾ। ਇਹ ਸਾਰੀਆਂ ਕਮਜ਼ੋਰੀਆਂ ਆਪ ਜਾਣਦਾ ਏ ਤੇ ਕੁਝ ਇਹਦਾ ਪਿਓ ਦੱਸ ਗਿਆ ਏ।

—ਇਹਨੂੰ ਮੈਦਾਨ-ਏ-ਜੰਗ ਵਿਚ ਸਭ ਤੋਂ ਅੱਗੇ ਰੱਖੋ। ਜੇ ਪਿੱਛੇ ਮੁੜੇ ਖ਼ਾਲਸਾ ਝਟਕਾ ਸੁੱਟੇ ਜੇ ਅੱਗੇ ਵਧੇ ਤੇ ਧੁੰਮਾਂ ਪੈਣ ਇਹਦੇ ਜੌਹਰ ਦੀਆਂ। ਖ਼ਾਲਸੇ ਦੀ ਜਿੰਦ ਜਾਨ ਬਣ ਕੇ ਰਹੇਗਾ ਘਿਓ ਖਿਚੜੀ ਵਾਂਗੂੰ। ਇਹਦੇ ਤੇ ਮਜੀਠੀ ਰੰਗ ਚੜ੍ਹ ਗਿਐ। ਇਹਦੀ ਕਥਾ ਥੋੜ੍ਹੀ ਜਿਹੀ ਸੁਣਾ ਦੇਵਾਂ ਕੋਈ ਪੁੱਛ ਈ ਲੈਂਦੈ।

—ਇਹ ਨਵਾਬ ਨਜ਼ੀਬੁਲਦੌਲਾ ਦਾ ਪੁੱਤ ਏ। ਨਜ਼ੀਬੁਲਦੌਲਾ ਅਹਿਮਦ ਸ਼ਾਹ ਅਬਦਾਲੀ ਦਾ ਗ਼ੁਲਾਮ ਯਾਰ ਤੇ ਉਹਦਾ ਹਮਰਾਜ਼। ਹਿੰਦੁਸਤਾਨ ਵਾਲਿਆਂ ਦਾ ਦੁਸ਼ਮਨ ਤੇ ਅਹਿਮਦ ਸ਼ਾਹ ਅਬਦਾਲੀ ਦਾ ਸੱਜਣ। ਭਰਾਵਾਂ ਦਾ ਵੈਰੀ ਤੇ ਚਿਮਚਾ ਅਹਿਮਦ ਸ਼ਾਹ ਅਬਦਾਲੀ ਦਾ। ਉਸਨੂੰ ਓਸ ਲਾਰਾ ਦਿੱਤਾ ਸੀ ਕਿ ਮੈਂ ਤੈਨੂੰ ਦਿੱਲੀ ਦੇ ਤਖ਼ਤ ਤੇ ਬਿਠਾਵਾਂਗਾ। ਸਾਰੀਆਂ ਰਸਮਾਂ ਖ਼ਤਮ ਕਰ ਦੇਵਾਂਗਾ। ਮੁਗ਼ਲ ਕੋਈ ਫ਼ਰਿਸ਼ਤੇ ਥੋੜ੍ਹੇ ਹਨ। ਦਿੱਲੀ ਦੇ ਤਖ਼ਤ ਤੇ ਮੈਂ ਜਿਹਨੂੰ ਚਾਹਾਂਗਾ, ਬਿਠਾਵਾਂਗਾ।

ਏਸੇ ਲਾਲਚ ਵਿਚ ਉਹ ਅਹਿਮਦ ਸ਼ਾਹ ਅਬਦਾਲੀ ਦੇ ਨਾਲ ਹਮ-ਪਿਆਲਾ, ਹਮ ਨਿਵਾਲਾ ਬਣ ਗਿਆ।

ਓਸ ਖ਼ੂਬ ਧੌੜੀ ਲਾਹੀ। ਓਸ ਪਠਾਣਾਂ, ਨਵਾਬਾਂ ਤੇ ਖ਼ਾਨਾਂ ਦੇ ਹਰਮ ਵੀ ਲੁੱਟੇ ਤੇ ਖ਼ਜ਼ਾਨੇ ਨੂੰ ਵੀ ਹੱਥ ਮਾਰਿਆ। ਮਕਾਨਾਂ ਦੀਆਂ ਕੜੀਆਂ ਤਕ ਵੇਚ ਕੇ ਖਾ ਗਿਆ। ਇਹਦਾ ਲਹੂ ਗੰਦਾ ਹੋ ਗਿਐ। ਇਹਦੀ ਮਾਂ ਨੇ ਚਾਰ ਧਾਰਾਂ ਵੀ ਨਹੀਂ ਬਖਸ਼ਣੀਆਂ। ਤੇਰੀ ਦੁਸ਼ਮਨੀ ਮੁਗ਼ਲਾਂ ਨਾਲ ਸੀ, ਬਾਕੀਆਂ ਨੇ ਤੇਰਾ ਕੀ ਵਿਗਾੜਿਆ ਸੀ।

—ਮੈਂ ਖਿੱਦੋਖੂੰਡੀ ਨਾ ਖੇਡਣੀ ਏ ਤੇ ਨਾ ਖੇਡਣ ਦੇਣੀ ਏ। ਪਹਿਲਾਂ ਮੈਂ ਖੇਡਾਂਗਾ ਜੇ ਮੈਨੂੰ ਵਾਰੀ ਨਾ ਮਿਲੀ ਤੇ ਫੇਰ ਮੈਂ ਖੁੱਤੀ ਵਿਚ ਮੂਤ ਦੇਵਾਂਗਾ। ਨਾ ਆਪ ਖੇਡਾਂਗਾ ਤੇ ਨਾ ਖੇਡਣ ਦੇਵਾਂਗਾ ਏਸ ਲੋਭੀ ਨੇ ਸਾਰੇ ਹਿੰਦੁਸਤਾਨ ਦੀ ਪੱਤ ਲੁਟਾ ਕੇ ਰੱਖ ਦਿੱਤੀ ਏ। ਅਕਲ ਤਦ ਆਈ ਜਦ ਚਿੜੀਆਂ ਨੇ ਖੇਤ ਚੁਗ ਲਿਆ ਸੀ।

ਆਪ ਮਰ ਗਿਆ, ਗੁਨਾਹ ਨਾ ਬਖ਼ਸ਼ੇ ਗਏ। ਸੋਹਬਤ ਬਦਲੀ ਪੁੱਤ ਦੀ ਪੀੜ੍ਹੀ ਵਿਚ ਇਹ ਰੁਹੇਲਾ ਇਹ ਜ਼ਲੀਲ, ਪਾਪੀ, ਜ਼ਾਲਮ ਤੇ ਬੇਹਯਾ ਦਾ ਪੁੱਤ ਏ। ਲਹੂ ਫੁੱਟਦਿਆਂ ਦੇਰ ਨਹੀਂ ਲੱਗਦੀ। ਬੰਦਾ ਤੇ ਚਹੁੰ ਕੌਡੀਆਂ ਤੇ ਇਮਾਨ ਵੇਚ ਦੇਂਦੈ।

ਦਿੱਲੀ ਦਰਬਾਰ ਤੋਂ ਪੁੱਤ ਨੂੰ ਫੇਰ ਸੱਦ ਲਿਆ। ਸ਼ਾਹ ਆਲਮ ਦੂਜੇ ਨੂੰ ਧਰਵਾਸ ਹੋਈ, ਪਰ ਇਕ ਵਾਰ ਜਿਹੜਾ ਰਸਤਾ ਭੁੱਲ ਗਿਆ ਸੀ, ਉਹ ਹੁਣ ਸਿੱਧੇ ਰਾਹ ਤੇ ਆ ਗਿਆ ਸੀ।

ਸ਼ਾਹ ਆਲਮ ਬਾਦਸ਼ਾਹ ਨੇ ਉਹਨੂੰ ਸਾਰੇ ਮਰਤਬੇ ਬਖ਼ਸ਼ ਦਿੱਤੇ ਤੇ ਦਿੱਲੀ ਦਾ ਆਹਲਾ ਅਹਿਲਕਾਰ ਬਣਾ ਦਿੱਤਾ।

ਮੀਰ ਬਖ਼ਸ਼ੀ, ਅਮੀਰਉੱਲ ਉਮਰਾ ਦਾ ਖ਼ਿਤਾਬ ਵੀ ਦਿੱਤਾ ਤੇ ਉਹਦੇ ਨਾਲ ਮਰਹੱਟੇ ਸਰਦਾਰ ਮਹਾਂ ਜੀ ਸਿੰਧੀਆ ਨੂੰ ਵੀ ਦਰਬਾਰ ਵਿਚ ਆਉਣ ਦੀ ਇਜਾਜ਼ਤ ਦੇ ਦਿੱਤੀ।

"ਇੱਟ ਘੜੇ ਦਾ ਵੈਰ ਸੀ ਮਰਹੱਟੇ ਤੇ ਰੁਹੇਲਿਆਂ ਦਾ।

ਜ਼ਰਾ ਜ਼ੋਰ ਫੜਿਆ ਮਹਾਂਦੇਵ ਸਿੰਧੀਆ ਨੇ। ਬਾਦਸ਼ਾਹ ਤੇ ਉਹਦਾ ਕਾਫ਼ੀ ਅਸਰ ਸੀ। ਦਿੱਲੀ ਵਿਚ ਬਾਦਸ਼ਾਹ ਨੂੰ ਲਿਆਉਣ ਵਿਚ ਉਹਦਾ ਕਾਫ਼ੀ ਹੱਥ ਸੀ।

ਓਸ ਇਕ ਦਿਨ ਰੁਹੇਲੇ ਸਰਦਾਰ ਨਾਲ ਢਿੱਡ ਅੜੀ ਲੈ ਲਈ। ਤਲਵਾਰਾਂ ਚੱਲੀਆਂ ਪਰ ਬਾਦਸ਼ਾਹ ਦੇ ਹੁਕਮ ਨੇ ਉਨ੍ਹਾਂ ਦੋਵਾਂ ਦੀਆਂ ਤਲਵਾਰਾਂ ਨੂੰ ਅਜਿਹੀ ਨੱਥ ਪਾਈ ਮੁੜ ਕੇ ਉਹ ਮਿਆਨ 'ਚੋਂ ਨਾ ਨਿਕਲੀਆਂ।

ਜ਼ਾਬਤਾ ਖ਼ਾਂ ਨੂੰ ਦਿੱਲੀ 'ਚੋਂ ਕੱਢ ਦੇਣਾ ਚਾਹੁੰਦੇ ਸੀ। ਓਸ ਉਹਨਾਂ ਨੂੰ ਕਿਸੇ ਥਾਂ ਜੋਗਾ ਨਾ ਛੱਡਿਆ। ਨਵਾਬ ਸੀ ਨਜੀਬੁਲਦੌਲੇ ਦਾ ਪੁੱਤ। ਸਾਰੀ ਨਵਾਬੀ ਪੱਲੇ ਬੰਨ੍ਹ ਦਿੱਤੀ, ਫ਼ਕੀਰ ਬਣਾ ਦਿੱਤਾ ਤੇ ਉਹਨੂੰ ਉਹਦੀ ਮੱਲ ਗੁਜ਼ਾਰ ਵਿਚੋਂ ਵੀ ਕੱਢ ਦਿੱਤਾ ਤੇ ਜੋ ਕੁਝ ਉਹਦੇ ਹੱਥ, ਪੱਲੇ ਸੀ, ਸਭ ਕੁਝ ਲੁੱਟ ਲਿਆ। ਹੁਣ ਵਿਚਾਰਾ ਜਾਏ ਕਿੱਥੇ ? ਫੇਰ ਪਿਓ ਦਾ ਯਰਾਨਾ ਕੰਮ ਆਇਆ। ਜਾ ਹਾਜ਼ਰੀ ਭਰੀ ਸੁਜ਼ਾ-ਉੱਲ-ਦੌਲਾ ਲਖਨਊ ਦੇ ਨਵਾਬ ਦੀ। ਨਵਾਬ ਨੇ ਬਾਂਹ ਫੜ ਲਈ। ਯਾਰ ਦੀ ਪੱਗ ਨੂੰ ਦਾਗ਼ੀ ਨਾ ਹੋਣ ਦਿੱਤਾ।

ਜ਼ਾਬਤਾ ਖ਼ਾਂ ਹੁਣ ਰੋਟੀ ਦੇ ਟੁੱਕੜਿਆਂ ਤੇ ਬੈਠਾ ਹੋਇਆ ਸੀ।

ਅੱਲਾ ਇਹ ਕੀ ਕਹਿਰ। ਕਿੱਥੇ ਗਈ ਨਵਾਬੀ ਤੇ ਕਿੱਥੇ ਗਏ ਫੂੰਕਾਰੇ।

133

ਸੁਜ਼ਾ-ਉੱਲ-ਦੌਲਾ

ਨਵਾਬ ਅਵਧ ਦਾ ਇਨ੍ਹਾਂ ਦਿਨਾਂ ਵਿਚ ਖ਼ੂਬ ਸਤਿਕਾਰਿਆ ਹੋਇਆ ਨਵਾਬ ਸੀ।

ਓਸ ਵੀ ਬਗ਼ਾਵਤ ਕੀਤੀ ਤੇ ਆਪਣੀ ਨਵਾਬੀ ਪੱਕੀ ਕਰ ਲਈ। ਨਾਦਰ ਸ਼ਾਹ ਨਾਲ ਰਲ ਕੇ ਬੈਠ ਗਿਆ ਤੇ ਦਿੱਲੀ ਦੇ ਮਾਲਕ ਨਾਲ ਬੇਵਫ਼ਾਈ ਕਰਕੇ ਉਹਦੀ ਝੋਲੀ 'ਚ ਜਾ ਬੈਠਾ।

ਨਮਕ ਹਰਾਮੀ ਇਨ੍ਹਾਂ ਦੇ ਲਹੂ ਵਿਚ ਰਚੀ ਹੋਈ ਸੀ।

ਪੁਰਾਣੇ ਯਾਰ ਛੱਡ ਕੇ ਨਵਿਆਂ ਨਾਲ ਯਾਰੀ ਲਾ ਲਈ। ਜਿਸ ਘਰ ਨੂੰ ਆਪਣੇ ਹੱਥਾਂ ਨਾਲ ਬਣਾਇਆ ਸੀ, ਆਪਣੇ ਹੱਥੀਂ ਉਜਾੜ ਕੇ ਰੱਖ ਦਿੱਤਾ।

ਦਿੱਲੀ ਦਾ ਤਖ਼ਤ ਨਾ ਨਵਾਬ ਅਵਧ ਨੂੰ ਮਿਲਿਆ ਤੇ ਨਾ ਹੈਦਰਾਬਾਦ ਦੇ ਨਵਾਬ ਨੂੰ। ਆਪੇ ਈ ਚੋਰਾਂ ਨੂੰ ਘਰ ਦੱਸਿਆ ਤੇ ਆਪੇ ਈ ਆਖਣ ਲੱਗ ਪਏ ਚੋਰ ਆ ਗਏ ਨੇ।

ਸੁਜ਼ਾ-ਉੱਲ-ਦੌਲਾ ਲਖਨਊ ਦੇ ਨਵਾਬਾਂ ਵਿਚੋਂ ਬੜਾ ਖ਼ੁਸ਼-ਨਸੀਬ ਸੀ, ਹਮਦਰਦੀ ਵੀ ਸੀ ਤੇ ਦੋਸਤ ਵੀ।

ਜ਼ਾਬਤਾ ਖ਼ਾਂ ਨੇ ਕੁਝ ਦਿਨ ਤੇ ਕੱਟੇ, ਪਰ ਉਹ ਕਿੰਨੇ ਕੁ ਦਿਨ ਨਵਾਬ ਦੇ ਟੁਕੜਿਆਂ ਤੇ ਗੁਜ਼ਾਰਾ ਕਰ ਸਕਦਾ ਸੀ? ਆਖ਼ਰ ਉਹ ਵੀ ਕਿਸੇ ਨਵਾਬ ਦਾ ਪੁੱਤ ਸੀ।

ਇਕ ਦਿਨ ਪ੍ਰਾਹੁਣਾ, ਦੋ ਦਿਨ ਪ੍ਰਾਹੁਣਾ ਤੀਜੇ ਦਿਨ ਦਾਦੇ ਮੰਘਾਉਣਾ।

ਦਿਨ ਚਰਾ ਕੁ ਪੱਧਰੇ ਹੋਏ ਤੇ ਗੱਲ ਛੇੜੀ ਨਵਾਬ ਸਜ਼ਾ-ਉੱਲ-ਦੌਲਾ ਨੇ। ਮਰਹੱਟੇ ਸਰਦਾਰਾਂ ਨਾਲ ਤੁਹਾਡਾ ਪੁਰਾਣਾ ਯਰਾਨਾ ਏ, ਤੁਹਾਡੀਆਂ ਗਰਾਹੀਆਂ ਸਾਂਝੀਆਂ ਸਨ। ਹੁਣ ਕਿਹੜੀ ਬਿੱਲੀ ਨਿੱਛ ਗਈ ਏ?

ਸਾਜਨ ਛੋੜੀਏ ਸੰਗ ਸੇ, ਮੁੜ ਵੀ ਆਵਨ ਕੰਮ। ਸਰਦੀਆਂ 'ਚ ਤੁਸਾਂ ਰਾਜ ਕਰ ਲਿਐ ਤੇ ਹੁਣ ਗਰਮੀਆਂ ਨੂੰ ਉਹ ਰਾਜ ਕਰ ਲੈਣਗੇ। ਵਾਰੀ ਬੰਨ੍ਹ ਲਵੋ ਝਗੜਾ ਕਾਹਦਾ? ਰਾਜ ਤੇ ਇਕ ਨੇ ਕਰਨਾ ਈ ਏਂ।

ਵਿਚੋਲਾ ਜੁੱਤੀ ਵਾਲਾ ਸੀ—ਮੈਂ ਹੁਣ ਵਿਚੋਲਾ ਹਾਂ ਜੇ ਮੰਨ ਜਾਓ ਤੇ ਤੁਹਾਡੀ ਮਿਹਰਬਾਨੀ ਵਰਨਾ ਫੇਰ ਇਹਦਾ ਦੂਜਾ ਇਲਾਜ ਵੀ ਏ।

—ਡੰਡਾ ਪੀਰ ਏ ਵਿਗੜਿਆਂ ਤਿਗੜਿਆਂ ਦਾ।

—ਨਵਾਬ ਸਾਹਿਬ ਤੁਹਾਡੀ ਸ਼ਰਤ ਮਨਜ਼ੂਰ, ਤੁਹਾਡਾ ਆਖਿਆ ਸਿਰ ਮੱਥੇ।

—ਪਰ ਇਹ ਰੁਹੇਲੇ ਕਿਸੇ ਘੜੇ ਦਾ ਢੱਕਣ ਨਹੀਂ।

—ਤੁਸੀਂ ਵੀ ਤੇ ਵੇਲੇ ਸਿਰ ਨੂੰਹ ਵਿਖਾ ਦਿੰਦੇ ਹੋ। ਤੁਸੀਂ ਦੋਵੇਂ ਤਾਏ-ਚਾਚੇ ਦੇ ਭਰਾ ਹੋ।

ਮਹਾਂਦੇਵ ਸਿੰਧੀਆ ਨੇ ਸਰਦਾਰਾਂ ਦੇ ਨਾਲ ਰਲ-ਮਿਲ ਕੇ ਸੰਧੀ ਕਰ ਲਈ, ਸੁਲਹਾ ਹੋ ਗਈ। ਦਿੱਲੀ ਦੇ ਬਾਜ਼ਾਰਾਂ 'ਚ ਰੁਹੇਲੇ ਨਜ਼ਰ ਆਉਣ ਲੱਗ ਪਏ।

ਮਰਹੱਟੇ ਅੱਗੇ ਈ ਯਾਰ ਸਨ। ਦਿਲੋਂ ਭਾਵੇਂ ਇਹ ਵੀ ਦੁਸ਼ਮਨ ਹੋਣ ਪਰ ਸੂਰਜ ਅਸਤ ਹੋਣ ਤੇ ਇਹ ਪਿਆਲੇ ਵਟਾਅ-ਵਟਾਅ ਕੇ ਪੀਂਦੇ। ਨਸ਼ੇ ਵਿਚ ਹੋਣ ਤੇ ਫੇਰ ਡਾਂਗ ਵੀ ਖੜਕਦੀ।

ਦਿਨੇ ਫੇਰ ਜੱਫੀਆਂ ਪਾ ਲੈਂਦੇ।

ਮੈਅਖ਼ਾਨਾ, ਮਧੂਸ਼ਾਲਾ ਦੋਸਤੀ ਦਾ ਇਕ ਮੰਦਰ ਏ। ਸ਼ਰਾਬ ਪੀ ਕੇ ਦੋਸਤੀ ਦੀਆਂ ਗੰਢਾਂ ਪੱਕੀਆਂ ਕੀਤੀਆਂ ਜਾਂਦੀਆਂ ਹਨ।

134

ਗੱਲ ਜਨਾਜ਼ੇ ਤੇ ਆਣ ਕੇ ਮੁੱਕੀ

ਦਿੱਲੀ ਵਿਚ ਅੱਗੇ ਈ ਸ਼ਤਰੰਜ ਵਿਛੀ ਹੋਈ ਸੀ। ਕਠਪੁਤਲੀ ਦਾ ਤਮਾਸ਼ਾ ਕਰ ਰਿਹਾ ਸੀ ਮਦਾਰੀ। ਹੁਣ ਦਰਬਾਰ ਵਿਚ ਮਰਹੱਟੇ ਕੁਝ ਮੂੰਹ ਮਾਰਦੇ ਤੇ ਆਪਣੀ ਕਾਰਸਤਾਨੀ ਕਰਦੇ। ਕੁਝ ਸਲਾਹਕਾਰ ਅਬਦੁਲ ਅਹਦ ਖ਼ਾਂ ਕਸ਼ਮੀਰੀ ਨੇ ਜ਼ਾਬਤਾ ਖ਼ਾਂ ਨਾਲ ਗੰਢਤੁੱਪ ਕਰਕੇ ਉਹਨੂੰ ਏਸ ਗੱਲ ਤੇ ਝੱਟ ਈ ਲਾ ਲਿਆ। ਮਿਰਜ਼ਾ ਨਜ਼ਫ਼ ਖ਼ਾਂ ਦੇ ਵਿਰੁੱਧ ਵਰਤਣਾ ਚਾਹਿਆ। ਸਾਨ੍ਹਾਂ ਦੇ ਭੇੜ ਵਿਚ ਫਸ ਗਿਆ ਜ਼ਾਬਤਾ ਖ਼ਾਂ। ਉੱਤੋਂ-ਉੱਤੋਂ ਹਾਂ ਕਰ ਦਿੱਤੀ, ਪਰ ਅੰਦਰੋਂ ਉਹਦਾ ਦਿਲ ਨਾ ਮੰਨਿਆ। ਓਸ ਬੜੇ ਜਿਗਰੇ ਨਾਲ ਆਖਿਆ—ਸਰਕਾਰ ਇਹ ਕੰਮ ਮੈਂ ਨਾ ਕਰ ਸਕਾਂਗਾ, ਕੋਈ ਦੂਸਰਾ ਭਾਊ ਲੱਭ ਲਵੋ। ਇੱਟ ਖੜੱਕਾ ਚਲਦਾ ਰਿਹਾ। ਆਖ਼ਰ ਇਕ ਦਿਨ ਬਾਂਦਰ ਕੜਿੱਕੀ 'ਚ ਫਸ ਗਿਆ ਤੇ ਓਸ ਬਾਦਸ਼ਾਹ ਦੇ ਕੰਨ 'ਚ ਫੂਕ ਮਾਰੀ ਤੇ ਆਪਣੇ ਭਰਾ ਅਬਦੁਲ ਕਰੀਮ ਨੂੰ ਸਹਾਰਨਪੁਰ ਦਾ ਫ਼ੌਜਦਾਰ ਬਣਾ ਦਿੱਤਾ। ਜ਼ਾਬਤਾ ਖ਼ਾਂ ਹੁਣ ਘਰੋਂ ਬੇਘਰ ਹੋ ਗਿਆ ਸੀ। ਜ਼ਾਬਤਾ ਖ਼ਾਂ ਦੇ ਖ਼ਿਲਾਫ਼ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ। ਖ਼ਾਲਸਾ ਬੁੱਢੇ ਦਲ ਵਾਲੇ ਜ਼ਾਬਤਾ ਖ਼ਾਂ ਦੇ ਮਗਰ ਖੜ੍ਹੇ ਸਨ।

—ਤਗੜਾ ਹੋ, ਅਸੀਂ ਤੇਰੇ ਮਗਰ ਹਾਂ। ਚੱਲ ਵੇਖ ਲੈਂਦੇ ਹਾਂ ਵੱਡੇ ਸਾਲ੍ਹਾਂ ਨੂੰ।

ਖ਼ਾਲਸੇ ਦੀ ਦਿੱਤੀ ਥਾਪੀ ਨੇ ਜ਼ਾਬਤਾ ਖ਼ਾਂ ਨੂੰ ਸ਼ੇਰ ਬਣਾ ਦਿੱਤਾ। ਸਾਰੀ ਦੁਨੀਆ ਝੂਠ ਬੋਲ ਸਕਦੀ ਏ, ਪਰ ਖ਼ਾਲਸਾ ਕਦੇ ਝੂਠ ਨਹੀਂ ਬੋਲਦਾ। ਜੇ ਆਖ ਦਿੱਤਾ ਕਿ ਅਸੀਂ ਤੇਰੀ ਮਦਦ ਤੇ ਹਾਂ ਤੇ ਫੇਰ ਉਹਨੂੰ ਪੱਥਰ ਤੇ ਲੀਕ ਸਮਝੋ। ਅਬਦੁੱਲਾ ਕਾਸਮ ਖ਼ਾਂ ਨਾਲ ਸੀ। ਭਾਵੇਂ ਉਹ ਆਪਣੇ-ਆਪ ਨੂੰ ਬੜਾ ਖੱਬੀ ਖ਼ਾਂ ਸਮਝਦਾ ਸੀ, ਪਰ ਸਾਹਮਣੇ ਵੀ ਸੂਰਮੇ ਖੜ੍ਹੇ ਸਨ। ਧੜਾ ਦੋਹੀਂ-ਪਾਸੀਂ ਬਰਾਬਰ ਦਾ ਸੀ।

ਬੁੱਢੇ ਦਲ ਦੀ ਦਿੱਤੀ ਹੱਲਾਸ਼ੇਰੀ ਨੇ ਜ਼ਾਬਤਾ ਖ਼ਾਂ ਨੂੰ ਲੋਹੇ ਦੀ ਲੱਠ ਬਣਾ ਦਿੱਤਾ।

—ਆਜਾ ਕਸ਼ਮੀਰੀ ਬੱਚੇ, ਤੇਰੀ ਚੌਧਰ ਵੀ ਵੇਖ ਲੈਂਦੇ ਹਾਂ। ਦੇਗ਼ਾਂ ਵਿਚ ਮਿੱਠੇ ਚੌਲ ਬਣਾ ਕੇ, ਕੱਠੇ ਖਾਣ ਦਾ ਮੁੱਲ ਇਹ ਤਾਰਿਆ ਈ?

ਗੁੱਥਮ-ਗੁੱਥਾ ਹੋ ਗਏ ਯੋਧੇ ਤੇ ਉੱਤੋਂ ਬੁੱਢਾ ਦਲ ਵੀ ਆਣ ਪਿਆ। ਏਸੇ ਰੌਲੇ-ਰੱਪੇ 'ਚ ਅਬਦੁੱਲਾ ਕਾਸਮ ਖ਼ਾਂ ਮਾਰਿਆ ਗਿਆ ਕੁੱਤੇ ਦੀ ਮੌਤ।

ਫ਼ੌਜ ਨੱਸ ਗਈ, ਹਾਰ ਸਾਹਮਣੇ ਆਣ ਖਲੋਤੀ।

ਜ਼ਾਬਤਾ ਖ਼ਾਂ ਨੇ ਆਖਿਆ—ਆਓ ਤੇ ਆਪਣੇ ਭਰਾ ਦਾ ਜਨਾਜ਼ਾ ਚੁੱਕ ਕੇ ਲੈ ਜਾਓ। ਤੁਹਾਡਾ ਕੋਈ ਪਰਛਾਵਾਂ ਵੀ ਨਹੀਂ ਲੰਘਣ ਲੱਗਾ।

ਦੁਸ਼ਮਨੀ ਸਿਰਫ਼ ਮੈਦਾਨ ਵਿਚ ਈ ਹੁੰਦੀ ਏ। ਕਬਰਸਤਾਨ ਵਿਚ ਕਾਹਦੀ ਦੁਸ਼ਮਨੀ। ਅਸੀਂ ਸਾਰੇ ਇਸਲਾਮੀ ਭਰਾ ਹਾਂ।

ਇਹ ਦਲੇਰੀ, ਬੜੀ ਹਿੰਮਤ ਤੇ ਜੁਰੱਅਤ ਨਾਲ ਉਨ੍ਹਾਂ ਅਬਦੁੱਲਾ ਕਾਸਮ ਦਾ ਜਨਾਜ਼ਾ ਚੁੱਕਿਆ ਤੇ ਘਰ ਵਾਪਸ ਲੈ ਆਏ।

—ਬਹਾਦਰਾਂ ਦੇ ਪੁੱਤ ਆਖ਼ਰ ਬਹਾਦਰ ਹੀ ਹੁੰਦੇ ਹਨ।

—ਮੈਨੂੰ ਬੜਾ ਅਫ਼ਸੋਸ ਏ ਕਿ ਅਬਦੁੱਲਾ ਕਾਸਮ ਐਵੇਂ ਭੰਗ ਦੇ ਭਾੜੇ ਈ ਅੱਲਾ ਨੂੰ ਪਿਆਰਾ ਹੋ ਗਿਆ। ਖ਼ੁਦਾ ਰਹਿਮਤ ਕਰੇ, ਗੁਨਾਹ ਬਖ਼ਸ਼ੇ।

ਇਹ ਮੱਠੀ-ਮੱਠੀ ਅੱਗ ਤੇ ਇਕ ਵਾਰ ਹਵਾ ਲੱਗਣ ਨਾਲ ਜ਼ਰਾ ਕੁ ਚਮਕੀ ਫੇਰ ਭਾਂਬੜ ਮੱਚਿਆ, ਭਰਾ ਦਾ ਬਦਲਾ ਲੈਣ ਲਈ ਓਸ ਸਾਹਮਣੇ ਦੁਸ਼ਮਨੀ ਦਾ ਝੰਡਾ ਗੱਡਿਆ ਤੇ ਆਖਿਆ—ਮੈਂ ਵੀ ਕਸ਼ਮੀਰੀ ਹਾਂ। ਮੈਂ ਤੈਨੂੰ ਜੇ ਦਰ-ਦਰ ਦੀ ਭੀਖ ਨਾ ਮੰਗਵਾ ਦਿੱਤੀ ਤੇ ਮੇਰਾ ਨਾਂ ਨਾ ਸੱਦੀਂ।

ਉਹਦੀਆਂ ਅੱਖਾਂ ਵਿਚੋਂ ਅੰਗਿਆਰੇ ਨਿਕਲ ਰਹੇ ਸਨ।

ਭਾਈ ਦੇਸੂ ਸਿੰਘ ਕੈਥਲ ਵਾਲੇ ਨੇ ਜੰਗ ਦਾ ਨਕਸ਼ਾ ਈ ਬਦਲ ਦਿੱਤਾ। ਕਿਤੇ ਨਗਾਰੇ ਵੱਜਦੇ ਸਨ-ਤੇ ਕਿਤੇ ਜਨਾਜ਼ੇ ਤੇ ਆਣ ਕੇ ਗੱਲ ਮੁੱਕੀ।

ਮਾਲਵੇ ਦੇ ਸਰਦਾਰ ਤੇ ਜ਼ਾਬਤਾ ਖ਼ਾਂ ਨੇ ਦਲ ਨੂੰ ਤੋਰ ਲਿਆ ਗੌਸਗੜ੍ਹ ਵੱਲ। ਏਸ ਹਾਰ ਨਾਲ ਬਾਦਸ਼ਾਹੀ ਤਖ਼ਤ ਨੂੰ ਵੀ ਆਂਚ ਆਈ।

ਬਾਦਸ਼ਾਹੀ ਫ਼ੌਜ ਦੇ ਦਸਤੇ ਨਾਲ ਸਨ ਤੇ ਅਬਦੁੱਲ ਅਹਦ ਦੀ ਜਾਬਰ ਫ਼ੌਜ ਨੇ ਨੌਬਤ ਖੜਕਾਈ ਤੇ ਫ਼ੌਜ ਨੂੰ ਜ਼ਰਾ ਕੁ ਝੁਣਝੁਨੀ ਜਿਹੀ ਆਈ।

ਬੁੱਢੇ ਦਲ ਵਾਲਿਆਂ ਵੀ ਦਮਾਮੇ ਤੇ ਚੋਟ ਮਾਰੀ। ਬਸ ਫੇਰ ਕੀ ਸੀ ਖ਼ੂਨ ਕੌਡੀਆਂ ਦੇ ਭਾਅ ਵਿਕਿਆ। ਲਾਸ਼ਾਂ ਦੇ ਢੇਰ ਲੱਗੇ। ਬੁੱਢੇ ਦਲ ਦੇ ਦਰਸ਼ਨ ਹੁੰਦਿਆਂ ਈ ਸ਼ਾਹੀ ਫ਼ੌਜ ਦੇ ਪੈਰ ਉੱਖੜਨੇ ਸ਼ੁਰੂ ਹੋ ਗਏ।

—ਬਾਦਸ਼ਾਹ ਨਾਲ ਸਾਡੀ ਦੋਸਤੀ ਏ, ਫੇਰ ਹਮਲਾ ਕਿਉਂ?

ਬਾਦਸ਼ਾਹ ਨੂੰ ਭੁਲੇਖੇ 'ਚ ਰੱਖਿਆ ਗਿਆ ਤੇ ਅਸਲੀਅਤ ਮੈਦਾਨ 'ਚ ਆ ਕੇ ਖੁੱਲ੍ਹੀ।

ਬਰਸਾਤ ਸ਼ੁਰੂ ਹੋ ਗਈ ਸੀ। ਮੁਸਲਾਧਾਰ ਮੀਂਹ ਵਰ੍ਹ ਰਿਹਾ ਸੀ। ਦਿਲ ਹਾਰ ਗਈਆਂ ਬਾਦਸ਼ਾਹੀ ਫ਼ੌਜਾਂ ਪਰ ਧੰਨ ਸਨ ਬੁੱਢੇ ਦਲ ਦੇ ਸੂਰਮੇ। ਉਨ੍ਹਾਂ ਨੇ ਵਰ੍ਹਦੇ ਮੀਂਹ ਵਿਚ ਕ੍ਰਿਸ਼ਨਾ ਨਦੀ ਪਾਰ ਕੀਤੀ ਤੇ ਜਾ ਜੈਕਾਰੇ ਵਜਾਏ ਬਾਦਸ਼ਾਹ ਦੇ ਕੈਂਪ ਅੱਗੇ।

—ਇਹ ਕੌਣ ਹਨ? ਬਾਦਸ਼ਾਹ ਨੇ ਪੁੱਛਿਆ।

—ਬੁੱਢੇ ਦਲ ਵਾਲੇ ਵਰ੍ਹਦੇ ਮੀਂਹ 'ਚ ਆਣ ਗੱਜੇ ਹਨ! ਕੀ ਹੁਕਮ ਏ?

—ਹੁਣ ਹੁਕਮ ਕਾਹਦਾ ਪਹਿਲਾਂ ਦੱਸਣਾ ਸੀ। ਹੁਣ ਜੋ ਭਾਅ ਪਈ ਏ ਕੱਟੋ।

—ਜਿਹਦੇ ਮਗਰ ਬੁੱਢਾ ਦਲ ਹੋਵੇ ਉਥੇ ਹਾਰ ਦਾ ਕੀ ਕੰਮ।

ਬਾਦਸ਼ਾਹ ਨੇ ਜ਼ਾਬਤਾ ਖ਼ਾਂ ਨੂੰ ਚਿੱਠੀ ਲਿਖੀ—ਆ ਭਰਾ ਸੁਲਹਾ ਕਰ ਲਈਏ। ਐਵੇਂ ਖ਼ਲਕਤ ਦੇ ਖ਼ੂਨ ਨਾਲ ਹੋਲੀ ਨਾ ਖੇਡੋ। ਇਕ ਪਹਿਲਾਂ ਮੂਰਖ਼ਤਾ ਕੀਤੀ ਜੇ ਦੱਸਿਆ ਨਹੀਂ ਕਿ ਕਿਹਦੇ ਤੇ ਹਮਲਾ ਕਰਨਾ ਏ ਦੂਜੀ ਹੋਰ ਗ਼ਲਤੀ ਨਾ ਕਰੋ। ਲੜਾਈ ਬੰਦ ਕਰ ਦਿਓ ਤੇ ਸੁਲਹਾ ਦੀ ਗੱਲ ਛੇੜੋ।

—ਗੱਲ ਮੰਨ ਲੈਣੀ ਚਾਹੀਦੀ ਸੀ, ਪਰ ਰੁਹੇਲੇ ਮੂਰਖ਼ ਸਨ। ਉਨ੍ਹਾਂ ਮੈਦਾਨ ਜਿੱਤਿਆ ਹੋਇਆ ਸੀ। ਉਹਨਾਂ ਸਿਰ ਫੇਰ ਦਿੱਤਾ ਤੇ ਫ਼ੌਜ ਨੇ ਸੁਲਹਾ ਕਰਨ ਤੋਂ ਨਾਂਹ ਕਰ ਦਿੱਤੀ।

ਬਾਦਸ਼ਾਹ ਦੇ ਹੁਕਮ ਦਾ ਕੋਈ ਮੁੱਲ ਨਾ ਰਿਹਾ। ਜ਼ਾਬਤਾ ਖ਼ਾਂ ਦੇ ਹਮਾਇਤੀਆਂ ਵਿਚ ਓਸ ਫੁੱਟ ਪਾਉਣ ਦੀ ਕੋਸ਼ਿਸ਼ ਕੀਤੀ, ਲਾਲਚ ਵੀ ਦਿੱਤੇ, ਪਰ ਗੱਲ ਉਥੋਂ ਅੱਗੇ ਨਾ ਚੱਲੀ।

ਬੁੱਢੇ ਦਲ ਵੱਲ ਨਜ਼ਰਾਨੇ, ਤੋਹਫ਼ੇ ਭੇਜੇ ਤੇ ਜੁਰਮਾਨਾ ਸਭ ਕੁਝ ਭੇਜਿਆ ਵੱਖਰਾ ਪਰ ਗੁਰੂ ਦੇ ਲਾਲ ਜੱਸਾ ਸਿੰਘ ਆਹਲੂਵਾਲੀਏ ਨੇ ਇੱਜ਼ਤ ਨਾਲ ਸਾਰਾ ਖ਼ਜ਼ਾਨਾ ਤੇ

ਨਜ਼ਰਾਨੇ ਵਾਪਸ ਕਰ ਦਿੱਤੇ। ਇਹਦੇ ਨਾਲ ਇਕ ਦੋ ਸਾਥੀ ਰੁਹੇਲੇ ਤੋੜ ਸਕੀਆਂ ਬਾਦਸ਼ਾਹੀ ਫ਼ੌਜਾਂ।

ਬਾਦਸ਼ਾਹ ਹੈਰਾਨ ਸੀ ਤੇ ਅਜੇ ਵੀ ਹਿੰਦੁਸਤਾਨ ਵਿਚ ਅਣਖ ਵਾਲੇ ਲੋਕ ਮੌਜੂਦ ਹਨ। ਅਜੇ ਵੀ ਮੁਗ਼ਲ ਬਾਦਸ਼ਾਹ ਦੀ ਇੱਜ਼ਤ ਬਾਕੀ ਏ।

ਜ਼ਾਬਤਾ ਖ਼ਾਂ ਦਾ ਪਾਸਾ ਬਹੁਤ ਭਾਰੀ ਸੀ। ਉਹ ਰੁਹੇਲੇ ਸਰਦਾਰ ਜਿਹੜੇ ਦਗ਼ਾ ਦੇ ਗਏ ਸਨ, ਉਨ੍ਹਾਂ ਦੇ ਟੱਬਰ, ਕਬੀਲੇ ਸਾਰੇ ਦੇ ਸਾਰੇ ਘੇਰੇ 'ਚ ਲਿਆ ਕੇ ਕੈਦ ਕਰ ਲਏ ਤੇ ਮਾਲ-ਮੱਤਾ ਵੀ ਲੁੱਟ ਲਿਆ। ਸਾਰਿਆਂ ਨੂੰ ਆਗਰੇ ਦੇ ਕਿਲ੍ਹੇ 'ਚ ਡੱਕ ਦਿੱਤਾ ਤੇ ਬਾਹਰ ਪਨਸੇਰੀ ਭਰ ਦਾ ਜੰਦਰਾ ਮਾਰ ਦਿੱਤਾ।

ਰੁਹੇਲੇ ਤੇ ਬਾਦਸ਼ਾਹੀ ਫ਼ੌਜ ਅੱਖਾਂ ਨੀਵੀਆਂ ਕਰਕੇ ਵਾਪਸ ਮੁੜ ਗਈ। ਹਾਰ ਨੇ ਸਾਰੀ ਚੌਧਰ ਬਾਦਸ਼ਾਹ ਦੇ ਪੱਲੇ ਬੰਨ੍ਹਾ ਕੇ ਤੋਰਿਆ।

135

ਧੂਣਾ

ਰੁਹੇਲੇ ਸਰਦਾਰਾਂ ਦੇ ਟੱਬਰਾਂ ਵਿਚ ਜ਼ਾਬਤਾ ਖ਼ਾਂ ਦਾ ਸਾਰਾ ਕਬੀਲਾ ਏਸੇ ਗ਼ਲਤੀ ਦਾ ਸ਼ਿਕਾਰ ਹੋ ਗਿਆ। ਸਾਰੀ ਦੌਲਤ, ਸਭ ਕੁਝ ਲੁੱਟ ਲਿਆ ਤੇ ਬਾਕੀ ਸਾਰੇ ਆਗਰੇ ਦੇ ਕਿਲ੍ਹੇ ਵਿਚ। ਕੈਦੀਆਂ ਤੋਂ ਤੇ ਰਹਿੰਦ-ਖੂੰਹਦ ਉਨ੍ਹਾਂ ਇਕ-ਦੋ ਦਿਨਾਂ ਵਿਚ ਈ ਖੋਹ ਲਈ।

ਜ਼ਾਬਤਾ ਖ਼ਾਂ ਭੁਲੇਖੇ 'ਚ ਈ ਮਾਰਿਆ ਗਿਆ। ਜਿੱਤ ਹਾਰ ਦੇ ਰੂਪ ਵਿਚ ਕੁਲੱਛਣੀ ਨਜ਼ਰ ਆਈ।

ਬੁੱਢੇ ਦਲ ਵਾਲੇ ਤੇ ਫ਼ੌਜ ਦੇ ਰਾਖੇ ਸਨ। ਉਨ੍ਹਾਂ ਨੂੰ ਤੇ ਕਿਤੇ ਅਜ਼ਾਂ ਵੀ ਨਾ ਆਉਣ ਦਿੱਤੀ। ਏਸ ਗੜਬੜ ਵਿਚ ਉੱਜੜ ਗਿਆ ਜ਼ਾਬਤਾ ਖ਼ਾਂ। ਉਹਦੇ ਪੱਲੇ ਹੁਣ ਖਾਣ ਨੂੰ ਕੌਡੀ ਵੀ ਨਾ ਰਹੀ।

ਦਲ ਵਾਲਿਆਂ ਪੁੱਛਿਆ—ਜ਼ਾਬਤਾ ਖ਼ਾਂ ਤੇਰੀ ਜਿੱਤ ਹੋਈ ਏ ਤੇ ਤੂੰ ਧਾਹੀਂ ਮਾਰ ਰਿਹੈਂ, ਕੀ ਗੱਲ ਏ?

ਜ਼ਾਬਤਾ ਖ਼ਾਂ ਬੋਲਿਆ—ਮੈਂ ਦੁਸ਼ਮਨ ਦੇ ਕਬੀਲੇ ਫੜੇ ਸਨ ਤੇ ਉਹ ਡੱਕ ਦਿੱਤੇ ਸਨ ਆਗਰੇ ਦੇ ਕਿਲ੍ਹੇ ਵਿਚ, ਉਹਦੇ ਵਿਚ ਈ ਮੇਰੇ ਘਰ ਦੇ ਸਾਰੇ ਜੀਅ ਸਨ। ਯਾਰਾਂ ਦੋਸਤਾਂ ਦੇ ਸਾਰੇ ਹਰਮ ਵਿਚ ਈ ਫੜੇ ਗਏ। ਲੁੱਟ ਪੈ ਗਈ, ਰਾਤ ਹਨ੍ਹੇਰੀ ਸੀ ਪਹਿਚਾਨ ਨਾ ਹੋਈ। ਮੇਰਾ ਸਾਰਾ ਕਬੀਲਾ ਤੇ ਮੇਰੀ ਸਾਰੀ ਦੌਲਤ ਲੁੱਟੀ ਗਈ। ਹੁਣ ਮੈਂ ਫ਼ਕੀਰ ਹੋ ਗਿਆ ਹਾਂ। ਚੱਲ ਹੁਣ ਤੂੰ ਫੇਰ ਸਾਡੇ ਨਾਲ ਈ। ਜਿਹਾ ਖਾਵਾਂਗੇ, ਪਹਿਲਾਂ ਤੈਨੂੰ ਦੇਵਾਂਗੇ ਤੇ ਮਗਰੋਂ ਆਪ ਮੂੰਹ ਲਾਵਾਂਗੇ।

—ਇਲਾਕਾ ਵੀ ਹੱਥੋਂ ਗਿਆ, ਦੌਲਤ ਵੀ ਖੁੱਸ ਗਈ। ਟੱਬਰ ਬਾਲ-ਬੱਚੇ ਸਾਰੇ ਦੇ ਸਾਰੇ ਦੁਸ਼ਮਨ ਦੀ ਕੈਦ ਵਿਚ, ਉਨ੍ਹਾਂ ਨਾਲ ਕੀ ਵਾਪਰੇਗੀ? ਅੱਲਾ ਈ ਜਾਣਦੈ।

—ਮੈਂ ਤੇ ਫ਼ਤਿਹ ਦੇ ਨਸ਼ੇ ਵਿਚ ਆਗਰੇ ਦੇ ਕਿਲ੍ਹੇ ਵਿਚ ਡੱਕੇ ਸਨ, ਪਰ ਮੈਂ ਜ਼ਰਾ

ਕੂ ਇੱਧਰ ਹੋਇਆ ਤੇ ਮੁਗ਼ਲ ਸਿਪਾਹੀਆਂ ਨੇ ਤੇ ਬੇਈਮਾਨ ਰੁਹੇਲਿਆਂ ਨੇ ਆਗਰੇ ਦੇ ਕਿਲ੍ਹੇ 'ਚ ਲੁੱਟ ਮਚਾ ਦਿੱਤੀ। ਉਹਦੇ ਵਿਚ ਮੇਰਾ ਸਭ ਕੁਝ ਤਬਾਹ ਹੋ ਗਿਆ। ਹੁਣ ਮੈਂ ਖ਼ਾਲੀ ਹੱਥ ਹਾਂ।

ਹਾਰੇ ਹੋਏ ਸਿਪਾਹੀ ਦਿੱਲੀ ਵਿਚ ਨਗਾਰੇ ਵਜਾਉਂਦੇ ਲੰਘੇ।

ਬਾਦਸ਼ਾਹ ਦੇ ਸਾਹਮਣੇ ਜਦ ਲੜਾਈ ਦਾ ਨਕਸ਼ਾ ਆਇਆ, ਤਦ ਬਾਦਸ਼ਾਹ ਨੇ ਆਖਿਆ—ਜ਼ਾਬਤਾ ਖ਼ਾਂ ਬਹਾਦਰ ਏ। ਉਹਦੇ ਕਬੀਲੇ ਦੀ ਹਿਫ਼ਾਜ਼ਤ ਕਰੋ। ਭੁੱਲਿਆ ਮੁੜ ਕੇ ਕਦੀ ਰਾਹ ਤੇ ਆ ਜਾਏਗਾ।

—ਲੜਾਈ ਦੁਸ਼ਮਨ ਨਾਲ। ਘਰ ਦੇ ਜੰਮਿਆਂ ਨੂੰ ਤੇਲ ਦੇ ਚੂਰਮੇ।

ਭਰਾ ਵੀ ਮਾਰੇ ਤੇ ਬੇਗ਼ਮਾਂ ਵੀ ਮੌਤ ਦੇ ਘਾਟ ਉਤਾਰ ਦਿੱਤੀਆਂ। ਜ਼ਾਬਤਾ ਖ਼ਾਂ ਖ਼ੂਬ ਰੋਇਆ। ਟੋਇਆ ਕਿਸੇ ਲਈ ਕੱਢਿਆ ਸੀ ਆਪ ਡਿੱਗ ਪਏ।

ਬੜੇ ਦਿਲਾਸੇ, ਬੜੀਆਂ ਦਲੇਰੀਆਂ ਦਿੱਤੀਆਂ ਜ਼ਾਬਤਾ ਖ਼ਾਂ ਨੂੰ ਜਥੇਦਾਰਾਂ।

—ਜੈਣੀ ਹੁੰਦੀ ਏ ਦੌਲਤ ਇਲਾਕਾ ਵੀ ਦੇਵਾਂਗੇ। ਦੌਲਤ ਨਾਲ ਵੀ ਭੜੋਲੀਆਂ ਭਰ ਦੇਵਾਂਗੇ। ਤੇਰੀ ਸਰਦਾਰੀ ਫਿਰ ਬਣੀ ਰਹੇਗੀ। ਹੌਸਲਾ ਕਰ, ਮਰਦ ਰੋਂਦੇ ਨਹੀਂ।

ਜ਼ਾਬਤਾ ਖ਼ਾਂ ਨੂੰ ਕਿੱਥੋਂ ਸਾਹ ਆਉਂਦਾ। ਉਹਦੀਆਂ ਤੇ ਅੱਖਾਂ ਸਾਹਮਣੇ ਸਾਰਾ ਜਹਾਨ ਈ ਉੱਜੜ ਗਿਆ ਸੀ। ਢਾਈਂ ਮਾਰ-ਮਾਰ ਕੇ ਗਲ ਵੀ ਬੈਠ ਗਿਆ।

ਤੋਪਾਂ ਚੱਲੀਆਂ ਤੇ ਜ਼ਾਬਤਾ ਖ਼ਾਂ ਹਾਰ ਗਿਆ, ਫ਼ਕੀਰ ਹੋ ਗਿਆ।

—ਅਜੇ ਵੀ ਆ ਜਾ ਸਭ ਕੁਝ ਦੇਵਾਂਗੇ, ਜੋ ਤੂੰ ਮੰਗੇਂਗਾ।

ਪਰ ਜ਼ਾਬਤਾ ਖ਼ਾਂ ਤੇ ਖ਼ਾਲਸੇ ਦਾ ਰੰਗ ਚੜ੍ਹਿਆ ਹੋਇਆ ਸੀ। ਉਹ ਕਿਸੇ ਫ਼ੌਜ ਨਾਲ ਨਾ ਗਿਆ। ਬੋਹੜ ਦੀ ਛਾਵੇਂ ਧੁਖਦੇ ਧੂੰਣੇ ਤੇ ਆਣ ਬੈਠਾ—ਮੈਂ ਏਥੇ ਈ ਚੰਗਾ ਹਾਂ। ਮਰਾਂਗਾ ਤੇ ਏਥੇ ਈ ਮਰਾਂਗਾ, ਹੁਣ ਮੈਂ ਕਿਤੇ ਨਹੀਂ ਜਾਣਾ।

136

ਚੋਲਾ ਪਾ ਲਿਆ ਗੁਰੂ ਦੇ ਰੰਗ ਦਾ

ਵਿਆਹ ਹੋਇਆ ਕੁੜੀ ਦਾ। ਡੋਲੀ ਆਈ ਤੇ ਬਰੂਹਾਂ ਟੱਪਦਿਆਂ ਈ ਘਰ ਵਾਲਿਆਂ ਉਹਦਾ ਨਾਂ ਬਦਲ ਦਿੱਤਾ। ਜ਼ਾਬਤਾ ਖ਼ਾਂ ਛੜਮ-ਛੜਾ ਸੋਚ ਰਿਹਾ ਸੀ ਹੁਣ ਕੀ ਬਣੂੰ।

—ਬੱਚੂ, ਬੁੱਢੇ ਦਲ ਵਾਲਿਆਂ ਤੇਰਾ ਹੱਥ ਫੜਿਆ ਏ। ਇਹ ਕਿਸੇ ਟਿਕਾਣੇ ਲਾ ਕੇ ਈ ਛੱਡਣਗੇ।

—ਛੱਡ ਆਈਏ ਦਿੱਲੀ?

—ਜਿਹੜੇ ਛੱਡੇ ਗਰਾਂ ਉਹਦਾ ਕੀ ਲੈਣਾ ਨਾਂ। ਹੁਣ ਮੈਂ ਏਥੋਂ ਜੋਗਾ ਹੀ ਹਾਂ। ਮੇਰੀ ਤਲਵਾਰ ਹੁਣ ਤੁਹਾਡੇ ਨਾਲ ਸਾਂਵੀਂ ਹੋ ਕੇ ਚੱਲੇਗੀ। ਮੈਂ ਜੀਵਾਂਗਾ ਤੇ ਬੁੱਢੇ ਦਲ ਲਈ, ਮਰਾਂਗਾ ਤੇ ਬੁੱਢੇ ਦਲ ਲਈ। ਮੇਰੀ ਅਰਥੀ ਬੁੱਢੇ ਦਲ ਵਾਲੇ ਈ ਚੁੱਕਣਗੇ।

—ਬੱਚੂ ਨਾ ਹੁਣ ਤੇਰੀ ਰੰਨ ਤੇ ਨਾ ਕੰਨ, ਜੋਗੀ ਹੋ ਜਾ।

—ਹੁਣ ਮੇਰੀ ਕਾਹਦੀ ਸਾਂਝ ਰੰਨ ਨਾਲ ਤੇ ਕੰਨ ਨਾਲ। ਮੁੰਡੇ ਰੁਲ ਖੁਲ ਕੇ ਪਲ ਜਾਣਗੇ।

ਜੱਸਾ ਸਿੰਘ ਆਹਲੂਵਾਲੀਏ ਨੇ ਆਖਿਆ, ਕੱਲ੍ਹ ਸਹੀ। ਦੀਵਾਨ ਵਿਚ ਅਸੀ ਤੈਨੂੰ ਸਰਦਾਰੀ ਬਖ਼ਸ਼ ਦਿਆਂਗੇ। ਇਕ ਹੋਰ ਸਾਹ ਵੱਧ ਗਿਆ। ਇਕ ਰਾਜਾ ਗਿਆ ਦੂਜਾ ਆਇਆ, ਬੇਗ਼ਮਾਂ ਵੀ ਆ ਜਾਣਗੀਆਂ, ਅਸੀਂ ਤੇਰਾ ਨਵਾਂ ਵਿਆਹ ਹੋਰ ਕਰਵਾ ਦਿਆਂਗੇ।

—ਮੈਨੂੰ ਸਿੰਘ ਸਜਾ ਲਵੋ ਜਥੇਦਾਰ ਜੀ।

—ਕੁਝ ਮਰਿਆਦਾਵਾਂ ਸਾਡੀਆਂ ਵੀ ਹਨ। ਹੌਲੀ-ਹੌਲੀ ਤੂੰ ਸਿੰਘ ਸਜ ਜਾਏਂਗਾ, ਅਜੇ ਅੱਧਾ ਰੁਹੇਲਾ ਏਂ ਤੇ ਅੱਧਾ ਸਿੰਘ।

—ਜਾਹ ਮੌਜ ਕਰ ਤੇਰੀਆਂ ਚਾਰੇ ਚੱਕ ਜਾਗੀਰਾਂ ਤੂੰ ਆਪਣੇ-ਆਪ ਨੂੰ ਫ਼ਕੀਰ ਨਹੀਂ ਸਰਦਾਰ ਸਮਝ।

ਦੂਜੇ ਦਿਨ ਜੱਸਾ ਸਿੰਘ ਆਹਲੂਵਾਲੀਏ ਨੇ ਵੀਹਾਂ ਪਿੰਡਾਂ ਦੀ ਰਾਖੀ ਉਹਦੇ ਜ਼ੁੰਮੇ ਲਾ ਦਿੱਤੀ ਤੇ ਸਰਦਾਰੀ ਦੀ ਕਲਗੀ ਲਾਈ ਤੇ ਸਰਦਾਰ ਬਣਾ ਦਿੱਤਾ।

ਧਰਮ ਦੇ ਗ੍ਰੰਥੀ ਨੇ ਜ਼ਾਬਤਾ ਖ਼ਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ। ਭੁੱਲ ਜਾ ਪਿਛਲੀ ਨਵਾਬੀ ਤੂੰ ਹੁਣ ਖ਼ਾਲਸੇ ਦੀ ਨਵਾਬੀ ਦਾ ਜਲਵਾ ਲੈ।

—ਗਿੱਠ ਜ਼ਮੀਨ ਤੋਂ ਰੋਂਦਾ ਸੈਂ। ਜਿੰਨੀ ਮਰਜ਼ੀ ਸੰਭਾਲ ਲੈ। ਇਹ ਬਾਦਸ਼ਾਹ ਹਨ ਨਵਾਬੀਆਂ ਵੀ ਦਿੰਦੇ ਹਨ ਤੇ ਬਾਦਸ਼ਾਹੀਆਂ ਵੀ।

ਰਾਜਾ ਗਜਪਤ ਸਿੰਘ ਦੇ ਇਲਾਕੇ ਵਿਚ ਟਿਕਾਣਾ ਦਿੱਤਾ।

ਪ੍ਰਾਹੁਣਚਾਰੀ ਏਨੀ ਕੀਤੀ ਕਿ ਜ਼ਾਬਤਾ ਖ਼ਾਂ ਸਾਰੀ ਪਿਛਲੀ ਨਵਾਬੀ ਭੁੱਲ ਗਿਆ।

—ਏਨੇ ਮਹਿਮਾਨ ਨਵਾਜ਼, ਏਨੇ ਪਿਆਰੇ, ਏਨੇ ਸ਼ਰਧਾਵਾਨ ਮੈਂ ਤੇ ਹੁਣ ਏਥੋਂ ਨਹੀਂ ਜਾਣਾ। ਮੇਰੀ ਜੀਊਣ ਮਰਨ ਹੁਣ ਬੁੱਢਾ ਦਲ ਏ।

ਅੰਮ੍ਰਿਤ ਧਾਰਨ ਕਰਨ ਤੇ ਜ਼ਾਬਤਾ ਖ਼ਾਂ ਦਾ ਨਾਂ ਧਰਮ ਸਿੰਘ ਰੱਖਿਆ। ਦਿੱਲੀ ਦੀ ਸਰਕਾਰ ਨਾਲ ਫੇਰ ਸੁਲਹਾ ਕਰਵਾ ਦਿੱਤੀ। ਰਾਜਾ ਗਜਪਤ ਦੇ ਨਾਲ ਇਕ ਵਾਰ ਦਿੱਲੀ ਗਿਆ ਤੇ ਉਹਨੂੰ ਉਹਦੇ ਇਲਾਕੇ ਮਿਲ ਗਏ, ਪਰ ਦਿਲ ਨਾ ਲੱਗਾ।

ਏਸ ਫ਼ਕੀਰੀ ਅੱਗੇ ਬਾਦਸ਼ਾਹੀ ਦਾ ਦੋ ਕੌਡੀਆਂ ਦਾ ਮੁੱਲ ਸੀ। ਇਹ ਜਾਗੀਰਾਂ ਤੋਂ ਵਾਰੀਆਂ ਜਾ ਸਕਦੀਆਂ ਸਨ।

—ਮੈਨੂੰ ਮੇਰੀ ਮੰਜ਼ਿਲ ਮਿਲ ਗਈ। ਮੇਰੀ ਔਲਾਦ ਹੁਣ ਸਿੰਘਾਂ ਵਿਚ ਸ਼ਾਦੀਆਂ ਕਰੇਗੀ। ਮੈਂ ਸਾਰੀ ਉਮਰ ਗੋਲਾ ਬਣ ਕੇ ਰਹਾਂਗਾ ਜੱਸਾ ਸਿੰਘ ਆਹਲੂਵਾਲੀਏ ਦਾ।

ਜ਼ਾਬਤਾ ਖ਼ਾਂ ਨੇ ਆਪਣੇ ਕਬੀਲੇ ਨੂੰ ਦੱਸਿਆ ਕਿ ਸਿੰਘ ਬੜੇ ਈਮਾਨਦਾਰ ਹਨ। ਸਿੱਖ ਧਰਮ ਖ਼ੁਦਾਈ ਪੈਗ਼ਾਮ ਏ।

—ਧੰਨ ਗੁਰੂ ਨਾਨਕ, ਧੰਨ ਸੱਚੇ ਪਾਤਸ਼ਾਹ। ਲਾਜ ਰੱਖੀ ਮੈਂ ਨਿਮਾਣਾ ਤੇਰੀ ਸ਼ਰਨ ਆਇਆ ਹਾਂ।

137

ਉਸ਼ਕਲ

ਇਕ ਛਾਬਾ ਦੌਲਤ ਨਾਲ ਭਰਿਆ ਮੋਹਰਾਂ ਦਾ ਤੇ ਦੂਜੇ ਪਾਸੇ ਨੰਗ-ਧੜੰਗ। ਕਿਸੇ ਬਾਲ ਨੂੰ ਆਖੀਏ ਦੋਵਾਂ 'ਚੋਂ ਇਕ ਤੇ ਹੱਥ ਧਰ ਲੈ ਜਿਹੜਾ ਤੇਰੀ ਮਰਜ਼ੀ। ਇਕ ਈ ਮਿਲੂਗਾ।

ਦੋਵੇਂ ਕਿਉਂ ਨਾ। ਇਹ ਬੜੇ ਭਾਗਾਂ ਵਾਲਿਆਂ ਨੂੰ ਮਿਲਦੇ ਨੇ ਜਾਂ ਗੁਰੂ ਦੀਆਂ ਮਿਹਰਾਂ ਹੋਣ।

—ਬਾਬਾ ਆਲਾ ਸਿੰਘ ਦਾ ਪੁੱਤ ਰਾਜਾ ਅਮਰ ਸਿੰਘ ਵੱਡਾ ਪੁੱਤ ਸੀ ਰਾਜਾ ਓਸੇ ਨੇ ਬਣਨਾ ਸੀ, ਪਰ ਲੋਕਾਂ ਦੀ ਚੁੱਕ ਨੇ ਆਪਣੇ ਭਰਾ ਦੇ ਖ਼ਿਲਾਫ਼ ਡਾਂਗ ਚੁੱਕ ਲਈ। ਕਿਉਂ ਭਰਾ, ਡਾਂਗ ਕਿਉਂ ਚੁੱਕੀ ਏ?

—ਤੂੰ ਸਾਰਾ ਰਾਜ ਆਪ ਸੰਭਾਲ ਬੈਠੋਂ ਕੀ ਅਸੀਂ ਡੰਡੇ ਵਜਾਈਏ? ਅਸੀਂ ਵੀ ਬਾਬੇ ਦੇ ਪੁੱਤ ਹਾਂ।

—ਜਿੰਨਾ ਇਲਾਕਾ, ਜਿੰਨੀ ਜ਼ਮੀਨ ਤੇਰਾ ਦਿਲ ਰਾਜ਼ੀ ਹੋਵੇ ਕੱਢ ਘੋੜਾ ਤੇ ਕੱਛ ਲੈ ਧਰਤੀ, ਦੌਲਤ। ਇਕ ਦਿਨ ਆ ਜਾ ਤੇ ਖ਼ਜ਼ਾਨਾ ਵੰਡ ਲੈ। ਮਹਿਲ ਵਿਚ ਮੈਂ ਕੰਧ ਪਾ ਦਿੰਦਾ ਹਾਂ।

—ਨਹੀਂ ਰਾਜ ਲੈਣੈ ਤੇ ਸਾਰਾ, ਅੱਧ ਤੇ ਗੱਲ ਨਹੀਂ ਮੁੱਕਣੀ।

—ਜੋ ਕੁਝ ਵੀ ਲੈਣਾ ਏ ਹਿਸਾਬ ਨਾਲ ਈ ਮਿਲਣਾ ਏ। ਜਿੰਨਾ ਤੇਰਾ ਹੱਕ ਏ।

—ਮੈਂ ਹਿਸਾਬ-ਕਿਤਾਬ ਨਹੀਂ ਜਾਣਦਾ। ਜੇ ਦੇਵੇਂ ਤੇ ਤੂੰ ਮੇਰਾ ਭਰਾ। ਵਰਨਾ ਡਾਂਗ ਤੇ ਚੱਲੇਗੀ।

—ਨਤੀਜਾ ਕੀ ਨਿਕਲੂ?

—ਕਤਲ, ਖ਼ੂਨ-ਖ਼ਰਾਬਾ, ਬੇਚੈਨੀ, ਲੋਕਾਂ ਦਾ ਮਜ਼ਾਕ!

—ਰਾਜ ਤੇ ਤੈਨੂੰ ਮਿਲਣਾ ਨਹੀਂ। ਮੇਰੇ ਹਿੱਸੇ ਵਿਚੋਂ ਤੇਰਾ ਹਿੱਸਾ ਏ। ਉਹ ਮੈਂ ਦੇਣ ਨੂੰ ਤਿਆਰ ਹਾਂ।

—ਇਹ ਗੱਲ ਨਹੀਂ ਹੋਣੀ। ਡਾਂਗ ਖੜਕੇਗੀ, ਜੁੱਤੀ ਵਾਲਾ ਰਾਜ ਲਏਗਾ।

—ਕਿਹਦੇ ਲਈ? ਘਰ ਵਿਚ ਕੋਈ ਵਾਰਸ ਨਹੀਂ। ਸਿਆਣੇ ਦੀ ਗੱਲ ਨਾ ਮੰਨੇਂਗਾ ਫੇਰ ਡਾਂਗ ਕਿਉਂ ਖੜਕੂ।

—ਭੀਮਾ ਸਿੰਘ ਦੀ ਇਕ ਲੜਕੀ ਤੇ ਦੂਜੇ ਸਰਦੂਲ ਸਿੰਘ ਦੇ ਬਾਲ। ਉਹ ਬਾਬੇ ਦੀ ਜ਼ਿੰਦਗੀ 'ਚ ਅਕਾਲ ਚਲਾਣਾ ਕਰ ਗਏ। ਹੁਣ ਦੋ ਹਨ, ਦੋ ਰਾਣੀਆਂ ਤੇ ਇਕ ਲੜਕਾ। ਇਕ ਰਾਣੀ ਮੇਰੀ ਮਾਂ ਤੇ ਦੂਜੀ ਰਾਣੀ ਤੇਰੀ ਮਾਂ। ਮੈਂ ਵੱਡਾ, ਮੈਨੂੰ ਰਾਜਭਾਗ ਮਿਲ ਗਿਆ ਤੇ ਦੂਜਾ ਤੂੰ ਹਿੰਮਤ ਸਿੰਘ। ਫਿਰ ਝਗੜਾ ਕਿਉਂ।

ਪਰ ਚੁੱਕਣ ਵਾਲੇ ਜੀਉਣ ਨਹੀਂ ਸਨ ਦੇਂਦੇ। ਝਗੜਾ ਹੋਏਗਾ ਜੱਗ-ਹਸਾਈ ਹੋਏਗੀ। ਜੇ ਝਗੜਾ ਨਹੀਂ ਤੇ ਸਾਨੂੰ ਕਿਸੇ ਨੇ ਜੁੱਤੀ ਨਾਲ ਨਹੀਂ ਗਿਨਣਾ। ਮੈਂ ਤੇ ਹਿੱਸਾ ਲੈਣਾ ਈ ਏ।

ਅਮਰ ਸਿੰਘ ਰਾਜਾ ਬਣ ਗਿਆ। ਹਿੰਮਤ ਸਿੰਘ ਐਵੇਂ ਕੂਕਾਂ ਮਾਰਦਾ ਰਿਹਾ। ਬਾਬਾ ਆਲਾ ਸਿੰਘ ਚਲਾਣਾ ਕਰ ਚੁੱਕਾ ਸੀ—ਲੁੱਟ ਦਾ ਮਾਲ ਤੇ ਬਾਬੇ ਦੀ ਇਕੱਠੀ ਕੀਤੀ ਦੌਲਤ, ਬਾਕੀ ਜਾਇਦਾਦ, ਇਹਦੇ ਵਿਚੋਂ ਹਿੱਸਾ ਲੈਣਾ?

—ਜੋ ਮਿਲਦਾ ਈ ਲੈ ਲੈ। ਮੌਜਾਂ ਕਰੋ।

ਇਕ ਪੜਊ ਪਿੰਦਾ ਵਿਚ ਹੋਰ ਜੰਮ ਪਿਆ। ਨਾਂ ਸੀ ਸੁਖਦਾਸ ਸਿੰਘ।

ਰਾਜੇ ਦਾ ਪੁੱਤ ਹੋਵੇ ਤੇ ਏਨਾ ਡਰਾਕਲ। ਬਿੱਲੀ ਦਾ ਬੱਚਾ ਬਲੂੰਗੜਾ ਜਿਹਾ।

ਰਾਜਾ ਅਮਰ ਸਿੰਘ ਬੁੱਢੇ ਦਲ ਦੇ ਹੁਕਮ ਨਾਲ ਕਿਸੇ ਮੁਹਿੰਮ ਤੇ ਚੜ੍ਹਿਆ ਹੋਇਆ ਸੀ। ਸੁਖਦਾਸ ਸਿੰਘ ਦੀ ਚੁੱਕ ਨੇ ਹਿੰਮਤ ਸਿੰਘ ਨੂੰ ਹੱਲਾਸ਼ੇਰੀ ਦੇ ਦਿੱਤੀ ਤੇ ਓਸ ਖ਼ਾਲੀ ਪਟਿਆਲੇ ਨੂੰ ਵੇਖ ਕੇ ਕਬਜ਼ਾ ਕਰ ਲਿਆ ਤੇ ਨਗਾਰਾ ਵਜਾ ਦਿੱਤਾ।

—ਰਾਜਾ ਅਮਰ ਸਿੰਘ ਆਇਆ ਤੇ ਉਹਦੇ ਹੱਥਾਂ ਦੇ ਤੋਤੇ ਉੱਡ ਗਏ। ਓਸ ਵੇਖਿਆ ਇਹ ਕੀ ਚੰਦ ਚੜ੍ਹਾਇਆ ਈ।

ਮਗਰੇ ਬੁੱਢੇ ਦਲ ਵਾਲੇ ਆ ਗਏ ਤੇ ਓਸ ਕੰਨੋਂ ਫੜਿਆ ਹਿੰਮਤ ਸਿੰਘ ਨੂੰ ਤੇ ਅੱਗੇ ਲਾ ਲਿਆ ਸੁਖਦਾਸ ਸਿੰਘ ਨੂੰ।

—ਓਏ ਸਾਡੇ ਹੁੰਦਿਆਂ ਏਨੀ ਬੇਇਨਸਾਫ਼ੀ। ਤੈਨੂੰ ਬੁੱਢੇ ਦਲ ਦਾ ਕੋਈ ਡਰ ਨਹੀਂ ਸੀ।

—ਬਾਬਾ ਜੀ, ਮੈਂ ਮਾਰਿਆ ਗਿਆ। ਮੇਰੇ ਭਰਾ ਨੇ ਸਭ ਕੁਝ ਸਾਂਭ ਲਿਆ ਤੇ ਮੈਂ ਯਤੀਮ ਹੋ ਗਿਆ।

—ਕੀ ਚਾਹੀਦਾ ਈ?

—ਰਾਜ ਤੇ ਮੇਰਾ ਹੱਕ ਬਣਦੈ।

—ਮਾਂ ਨੂੰ ਕਹਿਣਾ ਸੀ ਕਿ ਤੈਨੂੰ ਪਹਿਲਾਂ ਜੰਮਦੀ।

—ਮਸ਼ਕਾਂ ਬੰਨ੍ਹ ਦਿਓ ਤੇ ਧੁੱਪੇ ਖੜ੍ਹਾ ਕਰ ਦਿਓ। ਲੋਕ ਵੇਖਣ ਲਾਲਚੀ ਦਾ ਹਸ਼ਰ, ਜਥੇਦਾਰ ਨੇ ਹੁਕਮ ਦਿੱਤਾ।

—ਇਹ ਬੇਇਨਸਾਫ਼ੀ ਏ, ਇਹ ਕੋਈ ਨਿਆਂ ਨਹੀਂ, ਧੱਕੇਸ਼ਾਹੀ ਏ।

—ਸੁਖਦਾਸ ਸਿੰਘ ਨੇ ਪੱਟੀ ਪੜ੍ਹਾਈ ਤੇ ਤਾਈਓਂ ਇਹ ਰਿੱਛ ਨੱਚਿਐ।

—ਕਿਉਂ ਬਈ ਸਿੰਘਾ, ਇਹ ਤੇਰੀ ਕਾਰਸਤਾਨੀ ਏ?

—ਨਾ-ਨਾ ਜਥੇਦਾਰ ਜੀ ਮੈਂ ਤੇ ਜੰਦੇ ਚੱਲਿਆ ਸਾਂ। ਮੇਰਾ ਘੋੜਾ ਲਗਾਮਾਂ ਤੋਂ ਫੜ ਲਿਆ ਤੇ ਆਖਣ ਲੱਗਾ ਹਿੰਮਤ ਸਿੰਘ, ਸਰਦਾਰ ਚੱਲ ਮੇਰੇ ਨਾਲ। ਮੈਂ ਤੇ ਇਹ ਵੀ ਨਹੀਂ ਸੀ ਪੁੱਛਿਆ ਕਿਥੇ ਲੈ ਚੱਲਿਐ? ਮੈਨੂੰ ਤੇ ਉਦੋਂ ਪਤਾ ਲੱਗਾ ਜਦ ਪਟਿਆਲੇ ਦੇ ਲੋਕ ਚੀਖੋ-ਪੁਕਾਰ ਕਰ ਰਹੇ ਸਨ। ਚੀਕਾਂ, ਵੈਣ, ਹਾਹਾਕਾਰ, ਮੈਂ ਬੜਾ ਮੋੜਿਆ ਕਿ ਆਪਣੇ ਘਰ ਨੂੰ ਏਦਾਂ ਨਹੀਂ ਉਜਾੜੀ ਦਾ। ਰਾਜੇ ਦੇ ਸਿਰ ਤੇ ਭੂਤ ਸਵਾਰ ਸੀ।

ਜੱਸਾ ਸਿੰਘ ਆਹਲੂਵਾਲੀਏ ਨੇ ਧੁੱਪੇ ਮਸ਼ਕਾਂ ਬੱਝੀਆਂ ਵੇਖਿਆ ਹਿੰਮਤ ਸਿੰਘ ਨੂੰ।

—ਕਿਉਂ ਬਈ? ਰਾਜ ਚਾਹੀਦਾ ਈ ਜਾਂ ਪੱਤ? ਦੌਲਤ ਚਾਹੀਦੀ ਏ ਜਾਂ ਬਦਨਾਮੀ?

—ਜੋ ਤੁਹਾਡੀ ਮਰਜ਼ੀ, ਮੈਂ ਹਾਰ ਮੰਨ ਲਈ।

—ਪੈ ਭਰਾ ਦੀ ਪੈਰੀਂ ਤੇ ਮੰਗ ਜੋ ਚਾਹੀਦਾ ਈ, ਨਾ ਦੇਵੇ ਤੇ ਅਸੀਂ ਲੈ ਕੇ ਦੇਵਾਂਗੇ।

ਆਖਦੇ ਹਨ ਭਰਾ-ਭਰਾ ਨੇ ਜੱਫੀ ਪਾ ਲਈ।

—ਭੁੱਲ ਹੋ ਗਈ ਭਰਾ ਜੀ। ਜਥੇਦਾਰ ਜੀ, ਮੈਂ ਭੁੱਲਾ, ਮੈਂ ਕੰਨਾਂ ਨੂੰ ਹੱਥ ਲਾਏ।

—ਬਸ ਹੋਰ ਕੁਝ ਅਜੇ ਵੀ ਵੇਲਾ ਈ। ਜੋ ਮੰਗੋ ਲੈ ਦੇਂਦੇ ਹਾਂ। ਸੁਖਦਾਸ ਸਿੰਘ ਨੂੰ ਪਟਿਆਲੇ ਦੀ ਜੂਹ ਵਿਚੋਂ ਕੱਢ ਦਿਓ। ਇਹਨੂੰ ਏਨੀ ਸਜ਼ਾ ਈ ਬਹੁਤ ਏ।

—ਭਰਾ ਮੈਨੂੰ ਮਾਫ਼ ਕਰ ਦਿਓ। ਮੈਂ ਕੁਝ ਨਹੀਂ ਲੈਣਾ। ਮੈਂ ਭਰਾ ਦੀ ਸ਼ਰਨ ਚਾਹੁੰਦਾ ਹਾਂ, ਸ਼ਰੀਕਾ ਨਹੀਂ।

—ਵਜਾ ਦਮਾਮਾ ਆਪਣੇ ਭਰਾ ਦੇ ਨਾਂ ਦਾ ਤੇ ਬੋਲ ਰਾਜਾ ਅਮਰ ਸਿੰਘ ਜ਼ਿੰਦਾਬਾਦ।

ਭਰਤ ਰਾਮ ਨੂੰ ਮਿਲ ਰਿਹਾ ਸੀ, ਰਾਜਾ ਅਮਰ ਸਿੰਘ ਤੇ ਏਸੇ ਸ਼ਰਮਿੰਦਗੀ ਵਿਚ ਹਿੰਮਤ ਸਿੰਘ ਦਾ ਦੇਹਾਂਤ ਹੋ ਗਿਆ। ਸਭ ਕੁਝ ਏਥੇ ਧਰਿਆ ਰਹਿ ਗਿਆ। ਇਕ ਕੌਡੀ ਵੀ ਨਾ ਨਾਲ ਲਿਜਾ ਸਕਿਆ।

ਬੁੱਢੇ ਦਲ ਵਾਲਿਆਂ ਪੱਤ ਰੱਖ ਲਈ ਪਟਿਆਲੇ ਦੀ।

138

ਸਰਦਾਰੀਆਂ ਭਾਲਣ ਵਾਲੇ

ਬੁੱਢੇ ਦਲ ਦਾ ਬਹੁਤ ਬੋਲਬਾਲਾ ਸੀ। ਸਾਰਾ ਪੰਜਾਬ ਉਨ੍ਹਾਂ ਦੀ ਆਪਣੀ ਰਾਖੀ ਥੱਲੇ ਸੀ। ਸਰਦਾਰ ਆਪਣੇ ਪੱਕੇ ਕਿਲ੍ਹੇ ਗੱਡੀ ਬੈਠੇ ਸਨ। ਥਾਣੇ ਪੱਕੇ ਕਰ ਰਹੇ ਸਨ। ਛਾਉਣੀਆਂ ਪੱਕੀਆਂ ਸਾਰੇ ਪੰਜਾਬ 'ਚ ਹੁਣ ਕੋਈ ਖੰਘ ਨਹੀਂ ਸੀ ਸਕਦਾ।

ਅਹਿਮਦ ਸ਼ਾਹ ਅਬਦਾਲੀ ਦਾ ਸਮਾਂ ਭੋਗ ਪੈ ਗਿਆ ਸੀ। ਸਾਰੇ ਦੇਸ਼ ਵਿਚ ਇਕ ਬੰਦਾ ਵੀ ਅਹਿਮਦ ਸ਼ਾਹ ਅਬਦਾਲੀ ਦਾ ਨਾਂ ਲੈਣ ਵਾਲਾ ਨਹੀਂ ਸੀ। ਬਾਂਗਾਂ ਦੇਣ ਵਾਲੇ ਕੁੱਕੜ ਖੁੱਡਿਆਂ ਵਿਚ ਜਾ ਲੁਕੇ ਸਨ।

ਮਾਲਵੇ 'ਚ ਪੱਕੀਆਂ ਛਾਉਣੀਆਂ ਬਣ ਚੁੱਕੀਆਂ ਸਨ। ਥਾਣੇ ਹਰ ਨਗਰ ਵਿਚ ਉਸਾਰੇ ਗਏ ਸਨ। ਹੁਣ ਖ਼ਾਲਸਾ ਚੜ੍ਹਦੀਆਂ ਕਲਾਂ ਵਿਚ ਸੀ।

ਇਹ ਗੱਲ ਹੁਣ ਪੂਰੀ ਹੋ ਚੁੱਕੀ ਸੀ ਕਿ ਰਾਜ ਕਰੇਗਾ ਖ਼ਾਲਸਾ-ਆਕੀ ਰਹੇ ਨਾ ਕੋਇ।

ਉਹ ਸਰਦਾਰ ਹੁਣ ਉੱਭਰ ਕੇ ਸਾਹਮਣੇ ਆ ਰਹੇ ਸਨ ਜਿਨ੍ਹਾਂ ਘਾਹ ਦੀ ਤਿੜ ਪੁੱਟ ਕੇ ਵੀ ਨਹੀਂ ਸੀ ਵੇਖੀ। ਉਹ ਸਰਦਾਰੀਆਂ ਭਾਲ ਰਹੇ ਸਨ ਜਾਂ ਉਹ ਦਿੱਲੀ ਦਰਬਾਰ ਦੇ ਗੁਮਾਸ਼ਤੇ ਸਨ ਜਾਂ ਅਹਿਮਦ ਸ਼ਾਹ ਅਬਦਾਲੀ ਦੇ ਜੀਅ ਹਜ਼ੂਰੀਏ। ਅਜੇ ਬੁੱਢੇ ਦਲ ਦਾ ਬੜਾ ਦਬਦਬਾ ਸੀ। ਪਰ ਉਹ ਸਰਦਾਰ ਸਿਰਫ਼ ਏਸ ਵਾਸਤੇ ਆਏ ਸਨ ਕਿ ਹੁਣ ਤੁਹਾਡਾ ਕੰਮ ਮੁੱਕ ਗਿਐ। ਰਾਜ ਕਿਸ ਤਰ੍ਹਾਂ ਕਰਨਾ ਏ ਉਹਦੀ ਜਾਚ ਸਾਨੂੰ ਏ। ਸਾਥੋਂ ਸਿੱਖੋ।

—ਇਲਾਕਾ ਫ਼ਤਿਹ ਕਰਨਾ, ਜੰਗ ਲੜਨੀ, ਇਹ ਇਕ-ਤਰ੍ਹਾਂ ਦਾ ਕਸਬ ਏ।

—ਤੇ ਫੇਰ ਰਾਜ ਕਰਨਾ ਇਕ ਦੂਜਾ ਕਮਾਲ ਏ।

—ਅਸੀਂ ਰਾਜਿਆਂ ਦੇ ਪੁੱਤ, ਸਾਡਾ ਪੇਸ਼ਾ ਰਾਜ ਕਰਨਾ। ਨਾਂ ਤੁਹਾਡਾ ਤੇ ਕੰਮ ਸਾਡਾ।

—ਅਹਿਮਦ ਸ਼ਾਹ ਅਬਦਾਲੀ ਦੀ ਬਲਾਅ ਗਲੋਂ ਲੱਥੀ। ਹੁਣ ਤੁਸੀਂ ਮੌਜਾਂ ਮਾਣੋ।

ਖਾਓ-ਪੀਓ ਗੁਲਛਰੇ ਉਡਾਓ। ਬੁੱਢਾ ਦਲ ਸਾਡੇ ਸਿਰ ਤੇ ਬੈਠੇਗਾ। ਹੁਕਮ ਓਸੇ ਦਾ ਈ ਚੱਲੇਗਾ ਪਰ ਹੁਕਮ ਚਲਾਉਣਾ ਅਸਾਂ ਏ। ਰਾਜ ਕਰਨ ਦੀ ਆਪਣੀ ਕਲਾ ਏ। ਹਰ ਯੋਧਾ ਰਾਜ ਨਹੀਂ ਕਰ ਸਕਦਾ ਤੇ ਹਰ ਬੰਦਾ ਤਲਵਾਰ ਵੀ ਨਹੀਂ ਵਾਹ ਸਕਦਾ।

—ਅੱਛਾ ਇਹ ਗੱਲ ਪੰਥ ਵਿਚਾਰੇਗਾ। ਗੁਰਮਤਾ ਜੋ ਹੋਵੇਗਾ ਫਿਰ ਵਿਚਾਰ ਕਰਾਂਗੇ।

—ਪਿੰਡ ਬੱਝਾ ਨਹੀਂ, ਉਚੱਕੇ ਪਹਿਲਾਂ ਈ ਆ ਗਏ।

ਹਰ ਯੁੱਗ ਵਿਚ ਏਦਾਂ ਈ ਹੁੰਦਾ ਆਇਆ ਏ। ਏਦਾਂ ਈ ਹੋਵੇਗਾ।

—ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਆ ਰਿਹਾ ਏ। ਫ਼ੈਸਲਾ ਰੱਲ ਕੇ ਕੱਠੇ ਬੈਠ ਕੇ ਕਰਾਂਗੇ।

ਮਿਸਲਾਂ ਬਣਨ ਲੱਗ ਪਈਆਂ, ਹਰ ਜਥੇਦਾਰ ਦੀ ਆਪਣੀ ਮਿਸਲ ਏ—ਕੀ ਤੁਸੀਂ ਠੇਕੇ ਤੇ ਰਾਜ ਕਰੋਗੇ ਜਾਂ ਜਿੰਦਾਂ ਤੁਹਾਡੀ ਮਰਜ਼ੀ।

—ਬਿਲਕੁਲ ਓਸੇ ਤਰ੍ਹਾਂ ਜਿੰਦਾਂ ਤੁਸੀਂ ਰਾਖੀ ਲੈਂਦੇ ਹੋ। ਇਹ ਵੀ ਇਕ ਤਰ੍ਹਾਂ ਦੀ ਪੰਡ ਏ ਜਿਹੜੀ ਅਸਾਂ ਆਪਣੇ ਸਿਰ ਤੇ ਚੁੱਕਣੀ ਏ। ਇਹ ਵੱਖਰੀ ਕਿਸਮ ਦਾ ਰਾਜ ਏ, ਪੰਚਾਇਤੀ ਹਕੂਮਤ ਏ।

—ਰਾਜ ਕਰਨ ਦੀ ਇਹ ਇਕ ਨਵੀਂ ਕਾਢ ਕੱਢੀ ਏ ਮੁਗ਼ਲਾਂ ਤੇ ਪਠਾਣਾਂ ਤੋਂ ਵੱਖਰੀ। ਜਿਹਦੇ ਨਾਲ ਹਰ ਪ੍ਰਾਣੀ ਆਪਣੀ ਗੱਲ ਆਪਣਾ ਦੁੱਖ, ਆਪਣੀ ਫ਼ਰਿਆਦ ਜਥੇਦਾਰ ਦੇ ਸਾਹਮਣੇ ਰੱਖ ਸਕਦੈ। ਇਹਦੇ ਵਿਚ ਵਿਚੋਲੇ ਦੀ ਕੋਈ ਲੋੜ ਨਹੀਂ ਰਹੇਗੀ।

—ਫ਼ੌਜਾਂ, ਜਵਾਨ ਸਿਪਾਹੀ, ਦਲੇਰ ਫ਼ੌਜਦਾਰ ਸਿਰਫ਼ ਫ਼ੌਜ ਲਈ ਸੋਚਣਗੇ। ਓਹ ਕਿਸੇ ਦੂਸਰੇ ਕੰਮ ਵਿਚ ਦਖ਼ਲ ਨਹੀਂ ਦੇਣਗੇ।

—ਰਾਜ ਦਰਬਾਰ 'ਚ ਹਰ ਤਰ੍ਹਾਂ ਦੇ ਵਕੀਲ ਬਣਨਗੇ। ਹਰ ਮਾਮਲਾ ਆਪਣੀ ਸੱਥ ਵਿਚ ਸੁਲਝਾਇਆ ਜਾਏਗਾ। ਸਾਨੂੰ ਵਕਤ ਦਿਓ ਅਸੀਂ ਖ਼ਿਦਮਤ ਕਰਨ ਨੂੰ ਤਿਆਰ ਹਾਂ। ਅਹਿਮਦ ਸ਼ਾਹ ਅਬਦਾਲੀ ਜੇ ਹੁਣ ਆਇਆ ਤੇ ਫੇਰ ਉਹ ਆਪਣਾ ਮੂੰਹ ਲਪੇਟ ਕੇ ਚਲਿਆ ਜਾਏਗਾ। ਇਕ ਜਥੇਦਾਰ ਕਿੰਨੇ ਕੁ ਮੁਕੱਦਮੇ ਵੇਖੇਗਾ? ਏਸ ਲਈ ਸਰਦਾਰਾਂ ਦੀ ਲੋੜ ਏ।

ਚੌਸਰ ਵਿਛੀ ਹੋਈ ਸੀ ਤੇ ਸ਼ਤਰੰਜ ਖੇਡ ਰਹੇ ਸਨ ਅਮੀਰਜ਼ਾਦੇ। ਗੱਲਾਂ ਚਲ ਰਹੀਆਂ ਸਨ ਫੁੱਟ ਪਾਓ ਜਿਸ ਤਰ੍ਹਾਂ ਵੀ ਪੈ ਸਕੇ। ਵਰਨਾ ਬੁੱਢੇ ਦਲ ਵਾਲੇ ਸਾਰੀ ਕੀਤੀ ਕਰਾਈ ਨੂੰ ਆਪ ਹੜੱਪ ਜਾਣਗੇ ਤੇ ਆਸੇ-ਪਾਸੇ ਦੇ ਇਲਾਕਿਆਂ ਤੇ ਆਪਣਾ ਹੱਕ ਜਮਾ ਲੈਣਗੇ।

ਖ਼ਾਲਸੇ ਵਿਚ ਫੁੱਟ ਪਾਉਣੀ ਇਕ ਸਮੱਸਿਆ ਸੀ। ਅਜੇ ਤੇ ਦਲ ਵਾਲਿਆਂ ਦੇ ਜ਼ਖ਼ਮ ਅੱਲੇ ਸਨ, ਅੰਗੂਰ ਵੀ ਨਹੀਂ ਸੀ ਆਇਆ। ਜ਼ਖ਼ਮ ਭਰਨਗੇ ਤੇ ਕੁਝ ਮਹੀਨੇ ਰਾਜ-ਭਾਗ ਦਾ ਅਨੰਦ ਲੈਣਗੇ। ਢਿੱਡ ਭਰੇਗਾ ਫੇਰ ਲੜਨਗੇ।

—ਭੁੱਖਾ ਨਹੀਂ ਲੜਦਾ, ਰੱਜਿਆ ਆਪਣੀ ਸਰਦਾਰੀ ਚਾਹੁੰਦੈ। ਜੱਸਾ ਸਿੰਘ ਆਹਲੂਵਾਲੀਆ ਦੇ ਹੁੰਦਿਆਂ ਮਾਈ ਦਾ ਲਾਲ ਕੋਈ ਸਿਰ ਨਹੀਂ ਚੁੱਕ ਸਕਦਾ। ਕੋਸ਼ਿਸ਼ ਤੇ ਕਰ ਰਹੇ ਹਨ ਸਰਦਾਰ।

—ਪਹਿਲਾਂ ਇਕ ਬੰਦੇ ਦੀਆਂ ਟਾਹਰਾਂ ਸੁਣੋ ਤੇ ਫੇਰ ਦੂਜੇ ਕਿਸੇ ਬੰਦੇ ਦੀ ਗੱਲ ਕਰਾਂਗੇ।

ਦਿੱਲੀ ਦਰਬਾਰ ਦਾ ਖਾੜਕੂ ਮੀਰ ਮੁਨਸ਼ੀ ਅਬਦੁਲ ਅਹਦ ਖ਼ਾਂ, ਮੌਕਾ ਵੇਖ ਕੇ ਗੱਲ ਕਰਨੀ। ਜ਼ਬਾਨ ਦਾ ਮਿੱਠਾ, ਮੋਮੋਠਗਨਾ, ਵੇਖਣ ਨੂੰ ਭੋਲਾ-ਭਾਲਾ, ਪਰ ਵਿਚੋਂ ਜ਼ਹਿਰ ਦੀ ਗੰਦਲ, ਚਾਪਲੂਸ, ਖੁਸ਼ਾਮਦੀਦ, ਗੱਲਾਂ ਦਾ ਐਸਾ ਜਾਲ ਵਿਛਾ ਦੇਣਾ ਅਗਲੇ ਨੂੰ ਆਪਣਾ ਮਤੀਹ ਬਣਾ ਲੈਣਾ, ਉਂਗਲੀਆਂ ਤੇ ਨਚਾਉਣਾ, ਸਬਜ਼ਬਾਗ ਵਿਖਾਉਣੇ। ਓਸ ਬਾਦਸ਼ਾਹ ਸ਼ਾਹ ਆਲਮ ਨੂੰ ਹੱਥਾਂ ਤੇ ਪਾਇਆ ਹੋਇਆ ਸੀ। ਇਹੋ ਖ਼ਾਸ ਅਹਿਲਕਾਰ ਤੇ ਨਿੱਜੀ ਸਾਥੀ ਬਣ ਗਿਆ। ਰਾਜ਼ਦਾਰ ਸੀ ਬਾਦਸ਼ਾਹ ਦਾ।

ਵਜ਼ੀਰ ਸੁਜ਼ਾ-ਉੱਲ-ਦੌਲਾ ਅਵਧ ਦੀ ਵੀ ਕਾਫ਼ੀ ਜਾਇਦਾਦ ਸੀ ਤੇ ਦਰਬਾਰ 'ਚ ਉਹਦਾ ਵੀ ਨਾਂ ਬੋਲਦਾ। ਉਹਦਾ ਸਾਰਾ ਕੰਮ ਕਾਜ ਓਸ ਆਪਣੇ ਹੱਥਾਂ ਵਿਚ ਲੈ ਲਿਆ ਸੀ। ਉਹਦੀ ਨਕੇਲ ਉਹਦੇ ਹੱਥ ਵਿਚ ਸੀ। ਦਿੱਲੀ ਵਿਚ ਕੋਈ ਰਹਿਣ ਨੂੰ ਤਿਆਰ ਨਹੀਂ ਸੀ ਤੇ ਨਾ ਈ ਛੱਡਣ ਨੂੰ ਕਿਸੇ ਦਾ ਚਿੱਤ ਕਰਦਾ।

ਉਹ ਕੋਈ ਸਿਰਫ਼ ਨਾਂ ਦਾ ਸੂਰਮਾ ਸੀ। ਸਿਰਫ਼ ਗੱਲਾਂ ਦੀ ਖੱਟੀ ਖਾਂਦਾ। ਏਸੇ ਲਈ ਉਹਦੀ ਮੀਰ ਬਖਸ਼ੀ ਮਿਰਜ਼ਾ ਨਜ਼ਫ਼ ਦੇ ਨਾਲ ਨਹੀਂ ਬਣਦੀ। ਇੱਟ-ਖੜੱਕਾ ਰਹਿੰਦਾ। ਜ਼ਾਬਤਾ ਖ਼ਾਂ ਦੀ ਗ਼ੈਰ-ਹਾਜ਼ਰੀ ਵਿਚ ਮਨਮਾਨੀਆਂ ਕਰਦਾ। ਲੋਕ ਦੁਖੀ ਸਨ, ਪਰ ਉਹਦਾ ਜੇਲਾਲ ਦਿਨ-ਬ-ਦਿਨ ਚੜ੍ਹਦੇ ਸੂਰਜ ਵਾਂਗੂੰ ਚਮਕ ਰਿਹਾ ਸੀ। ਬਾਦਸ਼ਾਹ ਉਹਦੀ ਮੁੱਠ ਵਿਚ ਸੀ।

ਜ਼ਾਬਤਾ ਖ਼ਾਂ ਨੂੰ ਓਸ ਠੁੱਠ ਵਿਖਾਉਣ ਦੀ ਬੜੀ ਵੇਰਾਂ ਕੋਸ਼ਿਸ਼ ਕੀਤੀ। ਹੱਥ ਠੋਕਾ ਵੀ ਬਣਾਉਣ ਦਾ ਯਤਨ ਕੀਤਾ। ਉਹ ਤੇ ਲੋਹੇ ਦੀ ਲੱਠ ਬਣ ਗਿਆ ਸੀ। ਦੁਸ਼ਮਨੀ ਵਧ ਗਈ। ਉਹਦੇ ਸਾਹਮਣੇ ਖੜ੍ਹਾ ਸੀ ਨਜ਼ਫ਼ ਖ਼ਾਂ। ਉਹਨੂੰ ਉਹਦੇ ਤੋਂ ਕੋਈ ਖ਼ਤਰਾ ਨਹੀਂ ਸੀ। ਓਸ ਨਵਾਬ ਅਵਧ ਦੇ ਇਲਾਕੇ ਵਿਚ ਆਪਣੇ ਭਰਾ ਅਬਦੁੱਲਾ ਕਾਸਮ ਨੂੰ ਭੇਜ ਦਿੱਤਾ।

ਇਕ ਮਾੜੀ ਜਿਹੀ ਝੜਪ ਵਿਚ ਮਾਲਵੇ ਦੇ ਸਰਦਾਰਾਂ ਹੱਥੋਂ ਮਾਰਿਆ ਗਿਆ ਤੇ ਨਾਂ ਲੱਗਾ ਕੈਥਲ ਦੇ ਭਾਈ ਦੇਸੂ ਸਿੰਘ ਦਾ।

ਇਹ ਸਾਰਾ ਗੁੱਸਾ ਜ਼ਾਬਤਾ ਖ਼ਾਂ ਤੇ ਨਿਕਲਿਆ। ਦਿੱਲੀ ਤੋਂ ਵੀ ਕੱਢਿਆ ਤੇ ਓਦਾਂ ਜਾਗੀਰਾਂ ਤੋਂ ਵੀ ਧੱਕੇ ਮਾਰੇ। ਵਿਚਾਰਾ ਜ਼ਾਬਤਾ ਖ਼ਾਂ ਸਿੰਘਾਂ ਦੇ ਟੁਕੜਿਆਂ ਤੇ ਪਲਣ ਲੱਗ ਪਿਆ।

ਓਸ ਵਿਚਾਰੇ ਨੂੰ ਇਹ ਨਹੀਂ ਸੀ ਪਤਾ ਕਿ ਜ਼ਾਬਤਾ ਖ਼ਾਂ ਬੁੱਢੇ ਦਲ ਦਾ ਇਕ ਜੀਅ ਬਣ ਗਿਐ। ਇਕ ਜਿੰਦ-ਜਾਨ ਹੋ ਗਿਐ। ਦਿੱਲੀ ਵਿਚ ਉਹਦੀ ਸਰਕਾਰ ਸੀ ਤੇ ਜ਼ਾਬਤਾ ਖ਼ਾਂ ਦਲ ਦੇ ਮੋਹਰੇ ਹੋ ਕੇ ਲੜਦਾ ਖਾਲਸੇ ਨੇ ਪਰਖ ਲਿਆ ਸੀ ਰੁਹੇਲਾ। ਜ਼ਾਤ ਤੇ ਬਦਲੀ ਨਹੀਂ ਸੀ, ਸੁਭਾਅ ਬਦਲ ਗਿਆ। ਕੁਝ ਆਦਤਾਂ ਵਿਚ ਵੀ ਫ਼ਰਕ ਪਿਆ। ਜ਼ਾਬਤਾ ਖ਼ਾਂ ਹੁਣ ਦਲ ਦੇ ਸਹਾਰੇ ਜੀਊਂਦਾ ਸੀ।

139

ਇਕ ਤੀਰ ਹੋਰ ਕੱਢਿਆ ਕਮਾਨ ਵਿਚੋਂ

ਦੀਵਾਨ ਨਾਨੂ ਮੱਲ ਦੀ ਕਮਾਨ ਹੇਠਾਂ ਭੇਜੀ ਫ਼ੌਜ ਦਾ ਟਾਕਰਾ ਜੀਂਦ ਦੇ ਮੈਦਾਨ ਵਿਚ ਹੋਇਆ। ਦੀਵਾਨ ਨਾਨੂ ਮੱਲ ਮਾਰਿਆ ਗਿਆ, ਅਰਥੀ ਈ ਆਈ ਪਟਿਆਲੇ। ਇਹ ਵੀ ਤੀਰ ਉਹਦਾ ਖ਼ਾਲੀ ਗਿਆ।

ਉਹ ਬੁੱਢੇ ਦਲ ਦੇ ਵਿਚ ਇਹ ਭੈਅ ਪਾਉਣਾ ਚਾਹੁੰਦਾ ਸੀ ਕਿ ਅਜੇ ਮੁਗ਼ਲ ਜੀਊਂਦੇ ਹਨ। ਜੀਊਂਦਾ ਹਾਥੀ ਲੱਖ ਦਾ ਤੇ ਮੋਇਆ ਸਵਾ ਲੱਖ ਦਾ।

ਜ਼ਾਬਤਾ ਖ਼ਾਂ ਬੁੱਢੇ ਦਲ ਵਾਲਿਆਂ ਦੀ ਛਤਰ-ਛਾਇਆ ਵਿਚ ਗੁਲਛੱਰੇ ਉਡਾ ਰਿਹਾ ਸੀ। ਅੱਧਾ ਤਿੱਤਰ ਤੇ ਅੱਧਾ ਬਟੇਰ। ਰੁਹੇਲਾ ਆਪਣੇ ਰਾਜ ਤੋਂ ਵੀ ਜ਼ਿਆਦਾ ਸੁਖੀ ਸੀ।

ਕੋਈ ਭਾਵੇਂ ਕੁਝ ਕਹੇ ਜ਼ਾਬਤਾ ਖ਼ਾਂ ਕਦੀ ਵੀ ਕਿਸੇ ਵੀ ਕੀਮਤ ਤੇ ਖ਼ਾਲਸਾ ਦਲ ਨਾਲ ਧੋਖਾ ਨਹੀਂ ਸੀ ਕਰ ਸਕਦਾ। ਉਸ ਆਪਣਾ ਜੀਵਨ ਖ਼ਾਲਸੇ ਦੇ ਲੇਖੇ ਲਾ ਦਿੱਤਾ ਸੀ। ਦਿੱਲੀ ਵਾਲੇ ਚਾਹੁੰਦੇ ਸਨ ਕਿ ਜ਼ਾਬਤਾ ਖ਼ਾਂ ਦੇ ਰਾਹੀਂ ਉਪੱਦਰ ਮਚਾਇਆ ਜਾਏ। ਬੁੱਢੇ ਦਲ ਦੀ ਤਾਕਤ ਕਮਜ਼ੋਰ ਹੋਵੇ ਤੇ ਬਦਨਾਮ ਹੋਵੇ ਜ਼ਾਬਤਾ ਖ਼ਾਂ। ਤੀਰ ਇਕ ਤੇ ਨਿਸ਼ਾਨੇ ਦੋ। ਜ਼ਾਬਤਾ ਖ਼ਾਂ ਇਹ ਘਾਟੀ ਲੰਘ ਚੁੱਕਾ ਸੀ।

—ਆਓ ਕੌਮ ਦੀ ਗੱਲ ਕਰੀਏ। ਇਕ ਤੀਰ ਕਮਾਨ ਵਿਚੋਂ ਹੋਰ ਛੱਡਿਆ।

ਉਸ ਸੋਚਿਆ ਕਿ ਬਾਦਸ਼ਾਹ ਵਲੋਂ ਸਰਦਾਰੀਆਂ, ਮਿਹਰਬਾਨੀਆਂ ਨਾਲ ਉਹਨੂੰ ਏਨਾਂ ਨਿਵਾਜ਼ਿਆ ਜਾਏ ਤੇ ਉਹਨੂੰ ਜਾਗੀਰ ਦੇਣ ਦਾ ਵੀ ਹੌਸਲਾ ਕੀਤਾ ਜਾਏ। ਇਹਦੇ ਨਾਲ ਸ਼ਾਇਦ ਸਿੱਖ ਸਰਦਾਰ ਸਾਡੇ ਪਿੰਜਰੇ ਵਿਚ ਪੈਣਾ ਕਬੂਲ ਕਰ ਲੈਣ।

—ਮੂਰਖ਼ ਹਨ, ਬੇਵਕੂਫ਼ ਹਨ ਜਿਨ੍ਹਾਂ ਕੋਲ ਸਾਰੇ ਪੰਜਾਬ ਦੀ ਰਾਖੀ ਏ। ਜਿਨ੍ਹਾਂ ਕੋਲ ਵਾਧੂ ਜਾਗੀਰਾਂ ਹਨ ਉਹ ਆਪ ਕਈਆਂ ਨੂੰ ਜਾਗੀਰਾਂ ਦੇ ਸਕਦੇ ਹਨ, ਉਹ ਬਾਦਸ਼ਾਹ ਦੀ ਜਾਗੀਰ ਨੂੰ ਵੀ ਸਮਝਦੇ ਹਨ? ਬਾਦਸ਼ਾਹ ਤੇ ਆਪ ਟਿਕਾਣਾ ਲੱਭਦਾ ਫਿਰਦਾ ਏ। ਘਰੋਂ ਬੇਘਰ ਹੋਇਆ ਫਿਰਦਾ ਏ।

ਕਿਸੇ ਨੇ ਜੁੱਤੀ ਤੇ ਨਹੀਂ ਧਰਨੀ ਜਾਗੀਰ। ਖ਼ਾਲਸੇ ਦੇ ਕੁੱਤਿਆਂ ਨੂੰ ਜਾਗੀਰਾਂ। ਉਸ ਫੇਰ ਸੋਚਿਆ—ਮਰਹੱਟੇ ਆਪਣੇ-ਆਪ ਨੂੰ ਕਹਿੰਦੇ-ਕਹਾਉਂਦੇ ਸਰਦਾਰ ਸਨ। ਉਹ ਵੀ ਲਾਲਚ ਵਿਚ ਆ ਗਏ ਤੇ ਫੇਰ ਆਪਸ 'ਚ ਲੜ ਮੋਏ, ਪਰ ਉਹ ਇਹ ਗੱਲ ਨਹੀਂ ਸੀ ਜਾਣਦਾ ਕਿ ਪੰਜਾਬ ਦੀ ਮਿੱਟੀ ਵਿਚ ਕੋਈ ਹੋਰ ਤਾਸੀਰ ਏ।

ਰਾਜਪੂਤ ਕਦੀ ਇਕਮੁੱਠ ਨਹੀਂ ਹੋ ਸਕਦੇ। ਇਕ ਝੰਡੇ ਥੱਲੇ ਹੋ ਕੇ ਨਹੀਂ ਲੜ ਸਕਦੇ। ਜੇ ਲੜਨ ਤੇ ਉਨ੍ਹਾਂ ਤੋਂ ਕੋਈ ਵੱਡਾ ਬਹਾਦਰ ਨਹੀਂ।

ਰਾਜਸਥਾਨ ਵਾਲੇ ਮਰ ਜਾਣਾ ਚਾਹੁੰਦੇ ਹਨ, ਪਰ ਈਨ ਨਹੀਂ ਮੰਨਦੇ। ਇਤਿਹਾਸ ਗਵਾਹ ਏ ਕਿ ਆਪਣਾ ਸਭ ਕੁਝ ਤਬਾਹ ਕਰ ਲਿਆ, ਪਰ ਕਿਸੇ ਦੀ ਗੱਲ ਨਾ ਮੰਨੀ।

ਅੰਗਰੇਜ਼ ਸਭ ਕੁਝ ਕਰ ਗੁਜ਼ਰਦੇ ਹਨ, ਪਰ ਆਪਣਾ ਮਤਲਬ ਨਹੀਂ ਛੱਡਦੇ। ਮਰਹੱਟੇ ਲੜਨਾ ਜਾਣਦੇ ਹਨ ਤੇ ਦੌਲਤ ਦੇ ਸਾਹਮਣੇ ਆਪਣੇ ਹਥਿਆਰ ਸੁੱਟ ਦਿੰਦੇ ਹਨ, ਪਰ ਇਹ ਸਿੱਖ ਆਪਣੀ ਗੱਲ ਮਨਾਉਣਾ ਜਾਣਦੇ ਹਨ ਕਿਸੇ ਦੀ

ਗੱਲ ਨਹੀਂ ਮੰਨਦੇ, ਪਰ ਮੂਰਖ਼ ਉਹ ਆਪਣੀ ਜ਼ਿੱਦ ਤੇ ਅੜਿਆ ਰਿਹਾ।

ਦਾਣਾ ਸੁੱਟ ਕੇ ਵੇਖਿਆ। ਦਾਣਾ ਧਰਤੀ ਦੇ ਵਿਚ ਈ ਸੜ ਗਿਆ। ਨਾ ਫੁੱਟਿਆ ਨਾ ਕਰੂੰਬਲਾਂ ਨਿਕਲੀਆਂ। ਜ਼ਾਬਤਾ ਖ਼ਾਂ ਦਾ ਸਾਥ ਬੁੱਢੇ ਦਲ ਨੇ ਨਾ ਛੱਡਿਆ। ਜ਼ਾਬਤਾ ਖ਼ਾਂ ਵਲੋਂ ਵੀ ਕੋਈ ਸ਼ਿਕਾਇਤ ਨਾ ਆਈ।

ਜ਼ਾਬਤਾ ਖ਼ਾਂ ਨੇ ਨਿਸ਼ੰਗ ਹੋ ਕੇ ਖ਼ਾਲਸੇ ਦਾ ਝੰਡਾ ਚੁੱਕ ਲਿਆ।

ਇਕ ਦਿਨ ਭੰਗ ਛਕ ਗਿਆ ਤੇ ਆਖਣ ਲੱਗਾ, ਮੈਂ ਆਪ ਲੜਾਂਗਾ ਅਹਿਮਦ ਸ਼ਾਹ ਅਬਦਾਲੀ ਦੇ ਸਾਹਮਣੇ ਹੋ ਕੇ। ਸਾਰਾ ਕਲੰਕ ਧੋ ਦੇਵਾਂਗਾ ਆਪਣੀ ਜਾਨ ਦੇ ਕੇ।

140

ਖ਼ੁਸ਼ਾਮਦ

ਖ਼ਾਲਸਾ ਦਲ ਵਾਲੇ ਐਵੇਂ ਮੌਜ-ਮੇਲੇ ਵਿਚ ਈ ਸਨ। ਦਿੱਲੀ ਦੇ ਬਾਹਰ ਦੇ ਇਲਾਕੇ ਵਿਚ ਡੇਰੇ ਲਾਈ ਬੈਠੇ ਹੋਏ ਸਨ। ਸੁੱਖ-ਨਿਦਾਨ ਦਾ ਸਿਮਰਨ ਕਰ ਰਹੇ ਸਨ। ਜ਼ਰਾ ਕੁ ਖ਼ਤਰਾ ਜਿਹਾ ਭਾਸਿਆ ਲਹਿੰਦੇ ਵੱਲ ਖ਼ਾਲਸਾ ਚੜ੍ਹਦੇ ਵੱਲ ਖ਼ਾਲਸਾ, ਇਸ ਨਸ਼ੇ ਵਿਚ, ਇਨ੍ਹਾਂ ਨੇ ਦਿੱਲੀ ਵੱਲ ਮੂੰਹ ਕਰ ਲਿਆ।

—ਕਿਤੇ ਦਲ ਏਧਰ ਤੇ ਨਹੀਂ ਆ ਰਿਹਾ? ਇਨ੍ਹਾਂ ਭੂਤਰਿਆਂ ਦਾ ਕੀ ਪਤੈ ਕਿੱਧਰ ਮੂੰਹ ਚੁੱਕ ਲੈਣ।

—ਕੋਈ ਆਵਾਜ਼, ਕੋਈ ਜੈਕਾਰਾ, ਕੋਈ ਧੌਂਸੇ ਦਾ ਖੜਾਕ ਨਹੀਂ ਸੁਣਿਆ। ਮਾਲਵੇ ਵਿਚ ਬੁੱਢੇ ਦਲ ਵਾਲੇ ਚੱਕਰਵਰਤੀ ਹਨ, ਪਰ ਡਰ ਏਥੇ ਕਿਉਂ?

—ਉਨ੍ਹਾਂ ਸਿਰਫਿਰਿਆਂ ਦਾ ਕੀ ਏ। ਪਤਾ ਨਹੀਂ ਕਿਸ ਝਾੜੀ ਵਿਚੋਂ ਸਿਰ ਕੱਢ ਲੈਣ। ਸਰਕੜੇ ਇਨ੍ਹਾਂ ਦੇ ਮਿਹਰਬਾਨ ਹਨ। ਦਰਿਆਂ ਦੀਆਂ ਛੱਲਾਂ ਨਾਲ ਉਹਨਾਂ ਦੀ ਦੋਸਤੀ ਏ। ਜੰਗਲ-ਬੇਲੇ ਇਨ੍ਹਾਂ ਦੇ ਯਾਰ ਹਨ।

—ਇਹ ਕਿਸੇ ਵੱਖਰੀ ਧਾਤ ਦੀ ਬਣੀ ਜਿਣਸ ਹਨ।

ਇਹ ਮਰਦ ਹਨ ਬਾਕੀ ਸਾਰੇ ਹਿੰਦੁਸਤਾਨ ਵਾਲੇ ਹਿਜੜੇ ਹਨ। ਪਹਿਲਾਂ ਨਾਦਰ ਸ਼ਾਹ, ਫੇਰ ਅਹਿਮਦ ਸ਼ਾਹ ਅਬਦਾਲੀ ਨੇ ਜੁੱਤੀਆਂ ਮਾਰ-ਮਾਰ ਕੇ ਇਨ੍ਹਾਂ ਦੀ ਅਣਖ ਗਵਾ ਦਿੱਤੀ। ਬੁਜ਼ਦਿਲ ਬਣਾ ਦਿੱਤੇ ਸੂਰਮੇ। ਹੁਣ ਤੇ ਸੁਰਮੇਦਾਨੀਆਂ ਲਈ ਫਿਰਦੇ ਹਨ, ਸ਼ੀਸ਼ੇ ਉਹਨਾਂ ਦੇ ਹੱਥਾਂ ਵਿਚ ਹਨ।

ਦਿੱਲੀ ਦੀ ਫ਼ੌਜ ਬਦਨਾਮ ਹੋ ਚੁੱਕੀ ਏ। ਫ਼ੌਜ ਉਹ ਜਿੱਤਦੀ ਏ ਜਿਹਦੇ ਦੂਰੋਂ ਢੋਲ ਵੱਜਦੇ ਸੁਣਾਈ ਦੇਣ। ਦਹਿਸ਼ਤ ਪੈ ਜਾਏ ਸਾਰੇ ਇਲਾਕੇ ਵਿਚ, ਫ਼ੌਜੀ ਗੱਲਾਂ ਕਰਨ। ਉਹੋ ਫ਼ੌਜ ਜਿੱਤ ਤੇ ਜਸ਼ਨ ਮਨਾ ਸਕਦੀ ਏ ਜਿਹਦਾ ਨਾਂ ਸੁਣ ਕੇ ਅਗਲੇ ਦਾ ਕਲੇਜਾ ਡੋਲੇ। ਬੁਜ਼ਦਿਲਾਂ ਕੀ ਜਿੱਤਣਾ ਏ। ਉਹ ਤੇ ਜਿੱਤੇ ਹੋਏ ਵੀ ਹਾਰੇ ਹੋਏ ਹਨ।

ਅਹਿਮਦ ਸ਼ਾਹ ਅਬਦਾਲੀ ਕੋਈ ਜਿੰਨ ਨਹੀਂ, ਕੋਈ ਭੂਤ ਨਹੀਂ। ਓਸ ਆਪਣੀਆਂ ਧਾਂਕਾਂ ਪਾਈਆਂ ਹੋਈਆਂ ਨੇ। ਉਹਦਾ ਸਿਰਫ਼ ਦਬਦਬਾ ਏ। ਲੋਕ ਉਹਦੇ ਨਾਂ ਤੋਂ ਥਰਥਰ ਕੰਬਦੇ ਨੇ।

ਹੁਣ ਤੇ ਡਰ ਸੀ ਦਿੱਲੀ ਨੂੰ, ਖ਼ਤਰਾ ਸੀ ਬੁੱਢੇ ਦਲ ਕੋਲੋਂ। ਬੁੱਢੇ ਦਲ ਵਾਲੇ ਹੋਛੇ ਨਹੀਂ ਸਨ। ਉਹ ਕਦੀ ਵੀ ਦਿੱਲੀ ਦੀਆਂ ਬਰੂਹਾਂ ਨਹੀਂ ਸਨ ਟੱਪਦੇ ਜਦ ਤਕ ਘਰਵਾਲਾ ਵਿਚ ਨਾ ਪਵੇ।

ਬੁੱਢੇ ਦਲ ਵਾਲਿਆਂ ਦਾ ਹਰ ਜਗ੍ਹਾ ਨਾਂ ਬੋਲਦਾ। ਉਹ ਐਵੇਂ ਹੋਛਿਆਂ ਵਾਂਗੂੰ ਕਿਸੇ ਦੇ ਗਲ ਨਹੀਂ ਸਨ ਪੈਂਦੇ। ਜਿੰਨੀ ਚਾਦਰ ਸੀ ਓਨਾ ਈ ਪੈਰ ਪਸਾਰਦੇ। ਉਨ੍ਹਾਂ ਦਿੱਲੀ ਵੱਲ ਜਾ ਕੇ ਕੀ ਕਰਨਾ ਸੀ।

ਖ਼ਤਰੇ ਦੇ ਬੱਦਲ ਚੜ੍ਹੇ ਹੋਏ ਜ਼ਰੂਰ ਸਨ ਪਤਾ ਨਹੀਂ ਵਰ੍ਹਦੇ ਹਨ ਕਿ ਨਹੀਂ ਵਰ੍ਹਦੇ। ਦਿੱਲੀ ਵਾਲੇ ਹਾਕਮ ਬੈਂਤ ਵਾਂਗੂੰ ਕੰਬਦੇ। ਉਤੋਂ-ਉਤੋਂ ਆਪਣੀਆਂ ਕਲਗੀਆਂ ਦੀ ਚਮਕ ਵਿਖਾਉਂਦੇ।

—ਹਜ਼ੂਰ ਬਾਦਸ਼ਾਹ ਨੇ ਇਹ ਨਜ਼ਰਾਨਾ ਕੜਾਹ-ਪ੍ਰਸ਼ਾਦ ਲਈ ਭੇਜਿਐ ਤੇ ਇਹ ਸੁਖ ਨਿਦਾਨ ਲਈ ਮਾਇਆ ਏ ਤੇ ਇਹ ਰੋਜ਼ ਦਾ ਖ਼ਰਚਾ ਪਾਣੀ। ਬਾਕੀ ਸੇਵਾ ਬਾਅਦ ਵਿਚ ਸਹੀ।

—ਦਿੱਲੀ ਤੁਹਾਡਾ ਸਵਾਗਤ ਕਰਦੀ ਏ, ਹਲਕਾਰੇ ਰੋਜ਼ ਦਰਸ਼ਨ ਕਰਨਗੇ। ਹੁਕਮ ਦਿਓ ਸਭ ਕੁਝ ਹਾਜ਼ਰ ਹੋਏਗਾ। ਸਰਦਾਰ ਅੰਦਰੋਂ-ਅੰਦਰ ਕੰਬ ਰਹੇ ਸਨ ਤੇ ਦਿੱਲੀ ਵਾਲੇ ਪਾਣੀ-ਪਾਣੀ ਹੋਏ ਫਿਰਦੇ ਸਨ। ਯਰਕਿਆ ਅਬਦੁਲ ਅਹਿਦ ਖ਼ਾਂ ਪਿਆ ਖ਼ੁਸ਼ਾਮਦਾਂ ਕਰਦਾ ਫਿਰੇ। ਦਿੱਲੀ ਵਾਲੇ ਤੇ ਮਤੀਹ ਸਨ। ਉਨ੍ਹਾਂ ਨੂੰ ਲੱਥੀ-ਚੜ੍ਹੀ ਦੀ ਪ੍ਰਵਾਹ ਨਹੀਂ ਸੀ। ਆਓ ਸੱਜਣੋ ਆਓ। ਸਰਦਾਰਾਂ ਦੀ ਤੇ ਲੰਡੀ-ਬੁੱਚੀ ਨੂੰ ਵੀ ਸਲਾਮਾਂ ਹੁੰਦੀਆਂ ਸਨ। ਓਸ ਆਪਣੇ ਨਾਇਬ ਇਬਰਾਹੀਮ ਕੁਲੀ ਖ਼ਾਂ ਨੂੰ ਸਰਦਾਰ ਸਾਹਬ ਸਿੰਘ, ਕਰਮ ਸਿੰਘ ਸ਼ਹੀਦ ਤੇ ਹੋਰ ਪਤਵੰਤਿਆਂ ਨੂੰ ਮਿਲਣ ਲਈ ਭੇਜਿਆ। ਆਓ ਸੱਜਣੋ ਧੰਨਭਾਗ। ਤੁਹਾਡੇ ਰਾਹਾਂ ਦੇ ਸਦਕੇ। ਜਦ ਉਨ੍ਹਾਂ ਵੇਖਿਆ ਕਿ ਮੇਰੀ ਲਾਈ ਹੋਈ ਮੱਖਣੀ ਕਾਰਗਾਰ ਹੋ ਗਈ ਏ ਤੇ ਫੇਰ ਉਹ ਬਾਦਸ਼ਾਹ ਵੱਲ ਹੋਇਆ। ਨਜ਼ੀਬੁਲਦੌਲਾ ਦੇ ਸਭ ਤੋਂ ਛੋਟੇ ਪੁੱਤ ਨੂੰ ਸ਼ਾਹੀ ਖਿਤਾਬ ਨਾਲ ਨਿਵਾਜਿਆ ਜਾਏ ਤੇ ਨਜ਼ੀਬੁਲਦੌਲਾ ਦੂਜੇ ਦੀ ਉਹਦੇ ਛੋਟੇ ਪੁੱਤ ਨੂੰ ਪਦਵੀ ਦਿੱਤੀ ਜਾਏ।

ਜਦ ਦਲ ਵਾਲੇ ਨਿਹਾਲ ਹੋ ਗਏ ਉਹਨਾਂ ਨੂੰ ਪਤਾ ਲੱਗਾ ਕਿ ਹੁਣ ਕੋਈ ਖ਼ਤਰਾ ਨਹੀਂ ਯਾਕੂਬ ਅਲੀ ਦੇ ਬਾਗ਼ ਵਿਚ ਦਾਅਵਤ ਕੀਤੀ ਤੇ ਸੱਦਿਆ।

—ਆਓ, ਮੇਰੇ ਸਿਰ ਦੇ ਸਰਤਾਜ ਫ਼ੌਜਾਂ ਬਹੁਤ ਘੱਟ ਹਨ, ਬਾਕੀ ਕਿੱਥੇ ਐ ਦਲ?

—ਦਲ ਤੇ ਮਾਲਵੇ ਵਿਚ ਏ ਅਸੀ ਤੇ ਐਵੇਂ ਹਵਾ ਬਦਲਣ ਆ ਗਏ ਸਾਂ। ਮੌਜ-ਮੇਲਾ ਕਰਨ ਲਈ।

ਤਦ ਠੰਢ ਪਈ, ਦਾਅਵਤ ਨੇ ਉਨ੍ਹਾਂ ਦੇ ਇਕ ਦੂਜੇ ਦੇ ਦਿਲਾਂ ਦੇ ਰਾਹ ਖੋਲ੍ਹ ਦਿੱਤੇ। ਅੱਖਾਂ ਵਿਚ ਮੁਹੱਬਤ, ਸੀਨੇ ਵਿਚ ਪਿਆਰ ਉਭਰਿਆ।

—ਦਿੱਲੀ ਸਰਕਾਰ ਨੇ ਤੋਹਫ਼ੇ ਕੁਝ ਖ਼ਿੱਲਤਾਂ ਭੇਜੀਆਂ ਕਬੂਲ ਕਰੋ।

—ਮੱਲੂ ਖ਼ਾਨ ਅੱਜ ਤੋਂ ਤੁਹਾਡਾ ਹਮਜੋਲੀ ਹੋਇਆ। ਕਦੀ ਤੇਰਾ ਪਿਓ ਸਾਡਾ ਹਮ-ਨਿਵਾਲਾ ਸੀ।

ਪਰ ਵਿਚ ਗੱਲਾਂ-ਗੱਲਾਂ ਵਿਚ ਟਿਚਕਰ ਕਰ ਗਿਆ।

—ਤੇਰਾ ਭਰਾ ਦਲ ਵਾਲਿਆਂ ਦੀ ਸ਼ਰਨ ਚਲਾ ਗਿਐ, ਫ਼ਕੀਰ ਬਣ ਗਿਐ। ਕਮਬਖ਼ਤ ਸਾਡੇ ਕੋਲ ਆ ਜਾਂਦਾ ਤੇ ਅਸੀ ਫੇਰ ਫ਼ੌਜਦਾਰੀ ਦੇ ਦਿੰਦੇ।

ਇਕ ਨਿਹੰਗ ਬੋਲ ਉਠਿਆ—ਉਹ ਨਿਹੰਗ ਨਹੀਂ ਵਲੀ ਅੱਲਾ ਬਣ ਗਿਐ। ਲੋਕ ਉਹਨੂੰ ਪੈਗੰਬਰਾਂ ਵਾਂਗੂੰ ਪੂਜਣਗੇ।

—ਪਿੱਤਲ ਸੀ, ਸੋਨਾ ਬਣ ਗਿਆ। ਰਾਹ ਵਿਚ ਮਣਕਾ ਪਿਆ ਹੋਇਆ ਸੀ, ਖ਼ਾਲਸੇ ਨੇ ਉਹਨੂੰ ਮਾਲਾ ਵਿਚ ਪਰੋ ਲਿਐ। ਉਹ ਹੁਣ ਗਲ ਦਾ ਸ਼ਿੰਗਾਰ ਬਣ ਗਿਐ।

ਫ਼ਕੀਰੀ 'ਚ ਬੜਾ ਆਨੰਦ ਏ। ਫ਼ਕੀਰ ਮਨ ਦਾ ਮੌਜੀ ਤੇ ਦਿਲ ਦਾ ਬਾਦਸ਼ਾਹ ਏ।

141

ਯਰਕਿਆ ਬੰਦਾ

ਮਤਲਬ ਦਾ ਅੰਨ੍ਹਾ ਡਰਦਾ ਹਾਏ-ਹਾਏ ਕਰਦਾ। ਦੁਸਹਿਰੇ ਦਾ ਮੈਦਾਨ, ਲੋਕ ਮੇਲਾ ਵੇਖਣ ਆਉਂਦੇ। ਵਿਚ ਨਜ਼ਰ ਵੱਟੂ, ਮਸਜਿਦ ਤੇ ਬਾਕੀ ਸਾਰੀ ਖ਼ਾਲੀ ਜ਼ਮੀਨ ਬਾਂ-ਬਾਂ ਕਰਦੀ। ਸਾਲ ਵਿਚ ਇਕ ਮੇਲਾ ਲਗਦਾ। ਮਸਜਿਦ ਐਵੇਂ ਮਾਮੂਲੀ ਜਿਹੀ ਪਰ ਰੜਕਦੀ ਬੜੀ। ਖ਼ਿਲਤਾਂ ਲੈ ਕੇ ਦਿੱਲੀ ਦੇ ਕੁਝ ਬੰਦੇ ਆਖਣ ਲਗੇ ਹੁਣ ਤੇ ਉਹ ਦਿੱਲੀ ਸਾਡੇ ਕਰਮਾਂ ਵਿਚ ਕਿੱਥੇ ਜਿਹਦੀਆਂ ਲੋਕ ਗੱਲਾਂ ਕਰਦੇ ਹਨ। ਅਸਾਂ ਤੇ ਅਜੇ ਦਿੱਲੀ ਦੇ ਦਰਸ਼ਨ ਈ ਨਹੀਂ ਕੀਤੇ।

—ਹਜ਼ੂਰ ਸਾਨੂੰ ਵੀ ਵਿਖਾਓ ਦਿੱਲੀ, ਅਸਾਂ ਵੀ ਦਿੱਲੀ ਦੇ ਬੜੇ ਚਰਚੇ ਸੁਣੇ ਹਨ।

—ਚਲੋ ਤੁਹਾਡੇ ਚਰਨ ਪੈਣ ਨਾਲ ਦਿੱਲੀ ਵੀ ਪਵਿੱਤਰ ਹੋ ਜਾਏਗੀ।

—ਦਿੱਲੀ ਬਾਦਸ਼ਾਹਾਂ ਦੀ ਨਗਰੀ ਏ, ਦਿੱਲੀ ਸਰਕਾਰਾਂ ਦਾ ਗੜ੍ਹ ਏ। ਦਿੱਲੀ ਵਲੀ ਅੱਲਾ ਦੀ ਦਸਤਗਾਹ ਏ। ਨਿਜ਼ਾਮੁਦੀਨ ਔਲੀਆ ਦੀ ਬਸਤੀ ਏ। ਦੀਦਾਰ ਕਰਕੇ ਸਾਰੀ ਹਯਾਤੀ ਮੁਨੱਵਰ ਹੋ ਜਾਏਗੀ।

—ਤੁਸਾਂ ਅਜੇ ਦਿੱਲੀ ਵੇਖੀ ਨਹੀਂ। ਤੁਸਾਂ ਪਹਿਲਾਂ ਈ ਮੁੱਤਬਰਕ ਮੁਕਾਮ ਗਿਣਾ ਦਿੱਤੇ ਨੇ। ਦਲ ਵਾਲਿਆਂ ਦੀਆਂ ਗੱਲਾਂ ਦਿੱਲੀ ਵਿਚ ਰੋਜ਼ ਹੁੰਦੀਆਂ ਨੇ।

—ਦਿੱਲੀ ਦਾ ਕੋਈ ਮੁਕਾਬਲਾ ਨਹੀਂ। ਆਹ ਸਾਹਮਣੇ ਭੀੜ ਕਾਹਦੀ ਏ?

—ਮੇਲਾ ਏ ਦੁਸਹਿਰੇ ਦਾ, ਮੇਲਾ ਵੇਖਣ ਜਾ ਰਹੀ ਏ ਖ਼ਲਕਤ। ਨਵਰਾਤੇ ਖ਼ਤਮ ਹੋਏ ਨੇ ਤੇ ਹੁਣ ਮੇਲੇ ਦੀ ਧੁਨ ਚੜ੍ਹ ਗਈ ਏ ਦਿਮਾਗ਼ ਵਿਚ।

—ਮੇਲਾ ਦਿੱਲੀ ਵਿਚ, ਦੁਸਹਿਰੇ ਦੀਆਂ ਰੌਣਕਾਂ ਕੋਈ ਭਾਗਾਂ ਵਾਲਾ ਈ ਵੇਖਦੈ।

ਸਿੰਘ ਵੀ ਆ ਗਏ, ਸਾਰਿਆਂ ਦੀਆਂ ਨਜ਼ਰਾਂ ਸਿੰਘਾਂ ਵੱਲ ਸਨ। ਇਹ ਵੱਖਰਾ ਜਿਹਾ ਪਹਿਰਾਵਾ, ਇਹ ਨਵੀਆਂ-ਨਵੀਆਂ ਸੂਰਤਾਂ, ਇਹ ਗਠੀਲੇ ਗੱਭਰੂ, ਜਵਾਨ ਸੂਰਮੇ ਇਹ ਕਿੱਥੇ ਰਹਿੰਦੇ ਨੇ?

—ਇਹ ਹਨ ਬੁੱਢੇ ਦਲ ਵਾਲੇ ਜਿਨ੍ਹਾਂ ਅਹਿਮਦ ਸ਼ਾਹ ਅਬਦਾਲੀ ਦੀਆਂ ਦਾੜ੍ਹਾਂ ਭੰਨੀਆਂ ਤੇ ਤੌਬਾ-ਤੌਬਾ ਬੁਲਾ ਦਿੱਤੀ।

—ਹਾਂ, ਇਹੋ ਹੀ ਸਿੰਘ ਸੂਰਮੇ ਹਨ। ਦਰਸ਼ਨ ਕਰੋ ਰੱਬ ਦਾ ਨਾਂ ਲੈਣ ਵਾਲੇ ਲੋਕ ਹਨ। ਅਬਦੁੱਲਾ ਅਹਿਦ ਖ਼ਾਂ ਵਿਚੋਂ ਡਰਦਾ ਸੀ, ਕੰਬਦਾ ਕਿਤੇ ਇਹ ਕੋਈ ਬਖੇੜਾ ਈ ਨਾ ਖੜ੍ਹਾ ਕਰ ਦੇਣ।

—ਇਹ ਮੁੱਠੀ ਭਰ ਆਟੇ ਵਿਚ ਲੂਣ, ਇਹ ਕਿਸ ਤਰ੍ਹਾਂ ਕੋਈ ਖ਼ਰੂਦ ਕਰ ਸਕਦੇ ਹਨ।

ਇਹੋ ਈ ਤੇ ਗੱਲ ਵੇਖਣ ਵਾਲੀ ਏ ਸੱਜਣਾ। ਇਹਨਾਂ ਦੀ ਦਲੇਰੀ, ਇਨ੍ਹਾਂ ਦੀ ਬਹਾਦਰੀ ਦੀਆਂ ਧੁੰਮਾਂ ਏਸੇ ਗੱਲ ਵਿਚ ਹਨ।

ਮੇਲੇ 'ਚ ਚਲੇ ਗਏ ਨਿਹੰਗ ਪਾਤਸ਼ਾਹ। ਚਿੱਤ ਕੀਤਾ ਸੁਖ-ਨਿਦਾਨ ਦਾ ਸਿਮਰਨ ਕੀਤਾ ਜਾਏ।

ਬਸ ਜ਼ਰਾ ਜ਼ਬਾਨ ਤੋਂ ਨਿਕਲਿਆ ਤੇ ਬਾਟੇ ਭਰੇ ਆ ਗਏ। ਛਕਿਆ ਵਾਹਿਗੁਰੂ ਕਹਿ ਕੇ। ਘੋਟਣ ਵਾਲਾ ਭੰਗ ਚੰਗਾ ਕਾਰੀਗਰ ਜਾਪਦਾ ਸੀ। ਨਸ਼ਾ ਖਿੜਿਆ।

—ਓਹ ਪਈ ਸਾਡੇ ਦੁਸਹਿਰੇ ਵਿਚ ਮਸਜਿਦ। ਇਹ ਤਾਜ਼ੀਆ ਏ ਕਿ ਮਸਜਿਦ?

—ਬੜੇ ਚਿਰਾਂ ਦੀ ਏ, ਬਜ਼ੁਰਗਾਂ ਨੇ ਕਦੀ ਬਣਾਈ ਸੀ ਜਨਾਬ। ਹੁਣ ਤੇ ਏਥੇ ਕੋਈ ਜਾਂਦਾ ਈ ਨਹੀਂ।

ਮੂਰਖ਼ ਸਨ, ਮੁੱਠੀ ਭਰ ਨਿਹੰਗਾਂ ਨੇ ਮਸਜਿਦ ਦਾ ਖੋਜ-ਖੁਰਾ ਮਿਟਾ ਦਿੱਤਾ। ਅਬਦੁੱਲਾ ਅਹਿਦ ਖ਼ਾਂ ਦੰਦਾਂ ਵਿਚ ਜੀਭ ਦੱਬ ਕੇ ਬਹਿ ਗਿਆ।

ਲਾਗਿਓਂ ਇਕ ਨੇ ਆਖਿਆ—ਸੁਣਾ ਬਈ ਵੇਖੇ ਨੀ ਸਿੰਘ ਸੂਰਮੇ। ਹੈ ਕਿਤੇ ਇਨ੍ਹਾਂ ਦੀ ਖੱਲੜੀ ਵਿਚ ਡਰ।

ਮਸਜਿਦ ਢਾਹ ਦਿੱਤੀ ਤੇ ਇੱਟਾਂ ਲੋਕ ਚੁੱਕ ਕੇ ਲੈ ਗਏ।

ਇਹ ਮਜ਼ਹਬੀ ਜਨੂੰਨ ਸੀ। ਘੋੜਿਆਂ ਤੇ ਚੜ੍ਹੇ ਫ਼ਤਹਿ ਬੁਲਾਉਂਦੇ, ਜੈਕਾਰੇ ਮਾਰਦੇ। ਵੇਖਦਿਆਂ-ਵੇਖਦਿਆਂ ਈ ਹਰਨ ਹੋ ਗਏ।

ਨਵਾਬ ਸਾਹਬ ਵੇਖੇ ਨੇ ਮਰਦ। ਇਹ ਦਲੇਰ ਸੂਰਮੇ। ਇਨ੍ਹਾਂ ਨੂੰ ਮਰਦ ਆਖਦੇ ਹਨ।

—ਕਿੱਧਰ ਗਏ, ਕੌਣ ਜਾਣਦੈ?

—ਫ਼ਿਕਰ ਨਾ ਕਰੋ ਉਹ ਕੋਈ ਗ਼ਲਤ ਕੰਮ ਨਹੀਂ ਕਰਨ ਲੱਗੇ। ਉਹ ਵਾਪਸ ਮੁੜ ਗਏ। ਕਿਤੇ ਲੁੱਟਮਾਰ ਨਾ ਕਰਨ।

—ਉਹ ਅਹਿਮਦ ਸ਼ਾਹ ਅਬਦਾਲੀ ਦੀ ਬਹਿਣੀ ਨਹੀਂ ਬੈਠੇ ਹੋਏ। ਉਹ ਮਾਲਾ ਤੇ ਤਲਵਾਰ ਦੇ ਧਨੀ ਹਨ। ਉਹ ਬਚਨਾਂ ਦੇ ਪੂਰੇ ਹਨ।

—ਮੌਜ ਆਈ, ਸਰੂਰ ਵਿਚ ਸਨ, ਵਿਚਾਰੀ ਮਸਜਿਦ ਰਾਹ ਵਿਚ ਆ ਗਈ। ਟਿਕਾਣੇ ਲਾ ਦਿੱਤੀ।

ਮੇਲੇ ਵਿਚ ਇਹ ਲਾਅਨਤ ਸੀ। ਇਕੋ ਈ ਜਲਵਾ ਵਿਖਾਇਆ ਤੇ ਰਾਹੇ ਪੈ ਗਏ ਬੁੱਢੇ ਦਲ ਵਾਲੇ।

—ਕਿਉਂ ਇਹ ਬੰਦੇ ਹਕੂਮਤ ਕਰ ਸਕਦੇ ਨੇ?

—ਨਹੀਂ, ਦਿੱਲੀ ਲੈ ਕੇ ਦੇ ਸਕਦੇ ਨੇ, ਸੰਭਾਲ ਨਹੀਂ ਸਕਦੇ। ਨਵਾਬ ਇਨ੍ਹਾਂ ਨੂੰ ਸੰਭਾਲਣਾ ਸੀ ਤੇ ਅਹਿਮਦ ਸ਼ਾਹ ਅਬਦਾਲੀ ਤੇ ਨਾਦਰ ਸ਼ਾਹ ਵਰਗੇ ਯਤਨ ਕਰਕੇ ਹਾਰ ਗਏ। ਜੇ ਇਹ ਆਪਣੀ ਮੌਜ ਵਿਚ ਆ ਜਾਂਦੇ ਤੇ ਸਾਰੇ ਦੇਸ਼ ਨੂੰ ਭੁੰਨ ਕੇ ਖਾ ਜਾਂਦੇ। ਇਹ ਨੇਕ ਬੰਦਿਆਂ ਦਾ ਕਾਫ਼ਲਾ ਐਵੇਂ ਹੋਛਿਆਂ ਵਾਂਗੂੰ ਕਿਸੇ ਦੇ ਗਲ ਨਹੀਂ ਪੈਂਦਾ।

ਅਬਦੁਲ ਅਹਿਦ ਖ਼ਾਂ ਦਾ ਇਕ ਯਾਰ ਬੋਲਿਆ।
ਮਤਲਬ ਦਾ ਅੰਨ੍ਹਾਂ ਬਰਦਾ।
ਪਿਆ ਡਰਦਾ ਹਰ ਹਰ ਕਰਦਾ।

142

ਵਧੇ ਸੋ ਪਾਵੇ

ਇਕ ਪਾਸੇ ਬਘੇਲ ਸਿੰਘ ਸਰਦਾਰ ਬੁੱਢੇ ਦਲ ਦਾ ਖਾੜਕੂ ਤੇ ਦੂਜੇ ਪਾਸੇ ਅਬਦੁੱਲ ਅਹਿਦ ਖ਼ਾਂ ਪਰਲੇ ਦਰਜੇ ਦਾ ਗਪੌੜੇਬਾਜ਼। ਦੋਵੇਂ ਨਹਿਲੇ ਤੇ ਦਹਿਲਾ। ਇਕ ਗੱਪ ਮਾਰਦਾ ਦੂਜਾ ਗਪੌੜਾ। ਇਕ ਸ਼ਰਾਬ ਦਾ ਸ਼ੌਕੀਨ ਤੇ ਦੂਜਾ ਸੁਖ ਨਿਦਾਨ ਦਾ ਸ਼ਰਧਾਲੂ। ਇਕ ਹੁਸਨ ਸ਼ਬਾਬ ਦਾ ਰਸੀਲਾ ਤੇ ਦੂਜਾ ਮਾਲਾ ਦਾ ਪੁਜਾਰੀ।

ਦਾਅਵਤ ਇਕ ਜਗ੍ਹਾ ਤੇ ਖਾਣੇ ਵੱਖਰੇ-ਵੱਖਰੇ। ਇਕ ਤਖ਼ਤ ਦਿੱਲੀ ਦਾ ਮਾਲਕ ਤੇ ਦੂਜਾ ਸਾਰਾ ਈ ਤਖ਼ਤ ਚੁੱਕ ਕੇ ਲਿਜਾਣ ਵਾਲੇ। ਇਕ ਚੋਰ ਤੇ ਦੂਜਾ ਡਕੈਤ। ਕੁਦਰਤ ਨੇ ਦੋਵਾਂ ਦਾ ਸਾਥ ਬਣਾ ਦਿੱਤਾ। ਦੋਵੇਂ ਈ ਆਪਣੇ-ਆਪਣੇ ਦਾਅ ਤੇ ਸਨ।

—ਨਵਾਬ ਸਾਹਬ ਕੀ ਚਾਹੁੰਦੇ ਸਨ ਸਾਥੋਂ ?

—ਸਿਰਫ਼ ਹਮਦਰਦੀ ਤੇ ਨਜ਼ਰੇ-ਇਨਾਇਤ।

—ਨਵਾਬ ਸਾਹਿਬ, ਏਸ ਤਰ੍ਹਾਂ ਨਹੀ, ਅਸੀ ਤੁਹਾਡੇ ਹੱਥੀਂ-ਬੱਧੀਂ ਗ਼ੁਲਾਮ ਹਾਂ।

ਸਿਰਫ਼ ਗੱਲੀਂ-ਬਾਤੀਂ। ਤੁਹਾਡੀ ਤੇ ਉਹ ਗੱਲ ਏ ਗੱਲੀਂ-ਬਾਤੀਂ ਮੈਂ ਵੱਡੀ ਤੇ ਕਰਤੂਤੀਂ ਵੱਡੀ ਜੇਠਾਣੀ।

—ਬੁੱਢੇ ਦਲ ਵਾਲੇ ਦਿੱਲੀ ਵਿਚ ਛਾਉਣੀ ਨਹੀ ਪਾਉਣ ਲੱਗੇ।

—ਏਸ ਗੱਲ ਦਾ ਕੀ ਸਬੂਤ .

—ਇਹਦਾ ਸਬੂਤ ਤੇ ਤੁਹਾਡੇ ਸਾਹਮਣੇ ਹੈ। ਉਨ੍ਹਾਂ ਨਾ ਜਮੁਨਾ ਡਿੱਠੀ ਤੇ ਨਾ ਘੱਗਰ ਨਦੀ ਪਾਰ ਕਰਕੇ ਝਾਤ ਈ ਪਾਈ। ਦਿੱਲੀ ਵਾਲੇ ਜ਼ਬਾਨ ਦੇ ਵੀ ਪੱਕੇ ਹਨ ਪਰ ਬੇ-ਜ਼ਬਾਨ ਵੀ ਹਨ। ਸਿਰ ਵੀ ਦੇਣਗੇ ਜ਼ਬਾਨ ਤੋਂ ਨਹੀ ਫਿਰਨ ਵਾਲੇ। ਮੇਰਾ ਜੀਅ ਕਰਦੈ ਕਿ ਇਕ ਵਾਰ ਘੜੀ ਦੀ ਘੜੀ ਦਿੱਲੀ ਵੇਖਾਂ। ਸ਼ਾਹੀ ਮਸਜਿਦ, ਨਿਜ਼ਾਮੂਦੀਨ ਔਲੀਆ, ਆਪਣੇ ਗੁਰੂਆਂ ਦੇ ਅਸਥਾਨ ਜਿਹੜੇ ਅਜੇ ਬਣੇ ਨਹੀ, ਉਹ ਚਾਂਦਨੀ ਚੌਕ ਜਿੱਥੇ ਮੇਰੇ ਸਤਿਗੁਰ ਦਾ ਸੀਸ ਲਾਹਿਆ ਸੀ। ਲਾਲ ਕਿਲ੍ਹਾ, ਪਹਾੜ ਗੰਜ, ਫਤਿਹਪੁਰੀ। ਇਕ ਵਾਰ ਵੇਖਣ ਦਿਓ।

—ਤੁਸੀਂ ਅੱਜ ਈ ਚੱਲੋ ਮੇਰੇ ਘਰ ਮਹਿਮਾਨ ਬਣ ਕੇ ਰਹੋ।

—ਏਨੀ ਤਕਲੀਫ਼ ਦੇਣ ਦੀ ਜ਼ਰੂਰਤ ਨਹੀਂ। ਅਸੀਂ ਤੇ ਦਿੱਲੀ ਦੇ ਬੰਦੇ ਹਾਂ। ਰੜੇ ਈ ਸੌਂ ਸਕਦੇ ਹਾਂ ਦਰਖ਼ਤਾਂ ਥੱਲੇ, ਕਮਖ਼ਾਬ ਦੇ ਬਿਸਤਰਿਆਂ ਤੇ ਸਾਨੂੰ ਨੀਂਦ ਨਹੀਂ ਆਉਣੀ। ਮੁੱਠ ਛੋਲਿਆਂ ਦੀ ਤੇ ਗੜਵਾ ਪਾਣੀ ਦਾ। ਹੋਰ ਕਿਸੇ ਚੀਜ਼ ਦੀ ਲੋੜ ਨਹੀਂ।

—ਤੇ ਫੇਰ ਅੱਜ ਈ ਚੱਲੋ ਕੱਲ੍ਹ ਕਿਸ ਵੇਖਿਆ ਏ। ਤੜੱਕ ਮੰਗਣੀ ਤੇ ਫੜੱਕ ਵਿਆਹ। ਹੁਣ ਦੇਰ ਕਰਨ ਦੀ ਲੋੜ ਨਹੀਂ।

—ਫੇਰ ਕਦੇ ਸਹੀ, ਤੁਹਾਡੀ ਦਾਅਵਤ ਫੇਰ ਕਬੂਲ ਕਰ ਲਵਾਂਗੇ। ਫੇਰ ਆਵਾਂਗੇ ਦੋ ਦਾਅਵਤਾਂ ਪੱਕੀਆਂ ਹੋ ਗਈਆਂ।

ਅਬਦੁੱਲਾ ਵੀ ਬਹੁਤ ਵੱਡਾ ਗਾਲੜੀ ਸੀ। ਬਘੇਲ ਸਿੰਘ ਵੀ ਛਟਿਆ ਮਰਾਸੀ ਸੀ। ਇਕ ਤੋਂ ਇਕ ਵੱਧ।

ਟੋਕਰੀ ਅੰਬਾਂ ਦੀ ਲਖਨਊ ਤੋਂ ਆਈ। ਆਹ ਲਓ ਪਹਿਲਾਂ ਤੁਸੀ ਭੋਗ ਲਾਓ।

—ਨਵਾਬ ਇਹ ਸਾਡੇ ਕਰਮਾਂ ਵਿਚ ਕਿੱਥੇ। ਅਸੀ ਤੇ ਮਲ੍ਹਿਆਂ ਦੇ ਬੇਰ ਖਾ ਕੇ ਰਾਜ਼ੀ ਹੁੰਦੇ ਹਾਂ।

—ਨਹੀਂ ਅੱਜ ਤੇ ਇਹ ਤੋਹਫ਼ਾ ਤੁਹਾਡੇ ਨਾਂ ਏ।

ਘੋੜੇ ਤੇ ਚੜ੍ਹੇ ਬਘੇਲ ਸਿੰਘ ਨੂੰ ਅੰਬਾਂ ਦਾ ਟੋਕਰਾ ਦੇ ਕੇ ਤੋਰ ਦਿੱਤਾ। ਸਾਹਬ ਸਲਾਮ, ਵਾਹਿਗੁਰੂ ਜੀ ਕਾ ਖ਼ਾਲਸਾ-ਵਾਹਿਗੁਰੂ ਜੀ ਕੀ ਫ਼ਤਿਹ।

ਬਾਦਸ਼ਾਹ ਜੈਪੁਰ ਚਲਾ ਗਿਆ ਤੇ ਹੁਣ ਸਈਆਂ ਬਣੇ ਕੋਤਵਾਲ ਅਬ ਡਰ ਕਾਹੇ ਕਾ। ਇਕ ਸ਼ਿਕਾਰ ਮਿਲਿਆ ਸੀ ਉਹ ਵੀ ਹਿਰਨ ਨਹੀਂ ਸੀ, ਬਘਿਆੜ ਸੀ। ਚਲਾ ਗਿਆ, ਜੰਗਲ ਖ਼ਾਲੀ ਏ। ਗਪੌੜੇ ਮਾਰਨ ਵਾਲਿਆਂ ਨੂੰ ਬੰਦਾ ਚਾਹੀਦੈ। ਭਾਵੇਂ ਉਹ ਸੇਰ ਹੋਵੇ ਤੇ ਭਾਵੇਂ ਸਵਾ ਸੇਰ।

ਬਘੇਲ ਸਿੰਘ ਮੈਦਾਨ ਦਾ ਮਰਦ ਸੀ। ਉਹਨੂੰ ਆਪਣੀ ਤਲਵਾਰ ਤੇ ਮਾਣ ਸੀ।

ਅਬਦੁੱਲਾ ਅਹਿਦ ਮੈਦਾਨ ਦਾ ਭਗੌੜਾ, ਬੁਜ਼ਦਿਲ, ਡਰਾਕਲ। ਮੇਲ ਤੇ ਕਿਸਮਤ ਨਾਲ ਹੋਇਆ ਸੀ। ਇਹਦੇ ਵਿਚ ਯਰਾਨੇ ਦੀ ਕੋਈ ਗੱਲ ਨਹੀਂ ਸੀ। ਮਰਦ, ਮਰਦਾਂ ਨਾਲ ਹੀ ਦੋਸਤੀ ਰੱਖਦੇ ਹਨ ਨਗੱਲਿਆਂ ਨਾਲ ਕਾਹਦੀ ਦੋਸਤੀ।

ਅਬਦੁੱਲਾ ਅਹਿਮਦ ਖ਼ਾਂ ਨੇ ਮਾਲਵੇ ਦੇ ਸਰਦਾਰਾਂ ਨੂੰ ਚਿੱਠੀਆਂ ਲਿਖੀਆਂ ਤੇ ਆਖਿਆ—ਆਓ ਇਕ ਵਾਰ ਇਕੱਠੇ ਬੈਠ ਕੇ ਸਲਾਹ ਕਰ ਲਈਏ। ਜੇ ਅਹਿਮਦ ਸ਼ਾਹ ਅਬਦਾਲੀ ਆਇਆ ਤਾਂ ਉਹਨੂੰ ਜਿਉਂਦਿਆਂ ਵਾਪਸ ਨਹੀਂ ਜਾਣ ਦੇਣਾ ਚਾਹੀਦਾ।

ਗੱਲ ਤੇ ਮਤਲਬ ਦੀ ਸੀ, ਝਾਂਸੇ 'ਚ ਆ ਗਿਆ ਪਟਿਆਲੇ ਦਾ ਰਾਜਾ ਅਮਰ ਸਿੰਘ। ਦਿੱਲੀ ਆਇਆ ਬਹੁਤ ਤੋਹਫ਼ੇ, ਸੌਗਾਤਾਂ ਤੇ ਕਸ਼ਮੀਰੀ ਲੋਈਆਂ, ਦੁਸ਼ਾਲੇ ਲੈ ਕੇ ਆਇਆ।

ਕੰਰਨਾਲ ਦੇ ਸਰਦਾਰ ਵੀ ਆ ਗਏ ਤੇ ਉਹਨਾਂ ਵੀ ਆਪਣੇ ਇਲਾਕੇ ਦੀਆਂ ਸੌਗਾਤਾਂ ਲਿਆਂਦੀਆਂ। ਅਮਰ ਸਿੰਘ ਨੂੰ ਲਾਲਚ ਸੀ ਕਿ ਸਰਦਾਰ ਬਘੇਲ ਸਿੰਘ ਨੂੰ ਕੋਈ ਕਸ਼ਟ ਨਾ ਹੋਵੇ। ਏਸੇ ਲਈ ਉਹ ਮੂੰਹ ਭਰਨਾ ਚਾਹੁੰਦਾ ਸੀ। ਉੱਥੇ ਈ ਰੁੱਝਿਆ ਰਿਹਾ। ਪਟਿਆਲੇ 'ਚ ਆਏਗਾ ਤੇ ਜ਼ਰੂਰ ਕੋਈ ਛਛੂੰਦਰ ਛੇੜੇਗਾ।

ਦਿੱਲੀ ਇਕ ਵਾਰ ਗਿਆ ਤੇ ਵਾਪਸ ਨਹੀਂ ਆਉਣ ਲੱਗਾ।

ਹੁਣ ਸਾਜ਼ਸ਼ਾਂ ਕਰਨ ਵਾਲੇ ਮਦਾਰੀ ਆਪਣੇ ਥੈਲੇ ਚੁੱਕੀ ਅਖਾੜੇ ਲਾਈ ਬੈਠੇ ਸਨ ਚਾਂਦਨੀ ਚੌਕ ਵਿਚ।

ਸਰਦਾਰਾਂ ਨੂੰ ਬਾਦਸ਼ਾਹ ਦੀ ਹਜ਼ੂਰੀ ਵਿਚ ਪੇਸ਼ ਕਰਨਾ ਸੀ।

ਪਰ ਬਾਦਸ਼ਾਹ ਨੇ ਸਿਰ ਫੇਰ ਦਿੱਤਾ ਤੇ ਨਾਂਹ ਕਰ ਦਿੱਤੀ। ਚਿੱਟਾ ਤੇ ਕੋਰਾ ਜਵਾਬ ਦੇ ਦਿੱਤਾ। ਬੱਚਿਆਂ ਦੀਆਂ ਖੇਡਾਂ ਨਾਲ ਇਹ ਸਰਦਾਰ ਨਹੀਂ ਨੱਥੇ ਜਾਣੇ।

ਸਰਦਾਰ ਵੀ ਇਕ ਤੋਂ ਵੱਧ ਗਪੌੜੇਬਾਜ਼ ਸਨ।

—ਸ਼ਾਹ ਨੂੰ ਲੈ ਕੇ ਆ, ਸਤਲੁਜ ਤੋਂ ਅੱਗੇ ਦਾ ਇਲਾਕਾ ਬਾਦਸ਼ਾਹ ਨੂੰ ਸੌਂਤ

ਸਲਾਮਾਂ ਕਰੇਗਾ। ਇਹ ਗੱਲ ਅਮਰ ਸਿੰਘ ਪਟਿਆਲੇ ਵਾਲੇ ਨੇ ਆਖੀ।

—ਸ਼ਾਹ ਦਾ ਖੋਹਿਆ ਇਲਾਕਾ ਮੁੜਵਾ ਕੇ ਫੇਰ ਦਮ ਲਵਾਂਗੇ।

—ਮਾਲਵੇ 'ਚ ਆਓ ਤੁਹਾਡੀਆਂ ਖ਼ਾਤਰਾਂ ਹੋਣਗੀਆਂ। ਦਿੱਲੀ 'ਚ ਬੈਠ ਕੇ ਖ਼ਾਬ ਪੂਰੇ ਨਹੀਂ ਹੋ ਸਕਦੇ।

—ਅਹਿਮਦ ਸ਼ਾਹ ਅਬਦਾਲੀ ਚਲਾ ਗਿਆ। ਉਹ ਇਲਾਕੇ, ਉਹ ਜਾਗੀਰਾਂ ਸਭ ਤੁਹਾਡੀਆਂ ਨੇ। ਇਕ ਵਾਰ ਦਰਸ਼ਨ ਦਿਓ।

ਇਹ ਸਾਰਾ ਮਰਾਸੀਆਂ ਦਾ ਟੋਲਾ ਸੀ। ਹਰ ਇਕ ਆਪਣੀ ਚਲਾਕੀ ਵਿਖਾ ਰਿਹਾ ਸੀ। ਆਪਣਾ ਜਾਲ ਸੁੱਟਣਾ ਚਾਹੁੰਦਾ ਸੀ। ਸਰਦਾਰ ਮੂਹ ਕੱਢ ਰਹੇ ਸਨ ਕਿ ਇਹ ਕਿੰਨੇ ਕੁ ਪਾਣੀ ਵਿਚ ਹਨ।

ਬਘੇਲ ਸਿੰਘ ਵੇਖਣ ਨੂੰ ਭੋਲਾ ਜੱਟ ਯਮਲਾ ਤੇ ਰੱਬ ਨੂੰ ਚੋਰ ਲੈ ਗਏ। ਸਾਰਿਆਂ ਦੀਆਂ ਮੁੱਠੀਆਂ ਖ਼ਾਲੀ ਸਨ, ਖ਼ਾਲੀ ਲਫ਼ਾਫ਼ੇਬਾਜ਼ੀ।

ਦਿੱਲੀ ਵੱਲ ਨਜ਼ਰਾਂ ਨਹੀਂ ਸਨ। ਦਲ ਵਾਲੇ ਚਾਹੁੰਦੇ ਸਨ ਕਿ ਜਿੰਨਾ ਇਲਾਕਾ ਸਾਡੇ ਕੋਲ ਏ, ਇਹੋ ਈ ਬਹੁਤ ਏ। ਏਸ ਨੂੰ ਈ ਸੰਭਾਲੋ। ਮੂੰਹ ਅੱਡਿਆਂ ਮੱਖੀਆਂ ਪੈਂਦੀਆਂ ਨੇ। ਲਾਲਚ ਨਾ ਕਰੋ।

143

ਮੱਛੀ ਫੜਨ ਵਾਲੀ ਕੁੰਡੀ

ਦਿੱਲੀ ਦੇ ਫ਼ੌਜੀ ਖ਼ਜ਼ਾਨੇ ਵਿਚ ਭੁੱਖ-ਨੰਗ ਵਰਤੀ ਹੋਈ ਸੀ। ਦਿੱਲੀ ਦਾ ਖ਼ਜ਼ਾਨਾ ਅਹਿਮਦ ਸ਼ਾਹ ਅਬਦਾਲੀ ਕੱਢ ਕੇ ਲੈ ਗਿਆ ਸੀ। ਹੁਣ ਤੇ ਐਵੇਂ ਭੜੋਲੀਆਂ ਭਰੀਆਂ ਹੋਈਆਂ ਦਾ ਨਾਂ ਈ ਸੀ ਤੇ ਉਹੋ ਈ ਢੰਡੋਰਾ ਦੇ ਰਹੀਆਂ ਸਨ।

ਵੱਡਿਆਂ ਘਰਾਂ ਦੀਆਂ ਤੇ ਘਰੋੜੀਆਂ ਈ ਨਹੀਂ ਮਾਣ। ਇਕ ਹਵਸ ਇਹ ਗੱਲ ਵੀ ਠੀਕ ਸੀ ਕਿ ਅਹਿਮਦ ਸ਼ਾਹ ਅਬਦਾਲੀ ਇਹ ਘਰੋੜੀਆਂ ਵੀ ਖਰੋਚ 'ਕੇ ਲੈ ਗਿਆ ਸੀ।

ਜਦ ਬਾਦਸ਼ਾਹ ਨੂੰ ਇਹ ਪਤਾ ਲੱਗਾ ਕਿ ਅਹਿਮਦ ਸ਼ਾਹ ਅਬਦਾਲੀ ਹੁਣ ਨਹੀਂ ਆਉਣ ਲੱਗਾ, ਨਿਹੰਗਾਂ ਤੇ ਦੂਸਰੇ ਸਰਦਾਰਾਂ ਨੇ ਉਹਨਾਂ ਦੇ ਹੌਸਲੇ ਤੋੜ ਦਿੱਤੇ ਨੇ ਤੇ ਨਾਲੇ ਜਵਾਨੀ ਢਲ ਗਈ ਏ। ਸਦਾ ਬਹਾਰਾਂ ਵੀ ਨਹੀਂ ਰਹਿੰਦੀਆਂ। ਉਸ਼ਕਲ ਦੇ ਰਿਹਾ ਸੀ ਅਬਦੁੱਲਾ ਬਾਦਸ਼ਾਹ ਨੂੰ। ਤੁਸੀਂ ਹਿੰਦੁਸਤਾਨ ਦੇ ਬਾਦਸ਼ਾਹ ਹੋ। ਨਿਕਲੋ ਮਹਿਲ ਵਿਚੋਂ ਤੇ ਆਪਣੇ ਇਲਾਕੇ ਨੂੰ ਕਿ—ਦਰਸ਼ਨ ਦਿਓ। ਸਾਰੇ ਲੋਕ ਸਲਾਮਾਂ ਵੀ ਕਰਨਗੇ ਤੇ ਬਕਾਇਆ ਵੀ ਦੇਣਗੇ। ਖ਼ਜ਼ਾਨੇ 'ਚ ਫੇਰ ਰੌਣਕ ਆ ਜਾਏਗੀ।

ਏਧਰ ਬਘੇਲ ਸਿੰਘ ਇਹ ਵੀ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਬਹੁਤੀਆਂ ਬੜ੍ਹਕਾਂ ਮਾਰਨ ਵਾਲਾ ਅਬਦੁੱਲਾ ਸਾਡੇ ਘੇਰੇ 'ਚ ਆ ਜਾਏ ਤੇ ਤਗੜੀ ਸੱਟ ਮਾਰੀਏ। ਇਹਦੇ ਨਾਲ ਸਾਡੇ ਸਾਰੇ ਰਸਤੇ ਖੁੱਲ੍ਹ ਜਾਣਗੇ। ਪਰ ਉਹ ਕਾਬੂ ਨਹੀਂ ਸੀ ਆਉਂਦਾ।

ਹਰ ਵੇਰੀ ਸੁਲਹਾ ਦੀ ਗੱਲ ਕਰਦਾ। ਖ਼ਾਲਸਾ ਤੇ ਅੱਗੇ ਈ ਉਹਦੇ ਨਾਲ ਸੀ।

ਉਹਨਾਂ ਨੂੰ ਤਰਸ ਆਉਂਦਾ ਕਿ ਵਿਚਾਰੇ ਨਾਲ ਬੜੀ ਬੇ-ਇਨਸਾਫ਼ੀ ਹੋਈ ਏ। ਖ਼ਾਲਸੇ ਨੇ ਇਹ ਪੱਕਾ ਇਰਾਦਾ ਕਰ ਲਿਆ ਸੀ ਕਿ ਅਸਾਂ ਦਿੱਲੀ ਨਹੀਂ ਲੁੱਟਣੀ, ਅਸਾਂ ਤੇ ਪੰਜਾਬ ਵਿਚ ਈ ਆਪਣੀ ਤਾਕਤ ਨਾਲ ਥਾਣੇ ਤੇ ਛਾਉਣੀਆਂ ਪੱਕੀਆਂ ਕਰਨੀਆਂ ਨੇ। ਜਿਹੜੇ ਇਲਾਕੇ ਤੇ ਅਸਾਂ ਮੱਲਾਂ ਮਾਰੀਆਂ ਹੋਈਆਂ ਨੇ ਉਹਨਾਂ ਨੂੰ ਮਜ਼ਬੂਤ ਕਰਨਾ ਏ ਤੇ ਕੁਝ ਕਿਲ੍ਹੇ ਉਸਾਰਨ ਦਾ ਵੀ ਮਨ ਬਣਾਇਆ ਹੋਇਐ।

ਅਬਦੁੱਲਾ ਨਾਲ ਯਰਾਨਾ ਏਸ ਕਰਕੇ ਪਾਇਆ ਜਾ ਰਿਹਾ ਸੀ ਕਿ ਘੇਰੇ 'ਚ ਫਸਾ ਕੇ ਚੰਗੀ ਕਰਾਰੀ ਸੱਟ ਮਾਰੀ ਜਾਏ ਤੇ ਮੂੰਹ ਪਰਨੇ ਸੁੱਟ ਦਿੱਤਾ ਜਾਏ। ਫੇਰ ਉੱਠਣ ਜੋਗਾ ਨਾ ਰਹੇ।

ਬਘੇਲ ਸਿੰਘ ਨੇ ਮੱਛੀ ਫੜਨ ਵਾਲੀ ਕੁੰਡੀ ਗੋਸ਼ਤ ਵਿਚ ਲਪੇਟੀ ਹੋਈ ਸੀ। ਸ਼ਰਾਬੀ ਗੋਸ਼ਤ ਖਾ ਰਹੇ ਸਨ। ਅਬਦੁੱਲੇ ਦੇ ਸੰਘ 'ਚ ਫਸ ਗਈ ਕੁੰਡੀ ਇਹ ਇਕ ਤਰ੍ਹਾਂ ਦੀ ਚੁਣੌਤੀ ਸੀ। ਪਰ ਉਹ ਨਾ ਸਮਝਿਆ। ਯਰਾਨਾ ਪੱਕਾ ਕਰਦੇ ਗਏ ਤੇ ਇਤਬਾਰ ਬਣਾ ਲਿਆ। ਬਚ ਗਿਆ ਤੇ ਕਿਸਮਤ ਵਲੋਂ ਪਰ ਵਰਾਛਾਂ ਤੇ ਪਾਟ ਗਈਆਂ ਨੇ।

ਨਵੀਂ ਭਰਤੀ ਵਿਚ ਸਿੰਘ ਵੀ ਭਰਤੀ ਕਰ ਲਏ—ਚਲੋ ਇਹ ਜ਼ਬਾਨ ਦੇ ਤੇ ਪੱਕੇ ਹਨ ਧੋਖਾ ਤੇ ਨਹੀਂ ਦੇਣ ਲੱਗੇ। ਮਰਹੱਟਿਆਂ ਨਾਲੋਂ ਤੇ ਬੁਰੇ ਨਹੀਂ।

ਬਘੇਲ ਸਿੰਘ ਨੇ ਵੀ ਚੰਗੇ ਬੰਦੇ ਸ਼ਾਹੀ ਫ਼ੌਜ 'ਚ ਭਰਤੀ ਕਰ ਲਏ ਸਨ ਤੇ ਰਹਿੰਦੀ-ਖੂੰਹਦੀ ਕਸਰ ਗਜਪਤ ਸਿੰਘ ਨੇ ਪੂਰੀ ਕਰ ਦਿੱਤੀ।

ਬਘੇਲ ਸਿੰਘ ਇਹ ਨਹੀਂ ਸੀ ਚਾਹੁੰਦਾ ਕਿ ਭਰਾਵਾਂ ਦੇ ਸੰਘ 'ਚ ਅੰਗੂਠਾ ਦਿੱਤਾ ਜਾਏ। ਪਰ ਅੰਦਰਖ਼ਾਨੇ ਇਹ ਗੱਲ ਸਮਝਾ ਦਿੱਤੀ ਸੀ ਸਰਦਾਰ ਨੇ। ਕੁਝ-ਕੁਝ ਚੋਗਾ ਪਾਈ ਜਾਓ, ਮੁਰਗਿਆਂ ਨੂੰ ਆਪਣੇ ਖੁੱਡੇ ਦੇ ਲਾਗੇ ਆਉਣ ਦਿਓ, ਫੇਰ ਤਾੜਾਂਗੇ। ਜੇ ਮਨ ਨਾ ਮੰਨੂ ਫੇਰ ਇਹ ਕਿਹੜੇ ਭੱਜ ਚੱਲੇ ਨੇ। ਦਿੱਤਾ ਮਾਲ ਫੇਰ ਖੋਹ ਲਵਾਂਗੇ। ਨੱਸਣ ਨਹੀਂ ਦੇਣ ਲੱਗੇ। ਇਹ ਕੋਈ ਸੂਰਮੇ ਥੋੜ੍ਹੇ ਹਨ, ਨੱਸ ਜਾਣਗੇ। ਤੇ ਨਾਲੇ ਹੁਣ ਸਿੰਘ ਇਨ੍ਹਾਂ ਦੀ ਫ਼ੌਜ ਵਿਚ ਚੜ੍ਹਦੇ-ਚੜ੍ਹਦੇ ਹਨ। ਕਿਸੇ ਨੂੰ ਖੰਘਣ ਨਹੀਂ ਦੇਂਦੇ। ਦਿਓ ਮਾਮਲਾ ਉਗਰਾਹ ਕੇ ਪਰ ਥੋੜ੍ਹਾ-ਥੋੜ੍ਹਾ। ਇਨ੍ਹਾਂ ਦਾ ਦਿਲ ਲੱਗਾ ਰਹੇ ਤੇ ਤੁਹਾਡੀ ਵੀ ਵਕਤ ਕਟੀ ਹੁੰਦੀ ਰਹੇ।

ਇਹ ਕੁੰਡੀ ਸੰਘ 'ਚ ਫਸੀ ਹੋਈ ਨਿਕਲਣ ਨਹੀਂ ਲੱਗੀ। ਜਾਲ 'ਚ ਫਸਿਆ ਪੰਛੀ ਉਡਾਰੀ ਮਾਰ ਕੇ ਆਜ਼ਾਦ ਨਹੀਂ ਹੋਣ ਲੱਗਾ।

ਬਘੇਲ ਸਿੰਘ ਤੇ ਗਜਪਤ ਸਿੰਘ ਦੋਵਾਂ ਨੇ ਆਸਾ ਦੀ ਵਾਰ ਦਾ ਭੋਗ ਪਾਉਣ ਤੋਂ ਬਾਅਦ ਕੜਾਹ ਪ੍ਰਸ਼ਾਦ ਦੇ ਗੱਫੇ ਅਬਦੁੱਲੇ ਨੂੰ ਵੀ ਛਕਾ ਦਿੱਤੇ। ਚਾਟੇ ਲਾ ਲਿਆ ਖ਼ਾਨ ਬਾਬਾ। ਵੇਖਿਆ ਈ ਸਵਾਦ ਕੜਾਹ ਪ੍ਰਸ਼ਾਦ ਦਾ।

—ਨਾਂ ਤੇ ਪ੍ਰਸ਼ਾਦ ਏ, ਪਰ ਇਕ ਵਾਰ ਖਾਧਾ ਸਾਰੀ ਦਿਹਾੜੀ ਭੁੱਖ ਨਹੀਂ ਲੱਗਣ ਦਿੰਦਾ।

—ਇਹਦੇ ਵਿਚ ਕਿਹੜੇ ਕੁਸ਼ਤੇ ਪਾਉਂਦੇ ਹੋ?

—ਇਹਦੇ ਵਿਚ ਨਾਮ ਦਾ ਕੁਸ਼ਤਾ ਪਾਉਂਦੇ ਹਾਂ। ਸਾਡੇ ਕੋਲ ਨਾਮ ਤੋਂ ਬਗ਼ੈਰ ਹੋਰ ਹੈ ਵੀ ਕੀ? ਨਾਮ ਦੀ ਸ਼ਕਤੀ ਨਾਲ ਤਲਵਾਰ ਵਾਹੀ ਜਾਂਦੀ ਏ। ਬਾਣੀ ਸਾਡਿਆਂ ਨੇਜ਼ਿਆਂ ਦੀ ਧਾਰ ਵਿਚੋਂ ਬੋਲਦੀ ਏ। ਨਾ ਸਾਡੇ ਕੋਲ ਦੌਲਤ, ਨਾ ਖ਼ਜ਼ਾਨਾ, ਨਾ ਕਿਲ੍ਹਾ, ਨਾ ਮਹਿਲ। ਜੰਗਲ, ਝਾੜੀਆਂ ਸਾਡੇ ਸ਼ੀਸ਼ ਮਹਿਲ ਹਨ। ਹੁਣ ਵਕਤ ਆਇਆ ਏ

ਮਹਿਲਾਂ ਦੀ ਹਵਾ ਫੱਕਣ ਦਾ। ਪਰ ਸਾਡੇ ਸਰਦਾਰਾਂ ਦਾ ਜੀਅ ਨਹੀਂ ਲੱਗਣਾ। ਹਵਾ ਰਾਸ ਨਹੀਂ ਆਉਣੀ।

—ਰਹਿਣਗੇ ਤੇ ਸਹੀ ਸਰਦਾਰ ਈ, ਪਰ ਸਰਦਾਰੀਆਂ ਲੈਣ ਲਈ। ਫ਼ਤਿਹ ਕਰਨਾ ਇਕ ਹੋਰ ਗੱਲ ਏ, ਰਾਜ ਕਰਨਾ ਇਕ ਕਸਬ ਏ।

—ਛੋਲਿਆਂ ਦੇ ਫੱਕੇ ਮਾਰਨੇ ਤੇ ਗੜਵੇ ਛਕਣੇ ਪਾਣੀ ਦੇ। ਡਕਾਰ ਮਾਰਨਾ ਬਦਾਮਾਂ ਦਾ। ਹੈਰਾਨ ਸਨ ਮੁਗ਼ਲ ਸਿਪਾਹੀ ਤੇ ਸ਼ਾਹੀ ਫ਼ੌਜ। ਇਨ੍ਹਾਂ ਕੁੱਤਿਆਂ ਨੂੰ ਛੋਲੇ ਖਾਣ ਤੇ ਲਾ ਲਿਐ।

ਕੜਾਹ ਪ੍ਰਸ਼ਾਦ ਬੜੇ ਸ਼ੌਕ ਤੇ ਮੁਤਬਰਕ ਸਮਝ ਕੇ ਲੈਂਦੇ ਹਨ।

ਜੇ ਕਿਤੇ ਹਾੜੀ-ਸਾਉਣੀ ਕੱਟ ਕੇ ਇਕ ਵਾਰ ਦਾਣੇ ਇਨ੍ਹਾਂ ਦੇ ਘਰ ਆ ਜਾਂਦੇ ਤੇ ਫੇਰ ਇਹ ਰਾਜੇ। ਇਹ ਅੱਧੇ ਸਿੱਖ ਤੇ ਅੱਧੇ ਰੁਹੇਲੇ ਜ਼ਰੂਰ ਬਣ ਜਾਂਦੇ।

ਅਬਦੁੱਲਾ ਡਰਦਾ ਸੀ ਕਿ ਬਾਦਸ਼ਾਹ ਨੂੰ ਬਾਰ-ਬਾਰ ਆਖਦਾ ਹਾਂ ਤੁਸੀਂ ਚੱਲੋ ਨਾਲ, ਪਰ ਬਾਦਸ਼ਾਹ ਨੇ ਨਾਂਹ ਕਰ ਦਿੱਤੀ।

—ਅਸੀਂ ਕਿੱਦਾਂ ਜਨਤਾ ਨੂੰ ਦੱਸਾਂਗੇ? ਜਨਤਾ ਸਾਡੇ ਮਗਰ ਕਿੱਦਾਂ ਲੱਗੇਗੀ। ਆਖ਼ਰਕਾਰ ਬਾਦਸ਼ਾਹ ਬਾਦਸ਼ਾਹ ਈ ਹੁੰਦੇ ਹਨ। ਮਿਰਜ਼ਾ ਜਹਾਨ ਖਾਂ ਸ਼ਹਿਜ਼ਾਦਾ ਸੀ। ਫਰਖੰਦਾ ਬਖ਼ਤ ਨੂੰ ਅਬਦੁੱਲੇ ਦੇ ਨਾਲ ਤੋਰ ਦਿੱਤਾ ਤੇ ਰੁਖ ਸੀ ਸਿੰਘ ਸਰਦਾਰਾਂ ਦੇ ਇਲਾਕਿਆਂ ਵੱਲ।

—ਬੱਚੂ ਚੱਲਿਆ ਤੇ ਹੈਂ, ਪਰ ਜੇ ਸਿੰਘਾਂ ਬੂਥੀ ਭੰਨ ਦਿੱਤੀ ਤੇ ਫੇਰ?

—ਖ਼ੁਦਾ ਮਾਲਕ! ਅੱਬਾ ਜਾਨ ਦੇ ਹੁਕਮ ਤੇ ਫੁੱਲ ਚੜ੍ਹਾਉਣੇ ਜ਼ਰੂਰੀ ਹਨ। ਨਾਂਹ ਵੀ ਤੇ ਨਹੀਂ ਸੀ ਨਾ ਕੀਤੀ ਜਾ ਸਕਦੀ।

—ਸਿੰਘ ਲੁਟੇਰੇ ਵੀ ਹਨ। ਜਦੋਂ ਇਹ ਹਰਨ ਹੁੰਦੇ ਨੇ ਤੇ ਉਦੋਂ ਪਤਾ ਵੀ ਨਹੀਂ ਲੱਗਦਾ।

—ਜ਼ਬਾਨ ਦੇ ਪੱਕੇ ਜ਼ਰੂਰ ਹਨ।

—ਤੁਹਾਨੂੰ ਰਕਮ ਚਾਹੀਦੀ ਏ ਲਗਾਨ ਚਾਹੀਦੈ। ਬਕਾਇਆ ਵਸੂਲ ਕਰਨੈ। ਇਹ ਹੋਣਾ ਨਹੀਂ। ਇੱਲ ਦੇ ਆਲ੍ਹਣੇ ਵਿਚੋਂ ਮਾਸ? ਸੱਜਣਾ! ਉਹ ਤੇ ਅੱਗੇ ਈ ਭੁੱਖੇ ਹਨ। ਉਨ੍ਹਾਂ ਤੁਹਾਨੂੰ ਕੀ ਦੇਣੈ।

—ਉਨ੍ਹਾਂ ਤੇ ਆਖਣਾ ਏ ਪ੍ਰਾਹੁਣੇ ਆਏ ਹੋ, ਧੰਨਭਾਗ। ਸਾਡੇ ਲਈ ਲਿਆਏ ਕੀ ਹੋ ਤੇ ਜਦੋਂ ਜਾਓਗੇ ਕੀ ਦੇ ਕੇ ਜਾਓਗੇ?

—ਗੁਜਰਾਤ ਵੱਲ ਚਲੇ ਜਾਣਾ ਸੀ ਹੈਦਰਾਬਾਦ, ਭੋਪਾਲ, ਗਵਾਲੀਅਰ ਕਿਸੇ ਪਾਸੇ ਮੂੰਹ ਕਰਦੇ ਦੌਲਤਾਂ ਈ ਦੌਲਤਾਂ ਮਿਲਦੀਆਂ। ਭੁੱਖੇ ਪੰਜਾਬ ਨੇ ਤੁਹਾਨੂੰ ਕੀ ਦੇਣੈ। ਉਹ ਤੇ ਅੱਗੇ ਈ ਢਿੱਡ ਵਜਾਉਂਦੇ ਫਿਰਦੇ ਹਨ।

—ਸਾਡੇ ਕੋਲ ਫ਼ੌਜ ਏ, ਤੋਪਾਂ ਨੇ, ਡਰਦੇ ਦੇਣਗੇ।

—ਇਹ ਤੋਪਾਂ, ਇਹ ਫ਼ੌਜ, ਖ਼ਾਲਸੇ ਨੇ ਕਈ ਵਾਰ ਵੇਖੀਆਂ ਨੇ। ਉਹਨਾਂ ਤੁਹਾਡੀਆਂ ਤੋਪਾਂ ਖੋਹ ਲੈਣੀਆਂ ਨੇ ਤੇ ਤੁਹਾਡੇ ਹੱਥ ਵਿਚ ਠੂਠਾ ਫੜਾ ਦੇਣਾ ਏ। ਜ਼ਰਾ ਕੁ ਸਮਝ ਕੇ ਹੱਥ ਪਾਇਓ। ਖੁੱਡ ਵਿਚੋਂ ਕਿਤੇ ਸੱਪ ਈ ਨਾ ਨਿਕਲ ਆਵੇ। ਤੁਹਾਡੇ ਸਾਹਮਣੇ ਪਟਿਆਲਾ, ਨਾਭਾ, ਸੰਗਰੂਰ, ਬਰਨਾਲਾ। ਜੇ ਕਿਤੇ ਦਲ ਪੁੱਜ ਗਿਆ ਤੇ ਟੁਕੜੇ ਥਹਿ ਕਰ ਦਿਊ। ਪਟਿਆਲਾ ਹੁਣ ਲੁੱਟਣ ਨਹੀਂ ਦਿੰਦੇ ਸਿੱਖ।

ਵਿਚਾਰੇ ਸ਼ਹਿਜ਼ਾਦੇ ਨੂੰ ਸੂਲੀ ਤੇ ਕਿਉਂ ਚੜ੍ਹਾਉਣ ਚੱਲੇ ਹੋ।

144

ਨਜ਼ਰਾਨੇ

ਮਿਰਜ਼ਾ ਨਜਫ਼ ਖ਼ਾਂ ਦੇ ਕਾਨੂੰਗੋ ਨੂੰ ਹਟਾ ਕੇ ਉਹਦੀ ਜਗ੍ਹਾ ਤੇ ਆਪਣੇ ਬੰਦੇ ਲਾ ਦਿੱਤੇ। ਸ਼ਾਹੀ ਲਸ਼ਕਰ ਕਰਨਾਲ ਦੀ ਹੱਦ ਵਿਚ ਜਾ ਵੜਿਆ ਤੇ ਉਹਦੇ ਨਾਲ ਜੀਂਦ ਦਾ ਰਾਜਾ ਗੱਜਪਤ ਸਿੰਘ ਵੀ ਆਣ ਰਲਿਆ। ਅਬਦੁੱਲੇ ਨੂੰ ਲਾਲੀਆਂ ਚੜ੍ਹ ਗਈਆਂ। ਜ਼ਰਾ ਵੀ ਸ਼ੱਕ ਨਾ ਪਿਆ ਕਿ ਮੈਂ ਘੇਰੇ ਵਿਚ ਜਾ ਰਿਹ ਹਾਂ। ਸਿੰਘਾਂ ਨੇ ਚੱਕਰਵਿਊ ਰਚਾਇਆ ਹੋਇਐ। ਉਹਦੇ ਵਿਚ ਫਸਿਆ ਬੰਦਾ ਨਿਕਲਣਾ ਬਹੁਤ ਮੁਸ਼ਕਲ ਏ।

ਪਹਿਲੀ ਵੇਰ ਰਾਜੇ ਦੀ ਮੁਲਾਕਾਤ ਸ਼ਹਿਜ਼ਾਦੇ ਨਾਲ ਹੋਈ। ਸ਼ਾਹੀ ਜਾਹੋ-ਜਲਾਲ ਸੀ। ਦੋ ਲੱਖ ਰੁਪਈਆ ਨਜ਼ਰਾਨੇ ਵਜੋਂ ਪੇਸ਼ ਕੀਤਾ ਗਿਆ ਤੇ ਅਰਜ਼ ਕੀਤੀ—ਮੈਂ ਛੋਟਾ ਆਦਮੀ ਹਾਂ। ਮੈਂ ਵਿਤ ਤੋਂ ਜ਼ਿਆਦਾ ਛਾਲ ਮਾਰੀ ਏ।

—ਤੇਰਾ ਇਹੋ ਹੀ ਲੱਖਾਂ ਹਜ਼ਾਰਾਂ ਵਰਗਾ ਏ। ਮਿਲ ਗਿਆ ਤੇ ਦੁੱਧ ਬਰਾਬਰ, ਮੰਗ ਲਿਆ ਸੋ ਪਾਣੀ। ਅੱਗੇ ਤੇ ਇਕ ਮਾਣ ਨਹੀਂ ਸੀ, ਹੁਣ ਦੋ ਹੋ ਗਏ।

—ਇਕ ਵਾਰ ਫੇਰ ਦਿੱਲੀ ਦੇ ਤਖ਼ਤ ਨੂੰ ਸਲਾਮਾਂ ਕਰਨੀਆਂ ਨੇ। ਤੁਹਾਡਾ ਕੀ ਵਿਗੜਦੈ। ਚਾਰ ਯਾਰ ਬਣ ਗਏ ਤੇ ਫੇਰ ਦਿੱਲੀ ਦੇ ਤਖ਼ਤ ਦੀ ਜੈ-ਜੈਕਾਰ ਹੋ ਜਾਏਗੀ।

—ਅਹਿਮਦ ਸ਼ਾਹ ਅਬਦਾਲੀ ਆਪਣੇ ਸਾਰੇ ਮੁਤਬੰਨੇ ਦਿੱਲੀ 'ਚ ਛੱਡ ਗਿਆ ਏ। ਸਿੰਘਾਂ ਦਿੱਲੀ ਵੱਲ ਆਉਣਾ ਨਹੀਂ ਤੇ ਫੇਰ ਚਾਰੇ ਚੱਕ ਜਾਗੀਰਾਂ ਨੇ।

—ਜ਼ਬਾਨੀ-ਜ਼ਬਾਨੀ ਦੋ ਲੱਖ ਦੇਣਾ ਸਵੀਕਾਰ ਕਰ ਲਿਆ ਏ। ਜਦ ਵਸੂਲ ਕਰੋਗੇ ਤੇ ਵੇਖਿਆ ਜਾਊ। ਇਹ ਗੱਲ ਬਘੇਲ ਸਿੰਘ ਨੇ ਵੀ ਆਖੀ ਸੀ। ਸਰਦਾਰ ਛੋਟਾ ਏ। ਡਰਦੇ ਨੇ ਇਕਰਾਰ ਕਰ ਲਿਐ। ਜੀਂਦ ਜਾਏਗਾ ਤਦ ਜਾ ਕੇ ਰੁਪਈਆ ਕੱਠਾ ਕਰੇਗਾ। ਤਦ ਹਾਜ਼ਰੀ ਭਰੇਗਾ ਹਜ਼ੂਰ ਦੀ।

—ਇਤਬਾਰ ਤੇ ਜਮਾਉਣਾ ਸੀ ਗਜਪਤ ਸਿੰਘ ਦੇ ਵਜ਼ੀਰ ਨੇ ਇਕ ਲੱਖ ਰੁਪਈਆਂ ਦੀਆਂ ਗੰਢਾਂ ਲਿਆ ਕੇ ਹਾਜ਼ਰ ਕੀਤੀਆਂ।

ਇਕ ਵਾਰ ਧਰਵਾਸ ਹੋ ਗਈ। ਇਤਬਾਰ ਬੱਝ ਗਿਆ।

—ਰੁਪਈਆ ਆ ਜਾਏਗਾ ਰਾਜਾ ਜੀ। ਅਸਾਂ ਹਕੂਮਤ ਖਿੱਲਰੀ ਹੋਈ ਨੂੰ ਇਕੱਠਾ ਕਰਨੈ। ਇਹ ਇਸੇ ਤਰ੍ਹਾਂ ਹੋ ਸਕਦੀ ਏ। ਇਹਦਾ ਇਕੋ ਇਲਾਜ ਏ। ਪੁਰਾਣੇ ਯਾਰ ਬੇਲੀ ਇਕੱਠੇ ਕਰੋ ਕੁਝ ਉਨ੍ਹਾਂ ਨੂੰ ਦਿਓ ਤੇ ਕੁਝ ਆਪ ਖਾਓ। ਖਿੱਲਰੀ ਹਕੂਮਤ ਆਪੇ ਇਕੱਠੀ ਹੋ ਜਾਏਗੀ।

ਸ਼ਹਿਜ਼ਾਦਾ ਦੀ ਹਜ਼ੂਰੀ ਵਿਚ ਗਿਆ ਰਾਜਾ, ਹੱਥ ਜੋੜੇ—ਸੁਣਾਓ ਵਲੀ ਅਹਿਦ ਸਾਡਾ ਰੇਤਲਾ ਇਲਾਕਾ ਪਸੰਦ ਆਇਐ?

—ਗਰਮੀ ਬਹੁਤ ਏ ਹਨੇਰੀਆਂ ਬਹੁਤ ਆਉਂਦੀਆਂ ਨੇ, ਧੂੜ ਉਡਦੀ ਏ, ਰੇਤ ਈ

ਰੇਤ ਪਤਾ ਨਹੀਂ ਤੁਸੀਂ ਕਿੱਦਾਂ ਜ਼ਿੰਦਗੀ ਕੱਟ ਰਹੇ ਹੋ। ਅਸੀਂ ਤੇ ਏਥੇ ਇਕ ਪਲ ਵੀ ਨਹੀਂ ਕੱਟ ਸਕਦੇ। ਨਜ਼ਰਾਨੇ ਘੱਟ ਮਿਲੇ ਹਨ, ਦਲ ਵਾਲਿਆਂ ਦੀਆਂ ਜਾਗੀਰਾਂ ਹਨ। ਅਜੇ ਤਕ ਇਨ੍ਹਾਂ ਦੇ ਚੰਗੀ ਤਰ੍ਹਾਂ ਪੈਰ ਨਹੀਂ ਲੱਗੇ। ਲਗਾਨ ਮਾਰਿਆ ਨਹੀਂ ਜਾਣ ਲੱਗਾ, ਪਰ ਮਿਲੇਗਾ ਹੌਲੀ-ਹੌਲੀ।

ਘੇਰਾ ਕਾਫ਼ੀ ਲੰਬਾ ਸੀ। ਜਥੇ ਆਪਣੇ ਪਾਸੇ ਆਪਣਾ ਜਾਲ ਵਿਛਾਈ ਜਾ ਰਹੇ ਸਨ। ਬਘੇਲ ਸਿੰਘ ਤੇ ਗੱਜਪਤ ਸਿੰਘ ਨੇ ਜਿਹੜੀ ਆਪ ਸਲਾਹ ਕਰ ਲਈ ਉਹੋ ਗੱਲ ਮਨਵਾਉਂਦੇ ਸ਼ਹਿਜ਼ਾਦੇ ਨੂੰ।

—ਅੱਬਾ ਹਜ਼ੂਰ ਨੇ ਆਖਿਆ ਏ ਕਿ ਫ਼ੌਜ ਵੀ ਚਾੜ੍ਹੀ ਤੇ ਮਿਲਿਆ ਵੀ ਕੁਝ ਨਾ। ਇਹ ਤੇ ਕਿਸਮਤ ਦੇ ਗੱਫੇ ਹਨ। ਕਦੀ ਭਰੇ ਮਿਲ ਗਏ ਤੇ ਕਦੀ ਖ਼ਾਲੀ ਹੱਥ। ਇਕ ਅਸਾਮੀ ਹੋਰ ਏ।

—ਭਾਈ ਦੇਸੂ ਸਿੰਘ।

—ਬਰਸਾਤ ਸ਼ੁਰੂ ਹੋ ਗਈ ਏ। ਪਾਣੀ ਬਹੁਤ ਏ, ਨਦੀਆਂ ਚੜ੍ਹੀਆਂ ਹੋਈਆਂ ਨੇ। ਕੁਝ ਦਿਨ ਏਥੇ ਕੱਟੇ ਜਾਣ। ਨਾਲੇ ਖਾਓ ਤੇ ਨਾਲੇ ਰੰਨਾਂ ਤਾੜੋ। ਸਾਮੀ ਮੋਟੀ ਏ। ਜਿੰਨਾ ਨਿਚੋੜਿਆ ਜਾ ਸਕਦਾ ਏ ਨਿਚੋੜਾਂਗੇ।

ਅਬਦੁੱਲਾ ਚਾਹੁੰਦਾ ਸੀ ਕਿ ਸ਼ਹਿਜ਼ਾਦਾ ਕਰ ਵਸੂਲ ਕਰੀ ਜਾਏ, ਪਰ ਇਨ੍ਹਾਂ ਭੁੱਖਿਆਂ ਕੋਲੋਂ ਕੀ ਲੱਭਣਾ ਸੀ।

ਦਬਕਾ ਮਾਰਿਆ। ਭਾਈ ਹੋਰਾਂ ਦੀ ਇਕ ਵਾਰ ਤੇ ਹਵਾ ਈ ਕੱਢ ਦਿੱਤੀ—ਤੇਰਾ ਲਗਾਨ ਕਈਆਂ ਸਾਲਾਂ ਦਾ ਬਾਕੀ ਏ। ਕਿਤੇ ਤੇਰੇ ਖ਼ਾਤੇ 'ਚ ਇਕ ਕੌਡੀ ਵੀ ਜਮ੍ਹਾ ਨਹੀਂ ਹੋਈ। ਦੱਸ ਅਸੀਂ ਤੇਰੇ ਤੇ ਕਿੱਦਾਂ ਮਿਹਰਬਾਨੀ ਕਰ ਸਕਦੇ ਹਾਂ? ਭਾਈ ਜੀ ਕੁਝ ਝੋਲੀ 'ਚ ਪਾਓ ਤੇ ਫੇਰ ਤੁਹਾਡੀਆਂ ਮਿੰਨਤਾਂ ਵੀ ਮੰਨ ਲਵਾਂਗੇ ਤੇ ਗੱਲ ਵੀ ਬਣ ਜਾਊ। ਇਹ ਸਲਾਹ ਦਿੱਤੀ ਗਜਪਤ ਨੂੰ।

—ਏਦਾਂ ਤੇ ਕਦੀ ਹੋਇਆ ਨਹੀਂ। ਕੀ ਇਹਦੇ ਨਾਲ ਦਲ ਵਾਲਿਆਂ ਦੀ ਇੱਜ਼ਤ ਨੂੰ ਵੱਟਾ ਨਾ ਲੱਗੂ।

ਗੱਲ ਫਸ ਗਈ, ਇਹਨੂੰ ਝਟਕਾ ਮਾਰਨਾ ਜ਼ਰੂਰੀ ਏ। ਅਜੇ ਦਲ ਦੀ ਲੋੜ ਨਹੀਂ। ਜਿੰਨਾ ਉਗਰਾਹ ਲਏ ਉਹ ਸਭ ਸਾਡਾ ਈ ਮਾਲ ਏ ਤੇ ਅਸਾਂ ਈ ਖੋਹ ਲੈਣੈ। ਦਲ ਵਾਲੇ ਏਸ ਤਰ੍ਹਾਂ ਸੋਚਦੇ ਸਨ।

ਆਖ਼ਰ ਮਜਬੂਰੀ ਵਿਚ ਹਾਂ ਕਰ ਦਿੱਤੀ। ਸੌਦਾ ਮੁੱਕਿਆ ਆਣ ਕੇ ਦੋ ਲੱਖ ਰੁਪਈਏ ਤੇ। ਉਹ ਮੰਗਦਾ ਸੀ ਤਿੰਨ ਲੱਖ।

ਏਸ ਤਕਰਾਰ ਵਿਚ ਓਸ ਪੰਜ ਲੱਖ ਦੀ ਰਕਮ ਮੰਗਣੀ ਸ਼ੁਰੂ ਕਰ ਦਿੱਤੀ, ਪਰ ਵਿਚ ਪੈ ਕੇ ਭਾਈ ਦੇਸੂ ਸਿੰਘ ਨੇ ਦੋ ਲੱਖ ਰੁਪਈਆ ਦੇਣ ਦਾ ਵਾਅਦਾ ਕਰ ਲਿਆ ਤੇ ਇਕ ਸ਼ਰਤ ਰੱਖੀ ਕਿ ਜਦ ਤਕ ਮੈਂ ਕਰਨਾਲ ਨਹੀਂ ਜਾਂਦਾ ਇਹ ਰਕਮ ਤਾਰੀ ਨਹੀਂ ਜਾ ਸਕਦੀ। ਬੁਰੀਆਂ ਸ਼ਾਮਤਾਂ ਨੂੰ ਕੈਥਲ ਵਾਲੇ ਨੂੰ ਵੀ ਜੂੜ ਕੇ ਲੈ ਆਂਦਾ ਤੇ ਉਹਦੇ ਨਾਲ ਚੌਧਰੀ, ਸਰਪੰਚ ਤੇ ਹੋਰ ਛੋਟੇ-ਮੋਟੇ ਸਰਦਾਰ ਵੀ ਫੜ ਲਏ।

ਗੱਲ ਇਕੋ ਈ ਆਖੇ ਅਬਦੁੱਲਾ। ਰਕਮ ਦਿਓ ਤੇ ਖ਼ਲਾਸੀ ਕਰਵਾ ਲਵੋ।

ਹਾੜੇ ਕੱਢੇ ਮਿੰਨਤਾਂ ਕੀਤੀਆਂ। ਜ਼ਾਮਨੀ ਦਿੱਤੀ ਗਜਪਤ ਸਿੰਘ ਨੇ ਬਘੇਲ ਸਿੰਘ ਦੀ।

ਅਬਦੁੱਲਾ ਮੰਨ ਗਿਆ, ਪਰ ਵਿਚ ਇਕ ਨੇ ਭਾਨੀ ਮਾਰੀ—ਰਕਮ ਵਸੂਲ ਕੌਣ ਕਰੂ ? ਇਹਦੇ ਘਰ ਵਿਚ ਬੜੀ ਕੜਕੀ ਏ। ਵਿਚਾਰਾ ਡਰਦਾ ਹਾਂ ਕਰ ਬੈਠਾ ਏ।

ਪਰ ਬਘੇਲ ਸਿੰਘ ਨੇ ਆਖਿਆ—ਫੇਰ ਕੀ ਹੋਇਆ ਝੜੋਲੀਆਂ ਫੈਲਣ ਦਿਓ, ਯਾਰ ਬੇਲੀ ਠੱਗਣ ਦਿਓ ਰਕਮ ਤੇ ਇਕੱਠੀ ਹੋ ਜਾਊ, ਜਾਏਗਾ ਕਿੱਥੇ ?

ਹੁਣ ਬਘੇਲ ਸਿੰਘ ਅਬਦੁੱਲੇ ਵੱਲ ਦੀ ਗੱਲ ਕਰ ਰਿਹਾ ਸੀ। ਅਬਦੁੱਲੇ ਨੇ ਸ਼ਹਿਜ਼ਾਦੇ ਕੋਲ ਆਗਿਆ ਲੈ ਦਿੱਤੀ।

—ਤੇ ਇਹ ਬੁਰਛੇ ਕਿੱਧਰ ਜਾਣਗੇ ?

ਇਹ ਵੀ ਰਕਮ ਤਾਰਣਗੇ ਤੇ ਇਹ ਵੀ ਘਰ ਨੂੰ ਜਾਣ।

—ਖ਼ਾਨ ਬਹਾਦਰ, ਤੁਸੀਂ ਸੁੱਤੇ ਸੱਪਾਂ ਨੂੰ ਨਾ ਛੇੜੋ। ਜੇ ਇਹ ਭੂਤਰ ਗਏ ਤੇ ਸੰਭਾਲਣੇ ਮੁਸ਼ਕਲ ਹੋ ਜਾਣਗੇ।

ਮੋਟੀ ਮੱਤ ਵਾਲਾ ਸੀ ਅਬਦੁੱਲਾ। ਉਹ ਨਹੀਂ ਸੀ ਜਾਣਦਾ ਕਿ ਘੇਰਾ ਸੌੜਾ ਹੁੰਦਾ ਜਾ ਰਿਹੈ। ਜੇ ਖ਼ਾਲਸਾ ਭੂਤਰ ਗਿਆ ਤੇ ਫੇਰ ਰੱਬ ਈ ਵਾਲੀ ਏ।

ਸਲਾਹ ਏਥੇ ਆਣ ਕੇ ਮੁੱਕੀ ਕਿ ਜੋ ਕੁਝ ਮਿਲਦਾ ਏ ਝੋਲੀ 'ਚ ਪਵਾ ਲਵੋ ਤੇ ਛੱਡ ਦਿਓ। ਲਸ਼ਕਰ ਦਾ ਖ਼ਰਚ ਬਹੁਤ ਏ ਸ਼ਾਹੀ ਖ਼ਜ਼ਾਨੇ 'ਚ ਫੁੱਟੀ ਕੌਡੀ ਨਹੀਂ।

ਚੜ੍ਹਨਾ ਜੰਗ ਉੱਤੇ ਤੇ ਕੰਨੀਆਂ ਸੱਖਣੀਆਂ ਰੱਖਣੀਆਂ। ਸਰਕਾਰ ਦਿੱਲੀ ਭੇਜੇ ਬੰਦੇ। ਰਕਮ ਲਿਆਉਣ, ਏਥੇ ਭੁੱਖੇ ਰੰਗੜਾਂ ਕੋਲੋਂ ਕੁਝ ਨਹੀਂ ਮਿਲਣਾ।

—ਸਰਦਾਰਾਂ ਨੇ ਘੇਰ ਕੇ ਮਾਰਨਾ ਏ, ਬਦਨਾਮੀ ਸ਼ਹਿਜ਼ਾਦੇ ਦੀ। ਰਕਮ ਤੇਰੀ ਬਹੁਤ ਘੱਟ ਏ, ਫੇਰ ਇਲਾਕਾ ਲੁੱਟ ਲਵੇ।

—ਹਜ਼ੂਰ ਜੇ ਬਗ਼ਾਵਤ ਹੋ ਗਈ ਤੇ ਫੇਰ ਸੰਭਾਲੂ ਕੌਣ , ਇਹ ਸਾਰੀਆਂ ਓਪਰੀਆਂ-ਓਪਰੀਆਂ ਗੱਲਾਂ ਸਨ।

145

ਜਾਂਦੇ ਚੋਰ ਦੀ ਲੰਗੋਟੀ ਸਹੀ

ਸਰਦਾਰਾਂ, ਚੌਧਰੀਆਂ ਤੇ ਸਰਪੰਚਾਂ ਨੇ ਆਪਣੀ ਜਾਨ ਦੀ ਖ਼ਲਾਸੀ ਕਰਵਾ ਲਈ। ਪਰ ਚੌਧਰੀ ਦੇਸੂ ਸਿੰਘ ਨੂੰ ਕੜੇ ਪਹਿਰੇ ਵਿਚ ਰੱਖ ਲਿਆ ਤੇ ਬਾਕੀ ਸਰਦਾਰ ਲੱਲਾ-ਬੁੱਤਾ ਕਰਕੇ ਘਰ ਚਲੇ ਗਏ।

ਉਨ੍ਹਾਂ ਬੁੱਢੇ ਦਲ ਦੇ ਅੱਗੇ ਜਾ ਕੇ ਰੋਇਆ ਪਿੱਟਿਆ। ਸਾਡੀ ਪੱਤ ਲੁੱਟ ਲਈ ਏ ਖ਼ਾਨ ਨੇ। ਸਾਡਾ ਪਿੱਛਾ ਵੀ ਨਹੀਂ ਕੀਤਾ ਦਲ ਵਾਲਿਆਂ ਨੇ। ਅਸੀਂ ਮਰ ਗਏ ਸਾਡੀ ਵਾਤ ਲਵੋ।

—ਦੇਸੂ ਸਿੰਘ ਦੀ ਕੋਈ ਜ਼ਮਾਨਤ ਦਿਊ ਤਾਂ ਤੇ ਖ਼ਲਾਸੀ ਹੋਊ।

ਰਕਮ ਤਿੰਨ ਲੱਖ ਦੀ ਸੀ। ਦੋ ਲੱਖ ਮਾਫ਼ ਕਰਵਾ ਦਿੱਤਾ।

ਦੇਸੂ ਸਿੰਘ ਗੁਰੂ ਘਰ ਦੇ ਸ਼ਰਧਾਲੂਆਂ ਵਿਚੋਂ ਸੀ ਤੇ ਬੁੱਢੇ ਦਲ ਦੇ ਪਿਆਰੇ ਜੇਟੀਦਾਰ ਸਰਦਾਰਾਂ ਦਾ ਯਾਰ ਸੀ। ਵਿਚਾਰਾਂ ਪਈਆਂ ਦਲ ਵਿਚ, ਹੁਣ ਕੀ ਕੀਤਾ ਜਾਏ ?

ਆਖ਼ਰ ਬਘੇਲ ਸਿੰਘ ਦੇ ਬੰਦਿਆਂ ਨੇ ਆਣ ਕੇ ਦੱਸਿਆ। ਘੇਰਾ ਹੋਰ ਸੌੜਾ ਹੋ ਗਿਐ ਪਰ ਅਜੇ ਵੀ ਸੱਟ ਨਹੀਂ ਮਾਰੀ ਜਾ ਸਕਦੀ। ਕੁਝ ਦਿਨ ਹੋਰ ਇੰਤਜ਼ਾਰ ਕਰਨਾ ਪਵੇਗਾ।

—ਭਾਈ ਦੇਸੂ ਸਿੰਘ ਦੀ ਤੇ ਉਨ੍ਹਾਂ ਕੁੱਟ-ਕੁੱਟ ਕੇ ਜਾਨ ਕੱਢ ਦੇਣੀ ਏ।

—ਮਰ ਨਹੀਂ ਚੱਲਿਆ। ਅਸੀਂ ਸ਼ਹਿਜ਼ਾਦੇ ਨੂੰ ਸ਼ੀਸ਼ੇ 'ਚ ਉਤਾਰ ਕੇ ਵੇਖਦੇ ਹਾਂ। ਅਨਾੜੀ ਸ਼ਹਿਜ਼ਾਦਾ ਸਾਡੇ ਜਾਲ 'ਚ ਫਸ ਗਿਆ ਤੇ ਸਮਝੋ ਇਹ ਆਖ਼ਰੀ ਲੜਾਈ ਹੋਵੇਗੀ। ਮੁੜ ਕੇ ਦਿੱਲੀ ਵਾਲੇ ਏਧਰ ਮੂੰਹ ਨਹੀਂ ਕਰਨ ਲੱਗੇ।

ਫ਼ੈਸਲਾ ਏਸ ਗੱਲ ਤੇ ਹੋਇਆ ਭਾਈ ਦੇਸੂ ਸਿੰਘ ਨੂੰ ਛੱਡ ਦਿਓ ਉਹਦੇ ਬਦਲੇ ਉਹਦੇ ਭਰਾ ਨੂੰ ਹਿਰਾਸਤ 'ਚ ਰੱਖ ਲਵੋ।

ਭਰਾ ਨੇ ਭਰਾ ਦੇ ਵਾਸਤੇ ਆਪਣੀ ਜਾਨ ਜੋਖ਼ਮ ਵਿਚ ਪਾ ਲਈ। ਰਕਮ ਤਰ ਜਾਏ ਤੇ ਫੇਰ ਛੱਡ ਦੇਣਾ। ਭਰਾ ਘਰ ਜਾਏਗਾ ਤੇ ਇੰਤਜ਼ਾਮ ਕਰਕੇ ਰਕਮ ਤਾਰੀ ਜਾਏਗੀ।

—ਫ਼ੈਸਲਾ ਮੁੱਕ ਗਿਆ ਤੇ ਦੇਸੂ ਸਿੰਘ ਨੂੰ ਇਜਾਜ਼ਤ ਮਿਲ ਗਈ। ਓਸ ਘੋੜੇ ਤੇ ਪਲਾਕੀ ਮਾਰੀ ਤੇ ਸਰਕਾਰਾਂ ਹਰਨ ਹੋ ਗਈਆਂ। ਹੁਣ ਤੂੰ ਕੌਣ ਤੇ ਮੈਂ ਕੌਣ।

ਸਿੰਘ ਜਿਹੜੇ ਫ਼ੌਜ 'ਚ ਭਰਤੀ ਸਨ ਉਹ ਕੜਾਕੇ ਵਿਚ ਈ ਦਿਨ ਕੱਟ ਰਹੇ ਸਨ। ਉਨ੍ਹਾਂ ਦਾ ਤੇ ਗੁਜ਼ਾਰਾ ਹੋ ਗਿਆ, ਪਰ ਸ਼ਾਹੀ ਫ਼ੌਜ ਲਿੱਲੜੀਆਂ ਲੈ ਰਹੀ ਸੀ। ਭੁੱਖ ਨੇ ਉਨ੍ਹਾਂ ਦੀ ਜਾਨ ਲਬਾਂ ਤੇ ਲਿਆ ਦਿੱਤੀ। ਸਿੰਘ ਤੇ ਛੋਲੇ ਖਾਣਾ ਜਾਣਦੇ ਸਨ ਘੜੇ ਦਾ ਪਾਣੀ ਪੀਤਾ ਤੇ ਟਾਹਰਾਂ ਮਾਰਨ ਜੋਗੇ ਹੋ ਗਏ।

ਬਗ਼ਾਵਤ ਸ਼ਾਹੀ ਫ਼ੌਜ ਨੇ ਕੀਤੀ ਤੇ ਮੁੱਢ ਬੰਨ੍ਹ ਦਿੱਤਾ। ਸਿੱਖ ਫ਼ੌਜੀ ਅਜੇ ਵੀ ਹਮਦਰਦੀ ਵਿਖਾ ਰਹੇ ਸਨ। ਭੁੱਖੇ ਫ਼ੌਜੀ ਇਕੱਠੇ ਹੋਏ ਤੇ ਉਨ੍ਹਾਂ ਇਕ ਪਿੰਡ ਲੁੱਟ ਲਿਆ, ਦੂਜੇ ਪਿੰਡ ਵਾਲਿਆਂ ਤੋਂ ਮੱਕੀ, ਕਣਕ ਤੇ ਬਾਜਰਾ ਇਕੱਠਾ ਕਰ ਲਿਆ ਤੇ ਬੱਕਰੇ ਵਾੜੇ ਵਿਚੋਂ ਫੜ ਲਏ। ਬਗ਼ਾਵਤ ਆਪਣੇ ਜਲਾਲ ਵਿਚ ਆ ਗਈ। ਮੰਗ ਸੀ,

—ਤਨਖ਼ਾਹ ਦਿਓ ਤੇ ਪਿਛਲਾ ਬਕਾਇਆ ਵੀ ਨਾਲ।

ਸ਼ਹਿਜ਼ਾਦੇ ਦੇ ਪ੍ਰਾਣ ਖੁਸ਼ਕ ਹੋ ਗਏ। ਅਬਦੁੱਲਾ ਬੁਜ਼ਦਿਲ ਤੇ ਹੈ ਈ ਸੀ, ਬਗ਼ਾਵਤ ਨਾ ਦੱਬੀ, ਰਸਦ ਭਾਵੇਂ ਆ ਈ ਗਈ ਸੀ।

ਫਿਰ ਸਲਾਹਾਂ ਹੋਈਆਂ ਤੇ ਪੂਰਨਾ ਇਹ ਪਿਆ ਕਿ ਨਜ਼ਰਾਨੇ ਵਾਲੀ ਰਕਮ ਵਿਚੋਂ ਕੁਝ ਦਿੱਤਾ ਜਾਏ। ਫ਼ੌਜ ਭੜਕੀ ਹੋਈ ਸਾਂਭਣੀ ਮੁਸ਼ਕਲ ਹੋ ਜਾਏਗੀ।

ਅਬਦੁੱਲਾ ਆਪਣੇ ਭਰਾ ਕਾਸਮ ਦੇ ਖ਼ੂਨ ਦਾ ਬਦਲਾ ਲੈਣਾ ਚਾਹੁੰਦਾ ਸੀ। ਉਹਦੇ ਸਿਰ ਤੇ ਭੂਤ ਸਵਾਰ ਸੀ। ਸਾਰੀ ਫ਼ੌਜ ਦਾ ਫ਼ਾਤਿਆ ਈ ਪੜ੍ਹਿਆ ਜਾਣਾ ਸੀ। ਸ਼ਹਿਜ਼ਾਦਾ ਤੇ ਕੜਿੱਕੀ 'ਚ ਫੱਸ ਗਿਆ।

ਦਲ ਵਾਲਿਆਂ ਨੇ ਆਪਣੇ ਮੁੱਖੜੇ ਵਿਖਾਉਣੇ ਸ਼ੁਰੂ ਕਰ ਦਿੱਤੇ, ਪਰ ਅਬਦੁੱਲਾ ਨਸ਼ੇ ਵਿਚ ਈ ਗ਼ਲਤਾਨ ਰਿਹਾ।

ਦਲ ਵਿਚੋਂ ਆਵਾਜ਼ਾਂ ਆ ਰਹੀਆਂ ਸਨ—ਅਬਦੁੱਲਾ ਬੇਈਮਾਨ ਤੇ ਧੋਖੇਬਾਜ਼ ਏ। ਇਹ ਇਤਬਾਰ ਕਰਨ ਦੇ ਯੋਗ ਨਹੀਂ। ਭੂਤਰਿਆ ਦਲ ਤਾਂ ਫੇਰ ਕਾਬੂ ਕਰਨਾ ਮੁਸ਼ਕਲ ਹੋ ਜਾਏਗਾ। ਹੁਣੇ-ਹੁਣੇ ਇਹਨੂੰ ਸੰਭਾਲ ਲਵੋ।

ਦੇਸੂ ਸਿੰਘ ਨੇ ਸਿਰ ਤੇ ਬਾਂਹਵਾ ਰੱਖ ਕੇ ਹਾਕਾਂ ਮਾਰੀਆਂ। ਹਾਏ ਮੈਂ ਮਾਰਿਆ ਗਿਆ। ਮੇਰੀ ਪੱਤ ਲੁੱਟੀ ਗਈ।

ਭਾਈ ਲਾਲ ਸਿੰਘ ਨੇ ਝਕਾਨੀ ਦਿੱਤੀ, ਪਿਸ਼ਾਬ ਕਰਨ ਦੇ ਬਹਾਨੇ ਛਾਲ ਮਾਰੀ ਤੇ ਸ਼ਾਹੀ ਫ਼ੌਜ ਦਾ ਘੋੜਾ ਫੜਿਆ ਤੇ ਪਲਾਕੀ ਮਾਰੀ, ਸਰਕਾਰਾਂ ਹਰਨ ਹੋ ਗਈਆਂ। ਜ਼ਮਾਨਤ ਟੁੱਟ ਗਈ।

ਭਾਵੇਂ ਇਹਦੇ ਵਿਚ ਗਜਪਤ ਸਿੰਘ ਦਾ ਹੱਥ ਸੀ, ਜ਼ਾਹਰ ਨਾ ਹੋਇਆ।

—ਨੱਸ ਗਿਆ—ਨੱਸ ਗਿਆ, ਫੜ ਲਵੋ।

—ਜਾਓ ਮੁੜ ਜਾਓ। ਖ਼ਾਲਸਾ ਹਰਨ ਹੋਇਆ ਕਦੀ ਫੜਿਆ ਨਹੀਂ ਗਿਆ। ਮੂਰਖ ਨਾ ਬਣੋ ਆਪਣੀ ਜਾਨ ਬਚਾਓ।

ਮੁੜੇ ਫ਼ੌਜੀ, ਅਬਦੁੱਲੇ ਦੀ ਪੱਗ ਦੇ ਪੇਚ ਢਿੱਲੇ ਹੋ ਗਏ। ਸ਼ਾਹੀ ਫ਼ੌਜ ਦਾ ਦਬਦਬਾ ਮਿੱਟੀ 'ਚ ਰੁਲ ਗਿਆ।

ਅਬਦੁੱਲੇ ਦਾ ਮਨ ਬਦਲਿਆ ਤੇ ਉਸ ਸਲਾਹ ਕੀਤੀ। ਬਘੇਲ ਸਿੰਘ ਨੇ ਆਖਿਆ ਗਜਪਤ ਸਿੰਘ ਨੂੰ ਕੈਦ ਕਰ ਲਵੋ।

ਫਿਰ ਵਿਚਾਰ ਹੋਈ। ਇਹਦੇ ਬੰਦੇ ਖ਼ੂਨ-ਖ਼ਰਾਬਾ ਕਰਨਗੇ। ਇਹ ਵੀ ਗੱਲ ਨੇਪਰੇ ਨਾ ਚੜ੍ਹੀ। ਦਲ ਦਾ ਘੇਰਾ ਹੋਰ ਸੌੜਾ ਹੋ ਗਿਆ।

ਬਘੇਲ ਸਿੰਘ ਦਾ ਖ਼ਿਆਲ ਸੀ ਕਿ ਫ਼ੌਜ ਨੂੰ ਇਕ ਵਾਰ ਕੰਨਾਂ ਨੂੰ ਹੱਥ ਲਵਾ ਦਿਓ ਮਾਰੋ ਨਾ ਤੇ ਨਾ ਕਤਲ ਈ ਕਰੋ। ਇਕ ਵਾਰ ਕੌਡੀ ਖੇਡੋ। ਪਿੰਜਰਾ ਖੋਲ੍ਹ ਦਿਓ, ਤੋਤਾ ਉਡਾ ਦਿਓ। ਅਬਦੁੱਲਾ ਮੂੰਹ ਵੇਖਦਾ ਰਹਿ ਜਾਏ।

ਸਿੱਖ ਕੈਦ 'ਚ ਨਹੀਂ ਰਹਿ ਸਕਦਾ। ਗਰਦਨ ਕਟਵਾ ਸਕਦੈ, ਚਲੋ ਛੱਡੋ ਅੱਲਾ ਮਾਲਕ। ਹੁਣ ਜੋ ਭਾਅ ਪਈ ਏ ਕੱਟੋ।

146

ਹੁਣ ਨਿਸ਼ਾਨਾ ਪਟਿਆਲਾ ਸੀ

ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ! ਜੇ ਨਜ਼ਰਾਨੇ ਲੈਣੇ ਆਉਂਦੇ ਨੇ ਫੇਰ ਨਜ਼ਰਾਨੇ ਦੇਣੇ ਵੀ ਪੈਂਦੇ ਨੇ। ਸ਼ਾਹੀ ਲਸ਼ਕਰ ਚੜ੍ਹਿਆ ਸੀ ਕੁਝ ਨਾ ਕੁਝ ਦਖਸ਼ਨਾ ਦੇਣੀ ਪਊ।

ਮਹਾਰਾਜਾ ਅਮਰ ਸਿੰਘ ਪਟਿਆਲੇ ਦੇ ਨਰੇਸ਼ ਨੇ ਸੋਚਿਆ ਕਿ ਪਹਿਲਾਂ ਨਜ਼ਰਾਨਾ ਭੇਜ ਦੇਂਦੇ ਹਾਂ ਫੇਰ ਮੰਗਿਆਂ ਵੀ ਤੇ ਦੇਣਾ ਏ। ਪਹਿਲਾਂ ਭੇਜਿਆਂ ਇੱਜ਼ਤ ਬਣੇਗੀ।

ਉਸ ਬਿਨਾਂ ਸੋਚਿਆਂ ਪੰਜ ਲੱਖ ਦੀਆਂ ਹੁੰਡੀਆਂ ਦੀਵਾਨ ਨਾਨੂ ਮੱਲ ਦੇ ਹੱਥ ਦੇ ਕੇ ਨਾਲ ਤੋਰਿਆ ਮੁਨਸ਼ੀ ਲਾਲ ਰਾਮ ਦਿਆਲ। ਸ਼ਰਤ ਇਹ ਸੀ ਕਿ ਇਥੋਂ ਈ ਮੁੜ ਜਾਓ। ਪਟਿਆਲੇ ਦੇ ਇਲਾਕੇ 'ਚ ਕੋਈ ਧੱਕੇਸ਼ਾਹੀ ਨਾ ਕਰੋ। ਤੇ ਨਾ ਈ ਤੁਹਾਡੇ ਪਟਿਆਲੇ ਵਾਲਿਆਂ ਨੂੰ ਦਰਸ਼ਨ ਈ ਹੋਣ।

ਟਿੰਡ ਵਿਚ ਕਾਨਾ ਪਾਉਣ ਦਾ ਇਹ ਬਹੁਤ ਚੰਗਾ ਵੇਲਾ ਸੀ। ਜਿੱਤ ਦੀ ਖੁਸ਼ਬੂ ਏਸੇ ਗੱਲ ਵਿਚੋਂ ਆਉਂਦੀ ਸੀ। ਪਰ ਉਹ ਇਹ ਨਹੀਂ ਸੀ ਜਾਣਦਾ ਕਿ ਤੇਰੇ ਦੁਆਲੇ ਮੱਕੜੀ ਦਾ ਜਾਲ ਬੁਣਿਆ ਜਾ ਰਿਹੈ। ਬੱਚੂ ਹੁਣ ਤੂੰ ਜਾਏਂਗਾ ਕਿੱਧਰ।

ਰਾਜਾ ਗਜਪਤ ਸਿੰਘ ਜੀਂਦ ਵਾਲਾ ਮੁੱਠ ਘੁੱਟ ਕੇ ਬੈਠਾ ਹੋਇਆ ਸੀ। ਭਾਈ ਦੇਸੂ ਸਿੰਘ ਕੈਥਲ ਵਾਲਾ ਰੁਪਈਆ ਦੇਣ ਨੂੰ ਤਿਆਰ ਸੀ। ਸਰਦਾਰ ਭੰਗਾ ਸਿੰਘ ਥਾਨੇਸਰ ਵਾਲਾ ਵੀ ਤਿਆਰੀਆਂ ਵਿਚ ਸੀ। ਇਨ੍ਹਾਂ ਤੋਂ ਨਜ਼ਰਾਨੇ ਮਿਲ ਈ ਗਏ ਸਨ। ਉਹ ਸਮਝਦਾ ਸੀ ਕਿ ਨਜ਼ਰਾਨੇ ਲੋਕਾਂ ਤਿਆਰ ਕਰ ਕੇ ਰੱਖੇ ਹੋਏ ਹਨ।

ਰਾਜਾ ਅਮਰ ਸਿੰਘ ਨੇ ਵੀ ਹੁੰਡੀਆਂ ਦੇ ਕੇ ਤੋਰ ਦਿੱਤੇ ਸਨ ਮੁਨਸ਼ੀ ਰਾਮ ਦਿਆਲ ਤੇ ਨਾਨੂਮੱਲ ਦੀਵਾਨ।

ਅਬਦੁੱਲਾ ਨੇ ਸਮਝਿਆ ਕਿ ਸਾਥੋਂ ਡਰ ਗਏ ਹਨ ਜਾਂ ਓਦਾਂ ਈ ਮਿਹਰਬਾਨ ਹਨ। ਦੁੰਬੇ ਨੂੰ ਪਹਿਲਾਂ ਖਵਾਓ, ਪਿਆਓ ਤੇ ਮੋਟਾ ਕਰੋ ਤੇ ਫੇਰ ਈਦ ਵਾਲੇ ਦਿਨ ਕੁਰਬਾਨੀ ਦੇਵਾਂਗੇ। ਚਰਬੀ ਵੀ ਖ਼ੂਬ ਨਿਕਲੇਗੀ ਤੇ ਗੋਸ਼ਤ ਨਾਲ ਪਰਾਤ ਵੀ ਭਰ ਜਾਏਗੀ।

ਅੰਦਰੋਂ ਭਾਵੇਂ ਕੁਝ ਵੀ ਕਿਉਂ ਨਾ ਹੋਵੇ ਦੁਨੀਆ ਦੀਆਂ ਨਜ਼ਰਾਂ ਵਿਚ ਓਸ ਸਿੱਖ ਸਰਦਾਰਾਂ ਤੋਂ ਕਰ ਲਗਾਨ ਨਜ਼ਰਾਨੇ ਦੇ ਰੂਪ ਵਿਚ ਵਸੂਲ ਕਰ ਲਏ ਸਨ। ਬਾਦਸ਼ਾਹ ਦਾ ਰੋਅਬ ਬਰਕਰਾਰ ਰਿਹਾ ਪਰ ਸਿੱਖ ਵੀ ਇਸ ਗੱਲ ਨੂੰ ਜੁੱਤੀ ਨਾਲ ਨਹੀਂ ਸਨ ਗਿਣਦੇ।

ਮਾਇਆ ਜਿੰਨੀ ਕੱਠੀ ਹੁੰਦੀ ਏ, ਕਰ ਲੈ ਫੇਰ ਤੇਰੇ ਨਾਲ ਭਾਜੀ ਪਾਵਾਂਗੇ।

ਅਬਦੁੱਲੇ ਦੀ ਇਹ ਚਾਲਬਾਜ਼ੀ ਨੰਗੀ ਹੋ ਗਈ। ਉਹ ਚਾਹੁੰਦਾ ਸੀ ਕਿ ਅਮਰ ਸਿੰਘ ਪਟਿਆਲੇ ਵਾਲੇ ਨੂੰ ਇਕ ਵਾਰ ਨੰਗਾ ਕੀਤਾ ਜਾਏ, ਇਕ ਵਾਰ ਆ ਜਾਏ ਤੇ ਫੇਰ ਵੇਖਾਂਗੇ, ਇਹ ਨਜ਼ਰਵੱਟੂ ਵਾਂਗੂੰ ਨੱਚੂ।

ਓਸ ਪੰਜ ਲੱਖ ਦੀਆਂ ਹੁੰਡੀਆਂ ਇਕ ਵਾਰ ਥੰਮ ਲਈਆਂ ਤੇ ਆਖਣ ਲੱਗਾ—ਤੁਹਾਡਾ ਮਹਾਰਾਜਾ ਕਿੱਥੇ ਹੈ ?

—ਤਬੀਅਤ ਜ਼ਰਾ ਨਾਸਾਜ਼ ਸੀ ਏਸ ਲਈ ਸਾਨੂੰ ਹਾਜ਼ਰੀ ਭਰਨ ਲਈ ਤੋਰਿਆ ਏ। ਮੈਂ ਪੰਜ ਲੱਖ ਦੀਆਂ ਹੁੰਡੀਆਂ ਨੂੰ ਕੀ ਕਰਾਂ। ਮੈਂ ਤੇ ਮਹਾਰਾਜੇ ਨੂੰ ਮਿਲਣ ਦਾ ਸੱਦਾ ਭੇਜਿਆ ਸੀ।

—ਮਹਾਰਾਜਾ ਤੇ ਫੇਰ ਆ ਨਹੀਂ ਸਕਦਾ। ਤਬੀਅਤ ਉਹਦੀ ਕੁਝ ਜ਼ਿਆਦਾ ਈ ਖ਼ਰਾਬ ਏ।

—ਤੇ ਫੇਰ ਮੈਂ ਹੁੰਡੀਆਂ ਲੈਣੀਆਂ ਨਹੀਂ। ਇਹ ਸ਼ੋਭਾ ਤਾਇਓਂ ਬਣਦੀ ਹੈ ਜੇ ਮਹਾਰਾਜਾ ਆਪ ਲੈ ਕੇ ਆਵੇ। ਇਹ ਕਾਗਜ਼ ਦੇ ਪੁਰਜ਼ੇ ਮੈਂ ਕੀ ਕਰਨੇ ਨੇ। ਮੈਨੂੰ ਤੇ ਰੋਕੜ ਚਾਹੀਦੀ ਏ।

—ਹੁੰਡੀਆਂ ਅੱਜ ਈ ਤਰ ਸਕਦੀਆਂ ਹਨ ਬੰਦਾ ਭੇਜੋ ਰਕਮ ਗਿਣਾ ਦੇਂਦੇ ਹਾਂ।

ਅਬਦੁੱਲਾ ਜ਼ਰਾ ਗਰਮ ਹੋਇਆਂ ਤੇ ਉਹਦੇ ਮੱਥੇ ਤੇ ਤਰੇਲੀਆਂ ਆ ਗਈਆਂ। ਓਸ ਆਪਣੇ ਹੱਥ ਵਿਚ ਫੜੀਆਂ ਹੁੰਡੀਆਂ ਦੇ ਚਾਰ ਟੋਟੇ ਕਰ ਦਿੱਤੇ ਤੇ ਨਾਨੂੰ ਮੱਲ ਦੇ ਹੱਥ ਕਾਗਜ਼ ਦੇ ਟੁਕੜੇ ਫੜਾ ਕੇ ਆਖਣ ਲੱਗਾ,

—ਕੱਲ੍ਹ ਏਸੇ ਵੇਲੇ ਮਹਾਰਾਜਾ ਨਕਦ ਰੁਪਈਆ ਲੈ ਕੇ ਆਪ ਆਵੇ ਤਾਂ ਤੁਹਾਡੀ ਗੱਲ ਪੂਰੀ ਹੋ ਸਕਦੀ ਏ। ਵਰਨਾ.....।

—ਸਰਕਾਰ, ਮਹਾਰਾਜ ਤੇ ਜ਼ਰਾ ਢਿੱਲੇ ਹਨ।

—ਮਹਾਰਾਜ ਦੀ ਹਾਜ਼ਰੀ ਜ਼ਰੂਰੀ ਏ।

ਦੀਵਾਨ ਨਾਨੂ ਮੱਲ ਨੂੰ ਦਾਲ 'ਚ ਜ਼ਰਾ ਕੁਝ ਕਾਲਾ-ਕਾਲਾ ਦਿੱਸਿਆ।

ਸਰਕਾਰ ਜੇ ਮਹਾਰਾਜ ਦੀ ਹਾਜ਼ਰੀ ਮਾਫ਼ ਕਰ ਦੇਣ ਤੇ ਮੈਂ ਇਕ ਲੱਖ ਹੋਰ ਨਜ਼ਰਾਨਾ ਦੇ ਸਕਦਾ ਹਾਂ ਆਪਣੇ ਪੱਲਿਓਂ।

—ਦੀਵਾਨ ਜੀ, ਤੁਸੀਂ ਤੇ ਸੌਦੇਬਾਜ਼ੀ ਕਰ ਰਹੇ ਹੋ। ਅਸਾਂ ਮਹਾਰਾਜੇ ਨਾਲ ਸਲਾਹ ਮਸ਼ਵਰਾ ਕਰਨਾ ਏ। ਗੱਲ-ਬਾਤ ਉਨ੍ਹਾਂ ਨਾਲ ਈ ਕੀਤੀ ਜਾ ਸਕਦੀ ਏ। ਏਸ ਲਈ ਹਾਜ਼ਰੀ ਜ਼ਰੂਰੀ ਬਣਦੀ ਏ।

—ਮੈਂ ਜੁਰਮਾਨੇ ਦੇ ਤੌਰ 'ਤੇ ਇਕ ਲੱਖ ਰੁਪਈਆ ਆਪਣੇ ਵਲੋਂ ਮੰਨ ਤੇ ਲਿਆ ਏ। ਪਰ ਦੇਵਾਂਗਾ ਪਟਿਆਲੇ ਜਾ ਕੇ।

—ਦੀਵਾਨ ਜੀ ਐਵੇਂ ਗੱਗਲੂਆਂ ਤੋਂ ਮਿੱਟੀ ਨਾ ਝਾੜੋ। ਦਸ ਲੱਖ ਰੁਪਈਆ ਲੈ ਕੇ ਵੀ ਹਾਜ਼ਰੀ ਮਾਫ਼ ਨਹੀਂ ਹੋਣੀ।

ਹੁਣ ਝਗੜੇ ਦਾ ਮੁੱਢ ਬੱਝ ਗਿਆ—ਤੁਸੀਂ ਕੱਲ੍ਹ ਜਾ ਕੇ ਮਹਾਰਾਜੇ ਨੂੰ ਨਾਲ ਲੈ ਆਓ। ਕੈਦੀ ਬਣਾਉਣਾ ਚਾਹੁੰਦਾ ਸੀ ਅਬਦੁੱਲਾ, ਪਰ ਇਹ ਸਾਰੇ ਪਾਪੜ ਵੇਲੇ ਹੋਏ ਸਨ ਸਰਦਾਰਾਂ ਨੇ।

—ਇਕ ਟੁੱਕ ਫੈਸਲਾ ਜੁ ਕਰ ਦਿੱਤਾ ਮਹਾਰਾਜ ਨਹੀ ਆ ਸਕਦੇ। ਹਾਜ਼ਰੀ ਫੇਰ ਭਰਨ ਆ ਜਾਣਗੇ। ਸਾਡੀਆਂ ਕਿਹੜੀਆਂ ਪੈਲਾਂ ਠਹਿਕਦੀਆਂ ਨੇ। ਗੋਲੀ ਕਿਹਦੀ ਤੇ ਗਹਿਣੇ ਕਿਹਦੇ? ਦਿੱਲੀ ਦਰਬਾਰ ਦੇ ਅਸੀਂ ਗੁਮਾਸ਼ਤੇ ਹਾਂ। ਇੰਨੀ ਸਖ਼ਤੀ ਸ਼ੋਭਾ ਨਹੀ ਦਿੰਦੀ ਹਜ਼ੂਰ ਨੂੰ।

ਅਬਦੁੱਲਾ ਹਵਾ ਦੇ ਘੋੜਿਆਂ ਤੇ ਚੜ੍ਹਿਆ ਹੋਇਆ ਸੀ। ਗਰੂਰ 'ਚ ਈ ਆਖ ਰਿਹਾ ਸੀ।

ਘੇਰਾ ਹੋਰ ਸੌੜਾ ਹੁੰਦਾ ਜਾ ਰਿਹਾ ਸੀ।

ਗੱਲ-ਗੱਲ ਤੇ ਬਖੇੜਾ ਖੜ੍ਹਾ ਹੋ ਜਾਂਦਾ, ਪਰ ਬੰਦੇ ਪਾੜਨ ਦੇ ਨਾਲ ਖ਼ਾਲਸੇ ਦੀ ਪੱਗ ਦਾਗ਼ੀ ਹੁੰਦੀ ਸੀ। ਇਨਕਾਰ ਓਸੇ ਤਰ੍ਹਾਂ ਰਿਹਾ।

ਆਖ਼ਰ ਨਾਨੂ ਮੱਲ ਨੇ ਆਖ ਈ ਦਿੱਤਾ। ਕਿਸੇ ਕੀਮਤ ਤੇ ਵੀ ਮਹਾਰਾਜ ਨਹੀਂ ਆ ਸਕਦੇ। ਹਾਜ਼ਰੀ ਜ਼ਰੂਰ ਭਰਨਗੇ। ਕੁਝ ਸਮਾਂ ਦਿਓ।

ਪੰਜ ਲੱਖ ਰੁਪਏ ਦੀ ਜ਼ਮਾਨਤ ਗਜਪਤ ਨੇ ਆਪਣੇ ਜ਼ਿੰਮੇ ਲੈ ਲਈ ਕਿ—ਜੇ ਇਹ ਹੁੰਡੀਆਂ ਕੈਸ਼ ਨਾ ਹੋਈਆਂ ਤੇ ਮੈਂ ਆਪਣੇ ਪੱਲਿਓਂ ਤਾਰਾਂਗਾ, ਪਰ ਇਹ ਵੀ ਗੱਲ ਅਬਦੁੱਲੇ ਨੇ ਨਾ ਮੰਨੀ। ਆਖ਼ਰ ਛਿੱਤਰ ਵਿਖਾਇਆ ਖ਼ਾਲਸੇ ਨੇ ਤੇ ਹਾਂ ਕਰ ਦਿੱਤੀ।

ਸਿਰਫ਼ ਪੰਜ ਲੱਖ ਦੀ ਰਕਮ ਦੀਆਂ ਹੁੰਡੀਆਂ ਫਿਰ ਲਿਆ ਕੇ ਦਿੱਤੀਆਂ ਗਈਆਂ। ਨਾਨੂ ਮੱਲ ਨੇ ਗੱਲ ਮੂੰਹ 'ਚੋਂ ਕੱਢੀ ਸੀ ਕਿ ਮੈਂ ਇਕ ਲੱਖ ਜੁਰਮਾਨਾ ਦੇਵਾਂਗਾ।

ਪਹਿਲਾਂ ਤੇ ਲੁੱਚ ਪਾਉਣ ਲੱਗ ਪਏ ਪਟਿਆਲੇ ਵਾਲੇ, ਹੁੰਡੀਆਂ ਰਾਹ ਵਿਚ ਈ ਭੌਂਦੀਆਂ ਰਹੀਆਂ। ਪਟਿਆਲੇ ਵਾਲਿਆਂ ਕੋਲ ਸਨ ਹੁੰਡੀਆਂ ਤੇ ਨਾ ਅਬਦੁੱਲੇ ਦੇ ਹੱਥ ਵਿਚ ਸਨ।

ਕਾਗ਼ਜ਼ਾਂ ਦੀ ਗੱਲ ਕਾਗ਼ਜ਼ਾਂ ਵਿਚ ਈ ਰਹਿ ਗਈ। ਸੜੇ ਬਲੇ ਨੇ ਹੁਕਮ ਦੇ ਦਿੱਤਾ ਲੁੱਟ ਲਵੋ ਸਾਰਾ ਪਟਿਆਲਾ। ਇਕ ਘਰ ਵੀ ਬਾਕੀ ਨਾ ਰਹੇ ਫੂਕ ਕੇ ਸਵਾਹ ਕਰ ਦਿਓ।

ਫ਼ੈਸਲਾ ਕੱਲ੍ਹ ਤੇ

ਪਟਿਆਲਾ ਲੁੱਟਣਾ ਆਸਾਨ ਨਹੀ, ਜਿਗਰਾ ਚਾਹੀਦੈ। ਪਟਿਆਲਾ ਸਾਰੇ ਮਾਲਵੇ ਦੀ ਪੱਗ ਏ। ਪੱਗ ਨੂੰ ਹੱਥ ਪਾਉਣਾ ਸਮਝੋ ਬੁੱਢੇ ਦਲ ਦੀ ਦਾੜ੍ਹੀ ਨੂੰ ਹੱਥ ਪਾ ਲਿਆ, ਪਰ ਅਬਦੁੱਲੇ ਨੇ ਇਹ ਗੱਲ ਸੋਚੀ ਨਾ, ਸ਼ੇਖੀ ਵਿਚ ਈ ਹੁਕਮ ਦੇ ਦਿੱਤਾ।

—ਘਰ-ਘਰ ਦੀ ਤਲਾਸ਼ੀ ਲਵੋ ਅੱਗ ਲਾਓ, ਕਿਲ੍ਹੇ ਦਾ ਮੁਹਾਸਰਾ ਕਰੋ। ਤੋਪਾਂ ਨਾਲ ਕਿਲ੍ਹੇ ਦੀਆਂ ਦੀਵਾਰਾਂ 'ਚ ਮਘੋਰੇ ਪਾ ਦਿਓ।

—ਆਉਣ-ਜਾਣ ਦੀ ਰਸਤ ਤੇ ਸਖ਼ਤ ਪਹਿਰਾ ਬਿਠਾ ਦਿਓ। ਸ਼ੇਰ ਭੁੱਖਾ ਈ ਕਾਬੂ ਆਉਂਦੈ।

ਪਹੋਏ ਦੇ ਲਾਗਿਓਂ ਸ਼ਾਹੀ ਫ਼ੌਜ ਨੇ ਸਰਸਵਤੀ ਨਦੀ ਪਾਰ ਕੀਤੀ ਤੇ ਘੜਾਮ ਜਾ ਡੇਰੇ ਲਾਏ ਤੇ ਉੱਥੇ ਈ ਸ਼ਾਹੀ ਦਸਤੇ ਰੁਕੇ ਹੋਏ ਸਨ।

ਨਗਾਰੇ ਵੱਜੇ, ਤੋਪਾਂ ਖੜਕੀਆਂ, ਦਮਾਮੇ ਤੇ ਚੋਟ ਪਈ, ਸ਼ਾਹੀ ਫ਼ੌਜ ਨੇ ਇਕ ਜ਼ੋਰ ਦਾ ਹਮਲਾ ਕੀਤਾ ਤੇ ਅੱਗੋਂ ਟੱਕਰੇ ਪਟਿਆਲੇ ਵਾਲੇ। ਉਨ੍ਹਾਂ ਚੰਗਾ ਬੁਥਾ ਭੰਨਿਆ ਬੁਥਾੜ ਸੇਕੇ। ਪਟਿਆਲੇ ਵਾਲੇ ਤੇ ਆਦੀ ਸਨ ਲੜਨ ਘੁਲਣ ਦੇ ਪਰ ਸ਼ਾਹੀ ਫ਼ੌਜ ਨੇ ਉਨ੍ਹਾਂ ਦੀ ਕੀ ਝਾਲ ਝੱਲਣੀ ਸੀ। ਇਕ ਦਿਨ ਫੇਰ ਢਿੱਲ ਪਾਈ ਗਈ।

ਸਤਲੁਜ ਪਾਰੋਂ ਜੱਸਾ ਸਿੰਘ ਆਹਲੂਵਾਲੀਆ, ਤਾਰਾ ਸਿੰਘ ਗੈਬਾ ਤੇ ਕੁਝ ਹੋਰ ਸਰਦਾਰ ਪੰਦਰਾਂ ਹਜ਼ਾਰ ਜਵਾਨ ਲੈ ਕੇ ਮਿਲਣੀ ਕਰਨ ਲਈ ਆ ਗਏ ਤੇ ਬਾਕੀ ਪਟਿਆਲੇ ਵਾਲੀ ਫ਼ੌਜ ਵੀ ਰਲ ਗਈ। ਸ਼ਾਹੀ ਫ਼ੌਜ ਦੀਆਂ ਸਾਰੀਆਂ ਖ਼ਬਰਾਂ ਬਘੇਲ ਸਿੰਘ ਤੇ ਗਜਪਤ ਰਾਹੀਂ ਅਮਰ ਸਿੰਘ ਨੂੰ ਪੁੱਜ ਰਹੀਆਂ ਸਨ। ਉਹ ਵੀ ਦੀਵਾਰ ਬਣ ਕੇ ਅੱਗੇ ਖਲੋ ਗਿਆ।

ਕਦੀ ਛੜੱਪੇ ਮਾਰਨ ਵਾਲੇ ਪਹਿਲ ਕਰਦੇ ਤੇ ਕਦੀ ਸ਼ਾਹੀ ਫ਼ੌਜ ਜ਼ੋਰ ਅਜ਼ਮਾਈ ਕਰਦੀ, ਪਰ ਦਲ ਖ਼ਾਲਸੇ ਵਾਲਿਆਂ ਚੰਗੇ ਆਹੂ ਲਾਹੇ ਤੇ ਬੱਬ ਬੁਲਾ ਦਿੱਤੀ ਸ਼ਾਹੀ ਫ਼ੌਜ ਦੀ, ਪਰ ਸ਼ਾਹੀ ਫ਼ੌਜ ਵਾਲੇ ਅਜੇ ਵੀ ਬੜ੍ਹਕਾਂ ਮਾਰ ਰਹੇ ਸਨ, ਭੋਲੇ ਸਨ ਵਿਚਾਰੇ।

ਖ਼ਬਰ ਦਲ ਨੂੰ ਮਿਲੀ ਕਿ ਦਿੱਲੀ ਦੀ ਫ਼ੌਜ ਨੇ ਪਟਿਆਲੇ ਤੇ ਹਮਲਾ ਕਰ ਦਿੱਤੈ ਤੇ ਓਸ ਕਿਲ੍ਹਾ ਘੇਰ ਲਿਐ। ਜੱਸਾ ਸਿੰਘ ਆਹਲੂਵਾਲੀਆ ਪੁੱਜ ਈ ਗਿਆ।

ਇਕ ਪਾਸਿਓਂ ਸਰਦਾਰ ਤਾਰਾ ਸਿੰਘ ਨੇ ਨਰਸਿੰਘੇ ਵਿਚ ਫੂਕ ਮਾਰੀ। ਸੰਗਤ ਸਿੰਘ ਦੂਜੇ ਪਾਸਿਓਂ ਆਣ ਨਿਕਲਿਆ।

ਮਹਾਂ ਸਿੰਘ ਸ਼ੁਕਰਚੱਕੀਆ ਨੇ ਆਣ ਕੇ ਦਮਾਮੇ ਤੇ ਚੋਟ ਮਾਰੀ ਤੇ ਜੈਕਾਰਾ ਛੱਡਿਆ ਜੱਸਾ ਸਿੰਘ ਰਾਮਗੜ੍ਹੀਆ ਨੇ, ਸਾਰਿਆਂ ਦੇ ਮੋਹਰੇ ਆਣ ਕੇ ਘੋੜਾ ਖੜ੍ਹਾ ਕਰ ਦਿੱਤਾ।

ਹੁਣ ਪਿੱਸੂ ਪਏ ਸ਼ਾਹੀ ਫ਼ੌਜ ਨੂੰ। ਚੰਗੇ ਫਸੇ।

—ਦਲ ਪੁੱਜ ਗਿਆ ਏ, ਹੁਣ ਖ਼ੈਰ ਨਹੀਂ। ਦਿੱਲੀ ਪੁੱਜਣਾ ਮੁਹਾਲ ਹੋ ਗਿਐ।

ਇਕ ਸ਼ੋਸ਼ਾ ਹੋਰ ਛੁੱਟਾ। ਜਿਹੜੀ ਨਫ਼ਰੀ ਸਿੱਖਾਂ ਦੀ ਸ਼ਾਹੀ ਫ਼ੌਜ ਵਿਚ ਨੌਕਰ ਸੀ ਉਨ੍ਹਾਂ ਤੂਫ਼ਾਨ ਖੜ੍ਹਾ ਕਰ ਦਿੱਤਾ ਕਿ—ਤਲਖ਼ਾਹ ਤੇ ਪਿਛਲਾ ਬਕਾਇਆ ਪਹਿਲਾਂ ਦਿਓ। ਸਾਡੀ ਝੋਲੀ 'ਚ ਪਾਓ, ਸਾਡੇ ਬੱਚੇ ਭੁੱਖੇ ਮਰ ਰਹੇ ਹਨ। ਵਰਨਾ ਅਸਾਂ ਇਕ ਕਦਮ

ਵੀ ਅੱਗੇ ਨਹੀਂ ਚੁੱਕਣਾ। ਅਸੀਂ ਢਿੱਡ ਵਾਸਤੇ ਮੌਤ ਦੇ ਮੂੰਹ ਅੱਗੇ ਜਾਂਦੇ ਹਾਂ ਜੇ ਸਾਡਾ ਢਿੱਡ ਈ ਨਾ ਭਰਿਆ ਤੇ ਅਸਾਂ ਨੌਕਰੀ ਕਾਹਨੂੰ ਕਰਨੀ ਏ।

ਇਹ ਸ਼ਕਲ ਬਗ਼ਾਵਤ ਦੀ ਸੀ। ਸ਼ਾਹੀ ਫ਼ੌਜ ਨੇ ਬਥੇਰਾ ਸਮਝਾਇਆ, ਪਰ ਉਹ ਲੋਹੇ ਦੀ ਲੱਠ ਬਣ ਗਏ। ਇਹ ਇਕ ਕਹਿਰ ਸੀ ਖ਼ੁਦਾ ਦਾ।

—ਸਾਰੀ ਤਨਖ਼ਾਹ ਮਿਲੇਗੀ ਤੇ ਬਕਾਇਆ ਵੀ। ਇਹ ਫ਼ਰਮਾਨ ਸ਼ਹਿਜ਼ਾਦੇ ਨੇ ਦਿੱਤਾ, ਤੁਸੀਂ ਫ਼ਿਕਰ ਨਾ ਕਰੋ।

ਪਰ ਕੌਣ ਮੰਨੇ ਬਿਨਾਂ ਹਿਸਾਬ ਤੋਂ—ਸਾਨੂੰ ਅੰਦਾਜ਼ੇ ਨਾਲ ਕੁਝ ਰਕਮ ਪੇਸ਼ਗੀ ਦਿੱਤੀ ਜਾਏ। ਫੇਰ ਅਸੀਂ ਪਟਿਆਲੇ ਦੀ ਫ਼ੌਜ ਦਾ ਮੂੰਹ ਤੋੜ ਮੁਕਾਬਲਾ ਕਰਾਂਗੇ। ਜੇ ਤੁਸਾਂ ਏਦਾਂ ਨਾ ਕੀਤਾ ਤੇ ਅਸਾਂ ਖ਼ਜ਼ਾਨਾ ਲੁੱਟ ਲੈਣੈ।

ਉਨ੍ਹਾਂ ਬੇਤਹਾਸ਼ਾ ਤਲਵਾਰ ਵਾਹੁਣ ਦਾ ਨਿਸ਼ਚਾ ਪੱਕਾ ਕਰ ਲਿਆ। ਸ਼ਾਹੀ ਫ਼ੌਜ ਦੇ ਪੈਰ ਥਿੜਕੇ। ਅਜੇ ਦਲ ਵਾਲਿਆਂ ਨੇ ਮੂੰਹ ਨਹੀਂ ਸੀ ਧੋਤਾ। ਉਹ ਦੁਮਾਲੇ ਸਜਾ ਰਹੇ ਸਨ।

ਦਲ ਵਾਲਿਆਂ ਨੂੰ ਤਲਵਾਰਾਂ ਨਹੀਂ ਸਨ ਕੱਢਣ ਦਿੱਤੀਆਂ। ਉਨ੍ਹਾਂ ਈ ਹਿਸਾਬ ਪੂਰਾ ਕਰ ਦਿੱਤਾ ਸੀ।

ਪਿੱਸੂ ਪਏ ਸ਼ਹਿਜ਼ਾਦੇ ਨੂੰ ਤੇ ਕੰਬਿਆ।

ਅਬਦੁੱਲੇ ਨੂੰ ਸੱਦਿਆ—ਸੁਣਾ ਬਈ ਹੁਣ ਕੀ ਬਣੂੰ? ਸ਼ਹਿਜ਼ਾਦਾ ਆਖਣ ਲੱਗਾ।

—ਸੁਲਹਾ ਦੀ ਦਰਖ਼ਾਸਤ ਦਿਓ ਤੇ ਇਥੋਂ ਪੱਤਰਾ ਵਾਚ ਜਾਓ ਵਰਨਾ ਇਕ ਬੰਦਾ ਵੀ ਦਿੱਲੀ ਨਹੀਂ ਪੁੱਜ ਸਕਦਾ। ਸਾਰੇ ਝਟਕਾ ਸੁੱਟਣੇ ਨੇ ਦਲ ਵਾਲਿਆਂ।

ਵਿਚੋਲਾ ਸਰਦਾਰ ਬਘੇਲ ਸਿੰਘ ਤੇ ਗਜਪਤ ਸਿੰਘ ਈ ਬਣੇ। ਲੜਾਈ ਤੇ ਥੰਮ੍ਹ ਗਈ ਬੁੱਢੇ ਦਲ ਵਾਲਿਆਂ ਤਮਾਸ਼ਾ ਵੀ ਵੇਖਿਆ। ਤੇਰੇ ਸ਼ਾਹੀ ਫ਼ੌਜ ਵਿਚ ਵਿਚੋਲੇ, ਕੈਂਪ ਸ਼ਹਿਜ਼ਾਦੇ ਦਾ ਸੀ।

ਜੱਥ ਬੈਠੀ, ਪਰ ਗੱਲ ਛੋਹੀ ਨਾ ਗਈ। ਜੱਸਾ ਸਿੰਘ ਆਹਲੂਵਾਲੀਆ ਆਏਗਾ ਤਦ ਮੁੱਢ ਬੱਝੂ। ਅਜੇ ਤੇ ਸੁਖ ਨਾਲ ਦਲ ਦਾ ਮੂੰਹ ਈ ਨਹੀਂ ਸੀ ਵੇਖਿਆ। ਪਹਿਲਾਂ ਈ ਹਥਿਆਰ ਸੁੱਟ ਦੇਣ ਦੀ ਗੱਲ ਕਰ ਦਿੱਤੀ। ਵਿਚਾਰਾਂ ਤੇ ਫ਼ੈਸਲਾ ਹੋਇਆ।

ਜਿੰਨੀਂ ਰਕਮ ਉਗਰਾਹੀ ਏ ਸਾਰੀ ਦੀ ਸਾਰੀ ਬੁੱਢੇ ਦਲ ਅੱਗੇ ਢੇਰੀ ਕਰ ਦਿਓ। ਤੇ ਸਹੀ ਸਲਾਮਤ ਦਿੱਲੀ ਚਲੇ ਜਾਓ। ਤੁਸਾਂ ਬਹੁਤ ਧੱਕੇਸ਼ਾਹੀ ਕੀਤੀ ਏ।

ਜੱਸਾ ਸਿੰਘ ਆਹਲੂਵਾਲੀਏ ਨੇ ਸਮਝਾਇਆ ਤੇ ਵਿਚ ਵਿਚਾਰ ਦੀ ਗੱਲ ਕੀਤੀ। ਮਾਫ਼ ਕਰ ਦਿਓ ਸ਼ਹਿਜ਼ਾਦੇ ਦੇ ਅਜੇ ਦੁੱਧ ਦੇ ਦੰਦ ਹਨ। ਵਿਚਾਰੇ ਨੂੰ ਜਵਾਨੀ ਤੇ ਚੜ੍ਹਨ ਦਿਓ।

ਬਘੇਲ ਸਿੰਘ ਤੇ ਗਜਪਤ ਸਿੰਘ ਦੀਆਂ ਮਿੰਨਤਾਂ ਕੀਤੀਆਂ। ਸਾਨੂੰ ਕਿਸੇ ਤਰ੍ਹਾਂ ਵੀ ਇੱਥੋਂ ਕੱਢੋ। ਸਾਡੀ ਦੋਸਤੀ ਦਾ ਮੁੱਲ ਤਾਰੋ।

—ਇਕ ਗ਼ਲਤੀ ਤੇ ਫੇਰ ਦੂਜੀ ਗ਼ਲਤੀ। ਦੋਵੇਂ ਮਾਫ਼ ਤੇ ਹੁਣ ਇਹ ਤੀਜੀ ਗ਼ਲਤੀ। ਮੈਂ ਕਿਹੜਾ ਮੂੰਹ ਲੈ ਕੇ ਜਾਵਾਂ ਦਲ ਵਾਲਿਆਂ ਕੋਲ?

ਦਲ ਵਾਲਿਆਂ ਦੀ ਤੇ ਬੋਟੀ-ਬੋਟੀ ਵੰਡੇ ਵੀ ਨਹੀਂ ਆਉਣੀ। ਸਾਰੇ ਜਣੇ ਸ਼ਹੀਦੀਆਂ ਪਾ ਜਾਣਗੇ।

—ਗ਼ਲਤੀ ਤੇ ਸਾਡੀ ਵੀ ਏ, ਪਰ ਇਹ ਤੇਰੇ ਨਾਂ ਨਾਲ ਲੱਗਣੀ ਏ।

ਜੱਸਾ ਸਿੰਘ ਨੇ ਹੁਕਮ ਦਿੱਤਾ ਸਾਰੀ ਫ਼ੌਜ ਨੂੰ। ਤਲਵਾਰਾਂ ਮਿਆਨ 'ਚ ਪਾ ਲਵੋ। ਕੋਈ ਝਗੜਾ ਨਹੀਂ ਕਰਨਾ।

ਲੰਗਰ ਬਣਾਓ ਤੇ ਸਾਰੀ ਫ਼ੌਜ ਨੂੰ ਛਕਾਓ। ਕਿਸੇ ਗੱਲ ਦੀ ਵੀ ਕਸਰ ਬਾਕੀ ਨਾ ਰਹੇ। ਫ਼ੈਸਲਾ ਕੱਲ੍ਹ ਕੀਤਾ ਜਾਇਗਾ। ਸ਼ਹਿਜ਼ਾਦਾ ਸਾਡਾ ਮਹਿਮਾਨ ਏ। ਨਾਲੇ ਇੰਨੇ ਚਿਰ 'ਚ ਗੁੱਸਾ ਵੀ ਠੰਢਾ ਹੋ ਜਾਊ।

148

ਅੱਗੇ ਪਏ ਨੂੰ ਸ਼ੇਰ ਨਹੀਂ ਖਾਂਦਾ

ਮਹਾਰਾਜੇ ਪਟਿਆਲੇ ਲਈ ਇਕ ਤਿੱਕੜੀ ਫ਼ੌਜ ਆ ਰਹੀ ਸੀ ਮਦਦ ਕਰਨ ਲਈ ਪਟਿਆਲੇ ਦੀ। ਨਫ਼ਰੀ ਨਹੀਂ ਸੀ ਗਿਣੀ ਜਾਂਦੀ।

ਗੱਲ ਸੁਣੀ ਤੇ ਹੋਸ਼ ਉੱਡ ਗਏ ਅਬਦੁੱਲੇ ਦੇ। ਉਹ ਪਹਿਲਾਂ ਈ ਡਰਾਕਲ ਸੀ। ਚੁੱਪ ਕਰਕੇ ਮੂੰਹ ਲਪੇਟ ਕੇ ਦਿੱਲੀ ਨੂੰ ਮੁੜਨ ਦਾ ਫ਼ੈਸਲਾ ਕਰ ਲਿਆ ਬਿਨਾਂ ਕਿਸੇ ਨਾਲ ਸਲਾਹ ਕੀਤੇ।

ਹਨੇਰੀ ਝੁੱਲਣ ਵਾਲੀ ਸੀ। ਇਥੋਂ ਜਾਨ ਬਚਾ ਕੇ ਦਿੱਲੀ ਪੁੱਜਣ ਦੀ ਕੋਈ ਆਸ ਨਹੀਂ। ਉਹਦੀਆਂ ਅੱਖਾਂ ਉਦੋਂ ਖੁੱਲ੍ਹੀਆਂ ਜਦੋਂ ਓਸ ਵੇਖਿਆ ਕਿ ਇਨ੍ਹਾਂ ਦਲ ਵਾਲਿਆਂ ਇਕ ਵਾਰ ਲਾਹੌਰ ਵਿਚ ਵੀ ਜਹਾਨ ਖ਼ਾਂ ਨੂੰ ਬੱਕਰੇ ਵਾਂਗੂੰ ਕੋਹਿਆ ਸੀ। ਤੈਮੂਰ ਸ਼ਾਹ ਦੁਰਾਨੀ ਨੂੰ ਵੀ ਉਹਦੀ ਮਾਂ ਦੇ ਮਮੇ ਪਾਇਆ ਸੀ। ਅਫ਼ਗਾਨਿਸਤਾਨ ਦੀ ਫ਼ੌਜ ਦੇ ਪਰਛੇ ਲਾਹੇ ਸਨ। ਉਹੋ ਈ ਭਾਣਾ ਕਿਤੇ ਵਰਤ ਨਾ ਜਾਏ ਸਾਡੇ ਨਾਲ। ਭੱਜੀ ਜਾਂਦੀ ਡਿੱਗਦੀ ਠੇਡੇ ਖਾਂਦੀ ਫ਼ੌਜ ਨੂੰ ਕੌਣ ਰੋਕੇ। ਕਿਹੜਾ ਠੱਲ੍ਹ ਪਾਏ। ਜੇ ਸੂਰਮਾ ਹੁੰਦਾ ਤੇ ਰਣਭੂਮੀ 'ਚ ਈ ਫ਼ੈਸਲਾ ਕਰਕੇ ਨਿਕਲਦਾ। ਇਹ ਤੇ ਬੁਜ਼ਦਿਲ ਸੀ, ਡਰਾਕਲ ਸੀ।

ਸਾਜ਼ਿਸ਼ ਕਰ ਨਹੀਂ ਸੀ ਸਕਦਾ, ਚਕਮਾ ਦੇ ਨਹੀਂ ਸੀ ਸਕਦਾ। ਦਲੇਰ ਤੇ ਬਹਾਦਰ ਆਪਣੀ ਤਲਵਾਰ ਤੇ ਮਾਣ ਕਰਦੇ ਹਨ ਮਰ-ਮਿਟਦੇ ਹਨ ਜਾਂ ਮਾਰ ਲੈਂਦੇ ਹਨ ਜਾਂ ਆਪ ਮਰ ਜਾਂਦੇ ਹਨ, ਕਿਸੇ ਕੋਲੋਂ ਸਲਾਹ ਨਹੀਂ ਪੁੱਛਦੇ ਤੇ ਨਾ ਈ ਡਰਦੇ ਹਨ। ਜਦੋਂ ਨੱਚਣ ਲੱਗ ਪਈ ਫੇਰ ਘੁੰਡ ਕਾਹਦਾ? ਅਬਦੁੱਲਾ ਇਕ ਵਾਰ ਕੰਬਿਆ ਧਰੇਕ ਦੀ ਟਾਹਣੀ ਵਾਂਗੂੰ।

ਆਖ਼ਰਕਾਰ ਵਿਚੋਲਿਆਂ ਨੇ ਆਖਿਆ—ਘਬਰਾਓ ਨਾ, ਅਸੀਂ ਜ਼ਿੰਮੇਂਵਾਰ ਹਾਂ।

—ਇਹ ਬੁਰਛਿਆਂ ਵਰਗੇ ਨਿਹੰਗ ਕੀ ਸਾਨੂੰ ਪਿਆਰ ਨਾਲ ਦਿੱਲੀ ਦੇ ਰਾਹ ਪਾ ਦੇਣਗੇ?

—ਇਨ੍ਹਾਂ ਵਿਚਾਰਿਆਂ ਤੁਹਾਨੂੰ ਕੁਝ ਨਹੀਂ ਆਖਣਾ। ਇਹ ਬਹੁਤ ਸਾਊ ਬੰਦੇ ਹਨ।

—ਮੈਨੂੰ ਤੇ ਇਨ੍ਹਾਂ ਤੋਂ ਡਰ ਆਉਂਦੈ!

—ਐਵੇਂ ਨਾ ਡਰੋ ਨਜ਼ਰਾਨਾ ਜੱਸਾ ਸਿੰਘ ਆਹਲੂਵਾਲੀਏ ਦੀ ਹਜ਼ੂਰੀ 'ਚ ਪੇਸ਼ ਕਰੋ। ਗਲ 'ਚ ਪੱਲਾ ਪਾ ਕੇ ਆਪਣੀ ਗ਼ਲਤੀ ਮੰਨੋ ਤੇ ਤਨਖ਼ਾਹ ਲਵਾਓ। ਠਾਠ ਨਾਲ ਦਿੱਲੀ ਰਵ੍ਹੋ। ਸਿਆਣੇ ਆਖਦੇ ਨੇ ਸਾਜਨ ਛੋੜੀਏ ਸੰਗ ਸੌ ਮੁੜ ਵੀ ਆਵਨ ਕੰਮ।

ਰੂਹ ਕਬਜ਼ ਕਰ ਦਿੱਤੀ ਸਿਰਫ਼ ਅਜੇ ਦਲ ਦੇ ਦਰਸ਼ਨ ਈ ਹੋਏ ਸਨ ਅਜੇ ਤੇ ਆਹਮੋ-ਸਾਹਮਣੇ ਹੋਣਾ ਸੀ। ਮਰਦ ਈ ਦਰਸ਼ਨ ਕਰ ਸਕਦੇ ਹਨ ਬੁੱਢੇ ਦਲ ਦਾ।

ਢੇਰੀ ਕਰ ਦਿੱਤਾ ਸਾਰਾ ਉਗਰਾਹਿਆ ਹੋਇਆ ਕਰ, ਮਾਮਲਾ ਤੇ ਨਜ਼ਰਾਨਾ।

ਸ਼ਹਿਜ਼ਾਦਾ ਬੋਲਿਆ—ਚਾਚਾ ਜੀ, ਮੈਨੂੰ ਦਿੱਲੀ ਜਾਣ ਦਿਓ। ਮੇਰੀ ਮਾਂ ਹਉਕੇ ਵਿਚ ਈ ਮਰ ਜਾਏਗੀ।

—ਫ਼ਿਕਰ ਨਾ ਕਰ ਬੱਚਾ, ਅਸੀਂ ਸ਼ਰਨ ਆਏ ਦੀ ਲਾਜ ਰੱਖਦੇ ਹਾਂ। ਤੇਰੇ ਵੱਲ ਕੋਈ ਨਜ਼ਰ ਚੁੱਕ ਕੇ ਨਹੀਂ ਵੇਖ ਸਕਦਾ।

—ਜਾਹ ਖਾ-ਪੀ ਕੇ ਮੌਜਾਂ ਕਰ, ਮੈਂ ਤੇਰਾ ਪ੍ਰਬੰਧ ਕਰਦਾ ਹਾਂ।

—ਰੋਟੀ ਦੀ ਗਰਾਹੀ ਅੰਦਰ ਕਿਥੋਂ ਲੰਘਦੀ ਏ?

—ਮੈਦਾਨ 'ਚ ਦਿਲ ਛੱਡਿਆਂ ਗੁਜ਼ਾਰਾ ਨਹੀਂ ਹੁੰਦਾ। ਸ਼ਰਾਬ ਪੀਓ ਤੇ ਦਿਲ ਨੂੰ ਟਿਕਾਣੇ ਲਿਆਓ, ਮੈਂ ਤੈਨੂੰ ਛੱਡ ਕੇ ਆਵਾਂਗਾ ਦਿੱਲੀ। ਜੱਸਾ ਸਿੰਘ ਆਹਲੂਵਾਲੀਏ ਨੇ ਧਰਵਾਸ ਦਿੱਤੀ।

ਅਬਦੁੱਲੇ ਨੇ ਆਖਿਆ, ਹੁਣ ਸੱਤੇ ਖੈਰਾਂ ਨੇ ਮਰਦ ਏ ਕੋਲ। ਤਿਆਰੀ ਕਰਦੇ ਹਾਂ।

—ਤੋਪਾਂ ਦੇ ਦਿਓ ਸਲਾਮ ਕਰਨ ਵਾਸਤੇ। ਤੁਹਾਡੇ ਕੋਲ ਤੇ ਵਾਧੂ ਹਨ। ਦਿੱਲੀ ਵਿਚ ਤੋਪਾਂ ਦਾ ਘਾਟਾ ਏ। ਸਰਦਾਰ ਖ਼ੁਸ਼ ਹੋ ਜਾਏਗਾ। ਇਹ ਸਲਾਹ ਗਜਪਤ ਸਿੰਘ ਨੇ ਦਿੱਤੀ।

ਹਰਜਾਨਾ ਤੇ ਕੜਾਹ ਪ੍ਰਸ਼ਾਦ ਲਈ ਸੱਤ ਲੱਖ ਰੁਪਈਆ ਸ਼ਹਿਜ਼ਾਦੇ ਨੇ ਆਪਣੇ ਪੱਲਿਓ ਦਿੱਤਾ।

—ਬਾਪੂ ਜੀ ਹੁਣ ਮੇਰੇ ਕੋਲ ਰਾਹ ਦੀ ਖ਼ਰਚੀ ਏ। ਇਹਦੇ ਨਾਲ ਦਿੱਲੀ ਪੁੱਜਦਾ ਹਾਂ ਜਾਂ ਰਾਹ ਵਿਚ ਈ ਰਹਿ ਜਾਂਦਾ ਹਾਂ।

—ਫ਼ਿਕਰ ਨਾ ਕਰ ਬੱਚੂ, ਬੁੱਢੇ ਦਲ ਵਾਲੇ ਤੈਨੂੰ ਦਿੱਲੀ ਆਪੇ ਛੱਡ ਕੇ ਆਉਣਗੇ। ਮਰਦਾਂ ਦੇ ਬਚਨ ਹਨ।

ਤਸੱਲੀ ਹੋਈ ਅਬਦੁੱਲੇ ਨੂੰ, ਕੋਈ ਕਾਰਸਤਾਨੀ ਕੰਮ ਨਾ ਆਈ। ਜਾਓ ਤਿਆਰੀ ਕਰੋ। ਜਿੰਨਾ ਮਾਲ ਲਿਜਾ ਸਕਦੇ ਹੋ, ਲੈ ਜਾਓ।

—ਹੌਲਾ ਭਾਰ ਰਾਹ ਦਾ ਸਾਥੀ, ਤੁਹਾਡੇ ਕਿਸੇ ਮਾਲ ਤੇ ਕੋਈ ਬੰਦਾ ਹੱਥ ਨਹੀਂ ਪਾਵੇਗਾ।

ਪਰ ਦਿੱਲੀ ਦੇ ਸ਼ਾਹੀ ਮਹਿਲਾਂ ਵਿਚ ਤੇ ਇਕ ਵਾਰ ਸੋਗ ਪੈ ਗਿਆ। ਜਦ ਹਲਕਾਰੇ ਨੇ ਆਣ ਕੇ ਦੱਸਿਆ।

—ਮੇਰਾ ਸ਼ਹਿਜ਼ਾਦਾ ਸ਼ਾਹ ਨੇ ਅੱਗ ਦੀ ਭੱਠੀ ਵਿਚ ਝੋਕ ਦਿੱਤਾ ਏ।

—ਬੇਗ਼ਮ ਸਬਰ ਕਰ, ਉਹ ਬੁੱਢੇ ਦਲ ਵਾਲੇ ਹਨ। ਉਹ ਮੈਦਾਨ ਵਿਚ ਹੀ ਦੁਸ਼ਮਨ ਹਨ, ਫੇਰ ਭਰਾ ਹਨ ਉਨ੍ਹਾਂ ਦਾ ਧਰਮ ਏ। ਈਨ ਮੰਨਣ ਵਾਲੇ ਵੱਲ ਮੁੜ ਕੇ ਵੇਖਦੇ ਨਹੀਂ ਸਗੋਂ ਪਿਆਰ ਕਰਦੇ ਹਨ।

ਹਲਕਾਰਾ ਆਇਆ, ਬੁੱਢੇ ਦਲ ਵਾਲਿਆਂ ਸ਼ਹਿਜ਼ਾਦੇ ਨੂੰ ਸ਼ਗਨ ਪਾ ਕੇ ਤੋਰਿਆ। ਪਟਿਆਲੇ ਦੀ ਜੂਹ ਵਿਚੋਂ ਨਿਕਲ ਆਇਆ ਸ਼ਹਿਜ਼ਾਦਾ। ਵਜ਼ੀਰ ਦੇ ਦਸਤੇ ਵਿਚ ਚਲ ਰਿਹਾ ਸੀ। ਕੋਈ ਖ਼ਤਰੇ ਵਾਲੀ ਗੱਲ ਨਹੀਂ ਸੀ।

ਸ਼ਹਿਜ਼ਾਦੇ ਨੇ ਮਾਲਵੇ ਦੇ ਇਲਾਕੇ ਨੂੰ ਸੱਤ ਸਲਾਮਾਂ ਕੀਤੀਆਂ ਤੇ ਹੁਣ ਸ਼ਹਿਜ਼ਾਦਾ

ਆਪਣੇ ਇਲਾਕੇ ਵਿਚ ਸੀ। ਬੁੱਢੇ ਦਲ ਵਾਲੇ ਕੜਾਹ ਪ੍ਰਸ਼ਾਦ ਦੇ ਗੱਫੇ ਛਕ ਰਹੇ ਸਨ। ਕੜਾਹ ਪ੍ਰਸ਼ਾਦ ਉਹਨਾਂ ਸ਼ਹਿਜ਼ਾਦੇ ਨੂੰ ਵੀ ਖਵਾਇਆ ਤੇ ਉਹਦੀ ਫ਼ੌਜ ਨੂੰ ਵੀ।

—ਕੁਝ ਵੀ ਹਨ ਪਰ ਜ਼ਬਾਨ ਦੇ ਪੱਕੇ ਹਨ।

—ਬੰਦਾ ਦੁਸ਼ਮਨੀ ਕਰੇ ਤੇ ਬਹਾਦਰ ਨਾਲ।

ਅਬਦੁੱਲੇ ਨੇ ਆਪਣੀ ਪੱਗ ਦੇ ਪੇਚ ਸਵਾਰੇ ਤੇ ਸ਼ਹਿਜ਼ਾਦੇ ਦੀ ਕਲਗੀ ਨੂੰ ਜ਼ਰਾ ਸੰਵਾਰਿਆ।

—ਜਾਨ ਬਚੀ ਸੋ ਲਾਖੋਂ ਪਾਏ ਲੌਟ ਕੇ ਬੁੱਧੂ ਘਰ ਕੋ ਆਏ। ਇਹ ਇਕ ਸਰਦਾਰ ਆਖ ਰਿਹਾ ਸੀ।

ਚਲੋ ਹਵਾ ਬਦਲੀ ਹੋ ਗਈ। ਸੈਰ ਕਰ ਆਇਆ ਸ਼ਹਿਜ਼ਾਦਾ। ਚਲੋ ਕੁਝ ਤੇ ਸਬਕ ਮਿਲਿਆ। ਸ਼ਾਹ ਆਲਮ ਨੇ ਜਦ ਸੁਣਿਆ ਕਿ ਦਿੱਲੀ ਦੀ ਫ਼ੌਜ ਸਰਹੱਦ ਤੇ ਪੁੱਜ ਗਈ ਏ ਤੇ ਅੱਗਲ ਵੱਡੀ ਲੈਣ ਲਈ ਸ਼ਾਹੀ ਦਸਤਾ ਭੇਜਿਆ।

—ਸੱਤ ਲੱਖ ਪੱਲਿਓਂ ਤੇ ਬਾਕੀ ਉਗਰਾਹਿਆ ਲਗਾਨ ਦੇ ਕੇ ਜਾਨ ਬਚ ਗਈ ਸਮਝੋ ਤਾਂ ਵੀ ਖੱਟਿਆ।

—ਸਲਾਮ ਅੱਬਾ ਜਾਨ! ਮੈਂ ਜੰਗ ਹਾਰੀ ਏ, ਦਿਲ ਨਹੀ ਹਾਰਿਆ।

—ਇਹ ਹਾਰ ਜਿੱਤ ਦੀ ਮੇਰੀ ਜ਼ਿੰਦਗੀ ਏ। ਮੇਰਾ ਨੱਕ ਲੱਥ ਗਿਐ। ਖ਼ੁਦਾ ਤੇਰੀ ਉਮਰ ਦਰਾਜ਼ ਕਰੇ, ਜਾਓ ਅੰਮਾ ਜਾਨ ਕੀ ਕਦਮ ਬੋਸੀ ਕਰ ਆਓ।

ਹਿੱਕ ਨਾਲ ਲਾ ਲਿਆ ਮਾਂ ਨੇ। ਅਸੀਸਾਂ ਦਿੱਤੀਆਂ। ਬੇਗ਼ਮ ਨੇ ਨਜ਼ਰ ਉਤਾਰੀ ਤੇ ਆਖਣ ਲੱਗੀ—ਯਾ ਅੱਲਾ ਰਹਿਮ।

149

ਸੁਲਤਾਨੁਲ ਕੌਮ

ਮੁੜ-ਮੁੜ ਵੱਡੇ ਰਿਓੜੀਆਂ ਤੇ ਉਹ ਵੀ ਘਰਦਿਆਂ ਨੂੰ, ਇਹ ਗੱਲ ਬਿਲਕੁਲ ਜੱਸਾ ਸਿੰਘ ਆਹਲੂਵਾਲੀਏ ਵਿਚ ਨਹੀਂ ਸੀ। ਉਹ ਲੈ ਕੇ ਖ਼ੁਸ਼ ਨਹੀਂ ਸੀ ਹੁੰਦਾ। ਸਗੋਂ ਦੇ ਕੇ ਬਹੁਤ ਖ਼ੁਸ਼ ਹੁੰਦਾ ਸੀ।

ਸਰਹੰਦ ਫ਼ਤਹਿ ਕੀਤੀ ਤੇ ਅਹਿਮਦ ਸ਼ਾਹ ਅਬਦਾਲੀ ਦੇ ਜਿੱਤੇ ਇਲਾਕੇ ਖੋਹੇ ਤੇ ਕਬਜ਼ੇ ਕੀਤੀ ਜ਼ਮੀਨ ਸਾਰੀ ਪਟਿਆਲੇ ਵਾਲੇ ਨੇ ਸੰਭਾਲ ਲਈ। ਉਸ ਵੇਲੇ ਦਾ ਸਭ ਤੋਂ ਵੱਡਾ ਸਰਦਾਰ ਸੀ ਅਮਰ ਸਿੰਘ।

ਜਿਸ ਤਰ੍ਹਾਂ ਵੀ ਮਿਲੇ ਉਸੇ ਤਰ੍ਹਾਂ ਲੈ ਕੇ ਕੁਝ ਜੱਸਾ ਸਿੰਘ ਆਹਲੂਵਾਲੀਏ ਨੂੰ ਤੇ ਕੁਝ ਬੁੱਢੇ ਦਲ ਨੂੰ ਬਖ਼ਸ਼ਿਸ਼ ਤੇ ਬਾਕੀ ਅਹਿਮਦ ਸ਼ਾਹ ਅਬਦਾਲੀ ਦੀ ਜ਼ਰਾ-ਨਵਾਜ਼ੀ। ਇਹ ਸਾਰੀ ਦੀ ਸਾਰੀ ਪਟਿਆਲੇ ਵਾਲੇ ਹੜੱਪ ਗਏ।

—ਚੰਗਾ ਭਈ ਹੁਣ ਸਾਡੀ ਫ਼ਤਿਹ ਏ। ਅਸੀਂ ਚੱਲੇ ਮਾਝੇ ਵੱਲ। ਵਿਸਾਖੀ ਆ ਰਹੀ ਏ। ਅਸਾਂ ਹਰਿਮੰਦਰ ਵਿਚ ਦਰਸ਼ਨ ਕਰਨੇ ਹਨ।

—ਵੇਖੀਂ ਭਰਾਵਾਂ ਨਾਲ ਨਹੀਂ ਲੜਨਾ। ਦੁਸ਼ਮਨ ਨਾਲ ਗਰਾਹੀਆਂ ਸਾਂਝੀਆਂ ਨਹੀਂ

ਕਰਨੀਆਂ। ਭਰਾ-ਭਰਾ ਏ ਤੇ ਦੁਸ਼ਮਨ-ਦੁਸ਼ਮਨ। ਕਟੋਰੇ ਭਰ-ਭਰ ਕੇ ਦੁੱਧ ਦੇ ਸੱਪਾਂ ਨੂੰ ਪਿਆਓ, ਉਨ੍ਹਾਂ ਮਿੱਤ ਨਹੀਂ ਬਣਨਾ।

—ਭਰਾ ਜੇ ਮਾਰੇਗਾ ਵੀ ਤਾਂ ਵੀ ਚੰਗੀ ਥਾਂ ਤੇ, ਰੜੇ ਨਹੀਂ ਸੁੱਟਣ ਲੱਗਾ। ਬੁੱਢੇ ਦਲ ਦੀ ਜੀ-ਹਜ਼ੂਰੀ ਤੇਰਾ ਧਰਮ ਵੀ ਏ ਤੇ ਫ਼ਰਜ਼ ਵੀ। ਕੌਮ ਦਾ ਭਲਾ ਈ ਸੋਚਣੈ। ਭਰਾ ਗ਼ਲਤੀ ਕਰੇ ਤੇ ਮਾਫ਼ ਕਰ ਦੇਣਾ ਏ।

—ਸਾਨੂੰ ਸਾਰਿਆਂ ਨੂੰ ਨਿਹਾਲ ਕਰ ਦਿੱਤਾ, ਪਰ ਆਪਣੇ ਲਈ ਸਿਰ ਲੁਕਾਉਣ ਲਈ ਝੁੱਗੀ ਵੀ ਨਹੀਂ ਬਣਾਈ।

—ਮੈਂ ਕੀ ਕਰਨੈ ਇਲਾਕਾ, ਇਹ ਸਾਰਾ ਪੰਜਾਬ ਈ ਮੇਰਾ ਏ।

—ਪਰ ਫੇਰ ਵੀ ਕੁਝ ਨਾ ਕੁਝ ਤੇ ਮੰਜੀ ਡਾਹੁਣ ਨੂੰ ਹੋਣਾ ਈ ਚਾਹੀਦੈ!

—ਕਪੂਰਥਲੇ ਦੇ ਆਸੇ-ਪਾਸੇ ਦੀ ਸਾਰੀ ਜਾਗੀਰ ਜਿਹੜੀ ਕਈਆਂ ਸਰਦਾਰਾਂ ਦੇ ਨਾਲ ਲਗਦੀ ਸੀ, ਬਾਹੀਂ ਸਾਂਝੀ ਸੀ। ਜੱਸਾ ਸਿੰਘ ਰਾਮਗੜ੍ਹੀਆ ਮੇਰਾ ਸਿਰਨਾਵਾਂ ਏ। ਉਹਦੀ ਵੀ ਇੱਜ਼ਤ ਕਰਨਾ ਤੁਹਾਡਾ ਫ਼ਰਜ਼ ਏ।

—ਮਹਾਂ ਸਿੰਘ ਸ਼ੁਕਰਚੱਕੀਆ ਬਹੁਤ ਦਲੇਰ ਏ ਤੇ ਹਕੂਮਤ ਨੂੰ ਸੰਭਾਲ ਸਕਦੈ। ਲੜਨ ਵਾਲੇ ਹਕੂਮਤ ਨਹੀਂ ਕਰ ਸਕਦੇ। ਹਕੂਮਤ ਕਰਨਾ ਇਕ ਦੂਜਾ ਗੁਣ ਏ। ਜੇ ਕਦੇ ਹਕੂਮਤ ਬਣਾਉਣ ਦਾ ਖ਼ਿਆਲ ਆਏ ਤੇ ਫੇਰ ਮਹਾਂ ਸਿੰਘ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨਾ। ਕਦੀ ਵੀ ਦੁਸ਼ਮਨ ਦੀ ਗੱਲ ਖ਼ਾਬ ਵਿਚ ਵੀ ਨਹੀਂ ਸੁਣਨੀ। ਬੜੇ ਜ਼ਫ਼ਰ ਜਾਲ ਕੇ ਤੁਹਾਨੂੰ ਪੰਜਾਬ ਲੈ ਕੇ ਦਿੱਤੈ। ਸੰਭਾਲਣਾ ਤੁਹਾਡਾ ਕੰਮ ਏ।

—ਮਿਸਲਾਂ ਵਾਲੇ ਸਰਦਾਰ ਆਪਣੀ-ਆਪਣੀ ਜਗ੍ਹਾ ਖੁਸ਼ ਹਨ, ਪਰ ਜੇ ਕਿਤੇ ਲਾਲਚੀ ਬਣ ਗਏ ਤੇ ਫੇਰ ਡਾਂਗ ਖੜਕੇਗੀ ਤੇ ਫੇਰ ਤੀਜਾ ਧੰਦਾ ਵਿਚ ਪਏਗਾ। ਉਹ ਦੋਵਾਂ ਨੂੰ ਖਾ ਜਾਏਗਾ। ਲੜੋ-ਭਿੜੋ ਪਰ ਚੌਕਾ ਨਾ ਛੱਡਣਾ। ਰਾਤ ਨੂੰ ਪੰਗਤ 'ਚ ਬੈਠ ਕੇ ਲੰਗਰ ਛਕੋ। ਸਾਰੇ ਗੁੱਸੇ ਗਿਲੇ ਖ਼ਤਮ ਹੋ ਜਾਣਗੇ।

—ਸੰਗਤ ਤੇ ਪੰਗਤ ਈ ਤੁਹਾਡੀ ਕਾਮਯਾਬੀ ਦਾ ਰਾਜ਼ ਏ।

—ਮਾਲਾ ਜਪੋ ਤੇ ਤਲਵਾਰਾਂ ਨੂੰ ਤੇਲ ਲਾ ਕੇ ਰੱਖੋ। ਜਦੋਂ ਤਲਵਾਰਾਂ ਨਿਕਲਣ ਤੇ ਇਕੱਠੇ ਲੜੋ। ਵੰਡੀਆਂ ਬਾਅਦ 'ਚ ਪਾ ਲੈਣਾ। ਬਸ ਮੇਰੀ ਏਨੀ ਅਰਜ਼ ਏ। ਹੁਣ ਤੁਸੀਂ ਪੰਜਾਬ ਦੇ ਮਾਲਕ ਹੋ। ਹੁਣ ਇਹ ਗੱਲ, ਇਹ ਨਾਅਰਾ ਸੱਚ ਹੋ ਗਿਐ ਕਿ—ਰਾਜ ਕਰੇਗਾ ਖ਼ਾਲਸਾ-ਆਕੀ ਰਹੇ ਨਾ ਕੋਇ।

—ਮੈਂ ਵੀ ਤੁਹਾਡੇ ਨਾਲ ਜਾਣਾ ਏ। ਅਮਰ ਸਿੰਘ ਨੇ ਹੱਥ ਜੋੜੇ।

—ਮੈਂ ਤੇ ਵਿਸਾਖੀ ਅੰਮ੍ਰਿਤਸਰ ਵਿਚ ਮਨਾਉਣੀ ਏ। ਹਰ ਸਾਲ ਉਥੇ ਮਨਾਈ ਜਾਂਦੀ ਏ। ਮੈਂ ਸਾਰੀ ਜ਼ਿੰਦਗੀ ਇਹ ਨਿਸ਼ਚਾ ਬਣਾਈ ਰੱਖਿਐ। ਭਾਵੇਂ ਲੜਾਈ ਹੋਵੇ ਤੇ ਭਾਵੇਂ ਅਮਨ ਵਿਸਾਖੀ ਅੰਮ੍ਰਿਤਸਰ ਦੀ।

—ਮੈਨੂੰ ਵੀ ਐਤਕੀਂ ਆਪਣੀ ਅਰਦਲ ਵਿਚ ਲੈ ਚੱਲੋ।

—ਨਹੀਂ ਅਮਰ ਸਿੰਹਾਂ, ਤੂੰ ਆਪਣਾ ਰਾਜ-ਭਾਗ ਸੰਭਾਲ। ਅਸੀਂ ਤੇ ਠਹਿਰੇ ਪ੍ਰਦੇਸੀ ਲੋਕ। ਸਾਨੂੰ ਘਰ ਜਾਣ ਦੇ।

—ਨਹੀਂ, ਮੈਂ ਆਪਣੇ ਮਨ ਦੀ ਰੀਝ ਲਾਹੁਣੀ ਏ, ਐਤਕੀਂ ਤੁਹਾਡੇ ਨਾਲ ਜਾ ਕੇ।

—ਸਰਦਾਰਾ ਕਾਹਨੂੰ ਮੇਰੇ ਦੁੱਖ ਵਿਚ ਸ਼ਾਮਲ ਹੋਣ ਲੱਗੈਂ। ਸਦਾ ਬਹਾਰਾਂ ਨਹੀਂ ਰਹਿੰਦੀਆਂ। ਪੱਤਝੜ ਵੀ ਵੇਖਣੀ ਪੈਂਦੀ ਏ। ਮੈਂ ਪੱਤਝੜ ਦਾ ਆਪ ਕੱਲਾ ਆਨੰਦ ਮਾਣਨਾ

ਚਾਹੁੰਦਾ ਹਾਂ। ਤੁਸੀਂ ਸੁਖੀ ਵੱਸੋ। ਮੈਂ ਆਪਣੇ ਹੱਥੀਂ ਬੋਹੜ ਲਾਇਐ। ਤੁਸੀਂ ਛਾਵਾਂ ਮਾਣੋ, ਮੈਨੂੰ ਬੜਾ ਅਨੰਦ ਆਏਗਾ।

—ਤੂੰ ਬੈਠ ਪਟਿਆਲੇ ਵਿਚ ਤੇ ਮੈਂ ਚੱਲਿਆਂ ਆਪਣੇ ਵਤਨ।

—ਵੇਖੀਂ ਮੇਰੀ ਅਰਥੀ ਨੂੰ ਨਾ ਭੁੱਲੀਂ। ਉਹ ਵਕਤ ਕਰੀਬ ਆ ਰਿਹੈ।

—ਨਹੀਂ-ਨਹੀਂ ਬਾਪੂ! ਅਜੇ ਤੇਰੀ ਬੜੀ ਲੋੜ ਏ।

—ਲੋੜ ਨੂੰ ਗੁਰੂ ਨੇ ਨਹੀਂ ਵੇਖਣਾ। ਬੜਾ ਚਿਰ ਜਸ਼ਨ ਮਨਾ ਲਿਆ ਏ। ਕਿਸੇ ਦੂਜੇ ਨੂੰ ਵੀ ਵਕਤ ਦਿਓ। ਹੁਣ ਮੈਂ ਵਾਰਸ ਲੱਭ ਰਿਹਾ ਹਾਂ।

—ਚੰਗਾ ਫ਼ਤਹਿ ਗਜਾਓ,—ਬੋਲੇ ਸੋ ਨਿਹਾਲ।

ਬੁੱਢਾ ਦਲ ਚਾਲੇ ਪੈ ਗਿਆ। ਤੇ ਜੱਸਾ ਸਿੰਘ ਆਹਲੂਵਾਲੀਆ ਤੇ ਜੱਸਾ ਸਿੰਘ ਰਾਮਗੜ੍ਹੀਆ, ਮਹਾਂ ਸਿੰਘ ਤੇ ਕਨ੍ਹਈਆ ਸਰਦਾਰਾਂ ਦੇ ਜਥੇ ਤੇ ਭੰਗੀ ਸਰਦਾਰ ਸਾਰੇ ਹਮ ਰਕਾਬ ਸਨ। ਜਥਾ ਬਾਣੀ ਪੜ੍ਹਦਾ ਜਾ ਰਿਹਾ ਸੀ।

ਫ਼ਤਿਹ ਦੇ ਹੁਲਾਰੇ ਲੈਂਦੇ ਬੁੱਢੇ ਦਲ ਵਾਲੇ ਫਰਲੇ ਉੱਡਦੇ ਵੇਖ ਰਹੇ ਸਨ।

ਮਾਲਵੇ ਦੀ ਜੂਹ 'ਚੋਂ ਨਿਕਲੇ, ਦੁਆਬੇ ਵਿਚ ਆ ਗਏ। ਅਮਰ ਸਿੰਘ ਆਪਣੀ ਤਖ਼ਤ ਨਸ਼ੀਨੀ ਦੇ ਖ਼ਾਬ ਵੇਖ ਰਿਹਾ ਸੀ।

—ਅਜੇ ਨਹੀਂ, ਜੱਸਾ ਸਿੰਘ ਆਹਲੂਵਾਲੀਏ ਤੋਂ ਬਾਅਦ ਸਾਡਾ ਸੁਲਤਾਨੁਲ ਕੌਮ, ਸਾਡੀ ਪੱਗ, ਇਕ ਈ ਪੱਗ ਨੂੰ ਫ਼ਤਹਿ ਬੁਲਾਓ।

ਮਿਸਲਾਂ ਦੇ ਵੀ ਰਾਜ ਬਣ ਗਏ ਤੇ ਪਟਿਆਲਾ ਸਾਰਿਆਂ ਤੋਂ ਉੱਤਮ ਰਾਜ ਭਾਗ ਦਾ ਮਾਲਕ ਬਣੀ ਬੈਠਾ ਸੀ। ਅਹਿਮਦ ਸ਼ਾਹ ਅਬਦਾਲੀ ਹੁਣ ਨਹੀਂ ਆਉਣ ਲੱਗਾ। ਸੌ ਹੱਥ ਰੱਸਾ ਤੇ ਸਿਰੇ ਤੇ ਗੰਢ। ਮੁੱਠ ਨਹੀਂ ਖੋਲ੍ਹਣੀ। ਸਾਥ ਨਹੀਂ ਛੱਡਣਾ। ਦਿਨੇ ਭਾਵੇਂ ਲੜ ਲਵੋ ਪਰ ਰਾਤ ਨੂੰ ਇਕੱਠੇ ਸੰਗਤ 'ਚ ਬੈਠ ਕੇ ਲੰਗਰ ਛਕੋ। ਬਾਣੀ ਸੁਣੋ, ਪਰ ਅਰਦਾਸ ਵੇਲੇ ਸਾਰੇ ਇਕੱਠੇ ਹੋ ਜਾਓ। ਬਸ ਮਾਝੇ ਦੇ ਖਾੜਕੂ ਇਲਾਕੇ 'ਚ ਆ ਗਿਆ ਜੱਸਾ ਸਿੰਘ ਆਹਲੂਵਾਲੀਆ।

150

ਮੇਲਾ ਅਚਲ ਦਾ

ਰਿਆੜਕੀ ਵਿਚ ਵੜਿਆ ਬਟਾਲਾ ਗੁਰੂ ਨਾਨਕ ਦੇ ਸਹੁਰਿਆਂ ਦਾ ਪਿੰਡ। ਵਿਆਹ ਗੁਰੂ ਨਾਨਕ ਦੇਵ ਦਾ ਸੰਗਤਾਂ ਹਰ ਸਾਲ ਬੜੀ ਧੂਮਧਾਮ ਨਾਲ ਮਨਾਉਂਦੀਆਂ ਆ ਰਹੀਆਂ ਸਨ। ਦੂਰ-ਦੂਰ ਤੋਂ ਸੰਗਤਾਂ ਦੇ ਜਥੇ ਆਉਂਦੇ। ਇਹ ਧਰਮ ਨਾਲ ਜੁੜਿਆ ਹੋਇਆ ਮੇਲਾ ਸੀ ਅਚਲ ਦਾ।

ਜੱਸਾ ਸਿੰਘ ਆਹਲੂਵਾਲੀਆ ਬੜੀ ਸ਼ਰਧਾ ਤੇ ਧਰਮ ਨੂੰ ਮੁੱਖ ਰੱਖ ਕੇ ਗੁਰੂ ਸਥਾਨਾਂ ਦੇ ਦਰਸ਼ਨ ਕਰਨ ਦਾ ਸ਼ੌਕੀਨ ਸੀ ਤੇ ਧਰਮ ਦੀ ਪਾਬੰਦੀ ਵਿਚ ਰਹਿਣਾ।

ਦਰਬਾਰ ਸਾਹਬ ਦੀ ਵਿਸਾਖੀ ਅੰਮ੍ਰਿਤਸਰ 'ਚ ਈ ਮਨਾਈ ਜਾਂਦੀ, ਸਾਰੀ ਹਯਾਤੀ 'ਚ ਕਦੀ ਵੀ ਨਾਗਾ ਨਹੀਂ ਸੀ ਪਾਇਆ।

ਇਹ ਮੇਲਾ ਇਕ ਸੰਗਮ ਸੀ ਹਿੰਦੂ, ਸਿੱਖਾਂ ਤੇ ਨਾਥਾਂ ਦਾ। ਸਾਰੇ ਬਟਾਲੇ ਵਿਚ ਅਚਲ ਦਾ ਮੇਲਾ ਮਸ਼ਹੂਰ ਸੀ। ਜੱਸਾ ਸਿੰਘ ਆਹਲੂਵਾਲੀਏ ਦੇ ਮਨ 'ਚ ਤਰੰਗ ਉੱਠੀ ਕਿ ਐਤਕੀਂ ਅਚਲ ਦੇ ਮੇਲੇ ਜਾਣੈ। ਸਾਰੇ ਬੁੱਢੇ ਦਲ ਵਾਲੇ ਤੇ ਬਾਕੀ ਸਿੱਖ ਜਗਤ ਆਪਣੀ ਇੱਜ਼ਤ ਕਰਦੇ ਹਨ। ਸਿੰਘੋ! ਐਤਕੀਂ ਮੈਂ ਮੇਲਾ ਕੱਲਿਆਂ ਵੇਖਣ ਜਾਣੈ। ਉਹ ਘੋੜੇ ਤੇ ਚੜ੍ਹਿਆ ਤੇ ਮਿੱਟੀ ਮੱਥੇ ਨਾਲ ਲਾਈ ਨਾਂ ਲੈ ਕੇ ਅਚਲ ਦਾ। ਉਹ ਇਕ ਫ਼ਰਿਸ਼ਤਾ ਸੀ, ਜਥੇਦਾਰ ਸੀ, ਕੌਮ ਦਾ ਬਾਦਸ਼ਾਹ ਸੀ। ਐਵੇਂ ਪੰਜ ਕੁ ਸਾਥੀ ਨਾਲ ਲਏ ਤੇ ਅਚਲ ਵੱਲ ਵਾਗਾਂ ਮੋੜ ਲਈਆਂ। ਚਿਹਰੇ ਤੇ ਜਲਾਲ ਤੇ ਹੈ ਈ ਸੀ, ਪਰ ਆਮ ਬੰਦੇ ਨਹੀਂ ਸਨ ਜਾਣਦੇ। ਉਹੋ ਜਿਹੀ ਸ਼ਕਲ ਵਾਲੇ ਕਈ ਸਰਦਾਰ ਮੇਲਾ ਵੇਖਣ ਆਏ ਸਨ। ਦਰਸ਼ਨ ਕੀਤੇ ਮੱਥਾ ਟੇਕਿਆ ਘੋੜੇ ਦੀਆਂ ਲਗਾਮਾਂ ਛੱਡੀਆਂ ਹੋਈਆਂ ਸਨ। ਸਿਰ ਝੁਕਿਆ ਹੋਇਆ ਸੀ। ਨਾਥਾਂ ਨੇ ਵੀ ਨਾ ਪਹਿਚਾਨਿਆ।

ਅਚਾਨਕ ਕੁਝ ਸਰਦਾਰਾਂ ਨੇ ਆਣ ਘੇਰਿਆ। ਘੋੜੇ ਨੇ ਫੁੰਕਾਰਾ ਮਾਰਿਆ। ਜੱਸਾ ਸਿੰਘ ਆਹਲੂਵਾਲੀਆ ਕਿੱਥੇ ਡਰਨ ਵਾਲਾ ਸੀ।

—ਕੌਣ ਹੋ ਤੁਸੀਂ, ਏਧਰ ਕੀ ਵੇਖ ਰਹੇ ਹੋ?

—ਸਰਦਾਰ ਦਾ ਮੁਖੜਾ, ਆਖ਼ਰ ਆ ਈ ਗਿਆ ਨਾ ਸਾਡੀ ਜੂਹ ਵਿਚ!

—ਕਿਹਦੀ ਜੂਹ, ਕਿਹਦੀ ਜਾਗੀਰ, ਕਿਹਦਾ ਇਲਾਕਾ?

—ਇਹ ਗੱਲ ਤੇ ਮੇਰਾ ਭਰਾ ਈ ਦੱਸੇਗਾ। ਉਹਦੀਆਂ ਗੱਲਾਂ ਵਿਚੋਂ ਦੁਸ਼ਮਨੀ ਦੀ ਬੋਅ ਆਉਂਦੀ ਸੀ।

—ਓਏ ਛੋਕਰੇ ਤੈਨੂੰ ਪਤਾ ਏ ਕਿ ਤੂੰ ਕਿਸ ਨਾਲ ਗੱਲ ਕਰ ਰਿਹੈਂ?

—ਸੁਲਤਾਨੁਲ ਕੌਮ, ਸਰਦਾਰ ਜੱਸਾ ਸਿੰਘ ਆਹਲੂਵਾਲੀਆ। ਜਿਸ ਸਾਡਾ ਹਿੱਸਾ ਨਹੀਂ ਲੈਣ ਦਿੱਤਾ।

—ਝੂਠ ਬੋਲਦੇ ਹਾਂ। ਕਨ੍ਹਈਆ ਸਰਦਾਰਾਂ ਦਾ ਹਿੱਸਾ ਤੁਸੀਂ ਖਾ ਗਏ ਤੇ ਉਹਨੂੰ ਠੂੱਠ ਵਿਖਾ ਦਿੱਤਾ।

—ਝੂਠ, ਸੁ ਝੂਠ। ਕੁਫ਼ਰ ਤੋਲਣ ਲੱਗਿਆਂ ਜ਼ਬਾਨ 'ਚ ਜ਼ਰਾ ਜਿੰਨਾ ਵੀ ਕੁੜੱਲ ਨਹੀਂ ਪਿਆ।

—ਬੁੱਢੇ ਦਲ ਦੇ ਜਥੇਦਾਰ ਤੇ ਕੌਮ ਦੇ ਬਾਦਸ਼ਾਹ ਦੇ ਰੂ-ਬ-ਰੂ ਹੋ ਕੇ ਆਕੜ ਕੇ ਗੱਲ ਕਰਨੀ? ਬੁੱਕਲ 'ਚ ਝਾਤੀ ਮਾਰ, ਜਵਾਨੀ ਚੜ੍ਹ ਰਹੇ ਗੱਭਰੂਆ।

—ਸਰਦਾਰ ਅੱਜ ਸਾਡੀ ਜੂਹ 'ਚ ਕਿੱਦਾ ਪਧਾਰੇ ਹਨ? ਜ਼ਰਾ ਕੁ ਨਰਮੀ ਆਈ ਤਾਰਾ ਸਿੰਘ ਦੇ ਬੋਲਾਂ ਵਿਚ।

—ਅਚਲ ਦਾ ਮੇਲਾ ਵੇਖਣਾ। ਗੁਰੂ ਦੀ ਨਗਰੀ ਦੇ ਦੀਦਾਰ ਕਰਨ।

—ਸਾਡੀ ਇਜਾਜ਼ਤ ਤੋਂ ਬਗ਼ੈਰ?

—ਗੁਰੂ ਦੀ ਨਗਰੀ ਤੇ ਸਾਰਿਆਂ ਦੀ ਸਾਂਝੀ ਏ। ਤੁਸੀਂ ਕਿੱਥੋਂ ਜੰਮ ਪਏ ਹੋ ਇਲਾਕੇ ਵਾਲੇ? ਮੇਲਾ ਵੇਖਣ ਲਈ ਇਜਾਜ਼ਤ ਦੀ ਕੀ ਲੋੜ ਏ? ਇਕ ਗੱਲ ਕਰ ਰਿਹਾ ਸੀ ਤੇ ਦੂਜਾ ਵਿਚ ਆਪੇ ਈ ਆਣ ਖਲੋਇਆ।

—ਛੱਪੜ 'ਚ ਇੱਟ ਨਾ ਮਾਰ ਛਿੱਟੇ ਪੈਣਗੇ ਸਰਦਾਰਾ।

—ਇੰਨੇ ਚਿਰ 'ਚ ਤਾਰਾ ਸਿੰਘ ਦਾ ਭਰਾ ਮਾਲੀ ਸਿੰਘ ਆ ਗਿਆ। ਇਹ ਕੁਝ ਕੱਬਾ ਬੰਦਾ ਸੀ।

—ਫੜ ਲਵੋ, ਕਾਬੂ ਆਇਆ ਏ ਸਰਦਾਰ, ਮਾਲੀ ਸਿੰਘ ਦੀ ਆਵਾਜ਼ ਸੀ।

—ਬੁੱਢੇ ਦਲ ਦੀ ਦਾੜ੍ਹੀ ਨੂੰ ਹੱਥ ਪਾਉਣ ਲੱਗਾ ਏਂ ਛੋਕਰੇ। ਇਹਦਾ ਨਤੀਜਾ ਜਾਣਦਾ ਏਂ? ਜਥੇਦਾਰ ਨੇ ਇਕ ਵਾਰ ਜ਼ਰਾ ਕੁ ਖੰਘੂਰਾ ਮਾਰਿਆ। ਤੇਰੀ ਸਾਰੀ ਜਾਗੀਰ ਫੂਕ ਕੇ ਸਵਾਹ ਹੋ ਜਾਊ। ਜਾ ਆਪਣੇ ਰਾਹ ਲੱਗ, ਤੂੰ ਅਜੇ ਬੱਚਾ ਏਂ।

ਓਸ ਕੋਈ ਗੱਲ ਨਾ ਸੁਣੀ। ਵਾਗ ਨੂੰ ਹੱਥ ਪਾ ਲਿਆ। ਜੱਸਾ ਸਿੰਘ ਆਹਲੂਵਾਲੀਏ ਦੇ ਸਾਥੀ ਨੇ ਤਲਵਾਰ ਕੱਢੀ—ਝਟਕਾ ਸੁੱਟਾਂ?

—ਨਾ-ਨਾ, ਆਪਣੇ ਪੁੱਤ ਨੂੰ ਸਮਝਾਇਆ ਜਾਂਦੈ, ਤਲਵਾਰ ਨਹੀਂ ਵਿਖਾਈ ਜਾਂਦੀ ਜਵਾਨੀ ਦਾ ਜੋਸ਼ ਏ, ਅਥਰਾਪਨ ਏ।—

ਪਰ ਮਾਲੀ ਸਿੰਘ ਨੇ ਕੁਝ ਨਾ ਸੋਚਿਆ ਤੇ ਨਾ ਵੇਖਿਆ ਸੀ। ਆਖਣ ਲੱਗਾ—ਉਤਰ ਜਾਣ ਸਰਕਾਰਾਂ ਘੋੜੇ ਤੋਂ। ਮੈਂ ਤੁਹਾਨੂੰ ਰੱਸੇ 'ਚ ਬੰਨ੍ਹ ਕੇ ਆਪਣੇ ਭਰਾ ਦੇ ਹਜ਼ੂਰ ਪੇਸ਼ ਕਰਾਂਗਾ।

—ਕਸੂਰ ਕੀ ਏ?

—ਸਾਡੀ ਜੂਹ ਵਿਚ ਬਿਨਾਂ ਇਜਾਜ਼ਤ ਪ੍ਰਵੇਸ਼।

—ਜਾਣ ਦੇ ਭਰਾ ਹਾਣ ਨਾਲ ਢਿੱਡ ਅੜੀਆਂ ਲਈ ਦੀਆਂ ਨੇ। ਸਾਡੇ ਪਿਤਾ ਦੇ ਬਰਾਬਰ ਏ।

—ਮੈਂ ਜਿਹੜੀ ਗੁਸਤਾਖ਼ੀ ਕਰ ਲਈ ਏ ਉਹ ਪੂਰੀ ਕਰਕੇ ਵੇਖਾਂਗਾ।

—ਪਛਤਾਣਾ ਪਊ ਵੀਰਾ। ਸ਼ੇਰ ਦੀ ਮੁੱਛ ਨੂੰ ਹੱਥ ਪਾਉਣ ਲੱਗੈਂ।

—ਸਿੰਘਾਂ ਏਦਾਂ ਈ ਕਰਦੇ ਆਏ। ਕਰਕੇ ਬਾਅਦ 'ਚ ਸੋਚਾਂਗੇ।

ਪੈਦਲ ਤੋਰ ਲਿਆ ਕੌਮ ਦਾ ਬਾਦਸ਼ਾਹ। ਧੰਨ ਜਿਗਰਾ ਸੁਲਤਾਨੁਲ ਕੌਮ ਦਾ। ਜ਼ਬਾਨ ਨਾ ਖੋਲ੍ਹੀ, ਬੁੱਲ੍ਹਾਂ ਤੋਂ ਬੁੱਲ੍ਹ ਨਾ ਚੁੱਕੇ।

ਜ਼ਬਰਦਸਤੀ ਅੱਗੇ ਲਾ ਲਿਆ। ਸਾਥੀ ਜ਼ਰਾ ਗਰਮੀ 'ਚ ਆਏ। ਤਲਵਾਰਾਂ ਨੇ ਆਕੜ ਭੰਨੀ ਮਿਆਨ ਵਿਚ।

ਹਵੇਲੀ ਆ ਗਈ। ਜੱਸਾ ਸਿੰਘ ਰਾਮਗੜ੍ਹੀਆ ਅਜੇ ਪਾਠ ਕਰ ਰਿਹਾ ਸੀ। ਬਿਰਤੀ ਲੱਗੀ ਹੋਈ ਸੀ।

—ਭਰਾ ਵੇਖ, ਮੈਂ ਕੀ ਲਿਆਇਆ ਹਾਂ ਸੌਗਾਤ ਤੇਰੇ ਲਈ?

ਜੱਸਾ ਸਿੰਘ ਰਾਮਗੜ੍ਹੀਆ ਗੁਰੂ ਦੀ ਬਾਣੀ 'ਚ ਮਗਨ ਸੀ। ਅੱਖ ਪੁੱਟੀ ਤੇ ਵੇਖਿਆ।

—ਓਏ ਹਨੇਰ ਮਾਰ ਦਿੱਤਾ ਈ। ਮੋਇਆ ਸੱਪ ਗਲ 'ਚ ਪਾ ਕੇ ਲੈ ਆਇਆ ਏਂ।

—ਫੇਰ ਇਹ ਕੀ। ਇਕ ਦੁਸ਼ਮਨ ਘੇਰਿਆ ਏ। ਭਰਾ ਤੂੰ ਸ਼ਾਬਾਸ਼ ਦੇਣੀ ਸੀ।

—ਕਿਹਦਾ ਦੁਸ਼ਮਨ? ਕਾਹਦੀ ਦੁਸ਼ਮਨੀ? ਇਹ ਤੇ ਮੇਰੇ ਸਿਰ ਦਾ ਤਾਜ ਏ, ਮੇਰਾ ਬਾਪੂ। ਅੱਖਾਂ ਵਿਚੋਂ ਅੱਥਰੂ ਛਮ-ਛਮ ਵਹਿ ਤੁਰੇ। ਆਣ ਡਿੱਗਾ ਚਰਨਾਂ ਤੇ। ਅੱਥਰੂਆਂ ਨੇ ਚਰਨ ਧੋ ਦਿੱਤੇ।

—ਬਾਪੂ ਸਾਰੀ ਜ਼ਿੰਦਗੀ ਦਾ ਮੁੱਲ ਤਾਰਨ ਦਾ ਅੱਜ ਵੇਲਾ ਆਇਆ ਸੀ।

—ਇਕ ਵਾਰ ਮਾਫ਼ ਕਰ ਦੇ ਮੇਰੇ ਮੂਰਖ ਭਰਾਵਾਂ ਨੂੰ। ਮੈਂ ਸਾਰੀ ਉਮਰ ਗੁਲਾਮੀ ਕਰੂੰ, ਚਾਕਰ ਬਣ ਕੇ ਰਹੂੰ ਇਕ ਵਾਰ ਸਿਰਫ਼ ਇਕ ਵਾਰ ਬਖ਼ਸ਼ ਦੇ।

—ਓਏ ਕੁੱਤਿਓ, ਸ਼ਰਮ ਨਾ ਆਈ। ਪੱਗ ਧਰ ਦਿਓ ਬਾਪੂ ਦੇ ਚਰਨਾਂ 'ਤੇ, ਮਾਫ਼ ਕਰ ਦੇ ਬਾਪੂ।

—ਬਾਪੂ ਦੇ ਮਨ ਵਿਚ ਮਿਹਰ ਪਏਗੀ ਗੁਰੂ ਪੱਤ ਰੱਖੇਗਾ। ਤੁਹਾਡੀ ਦਲ ਦੀ ਪੱਗ ਮੁੜ ਕੇ ਤੁਹਾਡੇ ਸਿਰ ਤੇ ਧਰ ਦਿਊ। ਮੂਰਖੋ, ਇਹ ਕੌਮ ਦਾ ਬਾਦਸ਼ਾਹ ਏ। ਜੇ ਐਸਾ ਨਾ ਹੋਇਆ ਫੇਰ ਤੁਸੀਂ ਬਿਰਾਦਰੀ ਵਿਚੋਂ ਛੇਕੇ ਗਏ। ਬੁੱਢੇ ਦਲ ਦੇ ਦਰਵਾਜ਼ੇ ਤੁਹਾਡੇ ਲਈ ਬੰਦ। ਜੱਸਾ ਸਿੰਘ ਰਾਮਗੜ੍ਹੀਆ ਬੋਲਿਆ।

ਤਾਰਾ ਸਿੰਘ ਮੱਥਾ ਰਗੜ ਰਿਹਾ ਸੀ—ਬਾਪੂ ਮਾਫ਼ ਕਰ ਦੇ, ਗੁਨਾਹ ਕੀਤੇ, ਗੁਨਾਹ ਹੋ ਗਿਐ। ਭਰਾ ਤੇ ਮੈਂ ਭਾਈਵਾਲ ਹਾਂ। ਇਹਦੇ ਵਿਚ ਸਾਡੇ ਵੱਡੇ ਭਰਾ ਦਾ ਕੋਈ ਕਸੂਰ ਨਹੀਂ।

ਜੱਸਾ ਸਿੰਘ ਰਾਮਗੜ੍ਹੀਆ ਚਰਨਾਂ ਤੇ ਸਿਰ ਰੱਖੀ ਬੈਠਾ ਸੀ—ਆਹ ਲੈ ਬਾਪੂ ਤਲਵਾਰ ਤੇ ਸਾਡੇ ਤਿੰਨਾਂ ਦੀ ਧੌਣ ਲਾਹ ਦੇ। ਅਸੀਂ ਹੁਣ ਜੀਊਣ ਦੇ ਕਾਬਲ ਨਹੀਂ ਰਹੇ।

ਜੱਸਾ ਸਿੰਘ ਆਹਲੂਵਾਲੀਆ ਖ਼ਾਮੋਸ਼ ਸੀ। ਇਕ ਤਰੇਲੀ ਆਉਂਦੀ ਇਕ ਜਾਂਦੀ।

—ਉੱਠੋ ਮੇਰੇ ਬੱਚੜਿਓ। ਚੰਗਾ ਕੀਤਾ ਜੇ ਮੈਨੂੰ ਸੁਪਨੇ ਵਿਚ ਹੁੱਝ ਮਾਰ ਕੇ ਜਗਾਇਆ ਜੇ। ਮੈਂ ਸੋਚੀ ਬੈਠਾ ਸਾਂ ਮੈਂ ਸਦਾ ਏਸੇ ਤਰ੍ਹਾਂ ਈ ਰਹਿਣੈ। ਸਮਾਂ ਬਲਵਾਨ ਏ। ਮੇਰੇ ਪੁੱਤਰੋ ਮੇਰੇ ਸੀਨੇ ਨਾਲ ਲੱਗੋ।

ਜੱਸਾ ਸਿੰਘ ਰਾਮਗੜ੍ਹੀਏ ਨੇ ਤਖ਼ਤ ਤੇ ਲਿਆ ਬਿਠਾਇਆ ਕੌਮ ਦੇ ਬਾਦਸ਼ਾਹ ਨੂੰ।

—ਉੱਠੋ ਔਂਤਰੇ ਤੇ ਨਾਲਾਇਕ ਭਰਾਵੋ। ਮੇਰੀ ਸਾਰੀ ਜ਼ਿੰਦਗੀ ਦੀ ਕੀਤੀ, ਅੱਜ ਤੁਸਾਂ ਮਿੱਟੀ 'ਚ ਰੋਲ ਦਿੱਤੀ ਏ।

—ਧੋ ਬਾਪੂ ਦੇ ਚਰਨ ਤੇ ਚਰਨਾਮਤ ਲਵੋ ਜਨਮ ਸਫ਼ਲ ਹੋ ਜਾਵੇਗਾ।

ਤਿੰਨਾਂ ਜਣਿਆਂ ਨੇ ਚਰਨ ਧੋ ਕੇ ਕਟੋਰਾ ਭਰ ਲਿਆ। ਚਰਨਾਮਤ ਵੰਡਿਆ ਨੂੰਹਾਂ, ਧੀਆਂ ਤੇ ਸਾਰੇ ਮਹਿਲ ਦੇ ਨੌਕਰਾਂ, ਚਾਕਰਾਂ ਵਿਚ।

—ਗੱਲ ਏਥੇ ਠੱਪੀ ਗਈ। ਬਾਪੂ ਬਚਨ ਦੇ। ਜੋ ਹੋਣਾ ਸੀ ਹੋ ਗਿਆ। ਇਹ ਗੱਲ ਏਥੇ ਰਹਿ ਜਾਏ, ਦਲ ਤਕ ਨਾ ਪੁੱਜੇ। ਨਹੀਂ ਤੇ ਮੇਰਾ ਜੀਊਣਾ ਹਰਾਮ ਹੋ ਜਾਏਗਾ। ਮੈਂ ਜਿਊ ਨਾ ਸਕਾਂਗਾ।

—ਸਿਰਫ਼ ਇਕੋ ਬਚਨ, ਸਾਰੀ ਜ਼ਿੰਦਗੀ 'ਚ ਮੰਗਿਆ। ਤੇਰੀ ਰਹਿਮਤ ਨਾਲ ਮੈਂ ਚਾਰ ਦਿਨ ਹੋਰ ਜਿਊਂ ਲਵਾਂਗਾ। ਜੇ ਤੂੰ ਮਾਫ਼ ਨਾ ਕੀਤਾ ਤੇ ਆਹ ਲੈ। ਓਸ ਇਕ ਡੱਬੀ ਕੱਢੀ ਜ਼ਹਿਰ ਨਾਲ ਭਰੀ ਹੋਈ। ਓਸ ਗੋਲਾ ਵੱਟਿਆ ਮਜੂਨ ਦਾ ਤੇ ਮੂੰਹ 'ਚ ਪਾਉਣ ਲੱਗਾ। ਬਾਬਾ ਜੀ ਜੇ ਤੁਸਾਂ ਨਹੀਂ ਬਖ਼ਸ਼ਣਾ ਤੇ ਮੈਂ ਕਿਹਦੇ ਲਈ ਜੀਊਣਾ ਏ। ਇਹ ਜ਼ਹਿਰ ਈ ਮੇਰੀ ਜ਼ਿੰਦਗੀ ਬਚਾ ਸਕਦਾ ਏ ਤੇ ਮੈਂ ਤਾਹੀਏਂ ਤੁਹਾਡੀ ਸੱਥ ਵਿਚ ਬੈਠ ਕੇ ਗੱਲ ਕਰ ਸਕਾਂਗਾ, ਪਰ ਇਹ ਤੇ ਗੱਲ ਓਦੋਂ ਦੇ ਏ ਜਦ ਮੈਂ ਜੀਊਂਦਾ ਰਵ੍ਹਾਂਗਾ।

ਜੱਸਾ ਸਿੰਘ ਆਹਲੂਵਾਲੀਆ ਦੀਆਂ ਅੱਖਾਂ ਗਲੇਡੂਆਂ ਨਾਲ ਭਰ ਗਈਆਂ।

—ਜਾਓ ਸਭ ਕੁਝ ਮਾਫ਼ ਕੀਤਾ, ਤੁਹਾਡੇ ਗੁਨਾਹ ਬਖ਼ਸ਼ੇ।

ਗੱਲ ਮਹਿਲ ਵਿਚੋਂ ਬਾਹਰ ਨਾ ਨਿਕਲੀ ਪਰ ਕੰਧਾਂ ਦੇ ਵੀ ਕੰਨ ਹੁੰਦੇ ਨੇ। ਪਰਦਿਆਂ ਵਿਚ ਗੱਲ ਕਿੰਨੇ ਦਿਨ ਲੁਕਾਈ ਜਾ ਸਕਦੀ ਏ।

ਪੰਜ ਘੋੜੇ, ਇਕ ਪਾਲਕੀ, ਪੰਜ ਦੁਸ਼ਾਲੇ ਤੇ ਪੰਜ ਹਜ਼ਾਰ ਨਜ਼ਰਾਨਾ ਤੇ ਤਨਖ਼ਾਹ ਵੱਖਰੀ। ਜੱਸਾ ਸਿੰਘ ਆਹਲੂਵਾਲੀਏ ਦੇ ਅੱਗੇ ਲਿਆ ਰੱਖੀ।

—ਬਾਬਾ ਇਕ ਵਾਰ ਹੱਸ ਕੇ ਤੇ ਬੋਲ। ਸਾਡੇ ਸਿਰ ਤੇ ਪਿਆਰ ਦਾ ਹੱਥ ਰੱਖ। ਇਕ ਵਾਰ ਫੇਰ ਆਖ, ਮੈਂ ਬਖ਼ਸ਼ਿਆ।

—ਇਹ ਗੱਲ ਆਪਣੇ ਪੁੱਤਰਾਂ ਨੂੰ ਨਾ ਦੱਸਿਓ। ਕਿਤੇ ਇਹ ਤਮਾਸ਼ਾ ਮੁੜ ਕੇ ਨਾ ਵਾਪਰੇ।

—ਬਾਬਾ ਬੱਦ-ਦੁਆ ਨਾ ਦੇਵੀਂ। ਭੁੱਲ ਬੰਦਿਆਂ ਕੋਲੋਂ ਈ ਹੁੰਦੀ ਏ। ਗੁਨਾਹ ਗੁਰੂ ਵੀ ਬਖ਼ਸ਼ ਦਿੰਦੇ ਨੇ। ਪਿਓ ਜੇ ਪੁੱਤ ਦੇ ਗੁਨਾਹ ਨਾ ਬਖ਼ਸ਼ੇਗਾ ਤੇ ਕੌਣ ਬਖ਼ਸ਼ੇਗਾ?

ਆਖਦੇ ਹਨ ਕਿ ਜੱਸਾ ਸਿੰਘ ਆਹਲੂਵਾਲੀਏ ਨੂੰ ਘਰ ਤੋਂ ਘੋੜੇ ਤੇ ਚਾੜ੍ਹਿਆ ਤੇ ਘੋੜੇ ਦੀ ਲਗਾਮ ਜੱਸਾ ਸਿੰਘ ਰਾਮਗੜ੍ਹੀਏ ਨੇ ਫੜੀ। ਤਿੰਨੇ ਭਰਾ ਨੰਗੀਂ-ਪੈਰੀਂ ਸਨ। ਅੱਖਾਂ ਨੀਵੀਆਂ ਸਨ।

—ਧੰਨ ਬਾਬਾ ਤੂੰ ਸਾਡੀ ਲਾਜ ਰੱਖ ਲਈ ਏ। ਸਾਡੀ ਟੁੱਟੀ ਗੰਢ ਦਿੱਤੀ ਏ।

—ਨਿੱਕੀ ਜਿਹੀ ਗ਼ਲਤੀ ਰਾਮਗੜ੍ਹੀਏ ਨੇ ਕੀਤੀ, ਜੱਸਾ ਸਿੰਘ ਦੀ ਜ਼ਿੰਦਗੀ ਦਾ ਇਕ ਕਲੰਕ ਬਣ ਗਈ।

ਸਾਰੀ ਜ਼ਿੰਦਗੀ ਦਾ ਪਛਤਾਵਾ ਉਹਦਾ ਪਰਛਾਵਾਂ ਬਣ ਕੇ ਉਹਦੇ ਨਾਲ ਤੁਰ ਰਿਹਾ ਸੀ।

ਜੱਸਾ ਸਿੰਘ ਆਹਲੂਵਾਲੀਆ ਮਹਾਨ ਸੀ। ਜਿਸ ਇਕ ਵੀ ਸ਼ਬਦ ਨਾ ਆਖਿਆ। ਸਭ ਕੁਝ ਪੀ ਗਿਆ।

151

ਪੌੜੀ ਦਾ ਆਖ਼ਰੀ ਡੰਡਾ

—ਦਿਨ ਨੇੜੇ ਆ ਗਏ ਨੇ। ਇਕ ਵਾਰ ਸੋਚਿਆ ਜੱਸਾ ਸਿੰਘ ਆਹਲੂਵਾਲੀਏ ਨੇ।

—ਪੌੜੀ ਦਾ ਇਕ ਅੱਧਾ ਡੰਡਾ ਏ। ਫੇਰ ਮੁੱਕ ਜਾਏਗੀ ਪੌੜੀ। ਯਾਤਰਾ ਪੂਰੀ ਹੋ ਗਈ ਏ। ਗੁਰੂ ਦੀ ਨਗਰੀ ਇੱਥੋਂ ਕਿੰਨੀ ਕੁ ਦੂਰ ਏ?

—ਅੰਮ੍ਰਿਤਸਰ ਅਹੁ ਸਾਹਮਣੇ ਦਿਸਦਾ ਏ। ਗੁਰੂ ਦੀ ਨਗਰੀ ਨੇੜੇ ਆ ਗਏ ਏ।

—ਮਾਲਾ ਜਪਣ ਦੇ ਦਿਨ ਲੰਘ ਗਏ। ਮਾਲਾ ਹੁਣ ਹੱਥਾਂ ਵਿਚ ਥਿੜਕਨ ਲੱਗ ਪਈ ਏ। ਘੋੜੇ ਦੀਆਂ ਲਗਾਮਾਂ ਕਦੀ ਹੱਥਾਂ ਵਿਚ ਨੱਚਦੀਆਂ ਸਨ। ਅੱਜ ਹੱਥ ਲਗਾਮ ਸੰਭਾਲ ਨਹੀਂ ਸਕਦੇ। ਘੋੜਾ ਸਾਡਾ ਪੁਰਾਣਾ ਮਿੱਤਰ ਏ। ਲਈ ਜਾਂਦਾ ਏ ਰਾਹੇ-ਰਾਹੇ। ਇਹ ਦੋਸਤੀ ਕਿੰਨੇ ਕੁ ਦਿਨ ਦੀ ਏ।

—ਹੌਲੀ-ਹੌਲੀ ਵਗ ਬਿਆਸਾ ਸੱਜਣਾਂ ਨੇ ਪਾਰ ਲੰਘਣੈ।

—ਜ਼ਿੰਦਗੀ ਦੀ ਮਾਲਾ ਪਰੋਈ ਗਈ ਏ। ਸਿਰਮੌਰ ਦਾ ਮਣਕਾ ਪਰੋਣਾ ਬਾਕੀ ਏ। ਜਦ ਮਾਲਾ ਬਣ ਗਈ ਤਾਂ ਸਮਝੋ ਜ਼ਿੰਦਗੀ ਪੂਰੀ ਹੋ ਗਈ।

ਗੁਮਸੁਮ, ਖ਼ਾਮੋਸ਼ੀ, ਉਦਾਸੀ ਚਿਹਰੇ ਤੇ ਛਾਈ ਹੋਈ ਸੀ। ਚਿਹਰੇ ਦੇ ਜਲਾਲ 'ਚ ਮਾੜੀ ਜਿਹੀ ਲਕੀਰ ਆਈ।

ਜੱਸਾ ਸਿੰਘ ਆਹਲੂਵਾਲੀਆ ਸੋਚ ਰਿਹਾ ਸੀ। ਕੌਮ ਦੇ ਕੰਮ ਅਜੇ ਬੜੇ ਬਾਕੀ ਹਨ। ਪਰ ਸਮਾਂ ਥੋੜ੍ਹਾ ਏ। ਕਦੀ ਬੰਦੇ ਦੇ ਕੰਮ ਵੀ ਜ਼ਿੰਦਗੀ 'ਚ ਪੂਰੇ ਹੋਏ ਨੇ। ਵਾਹਿਗੁਰੂ! ਤੂੰ ਈ ਲਾਜ ਰੱਖਣੀ ਏ। ਬੰਦਾ ਬੜਾ ਗੁਨਾਹਗਾਰ ਏ। ਮਿੱਟੀ ਦਾ ਪੁਤਲਾ ਜੇ ਘੁਮਿਆਰ ਨੇ ਘੜਿਆ ਈ ਸੀ ਤੇ ਬਣਾਈ ਸੀ ਮੂਰਤ ਘੁਮਿਆਰ। ਜੇ ਮੁੜ ਕੇ ਭੰਨ੍ਹ ਦੇਵੇ ਤੇ ਫੇਰ ਕੀ! ਬਸ ਬੁਲਬੁਲਾ ਪਾਣੀ ਦਾ। ਔਲੂ ਵਿਚੋਂ ਈ ਜੰਮਿਆ ਤੇ ਔਲੂ ਵਿਚ ਈ ਅਲੋਪ ਹੋ ਗਿਆ।

ਜਥੇ ਦੀ ਵਹੀਰ ਚੱਲ ਰਹੀ ਸੀ। ਜਾਹੋ-ਜਲਾਲ ਸ਼ਾਨੋ-ਸ਼ੌਕਤ, ਦਮਾਮਾ ਵੱਜਦਾ ਜਾ ਰਿਹਾ ਸੀ। ਨਗਾਰਿਆਂ ਦੀ ਆਵਾਜ਼ ਦੂਰ ਤਕ ਸੁਣਾਈ ਦੇ ਰਹੀ ਸੀ।

ਬਟਾਲੇ ਤੋਂ ਜਥਾ ਚੱਲਿਆ ਤੇ ਪੜਾਅ ਕੀਤਾ ਬਿਆਸਾ ਲੰਘ ਕੇ ਬੁੜ੍ਹਾਲੇ। ਪਿੰਡ ਵਾਲਿਆਂ ਲੰਗਰ ਤਿਆਰ ਕੀਤਾ ਹੋਇਆ ਸੀ। ਬਾਕੀ ਦੀ ਕਸਰ ਲਾਂਗਰੀਆਂ ਆ ਕੇ ਪੂਰੀ ਕਰ ਦਿੱਤੀ।

ਏਨੇ ਚਿਰ ਵਿਚ ਈ ਇਕ ਏਲਚੀ ਪਟਿਆਲੇ ਤੋਂ ਆ ਗਿਆ। ਹੱਥ ਜੋੜੇ, ਅਰਜ਼ ਕੀਤੀ। ਹਜ਼ੂਰ ਮਹਾਰਾਜਾ ਪਟਿਆਲੇ ਦੀ ਚਿੱਠੀ ਲੈ ਕੇ ਆਇਆ ਹਾਂ।

—ਸਰਦਾਰ ਆਪ ਦੇ ਦੀਦਾਰ ਕਰਨ ਨੂੰ ਆ ਰਹੀਆਂ ਨੇ। ਮਹਾਰਾਣੀ ਤੇ ਮਹਾਰਾਜ ਦੀ ਇੱਛਾ ਏ ਕਿ ਟਿੱਕਾ ਸਾਹਿਬ ਨੂੰ ਹਜ਼ੂਰ ਆਪਣੇ ਕਰ ਕਮਲਾਂ ਨਾਲ ਖੰਡੇ ਦਾ ਅੰਮ੍ਰਿਤ ਛਕਾਉਣ। ਅਸੀਂ ਆ ਰਹੇ ਹਾਂ।

—ਮਹਾਰਾਣੀ ਦਾ ਮਨ ਕਰਦਾ ਏ। ਟਿੱਕੇ ਦਾ ਵਿਆਹ ਧਰਿਆ ਹੋਇਆ ਏ। ਪਹਿਲਾਂ ਅੰਮ੍ਰਿਤ ਫੇਰ ਸ਼ਾਦੀ। ਗੁਰੂ ਨੇ ਖੁਸ਼ੀ ਬਖ਼ਸ਼ੀ ਏ। ਸੁਖ ਰੀਤ ਮਰਿਆਦਾ ਵਿਚ ਇਹ ਸਾਰੇ ਕੰਮ ਨੇਪਰੇ ਚੜ੍ਹਾਏ ਜਾਣ ਤੇ ਮੈਂ ਪ੍ਰਸ਼ਾਦ ਆਪ ਕਰਾਂਗੀ।

—ਅਜੇ ਗੱਲਬਾਤ ਹੋ ਈ ਰਹੀ ਸੀ। ਮਗਰੇ ਈ ਇਕ ਹੋਰ ਊਠਨੀ ਸਵਾਰ ਆ ਗਿਆ।

ਹੱਥ ਜੋੜੇ, ਬੋਲਿਆ —ਮਹਾਰਾਜ ਹਨੇਰ ਹੋ ਗਿਆ। ਪਟਿਆਲਾ ਉੱਜੜ ਗਿਆ। ਪਟਿਆਲੇ ਦੇ ਨਰੇਸ਼ ਅਮਰ ਸਿੰਘ ਦਾ ਦੇਹਾਂਤ ਹੋ ਗਿਆ।

—ਮਹਾਰਾਣੀ ਨੇ ਹੱਥ ਬੰਨ੍ਹ ਕੇ ਅਰਜ਼ ਕੀਤੀ। ਭਾਣਾ ਵਰਤ ਗਿਆ ਏ, ਪਰ ਸੁਖ-ਸੁਖਾਂ ਨਾਲ ਵਿਆਹ ਧਰਿਆ ਹੋਇਆ ਏ। ਏਸੇ ਤਾਰੀਖ਼ ਨੂੰ ਬਾਰਾਤ ਪਟਿਆਲੇ ਤੋਂ ਚੱਲੇਗੀ।

—ਅੰਮ੍ਰਿਤ ਛਕ ਕੇ ਫੇਰ ਅਨੰਦ ਕਾਰਜ ਹੋਵੇਗਾ। ਮੈਂ ਆ ਰਹੀ ਹਾਂ ਬਾਰਾਤ ਲੈ ਕੇ। ਕੁੜੀ ਵਾਲੇ ਵੀ ਚੱਲ ਪਏ ਹਨ।

ਵਾਜੇ-ਗਾਜੇ ਵੱਜ ਰਹੇ ਸਨ ਪਰ ਉਨ੍ਹਾਂ ਦੀ ਸੁਰ ਮੱਧਮ ਸੀ।

ਸ਼ਗਨਾਂ ਦਾ ਗਾਨੇ ਬੰਨ੍ਹੀ ਬਾਰਾਤ ਮੰਜ਼ਲਾਂ ਤੇ ਮੰਜ਼ਲਾਂ ਮਾਰਦੀ ਆ ਰਹੀ ਸੀ।

ਕੁੜੀ ਵਾਲਿਆਂ ਦਾ ਮੇਲ ਵੀ ਅੱਗੇ-ਅੱਗੇ ਚਲ ਰਿਹਾ ਸੀ। ਦੋਵੇਂ ਅੱਗੇ-ਪਿੱਛੇ ਸਨ। ਲਾਡਲਾ ਮਹਾਰਾਜਾ ਅਮਰ ਸਿੰਘ ਦਾ ਪੁੱਤ ਟਿੱਕਾ ਸਾਹਿਬ ਸਿੰਘ ਨੀਗਰ ਚੰਦ ਸੀ ਬਾਰਾਤ ਦਾ।

ਗੰਡਾ ਸਿੰਘ ਭੰਗੀ ਦੀ ਕੰਨਿਆ ਬੀਬੀ ਰਤਨ ਕੌਰ ਨਾਲ ਵਿਆਹ ਹੋ ਰਿਹਾ ਸੀ। ਲਾਵਾਂ ਤੋਂ ਪਹਿਲਾਂ ਅੰਮ੍ਰਿਤ ਛਕਣ ਦੀ ਰਸਮ ਕੀਤੀ ਜਾਏਗੀ।

ਵਿਆਹ ਦਾ ਸਾਰਾ ਪ੍ਰਬੰਧ ਦੀਵਾਨ ਨਨੂ ਮੱਲ ਦੇ ਜ਼ਿੰਮੇ ਸੀ।

ਜੰਞ ਵਿਚ ਰਾਜਾ ਭਾਗ ਸਿੰਘ ਜੀਂਦ ਤੇ ਸਰਦਾਰ ਹਮੀਰ ਸਿੰਘ ਨਾਭਾ ਤੇ ਭਾਈ ਦੇਸੂ ਸਿੰਘ ਕੈਥਲ ਵਾਲਾ ਤੇ ਰਾਏ ਮੁਹੰਮਦ ਜਗਰਾਓ ਤੇ ਨਵਾਬ ਅੱਲਾ ਦਿੱਤਾ ਤੇ ਨਵਾਬ ਅਤਾਅ ਉੱਲਾ ਖ਼ਾਂ ਮਲੇਰਕੋਟਲੇ ਵਾਲਾ ਵੀ ਸੀ।

ਜੰਞ ਦਾ ਨਿਸ਼ਾਨਾ ਕਪੂਰਥੱਲੇ ਵੱਲ ਸੀ। ਬਾਰਾਤ ਵਕਤ ਸਿਰ ਪੁੱਜ ਗਈ। ਕੁੜੀ ਵਾਲਿਆਂ ਦਾ ਮੇਲ ਸਿੱਧਾ ਦਲ ਦੇ ਡੇਰੇ ਵੱਲ ਸੀ।

ਜੱਸਾ ਸਿੰਘ ਆਹਲੂਵਾਲੀਏ ਨੇ ਹੁਕਮ ਦਿੱਤਾ—ਇਹ ਅੰਮ੍ਰਿਤ ਦੀ ਰਸਮ ਤਰਨਤਾਰਨ ਵਿਚ ਹੋਵੇਗੀ। ਰੁਖ਼ ਬਦਲ ਗਏ। ਕਪੂਰਥਲੇ ਵੀ ਸੁਨੇਹਾ ਪੁੱਜ ਗਿਆ। ਬਾਰਾਤ ਸਿੱਧੀ ਤਰਨਤਾਰਨ ਆ ਜਾਏ। ਅਸੀਂ ਵੀ ਪੁੱਜ ਰਹੇ ਹਾਂ।

ਹੁਕਮ ਜਥੇਦਾਰ ਦਾ। ਪੰਥ ਦੇ ਵਾਲੀ ਜੱਸਾ ਸਿੰਘ ਆਹਲੂਵਾਲੀਏ ਦੇ ਹੱਥੋਂ ਅੰਮ੍ਰਿਤ ਛਕਾਇਆ। ਇਹ ਬੜੀ ਵੱਡੀ ਗੱਲ ਸੀ।

ਹੁਕਮ ਦੇ ਬੱਧੇ ਤਰਨਤਾਰਨ ਪੁੱਜ ਗਏ।

ਗੁਰੂ ਦੀ ਮਰਿਆਦਾ ਅਨੁਸਾਰ ਪੰਜ ਪਿਆਰਿਆਂ ਨੇ ਅੰਮ੍ਰਿਤ ਦੀ ਦਾਤ ਬਖ਼ਸ਼ੀ ਤੇ ਸਾਹਮਣੇ ਬੈਠ ਕੇ ਅੰਮ੍ਰਿਤ ਆਪ ਛਕਾਇਆ। ਜੈਕਾਰੇ ਛੁੱਟੇ, ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫ਼ੇ ਵਰਤੇ।

ਡੋਲੀ ਵਿਚ ਬੈਠੀ ਦੁਲਹਨ ਕੁਹਾਰਾਂ ਡੋਲੀ ਚੁੱਕੀ ਤੇ ਪਟਿਆਲੇ ਵੱਲ ਮੁੜ ਗਏ।

ਗੰਡਾ ਸਿੰਘ ਭੰਗੀ ਤੇ ਉਹਦੇ ਸਾਥੀਆਂ ਨੇ ਕੰਨਿਆਦਾਨ ਕਰਕੇ ਅੰਮ੍ਰਿਤਸਰ ਇਸ਼ਨਾਨ ਆਣ ਕੀਤੇ।

ਨੀਗਰ ਚੰਦ ਚੰਨ ਵਰਗੀ ਵਹੁਟੀ ਵਿਆਹ ਕੇ ਲੈ ਗਿਆ ਪਟਿਆਲੇ। ਮਰਿਆਦਾ ਦੀ ਕਿੰਨੀ ਕੁ ਪਾਬੰਦੀ ਸੀ।

152

ਮੀਣੇ

ਮੀਣੇ, ਮਸੰਦ, ਮਸੰਦੀਏ। ਸਾਰਿਆਂ ਨੂੰ ਸਿੱਖ ਜਗਤ ਵਿਚੋਂ ਤੇ ਗੁਰੂ ਦੇ ਚੌਕੇ ਵਿਚੋਂ ਛੇਕਿਆ ਹੋਇਆ ਸੀ। ਇਨ੍ਹਾਂ ਨੂੰ ਨਾ ਕੋਈ ਧੀ ਦੇਂਦਾ ਤੇ ਨਾ ਇਨ੍ਹਾਂ ਦੀ ਧੀ ਲੈਂਦਾ। ਇਹ ਸਜ਼ਾ ਗੁਰੂਆਂ ਨੇ ਦਿੱਤੀ ਧੀਰਮੱਲ ਨੂੰ।

ਧੀਰਮੱਲ ਆਖਣ ਲੱਗਾ :

—ਕੀ ਮੈਂ ਸੋਢੀ ਨਹੀਂ? ਕੀ ਮੈਂ ਗੁਰੂ ਸੰਤਾਨ ਨਹੀਂ? ਕੀ ਹੋਇਆ, ਭਾਂਡੇ ਚੌਕੇ 'ਚ ਖੜਕ ਈ ਪੈਂਦੇ ਨੇ। ਕਿਸ ਘਰ 'ਚ ਝਗੜਾ ਨਹੀਂ ਹੁੰਦਾ? ਭਰਾ-ਭਰਾ ਹਮੇਸ਼ਾ ਲੜਦੇ ਆਏ। ਭਰਾ ਹੋਣਗੇ ਤੇ ਝਗੜਾ ਹੋਵੇਗਾ।

—ਮਾੜਾ ਜਿਹਾ ਝਗੜਾ ਗੱਦੀ ਦਾ। ਜੇ ਗੱਦੀ ਮੈਨੂੰ ਨਹੀਂ ਮਿਲੀ ਤੇ ਮੈਂ ਕਿਹੜਾ ਅਸਮਾਨ ਸਿਰ ਤੇ ਚੁੱਕ ਲਿਆ ਸੀ। ਮੈਂ ਭਰਾ ਛੱਡੇ, ਭਰਜਾਈਆਂ ਛੱਡ ਦਿੱਤੀਆਂ। ਮਾਂ ਨੂੰ ਤਿਆਗ ਦਿੱਤਾ। ਜਾਂ ਪਿਤਾ ਨੂੰ ਆਖ ਦਿੱਤਾ ਕਿ ਤੂੰ ਮੇਰਾ ਪਿਓ ਨਹੀਂ?

ਡਾਂਗ ਇਕ ਵਾਰ ਖੜਕੀ, ਮੱਠੀ ਪੈ ਗਈ। ਕੁੱਕੜ ਖੇਹ ਉਡਾਹੀ ਮੇਰੇ ਸਿਰ ਵਿਚ ਈ ਪੈ ਗਈ। ਕਸੂਰ ਮੇਰਾ ਏ। ਮੇਰੀ ਔਲਾਦ ਨੂੰ ਏਨੀ ਵੱਡੀ ਸਜ਼ਾ ਕਿਉਂ। ਗੁੱਸਾ ਚੜ੍ਹਿਆ ਸੀ ਉਤਰ ਗਿਆ। ਭਾਂਬੜ ਬਲਿਆ ਸੀ ਬੁੱਝ ਗਿਆ। ਇੰਨਾ ਲੰਮਾ ਰੋਸਾ ਕਾਹਦਾ? ਗੱਲ ਹੋਈ ਸੀ ਖ਼ਤਮ ਹੋ ਗਈ।

—ਮੈਂ ਬੁਰਾ ਸਾਂ, ਬਦਜ਼ੁਬਾਨ ਸਾਂ। ਮੇਰੇ ਨਾਲ ਈ ਚਲਿਆ ਗਿਆ ਸਭ ਕੁਝ। ਮੇਰੇ ਪੁੱਤ, ਮੇਰੇ ਪੋਤਰੇ ਤੁਹਾਡਾ ਈ ਤੇ ਲਹੂ ਹਨ। ਇਨ੍ਹਾਂ ਨੂੰ ਤੇ ਗਲ ਨਾਲ ਲਾ ਲਵੋ।

—ਕੀ ਅੱਗੇ ਗੱਦੀ ਲਈ ਝਗੜੇ ਨਹੀਂ ਹੋਏ? ਗੁਰੂ ਘਰ 'ਚ ਰੌਲਾ ਨਹੀਂ ਪਿਆ? ਝਗੜਾ ਕਰਨ ਵਾਲੇ ਘਰ ਵਾਲਿਆਂ ਨੂੰ ਨਹੀਂ ਮਿਲਦੇ?

—ਮੇਰਾ ਝਗੜਾ ਕੋਈ ਅਲੋਕਾਰ ਸੀ। ਗੱਦੀ ਨਹੀਂ ਮਿਲੀ ਨਾ ਸਹੀ। ਮੈਨੂੰ ਚਾਰ ਗਾਲ੍ਹਾਂ ਕੱਢੋ, ਗੁੱਸਾ ਠੰਢਾ ਕਰ ਲਵੋ। ਮੈਂ ਕਦੀ ਇਹ ਨਹੀਂ ਸੀ ਸੁਣਿਆ ਕਿ ਇਕ ਪੁੱਤ ਜ਼ਰਾ ਅੱਥਰਾ ਹੋ ਗਿਆ ਤੇ ਉਹਦੇ ਲਈ ਘਰ ਦੇ ਦਰਵਾਜ਼ੇ ਈ ਬੰਦ ਕਰ ਦਿਓ। ਇਹ ਕਿੱਧਰ ਦਾ ਇਨਸਾਫ਼ ਏ? ਭੇਡਚਾਲ ਸੀ ਚਲਦੀ ਰਹੀ, ਪਰ ਗੱਲ ਏਥੇ ਆਣ ਕੇ ਮੁੱਕੀ।

—ਕਰਤਾਰਪੁਰ ਮੇਰੀ ਵੰਡ ਦੇ ਹਿੱਸੇ ਆਇਆ। ਤੁਸਾਂ ਅੰਮ੍ਰਿਤਸਰ ਲੈ ਲਿਆ। ਤੁਸੀਂ ਗੁਰੂ ਤੇ ਮੈਂ ਸੇਵਕ। ਜਦੋਂ ਮੈਂ ਨੱਕ ਈ ਰਗੜ ਲਿਆ ਫੇਰ ਨਰਾਜ਼ਗੀ ਕਾਹਦੀ। ਪੰਥ ਮੈਨੂੰ ਗਲ ਨਾਲ ਲਾ ਲਵੇ ਤੇ ਮੈਂ ਆਪਣੇ ਸਾਰੇ ਕਲੰਕ ਧੋ ਲਵਾਂਗਾ। ਆਖਣ ਲੱਗਾ ਇਕ ਮੀਣਾ।

—ਜਥੇਦਾਰ ਨੇ ਹਾਂ ਕਰ ਦਿੱਤੀ, ਪਰ ਜਦੋਂ ਤਕ ਸੰਥ ਨਹੀਂ ਬਹਿੰਦੀ, ਗੁਰਮਤਾ ਨਹੀਂ ਹੁੰਦਾ ਓਨਾ ਚਿਰ ਮੈਂ ਮਜਬੂਰ ਹਾਂ। ਤੁਹਾਡੀ ਗੱਲ ਸੱਚੀ ਏ।

—ਪ੍ਰਿਥਵੀ ਚੰਦ ਨੂੰ ਵੀ ਤੇ ਘਰ ਵਾੜ ਈ ਲਿਆ ਸੀ। ਸੱਸ ਨੇ ਨੂੰਹ ਨੂੰ ਚੌਕੇ ਵਿਚੋਂ ਨਹੀਂ ਸੀ ਕੱਢਿਆ। ਮੇਰੀ ਵਾਰੀ ਕਿਹੜੀ ਬਿੱਲੀ ਨਿੱਛ ਗਈ ਸੀ?

—ਭੁੱਲਾਂ ਬੰਦਿਆਂ ਕੋਲੋਂ ਹੁੰਦੀਆਂ ਆਈਆਂ ਤੇ ਸਿਆਣੇ ਉਹਨੂੰ ਮਾਫ਼ ਕਰਦੇ ਆਏ। ਜਥੇਦਾਰ ਜੀ! ਜੇ ਤੁਸਾਂ ਮੈਨੂੰ ਪੰਥ ਵਿਚ ਨਾ ਰਲਾਇਆ ਤੇ ਮੈਨੂੰ ਇਹਨਾਂ ਸਿੰਘਾਂ ਨੇ ਸੱਥ ਵਿਚ ਬਹਿਣ ਨਹੀਂ ਦੇਣਾ ਤੇ ਅਸੀਂ ਸਾਰੀ ਹਯਾਤੀ ਰੋਂਦੇ-ਸਹਿਕਦੇ ਹਾੜ੍ਹੇ ਕੱਢਦੇ ਈ ਮਰ ਜਾਵਾਂਗੇ। ਗੁਲਾਬ ਸਿੰਘ ਸੋਢੀ ਲਿਲਕੜੀਆਂ ਲੈ ਰਿਹਾ ਸੀ। ਮਸੰਦ ਆਖਣ ਵਾਲਿਆਂ ਨੇ ਪਟੋਕੀਆਂ ਮਾਰ-ਮਾਰ ਕੇ ਅੱਧਮੋਇਆ ਕਰ ਦੇਣਾ ਏ। ਤੁਸੀਂ ਪੰਥ ਦੇ ਵਾਲੀ ਹੋ, ਮੇਰੀ ਟੁੱਟੀ ਜੋੜ ਜਾਓ।

—ਸਹਿਜ ਪਕੇ ਸੋ ਮਿੱਠਾ ਹੋਵੇ। ਮੈਂ ਕੋਸ਼ਿਸ਼ ਕਰਾਂਗਾ ਨਰਾਜ਼ ਹੋਣ ਦੀ ਲੋੜ ਨਹੀਂ। ਬੁੱਢੇ ਦਲ ਵਾਲੇ ਵਿਗੜੇ ਕੰਮ ਸੰਵਾਰਦੇ ਆਏ, ਤੇਰਾ ਵੀ ਕਲਿਆਣ ਕਰ ਦੇਣਗੇ। ਜ਼ਰਾ ਤੇਜ਼ ਤੇ ਕੌੜਾ ਬੋਲਣਾ ਛੱਡ ਦੇ। ਸਹਿ ਜਾ ਜੋ ਕੁਝ ਖ਼ਾਲਸਾ ਆਖਦਾ ਈ ਤੇ ਫੇਰ ਫ਼ਤਹਿ ਦੀ ਫ਼ਤਹਿ। ਮੈਂ ਤੇਰੇ ਮਗਰ ਬੈਠਾ ਹੋਇਆ ਹਾਂ।

—ਜਥੇਦਾਰ ਜੀ ਸਾਨੂੰ ਤੇ ਹੁਣ ਤੁਹਾਡਾ ਈ ਆਸਰੇ।

—ਜਾਓ ਬਾਂਹ ਸਿਰਹਾਣੇ ਰੱਖ ਕੇ ਸੌਂ ਜਾਵੋ ਤੇ ਕੱਲ੍ਹ ਗੁਰੂ ਭਲੀ ਕਰੇਗਾ।

ਭਾਗ ਸਿੰਘ, ਬੇਨਤੀ ਕਰ ਭੇਜੀ—ਆਓ, ਤੁਹਾਡੀ ਸੁਲਾਹ ਦੀ ਲੋੜ ਏ।

—ਸਿੰਘਪੁਰੀਏ ਸਰਦਾਰ ਵੀ ਆਪਣੇ ਅਸਥਾਨ ਤੇ ਬੈਠੇ ਹੋਏ ਸਨ।

ਦਰਬਾਰਾ ਸਿੰਘ ਅਕਾਲੀ ਨੇ ਆਪਣੇ ਦੁਮਾਲੇ ਨੂੰ ਹੱਥ ਨਾਲ ਸੰਵਾਰਿਆ।

—ਜਥੇਦਾਰ ਜੀ, ਤੁਹਾਡੀ ਗੱਲ ਸਿਰ ਮੱਥੇ ਪਰ ਪੰਥ ਦੇ ਹੁਕਮ ਦੇ ਮੁਤਾਬਕ ਮਰਿਆਦਾ ਨੂੰ ਮੁੱਖ ਰੱਖ ਕੇ ਪਹਿਲਾਂ ਅੰਮ੍ਰਿਤ ਛਕੇ, ਸਿੰਘ ਸਜੇ ਤੇ ਫੇਰ ਕੋਈ ਰਾਹ ਨਿਕਲੇ।

ਇਹ ਗੱਲ ਭਾਗ ਸਿੰਘ ਨੇ ਮੰਨ ਲਈ। ਗਲ ਵਿਚ ਪੱਲਾ ਪਾ ਕੇ ਅਰਜ਼ ਕੀਤੀ—ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖ਼ਸ਼ੋ।

ਅੰਮ੍ਰਿਤ ਤਿਆਰ ਕੀਤਾ ਤੇ ਆਪਣੇ ਹੱਥੀਂ ਜੱਸਾ ਸਿੰਘ ਆਹਲੂਵਾਲੀਏ ਨੇ ਅੰਮ੍ਰਿਤ ਛਕਾਇਆ। ਜੈਕਾਰੇ ਗੂੰਜੇ।

—ਖ਼ਾਲਸਾ ਸਜਣ ਤੋਂ ਬਾਅਦ ਕੋਈ ਜ਼ਾਤ-ਪਾਤ ਨਹੀਂ। ਕੋਈ ਵੈਰ-ਵਿਰੋਧ ਨਹੀਂ, ਕੋਈ ਝਗੜਾ ਲੜਾਈ ਨਹੀਂ। ਹੁਣ ਇਹ ਖ਼ਾਲਸਾ ਪੰਥ ਦਾ ਇਕ ਅੰਗ ਏ।

—ਸਾਰੇ ਗੁਨਾਹ ਮੁਆਫ਼, ਪਿਛਲੀਆਂ ਭੁੱਲਾਂ ਖ਼ਤਮ। ਜਾਓ ਹੁਕਮ ਦਿਓ ਕਿ ਧੀਰ ਮੱਲੀਆਂ ਦਾ ਪ੍ਰਸ਼ਾਦ ਪ੍ਰਵਾਨ ਕਰ ਲਿਆ ਜਾਏ।

—ਮਾੜਾ ਜਿਹਾ ਉੱਦਮ ਕੀਤਾ ਤੇ ਕੁੱਲ ਸੰਵਾਰ ਦਿੱਤੀ।

ਜੱਸਾ ਸਿੰਘ ਆਹਲੂਵਾਲੀਏ ਦੇ ਕਿਹੜੇ-ਕਿਹੜੇ ਅਹਿਸਾਨ ਯਾਦ ਕਰੇਗਾ ਪੰਥ?

ਇਕ ਦੇਵਤਾ ਪੰਥ ਵਿਚ ਜੰਮਿਆ ਤੇ ਓਸ ਨੁਹਾਰ ਬਦਲ ਦਿੱਤੀ ਬੁੱਢੇ ਦਲ ਦੀ ਤੇ ਪੰਥ ਨੇ ਪੰਜਾਬ ਦਾ ਰਾਜ-ਭਾਗ ਉਨ੍ਹਾਂ ਦੀ ਝੋਲੀ 'ਚ ਪਾ ਦਿੱਤਾ।

—ਫ਼ਤਹਿ ਗਜਾਓ, ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨਾ ਕੋਇ।

ਕਰਤਾਰਪੁਰ ਵਿਚ ਲੋਕ ਸ਼ੀਸ਼ ਮਹਿਲ ਦੇ ਦਰਸ਼ਨ ਕਰਨ ਜਾਂਦੇ ਹਨ। ਗੁਰੂ ਨਗਰੀ ਕਰਤਾਰਪੁਰ ਵੀ ਸਿੱਖਾਂ ਦਾ ਤੀਰਥ ਅਸਥਾਨ ਬਣ ਗਈ, ਪਰ ਬਦਕਿਸਮਤੀ ਨਾਲ ਇਹ ਸਮਝੌਤੇ ਕਈ ਵਾਰਾਂ ਟੁੱਟੇ ਤੇ ਕਈ ਵਾਰਾਂ ਬਣੇ। ਪੰਥ ਇਕ ਵਾਰ ਨਿਹਾਲ ਹੋ ਗਿਆ ਸੀ ਤੇ ਸਾਂਭਣਾ ਤੇ ਫੇਰ ਮੀਣਿਆਂ ਨੇ ਈ ਸੀ।

153

ਭਾਣਾ ਵਰਤ ਈ ਗਿਆ

ਗਰਮੀਆਂ ਦੇ ਮੌਸਮ ਦਾ ਮੇਵਾ ਖ਼ਰਬੂਜ਼ਾ ਤੇ ਹਦਵਾਣਾ। ਬੰਦਾ ਵੇਖੇ ਤੇ ਮੂੰਹ 'ਚ ਪਾਣੀ ਆ ਜਾਏ। ਮਿੱਠਾ ਤੇ ਖ਼ੁਸ਼ਬੂਦਾਰ।

ਹਦਵਾਣੇ ਦਾ ਆਪਣਾ ਸਵਾਦ ਤੇ ਖ਼ਰਬੂਜ਼ੇ ਦੀ ਆਪਣੀ ਰੌਣਕ। ਮਿਠਾਸ ਦੋਵਾਂ ਵਿਚ ਈ ਏ, ਸਵਾਦ ਵੱਖਰਾ-ਵੱਖਰਾ।

ਰੂਹ ਨਾਲ ਖਾਂਦੇ ਲੋਕ ਮਨਪਸੰਦ ਫਲ। ਬਿਆਸਾ ਦੇ ਕੰਢੇ ਤੇ ਹਦਵਾਣੇ ਹੁੰਦੇ ਤੇ ਖੇਤਾਂ ਵਿਚ ਖਰਬੂਜ਼ੇ। ਹਦਵਾਣੇ ਨੂੰ ਪਾਣੀ ਬਹੁਤ ਚਾਹੀਦੈ। ਏਸ ਲਈ ਰੇਤ ਵਿਚ ਪੈਦਾ ਹੁੰਦਾ ਏ। ਦਰਿਆ ਦਾ ਪਾਣੀ ਰੇਤ ਚੂਸਦੀ ਤੇ ਰੇਤ ਚੂਸੇ ਹਦਵਾਣੇ।

—ਬੜਾ ਮਜ਼ੇਦਾਰ ਏ, ਬੜਾ ਮਿੱਠਾ ਏ। ਰੰਗ ਰੂਪ ਵੀ ਨਿਖਰਿਆ ਹੋਇਆ ਏ। ਹਰ ਬੰਦੇ ਦਾ ਦਿਲ ਆ ਜਾਂਦੈ।

ਜੱਸਾ ਸਿੰਘ ਆਹਲੂਵਾਲੀਏ ਨੇ ਹਦਵਾਣਾ ਵੇਖਿਆ ਤੇ ਘੋੜਾ ਥੰਮ੍ਹ ਲਿਆ।

—ਸੱਦੋ ਖੇਤ ਦੇ ਮਾਲਕ ਨੂੰ। ਅੱਜ ਹਦਵਾਣਾ ਖਾਣ ਨੂੰ ਜੀਅ ਕਰਦੈ।

ਮਾਲਕ ਆਇਆ ਖੇਤ ਦਾ, ਹੱਥ ਜੋੜੇ ਫ਼ਤਹਿ ਬੁਲਾਈ।

—ਸੁਣਾ ਬਈ ਸੱਜਣਾ ਹਦਵਾਣੇ ਦੇ ਖੇਤ ਦਾ ਕੀ ਲੈਣਾ ਈ।

—ਸਰਕਾਰ, ਤੁਹਾਥੋਂ ਮੁੱਲ? ਮੇਰੀ ਜ਼ਬਾਨ ਨਹੀਂ ਖੁੱਲ੍ਹਦੀ।

—ਭਲਿਆ ਲੋਕਾ! ਜੇ ਅਸਾਂ ਰਕਮ ਨਾ ਤਾਰੀ ਤੇ ਫੇਰ ਤੈਨੂੰ ਕਿਸੇ ਨੇ ਕੌਡੀ ਵੀ ਨਹੀਂ ਦੇਣੀ। ਸਾਥੋਂ ਰਕਮ ਲੈ ਤੇ ਘਰ ਦੀ ਗ੍ਰਹਿਸਥੀ ਚਲਾ। ਤੇਰਾ ਭਲਾ ਤੇ ਸਾਡਾ ਰਾਂਝਾ ਰਾਜ਼ੀ।

—ਚਿੱਤ ਕਰ ਆਇਆ ਏ ਬੋਲ ਛੇਤੀ ਬੋਲ, ਰਕਮ ਗਿਣ ਤੇ ਪਾ ਝੋਲੀ 'ਚ।

—ਨਾ ਮਾਲਕ ਮੈਂ ਨਹੀਂ ਬੋਲ ਸਕਦਾ। ਜੋ ਦਿਓ ਉਹੋ ਈ ਪ੍ਰਵਾਨ।

—ਫੇਰ ਵੱਧ-ਘੱਟ ਨਹੀਉਂ ਹੋਣਾ!

—ਉਹਦੀ ਲੋੜ ਈ ਨਹੀਂ ਪੈਣੀ।

—ਕਰ ਝੋਲੀ, ਭਰ ਦਿਓ ਮੋਹਰਾਂ ਨਾਲ। ਰਾਜ਼ੀ ਏਂ।

—ਸਰਕਾਰ ਤੁਸਾਂ ਤੇ ਮੇਰਾ ਕਾਲ ਈ ਕੱਟ ਦਿੱਤੈ। ਦੂਜੀ ਵਾਰ ਆਉਣਾ ਮੈਂ ਦਸੌਰ ਤੋਂ ਬੀਅ ਮੰਗਵਾਇਆ ਏ। ਆਖਦੇ ਹਨ ਬਹੁਤ ਵਧੀਆ ਹਦਵਾਣੇ ਲੱਗਦੇ ਹਨ।

—ਚੰਗਾ ਜੇ ਹਯਾਤੀ ਰਹੀ ਤੇ ਫੇਰ ਮੇਲੇ ਹੋਣਗੇ।

ਸਾਰੇ ਦਲ ਨੇ ਹਦਵਾਣਾ ਖਾਧਾ। ਖ਼ੂਬ ਮਜ਼ਾ ਆਇਆ ਢਿੱਡ ਭਰ ਕੇ ਪਰ ਕੁਦਰਤ ਵਾਹਿਗੁਰੂ ਦੀ ਭਾਣਾ ਵਰਤਣਾ ਸੀ ਢਿੱਡ 'ਚ ਪੀੜ ਪੈ ਗਈ ਤੇ ਓਸ ਸੂਲ ਦਾ ਰੂਪ ਧਾਰ ਲਿਆ।

ਹਕੀਮ, ਵੈਦ ਸੱਦੇ ਕੋਈ ਫ਼ਰਕ ਨਾ ਪਿਆ। ਜਿਉਂ-ਜਿਉਂ ਇਲਾਜ ਕਰਦੇ ਰਹੇ ਦਰਦ ਵਧਦਾ ਰਿਹਾ। ਬਾਕੀ ਸਾਰੇ ਜਥੇ ਨੂੰ ਕੁਝ ਚਿੱਤ-ਚੇਤਾ ਈ ਨਹੀਂ ਸੀ। ਹਦਵਾਣਾ ਕਦ ਹਜ਼ਮ ਹੋ ਗਿਆ।

ਲੋਕ ਭੱਜਦੇ ਆ ਰਹੇ ਸਨ। ਇਕ ਕਲੰਕ ਰਹਿ ਗਿਐ। ਉਹ ਵੀ ਲਾਹ ਜਾਓ ਜਥੇਦਾਰ ਜੀ! ਉਹ ਸਾਰੀ ਉਮਰ ਕੌਮ ਕੋਲੋਂ ਨਹੀਂ ਲੱਥਣਾ।

—ਕੀ ਮੈਂ ਕੋਈ ਗੁਨਾਹ ਕੀਤੈ?

—ਨਾ-ਨਾ ਸਰਕਾਰ ਤੁਸੀਂ ਨਹੀਂ, ਮੈਂ ਕਸੂਰਵਾਰ ਹਾਂ।

—ਕੀ ਖੁਨਾਮੀ ਹੋ ਗਈ ਏ ਤੈਥੋਂ?

—ਇਹ ਬਹੁਤ ਵੱਡੀ ਗ਼ਲਤੀ। ਅਹਿਮਦ ਸ਼ਾਹ ਅਬਦਾਲੀ ਦਰਬਾਰ ਸਾਹਬ ਨੂੰ ਫੇਰ ਤੋਪ ਨਾਲ ਉਡਾਉਣਾ ਚਾਹੁੰਦਾ ਸੀ। ਬੁੰਗੇ ਢਾਹ ਦੇਣ ਲੱਗਾ ਸੀ। ਮੈਂ ਕੋਲ ਖੜ੍ਹਾ ਸਾਂ।

—ਮੈਂ ਆਖਿਆ ਹਜ਼ੂਰ ਇਹ ਕਹਿਰ ਕੀ ਗੁਜ਼ਾਰਨ ਲੱਗੇ ਹੋ?

—ਬੋਲਿਆ ਅਮਿਦ ਸ਼ਾਹ ਅਬਦਾਲੀ। ਖ਼ਾਲੀ ਹੱਥ ਜਾ ਰਿਹਾ ਹਾਂ। ਸਾਰਾ ਲੁੱਟ ਦਾ ਮਾਲ ਸਿੱਖਾ ਖੋਹ ਲਿਆ ਏ। ਮੈਂ ਉਹਨਾਂ ਦੀ ਮਸਜਿਦ ਢਾਹ ਕੇ ਜਾਣਾ ਏ।

—ਜੇ ਨਾ ਢਾਓ ਤੇ ਕੀ ਲੈਣਾ ਜੇ।

—ਦੋ ਲੱਖ, ਜਾਹ ਤੇਰੇ ਨਾਲ ਸੌਦਾ ਕੀਤਾ।

—ਜੇ ਮੇਰੇ ਕੋਲ ਦੇਣੀ ਰਕਮ ਨਾ ਹੋਵੇ?

—ਮੰਗ ਸਰਦਾਰਾਂ ਕੋਲੋਂ ਬਥੇਰਾ ਮਾਲ ਏ ਉਹਨਾਂ ਕੋਲ।

—ਮੈਂ ਕਿੱਥੋਂ ਲੱਭਾਂ ਏਸ ਵੇਲੇ ਉਹਨਾਂ ਨੂੰ।

—ਮੈਂ ਤੇ ਢਾਹ ਈ ਦੇਣੈਂ।

—ਮੈਂ ਹੱਥ ਜੋੜੇ ਸਿਰਫ਼ ਚਾਰ ਘੰਟੇ ਦੀ ਮੋਹਲਤ।

ਦੋ ਲੱਖ ਰੁਪਈਆ ਢੇਰੀ ਕੀਤਾ ਤੇ ਬਚਾਅ ਲਿਆ ਗੁਰੂ ਘਰ। ਇਹ ਗ਼ਲਤੀ ਏ ਜਾਂ ਸਿਆਣਪ। ਮੇਰੇ ਨਾਲ ਇਹ ਸ਼ਰਤ ਤੈਅ ਪਾਈ ਜਿੰਨਾ ਚਿਰ ਦੋ ਲੱਖ ਰੁਪਈਆ ਤੈਨੂੰ ਸਿੱਖ ਸਰਦਾਰ ਨਹੀਂ ਦਿੰਦੇ ਉਨਾ ਚਿਰ ਤੂੰ ਸਾਰਾ ਚੜ੍ਹਾਵਾ ਲੈ ਜਾਇਆ ਕਰ।

—ਸਰਦਾਰੋ, ਮੇਰਾ ਕਲੰਕ ਲਾਹ ਜਾਓ। ਲੋਕਾਂ ਮੈਨੂੰ ਜੁੱਤੀਆਂ ਮਾਰ-ਮਾਰ ਕੇ ਮੇਰਾ ਸਿਰ ਗੰਜਾ ਕਰ ਜਾਣੈਂ।

ਢਿੱਡ ਵਿਚ ਦਰਦ ਬਹੁਤ ਸੀ ਸੂਲ ਉੱਠਿਆ ਹੋਇਆ ਸੀ।

—ਆਹ ਲੈ ਦੋ ਲੱਖ ਰੁਪਈਆ। ਸੱਜਣਾ ਤੇਰਾ ਤਾਰਿਆ ਹੋਇਆ ਤੇ ਜੁਰਮਾਨਾ ਅਹਿਮਦ ਸ਼ਾਹ ਅਬਦਾਲੀ ਦਾ। ਦਰਬਾਰ ਸਾਹਿਬ ਨੂੰ ਤੇਰੇ ਕੋਲ ਗਹਿਣੇ ਪਾ ਗਿਆ ਸੀ। ਗੁਰੂ ਘਰ ਕਦੇ ਗਹਿਣੇ ਨਹੀਂ ਪੈ ਸਕਦਾ। ਰੁਪਈਆ ਲੈ ਸੁਰਖ਼ਰੂ ਹੋ ਜਾ।

—ਹਾਂ ਤੇਰਾ ਨਾਂ ਕੀ ਏ ਸੱਜਣਾ?

—ਮੈਂ ਨੌਸ਼ਹਿਰਾ ਪੰਨੂੰ ਦਾ ਚੌਧਰੀ ਸਾਹਿਬ ਰਾਏ ਹਾਂ।

—ਤੂੰ ਮੇਰੀ ਪੱਗ ਗਹਿਣੇ ਰੱਖੀ ਸੀ। ਗੁਰੂ ਦਾ ਘਰ ਬਚਾਇਆ ਸੀ। ਤੂੰ ਬਹੁਤ ਵੱਡਾ ਸਿੱਖ ਏਂ। ਮੈਂ ਤੇਰਾ ਅਹਿਸਾਨਮੰਦ ਹਾਂ। ਸਾਰੀ ਕੌਮ ਤੇਰਾ ਯਸ਼ ਗਾਏਗੀ।

—ਦਰਬਾਰ ਸਾਹਬ ਹੁਣ ਗਹਿਣੇ ਨਹੀਂ ਹੈ, ਆਜ਼ਾਦ ਏ।

ਓਸ ਮੱਥਾ ਟੇਕਿਆ ਗੁਰੂ ਦੀ ਨਗਰੀ ਵੱਲ ਮੂੰਹ ਕਰਕੇ ਨਾਲ ਫ਼ਤਿਹ ਗਜਾਈ।

ਰੂਹ ਪ੍ਰਵਾਜ਼ ਕਰ ਗਈ, ਭੌਰ ਉੱਡ ਗਿਆ। ਘੋੜੇ ਤੇ ਈ ਡਿੱਗ ਪਿਆ ਘੋੜੇ ਤੇ ਚੜ੍ਹਨ ਵਾਲਾ ਸਰਦਾਰ।


ਜੱਸਾ ਸਿੰਘ ਆਹਲੂਵਾਲੀਆ ਸਾਰੇ ਕੰਮ ਨੇਪਰੇ ਚਾੜ੍ਹ ਗਿਆ ਗੁਰਪੁਰੀ ਦੇ।


—ਹੁਣ ਘੋੜਾ ਨਹੀਂ ਸੀ ਅਰਥੀ ਸੀ, ਚਾਰ ਭਰਾਵਾਂ ਚੁੱਕੀ ਹੋਈ।

—ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ।

ਚੰਗੀ ਨਿਭਾ ਗਿਆ ਜੱਸਾ ਸਿੰਘ ਆਹਲੂਵਾਲੀਆ ਜੋ ਅੱਜ ਵੀ ਲੋਕਾਂ ਦੇ ਦਿਲਾਂ ਤੇ ਰਾਜ ਕਰਦੈ।

●





ਹਰਨਾਮ ਦਾਸ ਸਹਿਰਾਈ

ਜਨਮ : 13 ਅਪ੍ਰੈਲ, 1920, ਰਾਜਾਸਾਂਸੀ, ਅੰਮ੍ਰਿਤਸਰ ।

ਪੁਸਤਕਾਂ : ਲੋਹ ਗੜ੍ਹ, ਸਫ਼ੈਦ ਪੋਸ਼, ਪੱਥਕ, ਗਲੀ ਮੁਹੱਲੇ ਦੇ ਲੋਕ, ਤ੍ਰਿਸ਼ੰਕੂ, ਤੇਤੀਵਾਂ ਦੰਦ, ਹਰੀਆ ਰਾਗਲੇ, ਜ਼ਰ ਜ਼ੋਰੂ ਜ਼ਮੀਨ, ਅਨੂਪ ਕੌਰ, ਮੇਰਾਂ ਸਰਕਾਰ, ਸ਼ਬੋ-ਮਾਲਵਾ, ਸਭਰਾਉਂ, ਧੂਣਾ, ਗੁਲਮੋਹਰ, ਸਾਹਿਬ ਸਿੰਘ ਬੇਦੀ, ਬੇਗਮ ਹਜ਼ੂਰ, ਦੇਗ ਤੇਗ ਫ਼ਤਿਹ, ਸਿੱਖੀ ਦਾ ਧੁਰਾ, ਮੀਰੀ ਪੀਰੀ, ਮਿੱਠ ਬੋਲੜਾ ਸੱਜਨ, ਗਗਨ ਦਮਾਮਾ ਬਾਜਿਓ ।

ਸ਼੍ਰੋਮਣੀ ਸਾਹਿਤਕਾਰ : ਭਾਸ਼ਾ ਵਿਭਾਗ, ਪਟਿਆਲਾ

ਫੈਲੋਸ਼ਿਪ : ਪੰਜਾਬੀ ਯੂਨੀਵਰਸਿਟੀ, ਪਟਿਆਲਾ

ISBN 818299077-7

9788182990777